ਬਲਿਓ ਚਿਰਾਗ

ਜੀਵਨੀ ਸ੍ਰੀ ਗੁਰੂ ਨਾਨਕ ਦੇਵ ਜੀ

ਸਤਿਬੀਰ ਸਿੰਘ

ਨਿਊ ਬੁੱਕ ਕੰਪਨੀ
ਮਾਈ ਹੀਰਾਂ ਗੇਟ, ਜਲੰਧਰ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

BALIO CHIRAGH

(Biography of Guru Nanak Dev Ji)

by SATBIR SINGH

Published by :
New Book Co., Mai Hiran Gate, Jalandhar. Ph : 2280045, 3093190, 2284325

ਨੌਵੀਂ ਵਾਰ : 2004

ਮੁੱਲ : **85 ਰੁਪਏ**

ਪ੍ਰਕਾਸ਼ਕ : ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3093190, 2284325
Fax : 0181-2234081
E-mail : newbookco@hotmail.com

ਛਾਪਕ : ਸਹਿਗਲ ਪ੍ਰਿੰਟਰਜ਼, ਦੁਆਬਾ ਚੌਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ਼, ਜਲੰਧਰ।

Sri Satguru Jagjit Singh Ji eLibrary NamdhariElibrary@gmail.com

"ਕਥਨਾ ਕਰੜਾ ਸਾਰੁ"

(ਛੇਵਾਂ ਐਡੀਸ਼ਨ ਛਪ ਆਉਣ 'ਤੇ)

ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰੇ ਮਨੌਤ ਹੈ ਕਿ ਪੜ੍ਹਦਿਆਂ-ਪੜ੍ਹਦਿਆਂ ਅਨੰਦ ਅਥਾਹ ਆਉਂਦਾ ਹੈ, ਸਮਝ ਵੀ ਪੈਂਦੀ ਹੈ ਅਤੇ ਇੰਝ ਮਹਿਸੂਸ ਹੁੰਦਾ ਹੈ ਕਿ ਅਰਥ ਭਾਵ ਸਮਝ ਆ ਗਏ ਹਨ, ਪਰ ਜਦ ਫਿਰ ਪੜ੍ਹੋ ਤਾਂ ਇੰਝ ਲਗਦਾ ਹੈ ਕਿ ਅਰਥ ਤਾਂ ਬਹੁਤ ਡੂੰਘੇ ਹਨ। ਅਸੀਂ ਸਤਹ 'ਤੇ ਹੀ ਫਿਰਦੇ ਰਹੇ। ਇਹ ਹੀ ਕਾਰਨ ਹੈ ਕਿ ਅਨੇਕਾਂ ਟੀਕੇ ਹੋ ਜਾਣ ਉਪਰੰਤ ਵੀ ਅਜੇ ਤੱਕ ਜਪੁਜੀ ਦਾ ਭਾਵ ਸਮਝ ਗੋਚਰੇ ਨਹੀਂ ਹੋਇਆ।

ਕੁਝ ਐਸਾ ਹੀ ਹੁੰਦਾ ਹੈ, ਗੁਰੂ ਨਾਨਕ ਦੇਵ ਜੀ ਦੀ ਜੀਵਨੀ ਪੜ੍ਹਦਿਆਂ, ਸੁਣਦਿਆਂ, ਲਿਖਦਿਆਂ। ਉਨ੍ਹਾਂ ਬਾਰੇ ਆਖ਼ਰੀ ਗੱਲ ਤਾਂ ਕਿਤੇ ਰਹੀ, ਨਿਸ਼ਚੈ ਨਾਲ ਵੀ ਕਹਿਣਾ ਬੜਾ ਕਠਿਨ ਹੈ। 'ਕਥਨਾ ਕਰੜਾ ਸਾਰੁ' ਵਾਲੀ ਅਵਸਥਾ ਹੁੰਦੀ ਹੈ।

'ਬਲਿਓ ਚਿਰਾਗ' ਦੇ ਪੰਜ ਐਡੀਸ਼ਨ ਪਿਛਲੇ ਦੋ ਦਹਾਕਿਆਂ ਵਿਚ ਛਪੇ ਹਨ। ਹਰ ਵਾਰੀ ਨਵੇਂ ਐਡੀਸ਼ਨ ਨੂੰ ਸੋਧਿਆ ਪਰ ਜਦ ਛੇਵਾਂ ਐਡੀਸ਼ਨ ਛਾਪਣ ਲਈ ਦੇਣ ਹਿਤ ਫਿਰ ਪੜ੍ਹਿਆ ਤਾਂ ਇੰਝ ਲੱਗੇ ਅਜੇ ਤਾਂ ਬਹੁਤ ਕੁਝ ਕਹਿਣ ਖੁਣੋਂ ਰਹਿ ਗਿਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਾਰੇ ਅਧਿਆਇ ਹੀ ਸੋਧਣੇ ਪਏ। 'ਤਲਵੰਡੀ ਵਿਖੇ ੩੨ ਸਾਲ' ਦਾ ਅਧਿਆਇ ਹੀ ਤੱਕੋ ! ਜਦ ਮੂਲ ਸੋਮੇ ਫਿਰ ਪੜ੍ਹੇ ਤਾਂ ਇੰਝ ਪਿਆ ਲੱਗੇ ਕਿ ਗੁਰੂ ਪਾਤਸ਼ਾਹ ਦਾ ਹਰ ਕਰਮ ਹੀ ਕੌਤਕ ਹੈ। ਗੁਰੂ ਬਾਬੇ ਤੇ ਬਾਬਰ ਦੀ ਮਿਲਣੀ ਦੇ ਕਿਤਨੇ ਹੀ ਤੱਥ ਹੋਰ ਮਿਲੇ ਹਨ। ਬਾਬਰ ਨੇ ਜਦ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦੀ ਖ਼ਾਹਿਸ਼ ਪ੍ਰਗਟ ਕੀਤੀ ਅਤੇ ਨਾਲ ਹੀ ਦੌਲਤ ਖ਼ਾਨ ਨੂੰ ਕਿਹਾ ਕਿ ਉਨ੍ਹਾਂ ਨੂੰ ਮਿਲਣ ਜਾਣਾ ਹੈ, ਭੇਂਟ ਕੀ ਕਰਾਂ ਤਾਂ ਕਿਯਾ ਖ਼ੂਬ ਨਵਾਬ ਦੌਲਤ ਖ਼ਾਨ ਨੇ ਕਿਹਾ ਸੀ ਬਾਬਰ ਨੂੰ ਕਿ ਤੇਰੇ ਪਾਸ ਦੇਣ ਜੋਗ ਹੈ ਕੀ ? ਮੀਰੀ ਪੀਰੀ ਦਾ ਮਾਲਕ ਹੈ ਗੁਰੂ ਨਾਨਕ ਦੇਵ। ਨੇੜੇ ਜਾ ਕੇ ਤੈਨੂੰ ਆਪੇ ਦਿੱਸ ਆਏਗਾ :

ਮੀਰੀ ਪੀਰੀ ਇਨ ਦੋਨੋ ਪਾਹਿ।
ਦੇਖੋਗੇ ਤੁਮ ਨੇੜੇ ਜਾਹਿ। (ਪ੍ਰਾਚੀਨ ਪੰਥ ਪ੍ਰਕਾਸ਼)

ਤਿੰਨੇ ਹੀ ਉਦਾਸੀਆਂ ਨਵੇਂ ਸਿਰਿਉਂ ਲਿਖੀਆਂ ਹਨ। ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਨ੍ਹਾਂ ਸਾਨੂੰ ਸ਼ਬਦ ਦੇ ਲੜ ਲਗਾਇਆ। **ਅੱਖਰ ਰਾਹੀਂ ਵੱਖਰ ਪ੍ਰਾਪਤ ਕਰਨ ਦੀ ਜਾਚ ਸਿਖਲਾਈ।** ਹਜ਼ੂਰੀ ਕਵੀ 'ਕੰਕਨ' ਨੇ ਦਸ ਗੁਰੂ ਗਾਥਾ ਵਿਚ ਇਸ ਲਈ ਉਪਮਾ ਕਰਦੇ ਕਿਹਾ ਸੀ :

ਧੰਨ ਧੰਨ ਨਾਨਕ ਗੁਰ, ਕੀਤਾ ਪਰਉਪਕਾਰ।
ਅਛਰ ਦਾ ਪੁਲ ਬਾਧਿਕੈ, ਸ੍ਰਿਸ਼ਟਿ ਉਤਾਰੀ ਪਾਰ।

ਟਾਈਟਲ ਵੀ ਨਵਾਂ ਬਣਾਇਆ ਹੈ ਤਾਂ ਕਿ ਹਰ ਪੱਖੋਂ ਹੀ ਇਹ ਐਡੀਸ਼ਨ ਸੱਜਰਾ ਲੱਗੇ।

ਪਿਛਲੇ ਦੋ ਸਾਲਾਂ ਤੋਂ **'ਰੋਜ਼ਾਨਾ ਅਜੀਤ'** ਵਿਖੇ ਹਰ ਸ਼ੁੱਕਰਵਾਰ ਲਗਾਤਾਰ ਇਕ ਕਾਲਮ 'ਇੱਕੜ-ਦੁੱਕੜ' ਲਿਖ ਰਿਹਾ ਹਾਂ। ਕਾਲਮ ਇਤਨਾ ਪੜ੍ਹਿਆ ਗਿਆ ਕਿ ਜੇ ਕਦੇ ਛਪਣ ਖੁਣੋਂ ਰਹਿ ਜਾਵੇ ਤਾਂ ਉਸੇ ਵੇਲੇ ਚਿੱਠੀ ਆ ਜਾਂਦੀ ਹੈ। ਪਾਠਕ ਵਾਰ-ਵਾਰ ਲਿਖ ਰਹੇ ਹਨ ਕਿ ਲੇਖਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਪੁਸਤਕ ਦੀ ਸ਼ਕਲ ਵਿਚ ਛਾਪ ਦਿਓ। ਇਕ ਤਾਂ ਸਾਂਭੇ ਰਹਿਣਗੇ, ਦੂਸਰੇ ਖ਼ਿਆਲ ਸਿਲਸਿਲੇਵਾਰ ਹੋ ਜਾਣਗੇ। ਸੋ 'ਰਬਾਬ ਤੇ ਨਗਾਰਾ' ਦੇ ਨਾਂ ਹੇਠ ਉਹ ਪੁਸਤਕ ਵੀ ਛਪ ਕੇ ਆ ਗਈ ਹੈ। ਇਸ ਤਰ੍ਹਾਂ ਦੋ ਹੋਰ ਪੁਸਤਕਾਂ ਤਿਆਰ ਹੋ ਗਈਆਂ ਹਨ। ਪਰ ਪਹਿਲਾਂ **'ਮੰਨੋ ਭਾਵੇਂ ਨਾਂਹ'** ਦੇਣੀ ਹੈ ਤਾਂ ਕਿ ਸਿੱਖੀ ਦਾ ਗੌਰਵ ਹੋਰ ਵਧੇ। **'ਮਨਿ ਬਿਸ੍ਰਾਮ'** ਵੀ ਛੱਪ ਕੇ ਆਸ ਹੈ ਕਿ ਛੇਤੀ ਆ ਜਾਵੇਗੀ ਤੇ **'ਕਥਾ ਪੁਰਾਤਨ ਇਉਂ ਸੁਣੀ'** ਦਾ ਅਗਲਾ ਹਿੱਸਾ ਤਿਆਰ ਹੋ ਗਿਆ ਹੈ ਤੇ **'ਸ੍ਰੀ ਗੁਰੂ ਗਰੰਥ ਸਾਹਿਬ ਦਾ ਸਾਰ ਵਿਸਥਾਰ'** ਦਾ ਕਾਰਜ ਤਾਂ ਗੁਰੂ ਮਿਹਰ ਸਦਕਾ ਨਿਰੰਤਰ ਚਲ ਰਿਹਾ ਹੈ। ਬਸ ਇਹ ਹੀ ਅਰਦਾਸ ਹੈ ਗੁਰੂ ਪਿਤਾ ਅੱਗੇ ਕਿ ਮਿਹਰਾਂ ਕਰਦੇ ਰਹਿਣ।

—ਸਤਿਬੀਰ ਸਿੰਘ

੫੪, ਖ਼ਾਲਸਾ ਕਾਲਜ ਕਲੋਨੀ,
ਪਟਿਆਲਾ।
ਮਾਰਚ ਪਹਿਲੀ, ੧੯੯੨

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਕੁਝ ਪੁਸਤਕ ਬਾਰੇ

ਭਾਈ ਮਨੀ ਸਿੰਘ ਜੀ ਨੇ ਇਕ ਪ੍ਰਸ਼ਨ ਦੇ ਉੱਤਰ ਵਿਚ ਲਿਖਿਆ ਹੈ ਕਿ ਸੁਾਰਥੀਆਂ ਨੇ ਕੁਝ ਜਾਣ ਕੇ ਤੇ ਕੁਝ ਅਣਜਾਣ-ਪੁਣੇ ਵਿਚ ਦੁੱਧ ਰੂਪ ਸਾਖੀ ਵਿਚ ਜਲ ਰਲਾ ਦਿੱਤਾ ਹੈ। ਜੋ ਸਾਖੀਆਂ ਸਾਡੇ ਤਕ ਪੁੱਜੀਆਂ ਹਨ ਇਹਨਾਂ ਵਿਚੋਂ ਤੱਤ ਲੱਭਣ ਦੀ ਲੋੜ ਹੈ। ਇਹ ਦੋ ਹੀ ਤਰੀਕਿਆਂ ਨਾਲ ਹੋ ਸਕਦਾ ਹੈ। ਇਕ, ਅਸੀਂ ਹੰਸ ਬਣ ਜਾਈਏ ਅਤੇ ਇਸ ਤਰ੍ਹਾਂ ਸਾਡੀ ਚੁੰਝ ਵਿਚ ਖਟਾਸ ਆ ਜਾਏਗੀ ਤੇ ਜਦ ਦੁੱਧ ਵਿਚ ਚੁੰਝ ਮਾਰਾਂਗੇ ਤਾਂ ਦੁੱਧ ਵੱਖ ਹੋ ਜਾਵੇਗਾ ਤੇ ਪਾਣੀ ਅੱਡ, ਪਰ ਹੰਸ ਬਣਨਾ ਇਤਨਾ ਆਸਾਨ ਨਹੀਂ ਹੈ। ਫਿਰ ਦੂਜਾ ਰਾਹ ਹੈ ਕਿ ਹੇਠਾਂ ਤਾਅ (ਅੱਗ) ਦਿੱਤਾ ਜਾਏ ਤੇ ਪਾਣੀ ਉੱਡਣਾ ਸ਼ੁਰੂ ਹੋ ਜਾਏਗਾ ਤੇ ਅੰਤ ਨੂੰ ਨਿਰੋਲ ਦੁੱਧ ਰਹਿ ਜਾਏਗਾ। 'ਆਵਟਨ ਆਪੈ ਖਪੈ, ਦੁੱਧ ਕਉ ਖਪਣਿ ਨ ਦੇਹਿ'। ਅੱਗ ਦੇਣ ਨਾਲ ਪਾਣੀ ਹੀ ਉੱਡੇਗਾ, ਦੁੱਧ ਨੂੰ ਆਂਚ ਤਕ ਨਹੀਂ ਆਉਣ ਲੱਗੀ।

ਭਾਈ ਮਨੀ ਸਿੰਘ ਜੀ ਸਾਨੂੰ ਜੁਗਤ ਸਮਝਾ ਗਏ ਹਨ ਕਿ ਕਿਸ ਤਰ੍ਹਾਂ ਜਨਮ ਸਾਖੀਆਂ ਜਾਂ ਗੁਰੂ ਇਤਿਹਾਸ ਨੂੰ ਪੜ੍ਹਨਾ ਹੈ, ਪਰ ਕਿਸੇ ਪਾਦਰੀ ਮੈਕਲੋਡ ਨੇ ਹੰਸ ਬਣਨ ਦੇ ਥਾਵੇਂ, ਅਸਲੀਅਤ ਲੱਭਣ ਦੀ ਥਾਂ ਸੱਚ ਨੂੰ ਹੀ ਭੰਨਣਾ ਤੋੜਨਾ ਸ਼ੁਰੂ ਕਰ ਦਿੱਤਾ। ਖੋਜ ਦੀ ਮਰਯਾਦਾ ਹੀ ਉਸ ਭੰਨ ਸੁੱਟੀ। ਇਸ ਸਾਲ ਗੁਰੂ ਨਾਨਕ ਦੇਵ ਜੀ ਦਾ ਪੰਜ ਸੌਵਾਂ ਪ੍ਰਕਾਸ਼ ਉਤਸਵ ਹੋਣ ਕਾਰਨ ਚਾਰੇ ਪਾਸੇ ਗੁਰੂ ਨਾਨਕ ਨੂੰ 'ਸੁਨਣ ਪੇਖਣ' ਦੀ ਰੁਚੀ ਵਧੀ। ਬਹੁਤ ਸਫ਼ਲ ਯਤਨ ਹੋਏ। ਕਈ ਪੁਸਤਕਾਂ ਸਾਹਮਣੇ ਆਈਆਂ ਪਰ ਸਭ ਨੇ ਇਕੋ ਪੱਖ ਉਜਾਗਰ ਕਰਨ 'ਤੇ ਹੀ ਜ਼ੋਰ ਦਿੱਤਾ। ਕਿਸੇ ਉਨ੍ਹਾਂ ਦੇ ਦਰਸ਼ਨ ਨੂੰ ਸਮਝਣ 'ਤੇ ਜ਼ੋਰ ਲਗਾਇਆ ਤਾਂ ਕਿਸੇ ਨੇ ਨਿਰੋਲ ਇਤਿਹਾਸਕ ਦ੍ਰਿਸ਼ਟੀਕੋਣ 'ਤੇ। ਦੋਵਾਂ ਨੂੰ ਰਲਾ ਕੇ ਦੇਖਣ ਤੇ ਲਿਖਣ ਦਾ ਯਤਨ ਘੱਟ ਹੋਇਆ। ਕੁਝ ਲੇਖਾਂ ਵਿਚ ਇਸ ਪਾਸੇ ਉਪਰਾਲੇ ਕੀਤੇ ਗਏ, ਪਰ ਉਹ ਅਧੂਰੇ ਹੀ ਰਹੇ। ਮੇਰੀ ਇਹ ਹਾਰਦਿਕ ਇੱਛਾ ਸੀ ਕਿ ਸਭ ਜਨਮ-ਸਾਖੀਆਂ, ਲੱਭਤਾਂ, ਲਿਖਤਾਂ ਤੇ ਦੱਸੇ ਦ੍ਰਿਸ਼ਟੀਕੋਨਾਂ ਨੂੰ ਲੈ ਕੇ ਇਕ ਪੁਸਤਕ ਲਿਖਣ ਦਾ ਯਤਨ ਕਰਨਾ ਚਾਹੀਦਾ ਹੈ। ਜਦ ਮੈਂ ਇਸ ਆਸ਼ੇ ਨੂੰ ਮੁੱਖ ਰੱਖ ਕੇ ਪਿਛਲੇ ਸਾਲ 'ਤਲਵੰਡੀ—ਧੰਨ ਸੁ ਦੇਸ ਜਹਾ ਤੂੰ ਵਸਿਆ' ਤੇ ਫਿਰ 'ਸੁਲਤਾਨਪੁਰ ਵਿਚ ਸਾਢੇ ਚਾਰ ਸਾਲ' ਲਿਖੇ ਤਾਂ ਮੇਰਾ ਯਕੀਨ ਬੱਝ ਗਿਆ ਕਿ ਇਸ ਪੱਖੋਂ ਲਿਖਣ ਦੀ ਬਹੁਤ ਲੋੜ ਹੈ। ਸਾਖੀ ਨੂੰ ਸੁਣਾਉਣ ਦਾ ਇਹ ਨਵੀਨ ਢੰਗ ਸਾਰੇ ਪਸੰਦ ਕਰ ਰਹੇ ਹਨ।

ਸੋ 'ਬਲਿਓ ਚਿਰਾਗ' ਉਸੇ ਢੰਗ ਨਾਲ ਲਿਖਿਆ ਇਤਿਹਾਸ ਜਾਂ ਸਾਖੀ ਹੈ। ਇਥੇ ਮੈਂ ਸਿਰਫ਼ ਇਕੋ ਉਦਾਹਰਣ ਦੇਣਾ ਚਾਹੁੰਦਾ ਹਾਂ ਤਾਂਕਿ ਸਾਖੀ ਵਿਚ ਅਸਲ ਗੱਲ ਨੂੰ ਉਜਾਗਰ ਕਰਨ ਦੀ ਕਿਤਨੀ ਕੁ ਲੋੜ ਹੈ, ਦਾ ਪਤਾ ਲੱਗ ਜਾਏ। ਪੁਰਾਤਨ ਜਨਮ ਸਾਖੀ ਵਾਲਾ ਜਦ ਗੁਰੂ ਨਾਨਕ ਦੇਵ ਜੀ ਦੀ ਸੁਲਤਾਨਪੁਰ ਜਾਣ ਵਾਲੀ ਸਾਖੀ ਲਿਖਦਾ ਹੈ ਤਾਂ ਉਹ ਬਹੁਤਾ ਜ਼ੋਰ ਮਾਤਾ ਸੁਲੱਖਣੀ ਦੇ ਰੁਦਣ ਅਤੇ ਨਾਲ ਲੈ ਜਾਣ 'ਤੇ ਦਿੰਦਾ ਹੈ। ਉਸ ਰੁਦਣ, ਰੌਲੇ ਵਿਚ ਮਾਤਾ ਸੁਲੱਖਣੀ ਅਤੇ ਗੁਰੂ ਨਾਨਕ ਦੇਵ ਜੀ ਦੇ ਵਾਕ ਗੁੰਮ ਹੋ ਗਏ ਜੋ ਉਹਨਾਂ ਨੂੰ 'ਗ੍ਰਿਹਸਤੀ ਮਹਿ

Sri Satguru Jagjit Singh Ji eLibrary NamdhariElibrary@gmail.com

ਵੱਡਾ ਗ੍ਰਿਹਸਤੀ' ਦਰਸਾ ਸਕਦੇ ਸਨ। ਮਾਤਾ ਜੀ ਨੇ ਕਿਹਾ ਸੀ : '**ਜੋ ਜੀ ! ਤੁਸੀਂ ਘਰਿ ਬੈਠੇ ਹੋਏ ਆਹੇ ਤਾਂ ਮੇਰੇ ਭਾਣੈ ਸਾਰੇ ਜਹਾਨ ਦੀ ਪਾਤਸ਼ਾਹੀ ਹੁੰਦੀ ਹੈ**।' ਸਭ ਕੁਝ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਕਿਹਾ : 'ਪ੍ਰਮੇਸ਼ਰ ਕੀਏ! ਰੁਜ਼ਗਾਰ ਲੱਗੇਗਾ ਸਦਾਇ ਲੈਸਾਂ।' ਭੈਣ 'ਤੇ ਭਾਰਾ ਪਾਉਣਾ ਕਿੱਥੋਂ ਦੀ ਸਿਆਣਪ ਸੀ। ਫਿਰ ਜਦ ਮੋਦੀ ਬਣ ਗਏ ਤਾਂ ਉਸੇ ਵੇਲੇ ਮਰਦਾਨਾ ਜੀ ਨੂੰ ਭੇਜ ਕੇ ਬੱਚੇ ਤੇ ਪਤਨੀ ਸੁਲਤਾਨਪੁਰ ਮੰਗਵਾ ਲਏ। ਇਸ ਤਰ੍ਹਾਂ ਇਕ ਨਹੀਂ, ਹਰ ਸਾਖੀ ਨੂੰ ਗਹੁ ਨਾਲ ਪੜ੍ਹ ਕੇ ਅਸਲੀਅਤ ਉਜਾਗਰ ਕਰਨ ਦੀ ਲੋੜ ਹੈ।

ਇਹ ਪੁਸਤਕ ੨੩ ਨਵੰਬਰ, ੧੯੬੯, ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੋਂ ਪਹਿਲਾਂ ਛਪ ਕੇ ਹੱਥਾਂ ਵਿਚ ਨਾ ਆਉਂਦੀ ਜੇ ਸਰਦਾਰ ਮਹਿਤਾਬ ਸਿੰਘ ਪਿੱਛੇ ਪੈ ਕੇ ਨਾ ਛਪਵਾਉਂਦੇ ਅਤੇ ਇਹ ਪੁਸਤਕ ਲਿਖੀ ਹੀ ਨਾ ਜਾ ਸਕਦੀ ਜੇ ਜਸਪਾਲ ਕੌਰ ਜੀ ਪੂਰਾ ਧਿਆਨ ਨਾ ਦਿੰਦੇ।

ਸਰਦਾਰ ਗੁਰਦੀਪ ਸਿੰਘ ਟਾਈਪਿਸਟ ਦਾ ਵੀ ਧੰਨਵਾਦੀ ਹਾਂ, ਜਿਸ ਨੇ ਦਿਨ ਰਾਤ ਇਕ ਕਰ ਕੇ ਖਰੜੇ ਦੇ ਜ਼ਰੂਰੀ ਹਿੱਸਿਆਂ ਨੂੰ ਟਾਈਪ ਕੀਤਾ।

ਇਹ ਪੁਸਤਕ ਮੈਂ ਰਾਵੀ ਦੀ ਉਸ ਛੱਲ ਨੂੰ ਭੇਟ ਕਰ ਰਿਹਾ ਹਾਂ ਜੋ ਬਾਬੇ ਦੀ ਖ਼ਾਕ ਰੋੜ੍ਹ ਕੇ ਆਪਣੇ ਨਾਲ ਲੈ ਗਈ ਤੇ ਪਿੱਛੋਂ ਬਾਬੇ ਦੇ ਪੰਜਵੇਂ ਸਰੂਪ ਗੁਰੂ ਅਰਜਨ ਦਾ ਪਾਵਨ ਖ਼ੂਨ।

ਦਾਸ—

ਸਤਿਬੀਰ ਸਿੰਘ

ਪ੍ਰਿੰਸੀਪਲ, ਗੁਰੂ ਨਾਨਕ ਖ਼ਾਲਸਾ ਕਾਲਜ,
ਯਮਨਾ ਨਗਰ, (ਅੰਬਾਲਾ)

੨੦ ਨਵੰਬਰ, ੧੯੬੯

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਤਤਕਰਾ

1. **ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ** 9-19
ਅੰਧੇਰਾ ਹੀ ਅੰਧੇਰਾ-9; ਰਾਜਨੀਤਿਕ ਅਨ੍ਹੇਰਾ-9; ਪੰਜਾਬ ਦੀ ਦਸ਼ਾ-10; ਰਾਜਸੀ ਦਸ਼ਾ-10; ਸਮਾਜਕ ਦਸ਼ਾ-12; ਧਾਰਮਕ ਦਸ਼ਾ-14; ਆਰਥਕ ਦਸ਼ਾ-19

2. **ਤਲਵੰਡੀ ਵਿਚ ਬੱਤੀ ਵਰ੍ਹੇ** 20-41
ਤਲਵੰਡੀ-20; ਪ੍ਰਕਾਸ਼-22; ਬਚਪਨ-23; ਪੜ੍ਹਾਈ-25; ਜੰਞੂ-29; ਛੇੜੂ-30; ਰਜ਼ਾ-31; ਕੌਤਕ-31; ਕੀਰਤਨ ਦੀ ਉਤਪਤੀ-33; ਭਾਈ ਮਰਦਾਨਾ-34; ਸੱਚਾ ਸੌਦਾ-36; ਸ਼ਾਦੀ-37; ਰੋਗ ਦਾ ਦਾਰੂ-38; ਪ੍ਰਤਿਭਾ-40; ਬਾਬਾ ਸ੍ਰੀ ਚੰਦ ਤੇ ਲਖਮੀ ਚੰਦ ਜੀ ਦਾ ਜਨਮ 40

3. **ਸੁਲਤਾਨਪੁਰ ਵਿਚ** 42-57
ਸੁਲਤਾਨਪੁਰ-42; ਮੋਦੀ-44; ਕਿਸੀ ਕੀ ਦਮੜੀ ਨਾ ਰਾਖੇ-45; ਸੰਗਤ ਦੀ ਨੀਂਹ-46; ਪਰਉਪਕਾਰ-47; ਭਾਈ ਭਗੀਰਥ-48; ਭਾਈ ਮਨਸੁਖ-48; ਕਿਰਤ ਤੇ ਕੀਰਤੀ-49; ਪਿਤਾ ਕਾਲੂ ਜੀ ਦਾ ਆਉਣਾ-50; ਤੇਰਾ ਤੇਰਾ-50; ਵਈਂ ਦਾ ਉਪਦੇਸ਼-51; ਜਦ ਫਿਰ ਸੁਲਤਾਨਪੁਰ ਆਏ-56

4. **ਬਾਬਾ ਗਇਆ ਤੀਰਥੀਂ** 58-76
ਸੁਲਤਾਨਪੁਰ ਤੋਂ ਹਰਿਦੁਆਰ-58; ਪ੍ਰਚਾਰ ਢੰਗ-59; ਮਰਦਾਨਾ ਜੀ ਲਈ ਨਵੀਂ ਰਬਾਬ-62; ਪਹਿਲਾ ਉਪਦੇਸ਼-62; ਲਾਹੌਰ-64; ਭਾਈ ਲਾਲੋ-67; ਹਰਿਦੁਆਰ-73

5. **ਹਰਿਦੁਆਰ ਤੋਂ ਜਗਨਨਾਥ ਪੁਰੀ** 77-98
ਨਾਨਕ ਮਤਾ-77; ਪ੍ਰਯਾਗ-80; ਅਯੁੱਧਿਆ-81; ਬਨਾਰਸ-82; ਸਮਕਾਲੀ ਭਗਤਾਂ ਦਾ ਮੇਲ-85; ਗਯਾ-86; ਪਟਨਾ ਸਾਹਿਬ-87; ਰਾਜ ਗ੍ਰਿਹ-89; ਭਾਈ ਸੁਜਾ-89; ਬੰਗਲਾ ਦੇਸ਼-90; ਢਾਕਾ-90; ਨੂਰ-ਉਨਿਸਾ-90; ਠੱਗ ਨਿਸਤਾਰਾ-91; ਭੂਮੀਆ-92; ਕਲਿਜੁਗ-92; ਵਸਦੇ ਰਹੋ-94; ਭਗਤ ਜੈ ਦੇਵ ਜੀ ਦੇ ਪਿੰਡ-94; ਝੰਡਾ ਬਾਢੀ-95; ਸ਼ੰਕਰ ਦੇਵ ਨਾਲ ਮੁਲਾਕਾਤ-95; ਕਲਕੱਤਾ-96; ਜਗਨਨਨਾਥ-96; ਠਗਣ ਕਉ ਸੰਸਾਰ-97; ਉਦਾਸੀ ਕਰਦਿਆਂ ਤਿੰਨ ਵਰ੍ਹੇ-98

6. **ਜਗਨਨਾਥ ਪੁਰੀ ਤੋਂ ਦੁਆਰਕਾ** 99-116
ਮੰਗਲ ਨਾਥ ਨਾਲ ਭੇਂਟ ਵਾਰਤਾ-100; ਇਨਕਲਾਬੀ ਬਾਬਾ-100; ਵੰਡ ਛਕਣਾ-100; ਲੰਕਾ-102; ਤਾਮਲਨਾਡੂ ਤੇ ਕੇਰਲ-108; ਕੌਡਾ ਰਾਖਸ਼-109; ਨਾਨਕ ਝੀਰਾ-109; ਭਗਤ ਨਾਮਦੇਵ ਜੀ-110; ਭਗਤ ਤ੍ਰਿਲੋਚਨ ਜੀ-111; ਨਾਸਕ-111; ਓਅੰਕਾਰ-111; ਇੰਦੌਰ-113; ਫੇਰ ਠੱਗ ਮਿਲੇ-113; ਉਜੈਨ-113; ਸੋਰਠ ਦੇਸ਼-115; ਜੈਨੀਆਂ ਨੂੰ ਉਪਦੇਸ਼-115; ਚਾਰਵਾਕੀਆਂ ਨੂੰ ਉਪਦੇਸ਼-116

Sri Satguru Jagjit Singh Ji eLibrary NamdhariElibrary@gmail.com

7. **ਦੁਆਰਕਾ ਤੋਂ ਸੁਲਤਾਨਪੁਰ** 117-132

ਰਣਕਛ-117; ਨਾਮ ਖੁਸ਼ਬੂ-118; ਭੀਮ ਉਡਿਆਰ-118; ਨਾਥ ਦੁਆਰਾ-118; ਭਗਤ ਧੰਨਾ-121; ਆਗਰਾ-121; ਬਾਬੇ ਦੀ ਕੁਲ ਪੂੰਜੀ-122; ਗ਼ੁਲਾਮੀ ਦੀ ਪ੍ਰਥਾ ਵਿਰੁੱਧ-123; ਦਿੱਲੀ-124; ਬਜੀਦ-125; ਝੁੱਗੀ ਸਾੜਨੀ-125; ਪਾਨੀਪਤ-126; ਕਰਨਾਲ-128; ਕੁਰੂਕਸ਼ੇਤਰ-128; ਪਹੋਏ-131; ਸਰਸਾ-131; ਸੁਲਤਾਨਪੁਰ ਕੁਝ ਚਿਰ-132

8. **ਫਿਰ ਜਾਏ ਚੜ੍ਹੇ ਸੁਮੇਰ ਪੁਰ (ਦੂਜੀ ਉਦਾਸੀ)** 133-153

ਤਲਵੰਡੀ ਤੋਂ ਤਿੱਬਤ-133; ਰਾਹ-135; ਜੁਆਲਾਮੁਖੀ-136; ਰਵਾਲਸਰ-136; ਸ਼ਿਮਲਾ ਤੇ ਸਪਾਟੂ-136; ਮਾਹੀਸਰ-137; ਸਿੱਧਾਂ ਨਾਲ ਚਰਚਾ-139; ਕੇਹੜਾ ਝੱਲੇ ਗੁਰ ਦੀ ਝਾਲਾ-142; ਨੇਪਾਲ-144; ਤਿੱਬਤ-144; ਮਟਨ ਸਾਹਿਬ-146; ਐਸ਼ ਮੁਕਾਮ-148; ਬਨਿਹਾਲ-148; ਜੰਮੂ-149; ਸਿਆਲਕੋਟ-150; ਮੀਆਂ ਮਿੱਠਾ-151; ਬੇਬੇ ਨਾਨਕੀ ਦਾ ਅਕਾਲ ਚਲਾਣਾ-151; ਬੇਬੇ ਨਾਨਕੀ-151

9. **ਬਾਬਾ ਫਿਰਿ ਮੱਕੇ ਗਇਆ** 154-182

ਮਾਤਾ ਤ੍ਰਿਪਤਾ ਤੇ ਪਿਤਾ ਕਾਲੂ ਜੀ ਦਾ ਅਕਾਲ ਚਲਾਣਾ-154; ਪਾਕਪਟਨ-154; ਭਾਵ ਸੀ-156; ਬਾਬਾ ਫ਼ਰੀਦ ਜੀ-156; ਸੱਜਣ-158; ਉੱਚ ਸ਼ਰੀਫ਼-159; ਨੂਰ ਨੁਸਰਤ-160; ਹਰਾ ਭਰਾ ਘਾਹ ਮੇਰਾ ਗ਼ਲੀਚਾ-160; ਸ਼ਾਹ ਸ਼ਰਫ਼-161; ਸੁਆਲਾਂ ਜੁਆਬਾਂ ਦਾ ਵੇਰਵਾ-161; ਹੱਜ ਤੇ ਕਾਅਬਾ-164; ਕਾਅਬਾ ਵਿਚ ਗੁਰੂ ਜੀ-165; ਚਰਚਾ-167; ਮਦੀਨਾ-171; ਬਾਬਾ ਗਿਆ ਬਗ਼ਦਾਦ 172; ਕੀਰਤਨ ਦੀ ਮਹੱਤਤਾ-175; ਹਿੰਦ ਵਾਪਸੀ-176; ਪੰਜਾ ਸਾਹਿਬ-176; ਜਿਹਲਮ-178; ਰੁਹਤਾਸ-179; ਕੇਰ ਭਾਗ ਦੀ-179; ਖ਼ੁਰਾਕ ਹਉਮੈ ਦੀ-180; ਬਾਬਰ ਕੇ ਬਾਬੇ ਮਿਲੇ-180

10. **ਕਰਤਾਰਪੁਰ ਵਿਚ ਅਠਾਰਾਂ ਸਾਲ** 183-204

ਕਰਤਾਰਪੁਰ ਦਾ ਵਸਾਉਣਾ-183; ਕਰਤਾਰਪੁਰ ਦੀ ਮਰਯਾਦਾ-185; ਕਰਤਾਰਪੁਰ ਵਿਚ ਉਪਦੇਸ਼, ਸਿੱਖਾਂ ਦਾ ਆਉਣਾ-187; ਗੁਰੂ ਨਾਨਕ ਜੀ ਦੇ ਉਪਦੇਸ਼ਾਂ ਦਾ ਸਾਰੰਸ਼-195; ਸਭ ਮਹਿ ਜੋਤ ਜੋਤਿ ਹੈ ਸੋਇ-195; ਸੰਗਤਿ-199; ਪਵਿੱਤਰਤਾ ਤੇ ਸਰਲਤਾ-200; ਕਰਤਾਰਪੁਰ ਦਾ ਪ੍ਰਭਾਵ-202

11. **ਸਿੱਧ ਗੋਸ਼ਟ ਤੇ ਮੁਲਤਾਨ** 205-213

ਅਚਲ ਵਟਾਲਾ-205, ਮੁਲਤਾਨ-211

12. **ਹੋਰਿਓ ਗੰਗ ਵਹਾਈਐ** 214-225

ਥਾਪਿਆ ਲਹਿਣਾ ਜੀਵਦੇ-214; ਭਾਈ ਲਹਿਣਾ ਜੀ-216; ਪਏ ਕਬੂਲੁ ਖਸਮ ਨਾਲਿ-218; ਆਪੁ ਆਪੈ ਸੇਤੀ ਮਿਕਓਨੁ-221; ਜੋਤੀ ਜੋਤ ਸਮਾਉਣਾ-223

13. **ਸਮੁੱਚੇ ਜੀਵਨ ਤੇ ਇਕ ਝਾਤ** 226-240

Sri Satguru Jagjit Singh Ji eLibrary NamdhariElibrary@gmail.com

www.archive.org/details/namdhari

1

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ

ਅੰਧੇਰਾ ਹੀ ਅੰਧੇਰਾ : **ਗੁਰੂ ਨਾਨਕ ਦੇਵ ਜੀ** ਨੇ ਆਪ ਹੀ ਆਪਣੇ ਸਮੇਂ ਬਾਰੇ ਲਿਖਿਆ ਹੈ : 'ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥' ਸਭੋ ਪਾਸੇ ਹਨੇਰਾ ਹੀ ਛਾਇਆ ਸੀ। ਇਨ੍ਹਾਂ ਛਾਏ ਹਨੇਰਿਆਂ ਦਾ ਵੇਰਵਾ ਇਸ ਪ੍ਰਕਾਰ ਦਿੱਤਾ ਜਾ ਸਕਦਾ ਹੈ :

ਰਾਜਨੀਤਕ ਹਨੇਰਾ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਦੇ ਸਮੇਂ ਦੀਆਂ ਤਿੰਨ ਸਦੀਆਂ ਨੂੰ **'ਕਾਲੀਆਂ ਸਦੀਆਂ'** ਵੀ ਕਿਹਾ ਜਾਂਦਾ ਹੈ।

੨੪ ਜੁਲਾਈ, ੧੨੦੪ ਈ: ਨੂੰ ਹਿੰਦੁਸਤਾਨ ਗ਼ੁਲਾਮਾਂ ਦਾ ਗ਼ੁਲਾਮ ਹੋ ਗਿਆ। ਦੇਖਦੇ ਹੀ ਦੇਖਦੇ ਉੱਠਦਾ ਮੁਸਲਮਾਨੀ ਰਾਜ ਇਕ ਵੱਡਾ ਸਾਮਰਾਜ ਬਣ ਗਿਆ। ਕਿਧਰੇ ਟਾਵੇਂ-ਟਾਵੇਂ ਮੁਕਾਬਲੇ ਹੋਏ ਪਰ ਹਿੰਦੁਸਤਾਨ ਦਾ ਘਰ ਗ਼ੋਰੀ (ਮੁਹੰਮਦ ਗ਼ੋਰੀ) ਨੇ ਘੱਤ ਲਿਆ ਤੇ ਪ੍ਰਿਥੀ ਚੰਦ ਵਰਗੇ ਰਾਜਪੂਤ ਆਗੂ ਗੋਰੀ (ਔਰਤ) ਨਾਲ ਹੀ ਘਰੀਂ ਰਤੇ ਰਹੇ।[1] ਜਦ ਜਾਗ ਖੁੱਲ੍ਹੀ ਤਾਂ ਹਿੰਦੁਸਤਾਨ ਗ਼ੈਰਾਂ ਦੇ ਕਬਜ਼ੇ ਵਿਚ ਜਾ ਚੁੱਕਾ ਸੀ। ਕੁਤਬਉੱਦੀਨ ਐਬਕ ਪਿੱਛੋਂ ਅਲਤਮਸ਼ ਨੇ ਗ਼ੁਲਾਮ ਰਾਜ ਨੂੰ ਪੱਕਾ ਕੀਤਾ। ਅਲਾਉੱਦੀਨ ਖ਼ਿਲਜੀ ਨੇ ਤਾਂ ਭਰੇ ਦਰਬਾਰ ਵਿਚ ਹਿੰਦੂਆਂ ਦੀਆਂ ਖੱਲੜੀਆਂ ਉਤਾਰਨੀਆਂ ਅਰੰਭ ਕਰ ਦਿੱਤੀਆਂ ਸਨ। ਰਹਿੰਦੀ ਕਸਰ ਫ਼ਿਰੋਜ਼ ਤੁਗ਼ਲਕ ਨੇ ਜਜ਼ੀਆ ਲਗਾ ਕੇ ਪੂਰੀ ਕਰ ਦਿੱਤੀ। ਫ਼ਿਰੋਜ਼ ਨੇ ਜਜ਼ੀਆ 'ਤੇ ਹੀ ਬੱਸ ਨਾ ਕੀਤਾ ਸਗੋਂ ਹਿੰਦੂ ਪਰਜਾ 'ਤੇ ਯਾਤਰੂ ਟੈਕਸ ਦੇ ਨਾਲ ਦੇਵੀ ਦੇਵਤਿਆਂ ਉੱਤੇ ਟੈਕਸ ਲਗਾ ਦਿੱਤੇ। ਜਿਹੜੀ ਰਤਾ ਕੁ ਅਣਖ ਰਹਿ ਗਈ ਸੀ, ਉਸ ਦਾ ਖ਼ਾਤਮਾ ਤੈਮੂਰ ਦੇ ਹਮਲੇ ਨੇ ਕਰ ਦਿੱਤਾ। ਇਕ ਇਸ਼ਾਰੇ ਨਾਲ ਇਕ ਲੱਖ ਕੈਦੀ ਉਸ ਨੇ ਕਤਲ ਕੀਤੇ। ਲੋਧੀ ਖ਼ਾਨਦਾਨ ਦੇ ਬਹਿਲੋਲ ਖ਼ਾਨ ਨੇ ਸੱਯਦਾਂ ਨੂੰ ਹਾਰ ਦੇ ਕੇ ਦਿੱਲੀ 'ਤੇ ਕਬਜ਼ਾ ਕਰ ਲਿਆ। ੧੪੮੯ ਈ: ਵਿਚ ਬਹਿਲੋਲ ਦੀ ਮ੍ਰਿਤੂ ਹੋਈ ਤੇ ਉਸ ਦੇ ਪੁੱਤਰ ਨਿਜ਼ਾਮ ਖ਼ਾਨ ਨੇ ਸਕੰਦਰ ਲੋਧੀ ਦਾ ਨਾਮ ਧਰ ਕੇ ੧੫੧੭ ਈ:

1. ਬਾਨ ਭਟ ਨੇ ਇਹੀ ਮਿਹਣਾ ਮਾਰਿਆ ਸੀ :
ਤੈ ਘਰ ਗੋਰੀ ਰਤਿਆ। ਤੈ ਘਰ ਗੋਰੀ ਘਤਿਆ।

Sri Satguru Jagjit Singh Ji eLibrary NamdhariElibrary@gmail.com

ਤੱਕ ਰਾਜ ਕੀਤਾ। ਸਕੰਦਰ ਲੋਧੀ ਨੇ ਆਪਣਾ ਨਾਮ 'ਬੁੱਤ ਸ਼ਿਕਨ' ਰੱਖ ਕੇ ਮੰਦਰ, ਦੇਹੁਰੇ ਢਾਹੁਣੇ ਅਰੰਭ ਕਰ ਦਿੱਤੇ। ਜਿੰਨੇ ਮੰਦਰ ਉਸ ਗਿਰਾਏ, ਉਨ੍ਹਾਂ ਦਾ ਹਿਸਾਬ ਇਤਿਹਾਸ ਵੀ ਨਹੀਂ ਰੱਖ ਸਕਿਆ।

ਪੰਜਾਬ ਦੀ ਦਸ਼ਾ : ਸਕੰਦਰ ਲੋਧੀ ਨੇ ਪੰਜਾਬ ਵਿਚ ਦੌਲਤ ਖ਼ਾਨ ਨੂੰ ਸੁਲਤਾਨਪੁਰ ਦਾ ਨਵਾਬ ਬਣਾ ਕੇ ਭੇਜਿਆ। ਸਕੰਦਰ ਦੀ ਜ਼ਿੰਦਗੀ ਵਿਚ ਤਾਂ ਉਹ ਵਫ਼ਾਦਾਰ ਰਿਹਾ, ਪਰ ਜਦ ਇਬਰਾਹੀਮ ਹਿੰਦੁਸਤਾਨ ਦੇ ਤੱਖ਼ਤ ਉੱਤੇ ਬੈਠਾ ਤਾਂ ਦੌਲਤ ਖ਼ਾਂ ਲੋਧੀ ਨੇ ਸਾਜ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਅਤੇ ਆਲਮ ਖ਼ਾਂ ਲੋਧੀ ਨਾਲ ਮਿਲ ਕੇ ਬਾਬਰ ਨੂੰ ਹਿੰਦੁਸਤਾਨ 'ਤੇ ਹਮਲਾ ਕਰਨ ਲਈ ਸੱਦਾ ਭੇਜਿਆ। ਉਸ ਦਾ ਖ਼ਿਆਲ ਸੀ ਕਿ ਬਾਬਰ ਨਾਲ ਮਿਲ ਕੇ ਇਬਰਾਹੀਮ ਨੂੰ ਹਾਰ ਦੇਣੀ ਆਸਾਨ ਹੋ ਜਾਵੇਗੀ। ਲੁੱਟ ਦਾ ਮਾਲ ਲੈ ਕੇ ਬਾਬਰ ਵਾਪਸ ਚਲਾ ਜਾਏਗਾ ਤੇ ਤੱਖ਼ਤ ਉਸ ਨੂੰ ਮਿਲ ਜਾਏਗਾ। ਉਸ ਦਾ ਸਾਰਾ ਅੰਦਾਜ਼ਾ ਹੀ ਗ਼ਲਤ ਨਿਕਲਿਆ ਤੇ ਲੋਧੀ ਰਾਜ ਸਾਰੇ ਹਿੰਦੁਸਤਾਨ ਵਿਚੋਂ ਹਮੇਸ਼ਾ ਲਈ ਹੀ ਖ਼ਤਮ ਹੋ ਗਿਆ। ਪੰਜਾਬ ਦੀ ਲੜਾਈ ਤਿੰਨਾਂ ਵਿਚਕਾਰ ਸੀ ਅਤੇ ਦੌਲਤ ਖ਼ਾਨ ਇਸ ਤੋਂ ਅਣਜਾਣ ਰਿਹਾ। ਉਸ ਤਿਕੋਣੀ ਲੜਾਈ ਵਿਚ ਅਖ਼ੀਰ ਜਿੱਤ ਮੁਗ਼ਲਾਂ ਦੀ ਹੋਈ। ਪੰਜਾਬ ਵਿਚ ਸਦਾ ਇਵੇਂ ਹੀ ਹੁੰਦਾ ਰਿਹਾ ਹੈ। ਬਾਅਦ ਵਿਚ ਵੀ ਲੜਾਈ ਤਿਕੋਣੀ ਹੀ ਰਹੀ ਹੈ। ਜੇ ਸੰਨ ੧੫੨੬ ਵਿਚ ਲੜਨ ਵਾਲੇ ਮੁਗ਼ਲ, ਲੋਧੀ ਅਤੇ ਪਠਾਣ ਸਨ ਤਾਂ ਸੰਨ ੧੭੧੬ ਤੋਂ ਪਿੱਛੋਂ ਮੁਗ਼ਲ, ਸਿੱਖ ਅਤੇ ਪਠਾਣ ਹੋ ਗਏ।

ਰਾਜਸੀ ਦਸ਼ਾ : ਉਸ ਵੇਲੇ ਦੀ ਰਾਜਸੀ ਦਸ਼ਾ ਨੂੰ ਆਪੂੰ ਗੁਰੂ ਨਾਨਕ ਦੇਵ ਜੀ ਨੇ ਅਤੇ ਕਈ ਸਮਕਾਲੀ ਇਤਿਹਾਸਕਾਰਾਂ ਨੇ ਕਾਫ਼ੀ ਦਰਦ ਭਰੇ ਸ਼ਬਦਾਂ ਵਿਚ ਬਿਆਨ ਕੀਤਾ ਹੈ।

ਡਾਕਟਰ ਲਤੀਫ਼ ਕਹਿੰਦਾ ਹੈ : "ਉਸ ਵੇਲੇ ਛਲ, ਫ਼ਰੇਬ, ਠੱਗੀ ਠੋਰੀ ਤੇ ਚਾਲਾਕੀ ਦਾ ਹੀ ਸਾਰੇ ਹਿੰਦੁਸਤਾਨ ਵਿਚ ਬੋਲ-ਬਾਲਾ ਸੀ। ਹਿੰਦੁਸਤਾਨ ਦੀ ਹਰ ਨੁੱਕਰੇ ਬੇਚੈਨੀ ਤੇ ਘਬਰਾਹਟ ਸੀ। ਸਾਰੇ ਹਿੰਦੁਸਤਾਨ ਵਿਚ ਕੇਵਲ ਪਾਪ, ਜ਼ੁਲਮ, ਐਸ਼-ਇਸ਼ਰਤ ਤੋਂ ਸਿਵਾ ਕੁਝ ਹੋਰ ਦਿਖਾਈ ਨਹੀਂ ਦੇਂਦਾ ਸੀ।" ਗੁਰੂ ਨਾਨਕ ਸਾਹਿਬ ਨੇ ਇਸ ਦਸ਼ਾ ਨੂੰ ਇਨ੍ਹਾਂ ਸ਼ਬਦਾਂ ਵਿਚ ਦਰਸਾਇਆ ਹੈ : 'ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ।' ਉਸ ਵੇਲੇ ਦਾ ਸਮਾਂ ਕਾਲੀ ਰਾਤ ਵਾਂਗੂ ਸੀ। ਹੱਥ ਵਿਚ ਛੁਰੀ ਲਈ ਰਾਜੇ ਕਸਾਈ ਬਣੇ ਹੋਏ ਸਨ। ਧਰਮ, ਜਿਸ ਦਾ ਮੁੱਖ ਅੰਸ਼ ਫ਼ਰਜ਼ ਸੀ, ਬਿਲਕੁਲ ਹੀ ਉੱਡ ਗਿਆ ਸੀ। ਕਸਾਈਆਂ ਜਰਵਾਣਿਆਂ ਦੀਆਂ ਬਰਾਛਾਂ ਗ਼ਰੀਬਾਂ ਦੇ ਖ਼ੂਨ ਨਾਲ ਲਿੱਬੜੀਆਂ ਹੋਈਆਂ ਸਨ। ਰਾਜਿਆਂ ਦੇ ਫ਼ਰਮਾਨ ਸ਼ਾਹੀ ਛੁਰੀ ਉੱਤੇ ਇਨਸਾਨਾਂ ਦੇ ਖ਼ੂਨ ਦੀ ਸਿਕਰੀ ਜੰਮੀ ਹੋਈ ਸੀ। ਇਨਸਾਨੀਅਤ ਦੇ ਰਾਖੇ, ਰਾਜੇ, ਸ਼ਿਕਾਰੀ ਦੀ ਤਰ੍ਹਾਂ ਹਰ ਵੇਲੇ ਤਾਕ ਵਿਚ ਬੈਠੇ ਸਨ। ਮੀਰ ਅਹਿਲਕਾਰ ਕੁੱਤਿਆਂ ਵਾਲਾ ਕੰਮ ਕਰਦੇ ਸਨ। ਨੌਕਰ ਚਾਕਰ ਉਸ ਰਾਜੇ ਸ਼ੇਰ ਦੀਆਂ ਨਹੁੰਦਰਾਂ ਸਨ, ਜਿਨ੍ਹਾਂ ਨੇ ਜਨਤਾ ਦੇ ਕਲੇਜੇ ਘਾਉ ਕਰ ਕੇ ਸਦਾ ਮੂੰਹ ਖ਼ੂਨ ਨਾਲ ਭਰੇ ਰੱਖਣਾ ਇਕ ਸੁਭਾਵਕ ਕਰਮ ਸਮਝਿਆ ਹੋਇਆ ਸੀ। ਭਲੇ ਲੋਕਾਂ ਨੂੰ, ਜੋ ਵਾਹਿਗੁਰੂ ਦੀ ਯਾਦ ਵਿਚ ਜੁੜੇ ਹੋਏ ਹੁੰਦੇ ਸਨ, ਉਨ੍ਹਾਂ ਨੂੰ ਠੁਡਿਆਂ

Sri Satguru Jagjit Singh Ji eLibrary NamdhariElibrary@gmail.com

ਨਾਲ ਜਾ ਜਗਾਂਦੇ ਸਨ। ਰਾਜੇ ਸ਼ੇਰ ਤਾਂ ਮਾਸ ਦੀਆਂ ਬੋਟੀਆਂ ਹੀ ਖਾਂਦੇ ਸਨ ਪਰ ਅਹਿਲਕਾਰ ਗ਼ਰੀਬਾਂ ਦੀ ਮਿੱਝ ਰੱਤ ਚੱਟਣੋਂ ਵੀ ਸੰਕੋਚ ਨਹੀਂ ਸਨ ਕਰਦੇ :

'ਰਾਜੇ ਸੀਂਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥'

(ਵਾਰ ਮਲਾਰ ਕੀ, ਮਹਲਾ ੧)

ਰਿਸ਼ਵਤ ਜ਼ੋਰਾਂ ਉੱਤੇ ਸੀ ਤੇ ਹਰ ਕੋਈ ਵੱਢੀ ਦੇ ਕੇ ਕੰਮ ਕਰਵਾ ਲੈਂਦਾ ਸੀ। 'ਨਕੀ ਵਢੀ ਲਾਇਤਬਾਰ'। ਰਾਜੇ ਐਸ਼-ਇਸ਼ਰਤ ਵਿਚ ਪਏ ਰਹਿਣਾ ਹੀ ਆਪਣਾ ਕਰਤੱਵ ਸਮਝਦੇ ਸਨ। ਜਨਤਾ ਦੀ ਸਾਰ ਬਿਲਕੁਲ ਹੀ ਨਹੀਂ ਲੈਂਦੇ ਸਨ :

'ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥'

(ਆਸਾ ਮਹਲਾ ੧, ਪੰਨਾ ੪੧੭)

ਇਸ ਐਸ਼ ਦਾ ਸਿੱਟਾ ਉਸ ਸਮੇਂ ਨਿਕਲਿਆ ਜਦ ਬਾਬਰ ਦਾ ਹਮਲਾ ਹੋਇਆ। ਉਸ ਵੇਲੇ ਹੋਰ ਪਰਜਾ ਤਾਂ ਕਿਤੇ ਰਹੀ, ਕਿਸੇ ਪਠਾਣ ਸ਼ਹਿਜ਼ਾਦੇ ਨੂੰ ਵੀ ਕਿਤੋਂ ਮੰਗ ਪਿੰਨ ਰੋਟੀ ਦਾ ਟੁੱਕਰ ਨਾ ਮਿਲਿਆ। "ਐਸਾ ਹੀ ਹੁੰਦਾ ਹੈ", ਜਦ ਗੁਰੂ ਨਾਨਕ ਸਾਹਿਬ ਆਖਦੇ ਹਨ, "ਜਦ ਪਹਿਲਾਂ ਤਿਆਰੀ ਨਾ ਹੋਵੇ ਤੇ ਮੌਕਾ ਨਾ ਸੰਭਾਲਿਆ ਜਾਏ" :

'ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੇ ਸਜਾਇ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
ਬਾਬਰ ਵਾਣੀ ਫਿਰਿ ਗਈ ਕੁਇਰੁ (ਸ਼ਹਿਜ਼ਾਦਾ) ਨ ਰੋਟੀ ਖਾਇ'॥੫॥

ਇਸ ਉੱਤੇ ਹੋਰ ਮਾੜਾ ਇਹ ਕਿ ਹਕੂਮਤ ਨੇ ਜੰਗੀ ਸਾਮਾਨ ਦਾ ਸਹਾਰਾ ਲੈਣ ਦੀ ਬਜਾਏ ਤਵੀਤਾਂ, ਤੰਤਰਾਂ, ਮੰਤਰਾਂ ਤੇ ਫੋਕੀਆਂ ਗੱਲਾਂ ਦਾ ਸਹਾਰਾ ਲੈਣਾ ਮੁਨਾਸਬ ਸਮਝਿਆ ਸੀ। ਹਕੂਮਤ ਦੀ ਵਾਗ ਡੋਰ ਜੋਤਸ਼ੀਆਂ ਤੇ ਪੀਰਾਂ ਦੇ ਹੱਥ ਆ ਗਈ ਸੀ। ਹਥਿਆਰਾਂ ਦੀ ਦੌੜ ਵਿਚ ਪਿੱਛੇ ਰਹਿ ਜਾਣ ਕਾਰਨ ਅਤੇ ਸਮੇਂ ਅਨੁਕੂਲ ਜੰਗੀ ਨੀਤੀ ਨਾ ਅਪਨਾਉਣ ਕਰਕੇ ਹਾਕਮ ਤਕੜੀ ਮਾਰ ਖਾ ਗਏ। ਹਿੰਦੁਸਤਾਨ ਹੀ ਗਵਾ ਬੈਠੇ। ਉਹ ਹੀ ਪੁਰਾਤਨ ਹਾਥੀਆਂ ਦੀ ਜੰਗ। ਤੀਰ ਕਮਾਨਾਂ ਦਾ ਸਹਾਰਾ। ਜਦ ਸਾਹਮਣਿਓਂ ਬਾਬਰ ਦੇ ਤੇਜ਼ ਘੋੜਿਆਂ, ਤੋਪਾਂ ਤੇ ਬੰਦੂਕਾਂ ਵਿਚੋਂ ਬਾਰੂਦ ਦੇ ਗੋਲੇ ਨਿਕਲੇ ਤਾਂ ਅਫ਼ਗਾਨਾਂ ਤੇ ਪਿੱਛੋਂ ਰਾਜਪੂਤਾਂ ਨੂੰ ਭੱਜਦਿਆਂ ਵਾਰ ਵੀ ਨਾ ਮਿਲੀ।

ਹਿੰਦੂ ਇਤਨਾ ਅਧੀਨ ਹੋ ਗਿਆ ਸੀ ਕਿ ਉਸ ਨੇ ਪੂਰਨ ਗ਼ੁਲਾਮੀ ਧਾਰ ਲਈ ਸੀ। ਤੁਲਸੀ ਵਰਗੇ ਵਿਦਵਾਨ ਇਹ ਉਪਦੇਸ਼ ਦੇ ਰਹੇ ਸਨ, 'ਕਉ ਨ੍ਰਿਪ ਹੋਇ ਹਮ ਹੀ ਕਾ ਹਾਨੀ' (ਕੋਈ ਰਾਜਾ ਹੋਏ ਸਾਨੂੰ ਕੀ)। ਹਿੰਦੂ ਆਪਣੀ ਬੋਲੀ ਛੱਡ ਬੈਠਾ ਸੀ। ਛੱਤਰੀ ਜਿਨ੍ਹਾਂ ਦਾ ਕੰਮ ਧਰਮ ਰੱਖਿਆ ਸੀ, ਉਹ ਵੀ ਦਿਲ ਹਾਰ ਚੁੱਕੇ ਸਨ।

'ਖਤਰੀਆਂ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥'

ਬ੍ਰਾਹਮਣ ਵੀ ਹਕੂਮਤ ਦਾ ਹੱਥ ਠੋਕਾ ਬਣੇ ਹੋਏ ਸਨ ਅਤੇ ਆਪਣੇ ਹੀ ਜਾਤ- ਭਰਾਵਾਂ ਨੂੰ ਹੋਰ ਤੰਗ ਕਰ ਰਹੇ ਸਨ :

'ਛੁਰੀ ਵਗਾਇਨਿ ਤਿਨ ਗਲਿ ਤਾਗੁ॥'

Sri Satguru Jagjit Singh Ji eLibrary NamdhariElibrary@gmail.com

ਅਤੇ

'ਛੁਰੀ ਕਾਢਿ ਲੇਵੈ ਹਥਿ ਦਾਨਾ॥' *(ਗੋਂਡ ਮਹਲਾ ੫)*

ਹਿੰਦੂਆਂ ਦੀਆਂ ਧਾਰਮਿਕ ਰਸਮਾਂ, ਧਾਰਮਿਕ ਚਿੰਨ੍ਹਾਂ ਉੱਤੇ ਵੀ ਕਰ ਲਗਾਏ ਜਾਂਦੇ ਸਨ। ਜਿਵੇਂ ਕੋਈ ਆਪਣੀ ਗਾਂ ਨੂੰ ਨਦੀ ਪਾਰ ਨਹੀਂ ਸੀ ਲੰਘਾ ਸਕਦਾ ਜਦ ਤੱਕ ਇਕ ਰੁਪਿਆ ਟੈਕਸ ਨਾ ਦੇਵੇ। 'ਗਊ ਬਿਰਾਹਮਣ ਕਉ ਕਰ ਲਾਵਹੁ', ਤੱਕ ਨੌਬਤ ਪੁੱਜ ਗਈ ਸੀ।

ਜਿਨ੍ਹਾਂ ਦੇ ਜ਼ਿੰਮੇ ਇਨਸਾਫ਼ ਦੇਣ ਦਾ ਕਾਰਜ ਸੀ, ਉਹ ਤਾਂ ਸਿਰਫ਼ ਰਿਸ਼ਵਤ ਲੈ ਕੇ ਹੀ ਫ਼ੈਸਲਾ ਕਰਦੇ ਸਨ। ਜੇ ਕੋਈ ਪੁੱਛਦਾ ਕਿ ਇਹ ਫ਼ੈਸਲਾ ਤੂੰ ਕਿਵੇਂ ਕੀਤਾ ਤਾਂ ਅੱਗੋਂ ਅਨਪੜ੍ਹ ਜਨਤਾ ਨੂੰ ਕੁਰਾਨ ਦੀ ਆਇਤ ਸੁਣਾ ਦਿੱਤੀ ਜਾਂਦੀ ਸੀ :

'ਵਢੀ ਲੈ ਕੇ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥'

(ਰਾਮਕਲੀ ਕੀ ਵਾਰ ਮਹਲਾ ੩, ਪੰਨਾ ੯੫੧)

ਚੁਗ਼ਲੀਆਂ ਕਰ-ਕਰ ਲੋਕ ਆਪਣਾ ਉੱਲੂ ਸਿੱਧਾ ਕਰਦੇ ਸਨ।

"ਲੋਕ ਮੁਹਾਵਹਿ, ਚਾੜੀ ਖਾਹਿ॥"

ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿਚ ਸਾਰੇ ਹਾਲਾਤ ਦਾ ਜਾਇਜ਼ਾ ਲੈਂਦੇ ਹੋਏ ਇਸ ਤਰ੍ਹਾਂ ਕਹਿੰਦੇ ਹਨ ਕਿ ਉਲਟੀ ਵਾੜ ਹੀ ਖੇਤ ਨੂੰ ਖਾ ਰਹੀ ਸੀ। ਪਰਜਾ ਅੰਨ੍ਹੀ ਸੀ ਤੇ ਅਗਿਆਨਤਾ ਦੇ ਹਨੇਰੇ ਵਿਚ ਡਿੱਗ ਕੇ ਤਬਾਹ ਹੋ ਰਹੀ ਸੀ :

'ਕਲਿ ਆਈ ਕੁਤੇ ਮੁਹੀ, ਖਾਜੁ ਹੋਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕੋ ਖਾਈ॥
ਪਰਜਾ ਅੰਧੀ ਗਿਆਨ ਬਿਨੁ, ਕੂੜ ਕੁਸਤਿ ਮੁਖਹੁ ਆਲਾਈ॥'

ਭਾਈ ਜੀ ਤਾਂ ਗੱਲ ਮੁਕਾਉਂਦੇ ਹੋਏ ਕਹਿੰਦੇ ਹਨ ਕਿ ਧਰਮ ਦੀ ਜ਼ਬਾਨ ਵਿਚ ਇਹ ਹੀ ਕਿਹਾ ਜਾ ਸਕਦਾ ਹੈ, 'ਵਰਤਿਆ ਪਾਪ ਸਭਸ ਜਗ ਮਾਹੀ॥'

(ਵਾਰ ਪਹਿਲੀ, ਪਉੜੀ ਤੀਹਵੀਂ)

ਸਮਾਜਕ ਦਸ਼ਾ : ਰਾਜਨੀਤਕ ਦਸ਼ਾ ਜੇ ਬਹੁਤ ਮਾੜੀ ਸੀ ਤਾਂ ਸਮਾਜਕ ਦਸ਼ਾ ਵੀ ਕੋਈ ਚੰਗੀ ਨਹੀਂ ਸੀ। ਸਮਾਜ ਧਰਮ ਦੇ ਆਧਾਰ ਉੱਤੇ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਸੀ—ਇਕ ਹਿੰਦੂ ਸਨ, ਦੂਜੇ ਮੁਸਲਮਾਨ। ਅੱਗੋਂ ਉਹਨਾਂ ਦੇ ਕਈ ਫ਼ਿਰਕੇ ਬਣੇ ਹੋਏ ਸਨ। ਮੁਸਲਮਾਨ ਹਿੰਦੂਆਂ ਨੂੰ ਦੇਖਣਾ ਤੱਕ ਗਵਾਰਾ ਨਹੀਂ ਸਨ ਕਰਦੇ। "ਮੁਸਲਮਾਨ ਹਿੰਦੂਆਂ ਨੂੰ ਧਰਤੀ ਨਿਆਈਂ ਸਮਝਦੇ ਸਨ। ਮੁਸਲਮਾਨਾਂ ਦਾ ਆਖਣਾ ਸੀ ਕਿ ਜੇਕਰ ਹਿੰਦੂਆਂ ਕੋਲੋਂ ਚਾਂਦੀ ਮੰਗੀ ਜਾਏ ਤਾਂ ਉਨ੍ਹਾਂ ਨੂੰ ਬੜੀ ਅਧੀਨਗੀ ਨਾਲ ਸੋਨਾ ਪੇਸ਼ ਕਰਨਾ ਚਾਹੀਦਾ ਹੈ। ਜੇ ਕੋਈ ਮੋਮਨ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹੇ, ਹਿੰਦੂ ਨੂੰ ਆਪਣਾ ਮੂੰਹ ਅੱਡ ਦੇਣਾ ਚਾਹੀਦਾ ਹੈ ਤਾਂ ਕਿ ਥੁੱਕਣ ਵਿਚ ਮੁਸਲਮਾਨ ਨੂੰ ਤਕਲੀਫ਼ ਨਾ ਹੋਵੇ।" ਇਹ ਸਮਝਿਆ ਜਾਂਦਾ ਸੀ ਕਿ ਖ਼ੁਦਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦਾ ਗ਼ੁਲਾਮ ਰਹਿਣ ਲਈ ਹੀ ਬਣਾਇਆ ਹੈ। ਮੁਸਲਮਾਨ ਰਾਜ ਦੇ ਨਸ਼ੇ ਵਿਚ ਨਾਲ ਦੀ ਕੌਮ ਨੂੰ

Sri Satguru Jagjit Singh Ji eLibrary NamdhariElibrary@gmail.com

ਤੰਗ ਕਰਦਾ ਸੀ ਤੇ ਹਿੰਦੂ ਤਰਸਯੋਗ ਤੇ ਅਣਖਹੀਨ ਜ਼ਿੰਦਗੀ ਬਤੀਤ ਕਰ ਰਿਹਾ ਸੀ।

ਹਿੰਦੂ ਜਾਤੀ ਚਾਰ ਹਿੱਸਿਆਂ ਵਿਚ ਵੰਡੀ ਹੋਈ ਸੀ। ਸ਼ੂਦਰ ਦੀ ਦਸ਼ਾ ਅਤਿ ਮਾੜੀ ਹੋ ਗਈ ਸੀ। ਭਗਤ ਨਾਮਦੇਵ ਜੀ ਜਿਹੇ ਭਗਤ ਹੂਕ ਕੱਢਦੇ ਹੋਏ ਆਖ ਰਹੇ ਸਨ : "ਜਦ ਮੈਂ ਮੰਦਰ ਜਾਂਦਾ ਹਾਂ, 'ਏਹ ਪੰਡੀਆ ਮੋ ਕਉ ਢੇਢ ਕਹਤ ਹੈ', 'ਸੂਦ ਸੂਦ ਕਰਿ ਮਾਰਿ ਉਠਾਇਓ'[1], ਮੰਦਰ ਵਿਚੋਂ ਸ਼ੂਦਰ-ਸ਼ੂਦਰ ਆਖ ਕੇ ਮਾਰ ਕੱਢਦਾ ਹੈ। ਕ਼ੋਈ ਕੁੱਤਾ ਤਾਂ ਖੂਹ ਉੱਤੇ ਚੜ੍ਹ ਕੇ ਪਾਣੀ ਪੀ ਸਕਦਾ ਸੀ, ਪਰ ਸ਼ੂਦਰ ਖੂਹ ਉੱਤੇ ਜਾ ਕੇ ਨਹਾ ਵੀ ਨਹੀਂ ਸੀ ਸਕਦਾ। ਉਸ ਵਿਚਾਰੇ ਨੂੰ ਹਨੇਰੀਆਂ ਰਾਤਾਂ ਵਿਚ ਟੱਲ ਪਾ ਕੇ ਲੰਘਣਾ ਪੈਂਦਾ ਸੀ। ਮਤੇ ਹਨੇਰੀ ਰਾਤ ਵਿਚ ਉਸ ਦਾ ਪਰਛਾਵਾਂ ਉੱਚੀ ਜਾਤ ਵਾਲੇ ਉੱਤੇ ਨਾ ਪੈ ਜਾਏ। ਉਧਰ ਹਿੰਦੂਆਂ ਦੀ ਅਧੀਨਗੀ ਇਤਨੀ ਵਧੀ ਹੋਈ ਸੀ ਕਿ ਰਾਜਿਆਂ ਦਾ ਹੱਥ-ਠੋਕਾ ਬਣ ਕੇ ਉਹ ਭਰਾਵਾਂ ਉੱਤੇ ਛੁਰੀ ਚਲਾਈ ਜਾ ਰਹੇ ਸਨ।"

ਕਹਿੰਦੇ ਹਨ ਕਿ ਕਿਸੇ ਕੌਮ ਦੀ ਸੱਭਿਅਤਾ ਇਸ ਗੱਲ ਨਾਲ ਨਾਪੀ ਜਾਂਦੀ ਹੈ ਕਿ ਉਹ ਇਸਤਰੀ ਨੂੰ ਕੀ ਸਥਾਨ ਦਿੰਦੇ ਹਨ। ਹਿੰਦੂ ਇਸਤਰੀ ਨੂੰ ਪੈਰ ਦੀ ਜੁੱਤੀ, ਘਰ ਦੀ ਚਾਕਰ, ਅੱਧਾ ਜ਼ਹਿਰ ਅੱਧਾ ਅੰਮ੍ਰਿਤ, ਕੁਦਰਤ ਦੀ ਇਕ ਮਜ਼ੇਦਾਰ ਗ਼ਲਤੀ, ਜਿੱਥੇ ਰੱਬ ਫ਼ੇਲ੍ਹ ਹੋ ਗਿਆ ਉਥੇ ਉਸ ਨੇ ਇਸਤਰੀ ਬਣਾ ਦਿੱਤੀ, ਇਸਤਰੀ ਵਿਚ ਆਤਮਾ ਹੀ ਨਹੀਂ ਹੁੰਦੀ, ਇਸਤਰੀ ਆਪਣੇ ਇਸਤਰੀ ਜਾਮੇ ਬਾਅਦ ਮਰਦ ਜਾਮੇ ਵਿਚ ਆਉਂਦੀ ਹੈ ਤਾਂ ਮੁਕਤੀ ਪਾ ਸਕਦੀ ਹੈ, ਔਰਤ ਦੀ ਮੱਤ ਖੁਰੀ ਪਿੱਛੇ ਅਤੇ ਹੋਰ ਬੇਥਵੀਆਂ ਗੱਲਾਂ ਨਾਲ ਇਸ ਨੂੰ ਪੁਕਾਰਿਆ ਜਾਂਦਾ ਸੀ। ਆਮ ਲੋਕਾਂ ਦੀ ਗੱਲ ਇਕ ਪਾਸੇ, ਵਿਦਵਾਨ ਅਤੇ ਤੁਲਸੀ ਦਾਸ ਵਰਗੇ ਮਹਾਂ-ਕਵੀ ਵੀ ਕੋਈ ਸ਼ੁੱਭ ਵਿਚਾਰ ਨਹੀਂ ਸਨ ਰੱਖ ਰਹੇ। ਜੇ ਵਿਦਵਾਨ ਇਸਤਰੀ ਬਾਰੇ ਏਨੀ ਨੀਵੀਂ ਵਿਚਾਰ ਰੱਖ ਸਕਦਾ ਹੈ ਤਾਂ ਜਨਤਾ ਦਾ ਮਾੜੇ ਖ਼ਿਆਲ ਰੱਖਣੇ ਤੇ ਇਸ ਨੂੰ ਦਾਸੀ ਤੇ ਜੁੱਤੀ ਤੋਂ ਵੱਧ ਕੁਝ ਨਾ ਸਮਝਣਾ ਸੁਭਾਵਕ ਕਿਹਾ ਜਾ ਸਕਦਾ ਸੀ। ਤੁਲਸੀ ਦਾਸ ਲਿਖ ਰਹੇ ਸਨ :

'ਢੋਰ, ਗਵਾਰ, ਸ਼ੂਦਰ, ਪਸ਼ੂ, ਨਾਰੀ।
ਯਹਿ ਪਾਂਚੋ ਤਾੜਨ ਕੇ ਅਧਿਕਾਰੀ।'

ਪੀਲੂ ਜਿਹੇ ਭਗਤ ਪ੍ਰਚਾਰ ਕਰ ਰਹੇ ਸਨ :

'ਭੱਠ ਰੰਨਾਂ ਦੀ ਦੋਸਤੀ ਖੁਰੀਂ ਜਿਨ੍ਹਾਂ ਦੀ ਮੱਤ।'

ਘਰੋਗੀ ਜੀਵਨ ਵੀ ਕੋਈ ਸੁਖਾਵਾਂ ਨਹੀਂ ਸੀ ਰਿਹਾ। ਇਸਤਰੀ ਵੀ ਐਸੇ ਵਾਤਾਵਰਣ ਵਿਚ ਆਪਣੇ ਮੌਲਕ ਗੁਣ—ਹਲੀਮੀ, ਸਾਦਗੀ, ਪਵਿੱਤਰਤਾ ਛੱਡ ਬੈਠੀ ਸੀ। 'ਇਸਤਰੀ ਪੁਰਖੈ ਦਾਮ ਹਿਤ, ਭਾਵੇਂ ਆਇ ਕਿਥਾਊ ਜਾਈ॥' ਚੰਗੀ ਸਲਾਹ ਦੀ ਥਾਂ ਔਰਤ ਮਾੜੀ ਸਲਾਹ ਦੇਂਦੀ ਸੀ, ਜਿਸ ਦਾ ਸਿੱਟਾ ਪੁਰਖ ਕਸਾਈ ਹੋ ਗਏ ਤੇ ਵਢੂੰ-ਵਢੂੰ ਕਰਦੇ ਫਿਰਦੇ ਸਨ। ਮਿੱਠਾ ਸੁਭਾਅ, ਜੁਗਤਿ ਵਿਚ ਰਹਿਣਾ, ਦਿਲ ਦੀ ਸਫ਼ਾਈ, ਇਹ ਸਭ ਗੱਲਾਂ ਜਿਨ੍ਹਾਂ ਦੇ ਸਹਾਰੇ ਜੀਵਨ ਟੁਰਦਾ ਹੈ, ਦੂਰ ਹੋ ਗਏ ਸਨ। ਵੱਢੀ ਠੱਗੀ ਹਰਾਮ ਮਾਲ ਲੋਕਾਂ ਦਾ ਮਨਭਾਉਂਦਾ ਖਾਜਾ ਹੋ ਗਿਆ ਸੀ। ਸ਼ਰਮ ਤੇ ਹਯਾ ਅਣਖ ਨਾਲ ਹੀ ਆਪਣੇ

1. ਰਾਗ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ, ਪੰਨਾ ੧੨੯੨।

Sri Satguru Jagjit Singh Ji eLibrary NamdhariElibrary@gmail.com

ਵਤਨ ਟੁਰ ਗਈ ਸੀ, ਅਲੋਪ ਹੋ ਗਈ ਸੀ। ਸਮਾਜ ਵਿਚ ਕਿਧਰੇ ਸ਼ਰਮ ਹਯਾ ਦਿੱਸਦੀ ਹੀ ਨਹੀਂ ਸੀ। ਗੁਰੂ ਨਾਨਕ ਜੀ ਦਾ ਹੀ ਫ਼ਰਮਾਨ ਹੈ :

'ਰੰਨਾਂ ਹੋਈਆ ਬੋਧੀਆ,
ਪੁਰਸ ਹੋਏ ਸਈਆਦ॥
ਸੀਲੁ ਸੰਜਮੁ ਸੁਚੁ ਭੰਨੀ,
ਖਾਣਾ ਖਾਜੁ ਅਹਾਜੁ॥
ਸਰਮੁ ਗਇਆ ਘਰਿ ਆਪਣੈ,
ਪਤਿ ਉਠਿ ਚਲੀ ਨਾਲਿ॥' *(ਵਾਰ ਸਾਰੰਗ ਮ: ੧, ਪੰਨਾ ੧੨੪੨)*

ਧਾਰਮਿਕ ਦਸ਼ਾ : ਮੁਸਲਮਾਨ ਹੰਕਾਰੇ ਹੋਏ ਸਨ ਤੇ ਹਿੰਦੂ ਬਿਲਕੁਲ ਹੀ ਨਿੱਘਰ ਗਏ ਸਨ। ਦੋਵੇਂ ਆਪਸ ਵਿਚ ਹੀ ਖਹਿ-ਖਹਿ ਕਰ ਰਹੇ ਸਨ। ਇਕ ਦੂਜੇ ਨੂੰ 'ਕਾਫ਼ਰ' ਤੇ ਦੂਜਾ ਪਹਿਲੇ ਨੂੰ 'ਮਲੇਛ' ਕਹਿੰਦਾ ਸੀ। ਹਿੰਦੂ ਚਾਰ ਜਾਤੀਆਂ ਵਿਚ ਵੰਡੇ ਹੋਏ ਸਨ। ਹਿੰਦੂ ਆਪਣੀ ਰਹੁ-ਰੀਤੀ ਚੰਗੀ ਕਹਿੰਦਾ ਸੀ ਅਤੇ ਮੁਸਲਮਾਨ ਆਪਣੀ ਸ਼ੱਰਾ ਨੂੰ। ਹਿੰਦੂ ਆਪਣੀ ਬਨਾਰਸ ਨੂੰ ਪਾਵਨ ਤੇ ਮੁਸਲਮਾਨ ਮੱਕੇ ਨੂੰ ਖ਼ੁਦਾ ਦਾ ਘਰ। ਮੁਸਲਮਾਨ ਸੁੰਨਤ 'ਤੇ ਜ਼ੋਰ ਦੇਂਦਾ ਸੀ ਅਤੇ ਹਿੰਦੂ ਤਿਲਕ ਜੰਝੂ 'ਤੇ, ਪਰ ਗੱਲ ਅਜੀਬ ਇਹ ਸੀ ਕਿ ਦੋਵੇਂ ਰਾਹ ਭੁੱਲ ਗਏ ਸਨ ਤੇ ਟੱਕਰਾਂ ਮਾਰ ਰਹੇ ਸਨ।

ਭਾਈ ਗੁਰਦਾਸ ਜੀ ਨੇ ਧਾਰਮਿਕ ਦਸ਼ਾ ਨੂੰ ਇਸ ਤਰ੍ਹਾਂ ਅਲੰਕਤ ਕੀਤਾ ਹੈ :

'ਚਾਰਿ ਵਰਨ ਚਾਰਿ ਮਜ਼ਹਬਾ, ਜਗ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ, ਖਿੰਚੋਤਾਨ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ, ਮੱਕਾ ਕਾਹਬਾ ਮੁਸਲਮਾਣੇ।
ਸੁਨਤਿ ਮੁਸਲਮਾਨ ਦੀ, ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ, ਇਕੁ ਨਾਮ ਦੁਹਿ ਰਾਹ ਭੁਲਾਣੇ।
ਬੇਦ ਕਤੇਬ ਭੁਲਾਇ ਕੈ, ਮੋਹੇ ਲਾਲਚ ਦੁਨੀ ਸ਼ੈਤਾਣੇ।
ਸਚ ਕਿਨਾਰੇ ਰਹਿ ਗਇਆ, ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ॥ ੨੧॥' *(ਵਾਰ ਪਹਿਲੀ)*

ਗੁਰੂ ਨਾਨਕ ਸਾਹਿਬ ਨੇ ਉਸ ਸਮੇਂ ਦੀ ਧਾਰਮਿਕ ਦਸ਼ਾ ਦਾ ਵਰਣਨ ਬਹੁਤ ਸੁੰਦਰ ਸ਼ਬਦਾਂ ਵਿਚ ਕੀਤਾ ਹੈ। ਉਹ ਫ਼ਰਮਾਂਦੇ ਹਨ : 'ਧਰਮ ਤਿੰਨਾਂ ਲੋਕਾਂ ਦੇ ਹੱਥ ਸੀ, ਇਕ ਕਾਜ਼ੀ; ਦੂਜੇ ਬ੍ਰਾਹਮਣ; ਤੀਜੇ ਜੋਗੀ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਤਿੰਨੇ ਹੀ ਆਪਣੇ ਧਰਮ ਨੂੰ ਛੱਡ ਚੁੱਕੇ ਸਨ ਤੇ ਧਰਮ ਦੀ ਅਧੋਗਤੀ ਦਾ ਕਾਰਨ ਬਣ ਰਹੇ ਸਨ।

ਮਹਾਰਾਜ ਦੇ ਹੀ ਸ਼ਬਦਾਂ ਵਿਚ :

ਬਾਦਸ਼ਾਹ ਹਕੂਮਤ ਦੇ ਨਸ਼ੇ ਵਿਚ ਸ਼ਾਮੀ ਕਿਤਾਬਾਂ ਤੇ ਕੁਰਾਨ ਦਾ ਜ਼ਬਰਦਸਤੀ ਪ੍ਰਚਾਰ ਕਰ ਰਿਹਾ ਹੈ। ਪੰਡਤ ਤੇ ਪੰਡਤਾਂ ਦੀਆਂ ਪੁਰਾਣ ਆਦਿਕ ਧਾਰਮਿਕ ਪੁਸਤਕਾਂ ਦੀ ਥਾਂ-ਥਾਂ ਬੇਇੱਜ਼ਤੀ ਹੋ ਰਹੀ ਹੈ। ਸਭ ਤੋਂ ਜ਼ੋਰ ਤੇ ਜਬਰ ਦੀ ਗੱਲ ਇਹ ਸੀ ਕਿ ਪਰਮਾਤਮਾ ਦਾ ਨਾਮ ਵੀ ਜਬਰੀ ਬਦਲਾ ਕੇ ਰਹਿਮਾਨ ਰੱਖ ਦਿੱਤਾ ਗਿਆ ਹੈ। ਪਰਮਾਤਮਾ

Sri Satguru Jagjit Singh Ji eLibrary NamdhariElibrary@gmail.com

ਕਹਿਣ ਵਾਲੇ ਨੂੰ ਸਖ਼ਤ ਦੰਡ ਦਿੱਤੇ ਜਾ ਰਹੇ ਹਨ :

'ਕਲਿ ਪਰਵਾਣੁ ਕਤੇਬ ਕੁਰਾਣੁ ॥
ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥' *(ਰਾਮਕਲੀ ਮ: ੧, ਪੰਨਾ ੯੦੩)*

ਦੂਜੀਆਂ ਕੌਮਾਂ ਦੇ ਧਾਰਮਿਕ ਵਿਸ਼ਵਾਸ, ਜਜ਼ਬਾ, ਰਹੁ-ਰੀਤੀਆਂ ਧੱਕੇ ਨਾਲ, ਜ਼ੋਰ ਨਾਲ, ਧੰਙਾਣੇ ਨਾਲ ਦਬਾਉਣਾ ਹੀ ਵਕਤ ਦੀ ਆਵਾਜ਼ ਬਣ ਗਿਆ ਹੈ :

'ਹੋਵਹਿ ਪਰਵਾਣਾ, ਕਰਹਿ ਧੰਙਾਣਾ, ਕਲਿ ਲਖਣ ਵੀਚਾਰ ॥'

ਕਾਜ਼ੀ ਦਾ ਕੰਮ ਸੀ ਇਨਸਾਫ਼ ਕਰੇ। ਬਾਦਸ਼ਾਹ ਜਾਂ ਹੁਕਮਰਾਨ ਨੂੰ ਕੁਰਾਨ ਦਾ ਰਸਤਾ ਦੱਸ ਕੇ ਉਸ ਨੂੰ ਸੇਧ ਦੇਵੇ ਅਤੇ ਇਕ ਨਮੂਨੇ ਦਾ ਇਨਸਾਨ ਬਣ ਕੇ ਸੰਸਾਰ ਵਿਚ ਵਿਚਰੇ, ਪਰ ਉਹ ਠੀਕ ਇਸ ਦੇ ਉਲਟ ਕਰ ਰਿਹਾ ਸੀ। ਵੱਢੀ ਲੈ ਕੇ, ਝੂਠ ਬੋਲ ਕੇ ਫ਼ੈਸਲਾ ਸੁਣਾਉਂਦਾ ਸੀ। ਆਪਣੀ ਹੋਂਦ ਨੂੰ ਪੱਕਿਆਂ ਕਰਨ ਲਈ ਕੁਰਾਨ ਦੇ ਗ਼ਲਤ ਅਰਥ ਕਰਕੇ ਸੁਣਾਉਂਦਾ ਸੀ। ਰੱਬ-ਉਲ-ਆਲਮੀਨ ਨੂੰ ਪੱਛਮ ਵਿਚ ਲੁਕਿਆ ਬੈਠਾ ਦੱਸ ਕੇ ਲੋਕਾਂ ਨੂੰ ਭਰਮਾ ਰਿਹਾ ਸੀ। ਧਰਮ ਵਿਆਖਿਆ ਤੋਂ ਇਲਾਵਾ ਇਨਸਾਫ਼ ਦੀ ਤਕੜੀ ਵਿਚ ਉਲਾਰ ਰੱਖ ਰਿਹਾ ਸੀ। ਗੁਰੂ ਨਾਨਕ ਜੀ ਫ਼ਰਮਾਂਦੇ ਹਨ : "ਇਸ ਸਮੇਂ ਧੱਕੇ ਜ਼ੋਰ ਨਾਲ, ਝਗੜੇ ਵਧਾਉਣ ਵਾਲਾ ਇਸਲਾਮੀ ਕਾਨੂੰਨ ਹੀ ਫ਼ੈਸਲੇ ਕਰਨ ਵਾਲਾ ਬਣਿਆ ਹੋਇਆ ਹੈ ਤੇ ਇਨਸਾਫ਼ ਕਰਨ ਵਾਲਾ ਕਾਜ਼ੀ ਕਾਲਾ (ਕ੍ਰਿਸ਼ਨ) ਧਨ ਲੈਣ ਵਾਲਾ ਵੱਢੀ-ਖ਼ੋਰ ਹੋ ਗਿਆ ਹੈ। ਜਿਸ ਦਾ ਕੰਮ ਝਗੜੇ ਨਿਬੇੜਨਾ ਹੈ, ਉਹ ਹੀ ਝਗੜੇ ਪਾ ਰਿਹਾ ਹੈ।"

'ਕਲਿ ਕਲਵਾਲੀ ਸਰਾ ਨਿਬੇੜੀ,
ਕਾਜੀ ਕ੍ਰਿਸਨਾ ਹੋਆ ॥' *(ਰਾਮਕਲੀ ਮ: ੧, ਪੰਨਾ ੯੦੩)*

ਜੇਤੂ ਹੋਣ ਦੇ ਨਾਤੇ ਗੁਆਂਢੀ ਧਰਮਾਂ ਉੱਤੇ ਅੱਤਿਆਚਾਰ ਕਰਨੇ ਬਾਦਸ਼ਾਹਾਂ ਦਾ ਸੁਭਾਅ ਬਣ ਗਿਆ ਸੀ। ਫ਼ਿਰੋਜ਼ ਤੁਗ਼ਲਕ ਦਾ ਭਗਤ ਨਾਮ ਦੇਵ ਜੀ ਨੂੰ ਹਾਥੀ ਥੱਲੇ ਲਿਤਾੜਨ ਦਾ ਹੁਕਮ, ਸਕੰਦਰ ਲੋਧੀ ਦਾ ਭਗਤ ਕਬੀਰ ਜੀ ਨੂੰ ਗੰਗਾ ਵਿਚ ਜਿਉਂਦਿਆਂ ਸੁੱਟਣ ਦੇ ਫ਼ਰਮਾਨ, ਗੁਰੂ ਨਾਨਕ ਦੇਵ ਜੀ ਨੂੰ ਵੀ ਬੰਦੀ ਬਣਾਉਣਾ ਉਸੇ ਲੜੀ ਦੀਆਂ ਹੀ ਕੜੀਆਂ ਸਨ। ਮੰਦਰ ਗਿਰਾਉਣੇ, ਜਬਰ ਨਾਲ ਇਸਲਾਮ ਦੇ ਦਾਇਰੇ ਵਿਚ ਲਿਆਉਣਾ ਤਾਂ ਨਿੱਤ ਦੇ ਕਰਮ ਸਨ। ਸਕੰਦਰ ਲੋਧੀ ਤਾਂ ਆਪਣੇ ਆਪ ਨੂੰ ਕਹਿਲਾਉਂਦਾ ਹੀ 'ਬੁਤਸ਼ਿਕਨ' ਸੀ। ਗੁਰੂ ਨਾਨਕ ਦੇਵ ਜੀ ਨੇ ਗਉੜੀ ਰਾਗ ਵਿਚ ਇਸ ਦਾ ਸਾਰ ਦੇਂਦੇ ਹੋਏ ਲਿਖਿਆ ਹੈ :

'ਕਾਦੀ ਕੂੜੁ ਬੋਲਿ ਮਲੁ ਖਾਇ ॥' *(ਧਨਾਸਰੀ ਮਹਲਾ ੧, ਪੰਨਾ ੬੬੨)*

ਬ੍ਰਾਹਮਣ ਦਾ ਕੰਮ ਇਹ ਸੀ, ਧਰਮ ਕਰਮ ਤੇ ਸ਼ਾਸਤਰ ਨੂੰ ਘੋਖਣ ਦੇ ਬਾਅਦ ਲੋਕਾਂ ਨੂੰ ਜੀਵਨ-ਜਾਚ ਦੱਸੇ, ਪਰ ਉਹ ਲੋਭ ਵੱਸ ਅਤੇ ਫਿਰ ਡਰ ਵੱਸ ਹੋ ਕੇ ਧਰਮ ਭੁਲਾ ਬੈਠਾ ਸੀ। ਡਾਕਟਰ ਗੋਕਲ ਚੰਦ ਨਾਰੰਗ ਦੇ ਕਹਿਣ ਅਨੁਸਾਰ ਇਸ ਦਾ ਕਰਤੱਵ ਤਾਂ ਇਹ ਸੀ ਕਿ ਭੇਡਾਂ ਦੇ ਚੰਗੇ ਰਾਖੇ ਦੀ ਤਰ੍ਹਾਂ ਭੇਡਾਂ (ਸ਼ਰਧਾਲੂਆਂ) ਦੀ ਰਖਵਾਲੀ ਕਰੇ,

Sri Satguru Jagjit Singh Ji eLibrary NamdhariElibrary@gmail.com

ਆਤਮਕ ਭੁੱਖਾਂ ਦੂਰ ਕਰੇ। ਪਰ ਇਹ ਨਿਰਾ ਰਾਖੇ ਵਾਲਾ ਇਕ ਹੀ ਕਰਤੱਵ, ਸਾਲ ਦੇ ਸਾਲ ਭੇਡਾਂ ਦੀ ਉੱਨ ਉਤਾਰਨ ਵਾਲਾ, ਨਿਭਾ ਰਿਹਾ ਸੀ। ਜੇ ਭੁੱਖੀਆਂ ਆਤਮਾਵਾਂ ਕੁਝ ਆਤਮਕ ਸ਼ਾਂਤੀ ਲਈ ਮੰਗ ਕਰਦੀਆਂ ਸਨ ਤਾਂ ਇਸ ਤੋਂ ਉਹਨਾਂ ਨੂੰ ਵਾਂਝਿਆਂ ਹੀ ਰਹਿਣਾ ਪੈਂਦਾ ਸੀ।

ਬ੍ਰਾਹਮਣ ਧਰਮ ਤੇ ਤੱਤ ਦੀ ਥਾਂ ਕਰਮ ਤੇ ਉਪਾਸ਼ਨਾ ਉੱਤੇ ਹੀ ਜ਼ੋਰ ਦੇ ਰਿਹਾ ਸੀ। ਗਿਆਨ ਵੱਲ ਉਸ ਦੀ ਰੁਚੀ ਨਹੀਂ ਸੀ। ਗੁਰੂ ਅਮਰਦਾਸ ਜੀ ਨੇ ਗਿਲਾ ਵੀ ਕੀਤਾ ਹੈ : 'ਵੇਦਾ ਮੇ ਨਾਮ ਉਤਮ ਸੋ ਸੁਣਹਿ ਨਾਹੀ, ਫਿਰਹਿ ਜਿਉ ਬੇਤਾਲਿਆ॥' ਆਪਣੀ ਜ਼ਿੰਦਗੀ ਬੇਤਾਲ ਹੋ ਕੇ ਗੁਜ਼ਾਰ ਰਿਹਾ ਸੀ ਤੇ ਦੂਜਿਆਂ ਦੀ ਬੇਹਾਲ ਕਰ ਰਿਹਾ ਸੀ। ਬ੍ਰਾਹਮਣ ਸਾਰਾ ਜ਼ੋਰ ਹੀ ਖੱਟ ਦਰਸ਼ਨ ਉੱਤੇ ਦਿੰਦਾ ਸੀ। 'ਖੱਟ ਦਰਸ਼ਨ ਵਰਤੈ ਵਰਤਾਰਾ॥' ਬ੍ਰਾਹਮਣ ਨੇ ਧਰਮ ਦ੍ਰਿੜ੍ਹ ਕਰਾਉਣ ਦੀ ਥਾਂ ਮਨੁੱਖਾਂ ਨੂੰ ਸੰਧਿਆ, ਪੂਜਾ ਤੇ ਮਹਾਯਜਨਾਂ ਦੇ ਚੱਕਰ ਵਿਚ ਪਾ ਦਿੱਤਾ ਸੀ। ਇਸ ਤਰ੍ਹਾਂ ਜੀਵ ਇਕ ਦੀ ਪੂਜਾ ਛੱਡ, ਨੌਂ ਗ੍ਰਹਿ, ਦਸ ਦੀਪ ਕਾਲ, ਸੂਰਜ, ਗਣੇਸ਼, ਵਿਸ਼ਨੂੰ, ਸ਼ਿਵ ਤੇ ਸ਼ਕਤੀ ਦੀ ਪੂਜਾ ਵਿਚ ਜੁੱਟ ਗਿਆ ਸੀ। ਇਸੇ ਕਾਰਨ ਹੀ ਇਸ਼ਟ-ਵੰਡੀਆਂ ਪੈ ਗਈਆਂ ਸਨ ਤੇ ਪ੍ਰਭੂ ਭਗਤੀ ਦੀ ਥਾਂ ਅਵਤਾਰ ਪੂਜਾ ਨੇ ਲੈ ਲਈ ਸੀ। ਫਿਰ ਪੰਜ ਯਗ ਕਰਨੇ ਤੇ ਕਰਾਉਣੇ ਜ਼ਰੂਰੀ ਬਣਾ ਦਿੱਤੇ ਗਏ ਸਨ। ਬ੍ਰਹਮ ਯਗ, ਪਿਤਰੀ ਯਗ, ਦੇਵ ਯਗ, ਭੂਤ ਯਗ ਤੇ ਅਤਿਥੀ ਯਗ ਤੋਂ ਬਗ਼ੈਰ ਜੀਵਨ ਅਧੂਰਾ ਤੇ ਵਿਅਰਥ ਗਿਣਿਆ ਜਾਂਦਾ ਸੀ।

ਇਹਨਾਂ ਨਿੱਤ ਕਰਮਾਂ ਤੋਂ ਇਲਾਵਾ ਵੱਖ-ਵੱਖ ਸਮੇਂ ਜੀਵ ਨੂੰ ਨੈਮਿਤਕ (Casual) ਕਰਮ ਕਰਨ ਦਾ ਹੁਕਮ ਸੀ। ਇਹ ਕਰਮ ਇਸ ਕੋਲੋਂ ਸੰਸਕਾਰ, ਸ਼ਾਂਤੀ, ਵਰਤ ਅਤੇ ਪ੍ਰਾਸ਼ਚਿਤ ਕਰਨ ਦੀ ਮੰਗ ਕਰਦੇ ਸਨ। ਤਕਰੀਬਨ ਚਾਲੀ ਕਿਸਮ ਦੇ ਸੰਸਕਾਰ ਸਨ ਜੋ ਇਸ ਭੋਲੇ ਭਾਲੇ ਜੀਵ ਨੂੰ ਕਰਨੇ ਪੈਂਦੇ ਸਨ। ਗਰਭਦਾਨ, ਜਾਤ, ਨਾਮਬੇਧ, ਅਪਰਸਨ, ਕਰਨਛੇਦ, ਉਪਨੈਨ, ਵਿਵਹਾ ਅਤੇ ਸਰਾਧ ਉਨ੍ਹਾਂ ਵਿਚ ਕੁਝ ਬਹੁਤ ਜ਼ਰੂਰੀ ਸਨ। ਜਾਤੀ ਲਈ ਜੀਵ ਨੂੰ ਨੌਂ ਗ੍ਰਹਿਆਂ ਤੇ ਗਣੇਸ਼ ਦੀ ਪੂਜਾ ਲਾਜ਼ਮੀ ਸੀ। ਇਸ ਉਪਰੰਤ ੧੫ ਵਰਤਾਂ ਦਾ ਭਾਰ ਇਸ ਗ਼ਰੀਬ ਜੀਵ ਨੂੰ ਚੁਕਾਇਆ ਹੋਇਆ ਸੀ। ਰਾਮਾਇਣ, ਮਹਾਂਭਾਰਤ ਤੇ ਪੁਰਾਣਾਂ ਦਾ ਪਾਠ ਕਰਾਉਣਾ ਜ਼ਰੂਰੀ ਬਣਾ ਦਿੱਤਾ ਗਿਆ ਸੀ। ਬਿਲਕੁਲ ਨਹੀਂ ਸੀ ਜਾਣਦਾ ਪੜ੍ਹਨ ਵਾਲਾ ਕਿ ਉਹ ਕੀ ਪੜ੍ਹ ਰਿਹਾ ਹੈ :

ਸਾਸਤ੍ਰ ਬੇਦ ਪੁਰਾਣ ਪੜ੍ਹੰਤਾ। ਪੁਕਾਰੰਤਾ, ਅਜਾਣੰਤਾ॥

ਪ੍ਰਾਸ਼ਚਿਤ ਲਈ ਕਈ ਕਰਮ ਜ਼ਰੂਰੀ ਸਨ। ਅਧਿਐਨ (ਵੇਦ ਪੜ੍ਹਨੇ), ਅਧਿਆਪਨ (ਵੇਦ ਪੜ੍ਹਾਉਣੇ), ਯੱਗ, ਯਾਜਨ (ਯੱਗ ਕਰਾਉਣੇ), ਦਾਨ, ਪ੍ਰਿਹਿਗ੍ਰਹਿ (ਦਾਨ ਲੈਣਾ), ਸਨਾਨ, ਜਪ, ਹਵਨ ਦੇਵ ਪੂਜਨ, ਤੀਰਥ ਯਾਤਰਾ, ਤਪ ਦੇ ੧੨ ਕਰਮ ਪ੍ਰਾਸ਼ਚਿਤ ਕਰਾਉਣ ਵਿਚ ਸਹਾਇਕ ਹੁੰਦੇ ਸਨ। ਦਸ਼ਾ ਉਹ ਹੀ ਬਣ ਗਈ ਸੀ ਜੋ ਗੁਰੂ ਨਾਨਕ ਜੀ ਨੇ ਕਹੀ ਸੀ ਕਿ ਲੋਕਾਂ ਦਾ ਆਤਮਕ ਕਤਲ ਕਰ ਰਹਿਆ ਸੀ ਪਰ ਆਪੂੰ ਨਹਾਤਾ ਧੋਤਾ ਦਰਸਾਉਣ ਲਈ ਇਸ਼ਨਾਨ ਜ਼ਰੂਰ ਕਰਦਾ ਸੀ।

'ਬ੍ਰਾਹਮਣ ਨਾਵੈ ਜੀਆ ਘਾਇ॥'

ਤੀਜੇ ਸਨ ਜੋਗੀ। ਇਹਨਾਂ ਨੂੰ ਕੁਝ ਸੋਝੀ ਆ ਗਈ ਸੀ ਕਿ ਸੰਸਾਰ ਇਕ ਸੁਪਨਾ ਹੈ, ਮਾਇਆ ਹੈ, ਇਹ ਥਿਰ ਨਹੀਂ। ਇਹ ਗੱਲ ਸਮਝਾਣ ਦੀ ਥਾਂ ਜੋਗੀ ਆਪ ਹੀ ਘਰ ਘਾਟ ਛੱਡ ਕੇ, ਅਤੀਤ ਹੋ ਕੇ ਜੰਗਲਾਂ ਤੇ ਕੰਦਰਾਂ ਵਿਚ ਚਲੇ ਗਏ ਸਨ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, 'ਜਤੀ ਸਦਾਵਹਿ, ਜੁਗਤਿ ਨ ਜਾਣਹਿ, ਛਡਿ ਬਹਹਿ ਘਰਿ ਬਾਰੁ॥' ਲੋਕਾਂ ਦੀ ਕਲਿਆਣ ਇਸ ਕੀ ਕਰਨੀ ਸੀ ? ਆਗੂ ਰਹਿਤ ਹੋਏ ਸੰਨਿਆਸੀਆਂ ਦੇ ੧੦ ਤੇ ਜੋਗੀਆਂ ਦੇ ੧੨ ਟੋਲੇ ਬਣ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਖਿੱਚੋਤਾਣ ਦਾ ਜ਼ਿਕਰ ਰਾਮਕਲੀ ਰਾਗ ਵਿਚ ਕੀਤਾ ਹੈ, 'ਬਾਰਹ ਮਹਿ ਜੋਗੀ ਭਰਮਾਏ, ਸੰਨਿਆਸੀ ਛਿਅ ਚਾਰ॥' ਜਿਹੜੇ ਲੋਕਾਂ ਵਿਚ ਫਿਰ ਵਿਚਰਦੇ ਵੀ ਸਨ, ਉਹ ਵਿਚਾਰੇ ਖਿੰਥਾ, ਝੋਲੀ, ਡੰਡਾ, ਫਾਹੁਰੀ, ਬਿਭੂਤ, ਧੂਣੀ, ਛੜੀ, ਮੁਦਰਾ ਤੇ ਭੇਖਾਂ ਵਿਚ ਫਾਥੇ ਹੋਏ ਸਨ। ਚਉਰਾਸੀ ਆਸਣਾਂ ਦੇ ਤਾਂ ਉਸਤਾਦ ਸਨ ਪਰ ਆਤਮਕ ਬਲ ਦੀ ਸੂਝ ਨਹੀਂ ਸੀ। ਇਕ ਲੰਗੋਟੀ ਦੇ ਧਾਰਨੀ, ਨਿਉਲੀ ਕਰਮ ਕਰਨ ਵਾਲੇ, ਮੋਨੀ, ਅਵਧੂਤ, ਭਗੌਤੀ, ਦੂਧਾਧਾਰੀ, ਜੰਗਮ ਦਿਗੰਬਰ, ਕਨਪਾਟੇ, ਸੁੰਨ ਸਮਾਧ ਵਿਚ ਲੀਨ, ਵਣਖੰਡ ਵਿਚ ਵਿਚਰਨ ਵਾਲੇ, ਕੰਦ ਮੂਲ ਚੁਣ ਗੁਜ਼ਾਰਾ ਕਰਦੇ, ਭਸਮ ਮਲ ਫਿਰਦੇ,ਅੱਗ ਵਿਚ ਸੜ ਮਰਨ ਵਾਲੇ, ਤਨ ਨੂੰ ਹਿਮਾਲਾ ਵਿਚ ਗਾਲਣ ਵਾਲੇ ਤਾਂ ਬਹੁਤੇਰੇ ਜੋਗੀ ਸਨ ਪਰ ਮਨ ਨੂੰ ਕਾਬੂ ਰੱਖ, ਸੰਸਾਰ ਵਿਚ ਵਿਚਰਨ ਵਾਲਾ ਇਕ ਵੀ ਨਹੀਂ ਸੀ। ਗੁਰੂ ਜੀ ਦਾ ਫ਼ਰਮਾਨ ਹੈ ਕਿ ਉਹ ਜੋਗੀ ਤਾਂ ਗ੍ਰਿਹਸਤੀਆਂ ਤੋਂ ਵੀ ਗਏ ਗੁਜ਼ਰੇ ਹਨ, ਕਿਉਂਕਿ ਉਹਨਾਂ :

'ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ॥
ਬਿਰਥਾ ਜਨਮੁ ਗਵਾਇ, ਨ ਗਿਰਹੀ ਨ ਉਦਾਸਾ॥' *(ਵਾਰ ਮਾਝ ਮ: ੧)*

ਠੀਕ ਕਿਹਾ ਸੀ ਗੁਰੂ ਨਾਨਕ ਦੇਵ ਜੀ ਨੇ :

'ਜੋਗੀ ਜੁਗਤਿ ਨਾ ਜਾਣੈ ਅੰਧੁ॥'

ਨਿਬੇੜਾ ਕਰਦੇ ਗੁਰੂ ਜੀ ਕਹਿੰਦੇ ਹਨ ਕਿ ਤਿੰਨਾਂ ਨੇ ਹੀ ਉਜਾੜਾ ਪਾਇਆ ਹੋਇਆ ਸੀ ਤੇ ਤਿੰਨੇ ਹੀ ਲੋਕਾਂ ਨੂੰ ਠੀਕ ਰਸਤੇ ਤੋਂ ਉਕਾ ਰਹੇ ਸਨ :

'ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥' *(ਧਨਾਸਰੀ ਮਹਲਾ ੧, ਪੰਨਾ ੬੬੨)*

ਇਸ ਦੇ ਨਾਲ ਹੀ ਲੋਕਾਂ ਦੀ ਆਪਣੀ ਧਾਰਮਿਕ ਦਸ਼ਾ ਵੀ ਕੋਈ ਉੱਚੀ ਨਹੀਂ ਸੀ ਹੋਈ। ਡਾਕਟਰ ਗੋਕਲ ਚੰਦ ਨਾਰੰਗ ਲਿਖਦਾ ਹੈ ਕਿ 'ਜਿਹੜੇ ਮੁਸਲਮਾਨ ਹੋਣ ਤੋਂ ਬਚ ਗਏ ਸਨ, ਉਹਨਾਂ ਦਾ ਧਰਮ ਸਿਰਫ਼ ਵਹਿਮਾਂ ਦਾ ਧਰਮ ਰਹਿ ਗਿਆ ਸੀ। ਕੁਝ ਖ਼ਾਸ-ਖ਼ਾਸ ਰਸਮਾਂ ਹੀ ਸਨ ਜੋ ਉਹ ਕਰ ਰਹੇ ਸਨ।' ਦੌਲਤ ਰਾਇ ਬਹੁਤ ਸੁੰਦਰ ਲਿਖਦੇ ਹਨ ਕਿ ਧਾਰਮਿਕ ਤੌਰ ਤੇ ਉਸ ਵੇਲੇ **'ਏਕ ਗਨੇਸ਼ ਕਾ ਪੁਜਾਰੀ ਥਾ, ਦੂਸਰਾ ਸੂਰਜ ਕਾ, ਤੀਸਰਾ ਸ਼ਿਵ ਕਾ, ਚੌਥਾ ਵਿਸ਼ਨੂੰ ਕਾ, ਪਾਂਚਵਾਂ ਰਾਮ ਕਾ, ਛਟਾ ਕ੍ਰਿਸ਼ਨ ਕਾ, ਸਾਤਵਾਂ ਹਨੂੰਮਾਨ ਕਾ, ਆਠਵਾਂ ਬ੍ਰਹਮ ਕਾ, ਨਾਵਾਂ ਲਛਮਣ ਕਾ, ਦਸਵਾਂ**

Sri Satguru Jagjit Singh Ji eLibrary NamdhariElibrary@gmail.com

ਸ਼ੰਕਰ ਅਚਾਰਯਾ ਕਾ, ਗਿਆਰ੍ਹਵਾਂ ਵੇਦਾਂਤੀ, ਬਾਹਰਵਾਂ ਕਰਮਕਾਂਡੀ ਔਰ ਉਸ ਪਰ ਆਪਸ ਮੇਂ ਵਿਰੋਧ ਔਰ ਕੀਨਾ, ਮੁਲਕ ਕੀ ਜ਼ਬਾਨ ਏਕ ਨਾ ਥੀ, ਧਰਮ ਪੁਸਤਕੇਂ ਏਕ ਨਾ ਥੀਂ, ਜੋ ਤਮਾਮ ਹਿੰਦੂਓਂ ਪਰ ਹਾਵੀ ਹੋਂ। ਧਰਮ ਕਾ ਕੋਈ ਐਸਾ ਮਾਮਲਾ ਨਾ ਥਾ ਜਿਸ ਮੇਂ ਤਮਾਮ ਹਿੰਦੂ ਸ਼ਾਮਲ ਹੋਂ।"

ਫਿਰ ਦੌਲਤ ਰਾਇ ਲਿਖਦੇ ਹਨ : "ਹਰ ਏਕ ਕਾ ਤਿਲਕ ਅਲਹਿਦਾ, ਤਿਲਕ ਕੀ ਸ਼ਕਲ ਅਲਹਿਦਾ, ਤਿਲਕ ਕਾ ਰੰਗ ਅਲਹਿਦਾ, ਮਾਲਾ ਔਰ ਮਣਕੇ ਜੁਦਾ-ਜੁਦਾ। ਕਿਸੀ ਕੀ ਲੱਕੜੀ ਕੀ, ਕਿਸੀ ਕੀ ਤੁਲਸੀ ਕੀ, ਕਿਸੀ ਕੀ ਰੁਦ੍ਰਾਖ਼ ਕੀ, ਕਿਸੀ ਕੀ ਸੁਰਖ਼, ਕਿਸੀ ਕੀ ਸਬਜ਼, ਕਿਸੀ ਕੀ ਸਿਆਹ, ਕਿਸੀ ਕੀ ਸੁਫ਼ੈਦ। ਗ਼ਰਜ਼ ਕਿਸ-ਕਿਸ ਚੀਜ਼ ਕਾ ਜ਼ਿਕਰ ਕਰੇਂ, ਸਭ ਕੁਛ ਮੁਖ਼ਤਲਿਫ਼ ਔਰ ਮੁਤਜ਼ਾਦ। ਹਰ ਏਕ ਦੇਵਤਾ ਕਾ ਨਰਕ ਸੁਵਰਗ ਅਪਨਾ-ਅਪਨਾ ਥਾ।" ਵਿਅੰਗ ਵਜੋਂ ਫਿਰ ਉਹਨਾਂ ਲਿਖਿਆ ਹੈ, "ਜਬ ਖ਼ੁਦ ਦੇਵਤਾਓਂ ਮੇਂ ਜੰਗ ਥੀ ਤੋ ਅਨੇਕ ਪੈਰੋਕਾਰੋਂ ਮੇਂ ਸੁਲਹ ਕਿਉਂ ਕਰ ਰਹਿ ਸਕਤੀ ਥੀ? ਖ਼ੁਦ ਈਸ਼ਵਰ ਕੀ ਐਸੀ ਦੁਰਗਤੀ ਥੀ ਕਿ ਨਾ ਸਿਰਫ਼ ਉਸ ਕੋ ਆਦਮੀਓਂ ਮੇਂ ਉਤਾਰਾ ਬਲਕਿ ਜਾਨਵਰੋਂ, ਕੱਛ ਮੱਛ ਸੂਰ ਮੇਂ ਭੀ ਨਾਜ਼ਲ ਕੀਆ। ਔਰ ਉਸ ਸੇ ਬਦਤਰ ਆਦਮੀ ਨਾ ਹੈਵਾਨ, ਬਲਕਿ ਨਰਸਿੰਗ ਬਨਾ ਦੀਆ।" ਅੰਤ ਵਿਚ ਉਹਨਾਂ ਲਿਖਿਆ ਹੈ, "**ਜਿਨ ਲੋਗੋਂ ਕਾ ਨਾ ਮਜ਼ਹਬ ਏਕ, ਨਾ ਗ਼ਰਜ਼ ਏਕ, ਨ ਜ਼ਬਾਨ ਏਕ, ਨ ਇਖ਼ਲਾਕ ਏਕ, ਨ ਦੁਨੀਆ ਏਕ, ਨ ਆਕਬਤ ਏਕ, ਨ ਮੁਆਸ਼ ਏਕ, ਨ ਮੁਆਦ ਏਕ, ਨ ਇਬਾਦਤ ਏਕ, ਨ ਰਿਆਜ਼ਤ ਏਕ, ਨ ਤਰਜ਼ੇ-ਜ਼ਿੰਦਗੀ ਏਕ, ਨ ਲਿਬਾਸ ਏਕ, ਨ ਖ਼ੁਸ਼ੀ ਏਕ, ਨ ਗ਼ਮੀ ਏਕ, ਨ ਉਮੀਦ ਏਕ, ਨ ਯਾਸ ਏਕ, ਨ ਗਿਜ਼ਾ ਏਕ, ਨ ਖਾਨਾ ਏਕ, ਨ ਰਸੂਮ ਏਕ, ਨ ਮਿਜ਼ਾਜ ਏਕ, ਨ ਆਦਾਤ ਏਕ, ਨ ਬਹਿਸ਼ਤ ਏਕ, ਨ ਦੋਜ਼ਖ਼ ਏਕ**, ਐਸੀ ਸੂਰਤ ਮੇਂ ਯਗਾਨਤ, ਯਕਜਿਹਤੀ, ਇਤਫ਼ਾਕ ਔਰ ਕੌਮੀ ਹਮਦਰਦੀ ਕਾ ਨਾਮ ਕੁਜਾ।"

ਇਨਸਾਨ ਦੁਨੀਆਂ ਦੀਆਂ ਲੋੜਾਂ ਨੂੰ ਹੀ ਮੁੱਖ ਰੱਖਦਾ ਹੋਇਆ ਦਾਤਾਰ ਨੂੰ ਵਿਸਾਰ ਕੇ ਕੁਦਰਤ ਵਿਚ ਪ੍ਰਤੱਖ ਦਿੱਸਦੀਆਂ ਕਈ ਤਾਕਤਾਂ ਨੂੰ ਦੇਵਤੇ ਬਣਾ ਕੇ ਉਹਨਾਂ ਨੂੰ ਪੂਜਣ ਲੱਗ ਪਿਆ ਸੀ। ਦਰੱਖ਼ਤਾਂ, ਮੜ੍ਹੀਆਂ, ਸੂਰਜ, ਚੰਦ, ਆਕਾਸ਼ ਨੂੰ ਰੱਬ ਸਮਝ ਕੇ ਸਿਜਦੇ ਕਰਨ ਲੱਗ ਪਿਆ ਸੀ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਇਹ ਸਭ ਫੋਕਟ ਧਰਮ ਸੀ ਅਤੇ 'ਫੋਕਟ ਧਰਮੀ ਭਰਮ ਭੁਲਾਵੈ॥' ਆਪਣੀ ਲੋੜ ਦਾ ਮਾਰਿਆ ਮਨੁੱਖ ਰੁੱਖਾਂ ਮੜ੍ਹੀਆਂ ਅੱਗੇ ਵੀ ਨੱਕ ਰਗੜਦਾ ਸੀ। ਇਨ੍ਹਾਂ ਅਨੇਕ ਪੂਜਾਂ ਨੇ ਵਹਿਮਾਂ ਤੇ ਭਰਮਾਂ ਨੂੰ ਜਨਮ ਦਿੱਤਾ। 'ਮਤੇ ਫਲਾਂ ਦੇਵਤਾ ਨਾਰਾਜ਼ ਨਾ ਹੋ ਜਾਏ' ਇਹ ਇਸ ਦੇ ਮੂੰਹ ਚੜ੍ਹਿਆ ਫ਼ਿਕਰਾ ਸੀ। ਜੇ ਕਿਸੇ ਵੇਲੇ ਵਾਂਢੇ ਜਾਣ ਦੀ ਲੋੜ ਪੈ ਜਾਏ ਤਾਂ ਮਹੂਰਤ ਕਢਾਏ। 'ਅਸ਼ਰਫ਼-ਉਲ-ਮਖ਼ਲੂਕਾਤ' ਬਿੱਲੀਆਂ, ਨਿੱਛਾਂ, ਖੰਘਾਂ ਤੇ ਰਾਸ਼ੀਆਂ ਦਾ ਗ਼ੁਲਾਮ ਹੋ ਗਿਆ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜਗਤ ਵਿਚ ਵੱਡੀ ਗਿਲਾਨ ਉੱਠ ਖਲੋਤੀ ਸੀ। ਇਕ ਦੂਜੇ ਤੋਂ ਨੱਕ ਚਾੜ੍ਹਿਆ ਜਾਂਦਾ ਸੀ। ਵੰਡੀ ਵਰਣਾਂ ਆਸ਼ਰਮਾਂ ਦੀ ਪੈ ਗਈ

Sri Satguru Jagjit Singh Ji eLibrary NamdhariElibrary@gmail.com

ਸੀ। ਸੰਨਿਆਸੀਆਂ ਨੇ ਦਸ ਅਤੇ ਜੋਗੀਆਂ ਨੇ ਬਾਰਾਂ ਰਾਹ ਚਲਾ ਦਿੱਤੇ ਸਨ। ਜੰਗਮ, ਸਰੇਵੜੇ ਤੇ ਦਿਗੰਬਰਾਂ ਨੇ ਦੰਗੇ, ਦਗ਼ੇ ਤੇ ਵਾਦ ਰਚਾ ਦਿੱਤੇ ਸਨ। ਬ੍ਰਾਹਮਣਾਂ ਨੇ ਵੇਦ ਸ਼ਾਸਤਰ ਤੇ ਪੁਰਾਨ ਹੀ ਲੜਾ ਦਿੱਤੇ ਸਨ। ਛੇ ਸ਼ਾਸਤਰਾਂ ਦੀ ਹਰ ਵਕਤ ਬਹਿਸ ਹੀ ਛਿੜੀ ਰਹਿੰਦੀ ਸੀ। ਪਖੰਡ ਅਨੇਕ ਪ੍ਰਕਾਰ ਦੇ ਪ੍ਰਚੱਲਤ ਹੋ ਗਏ ਸਨ। ਤਵੀਤ, ਧਾਗੇ, ਮੰਤਰ, ਰਸਾਇਣ ਤੇ ਕਰਾਮਾਤਾਂ ਦੀ ਕਾਲਖ ਨਾਲ ਸਭ ਲਿੱਬੜੇ ਹੋਏ ਸਨ। ਭਰਮ ਹੀ ਭਰਮ ਸਭ ਪਾਸੇ ਸੀ :

'ਭਈ ਗਿਲਾਨਿ ਜਗਤ ਵਿਚਿ ਚਾਰਿ ਵਰਨ ਆਸ਼੍ਰਮ ਉਪਾਏ।
ਦਸ ਨਾਮਿ ਸੰਨਿਆਸੀਆ, ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦਿ ਕਰਾਏ।
ਬ੍ਰਾਹਮਣਿ ਬਹੁ ਪਰਕਾਰਿ ਕਰਿ ਸ਼ਾਸਤਰ ਬੇਦ ਪੁਰਾਣਿ ਲੜਾਏ।
ਖਟਿ ਦਰਸ਼ਨ ਬਹੁ ਵੈਰਿ ਕਰਿ ਨਾਲਿ ਛਤੀਸ ਪਖੰਡ ਰਲਾਏ।
ਤੰਤ ਮੰਤ ਰਾਸਾਇਣਾਂ, ਕਰਾਮਾਤਿ ਕਾਲਖਿ ਲਪਟਾਏ।
ਇਕਸਿ ਤੇ ਬਹੁ ਰੂਪਿ ਕਰਿ, ਰੂਪ ਕਰੂਪੀ ਘਣੇ ਦਿਖਾਏ।
ਕਲਿਜੁਗ ਅੰਦਰ ਭਰਮ ਭੁਲਾਏ॥ ੧੯॥" *(ਵਾਰ ਪਹਿਲੀ)*

ਆਰਥਕ ਦਸ਼ਾ : ਸਾਰੀ ਜਨਤਾ ਆਸਾਨੀ ਨਾਲ ਦੋ ਹਿੱਸਿਆਂ ਵਿਚ ਵੰਡੀ ਜਾ ਸਕਦੀ ਸੀ—ਇਕ ਅਮੀਰ ਅਤੇ ਦੂਜੇ ਗ਼ਰੀਬ। ਦਰਮਿਆਨਾ ਤਬਕਾ ਬਹੁਤ ਘੱਟ ਸੀ। ਮੁਸਲਮਾਨ ਹਾਕਮ ਹੋਣ ਕਰਕੇ ਗ਼ਰੀਬ ਜਨਤਾ ਨੂੰ ਲੁੱਟਦਾ ਸੀ। ਉਹ ਭੈੜੀ ਆਰਥਕ ਹਾਲਤ ਦੀ ਮਾਰੀ ਹਾਕਮ ਦਾ ਹਰ ਰੁਹਬ ਸਹਾਰਦੀ ਸੀ। ਹਿੰਦੂ ਜੋ ਅਮੀਰ ਸੀ, ਉਸ ਵਿਚ ਤੇ ਮੁਸਲਮਾਨ ਹਾਕਮ ਵਿਚ ਕੋਈ ਫ਼ਰਕ ਨਹੀਂ ਸੀ। ਮੋਟੇ ਲਫ਼ਜ਼ਾਂ ਵਿਚ ਕੋਈ ਮਲਕ ਭਾਗੋ ਸੀ ਜੋ ਲੋਕਾਂ ਦਾ ਖ਼ੂਨ ਚੂਸਦਾ ਸੀ ਤੇ ਕੋਈ ਗ਼ਰੀਬ ਲਾਲੋ ਸੀ ਜੋ ਕਿਰਤ ਕਰ ਕੇ, ਗੁਜ਼ਾਰਾ ਕਰਦਾ ਸੀ। ਬਹੁਤੇ ਵਾਹਕ ਸਨ, ਜ਼ਮੀਨ ਤੋਂ ਹੀ ਰੋਟੀ ਦਾ ਨਿਰਬਾਹ ਕਰਦੇ ਸਨ। ਵੱਡੇ-ਵੱਡੇ ਜ਼ਿਮੀਂਦਾਰ, ਵਾਹਕਾਂ ਦਾ ਰਤੀ ਭਰ ਖ਼ਿਆਲ ਨਹੀਂ ਕਰਦੇ ਸਨ। ਕਈ ਹਿੰਦੂ ਤਜਾਰਤ ਵੀ ਕਰਦੇ ਸਨ, ਪਰ ਬਹੁਤਿਆਂ ਨੇ ਪਿੰਡਾਂ ਅਤੇ ਸ਼ਹਿਰਾਂ ਵਿਚ ਛੋਟੀਆਂ-ਛੋਟੀਆਂ ਹੱਟੀਆਂ ਪਾਈਆਂ ਹੋਈਆਂ ਸਨ। ਕਈ ਸ਼ਾਹੂਕਾਰਾ ਵੀ ਕਰਦੇ ਸਨ। ਇਸ ਵੱਡੇ ਪਾੜੇ ਨੂੰ ਪੂਰਾ ਕਰਨਾ ਮੁਸ਼ਕਲ ਸੀ।

ਇਸ ਰਾਜਸੀ, ਧਾਰਮਕ, ਸਮਾਜਕ ਤੇ ਆਰਥਕ ਦਸ਼ਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ—"ਰਾਜ ਲੋਭ ਦਾ ਸੀ, ਚੌਕੀਦਾਰੀ ਕਾਮ ਦੀ ਸੀ, ਸਰਦਾਰੀ ਕੂੜ ਦੀ ਸੀ, ਜਨਤਾ ਅਗਿਆਨਤਾ ਦੇ ਹਨੇਰੇ ਵਿਚ ਫਸੀ ਹੋਈ ਸੀ, ਸੱਚ ਤੇ ਸਦਾਚਾਰ ਉੱਡ ਗਿਆ ਸੀ, ਧਰਮ ਦੇ ਠੇਕੇਦਾਰ ਧਰਮ ਨੂੰ ਵੇਚ-ਵੇਚ ਕੇ ਖਾ ਰਹੇ ਸਨ। ਇਸਤਰੀ ਰੂਪ ਦਾ ਸ਼ਿੰਗਾਰ ਬਣ ਕੇ ਵੇਸਵਾ ਬਣੀ ਹੋਈ ਸੀ, ਗੱਲ ਕੀ, ਹਰ ਗੱਲ ਵਿਚ ਕੂੜ ਪ੍ਰਧਾਨ ਸੀ।" ਇਹ ਸੀ ਦਸ਼ਾ ਜਦ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

2

ਤਲਵੰਡੀ ਵਿਚ ਬੱਤੀ ਵਰ੍ਹੇ

ਤਲਵੰਡੀ : ਰਾਇ ਭੋਇ ਦੀ ਤਲਵੰਡੀ ਭਾਗਾਂ ਵਾਲੀ ਹੈ ਜਿੱਥੇ ਬਾਬਾ ਨਾਨਕ ਨੇ ਪ੍ਰਗਟ ਹੋ ਕੇ ਪਹਿਲਾਂ ਉਸ ਨੂੰ ਕਰਮਾਂ ਵਾਲੀ ਬਣਾਇਆ ਹੈ ਤੇ ਫਿਰ ਉਸੇ ਨੂੰ ਪਿੱਛੋਂ ਨਾਨਕ ਦਾ ਘਰ, ਨਾਨਕਾਇਣ ਹੋਣ ਦਾ ਮਾਣ ਮਿਲਿਆ। ਮਹਾਂਕੋਸ਼ ਦੇ ਲਿਖਾਰੀ ਨੇ ਨਨਕਾਣਾ ਨਾ ਲਿਖ ਕੇ ਨਾਨਕਾਇਣਾ ਹੀ ਲਿਖਿਆ ਹੈ। ਜੱਚਦਾ ਵੀ ਇਹ ਹੀ ਹੈ ਕਿਉਂਕਿ ਅਰੰਭ ਦਾ ਲੰਮੇਰਾ ਵਿਸੇਬਾ ਗੁਰੂ ਨਾਨਕ ਦੇਵ ਜੀ ਨੇ ਉਥੇ ਹੀ ਕੀਤਾ ਸੀ। ਭਾਵੇਂ ਉਹ ਪਿੱਛੋਂ ਕਰਤਾਰਪੁਰ ਜਾ ਵੱਸੇ, ਪਰ ਸ਼ਬਦਾਰਥ ਦੇ ਲਿਖਾਰੀ ਇਹ ਲਿਖਦੇ ਹਨ ਕਿ ਆਪਣੀ ਜਨਮ ਭੂਮੀ ਨਨਕਾਣਾ ਸਾਹਿਬ ਦੇ ਬ੍ਰਿਛ-ਬੂਟੇ ਅਤੇ ਨਜ਼ਾਰੇ ਉਨ੍ਹਾਂ ਦੇ ਸਾਹਮਣੇ ਹੀ ਰਹੇ। ਫਿਰ ਇਹ ਸੁਭਾਗ ਵੀ ਰਾਇ ਭੋਇ ਨੂੰ ਪ੍ਰਾਪਤ ਹੈ ਕਿ ਉਥੇ ਗੁਰੂ ਨਾਨਕ ਦੇਵ ਜੀ ਨੇ ਆਪਣਾ ਬਾਲ ਸਮਾਂ ਤੇ ਚੜ੍ਹਦੀ ਜਵਾਨੀ ਦੇ ਸਾਲ ਗੁਜ਼ਾਰੇ। ਇਕ ਅੰਦਾਜ਼ੇ ਮੁਤਾਬਕ ਆਪ ਜੀ ਉਥੇ ੩੨ ਵਰ੍ਹੇ ਰਹੇ। ਜਨਮ ਸਾਖੀ ਵਾਲਿਆਂ ਨੇ ਉਨ੍ਹਾਂ ਦੇ ਉਥੇ ਗੁਜ਼ਾਰੇ ਹਰ ਪਲ, ਹਰ ਦਿਨ, ਹਰ ਮਹੀਨੇ ਤੇ ਹਰ ਸਾਲ ਦਾ ਵਰਨਣ ਵੇਰਵੇ ਸਹਿਤ ਲਿਖਿਆ ਹੈ।

ਉਹ ਤਲਵੰਡੀ ਹੀ ਸੀ ਜਿੱਥੇ ਪਹਿਲੀ ਵਾਰੀ 'ਹਉ ਤੇਰਾ, ਤੇਰੋ ਨਾਉਂ' ਦੀ ਧੁਨੀ ਉੱਠੀ। ਦੁਨੀਆਂ ਨੇ ਬਹੁਤਿਆਂ ਨੂੰ ਅਹੰਬ੍ਰਹਮ, ਅਨਲਹੱਕ, ਅਲਾਹ ਦਾ ਰਸੂਲ, ਰੱਬ ਦਾ ਪੁੱਤਰ ਹੀ ਕਹਿੰਦੇ ਸੁਣਿਆ ਸੀ, ਪਰ ਇਸ ਵਾਰੀ ਤਲਵੰਡੀ ਵਿਚ 'ਹਉ ਤੇਰਾ ਤੇਰੋ ਨਾਉਂ' ਕਹਿਣ ਵਾਲਾ ਆਇਆ ਸੀ ਜਿਸ ਪ੍ਰਗਟ ਹੁੰਦੇ ਸਾਰ ਇਕ ਉਂਗਲੀ ਉੱਚੀ ਕਰ, ਇਕ ਦੇ ਲੜ ਲਗਾਇਆ ਸੀ : '**ਇਕ ਉਂਗਰੀ ਉੱਚੀ ਦਿਖਾਈ**।' ਮਾਤਾ ਤ੍ਰਿਪਤਾ ਜੀ ਨੇ ਤਾਂ ਤ੍ਰਿਪਤ ਹੋਣਾ ਹੀ ਸੀ ਪਰ ਦੌਲਤਾਂ ਦਾਈ ਤੇ ਤੁਲਸਾਂ ਨੂੰ ਜੋ ਜਲਵੇ ਦੀ ਦੌਲਤ ਮਿਲੀ, ਉਸ ਨਾਲ ਉਹ ਖਿੜ ਹੀ ਗਈਆਂ। ਮਹਿਤਾ ਕਾਲੂ ਨੇ ਜਦ ਦੌਲਤਾਂ ਦਾਈ ਨੂੰ ਥਾਲ ਵਿਚ ਰੱਖ ਕੇ ਰੁਪਏ ਦੇਣੇ ਚਾਹੇ ਤਾਂ ਉਸ ਨੇ ਕਿਹਾ ਸੀ : "**ਰਹਿਣ ਦੇ ਮਹਿਤਾ, ਉਹ ਤਾਂ ਰੱਜੀ ਗਈ। ਨਿਹਾਲ ਹੋਇ ਗਈ**।" ਦੌਲਤਾਂ ਨੇ ਮਹਿਤਾ ਕਾਲੂ ਜੀ ਨੂੰ ਇਥੇ ਹੀ ਆਖਿਆ ਸੀ : "ਮਹਿਤਾ! ਇਨ੍ਹਾਂ ਹੱਥਾਂ ਨਾਲ ਕਿਤਨੇ ਹੀ ਬੱਚਿਆਂ ਨੂੰ ਜਨਮ ਦਿਲਵਾਇਆ ਹੈ ਪਰ ਅਜਿਹਾ ਕੌਤਕ ਕਦੇ ਨਹੀਂ ਹੋਇਆ ਜੋ ਅੱਜ ਹੋਇਆ।

Sri Satguru Jagjit Singh Ji eLibrary NamdhariElibrary@gmail.com

ਮੈਨੂੰ ਇੰਝ ਹੌਲੇ-ਹੌਲੇ ਮੁਸਕਰਾ ਕੇ ਮਿਲੇ ਜਿਵੇਂ ਕੋਈ ਬਿਰਧ ਬਾਬਾ ਹੁੰਦਾ ਹੈ। ਮੇਰੇ ਨਾਲ ਗੱਲਾਂ ਵੀ ਕੀਤੀਆਂ।"[1] ਜਨਮ ਸਾਖੀ ਵਾਲਾ ਇਹ ਵੀ ਲਿਖਦਾ ਹੈ ਕਿ ਅਨਹਦ ਸ਼ਬਦ ਵਾਜੇ, ਤੇਤੀਸ ਕਰੋੜ ਦੇਵਤਿਆਹ ਨਮਸਕਾਰ ਕੀਆ, ਗੁਪਤ ਪ੍ਰਗਟਹੁ ਨਮਸਕਾਰ ਕੀਆ, ਸਿਧਹੁ ਸਾਧਿ ਕਹੋ ਨਮਸਕਾਰ ਕੀਆ, ਕੋਟ ਕਰੋੜੀ ਬੈਸਨਹੁ ਨਮਸਕਾਰ ਕੀਆ। ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਪੰਡਿਤ ਦੇਖਣ ਆਇਆ ਤਾਂ ਉਸ ਕਿਹਾ :

'ਇਸ ਅਦਬ ਰਖਯੋ।
ਇਹ ਕੋਈ ਪੂਰਨ ਪੁਰਖ ਹੈ ਅਯੋ।
ਨਹਿ ਕਲੰਕ ਜਨ ਯਹ ਭਯੋ ਆਪ।
ਜਾਪਤ ਇਸ ਕੋ ਇਤੋ ਪ੍ਰਤਾਪ।'

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਹੀ ਲਿਖਿਆ ਹੈ ਕਿ :

'ਜਿਥੇ ਜਾ ਆਵਿਲ (ਅਉਲ) ਗਡਨ ਕੋ ਪ੍ਰਿਥੀ ਖੁਣਾਈ।
ਤਹਾ ਦਰਬ ਤਿਸ (ਦਾਈ) ਨਦਰੀ ਆਈ।'

ਭਾਈ ਗੁਰਦਾਸ ਜੀ ਦੇ ਲਿਖਣ ਅਨੁਸਾਰ 'ਮਿਟੀ ਧੁੰਧ ਜਗ ਚਾਨਣ ਹੋਆ' ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਅਨੁਸਾਰ, **'ਜੰਮਿਆ ਪੂਤ ਭਗਤ ਗੋਵਿੰਦ ਕਾ।'**

ਫਿਰ ਤਲਵੰਡੀ ਵਿਚ ਬਾਲਕਾਂ ਨਾਲ ਖੁੰਡੀ ਦੀ ਖੇਡ ਨਹੀਂ, ਜੀਵਨ ਦੀਆਂ ਖੇਡਾਂ ਦੀਆਂ ਹੀ ਗੱਲਾਂ ਹੋਈਆਂ। ਲੋਕੀਂ ਬਾਲ ਨਾਨਕ ਦੀਆਂ ਗੱਲਾਂ ਸੁਣ ਵਿਸਮਾਦ ਵਿਚ ਚਲੇ ਜਾਂਦੇ। ਜਾਂਦੇ-ਜਾਂਦੇ ਰਾਹੀ ਰੁਕ ਜਾਂਦੇ। ਜਿਸ ਦੇ ਕੰਨਾਂ ਵਿਚ ਕੋਈ ਬਚਨ ਪੈਂਦਾ ਉਹ ਵਿੰਨ੍ਹਿਆ ਹੀ ਜਾਂਦਾ। ਪਾਂਧੇ ਨੇ ਪੈਂਤੀ ਪਾਈ ਤਾਂ ਗੁਰੂ ਜੀ ਨੇ ਪੂਰੀ ਪੱਟੀ ਲਿਖ ਦਿੱਤੀ। ਪਾਂਧੇ ਨੇ ਪਾਂਧੀਆਂ ਨੂੰ ਪੰਧ ਦਰਸਾਉਣਾ ਹੈ ਪਰ ਜੇ ਉਹ ਆਪ ਹੀ ਉੱਖੜਿਆ-ਉੱਖੜਿਆ, ਗਵਾਚਿਆ-ਗਵਾਚਿਆ ਰਹੇਗਾ ਤਾਂ ਪੰਧ ਕਿਵੇਂ ਸਾਜ ਸਕੇਗਾ। ਤਲਵੰਡੀ ਵਿਚ ਐਸੀ ਪੱਟੀ ਲਿਖੀ ਕਿ ਰਾਹ ਹੀ ਸੁਖਾਲਾ ਕਰ ਦਿੱਤਾ। ਵਿੱਦਿਆ ਪ੍ਰਣਾਲੀ ਨੂੰ ਸਵਾਰਨ ਵਾਲੇ ਜਦ ਤੱਕ ਉਸੇ ਪੱਟੀ ਲਿਖੀ 'ਤੇ ਨਹੀਂ ਲਿਖਣਗੇ ਤਦ ਤੱਕ ਵਿਦਿਆਰਥੀਆਂ ਦੇ ਅੰਦੋਲਨ ਹੁੰਦੇ ਹੀ ਰਹਿਣਗੇ। ਵਿਦਿਆਰਥੀ ਪੜ੍ਹ ਲਿਖ ਕੇ ਵੀ ਅਨਪੜ੍ਹ ਹੀ ਰਹਿਣਗੇ। ਉਥੇ ਹੀ ਬਾਬੇ ਨੇ ਅਲਫ਼ ਤੇ ਏਕੇ ਦੇ ਅਰਥ ਸਮਝਾਏ। ਮੱਝੀਆਂ ਦੇ ਉਥੇ ਹੀ ਛੇੜੂ ਬਣੇ ਤੇ ਖੂਹ ਵੀ ਉਥੇ ਹੀ ਗੇੜੇ। ਬਾਰ ਵਿਚ ਕੜਕਦੀ ਧੁੱਪੇ ਕਿਧਰੇ ਝੱਟ ਅੱਖ ਲੱਗੀ, ਬੀਂਡੇ ਬੋਲਦੇ ਉਥੇ ਹੀ ਸੁਣੇ। ਵਪਾਰ ਵੀ ਉਥੇ ਹੀ ਕੀਤਾ। ਹੱਟੀ ਵੀ ਉਥੇ ਹੀ ਪਾਈ। ਕੀਰਤਨ ਨੇ ਵੀ ਉਥੇ ਹੀ ਜਨਮ ਲਿਆ। ਦਾਨਾ ਉਥੇ ਹੀ 'ਮਰਦਾਨਾ' ਬਣਿਆ। ਗ੍ਰਿਹਸਤ ਦਾ ਰਹੱਸ ਵੀ ਉਥੇ ਹੀ ਖੁੱਲ੍ਹਿਆ। ਰਾਇ ਬੁਲਾਰ ਨੇ ਨਿੱਤ ਚੜ੍ਹਦੇ ਸੂਰਜ ਉਥੇ ਹੀ ਝਲਕਾਰੇ ਡਿੱਠੇ। ਸਦੀਆਂ ਤੋਂ ਪਾਇਆ

---

1. ਬਹੁ ਸ਼ਿਸ਼ ਜਨਮੇ ਮਮ ਕਰ ਮਾਹੀ।
ਯੇਹ ਅਚਰਜ ਕਬ ਦੇਖਿਓ ਨਾਹੀ।
ਦੀਰਘ ਨਰ ਜਿਉ ਬਿਲਾਸ ਮਿਲੇ ਹੈਂ।
ਤਿਉ ਇਨ ਕੀਤੇ ਸਬਦ ਭਲੇ ਹੈਂ। (ਸੂਰਜ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਪ੍ਰੋਹਿਤਵਾਦ ਤੇ ਬ੍ਰਹਮਵਾਦ ਦਾ ਜੂਲਾ ਵੀ ਉਥੇ ਹੀ ਉਤਰਿਆ। ਕਿਰਤ ਤੇ ਕੀਰਤੀ ਨੂੰ ਉਥੇ ਹੀ ਇਕ ਦੂਜੇ ਨਾਲ ਜੋੜਿਆ ਗਿਆ।

ਪ੍ਰਕਾਸ਼ : ਤਲਵੰਡੀ ਵਿਖੇ ਬਾਬੇ ਦਾ ਜਨਮ ਅੰਮ੍ਰਿਤ ਵੇਲੇ ਹੋਇਆ। ਵੈਸਾਖ ਸੁਦੀ ਤਿੰਨ ਸੀ। ਸੰਮਤ ੧੫੨੬ ਸੀ, ਸੰਨ ੧੪੬੯ ਅਤੇ ਅਪ੍ਰੈਲ ਦੀ ਪੰਦਰਾਂ ਸੀ। ਦਿਨ ਬੁੱਧਵਾਰ ਸੀ। ਖ਼ੁਸ਼ੀ ਦੇ ਵਾਜੇ ਵੱਜੇ। ਇਵੇਂ ਹੋਇਆ ਜਿਵੇਂ ਅੱਠਾਂ ਬੱਤੀਆਂ ਵਾਲੇ ਸ਼ਮਾਦਾਨ ਦੀ ਰੌਸ਼ਨੀ, ਸੂਰਜ ਚੜ੍ਹਿਆਂ ਨਿੰਮੀ ਪੈ ਜਾਂਦੀ ਹੋਵੇ।[1] 'ਜਿਉਂ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ' ਵਾਲੀ ਗੱਲ ਹੋਈ। ਕਈ ਜੀਵ ਦਲਿਦਰੀ ਸਨ, ਉਹ ਧੰਨਵੰਤ ਹੋਏ। ਕਈ ਜੀਵ ਰੋਗੀ ਸਨ, ਉਹ ਅਰੋਗ ਹੋਏ। ਪ੍ਰਿਥਮੀ ਨੇ ਆਪਣੇ ਆਪ ਨੂੰ ਹੌਲਾ-ਹੌਲਾ ਮਹਿਸੂਸ ਕੀਤਾ।

ਉਸ ਵੇਲੇ ਰਾਜ ਬਹਿਲੋਲ ਲੋਧੀ ਦਾ ਸੀ। ਬਹਿਲੋਲ ਲੋਧੀ ਚੁਗ਼ਤਈ ਘਰਾਣੇ ਦੇ ਸਵਰਗਵਾਸੀ ਅਮੀਰ ਤੈਮੂਰ ਸਾਹਿਬੇ ਕਿਰਾਂ ਦੇ ਪੋਤਰੇ ਸ਼ੇਖ਼ ਉਮਰ ਦੀ ਸੰਤਾਨ ਵਿਚੋਂ ਸੀ। ਉਸ ਵੇਲੇ ਪਿੰਡ ਰਾਇ ਭੋਇ ਭੱਟੀ ਦੀ ਤਲਵੰਡੀ ਕਰਕੇ ਵੱਜਦਾ ਸੀ। ਤਲਵੰਡੀ ਦੁਆਬਾ ਵਿਚ ਨਬੀਪੁਰ ਕੁਰੇਸ਼ਾਂ ਦੇ ਲਾਗੇ ਹੀ ਸੀ। ਦੁੱਲਾ ਭੱਟੀ ਦੀ ਬਾਰ ਕਰਕੇ ਵੀ ਇਲਾਕਾ ਜਾਣਿਆ ਜਾਂਦਾ ਸੀ। ਪੰਜਾਬ ਦੀ ਰਾਜਧਾਨੀ ਲਾਹੌਰ ਤੋਂ ਸ਼ੇਖ਼ੂਪੁਰਾ ਦੇ ਪਰਗਨੇ ਵਿਚ ਤਲਵੰਡੀ ਪੈਂਦੀ ਸੀ। ਕੁਝ ਚਿਰ ਇਸ ਦਾ ਨਾਂ ਰਾਇਪੁਰ ਵੀ ਰਿਹਾ। ਫਿਰ ਰਾਇ ਭੋਇ ਵੀ ਰਿਹਾ ਪਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਪਿੱਛੋਂ ਨਾਨਕਾਇਣਾ ਤੇ ਬਾਅਦ ਵਿਚ ਨਨਕਾਣਾ ਸਾਹਿਬ ਹੋ ਗਿਆ।

ਸੰਸਾਰੀ ਬੱਚੇ ਜੰਮਣ ਵੇਲੇ ਰੋ-ਰੋ ਕੇ ਦੁਨੀਆਂ ਵਿਚ ਆਪਣਾ ਆਉਣਾ ਦੱਸਦੇ ਹਨ ਪਰ ਬਾਬਾ ਤਾਂ ਨਿਰੰਕਾਰੀ ਬਾਲ ਸੀ। ਉਸ ਦੀ ਆਮਦ ਨਾਲ ਜਿੱਥੇ ਸਭ ਸ੍ਰਿਸ਼ਟੀ ਨੂੰ ਸੁਖ ਮਿਲਿਆ ਉਥੇ ਦੁਨੀਆਂ ਨੂੰ ਇਕ ਪੈਗ਼ਾਮ ਵੀ ਮਿਲਿਆ। ਮਿਹਰਬਾਨ ਦੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਉਨ੍ਹਾਂ ਜਨਮ ਲੈਂਦੇ ਸਾਰ ਦੋ ਬਚਨ ਆਖੇ। ਉਹ ਬਚਨ ਹੀ ਉਨ੍ਹਾਂ ਦੇ ਜੀਵਨ ਭਰ ਦਾ ਮੁੱਖ ਨਾਅਰਾ ਬਣਿਆ ਰਿਹਾ। ਜਨਮ ਵੇਲੇ ਦਾ ਮਹਾਨ ਵਾਕ ਸੀ : **'ਹਉ ਤੇਰਾ, ਤੇਰੋ ਨਾਉਂ**।' **ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ ਕਿ ਬਾਬੇ ਦੇ ਮੁੱਖ ਵਿਚ ਸਦਾ 'ਤੂ ਨਿਰੰਕਾਰ ਕਰਤਾਰ, ਨਾਨਕ ਬੰਦਾ ਤੇਰਾ' ਹੀ ਰਹਿੰਦਾ ਸੀ**। ਤਾਰੀਖ਼-ਇ-ਪੰਜਾਬ ਵਿਚ ਲਿਖਿਆ ਮਿਲਦਾ ਹੈ ਕਿ ਮਰਦਾਨੇ ਦੀ ਰਬਾਬ ਹਰ ਸਮੇਂ 'ਨਾਨਕ ਬੰਦਾ ਤੇਰਾ' ਹੀ ਗੂੰਜਾਂਦੀ ਰਹਿੰਦੀ ਸੀ। ਜਦ ਵੀ ਗੁਰੂ ਨਾਨਕ ਜੀ ਮਰਦਾਨਾ ਜੀ ਨੂੰ ਰਬਾਬ ਛੇੜਨ ਲਈ ਹੁਕਮ ਦੇਂਦੇ ਤਾਂ ਕਹਿੰਦੇ : **ਮਰਦਾਨਿਆਂ ਛੇੜ ਰਬਾਬ ਕਾਈ ਸਿਫ਼ਤ ਖ਼ੁਦਾ ਦੇ ਦੀਦਾਰ ਦੀ ਕਰੀਏ**।' ਜਨਮ ਵੇਲੇ ਕਿਸੇ ਨੂੰ ਸੋਝੀ ਨਹੀਂ ਆਈ ਕਿ ਉਹ ਕੀ ਆਖ ਰਹੇ ਸਨ। ਦੁਨੀਆਂ ਤਾਂ ਮੈਂ ਮੇਰੀ ਨੂੰ ਹੀ ਜਾਣਦੀ ਸੀ, ਇਥੇ 'ਤੇਰਾ ਤੇਰਾ, ਹਉ ਤੇਰਾ, ਤੇਰਾ ਨਾਉਂ' ਕਹਿਣ ਕਹਿਲਾਉਣ ਵਾਲਾ ਆ ਪੁੱਜਾ ਸੀ। ਇਹ ਗੱਲ ਹੁਣ ਤੱਕ ਜਗਤ ਸਮਝ ਨਹੀਂ ਸਕਿਆ ਕਿ ਦੁੱਖਾਂ ਦਾ ਮੂਲ ਕਾਰਨ, ਮੈਂ ਹੈ ਤੇ ਸੁਖਾਂ

---

1. ਅਸ਼ਟਮ ਦੀਪ ਦੀਪਤ ਗ੍ਰਿਹਿ ਜਾਨੋ।
ਛਬ ਘਟ ਗਈ ਬਾਲ ਰਵ ਮਾਨੋ। (ਸੂਰਜ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਦਾ ਰਾਹ ਤੇਰਾ-ਤੇਰਾ, ਵਿਚ ਹੈ। ਵੇਦਾਂਤੀ ਜਦ ਸਿਖ਼ਰ ਨੂੰ ਛੂੰਹਦਾ ਹੈ ਤੇ ਅਹੰਬ੍ਰਹਮ ਕਹਿੰਦਾ ਹੈ, ਸੂਫ਼ੀ 'ਅਨਲਹੱਕ', ਮੈਂ ਖ਼ੁਦਾ ਹਾਂ। ਸਿੱਖ ਜਦ ਸਿਖ਼ਰ ਨੂੰ ਛੂੰਹਦਾ ਹੈ ਤਾਂ 'ਤੂੰ-ਤੂੰ, ਤੇਰਾ-ਤੇਰਾ' ਆਖਦਾ ਹੈ।

ਬਚਪਨ : ਕਦੇ ਰੋ ਕੇ ਬਾਲਕ ਬਾਬੇ ਦੁੱਧ ਨਾ ਮੰਗਿਆ। ਐਸੇ ਸੰਤੁਸ਼ਟ ਰਹਿਣ ਕਿ ਜਦੋਂ ਮਾਂ ਨੇ ਪਿਲਾਉਣਾ ਤਦੋਂ ਹੀ ਪੀਣਾ। ਸੰਤੋਖ ਘਰ ਉਨ੍ਹਾਂ ਦਾ ਜਨਮ ਸੀ ਅਤੇ ਸੰਤੋਖ ਨੂੰ ਹੀ ਉਨ੍ਹਾਂ ਜੀਵਨ ਸਾਥੀ ਬਣਾਈ ਰੱਖਿਆ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ :

"ਸਹਜ ਸਉ ਦੇਇ ਤਾਂ ਦੇਇ, ਨਹੀਂ ਤਾਂ ਤੇਰਾ ਨਾਉ, ਤੇਰੋ ਨਾਉਂ ਹੀ ਕਹਿੰਦੇ ਰਹਿਣ।"

ਉਨ੍ਹਾਂ ਨੂੰ ਦੇਖ ਕੇ ਹੀ ਸਾਰਿਆਂ ਨੂੰ ਸ਼ਾਂਤੀ ਮਿਲ ਰਹੀ ਸੀ।

ਨੌਂ ਦਿਨਾਂ ਦੇ ਹੋਏ ਤਾਂ ਨਾਮ ਰੱਖਣ ਲਈ ਪੰਡਿਤ ਆਇਆ। ਪੰਡਿਤ ਹਰਿਦਿਆਲ ਨੇ ਨਾਂ 'ਨਾਨਕ' ਰੱਖਿਆ।[1] ਮਹਿਤਾ ਕਾਲੂ ਨੇ ਉਸੇ ਵੇਲੇ ਹੀ ਆਖ ਦਿੱਤਾ, "ਪੰਡਤ ਜੀ, ਇਹ ਨਾਂ ਤੁਸਾਂ ਕੈਸਾ ਧਰਿਆ, ਇਸ ਤੋਂ ਤਾਂ ਪਤਾ ਨਹੀਂ ਲਗਦਾ ਕਿ ਇਹ ਹਿੰਦੂ ਹੈ ਕਿ ਮੁਸਲਮਾਨ" ਪੰਡਿਤ ਜੀ ਨੇ ਵਿਆਖਿਆ ਕਰਦੇ ਕਿਹਾ :

"ਹਿੰਦੂ ਤੁਰਕ ਦੋਊ ਇਸ ਕੇ ਸਿਸ, ਪੂਜਹਿ ਪ੍ਰੇਮ ਮਹਾਨਾ।
ਯਾਂ ਕੇ ਪੱਗ ਜਹਾਜ਼ ਸਮ ਜਾਨੋ, ਕਰਹੈ ਪਾਰ ਜਹਾਨਾ।[2]
ਸਿਰ ਤੇ ਛਤ੍ਰ ਫਿਰਿਆ ਲੋੜੀਐ।'

ਵੈਲਜ਼ੀ ਨਾਂ ਦੇ ਪਾਦਰੀ ਨੇ ਵੀ ਇਹ ਹੀ ਲਿਖਿਆ ਹੈ ਕਿ ਨਾਨਕ ਹਿੰਦੀ ਜਾਂ ਸੰਸਕ੍ਰਿਤ ਦਾ ਕੋਈ ਸ਼ਬਦ ਨਹੀਂ। ਕਈ ਵਾਰੀ ਸਹਿਜ ਸੁਭਾਅ ਹੀ ਐਸੀ ਗੱਲ ਆਖੀ ਜਾਂਦੀ ਹੈ ਜਿਸ ਦਾ ਭਾਵ ਅਰਥ-ਭਰਪੂਰ ਹੁੰਦਾ ਹੈ ਤੇ ਜਿਸ ਦਾ ਪ੍ਰਭਾਵ ਦੂਰ-ਰਸ। ਭਾਈ ਵੀਰ ਸਿੰਘ ਜੀ ਨੇ ਵੀ ਨਾਨਕ ਪ੍ਰਕਾਸ਼ ਵਿਚ ਨਾਨਕ ਦੇ ਅਰਥ-ਭਾਵ ਕਰਦੇ ਟੂਕ ਦਿੱਤੀ ਹੈ ਕਿ ਏਕ ਅੱਖਰੇ ਕੋਸ਼ ਅਨੁਸਾਰ 'ਨ' ਦਾ ਅਰਥ ਪੁਰਖ ਹੈ। ਇਸ ਪਹਿਲੇ ਨੰਨੇ ਦੇ ਕੰਨੇ ਨੂੰ ਐੜਾ ਸਮਝੋ। ਇਉਂ ਅਨਕ ਪਦ ਵਧ ਗਿਆ। ਇਸ 'ਅਨਕ' ਪਦ ਵਿਚ ਆਏ ਦੂਜੇ ਨੰਨੇ ਵਿਚ ਦੂਜਾ ਐੜਾ ਹੈ, ਇਸ ਲਈ ਹੁਣ 'ਅਨ' ਅਤੇ 'ਅਕ' ਦੋ ਪਦ ਬਣ ਗਏ। ਅਕ ਦਾ ਅਰਥ ਹੈ ਦੁੱਖ ਅਤੇ ਅਨ ਦਾ ਅਰਥ, ਨਹੀਂ। ਅਰਥ ਹੋਇਆ : 'ਜਿਸ ਪੁਰਖ ਨੂੰ ਕਦੇ ਦੁੱਖ ਨਹੀਂ। ਜੋ ਸਦਾ ਅਨੰਦ ਸਰੂਪ ਹੈ। ਉਹ ਨਾਨਕ ਹੈ।' ਵਾਸਤਵ ਵਿਚ ਗੁਰੂ ਨਾਨਕ ਦਾ ਉਦੇਸ਼ ਹੀ ਧਰਮਾਂ ਦਾ ਵਿਖਰੇਵਾਂ ਤੋੜਨਾ ਸੀ। ਇਸੇ ਲਈ ਹਰਿਦਿਆਲ ਨੇ ਕਿਹਾ ਸੀ : **ਇਸ ਨੂੰ ਧਰਤ, ਸਾਗਰ ਤੇ ਪਹਾੜ ਸਭੇ**

---

1. ਪੁੰਨਿ ਪੁਰੋਹਤ ਨਾਮ ਬਿਚਾਰਨ ਲਾਗਾ।
ਨਾਨਕ ਨਾਮ ਅਨਭੈ ਅਨੁਰਾਗਾ।
(ਮਹਿਮਾ ਪ੍ਰਕਾਸ਼, ਸਾਖੀ ਬਾਬਾ ਜੀ ਕੇ ਨਾਮ ਕਰਨ ਕੀ)

2. 'ਇਸ ਕੇ ਚਰਨ ਪੋਤ ਕੀ ਨਿਆਈ।
ਪਾਰ ਪਰੈ ਪਰਮਾਰਥ ਮਾਹੀ।' (ਸ੍ਰੀ ਗੁਰ ਪੁਰ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਰਾਹ ਦੇਣਗੇ :

ਗੋ, ਗਿਰ, ਸਾਗਰ ਮਾਰਗ ਦੇਈ।

ਉਹ ਜਾਤ, ਜਨਮ, ਜਿਸਮ ਤੇ ਜਿਨਸ ਦੀਆਂ ਤਰੇੜਾਂ ਮੇਟਣ ਆਏ ਸਨ। ਇਸੇ ਨੂੰ ਕਿਸੇ 'ਹਲਚਲ' ਸਮਝ ਲਿਆ। ਦੌਲਤ ਖ਼ਾਨ ਪਾਸ ਇਕ ਵਾਰ ਸ਼ਿਕਾਇਤ ਵੀ ਹੋਈ ਸੀ ਕਿ ਉਹ ਹਿੰਦੂ ਤੇ ਮੁਸਲਮਾਨਾਂ ਵਿਚ ਹਲਚਲ ਮਚਾ ਰਿਹਾ ਹੈ। 'ਨਾ ਹਮ ਹਿੰਦੂ ਨ ਮੁਸਲਮਾਨ' ਕਹਿਣਾ ਇਕ ਦੂਜੀ ਕਿਸਮ ਦੀ ਹਲਚਲ ਸੀ। ਸ਼ਰ੍ਹਾ ਦੇ ਕੈਦੀਆਂ ਨੂੰ ਇਹ ਕਿਵੇਂ ਜਰ ਹੁੰਦਾ ਸੀ। ਮੁਸਲਮਾਨੀ ਰਾਜ ਵਿਚ ਕਈਆਂ ਦੇ ਸਿਰ ਨਿਰੋਲ ਇਸੇ ਲਈ ਉਤਾਰ ਦਿੱਤੇ ਗਏ ਸਨ ਕਿ ਉਹ ਹਿੰਦੂ ਤੇ ਮੁਸਲਮਾਨਾਂ ਨੂੰ ਇਕ ਕਹਿੰਦੇ ਸਨ। **ਫਿਰ ਨਾਨਕ ਨਾਂ ਦੇ ਹਰ ਕਿਸੇ ਨੇ ਆਪਣੇ ਮਨ ਦੇ ਅਰਥ ਹੀ ਲਗਾਏ ਹਨ। ਜੇ ਕੋਈ ਨਾਨਕ ਨੂੰ ਨਨਸ਼ਿਉ** (Nuncio) **ਤੋਂ ਵਿਗੜਿਆ ਕਹਿੰਦਾ ਹੈ, ਤਾਂ ਦੂਜਾ ਨਾਨਕ ਦਾ ਅਰਥ ਦੋ ਜਹਾਨਾਂ ਵਿਚ ਨਿਆਮਤਾਂ ਵੰਡਣ ਵਾਲਾ ਕਰਦਾ ਹੈ। ਕੋਈ ਸਾਧੂ ਟੀ. ਐਲ. ਵਾਸਵਾਨੀ ਵਰਗਾ ਨਾਨਕ ਦੇ ਅਰਥ 'ਅੱਗ' ਤੇ ਕੋਈ ਹੋਰ 'ਕੁਝ ਵੀ ਨਹੀਂ' ਆਖਦਾ ਹੈ। ਉਮਰ ਦੇ ਛੇਕੜਲੇ ਸਾਲ ਵਿਚ ਜਦ ਇਕ ਨੇ ਆਪ ਕੋਲੋਂ ਨਾਂ ਪੁੱਛਿਆ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ : "ਕੀ ਅਜੇ ਵੀ ਮੇਰਾ ਕੋਈ ਨਾਂ ਰਹਿ ਗਿਆ ਹੈ।" ਸੱਚੀ ਗੱਲ ਇਹ ਹੀ ਹੈ :**

'ਨਾਨਕ ਨਾਮ ਕਹੀਏ ਜਿਸ ਵਿਚ ਨਹੀਂ ਅਨਕ ਪ੍ਰਕਾਰ ਕੀ ਦ੍ਵੈਤਾ।'[1]

ਇਕ ਮਹੀਨੇ ਦੇ ਸਨ ਕਿ ਜੇ ਕੋਈ ਆਵਾਜ਼ ਮਾਰੇ ਤਾਂ ਉਸ ਵੱਲ ਨੀਝ ਲਗਾ ਕੇ ਦੇਖਣ ਲੱਗ ਪੈਂਦੇ ਸਨ ਪਰ 'ਕਿਹੜਾ ਝੱਲੇ ਗੁਰ ਦੀ ਝਾਲਾ।' ਹਰ ਕੋਈ ਨਮਸਕਾਰ ਕਰ ਕੇ ਅੱਗੇ ਤੁਰ ਜਾਂਦਾ। **ਕਈਆਂ ਦੀਦਾਰ ਪਾ ਆਪਣੇ ਸਰੀਰਾਂ ਵਿਚ ਨਵਾਂ ਰਸ ਭਰਦਾ ਮਹਿਸੂਸ ਕੀਤਾ। ਨਦਰੀ ਨਦਰ ਨਿਹਾਲ ਜੁ ਕਰਨ ਆਏ ਸਨ।**

ਤਿੰਨ ਮਹੀਨਿਆਂ ਦੇ ਹੋਏ ਤਾਂ ਗਰਦਨ ਟਿਕਾ ਕੇ ਬੈਠ ਜਾਂਦੇ। ਇੰਝ ਪ੍ਰਤੀਤ ਹੁੰਦਾ ਜਿਵੇਂ ਕਿਸੇ ਸੋਚ ਨੇ ਉਨ੍ਹਾਂ ਨੂੰ ਗ੍ਰਸਿਆ ਹੋਇਆ ਹੈ। **ਚਾਰ ਮਹੀਨੇ** ਦੇ ਹੋਏ ਤਾਂ ਛੋਟੀ ਜਿਹੀ ਝੱਗੀ ਪਾਈ ਗਈ। **ਛੇ ਮਹੀਨਿਆਂ** ਦੇ ਅੱਗੋਂ ਹੁੰਗਾਰਾ ਵੀ ਦਿੰਦੇ। **ਸੱਤਾਂ ਮਹੀਨਿਆਂ** ਦੇ ਚੌਂਕੜ ਮਾਰ ਕੇ ਬੈਠ ਜਾਂਦੇ। ਕੋਈ ਤਪੱਸਵੀ ਕਹਿੰਦਾ ਤੇ ਕੋਈ ਜੋਗੀ। **ਅੱਠ ਮਹੀਨਿਆਂ** ਦੇ ਸਨ ਤਾਂ ਬੀਰ ਆਸਣ ਲਗਾ ਕੇ ਬੈਠ ਜਾਂਦੇ। ਇਕ ਗੋਡੇ ਦੀ ਟੇਕ ਨਾਲ ਹੀ ਕਿੰਨਾ-ਕਿੰਨਾ ਚਿਰ ਬੈਠੇ ਰਹਿੰਦੇ। ਨੌਂ ਮਹੀਨਿਆਂ ਦੇ ਸਨ ਤਾਂ ਤੁਰਨ ਲੱਗ ਪਏ ਤੇ ਮੁੱਖੋਂ, 'ਬਾਬਾ-ਬਾਬਾ' ਵੀ ਕਹਿੰਦੇ। ਇਕ ਸਾਲ ਦੇ ਹੋਏ ਤਾਂ ਸਾਵਧਾਨੀ ਨਾਲ ਤੁਰਦੇ। **ਡੇਢ ਬਰਸ ਦੇ ਹੋਏ ਤਾਂ ਜਦ ਬੋਲਣ, 'ਵਾਹਿਗੁਰੂ-ਵਾਹਿਗੁਰੂ' ਬੋਲਣ।** ਦੋ ਸਾਲ ਦੇ ਹੋਏ ਤਾਂ ਬੱਚਿਆਂ ਨਾਲ ਕਦੇ ਬਾਹਰ ਖੇਡਣ ਵੀ ਚਲੇ ਜਾਂਦੇ ਪਰ ਖੇਡਾਂ ਬੜੀਆਂ ਅਸਚਰਜਮਈ ਕਰਦੇ। ਬੱਚਿਆਂ ਨੂੰ ਐਸੀਆਂ ਨਸੀਹਤਾਂ ਦੇਂਦੇ ਕਿ ਬੱਚਿਆਂ ਦੇ ਮਾਪੇ ਨਸੀਹਤ ਦੇਣ ਵਾਲੇ ਨੂੰ ਦੇਖਣ ਆਉਂਦੇ। 'ਹਿੰਦੂ ਆਖੇ, ਧੰਨ ਗੋਬਿੰਦ। ਕੈਸੇ ਸ਼ੁੱਭ ਬਚਨ ਬੋਲਦਾ ਹੈ। ਕੋਈ ਪ੍ਰਮੇਸ਼ਰ ਰੂਪ ਹੈ। ਮੁਸਲਮਾਨ ਆਖੇ, ਵਾਹ ਖ਼ੁਦਾਇ, ਤੇਰੀ ਪੈਦਾਇਸ਼, ਕੈਸਾ

---

1. ਨਾਨਕ ਨਾਮ! ਅਨਕਤ ਨਹਿ ਹੋਵੈ ਜਿਹ ਮਾਹੀ।

Sri Satguru Jagjit Singh Ji eLibrary NamdhariElibrary@gmail.com

ਖ਼ੂਬਸੂਰਤ, ਕੈਸੀ ਨਸੀਹਤ ਕਰਦਾ ਹੈ। ਕੈਸਾ ਬੋਲਦਾ ਹੈ। ਨਿਸ਼ਾ ਕੈਸੀ ਹੋਤੀ ਹੈ ਇਸ ਦੇ ਬੋਲਣ ਸਾਥ। ਵੱਡਾ ਕੋਈ ਖ਼ੁਦਾਇ ਦਾ ਨੇਕ ਹੈ।' ਤਾਰੀਖ਼-ਇ-ਪੰਜਾਬ ਦਾ ਲਿਖਾਰੀ ਕਨ੍ਹਈਆ ਲਾਲ ਲਿਖਦਾ ਹੈ : 'ਛੋਟੀ ਉਮਰੇ ਹੀ ਨਾਨਕ ਜੀ ਦੀਆਂ ਆਦਤਾਂ ਬਜ਼ੁਰਗਾਂ ਵਾਲੀਆਂ ਸਨ। ਉਹ ਕਦੇ ਘਰੋਂ ਬਾਹਰ ਨਾ ਜਾਂਦੇ, ਨਾ ਹੀ ਆਮ ਮੁੰਡਿਆਂ ਵਿਚ ਖੇਡਦੇ। ਹਰ ਗੱਲ ਨਾਲੋਂ ਰੱਬ ਦੀ ਯਾਦ ਨੂੰ ਚੰਗੇਰਾ ਸਮਝਦੇ। ਵਧੇਰੇ ਸਮਾਂ ਚੁੱਪ ਹੀ ਰਹਿੰਦੇ। ਬਿਨਾਂ ਬੁਲਾਇਆਂ ਨਾ ਬੋਲਦੇ ਅਤੇ ਜਿਹੜਾ ਕੰਮ ਮਾਪੇ ਕਰਨ ਲਈ ਕਹਿੰਦੇ, ਉਹ ਪੂਰੇ ਦਿਲ ਨਾਲ ਕਰਦੇ, ਪਰ ਦਾਨੀ ਸੁਭਾਅ ਬਹੁਤਾ ਸੀ। ਇਕ ਦਿਨ ਘਰ ਦਾ ਲੋਟਾ ਕਿਸੇ ਫ਼ਕੀਰ ਨੂੰ ਦੇ ਆਏ। ਲੋੜਵੰਦਾਂ ਨੂੰ ਦੇ ਕੇ ਬਹੁਤ ਪ੍ਰਸੰਨ ਹੁੰਦੇ।[1] ਇਕ ਗੱਲ ਹੋਰ ਯਾਦ ਰੱਖਣ ਵਾਲੀ ਹੈ ਕਿ ਤਲਵੰਡੀ ਦੇ ਆਲੇ-ਦੁਆਲੇ ਘਣੇ ਜੰਗਲਾਂ ਵਿਚ ਤਪੀ ਤੇ ਸੰਤ ਰਹਿੰਦੇ ਸਨ। ਮੈਕਾਲਫ਼ ਦੇ ਵਿਚਾਰਾਂ ਅਨੁਸਾਰ ਇਸ ਦੇ ਦੋ ਕਾਰਨ ਸਨ। ਇਕ, ਇਕਾਂਤ ਹੋਣ ਕਾਰਨ ਭਗਤੀ ਵਿਚ ਵਿਘਨ ਨਹੀਂ ਪੈਂਦਾ ਸੀ। ਦੂਜੇ, ਕੱਟੜ ਮੁਸਲਮਾਨ ਹਾਕਮਾਂ ਦੇ ਜ਼ੁਲਮਾਂ ਤੋਂ ਬਚੇ ਰਹਿਣ ਲਈ ਫ਼ਕੀਰ ਤੇ ਸੰਤ ਇਥੇ ਆ ਟਿਕਦੇ ਸਨ। ਸਾਰੀਆਂ ਜਨਮ ਸਾਖੀਆਂ ਵਿਚ ਆਉਂਦਾ ਹੈ ਕਿ ਗੁਰੂ ਜੀ ਛੋਟੀ ਉਮਰ ਵਿਚ ਉਥੇ ਜਾਣ ਲੱਗ ਪਏ ਸਨ ਤੇ ਧਾਰਮਿਕ ਪੁਰਸ਼ਾਂ ਦੀ ਸੰਗਤ ਕਰਦੇ ਸਨ। ਜਦ ਵੇਖਦੇ ਕੋਈ ਅਤੀਤ ਸਾਧੂ ਭਗਤ ਆਇਆ ਹੈ ਤਾਂ ਉਸ ਨੂੰ ਬੁਲਾਇ ਕਰ ਘਰ ਵਿਚ ਨਾਲ ਲੈ ਜਾਣਾ। ਭੋਜਨ ਖੁਵਾਉਣਾ, ਸੇਵਾ ਟਹਲ ਪ੍ਰੀਤ ਨਾਲ ਕਰਨੀ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਜੋ ਕੁਝ ਘਰੋਂ ਬਾਹਰ ਲੈ ਜਾਣ, ਮੁੜ ਕੇ ਨਾ ਲਿਆਉਣ। ਅੰਨ ਬਸਤਰ, ਬਰਤਨ ਗ਼ਰੀਬ ਨੂੰ ਦੇ ਛੱਡਣ। ਜਨਮ ਸਾਖੀ ਦੇ ਸ਼ਬਦਾਂ ਵਿਚ :

'ਇਕ ਵਾਰੀ ਨਾ ਬੋਲੇ, ਨਾ ਖਾਇ, ਨਾ ਸਵੈ, ਨਾ ਕਿਸੀ ਕੀ ਤਰਫ਼ ਦੇਖੇ, ਨਾ ਸੁਣੇ।' ਬੇਖ਼ੁਦ ਹੋ ਗਏ। ਲੋਕਾਂ ਦੇਖਿਆ ਤਾਂ ਇਕ ਦੂਜੇ ਨੂੰ ਕਹਿਣਾ ਅਰੰਭ ਕਰ ਦਿੱਤਾ ਕਿ ਯਾਰੋ, ਨਾਨਕ ਦੇ ਤਾਇ ਖ਼ੁਦਾਇ ਦੀ ਬਾਤ ਹੋ ਗਈ ਹੈ। ਘਰ ਵਾਲਿਆਂ, ਹਕੀਮਾਂ ਵੈਦਾਂ ਬੜੀ ਕੋਸ਼ਿਸ਼ ਕੀਤੀ ਪਰ ਉਹ ਕੁਝ ਨਾ ਬੋਲੇ। ਆਖ਼ਰ ਇਕ ਪੁੱਜੀ ਆਤਮਾ ਨੇ ਨਾਨਕ ਦੇਵ ਜੀ ਦਾ ਸੁਭਾਅ ਦੇਖ ਕਿਹਾ, 'ਨਾਨਕ ਜੀ ਤੂੰ ਆਪਣੇ ਖ਼ੁਦਾਇ ਦੇ ਨਾਇ ਤੇ ਬੋਲ, ਰਜਾਇ ਖ਼ੁਦਾਇ ਬੋਲ, ਇਕ ਭੋਰਾ ਕੁ ਬੋਲ।' 'ਰਜ਼ਾਇ ਖ਼ੁਦਾਇ' ਕਹਿਆ ਤਾਂ ਆਪ ਜੀ ਨੇ ਸਿਰਫ਼ ਇੰਨਾ ਹੀ ਬਚਨ ਕੀਤਾ, 'ਦੁਨੀਆਂ ਮੁਕਾਮੇ ਫਾਨੀ'। ਉਨ੍ਹਾਂ ਦੀ ਬਾਣੀ ਸੁਣ ਕੇ ਲੋਕੀਂ ਬੋਲ ਉੱਠੇ, 'ਵਾਹ ਹੈ ਨਾਨਕ। ਜਿਸ ਅਸਾਂ ਪਹੁੰਚ ਖ਼ੁਦਾਇ ਦਿੱਤੀ ਹੈ।' ਜਨਮ ਸਾਖੀ ਅਨੁਸਾਰ ਸਦਾ ਨਸੀਹਤ ਦੇਵੇ, 'ਦੀਨ ਕੇ ਰਾਹ ਦੀ।' ਰਤਨ ਚੰਦ ਬਾਲ ਨੇ ਖਾਲਿਸ-ਨਾਮਾ ਵਿਚ ਲਿਖਿਆ ਹੈ ਕਿ ਬਚਪਨ ਤੋਂ ਹੀ ਉਨ੍ਹਾਂ ਦੇ ਚਿਹਰੇ ਤੋਂ ਨੂਰਾਨੀ ਝਲਕਾਂ ਲਿਸ਼ਕਣ ਲੱਗ ਪਈਆਂ ਸਨ ਅਤੇ ਕਰਾਮਾਤਾਂ ਦੇ ਚਿੰਨ੍ਹ ਉਨ੍ਹਾਂ ਦੇ ਮਸਤਕ 'ਤੇ ਪ੍ਰਤੱਖ ਦਿੱਸਦੇ ਸਨ।

ਪੜ੍ਹਾਈ : ਜਦ ਸੱਤਾਂ ਵਰ੍ਹਿਆਂ ਦੇ ਹੋਏ ਤਾਂ ਗੁਰੂ ਨਾਨਕ ਜੀ ਨੂੰ ਪੜ੍ਹਨੇ ਪਾਇਆ ਗਿਆ। ਉਨ੍ਹਾਂ ਪਹਿਲਾ ਪ੍ਰਸ਼ਨ ਹੀ ਪਾਂਧੇ ਪਾਸ ਇਹ ਕੀਤਾ : 'ਪਾਂਧੇ ਤੂੰ ਕੁਝ ਪੜ੍ਹਿਆ ਹੈ

---

1. ਦੇ ਕੇ ਰੰਕਨ ਬਹੁ ਸੁਖ ਪਾਵੈ। (ਗੁਰ ਪੁਰ ਪ੍ਰੇਮ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਜੋ ਮੇਰੇ ਤਾਈਂ ਪੜ੍ਹਾਉਂਦਾ ਹੈਂ ?' ਠੀਕ ਕਿਹਾ ਸੀ ਬਾਬੇ ਨੇ। ਪਾਂਧਾ ਇਹ ਬਗ਼ੈਰ ਜਾਣੇ ਹੀ ਕਿ ਉਸ ਦੀ ਪੜ੍ਹਾਈ ਦਾ ਕੀ ਸਿੱਟਾ ਨਿਕਲਦਾ ਹੈ, ਪੜ੍ਹਾਈ ਤੁਰੀ ਜਾ ਰਿਹਾ ਹੈ। ਉਥੇ ਹੀ ਮਹਾਰਾਜ ਦੇ ਬਚਨ ਸਨ ਕਿ ਉਸ ਵਿੱਦਿਆ ਦਾ ਕੀ ਪੜ੍ਹਿਆ ਜੇ ਮਾਇਆ ਦਾ ਜੰਜਾਲ ਹੀ ਨਾ ਟੁੱਟਾ। ਜਿਸ ਦੇ ਲਿਖਣ ਨਾਲ ਵਿਕਾਰ ਹੀ ਫ਼ੈਲਦੇ ਹਨ, ਉਸ ਦੇ ਲਿਖਣ ਦਾ ਕੀ ਲਾਭ ? ਸਾਡੀ ਸਾਰੀ ਪੜ੍ਹਾਈ ਵਿਹਲੜ, ਆਲਸੀ, ਕੰਮਚੋਰ, ਮਾਇਆ ਇਕੱਠੀ ਕਰਨ ਲਈ ਤਰਲਿਆਂ ਵਾਲੇ ਪੁਰਸ਼ ਪੈਦਾ ਕਰ ਰਹੀ ਹੈ। ਪੜ੍ਹਾਈ ਤਾਂ ਐਸੀ ਹੋਵੇ ਜੋ ਪਕੜ ਗਵਾਇ, ਮੋਹ ਤੋੜੇ, ਸਾਧਨਾਂ ਲਈ ਲਗਨ ਪੈਦਾ ਕਰੇ, ਅੰਦਰ ਉਤਸ਼ਾਹ ਜਗਾਏ; ਚਾਅ ਪੈਦਾ ਕਰੇ, ਹਿਰਦੇ 'ਤੇ ਡੂੰਘੀ ਛਾਪ ਲਗਾਏ। ਕੁਝ ਕਰ ਗੁਜ਼ਰਨ ਦਾ ਉਮਾਹ ਉਪਜਾਏ। ਪਰਮੇਸ਼ਰ ਨਾ ਵਿਸਰਨ ਦੇਵੇ। ਇਹ ਯਕੀਨੀ ਹੈ ਕਿ ਸਭ ਉੱਥਲ ਪੁੱਥਲ ਤਦੇ ਹੀ ਹੋ ਰਹੀ ਹੈ ਜੋ ਵਿਚੋਂ ਪਰਮੇਸ਼ਰ ਨਿਕਲ ਗਿਆ ਹੈ। ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਵਿਦਿਆਰਥੀ ਜੋ ਸਾੜ ਫੂਕ ਕਰਦਾ ਹੈ, ਇਸ ਵਿਚ ਉਸਦਾ ਅਸੰਤੋਸ਼ ਹੀ ਪ੍ਰਗਟ ਹੁੰਦਾ ਹੈ। ਅਸੰਤੁਸ਼ਟਤਾ ਮਹਿਸੂਸ ਕਰਦੇ ਹੀ ਉਹ ਅੰਦਰ ਦੀ ਟੇਕ ਨਾਲੋਂ ਬਾਹਰੋਂ ਸਹਾਰਾ ਲੱਭਦਾ ਹੈ। ਵਿਦਿਆਰਥੀਆਂ ਵਿਚ ਨਸ਼ਾ, ਸ਼ਰਾਬ, ਮਾਰਜੁਆਨਾ, ਮਾਰਥੇਡੀਨ, ਐਲ. ਐਸ. ਡੀ. ਤੇ ਸਿਗਰਟ ਨਿੱਤ ਵਰਤੋਂ ਬਣਨ ਦਾ ਕਾਰਨ, ਪਰਮੇਸ਼ਰ ਭੁੱਲਣਾ ਹੈ। ਪਰਮਾਤਮਾ ਲਿਖਣ ਦੀ ਜਾਚ ਹੀ ਉਸ ਨੂੰ ਭੁੱਲ ਗਈ ਹੈ। ਉਸ ਨੂੰ ਵਾਰ-ਵਾਰ ਇਹ ਕਹਿਣ ਦੀ ਲੋੜ ਹੈ **'ਲਿਖੁ ਨਾਮੁ, ਸਾਲਾਹ ਲਿਖੁ, ਲਿਖੁ ਅੰਤ ਨ ਪਾਰਾਵਾਰੁ॥'**

(ਸਿਰੀ ਰਾਗ ਮਹਲਾ ੧)

ਗੁਰੂ ਜੀ ਨੇ 'ਪੱਟੀ ਲਿਖੀ' ਦੀ ਰਹਾਉ ਦੀ ਤੁਕ ਵਿਚ ਬੜੀ ਕਰੜੀ ਚੇਤਾਵਨੀ ਦਿੱਤੀ ਹੈ ਕਿ ਹੇ ਮੂਰਖ! ਅਸਲ ਜੀਵਨ ਰਾਹ ਤੋਂ ਕਿਉਂ ਲਾਂਭੇ ਜਾ ਰਿਹਾ ਹੈਂ। ਤਦੋਂ ਹੀ ਤੂੰ ਪੜ੍ਹਿਆ ਹੋਇਆ ਵਿਦਵਾਨ ਸਮਝਿਆ ਜਾ ਸਕੇਂਗਾ ਜਦੋਂ ਸੰਸਾਰ ਵਿਚ ਸੁਰਖ਼ਰੂ ਹੋ ਕੇ ਫਿਰਨ ਦੀ ਜਾਚ ਤੈਨੂੰ ਆ ਜਾਵੇਗੀ।

'ਮਨ ਕਾਹੇ ਭੂਲੇ ਮੂੜ ਮਨਾ।
ਜਬ ਲੇਖਾ ਦੇਵਹਿ ਬੀਰਾ, ਤਉ ਪੜਿਆ॥' ੧॥ ਰਹਾਉ॥

(ਰਾਗ ਆਸਾ ਮਹਲਾ ੧, ਪੱਟੀ ਲਿਖੀ)

ਪੜ੍ਹੇ ਹੋਏ ਨੂੰ ਪੈਂਤੀ ਦਾ ਪਹਿਲਾ ਅੱਖਰ ਪੜ੍ਹਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਪਹਿਲਾਂ ਇਸ ਸ੍ਰਿਸ਼ਟੀ ਬਾਰੇ ਜਾਣਨਾ ਜ਼ਰੂਰੀ ਹੈ, ਫਿਰ ਉਸ ਬਾਰੇ ਜਿਸ ਸਾਜੀ ਅਤੇ ਉਨ੍ਹਾਂ ਦਾ ਹੀ ਆਉਣਾ ਸਫ਼ਲ ਹੈ ਜਿਨ੍ਹਾਂ ਦਾ ਮਨ ਪ੍ਰਭੂ ਤੋਂ ਕਿਸੇ ਪਾਸੇ ਨਹੀਂ ਭੱਜਿਆ। ਜ਼ਿੰਦਗੀ ਭਰ ਜੋ ਇਕ ਟਿਕ ਤੁਰੀ ਹੀ ਗਏ, ਮੰਜ਼ਿਲ ਨੂੰ ਉਨ੍ਹਾਂ ਨੇ ਹੀ ਪਾਇਆ। 'ਸੇਵਤ ਰਹੇ ਚਿਤੁ ਜਿਨ ਕਾ ਲਾਗਾ, ਆਇਆ ਤਿਨਕਾ ਸਫਲੁ ਭਇਆ।' ਵਿਕਾਰ ਤੇ ਭਟਕਣਾ ਉਸੇ ਵੇਲੇ ਪੈਦਾ ਹੁੰਦੀ ਹੈ, ਜਦ ਮਨੁੱਖ ਇਹ ਸਮਝਣ ਲੱਗ ਪੈਂਦਾ ਹੈ ਕਿ ਉਸ ਤੋਂ ਬਗ਼ੈਰ ਵੀ ਹੋਰ ਕੋਈ ਰਿਜ਼ਕ ਦੇਣ ਵਾਲਾ ਹੈ। ਜੇ ਕੋਈ ਇਹ ਜਾਣ ਲਵੇ ਕਿ ਰਿਜ਼ਕ ਦਾਤਾ ਕੇਵਲ ਉਹ ਹੀ ਹੈ, ਉਸ ਨੂੰ ਵਿਕਾਰ ਪੋਹ ਨਹੀਂ ਸਕਦੇ। 'ਤਿਸ ਸਿਰ ਲੇਖ ਨਾ ਹੋਈ' ਗੁਰੂ ਨਾਨਕ ਜੀ ਦਾ ਫ਼ਰਮਾਨ ਸੀ। ਸਾਰੀ ਉਮਰ ਢੂੰਡਾਊ (ਸੀਕਰ)

Sri Satguru Jagjit Singh Ji eLibrary NamdhariElibrary@gmail.com

ਰਹਿਣਾ ਹੀ ਅਸਲ ਪੜ੍ਹਾਈ ਹੈ :

'ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ॥'

ਜਿਸ ਨੇ ਉਸ ਦੇ ਬੇਅੰਤ ਹੋਣ ਨੂੰ ਜਾਣ ਲਿਆ ਹੈ, ਮੈਂ ਮੈਂ ਨਹੀਂ ਕਰਦਾ ਸਗੋਂ ਤੂੰ ਤੂੰ ਕਰਦਾ ਹੈ, ਐਸਾ ਪੜ੍ਹਿਆ ਹੋਇਆ ਸੁਆਰਥੀ ਜੀਵਨ ਮੁਕਾ ਲੈਂਦਾ ਹੈ। ਸਾਰੀ ਵਿੱਦਿਆ ਪ੍ਰਣਾਲੀ ਦਾ ਦੋਸ਼ ਇਹ ਹੀ ਹੈ ਕਿ ਪੜ੍ਹਿਆ ਹੋਇਆ ਮਾਇਆ ਦੇ ਪਿੱਛੇ ਭਟਕਦਾ ਹੈ ਤੇ ਜਦ ਨਹੀਂ ਮਿਲਦੀ ਤਾਂ ਵਿਸ਼ਵਾਸ ਛੱਡ ਬੈਠਦਾ ਹੈ। ਵਿਦਵਾਨ ਉਸੇ ਨੂੰ ਸਮਝਣਾ ਚਾਹੀਦਾ ਹੈ ਜੋ ਦੁੱਖ-ਸੁਖ ਨੂੰ ਇਕ ਕਰ ਜਾਣੇ ਤੇ ਜ਼ਿੰਦਗੀ ਸੇਵਕ ਵਾਲੀ ਬਣਾਏ ਤੇ ਸੇਵਕਾਂ ਵਾਲੀ ਹੀ ਕਰੜੀ ਘਾਲ ਘਾਲੇ। ਸੇਵਾ ਹੀ ਨਿਮ੍ਰਤਾ ਪੈਦਾ ਕਰਦੀ ਹੈ ਪਰ ਸੇਵਾ ਤਾਂ ਇਕ ਪਾਸੇ ਰਹੀ, ਪੜ੍ਹਿਆ-ਲਿਖਿਆ ਨਿਮ੍ਰਤਾ ਹੀ ਗੁਆ ਲੈਂਦਾ ਹੈ। ਨਿਮ੍ਰਤਾ ਨਾ ਹੋਣ ਕਾਰਨ ਫਿਰ ਕੌੜਾ ਬੋਲਦਾ ਹੈ ਤੇ ਦੂਜਿਆਂ ਦੇ ਔਗੁਣ ਛਾਂਟਦਾ ਹੈ। ਗੁਰੂ ਜੀ ਦੀ ਪੱਟੀ ਲਿਖੀ ਦੀਆਂ ਇਹ ਤੁਕਾਂ ਤਾਂ ਹਰ ਸਕੂਲ ਤੇ ਕਾਲਜ ਦੇ ਬਾਹਰ ਲਿਖ ਕੇ ਲਟਕਾ ਦੇਣੀਆਂ ਚਾਹੀਦੀਆਂ ਹਨ ਅਤੇ ਪੂਰਨ ਕੋਸ਼ਿਸ਼ ਕਰਕੇ ਵਿਦਿਆਰਥੀਆਂ ਦੇ ਹਿਰਦੇ 'ਤੇ ਉਕਰ ਦੇਣੀਆਂ ਚਾਹੀਦੀਆਂ ਹਨ।

'ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥' ੨੧॥

(ਪੱਟੀ ਲਿਖੀ)

ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ ਕਿ 'ਨਾਨਕ ਪਾਠਸ਼ਾਲਾ ਵਿਚ ਬਾਲਕਾਂ ਨਾਲ ਪ੍ਰਮੇਸ਼ਰ ਕੀ ਹੀ ਬਾਤ ਕਰੇ।' ਤਾਰੀਖ਼-ਇ-ਪੰਜਾਬ ਵਿਚ ਲਿਖਿਆ ਹੈ ਕਿ ਜਦ ਗੁਰੂ ਨਾਨਕ ਜੀ ਨੂੰ ਵਿੱਦਿਆ ਪ੍ਰਣਾਲੀ ਲਈ ਇਕ ਉਸਤਾਦ ਪਾਸ ਬਿਠਾਇਆ ਗਿਆ ਤਾਂ ਉਸਤਾਦ ਬਾਬਾ ਜੀ ਦੇ ਬਚਨ ਕਾਮਲ ਸੰਕੇਤ ਸੁਣ ਕੇ ਹੈਰਾਨ ਰਹਿ ਗਿਆ। ਉਸ ਨੂੰ ਯਕੀਨ ਹੋ ਗਿਆ ਕਿ ਬਾਲਕ ਜਮਾਂਦਰੂ ਹੀ ਵਲੀ ਹੈ। ਜਦ ਗੁਰੂ ਜੀ ਨੂੰ ਮੁੱਲਾਂ ਪਾਸ ਬੁੱਧਵਾਰ ਪੜ੍ਹਨੇ ਪਾਇਆ ਗਿਆ ਤਾਂ ਇਕੋ ਵਾਰੀ ਅਰਬੀ ਦੀ ਵਰਣਮਾਲਾ ਉਨ੍ਹਾਂ ਪੜ੍ਹ ਲਈ। ਮੁੱਲਾਂ ਨੇ ਚਮਤਕਾਰ ਦੇਖ ਕਿਹਾ :

"ਸੁਬਾਹਨ-ਅੱਲਾ ਰੁਬੁਉਲਆਲਮੀਨ। ਇਸਦੇ ਤਾਈਂ ਵੱਡੀ ਇਨਾਇਤ ਰੁਬੁ-ਉਲ-ਆਲਮੀਨ ਦੀ ਹੈ। ਨਾਨਕ ਜੀ ਦੇ ਤਾਈਂ ਇਸ ਜਹਾਨ ਵਿਚ ਇਉਂ ਕੋਈ ਨਹੀਂ ਪੜ੍ਹਾ ਸਕਦਾ। ਇਹ ਕੋਈ ਵਲੀ ਹੈ ਜੋ ਸੁਣਦਿਆਂ ਸਾਰ ਯਾਦ (ਜ਼ਬਿਤ) ਕਰ ਲੈਂਦਾ ਹੈ।"

ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਮਾਤਾ-ਪਿਤਾ ਪਹਿਲੇ ਦਿਨ ਸ਼ੱਕਰ ਦਾ ਭਰਿਆ ਥਾਲ ਤੇ ਉੱਤੇ ਪੰਜ ਰੁਪਏ ਰੱਖ ਕੇ ਪਾਂਧੇ ਪਾਸ ਜਦ ਪੜ੍ਹਾਉਣ ਲਈ ਲਿਆਏ ਤਾਂ ਅੱਗੇ ਰੱਖਣ ਵੇਲੇ ਸ਼ੱਕਰ ਦਾ ਥਾਲ ਡੁਲ੍ਹ ਗਿਆ ਤਾਂ ਬਾਕੀ ਸਭ ਵਿਦਿਆਰਥੀ ਸ਼ੱਕਰ ਚੁੱਕ ਚੱਟਣ ਲੱਗੇ ਤਾਂ ਪਾਂਧੇ ਨੇ ਕਿਹਾ ਕਿ ਇਸ ਦੀ ਭਗਤੀ 'ਤੇ ਸਾਰਾ ਜਗ ਵਰਸਾਵੇਗਾ। ਪਾਂਧੇ ਦਾ ਨਾਂ ਕੁਤਬਦੀਨ ਲਿਖਿਆ ਮਿਲਦਾ ਹੈ। ਮਹਿਮਾ ਪ੍ਰਕਾਸ਼[1] ਅਨੁਸਾਰ ਜਦ ਪੱਟੀ 'ਤੇ ਅਲਫ ਬੇਇ ਪਾਇਆ ਤਾਂ ਆਪ ਜੀ ਨੇ ਕਿਹਾ :

---

1. ਸਾਖੀ ਮੁਲਾਂ ਕੇ ਪਾਸ ਪੜ੍ਹਨੇ ਕੀ

Sri Satguru Jagjit Singh Ji eLibrary NamdhariElibrary@gmail.com

'ਅਲਫ਼ ਬੇਇ ਤੁਮ ਹਮ ਲਿਖ ਦੀਨਾ॥
ਮਾਇਨੇ ਅਲਫ਼ ਨਹੀਂ ਤੁਮ ਚੀਨਾ॥
ਸਮਝ ਅਲਫ਼ ਇਲ ਮਹਿ ਬਜਾਵੈ॥
ਹੋਇ ਨਜਾਤ ਦੋਜਖ ਨਹੀਂ ਜਾਵੈ॥'

ਜੇ ਕੋਈ ਉਨ੍ਹਾਂ ਪਾਸ ਹਿੰਦੂ ਆਏ ਤਾਂ ਹਿੰਦਵੀ ਵਿਚ ਉਸ ਦੀ ਤਸੱਲੀ ਕਰਾਉਣ ਤੇ ਜੇ ਮੁਸਲਮਾਨ ਆਏ ਤਾਂ ਅਰਬੀ ਵਿਚ। ਕਨਿੰਘਮ ਵੀ ਲਿਖਦਾ ਹੈ ਕਿ "ਮੀਰ ਸਯਦ ਹਸਨ ਜੋ ਉਸ ਦੇਸ਼ ਵਿਚ ਔਲੀਆ, ਕਰਾਮਾਤੀ, ਸੁਲਹਕੁਲ ਬੇਲਾਗ ਪੀਰ ਮੰਨਿਆ ਹੋਇਆ ਸੀ, ਮਹਿਤਾ ਕਾਲੂ ਦੇ ਘਰ ਪਾਸ ਹੀ ਰਹਿੰਦਾ ਸੀ। ਉਹ ਵੀ ਬਾਬੇ ਕੋਲੋਂ ਸੀਹਰਫ਼ੀ ਸੁਣ ਕੇ ਹੱਕਾ-ਬੱਕਾ ਰਹਿ ਗਿਆ ਸੀ। ਉਸ ਦਿਨ ਤੋਂ ਬਾਬਾ ਜੀ ਨਾਲ ਬਹੁਤ ਪਿਆਰ ਤੇ ਪੱਖ ਰੱਖਣ ਲੱਗ ਪਿਆ।"

ਇਹ ਸਭ ਕੁਝ ਦੇਖ ਪੰਡਤ ਬ੍ਰਿਜਨਾਥ ਨੇ ਕਿਹਾ ਕਿ ਸ਼ਾਇਦ ਹੋਰਨਾਂ ਵਿੱਦਿਆ ਨੂੰ ਕੱਚੀਆਂ ਜਾਣਦਾ ਹੋਵੇ ਅਤੇ ਨਿਰੋਲ ਸੰਸਕ੍ਰਿਤ ਪੜ੍ਹਾਈ ਚੰਗੀ ਸਮਝਦਾ ਹੋਵੇ। ਬ੍ਰਿਜਨਾਥ ਕੋਲ ਪੁੱਜਦੇ ਸਾਰ ਇਹ ਬਚਨ ਕੀਤੇ ਕਿ ਬ੍ਰਿਜਨਾਥ ਤਾਂ ਕ੍ਰਿਸ਼ਨ ਦਾ ਨਾਂ ਹੈ, ਤੁਸਾਂ ਕਿਉਂ ਰੱਖਿਆ। ਬ੍ਰਿਜਨਾਥ ਅਵਾਕ ਹੋ ਗਿਆ। ਉਸ ਨੂੰ ਕਹਿਣਾ ਪਿਆ ਕਿ ਨਾਨਕ ਸਭ ਆਤਮਕ ਗਿਆਨ ਦਾ ਸੋਮਾ ਹੈ। ਉਸ ਨੂੰ ਫਿਰ ਜਦ ਅਰਥ ਸਮਝਾਉਣ ਲਈ ਕਿਹਾ ਤਾਂ ਬ੍ਰਿਜਨਾਥ ਜੀ ਨੇ ਕਿਹਾ ਕਿ ਅਰਥ ਅਜੇ ਤੁਹਾਡੇ ਵੱਸ ਵਿਚ ਦੀ ਗੱਲ ਨਹੀਂ। ਬਾਬੇ ਨਾਨਕ ਨੇ ਫਿਰ ਕਿਹਾ : **ਅਰਥ ਬਿਨਾਂ ਪੜ੍ਹਨਾ ਹਨੇਰੇ ਵਿਚ ਹੱਥ ਮਾਰਨਾ ਹੈ**। ਓਂਕਾਰ, ਬ੍ਰਹਮਾ ਉਤਪਤਿ ਦੀ ਵਿਚਾਰ ਉਸ ਨਾਲ ਕੀਤੀ। ਪੰਡਿਤ ਜੀ ਨੂੰ ਮੰਨਣਾ ਪਿਆ ਕਿ ਉਸ ਪਾਸ ਸਿਖਲਾਉਣ ਲਈ ਕੁਝ ਨਹੀਂ ਰਿਹਾ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਵਿੱਦਿਆ ਨੂੰ ਵੀ ਸਾਧਨ ਹੀ ਕਿਹਾ। ਭੀਤਰ ਵਸਤੂ ਪ੍ਰਗਟ ਕਰਨੀ ਹੀ ਅਸਲ ਵਿੱਦਿਆ ਦਾ ਮਨੋਰਥ ਹੈ। ਆਸਾ ਰਾਗ ਦੇ ਇਕ ਸ਼ਬਦ ਵਿਚ ਵਿਆਖਿਆ ਕਰਦੇ ਫ਼ਰਮਾਇਆ ਕਿ ਮਨ ਲਗੈ ਤਾਂ ਹੀ ਘੁੰਘਰੂ ਵੱਜਿਆ ਜਾਣੋ। ਆਸ ਨਿਰਾਸੀ ਹੈ ਤਾਂ ਹੀ ਸੰਨਿਆਸੀ ਸਮਝੋ, ਜੇ ਪੰਜਾਂ ਕਾਮਾਦਿਕ ਨੂੰ ਵੱਸ ਕਰ ਲਿਆ ਹੈ ਤਾਂ ਹੀ ਤੀਰਥ ਇਸ਼ਨਾਨੀ ਆਖੋ, ਜੇ ਦਇਆ ਹੈ, ਦੇਹੀ ਨੂੰ ਕਾਬੂ ਰੱਖਿਆ ਹੈ ਤਾਂ ਹੀ ਦਿਗੰਬਰ ਭਾਖੋ। ਆਪੇ 'ਤੇ ਕਾਬੂ ਪਾਉਣ ਵਾਲਾ, ਕਦੇ ਕਿਸੇ ਦੂਜੇ 'ਤੇ ਹੱਥ ਨਹੀਂ ਉਠਾਂਦਾ ਅਤੇ ਉਹ ਹੀ ਹੈ ਵਿੱਦਿਆ ਵਿਚਾਰੀ, ਵਿਦਵਾਨ, ਜੋ ਪਰਉਪਕਾਰੀ ਹੈ। ਵਿੱਦਿਆ ਪਰਉਪਕਾਰ ਲਈ ਸਾਧਨ ਬਣੇ :

'ਵਿਦਿਆ ਵੀਚਾਰੀ ਤਾਂ ਪਰਉਪਕਾਰੀ॥
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ॥ ੧॥
ਘੁੰਘਰੂ ਵਾਜੈ ਜੇ ਮਨੁ ਲਾਗੈ॥
ਤਉ ਜਮ ਕਹਾ ਕਰੇ, ਮੋ ਸਿਉ ਆਗੈ॥ ੧॥ ਰਹਾਉ॥
ਆਸ ਨਿਰਾਸੀ ਤਉ ਸੰਨਿਆਸੀ॥
ਜਾਂ ਜਤੁ ਜੋਗੀ ਤਾਂ ਕਾਇਆ ਭੋਗੀ॥ ੨॥

Sri Satguru Jagjit Singh Ji eLibrary NamdhariElibrary@gmail.com

ਦਇਆ ਦਿਗੰਬਰੁ ਦੇਹ ਬੀਚਾਰੀ॥
ਆਪ ਮਰੈ, ਅਵਰਾ ਨਹ ਮਾਰੀ'॥ ੩॥

(ਆਸਾ ਮਹਲਾ ੧, ਪੰਨਾ ੩੫੬)

ਆਪ ਜੀ ਨੇ ਆਪਣਾ ਵਿੱਦਿਅਕ ਨਜ਼ਰੀਆ ਦੇਂਦੇ ਕਿਹਾ : ਗਿਆਨ ਦੀ ਸਾਨ ਤੇ ਵਿੱਦਿਆ ਦੀ ਧਾਰ, ਤਿੱਖੀ ਕਰੀ ਜਾਣੀ ਹੈ ਪਰ ਨਾਲ ਭਗਤੀ ਦੀ ਮੁੱਠ ਜ਼ਰੂਰੀ ਹੋਵੇ। ਕਲਮ ਦੀ ਕੁਵਰਤੋਂ ਵੀ ਉਤਨੀ ਹੀ ਮਾੜੀ ਹੈ ਜਿਤਨੀ ਤਲਵਾਰ ਦੀ।[1]

ਜੰਞੂ : ਜਦੋਂ ਨੌਂ ਵਰ੍ਹਿਆਂ ਦੇ ਹੋਏ ਤਾਂ ਜੰਞੂ ਪਾਉਣ ਦੀ ਰਸਮ ਦਾ ਵੇਲਾ ਆਇਆ। ਜੁੜੀ ਬਰਾਦਰੀ ਦੇ ਸਾਹਮਣੇ ਆਪ ਜੀ ਨੇ ਜੰਞੂ ਪਾਉਣ ਤੋਂ ਇਨਕਾਰ ਕਰ ਦਿੱਤਾ।

ਆਪ ਜੀ ਨੇ ਚਾਰ ਭਾਵ ਪੂਰਤ ਸਵਾਲ ਪੰਡਿਤ 'ਤੇ ਕੀਤੇ। ਸਵਾਲ ਸਨ : ਕਿਉਂ ਇਹ ਜੰਞੂ ਪਾ ਰਹੇ ਹੋ? ਕੀ ਵਾਧਾ ਹੋਵੇਗਾ ਪਾਉਣ ਨਾਲ? ਕਿਸ ਪਦਵੀ ਨੂੰ ਇਹ ਪਹੁੰਚਾਵੇਗਾ? ਅਤੇ ਕੀ ਘਟ ਜਾਵੇਗਾ ਇਸ ਦੇ ਨਾ ਪਹਿਨਣ ਨਾਲ?

ਉੱਤਰ ਵਜੋਂ ਪੰਡਿਤ ਨੇ ਕਿਹਾ : ਨਾਂਹ ਪਾਈਏ ਤਾਂ ਬ੍ਰਾਹਮਣ ਤੇ ਖੱਤਰੀ ਦਾ ਧਰਮ ਨਹੀਂ ਰਹਿੰਦਾ।

ਮਹਾਰਾਜ ਨੇ ਮੋੜਵੀਂ ਪਰ ਲੱਗਦੀ ਗੱਲ ਕਹੀ : ਤੁਸੀਂ ਦੱਸੋ ਪੰਡਿਤ ਜੀ! ਕਿਹੜਾ ਕੁਕਰਮ ਨਹੀਂ ਜੋ ਬ੍ਰਾਹਮਣ ਤੇ ਖੱਤਰੀ ਧਨ ਦੇ ਲਾਲਚ ਹਿਤ ਨਹੀਂ ਕਰ ਰਿਹਾ। ਚੁਗ਼ਲਖ਼ੋਰ ਹੋ ਕੇ ਖੱਤਰੀਆਂ ਨੇ ਗ਼ੁਲਾਮੀ ਦੀ ਜ਼ੰਜੀਰ ਸਭ ਨੂੰ ਪਵਾ ਦਿੱਤੀ ਹੈ।

"ਪਾਏ ਸੂਤ ਗਰ ਕਰਤ ਕੁਕਰਮਾ।
ਧਨ ਹਿਤ ਹਿੰਸਾ ਧੋਹਿ ਅਧਰਮਾ।
ਅੰਤ ਪ੍ਰਯੰਤ ਦੁਸ਼ਟਤਾ ਧਾਰੇ।
ਪਿਸਨੇਤਾ (ਚੁਗਲੀ) ਚਿਤ ਹਿਤਕਾਰੇ। ੧੫।

(ਸ੍ਰੀ ਗੁਰ ਪੁਰ ਪ੍ਰਕਾਸ਼)

ਸਦੀਆਂ ਤੋਂ ਬਣੇ ਬ੍ਰਾਹਮਣ ਦੇ ਭੱੜ ਦੇ ਤੋੜਨ ਦਾ ਪਹਿਲਾ ਸਫ਼ਲ ਯਤਨ ਸੀ। ਧਰਮ ਦੇ ਰਾਖਿਆਂ ਵਲੋਂ ਹੁੰਦੇ ਜਬਰ 'ਤੇ ਇਹ ਕਰਾਰੀ ਸੱਟ ਸੀ ਜੋ ਬਾਬੇ ਨੇ ਮਾਰੀ। ਬ੍ਰਾਹਮਣ ਦਾ ਜੰਞੂ ਤੀਹਰੇ ਧਾਗੇ ਦਾ ਸੀ, ਖੱਤਰੀ ਲਈ ਦੂਹਰੇ ਤੇ ਵੈਸ਼ ਲਈ ਇਕੇਰੇ ਧਾਗੇ ਦਾ ਸੀ ਪਰ ਸ਼ੂਦਰ ਨੂੰ ਇਸ ਦੇ ਪਾਉਣ ਦਾ ਅਧਿਕਾਰ ਨਹੀਂ ਸੀ। ਫਿਰ ਬ੍ਰਾਹਮਣ ਬਸੰਤ ਰੁੱਤੇ, ਖੱਤਰੀ ਗਰਮੀ ਦੀ ਅਤੇ ਵੈਸ਼ ਪਤਝੜ ਵਿਚ ਪਹਿਨਦਾ ਸੀ। ਬ੍ਰਾਹਮਣ ਜਬਰ ਨਾਲ ਮੂੰਹ ਮੰਗੀ ਦੱਛਣਾ ਤੇ ਖਾਣਾ ਮੰਗਦੇ ਸਨ। ਜਿਸ ਵਿਚਾਰੇ ਕਿਰਤੀ ਕੋਲ ਢੰਗ ਦੀ ਰੋਟੀ ਵੀ ਨਹੀਂ ਸੀ ਉਸ ਨੂੰ ਮਜਬੂਰ ਕੀਤਾ ਜਾਂਦਾ ਸੀ ਕਿ ਉਹ ਜਸ਼ਨ ਕਰਾਏ, ਕੁਹਿ ਬਕਰਾ ਰਿੰਨ੍ਹ ਖੁਆਏ। ਧਰਮ ਦੇ ਸਹਾਰੇ ਐਸੇ ਕੁਕਰਮ ਕਰਨ ਵਾਲੇ ਬ੍ਰਾਹਮਣ ਨੂੰ ਕੁਰੀਤੀਆਂ ਤੋਂ ਰੋਕਣਾ ਇਕ ਇਨਕਲਾਬ ਹੀ ਸੀ। ਪਿੱਛੋਂ ਜਾ ਕੇ (੨੦੦ ਸਾਲ ਬਾਅਦ) ਜਦ ਔਰੰਗਜ਼ੇਬ ਨੇ ਜਬਰੀ ਜੰਞੂ

---

1. ਗਿਆਨ ਸਾਨ ਪਰ ਤੇਜ ਸੁ ਧਾਰਾ।
ਭਗਤ ਮੁਸਟ ਕੇ ਸੰਗ ਜਟੀ ਸੋ।
ਦਿੱਢ ਬੈਰਾਗ ਅਕਾਰ ਘਟੀ ਸੋ।

Sri Satguru Jagjit Singh Ji eLibrary NamdhariElibrary@gmail.com

ਉਤਾਰਨਾ ਚਾਹਿਆ ਤਾਂ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਹੀ ਕੁਰਬਾਨ ਕਰ ਦਿੱਤਾ। ਇਤਿਹਾਸ ਦਾ ਵਿਦਿਆਰਥੀ ਤਾਂ ਹੈਰਾਨ ਹੁੰਦਾ ਹੈ ਕਿ **ਨੌਂ ਸਾਲ ਦੇ ਗੁਰੂ ਨਾਨਕ ਕਹਿੰਦੇ ਹਨ ਕਿ ਮੈਂ ਜੰਞੂ ਨਹੀਂ ਪਾਉਣਾ, ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਜੀ ਆਖਦੇ ਹਨ ਕਿ ਮੈਂ ਜੰਞੂ ਉਤਰਨ ਨਹੀਂ ਦੇਣਾ! ਗੁਰੂ ਨਾਨਕ ਦੇਵ ਜੀ ਦੇ ਪਿਤਾ ਕਹਿੰਦੇ ਹਨ 'ਬੱਚਾ ਪਾ ਲੈ।'** ਉੱਧਰ ਗੁਰੂ ਗੋਬਿੰਦ ਸਿੰਘ ਜੀ ਪਿਤਾ ਨੂੰ ਕਹਿੰਦੇ ਹਨ : 'ਜੰਞੂ ਦੀ ਰੱਖਿਆ ਕਰੋ।' ਲੜਾਈ ਨਾ ਪਾਉਣ ਦੀ ਹੈ, ਨਾ ਹੀ ਉਤਾਰਨ ਦੀ ਹੈ। ਲੜਾਈ ਵਿਤਕਰੇ ਵਿਰੁੱਧ, ਜਬਰ ਵਿਰੁੱਧ ਹੈ। ਇਹ ਕੋਈ ਦੋਹਾਂ ਕਰਮਾਂ ਦੀ ਆਪਸੀ ਵਿਰੋਧਤਾ ਨਹੀਂ। ਜਿਸ ਨੇ ਤਲਵੰਡੀ ਦੀ ਆਵਾਜ਼ ਨੂੰ ਸੁਣਿਆ ਹੈ ਉਸ ਨੂੰ ਇਹ ਵਿਰੋਧਤਾ ਨਹੀਂ ਜਾਪੇਗਾ। ਗੁਰੂ ਨਾਨਕ ਦਾ ਮਤ ਸੀ, 'ਨਾ ਮੈਂ ਜਬਰ ਨਾਲ ਜੰਞੂ ਪਹਿਨਣ ਦੇਣੇ ਹਨ ਤੇ ਨਾ ਹੀ ਜਬਰ ਨਾਲ ਉਤਾਰਨ ਦੇਣੇ ਹਨ।'

ਗੁਰੂ ਘਰ ਜਬਰ ਵਿਰੁੱਧ ਇਕ ਤਕੜੀ ਆਵਾਜ਼ ਸੀ।

ਮਹਿਮਾ ਪ੍ਰਕਾਸ਼ ਅਨੁਸਾਰ ਪੰਡਿਤ ਹਰਿਦਿਆਲ ਜਦ ਜੰਞੂ ਪਾਉਣ ਲਈ ਅੱਗੇ ਵਧਿਆ ਤਾਂ ਆਪ ਹੱਸ ਬੋਲੇ ਅਤੇ 'ਦਇਆ ਕਪਾਹ, ਸੰਤੋਖ ਸੂਤੁ, ਜਤੁ ਗੰਢੀ, ਸਤੁ ਵਟੁ'[1] ਦਾ ਸਲੋਕ ਉਚਾਰਿਆ। ਮੇਹਰਬਾਨ ਦੀ ਜਨਮ ਸਾਖੀ ਅਨੁਸਾਰ, ਪੰਡਿਤ ਕੋਲੋਂ ਪੁੱਛਿਆ ਕਿ **'ਪੰਡਿਤ, ਖਤਰੀ ਕਾ ਧਰਮ ਜਨੇਊ ਸਉ ਰਹਿਤਾ ਹੈ ਕਿ ਕਰਮ ਧਰਮ ਕਰ ਰਹਿਤਾ ਹੈ।' ਉਹ ਅਵਾਕ ਹੋ ਗਿਆ। ਉਸ ਦੇ ਰੌਂਗਟੇ ਖੜ੍ਹੇ ਹੋ ਗਏ ਅਤੇ ਬੇਨਤੀ ਕੀਤੀ ਕਿ ਕੋਈ ਐਸਾ ਜੰਞੂ ਹੈ ਤਾਂ ਆਪ ਕ੍ਰਿਪਾ ਕਰਕੇ ਦੱਸੋ। ਗੁਰੂ ਜੀ ਨੇ 'ਦਇਆ ਕਪਾਹ ਵਾਲਾ ਸਲੋਕ ਉਚਾਰਿਆ'। 'ਸੁਣ ਹਰਿਦਿਆਲ ਸੁ ਆਸ ਉਪਦੇਸੂ॥ ਰਿਦੈ ਧਾਰ ਲਿਖ ਲਖਿ ਜਗਿ ਤੇਸੂ॥' ਜਦ ਪਹਿਲਾਂ ਆਪ ਜੀ ਨੂੰ ਇਕ ਮੂਰਤੀ ਅੱਗੇ ਮੱਥਾ ਟੇਕਣ ਲਈ ਕਿਹਾ ਗਿਆ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਸ ਪੱਥਰ ਅੱਗੇ ਸਿਰ ਕਿਉਂ ਝੁਕਾਵਾਂ। ਪੰਡਿਤ ਨੇ ਕਿਹਾ : 'ਵਿਸ਼ਨੂੰ ਦਾ ਸਾਕਾਰ ਰੂਪ ਹੈ।' ਗੁਰੂ ਜੀ ਨੇ ਕਿਹਾ : 'ਪੱਥਰ ਕਿਵੇਂ ਪ੍ਰਭੂ ਦਾ ਸਾਕਾਰ ਰੂਪ ਹੈ?' ਪੰਡਿਤ ਦਾ ਅੱਗੋਂ ਕਹਿਣਾ ਸੀ ਕਿ ਸਾਕਾਰ ਰੂਪ ਬਗ਼ੈਰ ਪੂਜਾ ਹੋ ਹੀ ਨਹੀਂ ਸਕਦੀ। ਗੁਰੂ ਜੀ ਨੇ ਫ਼ਰਮਾਇਆ : 'ਸਾਰੀ ਮਾਨਵ ਸ੍ਰਿਸ਼ਟੀ ਉਸ ਪਰਮਾਤਮਾ ਦਾ ਸਾਕਾਰ ਰੂਪ ਹੈ।'**

ਛੇੜੂ : ਜਦ ਦਸ ਵਰ੍ਹਿਆਂ ਦੇ ਸਨ ਤੇ ਮੱਝੀਆਂ ਨੂੰ ਲੈ ਕੇ ਖੇਤਾਂ ਵਿਚ ਛੇੜਨ ਵੀ ਜਾਂਦੇ ਸਨ। ਇਕ ਵਾਰੀ ਮੱਝੀਆਂ ਜਦ ਲਾਂਭੇ ਦੇ ਖੇਤ ਨੂੰ ਚਰ ਗਈਆਂ ਤਾਂ ਸ਼ਿਕਾਇਤਾਂ ਵੀ ਹੋਈਆਂ, ਪਰ ਜਦ ਜਾ ਕੇ ਦੇਖਿਆ ਗਿਆ ਤਾਂ ਸਭ ਕੁਝ ਹਰਿਆ ਸੀ। ਰਾਇ ਬੁਲਾਰ ਨੇ ਜੱਟ ਕੋਲੋਂ ਸਾਰਾ ਹਾਲ ਪੁੱਛਿਆ ਤਾਂ ਉਸ ਕਿਹਾ : 'ਰਾਇ ਜੀ, ਉਜਾੜਾ ਤਾਂ ਉਜਾੜੇ ਨਾਲ ਹੈ, ਪਰ ਨਾਨਕ ਕਾਲੂ ਦਾ ਪੁੱਤ **ਅਜ਼ਮਿਤ** ਵਾਲਾ ਡਿੱਠਾ, ਵੱਡੀਆਂ ਖ਼ੁਦਾਇ ਦੀਆਂ ਸਿਫ਼ਤਾਂ ਕਰਦਾ ਹੈ। ਐਸੀਆਂ ਨਸੀਹਤਾਂ ਦੇਂਦਾ ਹੈ ਕਿ, ਜਿ ਸੁਣੀਐ ਤਬ ਕਿਸੀ ਕੀ ਨਹੀਂ ਰਹਿੰਦੀ।' ਗੁਰੂ ਨਾਨਕ ਨੇ ਕਿਹਾ ਸੀ : ਭਾਈ ਵੇ! ਤੇਰਾ ਕਿਛੁ ਨਹੀਂ ਉਜੜਿਆ। ਕਿਆ ਹੋਇਆ ਕਿ ਕਿਸੇ ਮਹੀਂ ਮੂੰਹ ਮਾਰਿਆ। ਖ਼ੁਦਾਇ ਇਸੇ ਵਿਚ

1. ਆਸਾ ਦੀ ਵਾਰ ਮਹਲਾ ੧ (ਪੰਨਾ ੪੭੧)

Sri Satguru Jagjit Singh Ji eLibrary NamdhariElibrary@gmail.com

ਬਰਕਤ ਪਾਵਸੀ। ਉਸ ਸਮੇਂ ਰਾਇ ਬੁਲਾਰ ਹਾਕਮ ਤਲਵੰਡੀ ਨੇ ਕਿਹਾ :

'ਅਨਾਇਤ ਖ਼ੁਦਾ ਦੀ ਹੈ! ਕਿਆ ਮੁਸ਼ਕਲ ਹੈ ਖ਼ੁਦਾਇ ਸਰਵਰ ਦੇ, ਕਿਆ ਲੱਗਦਾ ਜਾਂ ਸਵਰਿਆ ਭਾਵੇ।' ਉਥੇ ਹੀ ਅੱਜ ਕਿਆਰਾ ਸਾਹਿਬ ਗੁਰਦੁਆਰਾ ਹੈ।

ਉਹਨਾਂ ਦੇ ਦਸਵੇਂ ਵਰ੍ਹੇ ਦੇ ਸਰੂਪ ਬਾਰੇ ਜਨਮ ਸਾਖੀ ਵਾਲੇ ਲਿਖਿਆ ਹੈ :

'ਦੇਹ ਬਾਲਕ ਸਰੂਪ, ਮਤਿ ਅਗਾਹ, ਸੰਪੂਰਨ ਮਤਿ, ਜੋਤੀ ਸਰੂਪ ਬ੍ਰਹਮ, ਸਭ ਲਗੇ ਉਸਤਤ ਕਰਨ। ਲੋਕੀਂ ਕਹਿਣ, 'ਪ੍ਰਮੇਸ਼ਰ ਕੀ ਜੋਤ ਹੁ ਵਾਹ ਵਾਹ। ਦੇਖਿਆ ਤੇ ਜੋਤ ਸਰੂਪ, ਬੋਲੇ ਤਉ ਗਿਆਨ ਰੂਪ, ਅਸਚਰਜ ਬਾਲਕ ਹੈ।'

ਰਜ਼ਾ : ਜੋ ਕੁਝ ਤਲਵੰਡੀ ਵਿਚ ਹੋਏ, ਆਪ ਜੀ ਮੁੱਖੋਂ 'ਭਲਾ ਹੋਵੇ, ਭਲਾ ਹੋਇਆ' ਹੀ ਕਹਿੰਦੇ। ਇਹ ਭਲਾ ਹੀ ਉਨ੍ਹਾਂ ਦਾ ਪਰਮ ਤੱਤ ਹੈ। 'ਸੋ ਕਰੇ ਜਿ ਤਿਸੈ ਰਜਾਇ' ਉਨ੍ਹਾਂ ਦੀ ਆਸਾ ਦੀ ਵਾਰ ਹੈ। 'ਹੁਕਮਿ ਰਜਾਈ ਚਲਣਾ' ਉਨ੍ਹਾਂ ਦੀ ਦ੍ਰਿਸ਼ਟੀ ਵਿਚ ਜਪੁ ਦੀ ਪਹਿਲੀ ਪਉੜੀ ਹੈ। 'ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ' ਉਨ੍ਹਾਂ ਦਾ ਸ਼ਬਦ ਹੈ। ਹਿਕਮਤਿ ਰਾਹੀਂ ਦੁਨੀਆਂ ਹੁੱਜਤ ਕਰਦੀ ਹੈ ਤੇ ਹੁਕਮ ਮੰਨਵਾ ਕੇ ਆਫ਼ਰੀ-ਆਫ਼ਰੀ ਫਿਰਦੀ ਹੈ। ਦੋਹਾਂ ਨੂੰ ਮਿਟਾਉਣ ਨਾਲ ਹੀ ਹਿਜਰ ਦੀ ਪੀੜ ਹਟ ਸਕੇਗੀ।' 'ਕਿਆ ਭਰਮੁ, ਕਿਆ ਮਾਇਆ ਕਹੀਐ, ਜੋ ਤਿਸ ਭਾਵੈ ਸੋਈ ਭਲਾ; ਅਤੇ 'ਜੋ ਕਿਛੁ ਕਰਣਾ ਸੁ ਕਰਿ ਰਹਿਆ' ਦੀ ਪੱਟੀ ਨਾਨਕ ਸ਼ਾਇਰ ਨੇ ਲਿਖੀ ਹੈ। 'ਤੇਰੀ ਗਤਿ ਮਿਤਿ ਤੂੰ ਹੈ ਜਾਣਹਿ ਕਿਆ ਕੋ ਆਖ ਵਖਾਣੈ', ਉਨ੍ਹਾਂ ਦੀ ਸਿੱਧ ਗੋਸ਼ਟ ਦਾ ਅੰਤਿਮ ਸਿੱਟਾ ਹੈ। ਉਨ੍ਹਾਂ ਦੇ ਉਚਾਰੇ ਤੁਖਾਰੀ ਰਾਗ ਦੇ ਬਾਰਹ ਮਾਹ, ਜਿਸ ਬਾਰੇ ਮਨੌਤ ਹੈ ਕਿ ਉਨ੍ਹਾਂ ਤਲਵੰਡੀ ਨੂੰ ਸਾਹਮਣੇ ਰੱਖ ਕੇ ਉਚਾਰਿਆ, ਦਾ ਪ੍ਰਧਾਨ ਵਿਸ਼ਾ ਭਲਾ ਹੀ ਹੈ। ਜ਼ਿੰਦਗੀ ਦੇ ਬਾਰਾਮਾਹ ਉਹ ਹੀ ਸੁਖ, ਸਹਿਜ, ਸੁਹਜ, ਸੁਆਦ ਤੇ ਅਨੰਦ ਨਾਲ ਗੁਜ਼ਾਰ ਸਕੇਗਾ ਜੋ ਹਰ ਹਾਲ ਭਲਾ ਆਖੇਗਾ। ਜੇਠ ਦੀ ਗਰਮੀ ਹੋਵੇ ਗੁਰੂ ਨਾਨਕ ਜੀ 'ਮਾਹ ਜੇਠੁ ਭਲਾ ਪ੍ਰੀਤਮ ਕਿਉ ਬਿਸਰੈ' ਹੀ ਆਖਣਗੇ। ਅਸਾੜ ਤਪ ਜਾਏ ਤਾਂ ਵੀ ਉਨ੍ਹਾਂ ਦੇ ਮੁੱਖ ਤੋਂ 'ਅਸਾੜੁ ਭਲਾ ਸੂਰਜੁ ਗਗਨਿ ਤਪੈ' ਹੀ ਨਿਕਲੇਗਾ। ਰੁੱਤ ਬਦਲ ਜਾਏ, ਪੋਖ ਤੁਖਾਰ ਹੋ ਜਾਏ ਉਹ 'ਮਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ' ਅਤੇ 'ਮਾਘ ਪੁਨੀਤ' ਹੀ ਕਹਿਣਗੇ। ਫਿਰ ਚੇਤ ਬਸੰਤ ਆ ਜਾਏ, ਉਹ ਮੁਬਾਰਕਾਂ ਜ਼ਰੂਰ ਲੈਣ ਦੇਣਗੇ ਪਰ ਸ਼ੁਕਰ ਵਜੋਂ ਮੁੱਖੋਂ 'ਚੇਤੁ ਬਸੰਤ ਭਲਾ ਭਵਰ ਸੁਹਾਵੜੇ' ਹੀ ਫ਼ਰਮਾਉਣਗੇ। ਵੈਸਾਖੀ ਵਾਲੇ ਦਿਹਾੜੇ ਆਪਣੀ ਫ਼ਸਲ ਨੂੰ ਪੱਕੀ ਹੋਈ ਦੇਖ ਕੇ ਉਹ ਭੰਗੜੇ ਪਾ ਨੱਚ ਨਹੀਂ ਉੱਠਣਗੇ ਸਗੋਂ ਉਸ ਸਮੇਂ ਦਇਆ ਤੇ ਸ਼ੁਕਰ ਦੇ ਘਰ ਜਾਣਗੇ ਤੇ : 'ਵੈਸਾਖੁ ਭਲਾ ਸਾਖਾ ਵੇਸ ਕਰੇ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥'[1] ਦੀ ਹੀ ਧੁਨੀ ਲਗਾਉਣਗੇ। ਭਲਾ-ਭਲਾ ਕਹਿਣ ਵਾਲਿਆਂ ਦੀ ਛਾਂ ਕਦੇ ਢਲਦੀ ਨਹੀਂ।

ਕੌਤਕ : ਗਿਆਰਾਂ ਸਾਲਾਂ ਦੇ ਹੋਏ ਤਾਂ ਇਕ ਵਾਰੀ ਰੁੱਖ ਦੀ ਛਾਂ ਨਾ ਢਲੀ[2]।

---

1. ਤੁਖਾਰੀ ਛੰਤ ਮਹਲਾ ੧, ਬਾਰਹ ਮਾਹਾ (ਪੰਨਾ ੧੧੦੮)
2. ਅਸਕਿਰ ਰਹੀ ਤਰੋਵਰ ਛਾਇਆ।
   ਅਸਚਰਜ ਹੀ ਜੁਗਬਾਰ ਅਲਾਇਆ।

Sri Satguru Jagjit Singh Ji eLibrary NamdhariElibrary@gmail.com

ਛਾਂ ਨਾ ਢਲਦੀ ਦੇਖ ਕੇ ਰਾਇ ਬੁਲਾਰ ਨੇ ਕਿਹਾ ਸੀ, 'ਦੇਖਹੁ ਕੁਦਰਤ ਖ਼ੁਦਾਇ ਦੀ ਏਸ ਬਾਲਕ ਉੱਪਰ ਛਾਵ ਟਿਕੀ ਖੜ੍ਹੀ ਹੈ। ਹੋਰਨਾਂ ਰੁੱਖਾਂ ਦੀ ਛਾਵ ਢਲ ਗਈ ਹੈ। ਅਰ ਜਿਸ ਪਾਸੇ ਪਿਆ ਹੈ, ਉਹ ਬਾਲਕ ਉਥੇ ਹੀ ਪਇਆ ਹੈ। ਪਾਸਾ ਪਉਟਿਆ ਮੁਤਲਿਕ ਨਾਹੀ। ਵੱਡਾ ਹੈਰਾਨ ਹੋਆ ਹੈ, ਕੋਈ ਵਲੀ ਖ਼ੁਦਾਇ ਇਹ ਪੈਦਾ ਕੀਤਾ ਹੈ, ਇਹ ਸਿੱਧਾ ਮਨੁੱਖ ਨਹੀਂ।' ਫਿਰ ਮਹਿਤਾ ਕਾਲੂ ਜੀ ਕੋਲ ਜਾ ਕੇ ਕਿਹਾ : 'ਹੇ ਭਾਈ ਕਾਲੂ! ਮਤਿ ਜਾਣਹਿ ਕਿ ਇਹ ਪੁੱਤਰ ਮੇਰਾ ਹੈ, ਪਾਲਿ ਪੋਸ ਵੱਡਾ ਕੀਆ ਹੈ। ਮਤ ਇਹ ਗੱਲ ਜਾਣਦਾ ਹੋਇ ਕਿ ਕੋਈ ਗੱਲ ਟਹਲ ਫ਼ਰਮਾਇਸ਼ ਕਰਦਾ ਹੋਵਹਿ। ਉਹ ਤੇਰਾ ਪੁੱਤਰ ਨਹੀਂ ਵੱਡਾ ਬਜ਼ੁਰਗ ਹਈ, ਕੋਈ ਖੇਲ ਖ਼ੁਦਾਇ ਦਾ ਹਈ, ਪਰ ਅਜ਼ਮਤਿ ਸਾਥ ਭਰਿਆ ਹੈ। ਤੂੰ ਇਸ ਨੂੰ ਖ਼ਿਦਮਤ ਹੀ ਕਰਦਾ ਰਹੁ ਜੇ ਕਿਤੇ ਮਰਾਤਬੇ ਪਹੁੰਚਿਆ ਲੋੜਦਾ ਚਹੇ। ਉਹ ਗਾਉਸ ਖ਼ੁਦਾਇ ਹੈ, ਚੇਤੇ ਰੱਖੀਂ।' ਫਿਰ ਅਗਲੇ ਦਿਨ ਸੱਪ ਨੂੰ ਗੁਰੂ ਨਾਨਕ ਜੀ ਦੇ ਮੁੱਖੜੇ 'ਤੇ ਛਾਵ[1] ਕਰਦੇ ਦੇਖਿਆ ਤਾਂ ਰਾਇ ਬੁਲਾਰ ਪੁਕਾਰ ਹੀ ਉੱਠਿਆ, 'ਯਾਰੋ ਕੱਲ੍ਹ ਵੀ ਡਿੱਠਾ ਸੀ ਅੱਜ ਵੀ ਡਿੱਠਾ ਹੈ। ਸੱਦੋ ਮਹਿਤਾ ਕਾਲੂ ਨੂੰ, ਮਤੇ ਪੁੱਤਰ ਨੂੰ ਫਿਟੇ ਮੂੰਹ ਕਹਿੰਦਾ ਹੋਵੇ। ਇਸ ਦਾ ਸਦਕਾ ਤਾਂ ਮੇਰਾ ਸ਼ਹਿਰ ਵੱਸਦਾ ਹੈ।' ਸ਼ਹਿਰ ਕੀ ਸੰਸਾਰ ਹੀ ਉਸੇ ਸਦਕਾ ਵੱਸਦਾ ਹੈ ਜਿਸ ਵਿਚ ਉੱਜੜਿਆ ਹਰਾ ਕਰਨ ਦੀ ਸ਼ਕਤੀ ਹੈ। ਜਿਸ ਨੂੰ ਹਰਖ ਸੋਗ, ਧੁੱਪ-ਛਾਂ ਇਕੋ ਜਿਹੀ ਲੱਗਦੀ ਹੈ। ਜਿਸ ਪਾਸ ਜ਼ਹਿਰ ਵੀ ਪੁੱਜ ਕੇ ਅੰਮ੍ਰਿਤ ਹੋ ਜਾਂਦਾ ਹੈ ਤੇ **ਸਰਪ ਸਿਰ ਝੁਕਾਅ ਨਮਸਕਾਰਾਂ ਕਰਦਾ ਹੈ।**

ਪੁਰਾਤਨ ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦਾ ਇਕ ਹੋਰ ਕਾਮਲ ਬਚਨ ਸਾਂਭਿਆ ਮਿਲਦਾ ਹੈ। ਇਥੇ ਇਕ ਦਾ ਸਦਕਾ ਸ਼ਹਿਰ ਵੱਸਦਾ ਹੈ, ਉਥੇ ਇਕ ਦਾ ਸਦਕਾ ਉੱਜੜਦਾ ਵੀ ਹੈ। ਸਾਖੀ ਇਸ ਤਰ੍ਹਾਂ ਹੈ : ਭਾਈ ਮਰਦਾਨਾ ਜੀ ਨੇ ਜਦ ਏਮਨਾਬਾਦ ਦਾ ਕਤਲੇਆਮ ਹੁੰਦਾ ਡਿੱਠਾ ਤਾਂ ਉਨ੍ਹਾਂ ਨੂੰ ਸ਼ੰਕਾ ਉਪਜਿਆ ਕਿ ਇੰਨੇ ਬੇਦੋਸ਼ੇ ਕਿਉਂ ਮਾਰੇ ਗਏ? ਗੁਰੂ ਨਾਨਕ ਦੇਵ ਜੀ ਨੇ ਉੱਤਰ ਦੇਣ ਦੀ ਥਾਂ ਕਿਹਾ ਕਿ ਉਹ ਸਾਹਮਣੇ ਵਾਲੇ ਰੁੱਖ ਦੇ ਥੱਲੇ ਜਾ ਬੈਠੇ। ਉਹ ਅਜੇ ਬੈਠਾ ਹੀ ਸੀ ਕਿ ਅੱਖ ਲੱਗ ਗਈ। ਕੀੜਿਆਂ ਦੇ ਭੌਣ ਵਿਚੋਂ ਇਕ ਨੇ ਸੁੱਤੇ ਹੋਏ ਮਰਦਾਨੇ ਨੂੰ ਡੰਗ ਮਾਰਿਆ। ਮਰਦਾਨਾ ਜੀ ਨੇ ਸਾਰਿਆਂ ਨੂੰ ਇਕੋ ਹੀ ਝਟਕੇ ਨਾਲ ਮਸਲ ਦਿੱਤਾ ਤਾਂ ਬਾਬੇ ਕਿਹਾ, 'ਮਰਦਾਨਿਆ ਇਹ ਕੀ?'

'ਮਹਾਰਾਜ ਇਕ ਨੇ ਮੈਨੂੰ ਡੰਗ ਮਾਰਿਆ', ਮਰਦਾਨੇ ਦਾ ਉੱਤਰ ਸੀ। 'ਮਰਦਾਨਿਆ! ਉਸ ਇਕ ਨੂੰ ਮਾਰਨਾ ਸੀ ਜਿਸ ਨੇ ਤੈਨੂੰ ਕੱਟਿਆ। ਬੇਦੋਸ਼ਿਆਂ ਨੂੰ ਕਿਉਂ ਮਾਰਿਆ', ਮਹਾਰਾਜ ਦਾ ਤਰਕ ਸੀ। ਮਰਦਾਨੇ ਨੇ ਹੱਥ ਜੋੜ ਕਿਹਾ, 'ਮਹਾਰਾਜ ਪਿੱਛੇ ਜਉ ਮਾੜੇ ਦੇ ਲੱਗੇ ਸਨ, ਮਰਨਾ ਹੀ ਸੀ।' ਉਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਕਿਹਾ, **"ਇਵੇਂ ਹੀ ਮਰਦੀ ਆਈ ਲੁਕਾਈ ਮਰਦਾਨਿਆ ਇਕਸ ਦਾ ਸਦਕਾ'**। ਕੈਸੀ ਕੌੜੀ ਸੱਚਾਈ ਆਖੀ ਬਾਬੇ ਨੇ ਕਿ ਇਕਸ ਦਾ ਸਦਕਾ ਮਰਦੀ ਆਈ ਦੁਨੀਆਂ। ਜੇ ਘਰ ਦਾ ਬਾਪੂ ਸਿਰ ਫਿਰਿਆ ਹੈਂ ਤਾਂ ਘਰ ਤਬਾਹ। ਜੇ ਕਾਰਪੋਰੇਸ਼ਨ ਦਾ ਮੇਅਰ ਅਕਲੋਂ ਕੋਰਾ ਹੈ ਤਾਂ ਸ਼ਹਿਰ ਬਰਬਾਦ ਅਤੇ ਜੇ ਪ੍ਰਦੇਸ਼ ਦਾ ਮੁਖੀ ਵਿਭਚਾਰੀ ਹੈ ਤਾਂ ਪ੍ਰਦੇਸ਼ ਦਾ ਰੱਬ ਰਾਖਾ

1. ਹੇਤ ਛਾਵ ਕੈ ਫਣ ਬਿਸਥਾਰਾ।

Sri Satguru Jagjit Singh Ji eLibrary NamdhariElibrary@gmail.com

ਤੇ ਜੇ ਕੌਮ ਦੇ ਆਗੂ ਦਾ ਉੱਪਰਲਾ ਚੁਬਾਰਾ ਖ਼ਾਲੀ ਹੈ ਤਾਂ ਕੌਮ ਵਾਸਤੇ ਧੱਕੇ ਧੋੜੇ ਤੇ ਲਾਹਨਤਾਂ ਹੀ ਹਨ।

ਖ਼ੁਸ਼ਵਕਤ ਰਾਇ ਨੇ ਤਵਾਰੀਖ਼-ਇ-ਸਿੱਖਾਂ ਵਿਚ ਖੇਤ ਹਰਿਆ ਕੀਤਾ, ਛਾਂ ਉਂਜਿ ਦੀ ਤਿਉਂ, ਬਾਬੇ ਦੇ ਸਿਰ ਮੌਜੂਦ ਅਤੇ ਫ਼ਨੀਅਰ ਸੱਪ ਨੇ ਆਪਣੀ ਛਜਲੀ ਨਾਲ ਗੁਰੂ ਨਾਨਕ ਦੇਵ ਜੀ ਦੇ ਪਾਵਨ ਸਿਰ 'ਤੇ ਛਾਂ ਕੀਤੀ ਦਾ ਵਰਨਣ ਕਰਨ ਪਿੱਛੋਂ ਲਿਖਿਆ ਹੈ ਕਿ ਰਾਇ ਬੁਲਾਰ ਨੇ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਨਿਰਾ ਪੁੱਤਰ ਹੀ ਨਾ ਜਾਣੇ '**ਉਹ ਤਾਂ ਰੱਬੀ ਦਰਗਾਹ ਵਿਚ ਸਨਮਾਨਿਆ ਹੋਇਆ ਕੋਈ ਵਲੀ ਹੈ।**'

ਕੀਰਤਨ ਦੀ ਉਤਪਤੀ : ਗੁਰੂ ਨਾਨਕ ਦੇਵ ਜੀ ਸਦਾ ਸਮਝਾਉਂਦੇ : 'ਨਾਨਕ ਹਉਮੈ ਰੋਗ ਬੁਰੇ।' ਹਉਮੈ ਵੀ ਸੂਖਮ ਹੈ ਤੇ ਸ਼ਬਦ ਵੀ ਸੂਖਮ ਪਰ ਸ਼ਬਦ ਨਾਲ ਜੇ ਰਾਗ ਰਲਾ ਦਿੱਤਾ ਜਾਏ ਤਾਂ ਐਸਾ ਔਖਧ ਤਿਆਰ ਹੋ ਜਾਂਦਾ ਹੈ ਜੋ ਕਰੜੀ ਤੋਂ ਕਰੜੀ ਹਉਮੈ ਨੂੰ ਜੜ੍ਹੋਂ ਉਖਾੜ ਸਕਦਾ ਹੈ। ਇਸ ਸੋਚ ਵਿਚ ਬਾਹਰ ਬ੍ਰਿਛ ਹੇਠਾਂ ਇਕ ਦਿਨ ਲੇਟੇ ਹੋਏ ਸਨ ਕਿ ਉਹਨਾਂ ਦੇ ਕੰਨਾਂ ਵਿਚ ਰਬਾਬ ਵਜਾਉਣ ਦੀ ਆਵਾਜ਼ ਪਈ। ਗੁਰੂ ਜੀ ਉੱਠ ਕੇ ਰਬਾਬ ਵਜਾਉਣ ਵਾਲੇ ਦੇ ਪਾਸ ਗਏ ਤੇ ਪੁੱਛਿਆ : ਭਾਈ ਤੇਰਾ ਨਾਉਂ ਕਿਆ ਹੈ ? ਤਾਂ ਉਸ ਨੇ ਕਿਹਾ : 'ਮੇਰਾ ਨਾਉਂ 'ਦਾਨਾ', ਲੋਕ ਮਰਾਸੀ ਕਹਿੰਦੇ ਹਨ'। ਗੁਰੂ ਨਾਨਕ ਦੇਵ ਜੀ ਨੇ ਇਹ ਸੁਣ ਕੇ ਆਖਿਆ : 'ਤੂੰ ਰਬਾਬ ਭਲੀ ਵਜਾਉਂਦਾ ਹੈਂ ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਸਾਡੀ ਸੰਗਤ ਕਰੇਂ, ਤੇ ਇਹ ਰਾਗ ਸ਼ਬਦ ਪਾਇ ਕੇ ਗਾਵੈਂ ਤਾਂ ਤੇਰਾ ਦੀਨ ਦੁਨੀ ਵਿਚ ਉਧਾਰ ਕਰੀਏ।' ਦਾਨਾ ਨੇ ਕਿਹਾ, 'ਅਸੀਂ ਧਨੀ ਲੋਕਾਂ ਨੂੰ ਰਾਗ ਸੁਣਾ ਕੇ ਚਾਰ ਪੈਸੇ ਲਿਆਉਂਦੇ ਹਾਂ। ਆਪਣੇ ਧੀਆਂ ਪੁੱਤਰਾਂ ਦਾ ਦੁਨੀਆਂ ਵਿਚ ਗੁਜ਼ਰਾਨ ਕਰਦੇ ਹਾਂ। ਅਸੀਂ ਜੇ ਤੇਰੇ ਨਾਲ ਲੱਗਾਂਗੇ ਤਾਂ ਜੋ ਕੁਟੰਬੀ ਹੈਨਿ ਸੋ ਸਭ ਭੁੱਖ ਨਾਲ ਹੀ ਮਰ ਜਾਣਗੇ ਤੇ ਭੁੱਖਿਆਂ ਨਿਵਾਜ਼ ਰੋਜ਼ਾ ਵੀ ਨਹੀਂ ਹੋਣਾ ਹੋਵੇਗਾ। ਦੀਨ ਤੇ ਦੁਨੀ ਵੀ ਸਾਡੇ ਐਵੇਂ ਹੀ ਜਾਣਗੇ ਤੇ ਤੁਸੀਂ ਉਧਾਰ ਕਿਸ ਤਰ੍ਹਾਂ ਕਰੋਗੇ।' ਤਾਂ ਸਾਹਿਬ ਬਚਨ ਕੀਤਾ : "ਦਾਨਿਆ, ਤੂੰ ਦੀਵਾਨਾ ਹੋਇਆ ਹੈਂ, ਸਭ ਪ੍ਰਤਿ-ਪਾਲਣਾ ਈਸ਼ਵਰ ਕਰਦਾ ਹੈ। ਨਿਮਾਜ਼ ਤੇ ਰੋਜ਼ਾ ਖ਼ੁਦਾ ਦੇ ਘਰੋਂ ਬਖ਼ਸ਼ਿਸ਼ ਹੈ। ਖ਼ੁਦਾ ਦਾ ਘਰ ਮਹਾਂਪੁਰਸ਼ਾਂ ਦਾ ਰਿਦਾ ਹੈ, ਜਦ ਲੇਖਾ ਹੋਵੇਗਾ ਤਾਂ ਕਿਸੇ ਨੇ ਹਾਮੀ ਨਹੀਂ ਭਰਨੀ।" ਫਿਰ ਗੁਰੂ ਨਾਨਕ ਦੇਵ ਜੀ ਨੇ ਸਮਝਾਉਂਦੇ ਹੋਏ ਕਿਹਾ : 'ਦਾਨਿਆ, ਜੇ ਹੁਣ ਤੂੰ ਮਰਦਾਨਾ (ਸੂਰਮਾ) ਹੋਵੇਂ, ਸ਼ਬਦ ਪਾਇ ਕੇ ਰਾਗ ਗਾਵੇਂ ਤਾਂ ਤੇਰਾ ਦੋਹਾਂ ਲੋਕਾਂ ਦਾ ਕਾਰਜ ਹੋਵੇਗਾ।' ਦਾਨਾ ਮਰਦਾਨਾ ਬਣ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਗੁਰੂ ਨਾਨਕ ਜੀ ਨਾਲ ਹੋ ਉੱਠਿਆ। ਮੁਨਸ਼ੀ ਸੁਜਾਨ ਰਾਏ ਨੇ 'ਖੁਲਾਸਤ-ਉਤ-ਤਵਾਰੀਖ਼', ਵਿਚ ਇਸੇ ਗੱਲ ਦਾ ਜ਼ਿਕਰ ਕੀਤਾ ਹੈ ਕਿ ਗੁਰੂ ਨਾਨਕ ਦਾ ਵਿਸ਼ੇਸ਼ ਸਾਥੀ ਮਰਦਾਨਾ ਨਾਮ ਦਾ ਰਬਾਬੀ ਸੀ ਜੋ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੋਜ਼ ਤੇ ਦਿਲ ਨੂੰ ਟੁੰਬਵੀਂ ਸੁਰ ਵਿਚ ਗਾਂਵਦਾ ਸੀ।

ਤਲਵੰਡੀ ਵਿਖੇ ਕੀਰਤਨ ਦੀ ਉਤਪਤੀ ਹੋ ਗਈ। ਬਾਬੇ ਦੇ ਸ਼ਬਦ ਤੇ ਮਰਦਾਨੇ ਦੀ ਰਬਾਬ ਨੇ ਉਹ ਕਰਾਮਾਤ ਕੀਤੀ ਜਿਸ ਦਾ ਬਦਲ, ਸੰਸਾਰ ਨੂੰ ਅਜੇ ਤੱਕ ਨਹੀਂ

Sri Satguru Jagjit Singh Ji eLibrary NamdhariElibrary@gmail.com

ਲੱਭਾ ਤੇ ਸ਼ਾਇਦ ਕਦੇ ਵੀ ਨਾ ਲੱਭੇ। ਭਾਈ ਮਰਦਾਨੇ ਪੁੱਛਿਆ ਵੀ, 'ਬਾਬਾ ਇਹ ਜੋ ਕੀਰਤ ਹਮ ਗਾਵਤੇ ਹੈਂ, ਇਹ ਹੀ ਸ਼ਬਦ ਹੈ, ਇਸੀ ਹੀ ਮਹਿ ਮੁਕਤ ਹੈ ਕਿ ਨਾਂਹ। ਉਹ ਸ਼ਬਦ ਕਿਛ ਅਵਰ ਤਾਂ ਨਹੀਂ।' ਗੁਰੂ ਨਾਨਕ ਨੇ ਕਿਹਾ : 'ਇਹੀ ਕੀਰਤ ਸ਼ਬਦ ਹੈ ਜਿ ਗੁਰੂ ਕਹਿਤਾ ਹੈ। ਮਨ ਮੇਂ ਸੁਰਤਿ ਕਰ ਸਮਝੇ ਤਿਸ ਕੀ ਮੁਕਤ ਹੋਇ। ਸਾਈ ਕੀਰਤ ਮੁਕਤ ਹੈ। ਇਹ ਕੀਰਤ ਅਰ ਮੁਕਤ ਇਕੋ ਹੈ।' ਪੱਛਮ ਨੇ ਬਾਹਰਲੇ ਰੋਗਾਂ ਦਾ ਇਲਾਜ ਤਾਂ ਲੱਭ ਲਿਆ ਪਰ ਅੰਦਰ ਦਾ ਨਹੀਂ ਲੱਭ ਸਕਿਆ। ਤਾਰੀਖ਼ਿ-ਇ-ਪੰਜਾਬ ਵਿਚ ਲਿਖਿਆ ਮਿਲਦਾ ਹੈ ਕਿ ਮਰਦਾਨੇ ਦੀ ਰਬਾਬ ਦੀ ਹਰ ਤਾਰ ਵਿਚੋਂ 'ਨਿਰੰਕਾਰ ਨਾਨਕ ਬੰਦਾ ਤੇਰਾ ਹੈ' ਦੀ ਧੁਨਿ ਨਿਕਲਦੀ ਰਹਿੰਦੀ ਸੀ। ਬਾਬਾ ਜੀ ਕਰਤਾਰ-ਕਰਤਾਰ ਬੋਲਦੇ ਰਹਿੰਦੇ ਸਨ। ਜਿਸ ਦਾਨਾ ਨੂੰ ਪਹਿਲਾਂ ਆਪਣੇ ਬੱਚਿਆਂ ਦੇ ਦਾਣੇ ਫੱਕੇ ਦਾ ਫ਼ਿਕਰ ਸੀ, ਉਹ ਹੀ ਹੁਣ ਸਿਰਫ਼ ਸ਼ਬਦ, ਕੀਰਤ ਤੇ ਨਾਮ ਦਾ ਹੀ ਢੂੰਡਾਊ ਹੋ ਗਿਆ। ਮੁਨਸ਼ੀ ਸੋਹਣ ਲਾਲ ਸੂਰੀ ਨੇ ਵੀ ਗਵਾਹੀ ਭਰੀ ਹੈ ਕਿ 'ਮਰਦਾਨਾ ਦੀ ਰਬਾਬ ਵਿਚੋਂ ਵਾਹਿਗੁਰੂ ਦੀ ਏਕਤਾ ਦੀ ਬਾਣੀ ਨਿਕਲਦੀ ਰਹਿੰਦੀ ਸੀ ਅਤੇ ਜਦ ਉਹ ਬਾਣੀ ਗਾਉਂਦਾ ਸੀ ਤਾਂ ਉਸ ਦਾ ਚਿਹਰਾ ਜਗਮਗਾ ਉੱਠਦਾ। ਜੋ ਆਗਿਆ ਗੁਰੂ ਨਾਨਕ ਦੇਵ ਜੀ ਨੇ ਕੀਤੀ, ਮਰਦਾਨਾ ਜੀ ਨੇ ਉਸੇ ਉੱਤੇ ਫੁੱਲ ਚੜ੍ਹਾਏ। ਜਦ ਬਟਾਲੇ ਤੋਂ ਮੁੜੇ ਤਾਂ ਵਿਆਹ ਦਾ ਜੋੜਾ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਜੀ ਨੂੰ ਦੇ ਦਿੱਤਾ ਅਤੇ ਕਿਹਾ :

'ਅੱਜ ਤੋਂ ਕਿਸੇ ਕੋਲੋਂ ਕੁਝ ਮੰਗਣਾ ਨਹੀਂ, ਦਾਤਾ ਅਕਾਲ ਪੁਰਖ ਹੈ। ਜਿਸ ਚੀਜ਼ ਦੀ ਲੋੜ ਹੋਈ ਮੈਨੂੰ ਦੱਸ।' ਫਿਰ ਦੀਖਿਆ ਦੇਂਦੇ ਹੋਏ ਕਿਹਾ ਮਰਦਾਨਿਆਂ ਤੀਨ ਬਾਤਾਂ ਕਰੀਂ : ਇਕ ਸਿਰ ਤੇ ਕੇਸ ਨਹੀਂ ਕਟਾਣੇ, ਦੂਜਾ ਪਿਛਲ ਰਾਤ ਸਤਿਨਾਮ ਦਾ ਜਾਪੁ ਕਰੀਂ ਤੇ ਤੀਜੇ ਸਾਧ ਸੰਤ ਆਂਵਦੇ ਜਾਂਵਦੇ ਦੀ ਟਹਿਲ ਕਰਨੀ। ਆਪਣੀ ਪਹਣੀ ਕਮੀਜ਼ ਵੀ ਮਰਦਾਨੇ ਨੂੰ ਦਿੱਤੀ।[1] ਸਾਖੀ ਵੀ ਆਉਂਦੀ ਹੈ ਕਿ ਇਕ ਨਗਰ ਵਿਚ ਲੋਕਾਂ ਨੇ ਬਹੁਤ ਹੀ ਧਨ, ਬਸਤਰ ਤੇ ਅੰਨ ਗੁਰੂ ਨਾਨਕ ਜੀ ਨੂੰ ਭੇਟ ਕੀਤੇ। ਮਰਦਾਨਾ ਜੀ ਨੇ ਇਕੱਠੇ ਕੀਤੇ ਤੇ ਕਿਹਾ : 'ਲੋਕਾਂ ਜੋ ਚੜ੍ਹਾਏ, ਸੋ ਆਣੇ ਹੈਨਿ ਜਿਵੇਂ ਰਜ਼ਾਇ ਹੋਵੇ ਤਿਵੇਂ ਮੈ ਕਰੀ।' ਗੁਰੂ ਨਾਨਕ ਜੀ ਨੇ ਕਿਹਾ : 'ਮਰਦਾਨਿਆ, ਤੈ ਤਾਂ ਇਹ ਆਂਦੇ ਸੋ ਭਲਾ ਕੀਤਾ ਪਰ ਇਹ ਸਾਡੇ ਕੰਮ ਨਹੀਂ, ਪਏ ਭਠਿ। ਇਹ ਸਟ ਘਤੁ ਏਥਾਉ।' ਮਰਦਾਨਾ ਜੀ ਨੇ ਸਭ ਪਦਾਰਥ ਉਥੇ ਹੀ ਸੁੱਟ ਦਿੱਤੇ। ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦਾ ਪੂਰਾ ਸੁਭਾਅ ਜਾਣ ਗਏ ਸਨ।

ਭਾਈ ਮਰਦਾਨਾ : ਮਰਦਾਨਾ[2], ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਵਲੋਂ ਮਿਲਿਆ ਖ਼ਤਾਬ ਸੀ। ਉਨ੍ਹਾਂ ਦਾ ਪਾਵਨ ਨਾਂ 'ਦਾਨਾ' ਸੀ। ਭਾਈ ਦਾਨਾ ਜੀ ਦੇ ਪੂਜ ਪਿਤਾ ਜੀ ਦਾ ਨਾਂ ਭਾਈ ਬਦਰੇ ਸੀ ਤੇ ਮਾਤਾ ਜੀ ਦਾ ਨਾਂ ਲੱਖੋ ਸੀ। ਮਹਾਂਕੋਸ਼ ਦੇ ਲਿਖਾਰੀ ਭਾਈ ਕਾਹਨ ਸਿੰਘ ਦੇ ਲਿਖੇ ਅਨੁਸਾਰ ਉਨ੍ਹਾਂ ਦਾ ਜਨਮ ਤਲਵੰਡੀ ਵਿਖੇ ੧੪੫੯ ਈ:

1. ਗਰ ਤੇ ਜਾਮਾ ਦੀਨ ਉਤਾਰੀ। (ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ)
2. ਵਿਸਥਾਰ ਲਈ ਮੇਰੀ ਰਚਿਤ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ' ਅਤੇ 'ਆਦਿ ਸਿੱਖ ਤੇ ਆਦਿ ਸਾਖੀਆਂ' ਤੱਕੋ।

Sri Satguru Jagjit Singh Ji eLibrary NamdhariElibrary@gmail.com

ਨੂੰ ਹੋਇਆ। ਇਸ ਹਿਸਾਬ ਨਾਲ ਉਮਰੋਂ ਉਹ ਗੁਰੂ ਨਾਨਕ ਤੋਂ ਉਮਰ ਕਰ ਦਸ ਸਾਲ ਵੱਡੇ ਸਨ। ਉਹਨਾਂ ਦਾ ਦਿਹਾਂਤ ਨਵੰਬਰ ੧੯, ਸੰਨ ੧੫੩੪ ਈ: ਮੁਤਾਬਕ ੧੩ ਮੱਘਰ ੧੫੯੧ ਨੂੰ ਹੋਇਆ ਪਰ ਇਕ ਗੱਲ ਮਹਾਂਕੋਸ਼ ਵਿਚ ਅਜਿਹੀ ਲਿਖੀ ਹੈ ਜੋ ਇਤਿਹਾਸ ਦੀ ਕਸਵੱਟੀ 'ਤੇ ਪੂਰੀ ਨਹੀਂ ਉਤਰਦੀ। ਮਹਾਂਕੋਸ਼ ਵਿਚ ਵਰਨਣ ਹੈ ਕਿ ਮਰਦਾਨਾ ਜੀ ਦਾ ਦਿਹਾਂਤ ਦਰਿਆ ਕੁਰੱਮ ਦੇ ਕਿਨਾਰੇ, ਕੁਰੱਮ ਸ਼ਹਿਰ ਵਿਖੇ ਹੋਇਆ ਤੇ ਗੁਰੂ ਨਾਨਕ ਦੇਵ ਜੀ ਨੇ ਸਸਕਾਰ ਆਪਣੇ ਹੱਥੀਂ ਕੀਤਾ। ਸੰਨ ੧੫੩੪ ਈ: ਵਿਚ ਗੁਰੂ ਨਾਨਕ ਦੇਵ ਜੀ ਕਿਸੇ ਵੀ ਹਿਸਾਬ ਨਾਲ ਕੁਰੱਮ ਨ੍ਹੀਂ ਹੋ ਸਕਦੇ ਜਾਂ ਪੁੱਜ ਸਕਦੇ। ਫਿਰ ਆਪੂੰ ਜੇ ਮਰਦਾਨਾ ਜੀ ਉਥੇ ਗਏ ਹੋਣ ਤੇ ਉਨ੍ਹਾਂ ਦੀ ਅਚਾਨਕ ਮੌਤ ਹੋ ਗਈ ਹੋਵੇ ਤਾਂ ਹੱਥੀਂ ਸਸਕਾਰ ਨਹੀਂ ਹੋ ਸਕਦਾ। ਸੋ ਇਹ ਠੀਕ ਤੇ ਜੱਚਦਾ ਹੈ ਕਿ ਭਾਈ ਮਰਦਾਨਾ ਜੀ ਨੇ ਕਰਤਾਰਪੁਰ ਹੀ ਪ੍ਰਾਣ ਤਿਆਗੇ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਰਾਵੀ ਕਿਨਾਰੇ ਸਸਕਾਰ ਕੀਤਾ। ਭਾਈ ਮਰਦਾਨਾ ਜੀ ਦੇ ਦੋ ਪੁੱਤਰ ਰਜਾਦਾ ਤੇ ਸਜਾਦਾ ਸਨ। ਸਜਾਦਾ ਜੀ ਤਲਵੰਡੀ ਹੀ ਰਹੇ ਤੇ ਰਜਾਦਾ ਜੀ ਕਰਤਾਰਪੁਰ ਆ ਟਿਕੇ। ਬਾਬਾ ਤੇ ਮਰਦਾਨਾ ਦੋਵੇਂ ਕਿੰਨੇ ਨੇੜੇ ਹੋ ਗਏ, ਉਸ ਦੀ ਉਦਾਹਰਨ ਉਹ ਬਚਨ ਹਨ ਜੋ ਇਕ ਵਾਰੀ ਮਰਦਾਨਾ ਜੀ ਨੇ ਆਖੇ। ਉਨ੍ਹਾਂ ਆਪਣੇ ਸੁਭਾਅ ਅਨੁਸਾਰ ਕਿਹਾ : **'ਬਾਬਾ ਤੇਰਾ ਮੇਰਾ ਬਹੁਤਾ ਅੰਤਰ ਨਹੀਂ, ਤੂੰ ਰੱਬ ਦਾ ਡੂਮ ਹੈਂ, ਮੈਂ ਤੇਰਾ ਡੂਮ**।' ਫਿਰ ਆਖਣ ਲੱਗੇ, 'ਤੈਂ ਖ਼ੁਦਾਇ ਪਾਇਆ ਹੈ, ਤੈਂ ਖ਼ੁਦਾਇ ਦੇਖਿਆ ਹੈ, ਤੇਰਾ ਕਹਿਆ ਖ਼ੁਦਾਇ ਕਰਦਾ ਹੈ। ਮੇਰੀ ਬੇਨਤੀ ਹੈ ਕਿ ਇਕ ਮੈਨੂੰ ਵਿਛੋੜਨਾ ਨਹੀਂ ਆਪ ਨਾਲਹੁ, ਨਾ ਐਥੇ ਨਾ ਉਥੇ।' ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਬਖ਼ਸ਼ਿਸ਼ ਕਰਦੇ ਫ਼ਰਮਾਇਆ, 'ਮਰਦਾਨਿਆ! ਤੁਧ ਉੱਪਰ ਮੇਰੀ ਖ਼ੁਸ਼ੀ ਹੈ, ਜਿੱਥੇ ਤੇਰਾ ਵਾਸਾ, ਉਥੇ ਮੇਰਾ ਵਾਸਾ।'

ਭਾਈ ਮਰਦਾਨਾ ਜੀ ਨਾਲ ਹੋਈਆਂ ਗੁਰੂ ਨਾਨਕ ਦੇਵ ਜੀ ਦੀਆਂ ਸਾਰੀਆਂ ਹੀ ਗੋਸ਼ਟਾਂ ਪੜ੍ਹਨ ਨਾਲ ਸੰਬੰਧ ਰੱਖਦੀਆਂ ਹਨ। ਹਰ ਗੋਸ਼ਟੀ ਨੇ ਕਈ ਗੁੱਝੇ ਭੇਤ ਖੋਲ੍ਹੇ ਹਨ। ਰਾਗ ਦੀ ਮਹੱਤਤਾ, ਧਨ ਪਿਰ ਦਾ ਵਿਛੜਨਾ, ਸਮਾਂ ਕਿਹੜਾ ਚੰਗਾ, ਦਰਿਆ 'ਤੇ ਤਾਂ ਬੇੜਾ ਹੁੰਦਾ ਹੈ, ਮਲਾਹ ਪਾਰ ਲੰਘਾਂਦਾ ਹੈ ਤਿਵੇਂ ਸੰਸਾਰ ਦਰਿਆ ਹੈ, ਇਸ ਦਾ ਬੇੜਾ ਕਉਨ ਹੈ? ਲੰਘਾਉਣ ਵਾਲਾ ਕਉਨ ਹੈ? ਮਨੁੱਖ ਖ਼ੁਦਾ ਨਾਲ ਮਿਲਦਾ ਕਿਵੇਂ ਹੈ? ਜਿਸ ਨੇ ਉਸ ਨੂੰ ਪਾ ਲਿਆ ਕਿਵੇਂ ਕਰ ਜਾਣੀਏ ਅਤੇ ਹੋਰ ਕਿੰਨੇ ਹੀ ਸੁਆਲ ਪੁੱਛੇ। ਇਨ੍ਹਾਂ ਪ੍ਰਸ਼ਨਾਂ ਤੋਂ ਭਾਈ ਮਰਦਾਨਾ ਜੀ ਦੀ ਲਗਨ ਤੇ ਤੀਖਣ-ਬੁੱਧੀ ਦਾ ਪਤਾ ਲਗਦਾ ਹੈ। ਸੰਸਾਰ ਦੇ ਭਲੇ ਲਈ ਗੁਰੂ ਨਾਨਕ ਦੇਵ ਜੀ ਨੇ ਹਰ ਉਠਾਏ ਪ੍ਰਸ਼ਨ ਦਾ ਉੱਤਰ ਦਿੱਤਾ। ਰਾਗ ਤਾਂ ਸਭ ਭਲੇ ਹੈਨਿ ਪਰ ਸਭ ਤੋਂ ਭਲਾ ਉਹ ਹੀ ਹੈ ਜਿਸ ਦੁਆਰਾ ਉਹ ਚਿੱਤ ਆਵੇ। **ਸਭੇ ਰੁੱਤਾਂ ਅਰ ਸਭੇ ਮਾਹ ਉਸ ਲਈ ਭਲੇ ਹੈਨਿ ਜਿਨ੍ਹਾਂ ਨੂੰ ਪ੍ਰਮੇਸ਼ਰ ਚਿੱਤ ਆਂਵਦਾ**। ਬਾਣੀ ਬੋਹਿਥ ਹੈ, ਗੁਰੂ ਲੰਘਾਵਣਹਾਰ ਮਲਾਹ ਹੈ। ਜੋ ਅੰਤਰ ਹਉਮੈ, ਜੋ ਗਰਬ ਹੈ, ਸੋ ਦਿਲ ਤੇ ਨਿਵਾਰ ਦੂਰ ਕਰੇ ਤਾਂ ਹੀ ਇਹ ਸਾਹਿਬ ਨੂੰ ਪਾਇ।

ਅੰਤਮ ਸਮੇਂ ਮਰਦਾਨਾ ਤੇ ਗੁਰੂ ਨਾਨਕ ਦਾ ਹੋਇਆ ਵਾਰਤਾਲਾਪ ਸੁਣਨ ਨਾਲ ਸੰਬੰਧ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ : 'ਮਰਦਾਨਿਆ ਤੂੰ ਬੜਾ ਸਾਥ

Sri Satguru Jagjit Singh Ji eLibrary NamdhariElibrary@gmail.com

ਨਿਭਾਇਆ। ਜੇ ਤੂੰ ਚਾਹੇਂ ਤਾਂ ਤੇਰੇ ਮ੍ਰਿਤਕ ਸਰੀਰ ਨੂੰ ਬ੍ਰਾਹਮਣ ਵਾਂਗੂੰ ਪਾਣੀ ਵਿਚ ਰੋੜ੍ਹ ਦੇਈਏ, ਜੇ ਤੇਰੀ ਇੱਛਾ ਹੋਵੇ ਤਾਂ ਖੱਤਰੀ ਵਾਂਗੂੰ ਸਾੜ ਦੇਈਏ, ਜੇ ਤੇਰਾ ਚਿੱਤ ਹੋਵੇ ਤਾਂ ਮੁਸਲਮਾਨ ਵਾਂਗੂੰ ਦਬਾ ਦੇਈਏ, ਜੇ ਤੇਰਾ ਦਿਲ ਹੋਵੇ ਤਾਂ ਵੈਸ਼ (ਪਾਰਸੀ) ਵਾਂਗ ਹਵਾ ਵਿਚ ਸੁੱਟ ਦੇਈਏ।' ਮਰਦਾਨਾ ਜੀ ਨੇ ਉਸੇ ਵੇਲੇ ਕਿਹਾ, 'ਵਾਹ ਬਾਬਾ ਵਾਹ, ਅਜੇ ਵੀ ਸਰੀਰਾਂ ਦੇ ਚੱਕਰਾਂ ਵਿਚ।' ਫਿਰ ਗੁਰੂ ਨਾਨਕ ਦੇਵ ਜੀ ਨੇ ਕਿਹਾ : 'ਮਰਦਾਨਿਆ ਤੂੰ ਬੜਾ ਸਾਥ ਨਿਭਾਇਆ ਹੈ। ਮੇਰਾ ਚਿੱਤ ਕਰਦਾ ਹੈ ਕਿ ਤੇਰੇ ਜਾਣ ਤੋਂ ਬਾਅਦ ਚਿੱਟੇ ਪੱਥਰ ਦੀ ਸਮਾਧ ਬਣਾਵਾਂ।' ਮਰਦਾਨਾ ਜੀ ਕੁਝ ਭਾਵੁਕ ਹੋ ਕੇ ਰਹਿਣ ਲੱਗੇ : **'ਬਾਬਾ ਬੜੀ ਮੁਸ਼ਕਲ ਨਾਲ ਤਾਂ ਸਰੀਰ ਰੂਪੀ ਸਮਾਧ ਵਿਚੋਂ ਨਿਕਲਣ ਲੱਗਾ ਹਾਂ, ਹੁਣ ਸੰਗ-ਇ-ਮਰਮਰ ਦੀ ਸਮਾਧ ਵਿਚ ਪਾਉਣਾ ਚਾਹੁੰਦੇ ਹੋ।'** ਇਹ ਹੈ ਮਰਦਾਨੇ ਦਾ ਰੂਪ ਜੋ ਸਰੀਰਾਂ ਤੋਂ ਉਤਾਂਹ ਦਾ ਸੀ।

ਫਿਰ ਗੁਰੂ ਨਾਨਕ ਦੇਵ ਜੀ ਦਾ ਨੀਵੀਂ ਜਾਤ ਦੇ ਇਕ ਡੂਮ ਨੂੰ ਆਪਣਾ ਸਾਥੀ ਬਣਾਉਣਾ ਉੱਚੀਆਂ ਜਾਤਾਂ ਦੇ ਅਭਿਮਾਨੀਆਂ 'ਤੇ ਇਕ ਚੋਟ ਸੀ। ਜਾ ਕੀ ਛੋਤ ਜਗਤ ਕੋ ਲੱਗਦੀ ਸੀ, ਬਾਬਾ ਤਾਂ ਉਸੇ 'ਤੇ ਹੀ ਰੀਝਦਾ ਸੀ। ਬਾਬਾ ਨੀਵਿਆਂ ਨੂੰ ਉੱਚਾ ਅਤੇ 'ਮਰਦਾਨਾ' ਬਣਾਉਣ ਆਇਆ ਸੀ। ਲੋਕੀਂ ਪੁੱਛਦੇ ਹਨ ਗੁਰੂ ਨਾਨਕ ਜੀ ਕਿਉਂ ਆਏ ਤਾਂ ਉਸ ਦਾ ਇਕ ਹੀ ਉੱਤਰ ਹੈ ਉਹ ਸਾਨੂੰ ਮਰਦਾਨਾ ਬਣਾਉਣ ਆਏ ਸਨ। ਅਕਲਾਂ ਵਾਲੇ, 'ਦਾਨੇ' ਤਾਂ ਬਹੁਤੇਰੇ ਮਿਲ ਜਾਣਗੇ ਪਰ 'ਮਰਦਾਨਾ', ਸੂਰਮਾ ਕੋਈ ਨਹੀਂ ਲੱਭਦਾ। ਇਸ ਤਰ੍ਹਾਂ ਜਦ ਇਹ ਪੁੱਛਿਆ ਜਾਂਦਾ ਹੈ ਗੁਰੂ ਗੋਬਿੰਦ ਸਿੰਘ ਜੀ ਕਿਉਂ ਆਏ ਤਾਂ ਉਸ ਦਾ ਉੱਤਰ ਵੀ ਇਕ ਹੀ ਹੈ, ਉਹ ਸਾਨੂੰ 'ਬੰਦੇ' ਬਣਾਉਣ ਆਏ ਸਨ। ਮਨੁੱਖ ਤਾਂ ਬਹੁਤੇਰੇ ਮਿਲ ਜਾਣਗੇ ਪਰ ਇਨਸਾਨ ਤੇ ਬੰਦਾ ਲੱਭਣਾ ਮੁਸ਼ਕਲ ਹੈ।

ਗੁਰੂ ਨਾਨਕ ਦੇਵ ਜੀ ਨੇ ਤਲਵੰਡੀ ਵਿਖੇ ਹੀ ਕੀਰਤਨ ਦੀ ਮਹੱਤਤਾ ਜਾਣ ਲਈ ਸੀ। ਉਹ ਕੀਰਤ ਤੇ ਕਿਰਤ ਜੋੜ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਚਾਰੇ ਕਿੱਤੇ ਅਪਣਾਏ। ਹੱਟੀ ਵੀ ਪਾਈ, ਖੇਤੀ ਵੀ ਕੀਤੀ, ਵਪਾਰ ਵੀ ਕੀਤਾ ਤੇ ਨੌਕਰੀ ਵੀ ਕੀਤੀ। ਕੋਈ ਕਿੱਤਾ ਮਾੜਾ ਨਹੀਂ। ਹਰ ਕੰਮ ਕਰਦਿਆਂ ਹੀ ਕਾਦਰ ਨੂੰ ਪਾਇਆ ਜਾ ਸਕਦਾ ਹੈ।

ਸੱਚਾ ਸੌਦਾ : ਅਠਾਰਾਂ ਵਰ੍ਹਿਆਂ ਦੇ ਹੋਏ ਤਾਂ ਵਪਾਰ ਕਰਨ ਲੱਗੇ। ਚੂਹੜਕਾਣੇ ਦੀ ਮੰਡੀ ਲੂਣ ਦਾ ਵਪਾਰ ਕਰਨ ਜਾਇਆ ਕਰਦੇ ਸਨ। ਇਕ ਵਾਰੀ ਉਥੇ, 'ਅਬਦਾਲਾਂ'[1] ਨੂੰ ਖਾਣਾ ਖਵਾ ਆਏ। ਮਹਿਤਾ ਕਾਲੂ ਜੀ ਨੇ ਜਦ ਗੁੱਸਾ ਕੀਤਾ ਤਾਂ ਆਪ ਜੀ ਨੇ ਇਹ ਹੀ ਕਿਹਾ : ਉਹ ਪਿਤਾ ਲਈ 'ਆਖ੍ਰਿਤ' ਸਵਾਰ ਆਏ ਹਨ।

'ਅਬਦਾਲ' ਅਲਾਹ ਦੇ ਕੀਰਤਨ ਵਿਚ ਜੁੜਨ ਵਾਲਾ ਇਕ ਸੂਫ਼ੀ ਤਬਕਾ ਸੀ। ਕਈਆਂ ਦਾ ਖ਼ਿਆਲ ਹੈ ਕਿ ਅਬਦਾਲੀ ਅਸਲ ਵਿਚ 'ਅਬਦ ਅਲੀ' ਤੋਂ ਵਿਗੜ ਕੇ ਹੀ ਬਣਿਆ ਹੈ। ਖ਼ਲੀਫ਼ਾ ਰਸੂਲ ਅਲੀ ਮੁਰਤਜ਼ਾ 'ਤੇ ਈਮਾਨ ਲਿਆਉਣ ਵਾਲੇ ਲੋਕਾਂ ਨੂੰ 'ਅਬਦਾਲੀ' ਕਹਿੰਦੇ ਸਨ। ਕਈਆਂ ਦਾ ਇਹ ਵਿਚਾਰ ਵੀ ਹੈ ਕਿ ਇਸ ਤਬਕੇ ਦੇ ਬਾਨੀ ਦਾ ਨਾਂ ਹੀ ਅਬਦਾਲ ਸੀ। ਕੁਝ ਵੀ ਹੋਵੇ, ਅਬਦਾਲ ਇਹ ਹੀ ਕਿਹਾ ਕਰਦੇ

1. ਬਖ਼ਤ ਮੱਲ-ਖਾਲਿਸਾ ਨਾਮਾ।

Sri Satguru Jagjit Singh Ji eLibrary NamdhariElibrary@gmail.com

ਸਨ ਕਿ ਰਾਗ ਸੱਦ ਹੈ ਅੱਲਾ ਵੱਲੋਂ ਰੂਹ ਨੂੰ, ਰੂਹ ਦਾ ਜੁਆਬ ਹੈ ਵਜਦ ਵਿਚ ਆ ਜਾਣਾ। ਗਸ਼ ਹੋ ਡਿੱਗ ਪੈਣਾ ਤੇ ਰੂਹ ਦਾ ਅੱਲਾ ਵਿਚ ਸਮਾ ਜਾਣਾ। ਇਹ ਹੀ ਕਾਰਨ ਲਗਦਾ ਹੈ ਕਿ ਜਿੱਥੇ ਬਾਬਾ ਨਾਨਕ ਜੀ ਆਪਣੇ ਆਪ ਨੂੰ ਸ਼ਾਇਰ ਕਹਿੰਦੇ ਸਨ ਉਥੇ ਢਾਡੀ ਤੇ ਤਬਲਬਾਜ਼ ਕਹਿ ਕੇ ਬਹੁਤ ਖ਼ੁਸ਼ ਹੁੰਦੇ ਸਨ। ਇਸ ਲਈ ਵੀ ਉਹ ਮਰਦਾਨਾ ਨੂੰ ਸਾਥ ਰੱਖਦੇ ਸਨ।

ਇਕ ਵਾਰੀ ਪੰਡਤ ਨਾਲ ਗੋਸ਼ਟ ਕਰਦੇ ਹੋਏ ਜਦ ਸ਼ਬਦ ਦੀ ਮਹਿਮਾ ਗਾਈ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਬਾਤਾਂ ਜੋ ਨਾਨਕ ਕਹਿੰਦਾ ਹੈ **ਸਿ ਬਾਤ ਹਮ ਵੇਦ ਸ਼ਾਸਤਰ ਮਹਿ ਤੇ ਭੀ ਕਬਹ ਨਾਹਿ ਸੁਣੀ**। ਵੇਦ ਤਾਂ ਕਿਸੇ ਮਨੁੱਖ ਨੂੰ ਖ਼ੁਸ਼ ਕਰਨ ਜਾਂ ਸਰਾਪ ਦੇ ਡਰ ਤੋਂ ਹੀ ਲਿਖੇ ਗਏ ਹਨ ਤੇ ਇਥੇ ਹਰ ਗੱਲ ਪਰਮਾਤਮਾ ਦੀ ਹੀ ਸੀ। ਸੱਚ ਨਾਮੁ ਕਰਤਾ ਪੁਰਖ ਦੀ ਹੀ ਸੀ। ਪੰਡਤ ਦੀ ਸਮਝ ਤੋਂ ਇਹ ਗੱਲ ਉੱਚੀ ਸੀ ਕਿ ਜੇ ਕੋਈ ਉੱਚੀ ਜਾਤ ਵਿਚ ਜੰਮ ਕੇ, ਫਿਰ ਜਾਤ ਦਾ ਅਹੰਕਾਰ ਛੱਡ ਕੇ, ਉਸ ਨੂੰ ਚੇਤੇ ਰੱਖੇ, ਉਸ ਦਾ ਕਹਿਣਾ ਹੀ ਕੀ ਪਰ ਜੇ ਕੋਈ ਨੀਵੀਂ ਜਾਤ ਵਿਚ ਪੈਦਾ ਹੋ ਕੇ ਪ੍ਰਭੂ ਦਾ ਭਗਤ ਬਣ ਜਾਏ ਤਾਂ ਬੇਸ਼ੱਕ ਉਹ ਮੇਰੀ ਚਮੜੀ ਦੀਆਂ ਜੁੱਤੀਆਂ ਬਣਾ ਕੇ ਪਹਿਣ ਲਏ :

'ਜਾਤਿ ਕੁਲੀਨੁ ਸੇਵਕੁ ਜੇ ਹੋਇ॥
ਤਾ ਕਾ ਕਹਣਾ ਕਹਹੁ ਨਾ ਕੋਇ॥
ਵਿਚਿ ਸਨਾਤੀ ਸੇਵਕੁ ਹੋਇ॥
ਨਾਨਕ ਪਣ੍ਹੀਆ ਪਹਿਰੈ ਸੋਇ'॥ ੪॥ ੧॥ ੬॥

(ਮਲਾਰ ਮਹਲਾ ੧, ਪੰਨਾ ੧੨੫੬)

ਸ਼ਾਦੀ : ਪੰਦਰਾਂ ਵਰ੍ਹਿਆਂ ਦੇ ਹੋਏ ਤਾਂ ਸ਼ਾਦੀ ਹੋਈ ਅਤੇ ਵੈਸਾਖੀ ਵਾਲੇ ਦਿਨ ਹੀ ਕੁੜਮਾਈ ਆਈ। ਸ਼ਾਦੀ ਬਟਾਲੇ ਹੋਈ। ਉਨ੍ਹਾਂ ਦੇ ਸਹੁਰਾ ਭਾਈ ਮੂਲਾ ਜੀ ਬਟਾਲਾ ਦੇ ਰਹਿਣ ਵਾਲੇ ਸਨ ਤੇ ਉਨ੍ਹਾਂ ਦੀ ਵੱਡੀ ਬੱਚੀ ਦਾ ਨਾਂ ਸੁਲੱਖਣੀ ਸੀ। ਸੋ ਬਰਾਤ ਬਟਾਲੇ ਹੀ ਗਈ। ਬਰਾਤ ਵਿਚ ਹਰ ਜਾਤ ਦੇ ਲੋਕੀਂ ਗਏ ਤੇ ਸਾਰਿਆਂ ਨੇ ਇਕ ਥਾਂ ਹੀ ਖਾਣਾ ਖਾਧਾ। ਜਨਮ ਸਾਖੀ ਵਾਲੇ ਇਸ ਗੱਲ ਨੂੰ ਉਚੇਚ ਕਰ ਲਿਖਦੇ ਹਨ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ। ਉਸ ਦਾ ਕਾਰਨ ਇਹ ਲਗਦਾ ਹੈ ਕਿ 'ਮਰਯਾਦਾ ਪ੍ਰਸ਼ੋਤਮ' ਰਾਮ ਜੀ ਦੀ ਜਦ ਸ਼ਾਦੀ ਹੋਈ ਸੀ ਤਾਂ ਹਰ ਜਾਤ ਵਾਲੇ ਨੂੰ ਅੱਡ-ਅੱਡ ਖਾਣਾ ਖੁਆਇਆ ਗਿਆ ਤੇ ਵੱਖ-ਵੱਖ ਅਸਥਾਨਾਂ 'ਤੇ ਟਿਕਾਇਆ ਗਿਆ ਸੀ। 'ਉੱਤਮ ਨੀਚ ਲਘੂ ਨਿਜ-ਨਿਜ ਥਲ ਅਨੁਹਾਰਿ', ਤੁਲਸੀ ਨੇ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਕਹਿ ਦਿੱਤਾ ਸੀ ਕਿ ਸਾਰੇ ਹੀ ਇਕੋ ਥਾਂ ਪ੍ਰਸ਼ਾਦ ਛਕਣਗੇ।

ਰੀਤਾਂ ਰਸਮਾਂ ਤੋਂ ਉੱਚੇ ਹੋ ਕੇ ਵਿਆਹ ਕਰਵਾਇਆ। ਮੇਹਰਬਾਨ ਦੀ ਜਨਮ ਸਾਖੀ ਵੀ ਇਸੇ ਗੱਲ ਦੀ ਗਵਾਹੀ ਦੇਂਦੀ ਹੈ ਕਿ ਵਿਆਹ ਵੇਲੇ ਵੈਦਿਕ ਰਸਮਾਂ ਨਹੀਂ ਹੋਈਆਂ ਅਤੇ ਨਿਰੋਲ ਕੀਰਤਨ ਹੀ ਕੀਤਾ ਗਿਆ ਸੀ।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਗੁਰ ਪੁਰ ਪ੍ਰੇਮ ਪ੍ਰਕਾਸ਼ ਅਨੁਸਾਰ :

'੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ'॥

ਲਿਖ ਕੇ ਚਉਕੀ ਤੇ ਰੱਖ ਫੇਰੇ ਲਏ। ਮਹਿਮਾ ਪ੍ਰਕਾਸ਼ ਨੇ 'ਸਾਖੀ ਬਾਬਾ ਨਾਨਕ ਜੀ ਕੇ ਵਿਵਾਹ ਕੀ' ਵਿਚ ਲਿਖਿਆ ਹੈ ਕਿ ਜਦ ਆਪ ਜੀ ਬਰਾਤ ਲੈ ਚੜ੍ਹੇ ਸਨ ਤਾਂ ਪੱਗ ਸਿਰ ਤੇ ਖ਼ੂਬ ਸਜ ਰਹੀ ਸੀ : 'ਸਿਰ ਪਾਗ ਬਸਤਰ ਧਾਰਾ।'

ਸ਼ਾਦੀ ਪਿੱਛੋਂ ਵੀ ਗ੍ਰਹਿਸਤ ਵਿਚ ਖੱਚਤ ਨਾ ਹੋਏ। ਮਾਤਾ ਤ੍ਰਿਪਤਾ ਨੇ ਇਕ ਦਿਨ ਕਿਹਾ ਵੀ, 'ਬੱਚਾ ਤੇਰਾ ਜੀਉ ਕਿੱਥੇ ਹੈ ? ਤੂੰ ਅੱਠੇ ਪਹਿਰ ਕਿਤੁ ਧਿਆਨ ਹੁੰਦਾ ਹੈ। ਸੱਚ ਆਖ।' ਜਦ ਸੱਚ ਆਖ ਕਿਹਾ ਤਾਂ ਗੁਰੂ ਨਾਨਕ ਦੇਵ ਜੀ ਬੋਲੇ, 'ਹਰਿ ਬਿਨ ਜਿਅਰਾ ਰਹਿ ਨਾ ਸਕੈ, ਖਿਨੁ ਸਤਿਗੁਰਿ ਬੂਝ ਬੁਝਾਈ॥' ਮਾਤਾ ਜੀ ਨੇ ਉਸ ਸਮੇਂ ਬੜੀ ਸੁੰਦਰ ਗੱਲ ਕਹੀ : 'ਬੇਟਾ ਮਾਤਾ-ਪਿਤਾ ਪਰਮੇਸ਼ਰ ਹੀ ਕੇ ਕੀਤੇ ਹੋਏ ਹੈਨਿ, ਸੰਸਾਰ ਦੇ ਭਾਈ ਭਤੀਜੇ ਵੀ ਪਰਮੇਸ਼ਰ ਦੇ ਹੀ ਹਨ। ਇਸਤਰੀ ਵੀ ਤੇਰੇ ਪਿੱਛੇ ਪਰਮੇਸ਼ਰ ਨੇ ਹੀ ਲਗਾਈ ਹੈ।' ਗੁਰੂ ਨਾਨਕ ਦੇਵ ਜੀ ਨੇ ਕਿਹਾ : ਇਹ ਠੀਕ ਹੈ ਤੇ ਗ੍ਰਹਿਸਤ ਵੀ ਇਸੇ ਲਈ ਹੀ ਕੀਤਾ ਹੈ ਪਰ ਸੁਖ ਉਸ ਸਮੇਂ ਮਿਲਦਾ ਹੈ ਜਦ ਉਸ ਨੂੰ ਨਿਹਾਲਾਂ ਤੇ ਉਸ ਦੇ ਧਿਆਨ ਵਿਚ ਰਹਾਂ ਤਾਂ ਹੀ ਜੀਂਵਦਾ ਹਾਂ। ਮਾਤਾ ਜੀ ਨੇ ਸਪੱਸ਼ਟੀਕਰਨ ਮੰਗਦੇ ਕਿਹਾ : 'ਅਸੀਂ ਤਾਂ ਇਹ ਸੁਣਦੇ ਆਏ ਹਾਂ ਕਿ ਉਹ ਦੂਰ ਹੈ ਪਰ ਤੁਸੀਂ ਪਾਸ ਹੀ ਖੜ੍ਹਾ ਕਹਿੰਦੇ ਹੋ।' ਗੁਰੂ ਨਾਨਕ ਜੀ ਨੇ ਫ਼ਰਮਾਇਆ : 'ਇਹ ਹਉਮੈ ਜੋ ਮਿਟਾਇ ਦੂਰ ਕਰੇ, ਗੁਰੂ ਕੇ ਸ਼ਬਦ ਸਮਾਇ ਜਾਇ, ਜੈਸਾ ਸ਼ਬਦ ਗੁਰੂ ਕਾ ਕਹਤਾ ਹੈ ਅਰ ਸਾਹਿਬ ਭੀ ਉਸੇ ਹੀ ਕੇ ਕਹਿਐ ਲੱਗਦਾ ਹੈ। ਉਸ ਤੇ ਸਾਹਿਬ ਵਿਚ ਭੇਦ ਨਹੀਂ ਹੁੰਦਾ। ਉਦਾਸੀ ਦਾ ਕਾਰਨ ਇਹ ਹੈ ਕਿ ਪਰਮੇਸ਼ਰ ਦਾ ਲੋਕ ਕੋਈ ਨਹੀਂ ਮਿਲਦਾ ਜਿਸ ਸਾਥ ਪਰਮੇਸ਼ਰ ਜੀ ਕੀਆਂ ਬਾਤਾਂ ਕਰਾਂ।'

ਰੋਗ ਦਾ ਦਾਰੂ : ਤਲਵੰਡੀ ਵਿਚ ਹੀ ਹਕੀਮ ਤੇ ਵੈਦ ਨੂੰ ਵੀ ਜੀਵਨ-ਤੱਤ ਸਮਝਾਇਆ। ਜਿਵੇਂ ਪਾਂਧੇ ਨੂੰ ਪੱਟੀ ਲਿਖ ਸਮਝਾਇਆ ਸੀ ਕਿ ਉਹ ਐਸਾ ਪੰਧ ਪਾਏ ਜਿਸ 'ਤੇ ਤੁਰ ਕੇ ਚਾਟੜੇ ਗੁਰਮੁਖ ਹੋ ਸਕਣ ਤਾਂ ਹਰਦਾਸ ਨਾਂ ਦੇ ਵੈਦ ਨੂੰ ਕਿਹਾ ਕਿ ਠੀਕ ਇਲਾਜ ਉਹ ਹੀ ਕਰ ਸਕੇਗਾ ਜੋ ਪਹਿਲਾਂ ਰੋਗ ਪਛਾਣਨ ਦੀ ਜੁਗਤ ਰੱਖਦਾ ਹੈ। ਦੁਨੀਆਂ ਵਿਚ ਦੋ ਹੀ ਰੋਗ ਹਨ, ਇਕ ਪਿਤ ਤੇ ਦੂਜਾ ਵਾਉ। ਕੁਝ ਲੋਕੀਂ ਆਫ਼ਰ-ਆਫ਼ਰ ਫਿਰਦੇ ਹਨ ਤੇ ਕੁਝ ਕ੍ਰੋਧੀ ਹੋਏ ਆਪਣਾ ਤੇ ਦੂਜੇ ਦਾ ਤਨ, ਮਨ ਸਾੜੀ ਜਾਂਦੇ ਹਨ। ਸੋ ਵੈਦ ਦੀ ਦੁਆਈ ਨਾਲ ਵੱਲ ਹੋਣਾ ਇਕ ਭਰਮ ਹੈ, ਬੀਮਾਰ ਤਾਂ ਆਤਮਾ ਹੈ। ਅਸਲ ਰੋਗ ਖਸਮ ਦਾ ਵਿਸਰਨਾ ਹੈ :

'ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥
ਵੈਦ ਨਾ ਭੋਲੇ ਦਾਰੂ ਲਾਇ॥ ੨॥'

(ਮਲਾਰ ਮਹਲਾ ੧, ਪੰਨਾ ੧੨੫੬)

Sri Satguru Jagjit Singh Ji eLibrary NamdhariElibrary@gmail.com

ਰੋਗੀ ਤਾਂ ਮਨ ਹੈ ਤੇ ਇਲਾਜ ਵੀ ਉਸੇ ਦਾ ਹੋਣਾ ਚਾਹੀਦਾ ਹੈ। ਦਵਾਈ ਦੱਸਦੇ ਹੋਏ ਕਿਹਾ ਕਿ ਦੁਨੀਆਂ ਵਿਚ ਦੁੱਖ ਕਲੇਸ਼ ਜ਼ਹਿਰ ਨਿਆਈਂ ਹਨ। ਪਰ ਇਹ ਜ਼ਹਿਰ ਦਾ ਕੁਸ਼ਤਾ ਬਣਾਉਣ ਲਈ ਪਰਮਾਤਮਾ ਦਾ ਨਾਮ ਜੜੀ ਬੂਟੀਆਂ ਦੀ ਥਾਂ ਵਰਤਿਆ ਜਾਏ, ਉਸ ਕੁਸ਼ਤੇ ਨੂੰ ਪੀਹਣ ਲਈ ਸੰਤੋਖ ਦੀ ਸਿਲਾ ਬਣਾਈ ਜਾਏ ਅਤੇ ਦਾਨ ਨੂੰ ਆਪਣੇ ਹੱਥ ਵਿਚ ਪੀਸਣ ਵਾਲਾ ਪੱਥਰ ਦਾ ਵੱਟਾ ਬਣਾ ਲਿਆ ਜਾਏ ਅਤੇ ਇਹ ਕੁਸ਼ਤਾ ਜੇ ਸਦਾ ਖਾਇਆ ਜਾਏ ਤਾਂ ਮਨੁੱਖ ਮੌਤ ਨੂੰ ਜਿੱਤ ਲਵੇਗਾ, ਡਰਾਂ ਤੋਂ ਬਚ ਸਕੇਗਾ :

'ਦੁਖ ਮਹੁਰਾ ਮਾਰਣ ਹਰਿ ਨਾਮੁ॥
ਸਿਲਾ ਸੰਤੋਖ, ਪੀਸਣੁ ਹਥਿ ਦਾਨੁ॥
ਨਿਤ ਨਿਤ ਲੇਹੁ ਨਾ ਛੀਜੈ ਦੇਹ॥
ਅੰਤ ਕਾਲਿ ਜਮੁ ਮਾਰੈ ਠੇਹ॥ ੧॥
ਐਸਾ ਦਾਰੂ ਖਾਹਿ ਗਵਾਰ॥
ਜਿਤੁ ਖਾਧੈ ਤੇਰੇ ਜਾਹਿ ਵਿਕਾਰ'॥ ੧॥ ਰਹਾਉ॥

(ਮਲਾਰ ਮਹਲਾ ੧, ਪੰਨਾ ੧੨੫੬)

ਫਿਰ ਦੱਸਿਆ ਹੈ ਕਿ ਦੁਨੀਆਂ ਦਾ ਰਾਜ, ਧਨ ਪਦਾਰਥ ਤੇ ਜੁਆਨੀ ਦੇ ਨਸ਼ੇ ਨੇ ਅੱਖਾਂ ਅੱਗੇ ਹਨੇਰਾ ਲੈ ਆਂਦਾ ਹੈ। ਇਹ ਸਾਰੇ ਤਾਂ ਪ੍ਰਛਾਵੇਂ ਹਨ। ਜਦੋਂ ਸੂਰਜ ਚੜ੍ਹਦਾ ਹੈ ਤਾਂ ਇਨ੍ਹਾਂ ਦੀ ਅਸਲ ਕੀਮਤ ਦਿੱਸ ਪੈਂਦੀ ਹੈ। ਮਨੁੱਖ ਜਗਤ ਵਿਚ ਹੁੰਦਿਆਂ ਤਿੰਨ ਮਾਣ ਕਰਦਾ ਹੈ। ਇਕ, ਉਸ ਨੂੰ ਜੁਆਨੀ ਦਾ ਮਾਣ ਹੈ, ਦੂਜਾ, ਆਪਣੇ ਨਾਮ ਤੇ ਨਾਮਣੇ ਦਾ ਤੇ ਤੀਜਾ, ਉੱਚੀ ਜਾਤ ਦਾ ਪਰ ਪ੍ਰਭੂ ਦੇ ਦਰ ਨਾਂਹ ਨਾਮ, ਨਾਂਹ ਸਰੀਰ ਤੇ ਨਾ ਹੀ ਉੱਚ ਜਾਤ ਕਬੂਲ ਹੁੰਦੇ ਹਨ ਕਿਉਂਕਿ ਉਸ ਦੀ ਹਜ਼ੂਰੀ ਵਿਚ ਗਿਆਨ ਦਾ ਦਿਨ ਚੜ੍ਹਿਆ ਹੁੰਦਾ ਹੈ ਤੇ ਇਥੇ ਦੁਨੀਆਂ ਵਿਚ ਮਾਇਆ ਦੇ ਮੋਹ ਦੀ ਰਾਤ ਪਈ ਹੁੰਦੀ ਹੈ :

'ਰਾਜੁ ਮਾਲੁ ਜੋਬਨੁ ਸਭੁ ਛਾਂਵ॥
ਰਥਿ ਫਿਰੰਦੈ ਦੀਸਹਿ ਥਾਵ॥
ਦੇਹ ਨ ਨਾਉਂ, ਨ ਹੋਵੈ ਜਾਤਿ॥
ਓਥੈ ਦਿਹੁ ਐਥੈ ਸਭ ਰਾਤਿ॥ ੨॥'

(ਮਲਾਰ ਮਹਲਾ ੧, ਪੰਨਾ ੧੨੫੬)

ਇਕ ਵਾਰੀ ਸਾਰੇ ਪਰਿਵਾਰ ਨੇ ਪੁੱਛਿਆ ਕਿ ਉਸ ਨੂੰ ਹਰ ਸਮੇਂ ਕਿਵੇਂ ਯਾਦ ਕਰੀਏ, ਕੁਝ ਸਮਾਂ ਤਾਂ ਛੁੱਟ ਹੀ ਜਾਂਦਾ ਹੈ ਤਾਂ ਗੁਰੂ ਨਾਨਕ ਜੀ ਦਾ ਉੱਤਰ ਸੀ ਕਿ ਜੇ ਬਬੀਹੇ ਨੂੰ ਕਹੀਏ ਕਿ ਤੂੰ ਅਬ ਨਾ ਬੋਲ। ਘੜੀ ਪਹਰ ਦਹੁ ਪਹਰੁ ਤੀਕਨ ਬੋਲ ਤਾਂ ਕੀ ਉਹ ਬੋਲਣ ਤੋਂ ਰਹਿ ਜਾਵੇਗਾ। ਉਹ ਕਦੇ ਨਾ ਹੀ ਹਟੇਗਾ। ਸੋ ਪਰਮੇਸ਼ਰ ਨੂੰ ਸਦਾ ਯਾਦ ਰੱਖਣ ਵਿਚ ਹੀ ਸਾਰੇ ਸੁਖ ਹਨ।

ਜਦ ਸਾਰੀ ਤਲਵੰਡੀ ਨੇ ਧਰਮ ਦਾ ਮਾਰਗ ਪੁੱਛਿਆ ਤਾਂ ਆਪ ਜੀ ਨੇ ਕਿਹਾ ਕਿ ਸਾਰੀਆਂ ਬੀਮਾਰੀਆਂ ਹਉਮੈ ਤੋਂ ਹੀ ਹੁੰਦੀਆਂ ਹਨ। ਹਉਮੈ ਦੂਰ ਹੋ ਸਕਦੀ ਹੈ, ਐਸਾ

Sri Satguru Jagjit Singh Ji eLibrary NamdhariElibrary@gmail.com

ਪੇੜ ਲਗਾਉਣ ਨਾਲ :

'ਕਰਮ ਪੇਡੁ, ਸਾਖਾ ਹਰੀ,
ਧਰਮੁ, ਫੁਲੁ, ਫਲੁ ਗਿਆਨੁ॥
ਪਤੁ ਪਰਾਪਤਿ ਛਾਵ ਘਣੀ,
ਚੂਕਾ ਮਨ ਅਭਿਮਾਨੁ॥' *(ਰਾਗ ਬਸੰਤੁ ਮਹਲਾ ੧, ਪੰਨਾ ੧੧੬੮)*

ਜਿਸ ਦਾ ਭਾਵ ਹੈ ਕਿ ਹਉਮੈ ਭੁਲਾਉਣ ਵਾਲੇ ਕੰਮ ਕਰਨ ਨਾਲ ਹਿਰਦੇ ਅੰਦਰ ਇਕ ਰੁੱਖ ਉੱਗ ਪਵੇਗਾ, ਜਿਸ ਨੂੰ ਹਰਿ ਨਾਮ ਸਿਮਰਨ ਦੀਆਂ ਟਾਹਣੀਆਂ ਫੁੱਟ ਪਹਿਣਗੀਆਂ ਤੇ ਜੀਵਨ ਧਰਮ-ਮਈ ਹੋ ਜਾਵੇਗਾ ਅਤੇ ਪ੍ਰਭੂ ਨੂੰ ਠੀਕ ਪਛਾਣਨ ਵਾਲਾ ਫੁੱਲ ਲੱਗੇਗਾ। ਪਰਮਾਤਮਾ ਦੀ ਪ੍ਰਾਪਤੀ ਦੇ ਪੱਤਰ ਉੱਗ ਪੈਣਗੇ ਤੇ ਨਿਰਮਾਣਤਾ ਉਸ ਰੁੱਖ ਦੀ ਠੰਢੀ ਛਾਂ ਹੋਵੇਗੀ।

ਪ੍ਰਤਿਭਾ : ਸਤਾਈ ਵਰ੍ਹਿਆਂ ਦੇ ਹੋਏ ਤਾਂ ਆਪ ਜੀ ਦੇ ਸਰੂਪ ਬਾਰੇ ਜਨਮ ਸਾਖੀ ਵਿਚ ਲਿਖਿਆ ਹੈ ਕਿ ਨਾਮ ਦਾਨ ਇਸ਼ਨਾਨ, ਭਾਵ ਰੱਬ ਵੱਲ ਮੂੰਹ, ਲੋਕਾਂ ਦੀ ਭਲਾਈ ਦੇ ਕੰਮ ਤੇ ਕੀਰਤਨ ਵਿਚ ਮਗਨ ਰਹਿੰਦੇ। ਗੁਰਮੁਖ ਗਿਆਨ, ਗੁਰੂ ਜੀ ਕਾ ਧਿਆਨ, ਸ਼ਿਵ ਸੰਜਮ, ਸੁਰਤਿ ਉਪਜੀ, ਸਚ ਸੰਤੋਖ ਉਪਜਿਆ, ਇਤਿ ਜੁਗਤ ਉਪਜਿ, ਸੁਕ੍ਰਿਤ ਉਪਜਿਆ ਤੇ ਕੁਬਿਧ ਬਿਨਸੀ। ਅਗਲਾ ਪਿੜ ਮੱਲਣਾ ਜ਼ਰੂਰੀ ਸੀ।

ਬਾਬਾ ਸ੍ਰੀ ਚੰਦ ਜੀ ਤੇ ਲਖਮੀ ਚੰਦ ਜੀ ਦਾ ਜਨਮ : ਬਾਬਾ ਸ੍ਰੀ ਚੰਦ ਜੀ ਦਾ ਜਨਮ ੧੫੯੬ ਈ: ਨੂੰ ਹੋਇਆ ਤੇ ਠੀਕ ਦੋ ਸਾਲਾਂ ਉਪਰੰਤ ਬਾਬਾ ਲਖਮੀ ਚੰਦ ਜੀ ਦਾ ਜਨਮ ਹੋਇਆ। ਜਦ ਗੁਰੂ ਜੀ ਬੱਤੀ ਵਰ੍ਹਿਆਂ ਦੇ ਹੋਏ ਤਾਂ ਭਾਈ ਜੈ ਰਾਮ ਜੀ, ਜੋ ਗੁਰੂ ਨਾਨਕ ਦੇਵ ਜੀ ਦੇ ਭਣਵਈਏ ਸਨ, ਸੁਲਤਾਨਪੁਰ ਤੋਂ ਲੈਣ ਲਈ ਆਏ। ਆਪ ਜੀ ਨੇ ਸੁਲਤਾਨਪੁਰ ਜਾਣਾ ਮੰਨ ਲਿਆ। ਜਦ ਆਪ ਜਾਣ ਲੱਗੇ ਤਾਂ ਮਾਤਾ ਸੁਲੱਖਣੀ ਜੀ ਨੇ ਨਾਲ ਹੀ ਜਾਣ ਲਈ ਬੇਨਤੀ ਕੀਤੀ ਤਾਂ ਜੋ ਉੱਤਰ ਆਪ ਜੀ ਨੇ ਦਿੱਤਾ, ਉਹ ਬਾਬੇ ਨਾਨਕ ਦਾ ਗ੍ਰਹਿਸਤੀ ਸਰੂਪ ਪ੍ਰਗਟਾਉਣ ਲਈ ਕਾਫ਼ੀ ਹੈ। ਆਪ ਜੀ ਨੇ ਕਿਹਾ, "ਪ੍ਰਮੇਸ਼ਰ ਕੀਏ ਸੁਲੱਖਣੀਏਂ, ਹੁਣ ਤਾਂ ਮੈਂ ਜਾਂਦਾ ਹਾਂ। ਜੇ ਮੇਰੇ ਰੁਜ਼ਗਾਰ ਦੀ ਕਾਈ ਬਣਸੀ ਤਾਂ ਸਦਾਇ ਲੈਸਾਂ। ਤੂੰ ਆਗਿਆ ਮੰਨ ਲੈ।" ਭੈਣ 'ਤੇ ਭਾਰਾ ਪਾਉਣਾ ਠੀਕ ਨਹੀਂ ਸੀ। 'ਗ੍ਰਹਿਸਤੀ ਮਹਿ ਬਡਾ ਗ੍ਰਹਿਸਤੀ।' ਮਾਤਾ ਸੁਲੱਖਣੀ ਜੀ ਨੇ ਵੀ ਬੜੇ ਭਾਵ-ਪੂਰਤ ਬਚਨ ਕਹੇ ਸਨ। ਮਾਤਾ ਜੀ ਨੇ ਕਿਹਾ : ਜੋ ਜੀ! ਤੁਸੀਂ ਘਰਿ ਬੈਠੇ ਹੋਏ ਆਹੇ ਤਾਂ ਮੇਰੇ ਭਾਣੇ ਸਾਰੇ ਜਹਾਨ ਦੀ ਪਾਤਸ਼ਾਹੀ ਹੁੰਦੀ ਹੈ। ਜਦੋਂ ਮੋਦੀਖ਼ਾਨੇ ਦੇ ਪ੍ਰਬੰਧਕ ਥਾਪੇ ਗਏ ਤਾਂ ਪਹਿਲਾ ਕੰਮ ਆਪ ਜੀ ਨੇ ਇਹ ਹੀ ਕੀਤਾ ਕਿ ਮਰਦਾਨਾ ਜੀ ਨੂੰ ਭੇਜ ਕੇ ਬੱਚੇ ਤੇ ਘਰਵਾਲੀ ਸੁਲਤਾਨਪੁਰ ਸਦਵਾ ਲਏ। ਮਾਤਾ ਸੁਲੱਖਣੀ ਜੀ ਨੇ ਵੀ ਗੁਰੂ ਜੀ ਵਾਲਾ ਸੁਭਾਅ ਪਾ ਲਿਆ। ਘਰੋਂ ਕਿਸੇ ਨੂੰ ਖ਼ਾਲੀ ਨਾ ਜਾਣ ਦੇਂਦੇ।

'ਜਾਚਕ ਛੂਛੇ ਕੋ ਨ ਸਿਧਾਵਾ॥'

ਜਦ ਸੁਲਤਾਨਪੁਰ ਜਾਣ ਲੱਗੇ ਤਾਂ ਰਾਇ ਬੁਲਾਰ ਨੇ ਕਿਹਾ ਕਿ ਉਸ ਦੇ ਲਾਇਕ ਕੋਈ ਟਹਿਲ ਹੋਵੇ ਤਾਂ ਆਗਿਆ ਕਰੋ ਤਾਂ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ :

Sri Satguru Jagjit Singh Ji eLibrary NamdhariElibrary@gmail.com

'ਮੈਂ ਤੁਹਾਨੂੰ ਇਕੋ ਸਲਾਹ ਦਿੰਦਾ ਹਾਂ ਜੇ ਮੰਨੋ ਤਾਂ ਉਹ ਇਹ ਹੈ ਕਿ ਜਿੱਥੇ ਤੁਹਾਡਾ ਆਪਣਾ ਜ਼ੋਰ ਨਾ ਚੱਲੇ ਉਥੇ ਹਲੀਮੀ ਸਹਿਤ ਅੱਲਾ ਨੂੰ ਪੁਕਾਰੋ।'

ਰਾਇ ਬੁਲਾਰ ਨੇ ਵੀ ਉਸ ਅਸਥਾਨ ਨੂੰ ਜਿੱਥੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ, ਧਰਮ ਅਸਥਾਨ ਬਣਾ ਦਿੱਤਾ ਅਤੇ ਮਹਿਤਾ ਜੀ ਲਈ ਅਲੱਗ ਹਵੇਲੀ ਉਸਾਰ ਦਿੱਤੀ। ਸਭ ਤੋਂ ਵੱਡੀ ਗੱਲ ਹਰ ਜਨਮ ਦਿਨ 'ਤੇ ਲੰਗਰ ਲਗਾਂਦਾ, ਤੋਪਾਂ ਦੀ ਸਲਾਮੀ ਲੈਂਦਾ ਅਤੇ ਕਾਗਜ਼ਾਂ ਵਿਚ ਪਿੰਡ ਦਾ ਨਾਮ ਨਨਕਾਣਾ ਸਾਹਿਬ ਕਰ ਦਿੱਤਾ। ਮਾਲੀਏ ਦਾ ਦਸਵਾਂ ਹਿੱਸਾ ਲੋਕਾਂ ਵਿਚ ਵੰਡਦਾ ਸੀ।

"ਗੁਰ ਨਾਮ ਧਨ ਲੰਗਰ ਲਾਯੋ।
ਕਰ ਕੋ ਦਸਵੇਂ ਬਾਂਟਾ ਪਾਯੋ।"

ਰਾਇ ਬੁਲਾਰ ਬਾਰੇ ਲਿਖਣਾ ਇਹ ਕੁਥਾਂ ਨਹੀਂ ਹੋਵੇਗਾ ਕਿ ਉਹ ਨਵਾਬ ਦੌਲਤ ਖ਼ਾਨ ਦਾ ਸਹੁਰਾ ਸੀ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

3

ਸੁਲਤਾਨਪੁਰ ਵਿਚ

ਸੁਲਤਾਨਪੁਰ : ਜੇ ਤਲਵੰਡੀ ਨੂੰ ਇਹ ਸੁਭਾਗ ਪ੍ਰਾਪਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਮੁੱਢਲੇ ੩੨ ਸਾਲ ਉਥੇ ਗੁਜ਼ਾਰੇ ਅਤੇ ਕਈ ਰਾਹ ਸੁਖਾਲੇ ਕੀਤੇ ਤਾਂ ਸੁਲਤਾਨਪੁਰ ਨੂੰ ਵੀ ਇਹ ਮਾਣ ਪ੍ਰਾਪਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਭਰ ਜੁਆਨੀ ਦੇ ਸਾਢੇ ਚਾਰ ਸਾਲ ਉਥੇ ਗੁਜ਼ਾਰੇ ਸਨ। ਉਥੇ ਹੀ 'ਤੇਰਾ-ਤੇਰਾ' ਦੀ ਧੁਨੀ ਉੱਠੀ ਸੀ। ਉਥੇ ਹੀ ਹਿੰਦੂ, ਮੁਸਲਮਾਨਾਂ ਨੂੰ ਸੋਝੀ ਮਿਲੀ ਸੀ ਕਿ ਨਾ ਉਹ ਹਿੰਦੂ ਹਨ ਤੇ ਨਾ ਮੁਸਲਮਾਨ। ਉਥੇ ਹੀ ਸੜਦੇ ਸੰਸਾਰ ਨੂੰ ਠੰਢ ਪਾਉਣ ਵਾਲਾ ਮੂਲ ਮੰਤਰ ਮਿਲਿਆ ਸੀ। 'ਜਪ' ਦਾ ਮੁੱਢ ਵੀ ਉਥੇ ਹੀ ਬੱਝਾ ਸੀ। ਉਥੇ ਹੀ ਬਾਬੇ ਨੇ ਨਿਰਣਾ ਲਿਆ ਸੀ ਕਿ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਮੈਦਾਨ ਵਿਚ ਨਿਤਰਨਾ ਚਾਹੀਦਾ ਹੈ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਉਥੇ ਹੀ ਬਾਬੇ ਨੇ ਧਿਆਨ ਧਰ ਡਿੱਠਾ ਸੀ ਕਿ ਧਰਤੀ ਜਲ ਰਹੀ ਹੈ ਅਤੇ ਗੁਰੂ ਤੋਂ ਬਗ਼ੈਰ ਲੋਕਾਈ ਹਾਹਾਕਾਰ ਕਰ ਰਹੀ ਹੈ। ਉਥੇ ਹੀ ਸਾਡੇ ਲਈ ਰੱਬ ਦੀ ਦਰਗਾਹ ਤੋਂ ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ ਕਿ ਜਪ ਵੀ ਲਿਆਏ ਸਨ, ਜਿਸ ਨੂੰ ਜਪਣ ਨਾਲ ਨਾ ਨਾਮ ਰਹਿੰਦਾ ਹੈ ਤੇ ਨਾ ਨਾਮੀ। ਉਥੇ ਹੀ ਮੋਦੀਖ਼ਾਨੇ ਦਾ ਕਾਰਜ ਸੰਭਾਲ ਬਾਬੇ ਨੇ ਕਿਰਤ ਅਤੇ ਕਾਰਾਂ ਕਰਨ ਵਾਲਿਆਂ ਲਈ ਪੂਰਨੇ ਪਾਏ ਸਨ। ਸੁਲਤਾਨਪੁਰ ਨੂੰ ਹੀ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ 'ਭਗਤ ਭੰਡਾਰਾ' ਕਿਹਾ ਸੀ। ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਸੁਲਤਾਨਪੁਰ ਇਕ ਮਹੱਤਵਪੂਰਨ ਅਸਥਾਨ ਹੈ।

ਸੁਲਤਾਨਪੁਰ ਸਫ਼ੈਦ ਵਈਂ ਦੇ ਕਿਨਾਰੇ ਪੁਰਾਣੀ ਜਰਨੈਲੀ ਸੜਕ 'ਤੇ ਵੱਸਿਆ ਇਕ ਪੁਰਾਤਨ ਸ਼ਹਿਰ ਹੈ। ਗਿਆਰ੍ਹਵੀਂ ਸਦੀ ਵਿਚ ਇਹ ਇਕ ਪ੍ਰਸਿੱਧ ਛਾਉਣੀ ਸੀ। ਵਈਂ ਤੋਂ ਪਾਰ ਖਜੂਰਾਂ ਦੇ ਬ੍ਰਿਛਾਂ ਦੀ ਹੋਂਦ ਇਹ ਸਿੱਧ ਕਰਨ ਲਈ ਕਾਫ਼ੀ ਹੈ ਕਿ ਤੁਰਕਾਨੀ ਫ਼ੌਜਾਂ ਉਥੇ ਛਾਉਣੀ ਪਾ ਟਿਕਦੀਆਂ ਸਨ। ਮਹਿਮੂਦ ਗਜ਼ਨਵੀ ਦੇ ਇਕ ਫ਼ੌਜਦਾਰ ਸੁਲਤਾਨ ਖ਼ਾਨ ਲੋਧੀ ਨੇ ਇਸ ਸ਼ਹਿਰ ਨੂੰ ਵਸਾਇਆ ਸੀ ਅਤੇ ਉਸ ਦੀ ਸੰਤਾਨ ਦੇ ਇਕ ਹੋਰ ਜੀਅ ਦੌਲਤ ਖ਼ਾਨ ਲੋਧੀ ਨੇ ਪੰਦਰ੍ਹਵੀਂ ਸਦੀ ਦੇ ਅਰੰਭ ਵਿਚ ਦਿੱਲੀ 'ਤੇ

Sri Satguru Jagjit Singh Ji eLibrary NamdhariElibrary@gmail.com

ਕੁਝ ਚਿਰ ਰਾਜ ਕੀਤਾ ਸੀ। ਪਰ ਖ਼ਿਜ਼ਰ ਖ਼ਾਨ ਨਾਂ ਦੇ ਇਕ ਹੋਰ ਜਰਨੈਲ ਨੇ ੧੪੧੪ ਈ: ਵਿਚ ਦਿੱਲੀ 'ਤੇ ਕਬਜ਼ਾ ਕਰ ਲਿਆ ਤੇ ਦੌਲਤ ਖ਼ਾਨ ਨੂੰ ਹਿਸਾਰ ਫਿਰੋਜ਼ਾ ਭੇਜ ਦਿੱਤਾ। ਜਰਨੈਲ ਖ਼ਿਜ਼ਰ ਖ਼ਾਨ ਨੇ ਉਮਰ ਬੇਗ 'ਤੇ ਪ੍ਰਸੰਨ ਹੋ ਕੇ ਉਸ ਨੂੰ ਸੁਲਤਾਨਪੁਰ ਦਾ ਵੱਸਿਆ ਸ਼ਹਿਰ ਜਾਗੀਰ ਵਿਚ ਦੇ ਦਿੱਤਾ। ਉਸ ਦੇ ਘਰ ੧੪੫੮ ਈ: ਨੂੰ ਦੌਲਤ ਖ਼ਾਨ ਦਾ ਜਨਮ ਹੋਇਆ ਤੇ ਗੁਰੂ ਨਾਨਕ ਦੇਵ ਜੀ ਜਦ ਸੁਲਤਾਨਪੁਰ ੧੫੦੧ ਈ: ਵਿਚ ਪੁੱਜੇ ਤਾਂ ਇਹ ਦੌਲਤ ਖ਼ਾਨ ਲੋਧੀ ਹੀ ਰਾਜ ਕਰ ਰਿਹਾ ਸੀ। ਸੁਲਤਾਨਪੁਰ ਦੌਲਤ ਖ਼ਾਨ ਦੀ ਜਾਗੀਰ ਸੀ। ਲਾਹੌਰ ਦਾ ਉਹ ਨਵਾਬ ਸੀ। ਸਕੰਦਰ ਲੋਧੀ ਦੇ ਚਾਚੇ ਦਾ ਪੁੱਤਰ ਭਰਾ ਸੀ ਅਤੇ ਇਬਰਾਹੀਮ ਲੋਧੀ ਦਾ ਚਾਚਾ ਸੀ। ਇਸੇ ਦੌਲਤ ਖ਼ਾਨ ਨੇ ਆਪਣੇ ਭਤੀਜੇ ਇਬਰਾਹੀਮ ਨਾਲ ਮੱਥਾ ਵੀ ਲਗਾਇਆ ਸੀ। ਦੌਲਤ ਖ਼ਾਨ ਨੂੰ ਉਸ ਸਮੇਂ ਬਹੁਤ ਗੁੱਸਾ ਆਇਆ, ਜਦ ਇਬਰਾਹੀਮ ਨੇ ਮੀਆਂ ਬੂਆ ਵਰਗੇ ਵਿਦਵਾਨ ਨੂੰ ਨਿਰੋਲ ਇਸ ਕਰਕੇ ਕਤਲ ਕਰ ਦਿੱਤਾ ਸੀ ਕਿ ਉਸ ਨੇ ਮਹਾਂਵੈਦਕ ਗ੍ਰੰਥ ਨੂੰ ਫ਼ਾਰਸੀ ਅੱਖਰਾਂ ਵਿਚ ਕਰਕੇ ਤਿੱਬ-ਏ-ਸਕੰਦਰੀ ਕਿਉਂ ਬਣਾਇਆ ਸੀ ? ਇਬਰਾਹੀਮ ਨੇ ਕਈ ਸਰਦਾਰ ਬੇਦੋਸ਼ੇ ਹੀ ਕਤਲ ਕਰ ਦਿੱਤੇ ਸਨ। ਆਪਣੇ ਪੁੱਤਰ ਗ਼ਾਜ਼ੀ ਖ਼ਾਨ ਕੋਲੋਂ ਦਿੱਲੀ ਵਿਖੇ ਅੱਤਿਆਚਾਰ ਹੁੰਦੇ ਸੁਣ ਕੇ ਹੀ ਦੌਲਤ ਖ਼ਾਨ ਨੇ ਬਾਬਰ ਨੂੰ ਹਿੰਦੁਸਤਾਨ 'ਤੇ ਹਮਲਾ ਕਰਨ ਲਈ ਲਿਖਿਆ ਸੀ।

ਪਿਛਲੇ ਪੰਜਾਹ ਸਾਲਾਂ ਤੋਂ ਸੁਲਤਾਨਪੁਰ ਇਸਲਾਮੀ ਤਾਲੀਮ ਪ੍ਰਾਪਤ ਕਰਨ ਦਾ ਕੇਂਦਰ ਵੀ ਬਣ ਗਿਆ ਸੀ। ਕਈ ਵਿਦਵਾਨ ਦਿੱਲੀ ਦੀ ਹਕੂਮਤ ਹੱਥੋਂ ਸਤਾਏ ਉਥੇ ਹੀ ਆ ਟਿਕੇ ਸਨ। ਸੁਲਤਾਨਪੁਰ ਇੰਨਾ ਪ੍ਰਸਿੱਧ ਹੋ ਗਿਆ ਸੀ ਕਿ ਪਿੱਛੋਂ ਸ਼ਾਹ ਜਹਾਨ ਨੇ ਉਥੇ ਹੀ ਵਿੱਦਿਆ ਪ੍ਰਾਪਤ ਕੀਤੀ ਸੀ ਤੇ ਆਪਣੇ ਪੁੱਤਰਾਂ ਦਾਰਾ ਤੇ ਔਰੰਗਜ਼ੇਬ ਨੂੰ ਸਮੇਂ ਦੇ ਪ੍ਰਸਿੱਧ ਵਿਦਵਾਨ ਮੌਲਾਨਾ ਅਬਦੁੱਲਾ ਸੁਲਤਾਨਪੁਰੀ ਪਾਸ ਹੀ ਪੜ੍ਹਨੇ ਪਾਇਆ ਸੀ। ਦਾਰਾ ਦਾ ਸੁਭਾਅ ਤਾਂ ਖੁੱਲ੍ਹਾ ਹੈ ਹੀ ਸੀ। ਮੁਆਸਰੇ ਆਲਮਗੀਰੀ ਵਾਲਾ ਲਿਖਦਾ ਹੈ ਕਿ 'ਔਰੰਗਜ਼ੇਬ ਵੀ ਕਈ ਵਾਰ ਦਰਬਾਰ ਵਿਚ ਪ੍ਰਚੱਲਤ ਪੰਜਾਬੀ ਅਖਾਣ, (ਜੋ ਅਸਲ ਵਿਚ ਗੁਰੂ ਸਾਹਿਬਾਨ ਦੀ ਬਾਣੀ ਸੀ) ਲੋੜ ਵੇਲੇ ਬੋਲ ਦਿੰਦਾ ਸੀ।'[1] ਇਕ ਹੋਰ ਵਿਦਵਾਨ ਕਾਜ਼ੀ ਨੂਰ ਉਲਾਹ ਵੀ ਉਥੇ ਹੀ ਰਹਿੰਦੇ ਸਨ। ਵਈਂ ਤੋਂ ਪਾਰ ਉੱਤਰ ਵੱਲ ਨੂੰ ਗੁਰਦੁਆਰਾ ਬੇਰ ਸਾਹਿਬ ਤੋਂ ਉੱਤਰ ਚੜ੍ਹਦੇ ਵੱਲ ਉਜਾੜ ਵਿਚ ਇਕ ਪੁਰਾਣੀ ਗੁੰਬਦ ਵਾਲੀ ਇਮਾਰਤ, ਜਿਸ ਨੂੰ ਹੁਜਰਾ ਹਜੀਰਾ ਕਹਿੰਦੇ ਹਨ, ਉਹ ਪ੍ਰਸਿੱਧ ਮਦਰੱਸੇ ਦੀ ਯਾਦ ਦਿਲਵਾਂਦੀ ਹੈ। ਇਸ ਦਾ ਚੁਕੰਧਾ ਹੁਣ ਢਹਿ ਗਿਆ ਹੈ ਅਤੇ ਉੱਚੇ ਥੜ੍ਹੇ 'ਤੇ ਬਣੀ ਇਮਾਰਤ ਹੈ।

ਪੁਰਾਣੀ ਜਰਨੈਲੀ ਸੜਕ ਇਸੇ ਪਾਸੇ ਦੀ ਗੁਜ਼ਰਦੀ ਸੀ। ਅਕਬਰਨਾਮਾ ਦੀ ਤੀਜੀ

---

1. ਇਕ ਵਾਰੀ ਔਰੰਗਜ਼ੇਬ ਨੇ ਦਰਬਾਰ ਵਿਚ ਹੋ ਰਹੀ ਚਰਚਾ ਵੇਲੇ ਇਕ ਪਖੰਡੀ ਦਾ ਪਾਜ ਉਘੇੜਨ ਲਈ ਗੁਰੂ ਨਾਨਕ ਪਾਤਸ਼ਾਹ ਦਾ ਇਹ ਸਲੋਕ ਪੜ੍ਹਿਆ :
   ਕੁਲਹਾ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
   ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥ (ਵਾਰ ਮਲਾਰ, ਮਹਲਾ ੧)

Sri Satguru Jagjit Singh Ji eLibrary NamdhariElibrary@gmail.com

ਜਿਲਦ ਦੇ ਪੰਨਾ ੭੦੪ 'ਤੇ ਲਾਹੌਰ ਤੋਂ ਫ਼ਤਿਹਪੁਰ (ਉਤਰ ਪ੍ਰਦੇਸ਼) ਜਾਂਦੀ ਵੱਡੀ ਸੜਕ ਦਾ ਵੇਰਵਾ ਦਿੱਤਾ ਹੈ। ਇਹ ਸੜਕ ਲਾਹੌਰ ਤੋਂ ਕਲਾਨੌਰ, ਕਲਾਨੌਰ ਤੋਂ ਜਲਾਲਾਬਾਦ (ਬਿਆਸ), ਸੁਲਤਾਨਪੁਰ, ਜਲੰਧਰ, ਹਦੀਆਬਾਦ, ਮਾਛੀਵਾੜਾ, ਸਰਹੰਦ, ਅੰਬਾਲਾ, ਸ਼ਾਹਬਾਦ, ਥਾਨੇਸਰ, ਪਾਨੀਪਤ, ਸੋਨੀਪਤ, ਦਿੱਲੀ, ਦੌਲਤਾਬਾਦ, ਸਰਾਇ ਵੱਡੇ ਅਤੇ ਫ਼ਤਿਹਪੁਰ ਤੋਂ ਹੋ ਕੇ ਜਾਂਦੀ ਸੀ। ਸੁਲਤਾਨਪੁਰ ਇਕ ਜ਼ਰੂਰੀ ਤੇ ਵੱਡਾ ਪੜਾਅ ਸੀ। ਸ਼ਹਿਰ ਦੀ ਰੌਣਕ ਵੇਖਣ ਵਾਲੀ ਸੀ। ਜਦ ਗੁਰੂ ਨਾਨਕ ਦੇਵ ਜੀ ਇਥੇ ਪੁੱਜੇ ਸਨ ਉਸ ਸਮੇਂ ਇਸ ਦੇ ੩੨ ਪ੍ਰਸਿੱਧ ਬਾਜ਼ਾਰ ਸਨ। ਬਾਜ਼ਾਰਾਂ ਦੇ ਨਾਵਾਂ ਤੋਂ ਹੀ ਪਤਾ ਲੱਗ ਜਾਵੇਗਾ ਕਿ ਸੁਲਤਾਨਪੁਰ ਇਕ ਵੱਡਾ ਸ਼ਾਨਦਾਰ ਸ਼ਹਿਰ ਸੀ। ਬਾਜ਼ਾਰ ਸਰਾਫ਼ਾਂ, ਬਾਜ਼ਾਰ ਨਗ਼ਮਾਂ ਸਾਜ਼ਾਂ (ਰਾਗੀ ਤੇ ਰਬਾਬੀ), ਪਸਾਰਖ਼ਾਨ ਅਦਵੀਆ ਫਰੋਸ਼ਾ (ਦਵਾਈਆਂ ਵੇਚਣ ਵਾਲੇ), ਅੰਗੀ ਬਾਜ਼ਾਰ, ਚੂੜੀ ਫਰੋਸ਼ਾਂ, ਖ਼ੁਸ਼ਰੋਮੀ ਬਾਜ਼ਾਰ ਹਲਵਾਈਆਂ, ਬਾਜ਼ਾਰ ਨਾਨਬਾਈਆਂ, ਚਿਕਲੀ ਬਾਜ਼ਾਰ, ਰੂਈਂ ਗਰਾਂ, ਬਾਜ਼ਾਰ ਬਸਤੀਆਂ (ਮੁਨਿਆਰੀ ਆਦਿ), ਬਾਜ਼ਾਰ ਐਬਰੇਸ਼ਮ ਬਾਫਾਂ (ਰੇਸ਼ਮ ਬਣਾਉਣ ਵਾਲੇ), ਬਾਜ਼ਾਰ ਕਰਦ ਗਾਰਾਂ, ਬਾਜ਼ਾਰ ਸਪਗਰਾਂ (ਘੋੜਿਆਂ ਦੀਆਂ ਖੁਰੀਆਂ ਬਣਾਉਣ ਵਾਲੇ), ਬਾਜ਼ਾਰ ਕਮਾਨਗਰਾਂ ਤੇ ਇਸ ਤਰ੍ਹਾਂ ਦੇ ਕਿੰਨੇ ਹੋਰ ਬਾਜ਼ਾਰ ਸ਼ਹਿਰ ਦੀ ਸ਼ੋਭਾ ਤੇ ਆਕਾਰ ਦਰਸਾਉਂਦੇ ਹਨ।

ਸੋ ਜਦ ਗੁਰੂ ਨਾਨਕ ਦੇਵ ਜੀ ਨੇ ਭਾਈ ਜੈ ਰਾਮ ਜੀ ਦੇ ਕਹਿਣ 'ਤੇ ਸੁਲਤਾਨਪੁਰ ਜਾਣਾ ਮੰਨ ਲਿਆ ਤਾਂ ਉਹ ਅਨੁਭਵ ਕਰ ਰਹੇ ਸਨ ਕਿ ਸੁਲਤਾਨਪੁਰ ਤਲਵੰਡੀ ਬਾਅਦ ਇਕ ਠੀਕ ਕੇਂਦਰ ਹੈ, ਜਿੱਥੇ ਉਹ ਆਪਣੇ ਆਦਰਸ਼ ਤੇ ਉਦੇਸ਼ ਦ੍ਰਿੜ੍ਹਾ ਸਕਦੇ ਸਨ। ਉਨ੍ਹਾਂ ਦਾ ਸੁਲਤਾਨਪੁਰ ਵਿਖੇ ਮੋਦੀਖ਼ਾਨੇ ਦਾ ਕੰਮ ਸੰਭਾਲਣ ਦਾ ਨਿਰਣਾ ਲੈਣਾ ਇਕ ਜੁਗ ਪਲਟਾਊ ਫ਼ੈਸਲਾ ਸੀ।

ਮੋਦੀ[1] : ਭਾਈ ਜੈ ਰਾਮ ਜੀ ਦੌਲਤ ਖ਼ਾਨ ਲੋਧੀ ਦੇ ਦੀਵਾਨ ਸਨ। ਦੌਲਤ ਖ਼ਾਨ ਪਾਸ ਨਿੱਤ ਸ਼ਿਕਾਇਤਾਂ ਪੁੱਜਦੀਆਂ ਸਨ ਕਿ ਮੋਦੀਖ਼ਾਨਾ ਠੀਕ ਨਹੀਂ ਸੀ ਚੱਲ ਰਿਹਾ। ਰਸਦਾਂ ਠੀਕ ਨਹੀਂ ਪੁੱਜਦੀਆਂ। ਲੋੜਵੰਦਾਂ ਨੂੰ ਧਿਕਾਰ ਮਿਲਦੀ ਹੈ। ਉਹ ਕਿਸੇ ਸੁਚੱਜੇ ਮੋਦੀ ਦੀ ਭਾਲ ਵਿਚ ਸੀ। ਮੋਦੀਖ਼ਾਨੇ ਬਾਰੇ ਮਹਾਂਕੋਸ਼ ਵਿਚ ਲਿਖਿਆ ਹੈ ਕਿ ਉਸ ਸਮੇਂ ਪਰਜਾ ਤੋਂ ਜਿਣਸ ਦੀ ਵੰਡਾਈ ਲਈ ਜਾਂਦੀ ਸੀ। ਸਰਕਾਰੀ ਹਿੱਸੇ ਆਇਆ ਅੰਨ, ਗੁੜ ਆਦਿ ਹੋਰ ਸਾਮਾਨ ਮੋਦੀਖ਼ਾਨੇ ਵਿਚ ਦਾਖ਼ਲ ਹੁੰਦਾ ਸੀ। ਉਥੋਂ ਛੱਟ ਸਾਫ਼ ਹੋ ਸ਼ਾਹੀ ਲੰਗਰ ਤੇ ਫ਼ੌਜ ਲਈ ਜਾਂਦਾ ਸੀ। ਜਿਸ ਸਾਮਾਨ ਦੀ ਲੋੜ ਪੈਂਦੀ ਸੀ ਪਰਚੇ ਨਾਲ ਮੰਗਵਾਇਆ ਜਾਂਦਾ ਸੀ। ਜੋ ਜਿਣਸ ਬਚ ਜਾਂਦੀ ਸੀ, ਮੋਦੀ ਵੇਚ ਕੇ ਨਕਦ ਸਰਕਾਰੀ ਖ਼ਜ਼ਾਨੇ ਵਿਚ ਦਾਖ਼ਲ ਕਰਦਾ ਸੀ। ਸੋ ਇਸ ਵਿਆਖਿਆ ਤੋਂ ਸਪੱਸ਼ਟ ਹੈ ਕਿ ਮੋਦੀ ਦਾ ਕੰਮ ਬਹੁਤ ਜ਼ਿੰਮੇਵਾਰੀ ਦਾ ਸੀ ਅਤੇ ਲੈਣ-ਦੇਣ ਰੋਜ਼ ਹੋਣ ਕਾਰਨ ਹੇਰਾ-ਫੇਰੀ ਦੀ ਬਹੁਤ ਸੰਭਾਵਨਾ ਸੀ। ਜਦ ਗੁਰੂ ਨਾਨਕ ਦੇਵ ਜੀ ਮੋਦੀਖ਼ਾਨਾ ਛੱਡ ਗਏ ਸਨ ਤਾਂ ਪੁਰਾਤਨ ਜਨਮ ਸਾਖੀ ਵਾਲੇ ਲਿਖਿਆ ਹੈ ਕਿ ਦੌਲਤ ਖ਼ਾਨ ਨੇ ਕਿਹਾ ਸੀ 'ਵੈਸਾ ਵਜ਼ੀਰ ਮੈਨੂੰ

1. ਦਬਿਸਤਾਨਿ ਮਜ਼ਾਹਬ ਮੁਤਾਬਿਕ : 'ਮੋਦੀ ਸਰਕਾਰ ਦੇ ਹਰ ਪ੍ਰਕਾਰ ਦੇ ਅੰਨ ਭੰਡਾਰ ਦਾ ਰਾਖਾ ਹੁੰਦਾ ਹੈ।' "ਮੋਦੀਆ ਕਿ ਅਸਤ ਕਿ, ਗਲਾਤ ਬ ਦਸਤੇ ਊ ਬਾਸ਼ਦ।"

Sri Satguru Jagjit Singh Ji eLibrary NamdhariElibrary@gmail.com

ਮਿਲਣਾ ਮੁਸ਼ਕਿਲ ਹੈ।' ਆਮ ਤੌਰ ਤੇ ਜਿਣਸ ਲੈਣ ਵੇਲੇ ਮੋਦੀ ਵੱਧ ਤੋਲ ਲੈਂਦਾ ਸੀ ਤੇ ਦੇਣ ਵੇਲੇ ਘੱਟ। ਭਾਵੇਂ ਹਰ ਮੋਦੀ ਨੂੰ ਅਲੂਫਾ ਨਾਂ ਦੀ ਛੋਟ ਮਿਲਦੀ ਸੀ, ਪਰ ਉਹ ਅਲੂਫਾ ਤੋਂ ਇਲਾਵਾ ਕਈ ਹੱਥਕੰਡੇ ਵਰਤ ਕੇ ਮਾਇਆ ਇਕੱਤਰ ਕਰਦਾ ਸੀ। ਦੌਲਤ ਖ਼ਾਨ ਕਿਸੇ ਦਿਆਨਤਦਾਰ ਮੋਦੀ ਨੂੰ ਟੋਲ੍ਹਦਾ ਪਿਆ ਸੀ। ਜਦ ਜੈ ਰਾਮ ਜੀ ਨੇ ਦੌਲਤ ਖ਼ਾਨ ਨੂੰ ਮੋਦੀ ਦੀ ਭਾਲ ਕਰਦੇ ਦੇਖਿਆ ਤਾਂ ਮੌਕਾ ਸੰਭਾਲ ਕੇ ਆਖਿਆ : **'ਮੇਰਾ ਇਕ ਸਾਕ ਹੈ, ਅਰ ਮਰਦਾਨਾ ਆਦਮੀ ਹੈ। ਖ਼ੂਬ ਲਾਇਕ ਹੈ, ਮੁਹਿੰਮ ਸਰ ਕਰਨਹਾਰ ਹੈ। ਅਰਬੀ, ਫ਼ਾਰਸੀ ਤੇ ਹਰ ਵਿੱਦਿਆ ਤੋਂ ਜਾਣੂ ਹੈ।'** ਦੌਲਤ ਖ਼ਾਨ ਨੇ ਹਾਮੀ ਭਰੀ ਅਤੇ ਜੈ ਰਾਮ ਜੀ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਲੈ ਆਏ। ਦੌਲਤ ਖ਼ਾਨ ਨੇ ਨਿਰਛਲ ਤੇ ਨਿਰਕਪਟ ਚਿਹਰਾ ਦੇਖ ਕੇ ਉਸੇ ਸਮੇਂ ਆਖ ਦਿੱਤਾ, 'ਇਹ ਤਾਂ ਕੋਈ ਔਲੀਆ ਹੈ, ਈਂ ਮਰਦ ਖ਼ੁਦਾਈ ਸੂਰਤ ਨਜ਼ਰ ਆਵਤਾ ਹੈ,[1] ਮੋਦੀ ਦਾ ਕੰਮ ਕਿਸ ਤਰ੍ਹਾਂ ਨਿਭਾਇਗਾ?' ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ : 'ਸਭ ਕੰਮ ਕਰਤਾਰ ਦੇ ਹੱਥ ਹਨ, ਆਦਮੀ ਦਾ ਉੱਦਮ ਉਹ ਹੀ ਸਫ਼ਲ ਕਰਨ ਵਾਲਾ ਹੈ।'

ਕਿਸੀ ਕੀ ਦਮੜੀ ਨ ਰਾਖੇ : ਗੁਰੂ ਨਾਨਕ ਦੇਵ ਜੀ ਨੇ ਸਹਿਜੇ ਹੀ ਸਾਰੇ ਕੰਮਾਂ ਨੂੰ ਸਮਝ ਲਿਆ ਤੇ ਸਭ ਤੋਂ ਪਹਿਲੀ ਇਹਤਿਆਤ ਮੋਦੀ ਬਾਬੇ ਨੇ ਇਹ ਵਰਤੀ ਕਿ ਜੈਸੀ ਰਸਦ ਨਵਾਬ ਦੇ ਘਰ ਜਾਏ ਤੈਸੀ ਹੋਰ ਲੋਕਾਂ ਨੂੰ ਮਿਲੇ। ਮਿਹਰਬਾਨ ਜੀ, ਜਨਮ ਸਾਖੀ ਵਿਚ ਲਿਖਦੇ ਹਨ ਕਿ 'ਨਾਨਕ ਜੀ ਆਪ ਦਿਆਨਤਦਾਰ। ਕਿਸੀ ਕਾ ਕਿੱਛ ਲੈ ਨਾਹੀਂ, ਹੋਰਸ ਕਾ ਹੱਕ ਗਵਾਏ ਨਾਹੀਂ। ਧਰਮੋਂ ਧਰਮੀ ਚਲਾਏ। ਅੱਗੇ ਜੋ ਲੋਕ ਪੀਛੇ ਲਾਗੇ ਫਿਰਤੇ, ਹੱਕ ਨ ਪਾਵਤੇ ਥੇ ਅਬ ਸਭ ਕੋ ਹੱਕ ਪਹੁੰਚੇ। ਸਭ ਲਗੈ ਦੁਆਇ ਦੇਣ। ਯਾ ਖ਼ੁਦਾਇ, ਤੂੰ ਨਾਨਕ ਜੀ ਕਾ ਭਲਾ ਕਰਿ, ਜੋ ਸਭਨਾਂ ਦਾ ਹੱਕ ਪਹੁੰਚਾਇਦਾ ਹੈ, ਕਿਸੀ ਨੂੰ ਰੰਜ ਨਹੀਂ ਕਰਦਾ।'

'ਅੱਗੇ ਜੋ ਮੋਦੀ ਥੇ ਸੋ ਦਹਨੀਮੀ (ਦਸਵਾਂ ਹਿੱਸਾ) ਕਾਟ ਲੈਂਦੇ, ਗੁਰੂ ਨਾਨਕ ਨਾਹੀ। ਸਭ ਆਖੇ ਵਾਹ! ਵਾਹ! ਨਾਨਕ ਦਿਆਨਤਦਾਰ।' ਪੁਰਾਤਨ ਜਨਮ ਸਾਖੀ ਵਾਲਾ ਵੀ ਲਿਖਦਾ ਹੈ ਕਿ **'ਨਾਨਕ ਜੀ ਕਿਸੇ ਕੀ ਦਮੜੀ ਨਾਂਹ ਰਖੇ। ਬੜੀ ਸੋਭਾ ਹੋਇ, ਸਭ ਰਈਅਤ ਲਗੀ ਦੁਆਈਂ ਦੇਣ**।' ਮਹਿਮਾ ਪ੍ਰਕਾਸ਼ ਨੇ ਤਾਂ ਸਗੋਂ ਇਹ ਲਿਖਿਆ ਹੈ ਕਿ :

'ਜੋ ਭੂਖਾ ਪਿਆਸਾ ਚਲ ਆਵੈ ਦਿਆਲ ਕੇ।
ਭਰ ਪਲੜਾ ਤਿਸ ਦੇਹ, ਤਰਾਜ਼ੂ ਢਾਲ ਕੇ।'

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਗ਼ਰੀਬਾਂ ਅਤੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ ਦੇਖ ਅਲੰਕਾਰ ਖਿੱਚਿਆ ਕਿ ਇੰਝ ਪ੍ਰਤੀਤ ਹੁੰਦਾ ਹੈ ਕਿ ਪੁੰਨ, ਉਪਕਾਰ ਵਿਰਤੀ ਨੇ ਹੀ ਆਪਣਾ ਸਰੀਰ ਧਾਰ ਕੇ ਗੁਰੂ ਨਾਨਕ ਰੂਪ ਵਿਚ ਆ ਦੁਕਾਨ ਚਲਾਈ ਹੈ। ਸਿੱਟਾ ਇਹ ਕਿ ਗ਼ਰੀਬੀ, ਭੁੱਖ ਨੰਗ ਤੇ ਦੁੱਖ ਸੁਲਤਾਨਪੁਰ ਤੋਂ ਕੂਚ ਹੀ ਕਰ ਗਏ ਹਨ :

---

1. ਹੈ ਮਤਿਵਾਨ ਸੁਜਾਨ ਸਾ ਦੀਸਤ।

Sri Satguru Jagjit Singh Ji eLibrary NamdhariElibrary@gmail.com

'ਮਾਨੋ ਪੁੰਨ ਤਨ ਧਾਰ ਨਿਜ ਕੀਨੀ ਆਨ ਦੁਕਾਨ।
ਦਰਿਦ ਛੁਦਾ ਜੁ ਨਗਨਤਾ, ਤਜ ਗਏ ਪੁਰ ਸੁਲਤਾਨ।

ਗੁਰੂ ਨਾਨਕ ਦੇਵ ਜੀ ਦਾ ਹੱਥ ਬੜਾ ਖੁੱਲ੍ਹਾ ਸੀ। ਦਿਲ ਦਰਿਆ। ਲੋੜਵੰਦ ਦੀ ਲੋੜ ਪੁੱਛ ਕੇ ਪੂਰੀ ਕਰਦੇ। ਗ੍ਰਿਹਸਤ ਵਿਚ ਉਦਾਸ ਸਨ।

ਕੁਝ ਚਿਰ ਪਿੱਛੋਂ ਬਾਬਾ ਜੀ ਨੇ ਮਰਦਾਨਾ ਜੀ ਨੂੰ ਭੇਜ ਕੇ ਮਾਤਾ ਸੁਲੱਖਣੀ ਅਤੇ ਬੱਚਿਆਂ ਨੂੰ ਵੀ ਸਦਵਾ ਲਿਆ। ਦੌਲਤ ਖ਼ਾਨ 'ਤੇ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਦਾ ਐਸਾ ਪ੍ਰਭਾਵ ਪਿਆ ਕਿ ਉਸ ਨੇ ਇਕ ਹੁਕਮ ਰਾਹੀਂ ਇਹ ਕਿਹਾ : 'ਜਿਤਨੀ ਮੇਰੀ ਇਹ ਸਰਕਾਰ ਹੈ, ਇਤਨੀ ਸਭ ਨਾਨਕ ਜੀ ਦੇ ਹਵਾਲੇ ਕਰੋ।' ਫਿਰ ਗੁਰੂ ਨਾਨਕ ਜੀ ਦੇ ਕਹਿਣ ਤੇ ਸੁਲਤਾਨਪੁਰ ਤੋਂ ਪਹਿਲਾਂ ਫ਼ੌਜ ਘਟਾਉਣੀ ਤੇ ਫਿਰ ਹਟਾ ਹੀ ਦਿੱਤੀ। ਬਚਾਏ ਖ਼ਰਚ ਨਾਲ ਲੋੜਵੰਦਾਂ ਲਈ ਸਰਕਾਰੀ ਲੰਗਰ ਲੱਗ ਗਏ। 'ਸਵਾਲੀ, ਫ਼ਕੀਰ ਖ਼ਾਲੀ ਨਾ ਜਾਏ।' ਭਾਈ ਮਨੀ ਸਿੰਘ ਨੇ ਲਿਖਿਆ ਹੈ ਕਿ ਦੌਲਤ ਖ਼ਾਨ ਪਾਸ ਇਹ ਸ਼ਿਕਾਇਤ ਵੀ ਕੀਤੀ ਗਈ ਕਿ ਖ਼ੈਰਾਇਤ 'ਤੇ ਬਹੁਤ ਖ਼ਰਚ ਹੋ ਰਿਹਾ ਹੈ। 'ਸਿਪਾਹੀ ਦਾ ਖ਼ਰਚ ਸੌ ਰੁਪਏ ਰੋਜ਼ ਉੱਠਦਾ ਹੈ ਅਤੇ ਖ਼ੈਰਾਇਤ ਰੋਜ਼ ਪੰਜ ਸੌ ਰੁਪਏ ਉੱਠਦੀ ਹੈ।' ਸ਼ਿਕਾਇਤ ਕਰਨ ਵਾਲਿਆਂ ਨੂੰ ਦੌਲਤ ਖ਼ਾਨ ਨੇ ਇਹ ਹੀ ਕਿਹਾ ਕਿ ਸੁਲਤਾਨਪੁਰ ਦੇ ਭਾਗ ਹਨ ਕਿ ਐਸਾ ਮੋਦੀ ਮਿਲਿਆ ਹੈ।

ਗੁਰੂ ਨਾਨਕ ਦੇਵ ਜੀ ਦੀ ਵਡਿਆਈ ਅਤੇ ਸੋਭਾ ਸੁਣ ਕੇ ਤਲਵੰਡੀ ਤੋਂ ਕਿੰਨੇ ਲੋਕ ਰੁਜ਼ਗਾਰ ਪ੍ਰਾਪਤ ਕਰਨ ਲਈ ਸੁਲਤਾਨਪੁਰ ਆਏ। 'ਤਿਸ ਪਿੱਛੇ ਹੋਰ ਖਾਇ ਘਨੇਰੀ', ਵਾਲੀ ਗੱਲ ਹੋਈ। ਮਿਹਰਬਾਨ ਦੇ ਸ਼ਬਦਾਂ ਵਿਚ 'ਜਿਹੋ ਜਿਹਾ ਕੋਈ ਕੰਮ ਜਾਣੇ, ਤੇਹੋ ਜਿਹੀ ਉਸ ਟਹਿਲ ਮਿਲੇ, ਸਭ ਕੋਈ ਸਦਕਾ ਬਾਬੇ ਜੀ ਦਾ ਬਾਫ਼ਰਾਤ (ਰੱਜਵੀਂ) ਰੋਟੀ ਖਾਇ। ਕੰਮ ਪਾਤਸ਼ਾਹੀ ਜੋੜਿ ਛੋਡਿਓ। ਸੋ ਉਸ ਹੀ ਭਾਂਤ ਕੰਮ ਸਰਕਾਰ ਕਾ ਚਾਲੈ।' ਭਾਵ ਉਨ੍ਹਾਂ ਨੇ ਸਰਕਾਰੀ ਕੰਮ ਵਿਚ ਐਸੀ ਤਰਤੀਬ ਤੇ ਮਰਯਾਦਾ ਬੰਨ੍ਹ ਦਿੱਤੀ ਕਿ ਸਾਰੇ ਕੰਮ ਆਪਣੇ ਆਪ ਤੇ ਸਮੇਂ ਸਿਰ ਹੋਣ ਲੱਗੇ।

ਸੰਗਤ ਦੀ ਨੀਂਹ : ਸੁਲਤਾਨਪੁਰ ਵਿਚ ਗੁਰੂ ਨਾਨਕ ਦੇਵ ਜੀ ਦੀ ਨਿੱਤ ਕ੍ਰਿਆ ਬਾਰੇ ਲਿਖਿਆ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਪਿਛਲ ਰਾਤ ਜਾਗਦੇ ਅਤੇ ਇਸ਼ਨਾਨ ਕਰਨ ਲਈ ਵਈਂ ਚਲੇ ਜਾਂਦੇ। ਇਸ਼ਨਾਨ ਕਰਕੇ ਵਈਂ ਕਿਨਾਰੇ ਹੀ ਪਹਿਲਾਂ ਕੁਝ ਚਿਰ ਉਸ ਦੀ ਯਾਦ ਵਿਚ ਜੁੜਦੇ ਤੇ ਫਿਰ ਕੀਰਤਨ ਕਰਦੇ। ਭਾਈ ਮਰਦਾਨਾ ਜੀ ਨਾਲ ਹੀ ਹੁੰਦੇ ਸਨ। ਵਈਂ ਕਿਨਾਰੇ ਹੀ ਸੰਗਤ ਜੁੜਨ ਲੱਗ ਪਈ। ਸਵੇਰੇ ਹੀ ਪ੍ਰਸ਼ਾਦਾ ਛਕ ਕੇ ਗੁਰੂ ਨਾਨਕ ਦੇਵ ਜੀ ਤੜਕਸਾਰ (ਉਖਾਕਾਲ) ਦਰਬਾਰ ਲੱਗਣ ਤੋਂ ਪਹਿਲਾਂ ਹੀ ਪੁੱਜ ਜਾਂਦੇ ਅਤੇ ਕਿਸੇ ਦਾ ਵੀ ਰਾਜ ਦਰਬਾਰ ਤੱਕ ਕੋਈ ਕੰਮ ਹੋਏ, ਸਿੱਧ ਕਰ ਦਿੰਦੇ। ਸਾਰਿਆਂ ਦਾ ਕਾਜ ਸਰ ਜਾਂਦਾ। ਹਰ ਇਕ ਦੀ ਫ਼ਰਿਆਦ ਸੁਣੀ ਜਾਂਦੀ। ਦੌਲਤ ਖ਼ਾਨ ਵੀ ਉਸ ਤੇ ਹੀ ਮੁਹਰ ਲਗਾ ਦਿੰਦਾ ਜਿਸ 'ਤੇ ਬਾਬਾ ਜੀ ਕਹਿੰਦੇ। ਦਰਬਾਰ ਵਿਚ ਕਿਸੇ ਦਾ ਕੰਮ ਅੜਿਆ ਨਾ ਰਿਹਾ। ਭੂਮੀਏ, ਚਉਧਰੀ, ਕਾਨੂੰਗੋ, ਕਰੋੜੀਏ, ਗ਼ਰੀਬ ਰਿਆਇਆ ਤੇ ਹੋਰ ਸਭ ਗੁਰੂ ਨਾਨਕ ਜੀ ਦੀ ਸੂਝ 'ਤੇ ਹੈਰਾਨ ਹੁੰਦੇ। ਸੱਚੀ ਗੱਲ ਤਾਂ

Sri Satguru Jagjit Singh Ji eLibrary NamdhariElibrary@gmail.com

ਇਹ ਹੈ ਕਿ ਹਰ ਕਿਸੇ ਦੀ ਜ਼ਬਾਨ 'ਤੇ ਇਹ ਹੀ ਸੀ, '**ਹੇ ਪ੍ਰਮੇਸ਼ਰ ਨਾਨਕ ਕਾ ਤੂੰ ਭਲਾ ਕਰਿ, ਇਸ ਕਾਰਨ ਨਾ ਰਯਤਿ, ਨਾ ਚਉਧਰੀ, ਨਾ ਕਾਨੂੰਗੋ, ਨਾ ਸਿਕਦਾਰ ਝਗੜਦਾ ਹੈ। ਨਾ ਕਿਸੇ ਨੂੰ ਬੰਦੀਖ਼ਾਨਾ ਮਿਲਦਾ ਹੈ, ਨਾ ਕੋਈ ਤਨੀਦਾ ਹੈ, ਧੰਨ ਹੈ ਨਾਨਕ ਜਿਸ ਦੇ ਆਵਣੇ ਕਰਿ ਸਭ ਸੁਖੀ ਹੋਇਆ ਹੈ, ਲੋਕਾਂ ਬਹੁਤ ਸੁਖ ਪਾਇਆ ਹੈ।**' ਦੌਲਤ ਖ਼ਾਨ ਤਾਂ ਗੁਰੂ ਜੀ ਦਾ ਮੁਰੀਦ ਹੀ ਬਣ ਗਿਆ। ਇਹੀ ਕਾਰਨ ਹੈ ਕਿ ਭਾਈ ਗੁਰਦਾਸ ਜੀ ਨੇ ਦੌਲਤ ਖ਼ਾਨ ਦਾ ਨਾਂ ਗੁਰੂ ਨਾਨਕ ਦੇਵ ਜੀ ਦੇ ਸਿੱਖਾਂ ਦੀ ਸੂਚੀ ਵਿਚ ਲਿਖਿਆ ਹੈ। ਭਾਈ ਸਾਹਿਬ ਦੇ ਸ਼ਬਦ ਹਨ :—'ਦੌਲਤ ਖ਼ਾਨ ਲੋਧੀ ਭਲਾ ਹੋਇਆ ਜਿੰਦ ਪੀਰ ਅਬਿਨਾਸੀ।' ਮੈਕਾਲਫ਼ ਦੇ ਕਹਿਣ ਅਨੁਸਾਰ, ਦੇਸ਼ ਵਿਚ ਧੁੰਮ ਪੈ ਗਈ। ਰਾਤ ਦਿਨ ਬਾਬੇ ਪਾਸ ਮੇਲਾ ਤੇ ਲੰਗਰ ਲੱਗਾ ਰਹੇ। ਮੜ੍ਹੀ, ਮਸਾਣੀ, ਮੂਰਤੀ ਮੰਨਣ ਤੋਂ ਹਟਾ ਕੇ ਲੋਕਾਂ ਨੂੰ ਪਰਮੇਸ਼ਰ ਵੱਲ ਪ੍ਰੇਰਦੇ, ਭੇਖਾਂ ਦੀ ਨਿਖੇਧੀ ਕਰਦੇ। ਦਿਹਾੜੀ ਰਸਦਾਂ ਸੰਭਾਲਦੇ, ਰਕਮਾਂ ਇਕੱਠੀਆਂ ਕਰਦੇ ਤੇ ਹਿਸਾਬ ਕਰ ਕੇ ਵਾਪਸ ਘਰ ਮੁੜਦੇ। ਰੋਜ਼ ਪਰਚਾ ਲਿਖ ਕੇ ਪਹੁੰਚਾ ਦਿੰਦੇ। ਸ਼ਾਮ ਨੂੰ ਸੋਦਰ ਪਿੱਛੋਂ ਪ੍ਰਸ਼ਾਦਿ ਛਕਦੇ ਤੇ ਰਾਤ ਨੂੰ ਫਿਰ ਕੀਰਤਨ ਤੇ ਸੋਹਿਲਾ ਪੜ੍ਹ ਕੇ ਸੌਂ ਜਾਂਦੇ। ਸ਼ਾਮ ਨੂੰ ਕਈ ਫ਼ਕੀਰ ਤੇ ਦਰਵੇਸ਼ ਉਨ੍ਹਾਂ ਦੇ ਪਾਸ ਆ ਜਾਂਦੇ ਤੇ ਉਥੇ ਹੀ ਲੰਗਰ ਪਾਉਂਦੇ।

ਪੁਰਾਤਨ ਜਨਮ ਸਾਖੀ ਦੇ ਲਿਖਣ ਮੁਤਾਬਿਕ : 'ਅਰ ਜੋ ਕਿਛ ਅਲੂਫਾ ਗੁਰੂ ਨਾਨਕ ਜੋਗ ਮਿਲੇ, ਸੋ ਖਾਵੈ, ਹੋਰ ਪਰਮੇਸਰ ਕੇ ਅਰਥ ਦੇਵੈਂ ਅਤੇ ਨਿਤਾ ਪ੍ਰਤਿ ਰਾਤ ਕਉ ਕੀਰਤਨ ਹੋਵੇ।'

ਇਸ ਸੋਭਾ ਹੁੰਦੀ ਵਿਚ ਵੀ ਗੁਰੂ ਨਾਨਕ ਦੇਵ ਜੀ ਕਿਸੇ ਪਲ ਪ੍ਰਭੂ ਦਾ ਨਾਂ ਨਹੀਂ ਸਨ ਭੁੱਲਦੇ। ਉਨ੍ਹਾਂ ਦੇ ਮੁੱਖ 'ਤੇ 'ਤੇਰਾ-ਤੇਰਾ' ਹੀ ਰਹਿੰਦਾ ਸੀ। ਕਈ ਵਾਰ ਵਜਦ ਵਿਚ ਆ ਕੇ ਨਿਰੰਕਾਰ, ਕਰਤਾਰ, ਨਾਨਕ ਬੰਦਾ ਤੇਰਾ ਦੀ ਧੁਨੀ ਵੀ ਲਗਾ ਦਿੰਦੇ। ਇਕ ਪਾਸੇ ਪੂਰਨ ਹਿਸਾਬ, ਦੂਜੇ ਪਾਸੇ 'ਤੇਰਾ-ਤੇਰਾ' ਦੀ ਧੁਨੀ ਕਈਆਂ ਨੂੰ ਹੈਰਾਨ ਕਰਦੀ ਸੀ। ਕਈ ਵਾਰੀ ਆਪੂੰ ਧਾਰਨਾ ਤੋਲਦੇ ਫ਼ਰਮਾਂਦੇ :

'ਅਸੀਂ ਠੂੰਗਾ ਕਿਉਂ ਮਾਰੀਏ। ਆਪਣੀ ਆਤਮਾ ਤੇ ਵੱਟੇ ਪੱਥਰ ਬਣ ਕੇ ਆਤਮਾ ਨੂੰ ਡੋਬ ਦਿੰਦੇ ਹਨ। ਪਾਸਕੂ ਕਿਉਂ ਰੱਖੀਏ? ਇਖ਼ਲਾਕ ਵਿਚ ਕਾਣੋ ਪੈ ਜਾਂਦੀ ਹੈ। ਕਣਕ ਉਸ ਦੀ ਹੈ, ਅਸੀਂ ਕਿਉਂ ਗਿਣਤੀਆਂ ਕਰੀਏ। ਸ਼ੱਕਰ ਉਸ ਦੀ ਹੈ, ਸ਼ੱਕਰ ਤੋਲਦੇ ਕਿਉਂ ਕੌੜਾ ਬੋਲੀਏ। ਘਾਟਾ ਪੈਂਦਾ ਹੈ ਉਸ ਨਾਲੋਂ ਟੁੱਟ ਜਾਣ ਵਿਚ, ਤੇ ਵਾਧਾ ਹੁੰਦਾ ਹੈ, ਉਸ ਨਾਲ ਜੁੜਨ ਵਿਚ। ਉਸ ਦੀਆਂ ਦਾਤਾਂ ਨਹੀਂ ਨਿਖੁੱਟਦੀਆਂ, ਖਾਣ ਵਾਲੇ ਮੁੱਕ ਜਾਂਦੇ ਹਨ।'

ਪਰਉਪਕਾਰ : ਕਈਆਂ ਦੀਆਂ ਲੋੜਾਂ ਵੀ ਪੂਰੀਆਂ ਕਰਦੇ। ਕਿਸੇ ਥੁੜੇ ਹੋਏ ਦੇ ਬੱਚੇ ਦੀ ਸ਼ਾਦੀ ਹੋਵੇ ਤਾਂ ਆਪ ਵਿਚ ਪੈ ਕੇ ਸਾਰਾ ਕਾਰਜ ਕਰਾਉਂਦੇ। ਜਿਹੜੀ ਵਸਤੂ ਦੀ ਲੋੜ ਪੈਂਦੀ, ਨਗਰੋਂ ਪੂਰੀ ਕਰਦੇ ਜਾਂ ਲਾਹੌਰ ਤੋਂ ਮੰਗਵਾ ਦਿੰਦੇ। ਮੁਨਸ਼ੀ ਸੋਹਣ ਲਾਲ ਸੂਰੀ ਨੇ ਇਸੇ ਸਬੰਧ ਵਿਚ ਲਿਖਿਆ ਹੈ ਕਿ ਆਪ ਪਾਸ ਜੋ ਵੀ ਫ਼ਕੀਰ, ਗ਼ਰੀਬ ਗੁਰਬਾ, ਆਜਿਜ਼, ਮਸਕੀਨ, ਨਿਤਾਣਾ ਤੇ ਮੁਥਾਜ ਆਉਂਦਾ, ਆਪ ਉਸ ਨੂੰ ਰੋਟੀ ਪਾਣੀ ਤੇ

Sri Satguru Jagjit Singh Ji eLibrary NamdhariElibrary@gmail.com

ਵਸਤੂ ਆਦਿ ਦੇ ਕੇ ਬਹੁਤ ਸੇਵਾ ਕਰਦੇ। ਕੁਝ ਲੋਕਾਂ ਨੂੰ ਗੁਰੂ ਸਾਹਿਬ ਦੀ ਮਹਾਨਤਾ ਦਾ ਕੋਈ ਗਿਆਨ ਨਹੀਂ ਸੀ। ਉਨ੍ਹਾਂ ਗੁਰੂ ਵਿਰੁੱਧ ਚੁਗਲੀਆਂ ਵੀ ਕਰਨੀਆਂ ਪਰ ਹਿਸਾਬ ਕਰਨ 'ਤੇ ਹਰ ਵਾਰੀ ਗੁਰੂ ਸਾਹਿਬ ਦਾ ਰੁਪਿਆ ਨਵਾਬ ਦੇ ਜ਼ਿੰਮੇ ਹੀ ਨਿਕਲਦਾ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਦੌਲਤ ਖਾਨ ਤਬ ਬੁਝਿਆ ਨਾਨਕ ਹੈ ਬਡ ਸਾਧ।
ਜਿਉਂ ਜਿਉਂ ਖਰਚੇ ਤਿਉਂ ਬਢੇ, ਸੰਤਨ ਮਤਾ ਅਗਾਧ।'

ਤਬ ਕਹਾ ਖ਼ਾਨ :

'ਮੋ ਸੋ ਭਈ ਭੂਲ।
ਨਾਨਕਾ ਤੂੰ ਬਰਕਤ ਕਾ ਮੂਲ।'

ਮਲਸੀਹਾ[1] ਦੇ ਚੌਧਰੀ ਭਾਈ ਭਗੀਰਥ ਨੇ ਗੁਰੂ ਜੀ ਦੀ ਨਿੱਤ ਦੀ ਕਾਰ ਦੇਖ ਕੇ ਕਾਲੀ ਦੀ ਪੂਜਾ ਛੱਡ ਦਿੱਤੀ ਅਤੇ ਸੇਵਾ ਵਿਚ ਜੁੱਟ ਗਿਆ। ਭਾਈ ਗੁਰਦਾਸ ਜੀ ਨੇ ਉਸ ਦਾ ਕਾਲੀ ਦੀ ਪੂਜਾ ਤੋਂ ਹਟ ਕੇ ਗੁਰੂ-ਸ਼ਰਨ ਲੈਣ ਦਾ ਖ਼ਾਸ ਜ਼ਿਕਰ ਕੀਤਾ ਹੈ ਕਿ ਉਹ ਹੀ ਭਗੀਰਥ ਜੋ ਕਾਲੀ-ਪੂਜ ਸੀ, ਸਿਫ਼ਤ-ਸਾਲਾਹ ਵਿਚ ਜੁੜਨ ਲੱਗਾ। 'ਮੈਲਸੀਹਾ ਵਿਚ ਆਖੀਐ ਭਗੀਰਥ ਕਾਲੀ, ਗੁਣ ਗਾਵੈ।'

ਭਾਈ ਭਗੀਰਥ : ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਭਗੀਰਥ ਨੇ 'ਕਾਲੀ' ਨੂੰ ਗੁਰੂ ਨਾਨਕ ਦੇ ਵਿਹੜੇ ਝਾੜੂ ਦੇਂਦੇ ਤੱਕਿਆ ਸੀ। ਪੁੱਛਣ 'ਤੇ ਕਾਲੀ ਨੇ ਕਿਹਾ ਸੀ : 'ਭਗੀਰਥਾ! ਹੈਰਾਨ ਨਾ ਹੋ। ਮੈਂ ਹੀ ਕਾਲੀ ਹਾਂ। ਸੇਵਾ ਕਰਦੀ ਹਾਂ ਤਾਂ ਮੇਰੇ ਵਿਚ ਸ਼ਕਤੀ ਹੁੰਦੀ ਹੈ।' ਗੁਰੂ ਨਾਨਕ ਦੇਵ ਜੀ ਨੇ ਸੋਝੀ ਦਿੱਤੀ ਕਿ ਲੋਕ-ਸੇਵਾ ਹੀ ਸ਼ਕਤੀ ਦਿੰਦੀ ਹੈ। ਭਲੇ ਪੁਰਸ਼ਾਂ ਦੀ ਸੰਗਤ ਹੀ ਦੀਦਾਰ ਹੈ। ਸੰਗਤ ਕਰ ਵਾਹਿਗੁਰੂ ਦੇ ਗੁਣ ਗਾਣੇ ਹੀ ਅਸਲ ਦੀਦਾਰ ਹੈ। ਭਗੀਰਥ ਜੀ ਸਤਿਸੰਗ ਕਰਨ ਲੱਗੇ। ਉਹ ਅੰਮ੍ਰਿਤ ਵੇਲੇ ਜਾਗਦੇ, ਵਈਂ ਇਸ਼ਨਾਨ ਕਰਨ ਵੀ ਨਾਲ ਹੀ ਜਾਂਦੇ। ਦਿਨ-ਰਾਤ ਅਭਿਆਸ ਕਰਨ ਅਤੇ ਸਾਰਾ ਦਿਨ ਸੰਤ ਸੇਵਾ ਵਿਚ ਬਿਤਾਣ ਲੱਗੇ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਰਹਿਤ ਭਇਓ, ਦਰਸ਼ਨ ਨਿਤ ਕਰਹੀ।
ਚਰਨ ਪਖਾਰ ਹਰਖ ਉਰ ਧਰਹੀ।
ਜਿਉਂ, ਕਰੁਨਾਨਿਧ ਦੇਹਿ ਰਜਾਇ।
ਤੈਸੇ ਕਰੇ ਸਦਾ ਮਨ ਭਾਇ।'

ਭਾਈ ਗੁਰਦਾਸ ਜੀ ਨੇ ਇਸੇ ਲਈ ਲਿਖਿਆ ਹੈ ਕਿ ਹੁਣ ਭਗੀਰਥ ਸਿਵਾਇ ਪ੍ਰਭੂ ਦੇ ਗੁਣ ਗਾਇਣ ਤੋਂ, ਹੋਰ ਕਰਮ, ਪੂਜਾ-ਪਾਠ ਨਹੀਂ ਕਰਦਾ।

ਭਾਈ ਮਨਸੁਖ : ਇਸੇ ਭਾਈ ਭਗੀਰਥ ਨੂੰ ਗੁਰੂ ਨਾਨਕ ਦੇਵ ਜੀ ਲਾਹੌਰ ਜਾਂ ਹੋਰ ਮੰਡੀਆਂ ਵਿਚ ਸੌਦਾ ਲੱਤਾ ਲੈਣ ਲਈ ਭੇਜਿਆ ਕਰਦੇ ਸਨ। ਇਕ ਵਾਰੀ ਜਦ ਇਕ ਗ਼ਰੀਬ ਖੱਤਰੀ ਦੀ ਲੜਕੀ ਦੀ ਸ਼ਾਦੀ ਬਹੁਤ ਨੇੜੇ ਆ ਗਈ ਤਾਂ ਉਸ ਦੇ ਸਾਰੇ

1. ਮਲਸੀਹਾ, ਸੁਲਤਾਨਪੁਰ ਤੋਂ ੧੮ ਕੁ ਮੀਲ ਦੀ ਵਾਟ 'ਤੇ ਹੈ।

Sri Satguru Jagjit Singh Ji eLibrary NamdhariElibrary@gmail.com

ਦਾਜ-ਦਉਣ ਲਈ ਗੁਰੂ ਜੀ ਨੇ ਭਗੀਰਥ ਜੀ ਨੂੰ ਲਾਹੌਰ ਭੇਜਿਆ। ਉਥੇ ਭਾਈ ਭਗੀਰਥ ਜੀ ਦੀ ਨਿਰਾਲੀ ਰਹਿਣੀ ਅਤੇ ਪਾਖੰਡ ਰਹਿਤ ਪੂਜਾ ਦੇਖ ਕੇ ਭਾਈ ਮਨਸੁਖ ਬਹੁਤ ਹੀ ਪ੍ਰਭਾਵਿਤ ਹੋਇਆ। ਐਸਾ ਪ੍ਰਭਾਵ ਪਿਆ ਕਿ ਉਹ ਆਪਣੀ ਲੜਕੀ ਲਈ ਤਿਆਰ ਚੂੜਾ ਲੈ ਕੇ ਗੁਰੂ ਜੀ ਪਾਸ ਪੁੱਜਾ ਤੇ ਲੋੜਵੰਦ ਦੀ ਲੋੜ ਪੂਰੀ ਕੀਤੀ। ਗੁਰੂ ਨਾਨਕ ਜੀ ਨੇ ਭਾਈ ਮਨਸੁਖ ਨੂੰ ਦੂਰ ਵਪਾਰ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਫ਼ਰਮਾਇਆ: 'ਮਨ ਦਾ ਸੁਖ ਹੈ, ਮਮਤਾ ਗਵਾਏ।'

ਭਾਈ ਮਨਸੁਖ ਦੇ ਪਵਿੱਤਰ ਵਿਹਾਰ ਸਦਕਾ ਨਾਨਕ-ਨਾਮ ਲੰਕਾ ਦੇ ਟਾਪੂਆਂ ਤੱਕ ਪੁੱਜਾ। ਗੁਰੂ ਨਾਨਕ ਦੇਵ ਜੀ ਨੇ ਭਾਈ ਮਨਸੁਖ ਨੂੰ ਤਿੰਨ ਗੱਲਾਂ ਪੱਲੇ ਬੰਨ੍ਹਣ ਲਈ ਕਹੀਆਂ ਸਨ : **ਨਾਮ ਵਿਚ ਲਿਵ ਲਾਵਣੀ, ਹਉਮੈ ਜਿੱਤਣੀ ਅਤੇ ਭਾਣੇ ਵਿਚ ਸੁਖ ਮਨਾਉਣਾ।**[1]

ਜਦ ਲੰਕਾ ਵਿਚ ਭਾਈ ਮਨਸੁਖ ਵਿਰੁੱਧ ਸ਼ਿਕਾਇਤਾਂ ਹੋਈਆਂ ਕਿ ਇਹ 'ਰਾਜ ਧਰਮ' ਤੇ 'ਬ੍ਰਹਮ ਧਰਮ' ਨਹੀਂ ਅਪਣਾਉਂਦਾ ਤਾਂ ਆਪ ਜੀ ਨੇ ਭਰੇ ਦਰਬਾਰ ਕਿਹਾ ਸੀ : **ਜੋ ਪਿਛਲ ਰਾਤ ਉਠਤੇ ਹੈਂ, ਨਾਮ ਜਪਤੇ ਹੈਂ, ਯਥਾ ਸ਼ਕਤ ਦਾਨ ਕਰਤੇ ਹੈਂ, ਤਿਨ ਕੋ ਅਨੇਕ ਗਾਇਤ੍ਰੀ ਕੇ ਪਾਠ ਕਾ ਫਲ ਹੈ।**

ਕਿਰਤ ਤੇ ਕੀਰਤੀ : ਦੌਲਤ ਖ਼ਾਨ ਨੇ ਇਕ ਵਾਰੀ ਜੈ ਰਾਮ ਜੀ ਨੂੰ ਕਿਹਾ, 'ਜੈ ਰਾਮ, ਜੈਸਾ ਤੂੰ ਕਹਤਾ ਥਾ ਤਿਸ ਤੀ ਭੀ ਬਲਕਿ ਜਾਜ਼ਤਿ (ਜ਼ਿਆਦਾ) ਹੈ।' ਕਈ ਵਾਰੀ ਪਾਤਸ਼ਾਹ ਇਹ ਵੀ ਸੋਚਦੇ : 'ਏ ਪਰਮੇਸ਼ਰ! ਮੇਰਾ ਮਨ ਇਸ ਗੱਲ ਵਿਚ ਨਹੀਂ। ਇਹ ਗੱਲ ਅਚਾਨਕ ਮੇਰੇ ਗਲ ਪਈ। ਮੇਰਾ ਧਿਆਨ ਕਿਥਾਊ ਹੋਰ ਹੈ। ਇਹ ਗੱਲ ਕਿਛੁ ਹੋਰ।' ਕਈ ਵਾਰੀ ਚੁੱਪ ਕਰ ਜਾਂਦੇ ਪਰ ਫਿਰ ਆਖਦੇ : 'ਮਾਇਆ ਵਿਚ ਰਹਿ ਕੇ ਮਾਇਆ ਤੋਂ ਉੱਚਾ ਰਹਿਣਾ ਹੀ ਠੀਕ ਹੈ। 'ਮਾਇਆ ਭੀ ਪ੍ਰਮੇਸ਼ਰ ਕੀ ਅਰੁ ਰਾਜ ਭੀ ਪ੍ਰਮੇਸ਼ਰ ਕਾ। ਪਾਟ ਭੀ ਪ੍ਰਮੇਸ਼ਰ ਕਾ, ਰਯਤ ਵੀ ਪ੍ਰਮੇਸ਼ਰ ਕੀ। ਬੁਰਾ ਵੀ ਪ੍ਰਮੇਸ਼ਰ ਕਾ, ਭਲਾ ਵੀ ਪ੍ਰਮੇਸ਼ਰ ਕਾ। ਏ ਜੋ ਚਾਕਰੀ ਹੈ ਸਿ ਭੀ ਪ੍ਰਮੇਸ਼ਰ ਕੀ ਕਰ ਜਾਣ। ਜੇ ਇਕ ਦੌਲਤ ਖ਼ਾਨ ਦੀ ਟਹਿਲ ਹੈ ਸਿ ਪ੍ਰਮੇਸ਼ਰ ਕੀ ਟਹਿਲ ਹੈ। ਏਵ ਕਹਿ ਕਰਿ ਤੂੰ ਚਾਕਰੀ ਕਰਿ। ਸਕਲ ਮਹਿ ਪ੍ਰਮੇਸ਼ਰ ਹੀ ਕਹਿ ਜਾਣ।'[2] ਕਿਰਤ ਨਾਲ ਕੀਰਤੀ ਕਿਵੇਂ ਜੋੜ ਰੱਖੀ ਹੋਈ ਸੀ, ਉਸ ਦੀ ਇਕ ਉਦਾਹਰਨ ਜਨਮ ਸਾਖੀ ਵਾਲਿਆਂ ਦਿੱਤੀ ਹੈ। ਇਕ ਵਾਰੀ ਹਿਸਾਬ, ਲੇਖਾ-ਜੋਖਾ ਕਰਦੇ ਬਹੁਤ ਰਾਤ ਗੁਜ਼ਰ ਗਈ। ਸੋਦਰ ਤੇ ਸੋਹਿਲਾ ਦਾ ਸਮਾਂ ਵੀ ਗੁਜ਼ਰ ਗਇਆ ਤਾਂ ਆਪ ਜੀ ਨੇ ਬਹੁਤ ਹੀ ਮਹਿਸੂਸ ਕੀਤਾ ਤੇ ਸਤਿਸੰਗੀਆਂ ਨੂੰ ਕਹਿਣ ਲੱਗ ਪਏ : 'ਮੇਰੇ ਸਿਰ ਕਿਆ ਹੋਵੇਗਾ।' ਇਕ ਦਿਨ ਨੇਮ ਵਿਚ ਰਤਾ ਕੁ ਵਿਘਨ ਪੈਣ ਤੇ ਇਹ ਬਚਨ ਕਹਿਣੇ, ਉਨ੍ਹਾਂ ਦਾ 'ਆਖਾ ਜੀਵਾਂ ਵਿਸਰੈ ਮਰਿ ਜਾਉ' ਵਾਲਾ ਸੁਭਾਅ

---

1. ਸਤਿਨਾਮੁ ਜਪੁ ਹ੍ਵੈ ਅਨੁਰਾਗੀ।
ਮਾਨਹੁ ਪ੍ਰਭ ਕਾ ਭਾਣਾ ਮੀਠਾ।
ਜਾਨਹੁ ਸਦਾ ਅਪਨੇ ਈਠਾ। ੪੮।
2. ਸਾਖੀ ਮਿਹਰਬਾਨ, ਪੰਨਾ ੭੮-੭੯।

Sri Satguru Jagjit Singh Ji eLibrary NamdhariElibrary@gmail.com

ਹੀ ਦਰਸਾਉਂਦਾ ਹੈ। ਜਦ ਤੱਕ ਸੋਦਰ ਕੀਰਤਨ ਨਾ ਕਰ ਲਿਆ, ਪ੍ਰਸ਼ਾਦ ਨਾ ਛਕਿਆ।

ਜਦ ਕਿਸੇ ਪੁੱਛਿਆ ਕਿ ਨੇਮ ਦੇ ਅੱਗੇ ਜਾਂ ਪਿੱਛੇ ਹੋਣ ਨਾਲ ਕਿਉਂ ਤੁਸਾਂ ਇਨਾ ਮਹਿਸੂਸ ਕੀਤਾ, ਤਾਂ ਆਪ ਜੀ ਨੇ ਪ੍ਰਾਣੀ ਮਾਤਰ ਨੂੰ ਉਪਦੇਸ਼ ਹਿਤ ਫ਼ਰਮਾਇਆ : **'ਤਨ, ਮਨ, ਧਨ ਦੇ ਲਾਲਚ ਵਿਚ ਪਰਮੇਸ਼ਰ ਕਾ ਨਾਮ ਵਿਸਰ ਗਿਆ ਤਾਂ ਕਿਆ ਕਰਨਾ ਹੈ ਏਹ ਧਨ, ਕਿਆ ਕਰਨਾ ਹੈ ਤਨ, ਕਿਆ ਕਰਨਾ ਹੈ ਰਾਜ, ਸੁੱਖ ਸੰਪਉ, ਜਿਨੀਂ ਪਰਮੇਸ਼ਰ ਵਿਸਾਰਿਆ।'**

ਗੁਰੂ ਨਾਨਕ ਦੇਵ ਜੀ ਨੇ ਉਥੇ ਹੀ ਸਭ ਨੂੰ ਸੋਝੀ ਦਿੱਤੀ ਕਿ ਦੁਨੀਆਂ ਮਾਇਆ-ਮਾਇਆ ਕਰਦੀ ਹੈ, ਮਾਇਆ ਤਾਂ ਕਿਸੀ ਪਾਸ ਹੈ ਨਹੀਂ, ਇਹ ਸਭ ਮਾਇਆ ਕੀ ਛਾਇਆ ਹੈ। ਮਨੁੱਖ ਨੂੰ ਮਾਇਆ ਨਹੀਂ, ਹਿਰਸ ਮਾਰਦੀ ਹੈ। ਗੁਰੂ ਨਾਨਕ ਦੇਵ ਜੀ ਜਦ ਐਸੇ ਬਚਨ ਕਰ ਰਹੇ ਸਨ ਤਾਂ ਆਵਾਜ਼ ਆਈ, 'ਨਾਨਕ ਤੂੰ ਮੇਰਾ ਹੈਂ'। ਜਦ ਸਾਰੇ ਪੁੱਛਣ ਕਿ ਕੰਮ ਕੀ ਭਲਾ ਹੈ ਤਾਂ ਆਪ ਜੀ ਫ਼ਰਮਾਉਂਦੇ ਸਨ : **'ਖ਼ੁਦਾਇ ਕਾ ਕਾਮ ਭਲਾ ਹੈ। ਜਿਸ ਮਹਿ ਸਾਹਿਬ ਹੈ ਸਾਈ ਕਾਰ ਕਰੇ, ਹੋਰ ਕਾਈ ਨਾ ਕਰੇ। ਸਫ਼ਲਤਾ ਉਸੇ ਨੂੰ ਮਿਲਦੀ ਹੈ, ਜੋ ਆਪਸ ਨੂੰ ਰੱਦ ਕਰਦਾ ਹੈ। ਹੋਰਨਾਂ ਨੂੰ ਭਲਾ ਜਾਣਦਾ ਹੈ ਤੇ ਨਿਸਚਾ ਕਰ ਲੈਂਦਾ ਹੈ ਕਿ ਮੇਰੇ ਤੋਂ ਸਭ ਕੋਈ ਚੰਗੇ ਹਨ। ਹਉਂ ਹੀ ਕਿਛ ਨਾਹੀਂ।'**

ਪਿਤਾ ਕਾਲੂ ਜੀ ਦਾ ਆਉਣਾ : ਗੁਰੂ ਨਾਨਕ ਦੇਵ ਜੀ ਦੀ ਸੋਭਾ ਸੁਣ ਕੇ ਪਿਤਾ ਜੀ ਆਏ ਤੇ ਆਉਂਦਿਆਂ ਹੀ ਉਨ੍ਹਾਂ ਪੁੱਛਿਆ ਕਿ ਕੁਝ ਜੋੜਿਆ ਵੀ ਹੈ ਕਿ ਨਹੀਂ? ਗੁਰੂ ਨਾਨਕ ਦੇਵ ਜੀ ਨੇ ਕਿਹਾ : 'ਪਿਤਾ ਜੀ, ਮਾਇਆ ਹੱਥ ਵਿਚ ਨਹੀਂ ਠਹਿਰਦੀ, ਇਧਰ ਤੋਂ ਆਉਂਦੀ ਹੈ, ਉਧਰ ਚਲੀ ਜਾਂਦੀ ਹੈ' :

'ਨਹੀਂ ਹਾਥਿ ਕੇ ਆਥਿ ਕਰੇ ਥਿਰਤਾ,
ਇਤ ਆਵਤ ਹੈ, ਉਤ ਹੂੰ ਚਲ ਜਾਈ।'

ਤੇਰਾ-ਤੇਰਾ : ਇਸ ਤਰ੍ਹਾਂ ਸਾਢੇ ਚਾਰ ਸਾਲ ਲੰਘ ਗਏ। ਅਹਿਮਦਸ਼ਾਹ ਬਟਾਲਵੀ ਦੇ ਕਹਿਣ ਅਨੁਸਾਰ ਜਦ ਵੀ ਤੇਰਾਂ ਦੇ ਹਿੰਦਸੇ 'ਤੇ ਅੱਪੜਦੇ ਤਾਂ ਲਗਾਤਾਰ ਤੇਰਾਂ-ਤੇਰਾਂ, ਕਹੀ ਜਾਂਦੇ ਅਤੇ ਲੋਕਾਂ ਦੀ ਝੋਲੀ ਵਿਚ ਆਟਾ ਪਾਈ ਜਾਂਦੇ। ਇਹ ਮਾਰਫ਼ਤ ਦੀ ਇਕ ਰਮਜ਼ ਸੀ ਜਿਸ ਦਾ ਭਾਵ ਸੀ ਕਿ ਵਾਹਿਗੁਰੂ ਮੈਂ ਤੇਰਾ ਹਾਂ। ਕਨ੍ਹਈਆ ਲਾਲ ਲਿਖਦਾ ਹੈ ਕਿ ਉਨ੍ਹਾਂ ਸਾਲਾਂ ਵਿਚ ਫ਼ਕੀਰਾਂ, ਦਰਵੇਸ਼ਾਂ ਤੇ ਸੰਤਾਂ ਭਗਤਾਂ ਦੀ ਇਕ ਸੰਗਤ ਜਹੀ ਬਣ ਗਈ। ਦੋਖੀ ਤਾਂ ਮੌਕੇ ਦੀ ਤਾੜ ਵਿਚ ਸਨ ਕਿ ਗੁਰੂ ਨਾਨਕ ਦੇਵ ਜੀ ਨੂੰ ਮੋਦੀਖ਼ਾਨੇ ਤੋਂ ਕਿਸੇ ਤਰ੍ਹਾਂ ਹਟਾਇਆ ਜਾਏ। ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇਸ ਤੋਂ ਪਹਿਲਾਂ ਕਈ ਵਾਰੀ ਸ਼ਿਕਾਇਤਾਂ ਹੋ ਚੁੱਕੀਆਂ ਸਨ, ਕਦੀ ਹਿਸਾਬ ਵਿਚ ਘਾਟਾ ਨਹੀਂ ਸੀ ਨਿਕਲਦਾ। ਨਵਾਬ ਨੇ ਸ਼ਿਕਾਇਤਾਂ ਸੁਣਨੀਆਂ ਬੰਦ ਕਰ ਦਿੱਤੀਆਂ ਪਰ ਐਸਾ ਸਮਾਂ ਆ ਗਿਆ ਜਦ ਤਾਰੀਖ਼-ਇ-ਪੰਜਾਬ ਦੀ ਲਿਖਤ ਅਨੁਸਾਰ 'ਇਕ ਦਿਨ ਗੁਰੂ ਜੀ ਰਸਦ ਤੋਲ ਰਹੇ ਸਨ ਕਿ ਜਦ ਤੋਲ 'ਤੇਰਾਂ' 'ਤੇ ਆਇਆ ਤਾਂ ਗੁਰੂ ਜੀ ਰੱਬੀ ਚਾਉ ਤੇ ਪ੍ਰੀਤੀ ਵਿਚ ਇਨੇ ਮਸਤ ਹੋਏ ਕਿ 'ਤੇਰਾ-ਤੇਰਾ' ਹੀ ਕਹਿੰਦੇ ਗਏ ਅਤੇ ਮੋਦੀਖ਼ਾਨੇ ਵਿਚ ਪਿਆ ਸੈਂਕੜੇ ਮਣ ਅਨਾਜ ਲੁਟਾ ਦਿੱਤਾ। ਜਦ ਇਹ ਖ਼ਬਰ

Sri Satguru Jagjit Singh Ji eLibrary NamdhariElibrary@gmail.com

ਨਵਾਬ ਨੂੰ ਮਿਲੀ ਤਾਂ ਹਿਸਾਬ ਕਰਨ ਦਾ ਹੁਕਮ ਦਿੱਤਾ ਗਿਆ।'

ਬਖ਼ਤ ਮੱਲ ਨੇ ਖ਼ਾਲਿਸਾ-ਨਾਮਾ ਵਿਚ ਇਸੇ ਭਾਵ ਦੀ ਵਾਰਤਾ ਲਿਖੀ ਹੈ ਕਿ ਗੁਰੂ ਜੀ ਇਕ ਦਿਨ ਮੋਦੀਖ਼ਾਨਾ ਬੈਠੇ ਕਾਰ ਪਏ ਕਰਦੇ ਸਨ ਕਿ ਇਕ ਆਵਾਜ਼ ਜਿਹੀ ਆਈ ਤੂੰ ਕਿਸ ਕਾਰੇ ਲੱਗਾ ਹੋਇਆ ਹੈਂ। ਮੈਂ ਤਾਂ ਤੈਨੂੰ ਆਤਮਕ ਰਾਜ ਪ੍ਰਦਾਨ ਕਰ ਚੁੱਕਾ ਹਾਂ। ਗੁਰੂ ਨਾਨਕ ਦੇਵ ਜੀ ਨੇ ਜਿਵੇਂ ਹੀ ਉਤਾਂਹ ਡਿੱਠਾ, ਮਾਰਫ਼ਤ ਦੇ ਰੰਗ ਰੰਗੇ ਗਏ। ਅਸਲੀ ਮਸਤੀ ਛਾ ਗਈ। ਮੋਦੀਖ਼ਾਨੇ ਦਾ ਸਾਰਾ ਸਾਮਾਨ ਭੁੱਖਿਆਂ ਨੰਗਿਆਂ ਦੀ ਭੇਟ ਕਰ ਸ਼ਹਿਰੋਂ ਬਾਹਰ ਨਿਕਲ ਗਏ। ਤਾਰੀਖ਼ ਖਾਲਸਾ ਅਨੁਸਾਰ 'ਉਨ੍ਹਾਂ ਨੂੰ ਬੰਦੀ ਵਿਚ ਵੀ ਪਾਇਆ ਗਿਆ।' ਤਿੰਨ ਦਿਨ ਹਿਸਾਬ ਹੁੰਦਾ ਰਿਹਾ। ਹਿਸਾਬ ਠੀਕ ਸੀ। ਹਿਸਾਬ ਜਾਦੋ ਰਾਇ ਨਾਂ ਦੇ ਮੁਨਸ਼ੀ ਨੇ ਕੀਤਾ ਸੀ। ਜਦ ਪੜਤਾਲ ਬਾਰੇ ਨਵਾਬ ਨੇ ਪੁੱਛਿਆ ਤਾਂ ਜਾਦੋ ਰਾਇ ਕਿਹਾ : ਨਵਾਬ ਸਲਾਮਤੀ। ਤਿੰਨ ਸੌ ਇੱਕੀ ਰੁਪਏ (ਗੁਰੂ) ਨਾਨਕ (ਜੀ) ਕੇ ਜ਼ਾਫਾ (ਵੱਧ) ਉਠੇ ਹੈਂ ਤਾਂ ਨਵਾਬ ਨੇ ਖ਼ਜ਼ਾਨਚੀ ਭਵਾਨੀ ਦਾਸ ਨੂੰ ਗੁਰੂ ਨਾਨਕ ਦੇਵ ਜੀ ਨੂੰ ਅਦਾ ਕਰਨ ਦਾ ਹੁਕਮ ਦਿੱਤਾ। ਗੁਰੂ ਜੀ ਨੇ ਸਾਰੀ ਰਕਮ ਖ਼ੈਰਾਤ ਦੇਣ ਲਈ ਆਗਿਆ ਕੀਤੀ ਪਰ ਨਾਲ ਹੀ ਇਹ ਬਚਨ ਕੀਤੇ :

'ਜਿੱਥੇ ਮਿਹਨਤ ਦੀ ਇਤਨੀ ਬੇਕਦਰੀ ਹੋਵੇ, ਸੱਚਾਈ ਤਿਆਗ ਕੇ ਸ਼ੱਕ ਤੇ ਕੂੜ ਦਾ ਪ੍ਰਭਾਵ ਹੋਵੇ ਉਥੇ ਮੇਰੇ ਲਈ ਕੰਮ ਕਰਨਾ ਅਸੰਭਵ ਹੈ।' ਇਹ ਤੁਕ ਵੀ ਪੜ੍ਹੀ :

"ਰਾਜਾ ਬਾਲਕ, ਨਗਰੀ ਕਾਚੀ, ਦੁਸ਼ਟਾ ਨਾਲ ਪਿਆਰੋ।"

ਗੁਰੂ ਨਾਨਕ ਦੇਵ ਜੀ ਨੇ ਉਥੇ ਹੀ ਇਹ ਮਨ ਬਣਾ ਲਿਆ ਕਿ ਫਿਰ ਮੋਦੀਖ਼ਾਨਾ ਨਹੀਂ ਸੰਭਾਲਣਾ। ਜਦ ਸਵੇਰੇ ਉਹ ਇਸ਼ਨਾਨ ਕਰਨ ਲਈ ਗਏ ਤਾਂ ਮੁੜ ਕੇ ਨਾ ਆਏ। ਸ਼ਹਿਰ ਵਿਚ ਰੌਲਾ ਪੈ ਗਿਆ ਕਿ ਗੁਰੂ ਨਾਨਕ ਦੇਵ ਜੀ ਵਈਂ ਵਿਚ ਪ੍ਰਵੇਸ਼ ਤੋਂ ਬਾਅਦ ਅਲੋਪ ਹੋ ਗਏ ਹਨ ਜਾਂ ਕਿਸੇ ਦਰਿਆਈ ਜਾਨਵਰ ਨੇ ਖਾ ਲਿਆ ਹੈ। ਨਵਾਬ ਨੇ ਵੀ ਜਾਲ ਸੁਟਵਾਏ। **ਸਿਰਫ਼ ਇਕ ਬੇਬੇ ਨਾਨਕੀ ਹੀ ਸੀ ਜੋ ਨਹੀਂ ਡੋਲੀ। ਸਭ ਨੂੰ ਆਖਦੀ ਕਿ ਤਾਰਨ ਆਏ ਹਨ, ਉਨ੍ਹਾਂ ਨੂੰ ਜਲ ਨਹੀਂ ਡੋਬ ਸਕਦਾ।**[1]

ਵਈਂ ਦਾ ਉਪਦੇਸ਼ : ਤਿੰਨ ਦਿਨਾਂ ਉਪਰੰਤ ਗੁਰੂ ਨਾਨਕ ਦੇਵ ਜੀ ਨੇ ਇਤਿਹਾਸਕ ਨਿਰਣਾ ਲੈ ਕੇ ਵਈਂ ਵਲੋਂ ਹੀ ਸ਼ਹਿਰ ਵਿਚ ਪ੍ਰਵੇਸ਼ ਕੀਤਾ। ਪਰਮਾਤਮਾ ਦੇ ਦਰ ਤੋਂ ਗ਼ਰੀਬੀ ਨਾਮ ਦੀ ਦਾਤ ਲੈ ਕੇ ਮੁੜੇ ਸਨ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ :

ਪਰਮੇਸ਼ਰ ਕੇ ਸੇਵਕ ਗੁਰੂ ਨਾਨਕ ਜੀ ਨੂੰ ਪਰਮਾਤਮਾ ਪਾਸ ਲੈ ਗਏ ਤਾਂ ਅੰਮ੍ਰਿਤ ਦਾ ਕਟੋਰਾ ਭਰ-ਭਰ ਆਗਿਆ ਨਾਲ ਮਿਲਿਆ। ਹੁਕਮ ਹੋਇਆ, 'ਨਾਨਕਾ, ਇਹ ਅੰਮ੍ਰਿਤ ਨਾਮ ਕਾ ਪਿਆਲਾ ਹੈ, ਤੂੰ ਪੀਉ।' ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬ ਮਿਹਰਬਾਨ ਹੋਇਆ। ਬਚਨ ਕੀਤਾ : 'ਨਾਨਕਾ ਮੈਂ ਤੇਰੇ ਕੋਲ ਹਾਂ। ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਤੂੰ ਜਾਇ ਕਰ ਮੇਰਾ ਨਾਮ ਜਪਿ, ਅਰੁ ਲੋਕਾਂ ਥੀਂ ਭੀ ਜਪਾਇ ਅਰ ਸੰਸਾਰ ਥੀਂ ਨਿਰਲੇਪ ਰਹੁ। ਨਾਮ, ਦਾਨ, ਇਸ਼ਨਾਨ, ਸੇਵਾ ਸਿਮਰਨ ਵਿਚ ਰਹੁ। ਮੈਂ ਤੇਰੇ ਤਾਈਂ ਆਪਣਾ ਨਾਮ ਦੀਆ ਹੈ, ਤੂੰ ਏਹਾ ਕਿਰਤ ਕਰ।' ਤਬ

1. ਨਾਨਕੀ ਏਕ ਰਹੀ ਉਰ ਮੈਂ ਥਿਰ, ਔਰਨ ਕੀ ਸ਼ਰਧਾ ਭਰਮਾਈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਨੇ ਮੱਥਾ ਟੇਕਿਆ ਤੇ 'ਭੀ ਤੇਰੀ ਕੀਮਤ ਨ ਪਵੈ, ਹਉ ਕੇਵਡੁ ਆਖਾ ਨਾਉ' ਦੀ ਧੁਨੀ ਲਗਾਈ। ਉਧਰੋਂ ਇਹ ਧੁਨੀ ਉੱਠੀ, 'ਨਾਨਕ, ਮੇਰਾ ਹੁਕਮ ਤੇਰੀ ਨਦਰੀ ਆਇਆ ਹੈ, ਤੂੰ ਮੇਰੇ ਹੁਕਮ ਦੀ ਸਿਫ਼ਤ ਕਰ।' ਤਦ ਗੁਰੂ ਜੀ ਨੇ ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥ ਜਪੁ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ ਉਚਾਰਿਆ। ਉਥੋਂ ਹੀ ਜਪੁ ਮਿਲਿਆ।

ਕਹਿੰਦੇ ਹਨ ਕਿ ਜਦ ਹਜ਼ਰਤ ਮੁਹੰਮਦ ਸਾਹਿਬ ਅਲਾਹ ਦੀ ਦਰਗਾਹ ਵਿਚ ਪੁੱਜੇ ਤਾਂ ਅਲਾਹ ਨੇ ਕਿਹਾ : ਮੁਹੰਮਦ ਮੇਰੇ ਲੀਏ ਕਿਆ ਲਿਆਏ ਤਾਂ ਉਨ੍ਹਾਂ ਫ਼ਰਮਾਇਆ, 'ਬੰਦਗੀ'। ਉਹ ਇਥੋਂ ਬੰਦਗੀ ਲੈ ਕੇ ਗਏ, ਗੁਰੂ ਨਾਨਕ ਜੀ ਉਥੋਂ ਰੱਬ ਦੀ ਦਰਗਾਹ ਤੋਂ 'ਜਪੁ' ਲਿਆਏ ਜਿਸ ਦੇ ਪੜ੍ਹਨ ਨਾਲ ਹੁਕਮ ਤੇ ਹੁਕਮੀ ਦੀ ਪਛਾਣ ਆਏਗੀ ਤੇ ਫਿਰ 'ਨਾਂਹ, ਨਾਮ ਰਹੇਗਾ ਨਾ ਨਾਮੀ।' ਇਕ ਮਿਕ ਹੋ ਜਾਏਗਾ ਸਭ ਕੁਝ। 'ਸੀਤੋ ਸੀਤਾ ਮਹਿਮਾ ਮਾਹਿ'। ਇਹ ਹੀ ਕਾਰਨ ਹੈ ਕਿ 'ਜਪੁ ਸਾਹਿਬ 'ਤੇ ਕਿਸੇ ਇਕ ਗੁਰ ਮਹਲ ਦੀ ਛਾਪ ਨਹੀਂ। ਇਹ ਅਲਾਹ ਦਾ ਗੀਤ ਹੈ, ਸੱਚ ਪਛਾਨਣ ਲਈ ਸਾਨੂੰ ਗੁਰੂ ਨਾਨਕ ਜੀ ਨੇ ਦਰਗਾਹੋਂ ਲਿਆ ਕੇ ਦਿੱਤਾ ਹੈ।'

ਪੁਰਾਤਨ ਜਨਮ ਸਾਖੀ ਵਾਲਾ ਵਾਰਤਾ ਜਾਰੀ ਰੱਖਦੇ ਲਿਖਦਾ ਹੈ ਕਿ ਤਦ ਫੇਰ ਸੱਚ ਪੁਰਖ ਤੋਂ ਆਗਿਆ ਪਾਈ। ਹੁਕਮ ਹੋਆ :

> **"ਨਾਨਕ, ਜਿਸ ਉਪਰਿ ਤੇਰੀ ਨਦਰਿ, ਤਿਸ ਉਪਰ ਮੇਰੀ ਨਦਰਿ**
> **ਜਿਸ ਉਪਰ ਤੇਰਾ ਕਰਮ, ਤਿਸ ਉਪਰ ਮੇਰਾ ਕਰਮ॥**
> **ਮੇਰਾ ਨਾਉਂ ਪਾਰਬ੍ਰਹਮ, ਤੇਰਾ ਨਾਉਂ ਗੁਰ ਪ੍ਰਮੇਸਰ॥"**

ਨਿਮਰਤਾ ਵਿਚ 'ਤੂੰ ਦਰੀਆਉ ਦਾਨਾ ਬੀਨਾ, ਮੈ ਮਛਲੀ ਕੈਸੇ ਅੰਤ ਲਹਾ' ਗਾ ਕੇ ਗੁਰੂ ਨਾਨਕ ਵਾਪਸ ਮੁੜੇ।

ਸ਼ੰਭੂ ਨਾਥ ਦੀ ਜਨਮ ਪੱਤ੍ਰੀ ਨੇ ਵੀ ਇਸ ਪ੍ਰਕਾਰ ਹੀ ਜ਼ਿਕਰ ਕੀਤਾ ਹੈ। ਭਾਈ ਨੰਦ ਲਾਲ ਜੀ ਨੇ ਗੰਜਨਾਮਾ ਵਿਚ ਇਸ ਬਖ਼ਸ਼ਸ਼ ਦਰੋਂ ਲੈਣ ਦੀ ਸਾਖੀ ਅਤੇ ਹੋਏ ਬਚਨਾਂ ਨੂੰ ਇਸ ਤਰ੍ਹਾਂ ਲਿਖਿਆ :

'ਅਕਾਲ ਪੁਰਖ ਨੇ ਬਾਬੇ ਨਾਨਕ ਨੂੰ ਦੋਹਾਂ ਜਹਾਨਾਂ ਦਾ ਮੁਰਸ਼ਿਦ ਦਾ ਖ਼ਿਤਾਬ ਦਿੱਤਾ ਅਤੇ ਅਨੇਕਾਂ ਬਖ਼ਸ਼ਿਸ਼ਾਂ ਨਾਲ ਨਿਵਾਜਿਆ। ਗੁਰੂ ਨਾਨਕ ਦੇਵ ਜੀ ਨੇ ਨਿਮਰਤਾ ਨਾਲ ਕਿਹਾ : **ਵਾਹਿਗੁਰੂ ਮੈਂ ਤੇਰਾ ਬੰਦਾ ਹਾਂ। ਤੇਰਾ ਗ਼ੁਲਾਮ ਹਾਂ, ਤੇਰੇ ਸਾਜੇ ਹਰ ਆਮ ਖ਼ਾਸ ਬੰਦੇ ਦੀ ਮੈਂ ਧੂੜੀ ਹਾਂ।[1] ਵਾਹਿਗੁਰੂ ਵਲੋਂ ਇਹ ਬਚਨ ਕਹੇ ਗਏ : ਹੇ ਨਾਨਕ! ਮੇਰਾ ਸਰੂਪ, ਮੇਰੀ ਪੂਰਨ ਜੋਤਿ ਤੇਰੇ ਵਿਚ ਹੈ, ਮੈਂ ਆਪ ਤੇਰੇ ਵਿਚ ਹਾਂ। ਤੇਰੇ ਅੰਦਰ ਹੋਰ ਗ਼ੈਰ ਕੋਈ ਨਹੀਂ। ਭਾਈ ਨੰਦ ਲਾਲ ਜੀ ਦੇ ਕਥਨ ਮੁਤਾਬਿਕ ਸੰਸਾਰ ਫੇਰੀ ਕਰਨ ਦੀ ਆਗਿਆ ਹੋਈ। ਇਹ ਵੀ ਬਚਨ ਹੋਏ : ਜਿਨ੍ਹਾਂ ਨੇ ਸਿੱਧੀ, ਕਰਾਮਾਤਾਂ**

---

1. ਗੁਫ਼ਤ ਮਨ ਬੰਦਾ ਓ ਗ਼ੁਲਾਮਿ ਤੂ ਅਮ।
ਖ਼ਾਕਿ ਅਕਦਾਮਿ ਖਾਸੋ ਆਮਿ ਤੂ ਅਮ। ੨੩। (ਗੰਜਨਾਮਾ)

Sri Satguru Jagjit Singh Ji eLibrary NamdhariElibrary@gmail.com

ਅਤੇ ਜਾਦੂ ਨੂੰ ਹੀ ਧਰਮ ਬਣਾ ਲਿਆ ਹੈ, ਉਨ੍ਹਾਂ ਨੂੰ ਸੱਚਾ ਮਾਰਗ ਦੱਸੋ ਤਾਂ ਕਿ ਉਹ ਸਿਮਰਨ ਰਾਹੀਂ ਸੱਚ ਨੂੰ ਪਾ ਸਕਣ। ਉਨ੍ਹਾਂ ਨੂੰ ਯਾਦ ਪੱਕੀ ਕਰਨ ਦਾ ਵੱਲ ਸਿਖਾਓ। ਸੰਸਾਰ ਨੂੰ ਦੁੱਖ ਸੁੱਖ ਦਾ ਅੰਤਰ ਪਤਾ ਨਹੀਂ। ਮੇਰੇ ਵਲੋਂ ਮੂੰਹ ਮੋੜ ਕੇ ਦੁਖੀ ਹੋ ਰਹੇ ਹਨ। ਇਨ੍ਹਾਂ ਦਾ ਮੂੰਹ ਇਧਰ ਫੇਰ ਦਿਉ। ਪ੍ਰਭੂ ਦੀ ਯਾਦ ਬਿਨਾਂ ਹੋਰ ਕੋਈ ਸਹਾਈ ਨਹੀਂ।'

ਚੌਥੇ ਦਿਨ ਜਦ ਗੁਰੂ ਨਾਨਕ ਦੇਵ ਜੀ ਸ਼ਹਿਰ ਵਿਚ ਦਾਖ਼ਲ ਹੋਏ ਤਾਂ ਖਫ਼ਨੀ ਬੰਨ੍ਹ ਕੇ ਪੁਕਾਰ ਰਹੇ ਸਨ 'ਨਾ ਕੋ ਹਿੰਦੂ ਨਾ ਮੁਸਲਮਾਨ।' ਇਹ ਯਾਦ ਰਹੇ ਕਿ ਸਕੰਦਰ ਲੋਧੀ ਨੇ ਇਤਿਹਾਸਕਾਰ ਫ਼ਰਿਸ਼ਤਾ ਦੇ ਕਹਿਣ ਅਨੁਸਾਰ : 'ਇਕ ਬੋਧਣ ਨਾਂ ਦੇ ਬ੍ਰਾਹਮਣ, ਜੋ ਲਖਨਊ ਦੇ ਨੇੜੇ ਰਹਿੰਦਾ ਸੀ, ਦਾ ਨਿਰੋਲ ਇਸ ਲਈ ਸਿਰ ਵੱਢਣ ਦਾ ਹੁਕਮ ਦਿੱਤਾ ਕਿ ਉਸ ਨੇ ਕਿਹਾ ਸੀ ਕਿ ਇਸਲਾਮ ਵੀ ਚੰਗਾ ਹੈ ਤੇ ਹਿੰਦੂ ਧਰਮ ਵੀ ਮਾੜਾ ਨਹੀਂ। ਉਸ ਇਸਲਾਮੀ ਰਾਜ ਵਿਚ 'ਨਾ ਕੋ ਹਿੰਦੂ ਨਾ ਮੁਸਲਮਾਨ ਕਹਿਣਾ' ਸਿਰ ਤਲੀ 'ਤੇ ਰੱਖਣਾ ਹੀ ਸੀ ਇਸ ਲਈ ਜਨਮ ਸਾਖੀ ਵਾਲਿਆਂ ਲਿਖਿਆ ਹੈ ਕਿ ਜਦ ਉਹ ਵੇਈਂ ਤੋਂ ਬਾਹਰ ਆਏ ਤਾਂ 'ਖਫ਼ਨੀ ਪਹਿਰ ਕਰ ਨਿਕਲ ਗਇਆ।' ਸੱਚੀ ਗੱਲ ਕਫ਼ਨ ਬੰਨ੍ਹ ਕੇ ਹੀ ਆਖੀ ਜਾ ਸਕਦੀ ਹੈ। ਸਾਰਾ ਸ਼ਹਿਰ ਇਸ ਇਨਕਲਾਬੀ ਬਚਨ ਬੋਲਣ ਵਾਲੇ ਦੇ ਦਰਸ਼ਨਾਂ ਨੂੰ ਟੁੱਟ ਪਿਆ। ਜਦ ਹਰ ਕੋਈ ਉਸਤਤਿ ਕਰਨ ਲੱਗਾ ਤਾਂ ਆਪ ਜੀ ਨੇ ਭਾਈ ਭਗੀਰਥ ਆਦਿ ਸਿੱਖਾਂ ਨੂੰ ਕਿਹਾ : 'ਮੈਂ ਲੋਕਾਂ ਸਿਉਂ ਕਿਆ ਹੈ? ਜਹਾਨ ਤੋ ਤਮਾਸ਼ਗੀਰ ਹੈ। ਬਾਜ਼ੀ ਕੀ ਨਿਆਈ ਆਵਤ ਹੈ'। ਗੁਰੂ ਬਾਬੇ ਦਾ ਚਮਤਕਾਰੀ ਚਿਹਰਾ ਦੇਖ ਕਈ ਕਹਿਣ ਲੱਗੇ, 'ਅੱਗੇ ਤਾਂ ਬਾਬਾ ਹੋਰ ਥਾ, ਅਬ ਹੋਰ ਹੋਆ।'

ਕੁਝ ਲੋਕੀਂ ਪੁੱਛਣ ਲੱਗੇ, 'ਇਹ ਤਾਂ ਦੱਸੋ ਕਿ ਇਕ ਮੁਸਲਮਾਨ ਦਾ ਰਾਹ ਹੈ, ਦੂਜੇ ਹਿੰਦੂ ਦਾ, ਤੁਸੀਂ ਕਿਹੜੇ ਰਾਹ ਵਿਚ ਹੋ, ਜਿ ਨ ਕੋਈ ਹਿੰਦੂ ਹੈ ਨ ਮੁਸਲਮਾਨ'। ਗੁਰੂ ਨਾਨਕ ਦੇਵ ਜੀ ਨੇ ਇਤਿਹਾਸਕ ਬਚਨ ਬੋਲਦੇ ਫ਼ਰਮਾਇਆ :

'ਤੁਸੀਂ ਪੁੱਛਦੇ ਹੋ ਕਿਸ ਦੇ ਰਾਹ ਤੇ ਹੋਵੀਏ, ਖ਼ੁਦਾ ਦੇ ਰਾਹ ਹੋਵੋ। ਖ਼ੁਦਾ ਨਾ ਹਿੰਦੂ ਹੈ ਨਾ ਮੁਸਲਮਾਨ। ਅਸਾਡੀ ਨਜ਼ਰ ਵਿਚ ਵੀ ਕੋਈ ਹਿੰਦੂ ਮੁਸਲਮਾਨ ਨਹੀਂ"। ਉਥੇ ਹੀ ਦੌਲਤ ਖ਼ਾਨ ਦੇ ਅਹਿਲਕਾਰ ਪੁੱਜੇ ਤੇ ਉਨ੍ਹਾਂ ਨਵਾਬ ਵਲੋਂ ਸੰਦੇਸ਼ ਦਿੱਤਾ। ਤਾਂ ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ 'ਤਬਿ ਗੁਰੂ ਨਾਨਕ ਕਿਹਾ : ਮੈਂ ਤੇਰੇ ਖ਼ਾਨ ਕੀ ਕਿਆ ਪ੍ਰਵਾਹਿ ਪੜੀ ਹੈ?' ਮਿਹਰਬਾਨ ਦੀ ਸਾਖੀ ਅਨੁਸਾਰ ਇਹ ਵੀ ਕਿਹਾ : 'ਮੈਂ ਦੌਲਤ ਖ਼ਾਨ ਸਾਥ ਕਿਆ ਹੈ।' ਇਹ ਦੂਜਾ ਇਨਕਲਾਬ ਸੀ ਜੋ ਉਥੇ ਹੋਇਆ। ਸ਼ਾਹਾਂ ਦੀ ਪ੍ਰਵਾਹ ਹਟਾਉਣੀ ਹੀ ਖ਼ੁਦਾਈ ਬੰਦਿਆਂ ਦਾ ਕੰਮ ਹੈ। 'ਮਨਮੁਖ ਹੋਇ ਬੰਦੇ ਦਾ ਬੰਦਾ', ਪਾਤਸ਼ਾਹ ਦਾ ਕਹਿਣਾ ਸੀ। ਜਦ ਦੌਲਤ ਖ਼ਾਨ ਨੂੰ ਪਤਾ ਲੱਗਾ ਕਿ ਅਹਿਲਕਾਰ ਨੇ ਰੁਹਬ ਨਾਲ ਗੁਰੂ ਜੀ ਨੂੰ ਬੁਲਾਉਣਾ ਚਾਹਿਆ ਹੈ ਤਾਂ ਉਸ ਨੇ ਅਹਿਲਕਾਰ 'ਤੇ ਗੁੱਸਾ ਕੀਤਾ ਤੇ ਨਿਮਰਤਾ ਨਾਲ ਕਹਿਲਾ ਭੇਜਿਆ ਕਿ 'ਨਾਨਕ ਜੀ ਰਜਾਇ ਖ਼ੁਦਾਇ ਤੂੰ ਆਓ।' ਆਪ ਜੀ ਦੌਲਤ ਖ਼ਾਨ ਪਾਸ ਪੁੱਜੇ ਅਤੇ ਦਸਤ ਪੰਜਾ ਲੈ ਕੇ ਬੈਠ ਗਏ। ਕਾਜ਼ੀਆਂ ਨੇ ਗੁੱਸਾ ਮਨਾਇਆ ਕਿ ਰਾਜ ਦੇ ਕਰਮਚਾਰੀ ਦਾ ਇਸ ਤਰ੍ਹਾਂ ਬਗ਼ੈਰ ਸਿਰ ਝੁਕਾਏ, ਫਿਰ ਦਸਤ-ਪੰਜਾ ਲੈ ਕੇ ਬੈਠਣਾ, ਦਰਬਾਰੀ ਮਰਿਆਦਾ ਦੀ ਉਲੰਘਣਾ ਹੈ।

Sri Satguru Jagjit Singh Ji eLibrary NamdhariElibrary@gmail.com

ਸੋ ਪੁੱਛਿਆ ਗਿਆ ਕਿ ਤੁਸਾਂ ਸਿਰ ਕਿਉਂ ਨਹੀਂ ਝੁਕਾਇਆ ਤਾਂ ਗੁਰੂ ਜੀ ਨੇ ਖ਼ੁਸ਼ਵਕਤ ਰਾਇ ਦੇ ਕਹਿਣ ਅਨੁਸਾਰ ਫ਼ਰਮਾਇਆ : 'ਆ ਤਮਾਂ ਬੂਦ ਸਲਾਮ ਮੀ ਕਰਦ। ਗਰਦਨ ਬੇ ਤਮਾ ਬੁਲੰਦ ਬਵਦ'। ਭਾਵ ਹਿਰਸੀ ਹੀ ਸਿਰ ਝੁਕਾਂਦਾ ਹੈ, ਬਗ਼ੈਰ ਲਾਲਚ ਵਾਲੇ ਦਾ ਸਿਰ ਹਮੇਸ਼ਾ ਉੱਚਾ ਹੀ ਰਹਿੰਦਾ ਹੈ। ਕਾਜ਼ੀਆਂ ਦਾ ਅਗਲਾ ਪ੍ਰਸ਼ਨ ਸੀ, 'ਹਿੰਦੂ ਹਸਤੀ ਕਿ ਮੁਸਲਮਾਨ' ਗੁਰੂ ਜੀ ਨੇ ਫ਼ਰਮਾਇਆ :

'ਹਰਦੋ ਨੇਸਤਮ, ਬੰਦਹ ਖ਼ੁਦਾ ਹਸਤੰਦ।
ਕਿ ਹਮਾ ਮਜ਼ਹਬ ਅਜ਼ ਮਨ ਹਸਤੰਦ।'

ਦੋਵਾਂ ਵਿਚੋਂ ਕੋਈ ਨਹੀਂ ਹਾਂ, ਖ਼ੁਦਾ ਦਾ ਬੰਦਾ ਹਾਂ ਅਤੇ ਸਾਰੇ ਧਰਮ ਮੈਨੂੰ ਪਿਆਰੇ ਹਨ। ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੂੰ ਜਦ 'ਨਾ ਕੋ ਹਿੰਦੂ ਨ ਮੁਸਲਮਾਨ' ਬੋਲਦਾ ਕਟੜ ਖ਼ਿਆਲੀਆਂ ਨੇ ਸੁਣਿਆ, ਤਾਂ ਦੌਲਤ ਖ਼ਾਨ ਨੂੰ ਕਰੜੀ ਕਾਰਵਾਈ ਕਰਨ ਲਈ ਆਖਿਆ। ਉਸਨੇ ਸਾਫ਼ ਇਨਕਾਰ ਕਰ ਦਿੱਤਾ। ਕਾਜ਼ੀ ਨੇ ਇਥੋਂ ਤੱਕ ਕਹਿਆ : 'ਖ਼ਾਨ ਤੂੰ ਗ਼ਲਤੀ ਕਰ ਰਹਿਆ ਹੈਂ, ਤੂੰ ਭੁੱਲਾ ਹੈਂ।' ਜਦ ਬਾਬੇ ਨੂੰ ਭਰੇ ਦਰਬਾਰ ਵਿਚ ਪੁੱਛਿਆ ਗਿਆ ਕਿ ਤੂੰ ਕੌਣ ਹੈਂ ਤਾਂ ਨਾਨਕ ਜੀ ਨੇ ਫ਼ਰਮਾਇਆ :

'ਮੈਂ ਵਾਹਿਗੁਰੂ ਬਿਨਾਂ, ਦੂਜਾ ਕੁਝ ਨਹੀਂ ਜਾਣਦਾ। ਦੇਹ ਹੀ ਹਿੰਦੂ ਹੈ, ਦੇਹ ਹੀ ਮੁਸਲਮਾਨ ਹੈ। ਮੈਂ ਦੋਹਾਂ ਦਾ ਸਾਖੀ ਨਿਆਰਾ ਹਾਂ।' ਖ਼ਾਨ ਨੇ ਸਭ ਦਰਬਾਰੀਆਂ ਸਾਹਮਣੇ ਗੁਰੂ ਨਾਨਕ ਜੀ ਅੱਗੇ ਸਿਰ ਝੁਕਾਇਆ ਅਤੇ ਕਿਹਾ, 'ਜੋ ਮੈਂ ਆਪ ਨੂੰ ਖ਼ੁਦਾਇ ਦਾ ਵਲੀ ਜਾਣਦਾ ਹਾਂ।' ਜਦ ਦੌਲਤ ਖ਼ਾਨ ਨੇ ਮਨ ਟਿਕਾਉਣ ਦਾ ਤਰੀਕਾ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ :

'ਜਿਉਂ-ਜਿਉਂ ਤੇਰਾ ਧਿਆਨ ਨਿਕਲ ਜਾਏ, ਤਿਉਂ-ਤਿਉਂ ਦ੍ਰਿੜ੍ਹ ਕਰ।' ਪਰ ਕਾਜ਼ੀ ਚੁੱਪ ਕਰਨ ਵਾਲੇ ਕਿੱਥੇ ਸਨ। ਉਨ੍ਹਾਂ ਕਿਹਾ ਕਿ ਇਹ ਗੱਲ ਯਕੀਨੀ ਹੈ ਕਿ ਜੋ ਵੀ ਹਜ਼ਰਤ 'ਤੇ ਈਮਾਨ ਲਿਆਉਣਗੇ, ਉਹ ਹੀ ਛੁੱਟਣਗੇ। ਗੁਰੂ ਨਾਨਕ ਜੀ ਨੇ ਕਿਹਾ : 'ਐਸਾ ਨਹੀਂ। ਗੁਰੂ ਪੀਰ ਹਾਮਾ ਤਾਂ ਭਰੇ ਜਾ ਮੁਰਦਾਰੁ ਨਾ ਖਾਇ। ਪਰਾਇਆ ਹੱਕ ਖ਼ੁਦਾਇ ਤੇ ਹਜ਼ਰਤ ਮਨਹਿ ਕੀਆ ਹੈ।' ਉਥੇ ਇਕ ਹੋਰ ਇਨਕਲਾਬੀ ਗੱਲ ਕਰਦੇ ਹੋਏ ਫ਼ਰਮਾਇਆ, 'ਨਰਕ ਪਰਾਇਆ ਹੱਕ ਖਾਂਦੇ ਹੀ ਜਾਂਦਾ ਹੈ।' ਕਾਜ਼ੀ ਨੇ ਹੋਰ ਤਰਕ ਕਰਦੇ ਹੋਏ ਕਿਹਾ : ਜੋ ਸਭ ਇਕ ਹਨ ਤਾਂ ਸਾਡੇ ਨਾਲ ਨਮਾਜ਼ ਪੜ੍ਹ। ਗੁਰੂ ਨਾਨਕ ਦੇਵ ਜੀ ਸਭ ਨਾਲ ਮਸੀਤ ਗਏ। ਜਦ ਸਾਰੇ ਨਮਾਜ਼ ਪੜ੍ਹ ਰਹੇ ਸਨ ਤਾਂ ਬਾਬਾ ਜੀ ਦੋ ਵਾਰੀ ਹੱਸੇ। ਕਾਜ਼ੀ ਨੇ ਕਿਹਾ : ਦੇਖਿਆ ਖ਼ਾਨ, ਇਹ ਕਾਫ਼ਰ ਸਾਡੀ ਨਮਾਜ਼ ਨੂੰ ਹੱਸਿਆ ਹੈ। ਤਾਂ ਦੌਲਤ ਖ਼ਾਨ ਨੇ ਪੁੱਛਿਆ, 'ਬਾਬਾ ਜੀ! ਤੁਸੀਂ ਅਸਾਡੀ ਨਮਾਜ਼ ਨੂੰ ਕਿਉਂ ਹੱਸੇ ਹੋ?' ਬਾਬੇ ਨੇ ਕਿਹਾ : 'ਮੈਂ ਨਮਾਜ਼ ਨੂੰ ਨਹੀਂ, ਊਠਕ ਬੈਠਕ ਨੂੰ ਹੱਸਿਆ ਸੀ। ਜੇ ਊਠਕ ਬੈਠਕ ਹੀ ਕਰਨੀ ਸੀ ਤਾਂ ਉਹ ਮਸੀਤ ਤੋਂ ਬਾਹਰ ਵੀ ਹੋ ਸਕਦੀ ਸੀ। ਜਿਸ ਵੇਲੇ ਤੁਸੀਂ ਉਜ਼ੂ ਕਰਦੇ ਸੀ ਉਸ ਸਮੇਂ ਤੁਹਾਡਾ ਮਨ ਨਮਾਜ਼ ਵੱਲ ਹੈ ਸੀ ਤੇ ਤੁਹਾਡੇ ਉੱਪਰ ਖ਼ੁਦਾਇ ਪ੍ਰਸੰਨ ਸੀ। ਜਦ ਨਮਾਜ਼ ਪੜ੍ਹਨ ਲੱਗੇ ਤਾਂ ਮਨ ਨਾ ਖਲੋਤਾ।' ਇਮਾਮ ਨੂੰ ਕਿਹਾ : 'ਤੂੰ

Sri Satguru Jagjit Singh Ji eLibrary NamdhariElibrary@gmail.com

ਇਮਾਮ ਹੈਂ, ਤੇਰੇ ਪਿੱਛੇ ਲੱਗ ਸਭ ਨਮਾਜ਼ ਅਦਾ ਕਰਦੇ ਹਨ। ਸੋ ਤੇਰੇ ਘਰ ਘੋੜੀ ਸੂਈ ਸੀ। ਤੇਰੇ ਘਰ ਖੂਹ ਹੈ, ਤੇਰਾ ਧਿਆਨ ਉਧਰ ਗਿਆ,[1] ਮਤ ਮੇਰੀ ਬਛੇਰੀ ਖੂਹ ਵਿਚ ਪੈ ਜਾਂਦੀ ਹੋਵੇ। ਜੇ ਇਮਾਮ ਦਾ ਮਨ ਰਿਹਾ ਨਹੀਂ ਤਾਂ ਹੋਰਨਾਂ ਦੀ ਨਮਾਜ਼ ਕਿਥੋਂ ਕਬੂਲ ਪਵੇ?' ਫਿਰ ਖ਼ਾਨ ਨੇ ਸਾਰਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ : 'ਇਹ ਕੋਈ ਵਲੀ ਪੈਦਾ ਹੋਇਆ ਹੈ, ਇਸ ਦੀ ਸੇਵਾ ਕਰਨੀ ਪ੍ਰਵਾਨ ਹੈ।'

ਕਨ੍ਹਈਆ ਲਾਲ ਤਾਰੀਖ਼-ਇ-ਪੰਜਾਬ ਵਿਚ ਇਸ ਘਟਨਾ ਬਾਰੇ ਲਿਖਦਾ ਹੈ ਕਿ 'ਗੁਰੂ ਜੀ ਨਵਾਬ ਨਾਲ ਨਮਾਜ਼ ਪੜ੍ਹਨ ਤੁਰ ਪਏ। ਸ਼ਹਿਰ ਵਿਚ ਰੌਲਾ ਪੈ ਗਿਆ ਕਿ ਅੱਜ ਨਾਨਕ ਜੀ ਮੁਸਲਮਾਨ ਬਣ ਜਾਣਗੇ। ਨਵਾਬ ਤੇ ਇਮਾਮ ਜਦੋਂ ਨਮਾਜ਼ ਪੜ੍ਹਨ ਲਈ ਖਲੋਤੇ ਤਾਂ ਆਪ ਜੀ ਸ਼ਾਮਲ ਨਾ ਹੋਏ। ਨਮਾਜ਼ ਅਦਾ ਹੋਣ ਪਿੱਛੋਂ ਨਵਾਬ ਨੇ ਇਸ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ ਕਿ ਤੁਸੀਂ ਤਾਂ ਨਮਾਜ਼ ਵਿਚ ਖਲੋਤੇ ਕਾਬਲ ਦੇ ਘੋੜੇ ਖ਼ਰੀਦ ਰਹੇ ਸਾਓ ਤੇ ਇਮਾਮ ਨੂੰ ਇਸ ਗੱਲ ਦੀ ਚਿੰਤਾ ਖਾ ਰਹੀ ਸੀ ਕਿ ਮਤੇ ਉਸ ਦੀ ਘੋੜੀ ਦਾ ਵਛੇਰਾ ਖੂਹ ਵਿਚ ਨਾ ਡਿੱਗ ਪਵੇ। ਇਸੇ ਤਰ੍ਹਾਂ ਬਾਕੀਆਂ ਦੇ ਮਨ ਵੀ ਆਪਣੇ-ਆਪਣੇ ਧੰਦੇ ਵਿਚ ਰੁੱਝੇ ਹੋਏ ਸਨ। ਉਹ ਸੱਚੇ ਦਿਲੋਂ ਨਮਾਜ਼ ਨਹੀਂ ਸਨ ਪੜ੍ਹ ਰਹੇ। ਮੈਂ ਇਸ ਲਈ ਨਮਾਜ਼ ਨਹੀਂ ਪੜ੍ਹੀ। ਅਜਿਹੀ ਨਮਾਜ਼ ਨਾਲੋਂ ਤਾਂ ਨਾ ਪੜ੍ਹਨੀ ਹੀ ਚੰਗੀ ਹੈ। ਇਨ੍ਹਾਂ ਸਭ ਨੂੰ ਆਪਣੇ-ਆਪਣੇ ਦਿਲ ਦੀ ਮੈਲ ਦਾ ਪਤਾ ਸੀ। ਇਸ ਲਈ ਬਾਬਾ ਨਾਨਕ ਨੂੰ ਕੁਝ ਨਾ ਕਿਹਾ। ਉਨ੍ਹਾਂ ਜਾਣ ਲਿਆ ਕਿ ਇਹ ਵਲੀ ਹੈ। ਦੌਲਤ ਖ਼ਾਨ ਇਸ ਭੇਤ ਭਰੀ ਗੱਲ 'ਤੇ ਹੈਰਾਨ ਰਹਿ ਗਿਆ ਅਤੇ ਭੁੱਲ ਬਖ਼ਸ਼ਾਈ। ਉਥੇ ਹੀ ਬਚਨ ਕਰਦੇ ਹੋਏ ਫ਼ਰਮਾਇਆ :

'ਮੁਸਲਮਾਣੁ ਕਹਾਵਣੁ ਮੁਸਕਲੁ,
ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲ ਦੀਨੁ ਕਰਿ ਮਿਠਾ,
ਮੁਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ,
ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮਨੇ ਸਿਰ ਊਪਰਿ,
ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ,
ਹੋਇ ਤ ਮੁਸਲਮਾਣੁ ਕਹਾਵੈ॥ ੧॥'

(ਵਾਰ ਮਾਝ ਕੀ ਮਹਲਾ ੧, ਪੰਨਾ ੧੪੧)

ਆਪ ਜੀ ਨੇ ਆਪਣਾ ਪਹਿਲਾ ਲਿਆ ਨਿਰਣਾ ਵੀ ਉਥੇ ਹੀ ਦੁਹਰਾ ਦਿੱਤਾ ਕਿ ਹੁਣ ਉਹ ਸੁਲਤਾਨਪੁਰ ਨਹੀਂ ਟਿਕਣਗੇ ਤੇ ਹਰ ਉਸ ਟਿਕਾਣੇ ਪੁੱਜਣ ਦਾ ਯਤਨ ਕਰਨਗੇ ਜਿੱਥੋਂ ਕੁਧਰਮ ਪੈਦਾ ਹੁੰਦਾ ਹੈ। ਭਾਈ ਗੁਰਦਾਸ ਜੀ ਦੇ ਸ਼ਬਦਾਂ ਅਨੁਸਾਰ ਬਾਬੇ

---

1. ਸਦਨ ਮੈ ਮਨ ਗਯਾ।

Sri Satguru Jagjit Singh Ji eLibrary NamdhariElibrary@gmail.com

ਨੇ ਧਿਆਨ ਧਰ ਦੇਖ ਲਿਆ ਸੀ ਕਿ ਆਦਰਸ਼ ਤੋਂ ਖੁੰਝੀ ਲੁਕਾਈ ਤ੍ਰਾਹ-ਤ੍ਰਾਹ ਕਰ ਰਹੀ ਹੈ। ਉਹਨਾਂ ਨੂੰ ਸੋਧਣ ਲਈ ਉਹ ਮੈਦਾਨ ਵਿਚ ਨਿਕਲ ਪਏ। ਪਹਿਲਾਂ ਨਵਾਬ, ਫਿਰ ਜੈ ਰਾਮ ਜੀ, ਫਿਰ ਉਨ੍ਹਾਂ ਦੀ ਪਤਨੀ ਤੇ ਬੱਚਿਆਂ, ਪਿੱਛੋਂ ਪਿਤਾ ਤੇ ਮਾਤਾ ਜੀ ਅਤੇ ਸੱਸ ਸਹੁਰੇ ਨੇ ਰੋਕ ਪਾਉਣੀ ਚਾਹੀ ਪਰ ਉਹ ਆਪਣੇ ਇਰਾਦੇ 'ਤੇ ਅਹਿਲ ਸਨ। ਦੌਲਤ ਖ਼ਾਨ ਨੇ ਬੱਸ ਹੁਣ ਇੰਨੀ ਹੀ ਅਰਜ਼ ਕੀਤੀ ਕਿ ਜੋ ਰਾਹ ਦੁਨੀਆਂ ਨੂੰ ਦੇਣਾ ਚਾਹੁੰਦੇ ਹੋ, ਉਸ ਦੀ ਰੌਸ਼ਨੀ, ਉਸ ਨੂੰ ਵੀ ਦੇਵੋ। ਮਹਾਰਾਜ ਨੇ ਬਖ਼ਸ਼ਿਸ਼ ਕੀਤੀ ਅਤੇ ਜਿਸ ਖ਼ਿਜ਼ਰ ਦੇ ਦਰਸ਼ਨਾਂ ਲਈ ਤਰਸਦਾ ਸੀ, ਉਹ ਆਪ ਹੀ ਹੋ ਗਿਆ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਸ਼ਬਦ ਸੁਨਾ ਜਬ ਖ਼ਾਨ, ਸੋਇਆ ਮਨ ਜਾਗਾ ਤਬੀ।
ਹੋਇ ਰਹਾ ਹੈਰਾਨ, ਭਈ ਮੁਹੱਬਤ ਰੱਬ ਕੀ।'

ਭਾਈ ਮਰਦਾਨੇ ਨੂੰ ਵੀ ਨਵੀਂ ਰਬਾਬ ਫਿਰੰਦੇ[1] ਕੋਲੋਂ ਬਣਵਾ ਦਿੱਤੀ ਸੀ ਤੇ ਨਿਸ਼ਾਨੇ ਵੀ ਉਨ੍ਹਾਂ ਮਿੱਥ ਲਏ ਸਨ। ਹਿਸਾਬ ਕਰਨ 'ਤੇ, ਤਵਾਰੀਖ਼ ਗੁਰੂ ਖਾਲਸਾ ਦੇ ਕਥਨ ਅਨੁਸਾਰ ੭੬੦ ਰੁਪਏ ਗੁਰੂ ਨਾਨਕ ਜੀ ਦੇ ਵੱਧ ਨਿਕਲੇ ਸਨ। ਤੁਰਨ ਵੇਲੇ ਨਵਾਬ ਤੇ ਜੈ ਰਾਮ ਜੀ ਨੇ ਬਹੁਤੇਰਾ ਚਾਹਿਆ ਕਿ ਭਾਰੀ ਰਕਮ ਗੁਰੂ ਨਾਨਕ ਜੀ ਦੇ ਪੁੱਤਰਾਂ ਦੇ ਨਾਂ ਲਗਾ ਦਿੱਤੀ ਜਾਏ, ਪਰ ਗੁਰੂ ਜੀ ਨੇ ਸੁਲਤਾਨਪੁਰ ਛੱਡਣ ਤੋਂ ਪਹਿਲਾਂ ਹੀ ਸਾਰੀ ਰਕਮ ਲੋੜਵੰਦਾਂ ਵਿਚ ਵੰਡ ਦਿੱਤੀ। ਇਸ ਤਰ੍ਹਾਂ ਸਾਢੇ ਚਾਰ ਸਾਲ ਇਨਕਲਾਬੀ ਬਚਨ ਤੇ ਕਰਮ ਕਰ ਕੇ ਬਾਬਾ ਜੀ 'ਭੇਖੀ ਪ੍ਰਭੂ ਨ ਪਾਈਐ' ਅਤੇ 'ਤਾਂ ਕਿਛੁ ਘਾਲਿ ਪਵੈ ਦਰਿ ਲੇਖੈ ਜੇ ਉਸਦੀ ਨਦਰ ਹੋਵੈ' ਦਾ ਆਦਰਸ਼ ਦ੍ਰਿੜ੍ਹ ਕਰਾਉਣ ਲਈ ਹਿੰਦੂ ਕੇਂਦਰਾਂ ਵੱਲ ੧੫੦੫ ਈ: ਵਿਚ ਰਬਾਬੀ ਭਾਈ ਮਰਦਾਨਾ ਨਾਲ ਚੱਲ ਪਏ। ਨਾਨਕੀ ਜੀ ਨੂੰ ਕਿਹਾ : ਜਦ ਯਾਦ ਕਰੋਗੇ, ਉਸੇ ਵੇਲੇ ਆ ਜਾਵਾਂਗਾ।

"ਸਿਮਰਨ ਜਬ ਕਰੋ ਆਇ ਮਿਲੋ ਤਿਸ ਕਾਲ।"

ਜਦ ਫਿਰ ਸੁਲਤਾਨਪੁਰ ਆਏ : ਪਹਿਲੀ ਉਦਾਸੀ ਦੀ ਸਮਾਪਤੀ ਉਪਰੰਤ ਆਪ ਜੀ ਪਹਿਲਾਂ ਸਿੱਧੇ ਸੁਲਤਾਨਪੁਰ ਆਏ। ਫਿਰ ਦੌਲਤ ਖ਼ਾਨ ਨਾਲ ਕਈ ਦਿਨ ਵਿਚਾਰਾਂ ਹੁੰਦੀਆਂ ਰਹੀਆਂ। ਉਸ ਨੇ ਕਈ ਸ਼ੰਕੇ ਉਠਾਏ ਜਿਨ੍ਹਾਂ ਦੀ ਆਪ ਜੀ ਨੇ ਨਵਿਰਤੀ ਕੀਤੀ। ਪੁੱਛਣ 'ਤੇ ਸੁਰਖ਼ਰੂ ਹੋਣ ਦਾ ਰਾਹ ਵੀ ਦੱਸਿਆ ਕਿ 'ਸੰਸਾਰ ਨੂੰ ਟਿਕਾਣਾ ਨਾ ਸਮਝ, ਇਹ ਹੀ ਜਾਣੋ ਕਿ ਇਥੋਂ ਟੁਰ ਜਾਣਾ ਹੈ', ਤਾਂ ਦੌਲਤ ਖ਼ਾਨ ਨੇ ਕਿਹਾ; 'ਜੀ, ਤੂੰ ਉਹੋ ਕੋਈ ਹੈਂ (ਭਾਵ ਖ਼ੁਦਾ ਹੈਂ) ਤੇਰਾ ਵੀ ਸ਼ੁਮਾਰ ਕੀਤਾ ਕਿਛੁ ਨਹੀਂ ਜਾਂਦਾ। ਸਾਹਿਬ ਜੀ

---

1. ਇਤਨੀ ਸੁਰੀਲੀ ਸੀ ਰਬਾਬ ਕਿ ਜਦ ਪਹਿਲੀ ਵਾਰ ਭਾਈ ਮਰਦਾਨਾ ਜੀ ਨੇ ਵਜਾਈ ਤਾਂ ਧੁਨੀ ਉੱਠੀ : ਤੂੰ ਹੀ ਨਿਰੰਕਾਰ, ਨਿਰੰਕਾਰ ਕਰਤਾਰ ਅਤੇ ਜਦ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਗਾਇਆ ਤਾਂ ਪਸ਼ੂ ਪੰਛੀ ਮੋਹੇ ਗਏ ਅਤੇ ਦਰੱਖਤਾਂ ਵਿਚੋਂ ਰਸ ਚੋਣ ਲੱਗਾ ਤੇ ਮਸਤੀ ਛਾ ਗਈ।
"ਤਰਵਰ ਤੇ ਰਸ ਨਿਚਰਨ ਲਾਗਯੋ
ਵਿਸਰਾ ਸਭਨ ਅਪਾਨਾ॥'

Sri Satguru Jagjit Singh Ji eLibrary NamdhariElibrary@gmail.com

ਦਿਲਾਂ ਦਾ ਮਾਲਕ ਹੈਂ। ਸੋ ਤਾਂ ਕਿੰਨੇ ਡਿੱਠਾ ਨਾਹੀ, ਇਥੇ ਤਾਂ ਜਹਾਨ ਵਿਚ ਦਿਲਾਂ ਦਾ ਮਾਲਕ ਤੂਹੇਂ ਹੈਂ।' ਗੁਰੂ ਨਾਨਕ ਜੀ ਨੇ ਫਿਰ ਵੀ ਨਿਮਰਤਾ ਵਿਚ ਭਿੱਜੇ ਸ਼ਬਦ ਬੋਲਦੇ ਆਖਿਆ : 'ਖ਼ਾਨ ਜੀ ਤੂੰ ਨਿਹਾਲ ਹੋਆ ਤੇ ਤੇਰੇ ਪਿੱਛੇ ਅਸੀਂ ਵੀ ਨਿਹਾਲ ਹੋਏ ਜਿਸ ਸਾਹਿਬ ਸੱਚਾ ਚਿਤ ਆਇਆ।' ਮੇਹਰਬਾਨ ਦੇ ਕਥਨ ਅਨੁਸਾਰ, ਦੌਲਤ ਖ਼ਾਨ ਨੇ ਤਰਲੇ ਕੀਤੇ ਕਿ ਉਹ ਰਾਜ ਕਾਜ ਦੇ ਕੰਮ ਨੂੰ ਸੰਭਾਲਣ। ਉਸ ਨੇ ਕਿਹਾ : 'ਬਾਬਾ ਨਾਨਕ ਜੀ ਇਹ ਰਾਜ ਜੋ ਹੈ ਸੁ ਸਭ ਤੇਰਾ ਹੈ। ਤੇਰੇ ਆਗੇ ਹੈ, ਨੇਕੀ ਕਰ ਭਾਵੇਂ ਬਦੀ ਕਰ, ਸਿਆਹੀ ਕਰ ਭਾਵੇਂ ਸੁਪੈਦੀ ਕਰ, ਜਿਉ ਜਾਣਹਿ ਤਿਉ ਚਲਾਇ, ਇਕ ਤਬਰਕ (ਪ੍ਰਸ਼ਾਦਿ) ਮੁਝ ਕਉ ਤੂੰ ਦੇਹਿ ਜੋ ਬੈਠਾ ਮੈਂ ਖਾਉਂ, ਹੋਰ ਸਭ ਕੁਝ ਤੇਰਾ ਹੈ ਧਨੁ ਮਾਲਿ ਰਾਜ ਪਾਟ। ਤੂੰ ਇਸ ਕਾਮ ਕਉ ਕਬੂਲ ਕਰ।' ਗੁਰੂ ਨਾਨਕ ਦੇਵ ਜੀ ਨੇ ਇਹ ਸਭ ਕੁਝ ਸੁਣ ਕੇ ਕਿਹਾ : 'ਦੌਲਤ ਖ਼ਾਨ ਮੈਂ ਜਾਣਦਾ ਹਾਂ ਇਹ ਬਾਤ ਹਮ ਕਉ ਮਤ ਕਹਹਿ। ਅਜੇ ਕਿੰਨਾ ਕੁਝ ਹੋਰ ਕਰਨ ਵਾਲਾ ਹੈ।' ਜਦ ਕੁਝ ਲੋਕਾਂ ਨੇ ਪਰਮਾਤਮਾ ਨੂੰ ਪਾਉਣ ਦਾ ਰਾਹ ਪੁੱਛਿਆ ਤਾਂ ਆਪ ਨੇ ਗੁਰਮੁਖਾਂ ਦੀ ਸੰਗਤ, ਸ਼ਬਦ ਦੀ ਟੇਕ ਤੇ ਹਿਰਦਾ ਸ਼ੁੱਧ ਰੱਖਣ ਦਾ ਉਪਦੇਸ਼ ਦਿੱਤਾ। ਸਾਰਾ ਸੁਲਤਾਨਪੁਰ ਗੁਰੂ ਨਾਨਕ ਦੇਵ ਜੀ ਨੂੰ ਹਿੰਦੂ ਮੁਸਲਮਾਨ ਕਾ ਪੀਰ ਤੇ ਵਾਹ ਬਾਬਾ ਨਾਨਕ ਜੀ ਕਹਿ ਉੱਠਿਆ। ਦੂਜੀ ਫੇਰੀ ਵਿਚ ਗੁਰੂ ਨਾਨਕ ਦੇਵ ਜੀ ਕੁੱਲ ਪੰਜ ਦਿਨ ਸੁਲਤਾਨਪੁਰ ਟਿਕੇ ਸਨ।

Sri Satguru Jagjit Singh Ji eLibrary NamdhariElibrary@gmail.com

4

ਬਾਬਾ ਗਇਆ ਤੀਰਥੀਂ

ਸੁਲਤਾਨਪੁਰ ਤੋਂ ਹਰਦੁਆਰ : ਗੁਰੂ ਨਾਨਕ ਦੇਵ ਜੀ ਨੇ ਜਦ ਨਿਰਣਾ ਲੈ ਲਿਆ ਕਿ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਮੈਦਾਨਿ-ਅਮਲ ਵਿਚ ਨਿੱਤਰਨਾ ਚਾਹੀਦਾ ਹੈ ਤਾਂ ਉਹਨਾਂ ਨੂੰ ਫਿਰ ਨਾ ਰਾਜ, ਨਾ ਸਾਜ, ਨਾ ਭੈਣ, ਨਾ ਪਤਨੀ, ਨਾ ਪੁੱਤਰ ਤੇ ਨਾ ਕਿਸੇ ਦੇ ਤਰਲੇ ਰੋਕ ਪਾ ਸਕੇ। ਮੇਹਰਬਾਨ ਜੀ ਨੇ ਲਿਖਿਆ ਹੈ ਕਿ ਨਵਾਬ ਦੌਲਤ ਖ਼ਾਨ ਤੋਂ ਲੈ ਕੇ ਸੁਲਤਾਨਪੁਰ ਦੇ ਹਰ ਵਸਨੀਕ ਨੇ ਤਰਲੇ ਕੀਤੇ। ਗੁਰੂ ਨਾਨਕ ਦੇਵ ਜੀ ਦੀ ਸੱਸ ਬੀਬੀ ਚੰਦੋ ਨੇ ਤਾਂ ਇਥੋਂ ਤੱਕ ਕਿਹਾ, 'ਵੇ ਨਾਨਕ! ਜੇ ਤੂੰ ਫ਼ਕੀਰ ਹੀ ਹੋਣਾ ਸੀ ਤਾਂ ਵਿਆਹ ਕਿਉਂ ਕਰਾਇਆ, ਟੱਬਰ ਕਿਉਂ ਵਧਾਇਆ।' ਗੁਰੂ ਮਹਾਰਾਜ ਨੇ ਠਰ੍ਹੰਮੇ ਨਾਲ ਉੱਤਰ ਦਿੱਤਾ ਕਿ ਕੋਈ ਗ੍ਰਿਹਸਤ ਤਜ ਨਹੀਂ ਰਹਿਆ। ਉਸ ਦੇ ਹੁਕਮ ਵਿਚ ਗੁਰਸਿੱਖਾਂ ਦੀ ਭਾਲ ਵਿਚ ਚੱਲਾ ਹਾਂ। ਫਿਰ ਫ਼ਰਮਾਇਆ, 'ਘਰ ਤਾਂ ਛੱਡ ਹੀ ਜਾਣੇ ਹਨ, ਕੋਈ ਵੀ ਜੀਵ ਇਥੇ ਸਦਾ ਟਿਕਿਆ ਨਹੀਂ ਰਹਿ ਸਕਦਾ। ਇਹ ਸੋਚਣਾ ਤਾਂ ਮੂਰਖਪੁਣਾ ਹੈ ਕਿ ਕੁਝ ਧਨ, ਪਦਾਰਥ ਖਾ ਲਈਏ ਤੇ ਕੁਝ ਸਾਂਭ ਕੇ ਰੱਖ ਲਈਏ। ਸਾਂਭ ਕੇ ਰੱਖੇ ਜਾਣ ਦਾ ਕੋਈ ਲਾਭ ਨਹੀਂ ਹੈ ਕਿਉਂਕਿ ਮੁੜ ਕੇ ਇਸ ਨੂੰ ਵਰਤਿਆ ਨਹੀਂ ਜਾ ਸਕੇਗਾ' :

'ਘਰ ਛਡਣੇ ਰਹੈ ਨ ਕੋਇ॥
ਕਿਛੁ ਖਾਜੈ ਕਿਛੁ ਧਰਿ ਜਾਈਐ॥
ਜੇ ਬਾਹੁੜਿ ਦੁਨੀਆਂ ਆਈਐ॥'

(ਮਾਰੂ ਮਹਲਾ ੧, ਪੰਨਾ ੯੮੯)

ਮਨੁੱਖ ਘੁੰਮਣ-ਘੇਰੀਆਂ ਵਿਚ ਪਿਆ ਹੋਇਆ ਹੈ। ਇਸ ਤੇ ਹੋਰ ਬੁਰਾ ਇਹ ਹੈ ਕਿ ਉਹ ਪਾਪਾਂ ਦੇ ਪੱਥਰ ਲੱਦ ਕੇ ਜ਼ਿੰਦਗੀ ਦੀ ਬੇੜੀ ਇਨ੍ਹਾਂ ਘੁੰਮਣ-ਘੇਰੀਆਂ ਵਿਚੋਂ ਪਾਰ ਲੰਘਾਣਾ ਚਾਹੁੰਦਾ ਹੈ। ਸੋ ਪਰਮਾਤਮਾ ਦੇ ਡਰ, ਅਦਬ ਦੀ ਬੇੜੀ ਤਿਆਰ ਕਰਨ ਅਤੇ ਉਸ ਵਿਚ ਸਵਾਰ ਹੋਣ ਦਾ ਉਪਦੇਸ਼ ਦੇਣ ਲਈ ਜਾ ਰਿਹਾ ਹਾਂ :

'ਘਰ ਘੁੰਮਣ ਵਾਣੀ ਭਾਈ॥

Sri Satguru Jagjit Singh Ji eLibrary NamdhariElibrary@gmail.com

ਪਾਪ ਪਥਰ ਤਰਣੁ ਨਾ ਜਾਈ,
ਭਉ ਬੇੜਾ ਜੀਉ ਚੜ੍ਹਾਉ॥'

(ਮਾਰੂ ਮਹਲਾ ੧, ਪੰਨਾ ੯੯੦)

ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਧਰਤੀ ਦੇ ਲੋਕਾਂ ਨੂੰ ਸੋਧਣ ਲਈ ਨਿੱਤਰ ਪਏ :

'ਚੜ੍ਹਿਆ ਸੋਧਨ ਧਰਤਿ ਲੁਕਾਈ॥'

ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ :

'ਸੰਤ ਸੰਗ ਲੇ ਚੜ੍ਹਿਓ ਸਿਕਾਰ॥
ਮ੍ਰਿਗ ਪਕਰੇ ਬਿਨੁ ਘੋਰ (ਘੋੜੇ) ਹਥੀਆਰ'॥ ੧॥ ਰਹਾਉ॥

(ਭੈਰਉ ਮਹਲਾ ੫, ਪੰਨਾ ੧੧੩੬)

ਜਿਵੇਂ ਕੋਈ ਜੋਧਾ ਚੜ੍ਹਾਈ ਕਰਦਾ ਹੈ, ਤਿਵੇਂ ਬਾਬਾ ਜੀ ਪਾਖੰਡ, ਭੇਖ, ਵਹਿਮ, ਜਬਰ ਤੇ ਜ਼ੁਲਮ ਵਿਰੁੱਧ ਮਰਦਾਨਾ ਜੀ ਨਾਲ ਚੜ੍ਹ ਪਏ। ਗੁਰੂ ਅਰਜਨ ਦੇਵ ਜੀ ਲਿਖਦੇ ਹਨ :

'ਦਸ ਮਿਰਗੀ ਸਹਿਜੇ ਬੰਧਿ ਆਨੀ॥
ਪਾਂਚ ਮਿਰਗ ਬੇਧੇ ਸਿਵ ਕੀ ਬਾਣੀ॥'

ਦਸ ਹਿਰਨੀਆਂ ਨੂੰ ਮਾਰ ਮੁਕਾਇਆ ਤੇ ਪੰਜ ਹਿਰਨ ਉਹਨਾਂ ਦੇ ਨਿਸ਼ਾਨੇ ਤੋਂ ਬਚ ਨਾ ਸਕੇ।

ਇਕ ਉਦਾਹਰਨ ਭਾਈ ਗੁਰਦਾਸ ਜੀ ਨੇ ਹੋਰ ਦਿੱਤੀ ਹੈ ਕਿ ਜਿਵੇਂ ਸ਼ੇਰ ਗ਼ਾਰ ਵਿਚੋਂ ਨਿਕਲਦਾ ਹੈ, ਤਿਵੇਂ ਉਹ ਗਰਜੇ ਤੇ ਉਹਨਾਂ ਦੀ ਦਹਾੜ ਸੁਣ ਕੇ ਪਖੰਡ ਰੂਪੀ ਹਿਰਨਾਂ ਨੂੰ ਨੱਸਦਿਆਂ ਵਾਰ ਵੀ ਨਾ ਮਿਲੀ। ਆਪ ਜੀ ਨੇ ਪਹਿਲੀ ਉਦਾਸੀ ਵਿਚ 'ਤੀਰਥ, ਪੁਰਬ ਸਭੇ ਫਿਰ ਦੇਖੇ' ਤੇ ਸਮਝਾਇਆ ਕਿ ਤਾਂ ਕਿਛੁ ਘਾਲਿ ਪਵੇ ਦਰ ਲੇਖੇ ਜੇ ਨਿਯਤ ਰਾਸਿ ਹੈ। ਧਰਮ ਕੇਂਦਰਾਂ ਤੇ ਜਾਣ ਦਾ ਕਾਰਨ ਇਹ ਸੀ ਕਿ ਜੇ ਧਾਰਮਿਕ ਸੋਮੇ ਸਵੱਛ ਹੋ ਜਾਣ ਤਾਂ ਧਰਮ ਦਾ ਨਿਰਮਲ ਜਲ ਆਪ-ਮੁਹਾਰੇ ਧਰਮੀਆਂ ਨੂੰ ਮਿਲਦਾ ਰਹੇਗਾ। ਇਹ ਇਕ ਸੱਚਾਈ ਹੈ ਕਿ ਸ਼ੰਕਰਾਚਾਰੀਆ ਦਾ ਪ੍ਰਚਾਰ ਬੁੱਧ ਧਰਮ ਨੂੰ ਇੰਨੀ ਸੱਟ ਨਾ ਮਾਰ ਸਕਿਆ ਜਿੰਨੀ ਮੱਠਾਂ ਵਿਚ ਹੁੰਦੇ ਵਿਭਚਾਰ ਨੇ ਮਾਰੀ। 'ਭੇਖੀ ਪ੍ਰਭੂ ਨਾ ਪਾਈਐ', ਗੁਰੂ ਮਹਾਰਾਜ ਹਰ ਥਾਂ ਜਾ ਕੇ ਪੁਕਾਰਦੇ ਸਨ। ਜਗਤ ਵਿਚ ਪਾਵਨ ਧਾਰਮਿਕ ਅਸਥਾਨ ਗੰਦੇ ਹੋ ਜਾਣ ਕਾਰਨ ਹੀ ਜਗਤ ਦੇ ਲੋਕੀਂ ਡੁੱਬਣ ਲੱਗ ਪੈਂਦੇ ਹਨ : 'ਥਾਨਸਟ ਜਗ ਭਰਿਸਟ ਹੋਏ, ਡੂਬਤਾ ਇਵ ਜਗ।'

ਪ੍ਰਚਾਰ-ਢੰਗ : ਗੁਰੂ ਨਾਨਕ ਦੇਵ ਜੀ ਦੀਆਂ ਕੀਤੀਆਂ ਉਦਾਸੀਆਂ ਦੇ ਕੀਤੇ ਪੈਂਡੇ ਤੇ ਪ੍ਰਚਾਰ ਨੂੰ ਦੇਖਣ ਤੋਂ ਪਹਿਲਾਂ ਇਹ ਠੀਕ ਰਹੇਗਾ ਕਿ ਗੁਰੂ ਨਾਨਕ ਦੇਵ ਜੀ ਦਾ ਪ੍ਰਚਾਰ-ਢੰਗ ਅੱਖੋਂ ਕੱਢ ਲਿਆ ਜਾਏ। ਮੈਲਕਮ, 'ਦੀ ਸਿਖਸ ਸਕੈਚ' ਵਿਚ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਆਪਣੀਆਂ ਲੰਮੀਆਂ ਉਦਾਸੀਆਂ ਵਿਚ ਦੋ ਵਿਰੋਧੀ ਸ਼ਕਤੀਆਂ ਨਾਲ ਟਕਰਾਉਣਾ ਪਿਆ। ਇਕ ਮੁਸਲਮਾਨਾਂ ਦੀ ਅਤਿ ਦੀ ਮਜ਼ਬੀ ਕਠੋਰਤਾ

Sri Satguru Jagjit Singh Ji eLibrary NamdhariElibrary@gmail.com

(ਰੀਲੀਜਸ ਬੀਗਾਟਰੀ) ਅਤੇ ਦੂਜੀ, ਹਿੰਦੂਆਂ ਦੀ ਪਾਤਾਲ ਛੂੰਹਦੀ ਵਹਿਮ ਪ੍ਰਸਤੀ (ਡੀਪ ਰੂਟਡ ਸੁਪਰਸਟੀਸ਼ਨ) ਸੀ। (ਗੁਰੂ) ਨਾਨਕ (ਦੇਵ) ਨੇ ਦੋਹਾਂ ਨੂੰ ਜਿੱਤਿਆ। ਕਿਸੇ ਰਾਜ ਸੱਤਾ ਨਾਲ ਨਹੀਂ ਅਤੇ ਨਾ ਹੀ ਕਿਸੇ ਡਰ ਡਰਾਵੇ ਨਾਲ ਅਤੇ ਨਾ ਹੀ ਕਿਸੇ ਲਾਲਚ ਨਾਲ, ਨਿਰੋਲ ਸਨੇਹ ਤੇ ਸੂਝ ਨਾਲ (ਰੀਜ਼ਨ ਐਂਡ ਹਿਯੂਮੈਨਿਟੀ)। ਸੀ. ਐਚ. ਪੇਨ ਨੇ ਲਿਖਿਆ ਹੈ ਕਿ ਗੁਰੂ ਨਾਨਕ ਨੇ ਉਹ ਗੱਲ ਸਮਝ ਲਈ ਸੀ ਜਿਹੜੀ ਦੂਜਿਆਂ ਨੇ ਨਹੀਂ ਸਮਝੀ ਸੀ। ਧਰਮ ਉਹ ਹੀ ਜ਼ਿੰਦਾ ਰਹਿ ਸਕਦਾ ਹੈ ਜਿਹੜਾ ਵਰਤੋਂ ਸਿਖਾਲੇ। ਜਿਹੜਾ ਇਹ ਨਾ ਸਿਖਾਲੇ ਕਿ ਬਦੀਆਂ ਤੋਂ ਬਚਣਾ ਕਿਵੇਂ ਹੈ ਸਗੋਂ ਸਿਖਾਲੇ ਕਿ ਬਦੀਆਂ ਨਾਲ ਟਕਰਾ ਕੇ ਕਾਮਯਾਬ ਕਿਵੇਂ ਹੋਣਾ ਹੈ। ਜਿਹੜਾ ਇਹ ਨਾ ਸਿਖਾਲੇ ਕਿ ਦੁਨੀਆਂ ਤੋਂ ਨੱਸਣਾ ਕਿਵੇਂ ਹੈ, ਸਗੋਂ ਇਹ ਕਿ ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣਾ ਕਿਵੇਂ ਹੈ। (ਹਯੂ ਟੂ ਲਿਵ ਵਰਦੀਲੀ ਇਨ ਇਟ)। ਕਨਿੰਘਮ ਨੇ ਵੀ ਭਾਵ ਪੂਰਤ ਗੱਲ ਆਖੀ ਹੈ ਕਿ ਇਹ ਮਹਾਨ ਕੰਮ ਕੇਵਲ (ਗੁਰੂ) ਨਾਨਕ ਦੇਵ ਜੀ ਦਾ ਹੀ ਸੀ, ਜਿਨ੍ਹਾਂ ਨੇ ਸੁਧਾਰ ਦੇ ਸੱਚੇ, ਸੁੱਚੇ ਅਸੂਲ ਲੱਭੇ, ਵਰਤੇ ਅਤੇ ਬੁਨਿਆਦਾਂ ਰੱਖੀਆਂ, ਬਣਾਈਆਂ, ਜਿਨ੍ਹਾਂ ਸਦਕਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਮ-ਵਤਨਾਂ ਦਿਆਂ ਦਿਲਾਂ ਵਿਚ ਇਕ ਨਵੀਂ ਕੌਮੀਅਤ ਦਾ ਭਾਂਬੜ ਮਚਾ ਦਿੱਤਾ ਅਤੇ ਅਮਲੀ ਤੌਰ ਤੇ ਇਸ ਮਜ਼੍ਹਬੀ ਸਿਧਾਂਤ ਨੂੰ ਸਮਾਜੀ ਤੇ ਰਾਜਨੀਤਕ ਸ਼ਕਲ ਦਿੱਤੀ ਕਿ ਨਸਲ ਤੇ ਧਰਮ, ਧਾਰਮਿਕ ਆਸ਼ਾਵਾਂ ਅਤੇ ਸਿਆਸੀ ਟੀਚਿਆਂ ਤੇ ਸਮਾਜਕ ਹੱਕਾਂ ਦੇ ਸਬੰਧ ਵਿਚ ਗ਼ਰੀਬ ਤੋਂ ਗ਼ਰੀਬ ਤੇ ਨੀਵੇਂ ਤੋਂ ਨੀਵੇਂ, ਅਮੀਰ ਤੋਂ ਅਮੀਰ ਤੇ ਉੱਚੇ ਤੋਂ ਉੱਚੇ ਦੇ ਬਰਾਬਰ ਹੈ। ਗੁਰੂ ਨਾਨਕ ਦੇਵ ਜੀ ਅਰਸਤੂ ਵਾਂਗ ਅੜਾਉਣੀਆਂ ਨਹੀਂ ਪਾਉਂਦੇ ਸਨ ਸਗੋਂ ਉਸਤਾਦ ਵਾਂਗੂ ਹਰ ਗੁੰਝਲ ਖੋਲ੍ਹਦੇ ਸਨ। ਇਕ ਟੁੰਬਵੇਂ ਵਾਕ ਨਾਲ ਹੀ ਉਹ ਅਗਲੇ ਦੇ ਕੁਕਰਮ ਦਰਸਾ ਦਿੰਦੇ ਸਨ। ਉਹ ਸੁਆਲ ਨਹੀਂ ਸਨ ਕਰਦੇ ਸਗੋਂ ਪੁੱਛਾਂ ਦਾ ਉੱਤਰ ਦਿੰਦੇ ਸਨ। ਉਹ ਜਦ ਬੁੱਲ੍ਹੀਆਂ ਵਿਚ ਮੁਸਕ੍ਰਾਉਂਦੇ ਸਨ ਤਾਂ ਕਈਆਂ ਦੇ ਪਾਪ ਝੜ ਜਾਂਦੇ ਸਨ। ਆਸਾ ਦੀ ਵਾਰ ਅਤੇ ਭਾਈ ਦੁਨੀ ਚੰਦ ਨਾਲ ਹੋਈ ਲਾਹੌਰ ਵਿਖੇ ਗੱਲਬਾਤ ਇਸ ਗੱਲ ਦੀ ਸੂਚਕ ਹੈ। ਗੁਰੂ ਨਾਨਕ ਦੇਵ ਜੀ ਕਿੰਨਾ ਸੁੰਦਰ ਫ਼ਰਮਾਉਂਦੇ ਹਨ, 'ਕੈਸਾ ਮਜ਼ਾ ਆਉਂਦਾ ਹੋਵੇਗਾ ਉਸ ਵੇਲੇ ਜਦ ਸਵਰਗਪੁਰੀ ਵਿਚ ਬੈਠੇ ਪਿਤਰ ਦੂਜੇ ਪਿਤਰ ਵਲੋਂ ਚੜ੍ਹਾਏ ਗਏ ਚੋਰੀ ਦੇ ਮਾਲ ਨੂੰ ਪਛਾਣ ਲੈਂਦੇ ਹੋਣਗੇ। ਉੱਤੇ ਖ਼ੂਬ ਜੰਗ ਮੱਚਦੀ ਹੋਵੇਗੀ। ਭਲਿਆ ਲੋਕਾ! ਇਹ ਠੀਕ ਜਾਣ ਕਿ ਅੱਗੇ ਉਹ ਹੀ ਮਿਲਦਾ ਹੈ ਜੋ ਆਪ ਖੱਟ, ਘਾਲਿ ਵੰਡਿਆ ਜਾਏ':

'ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ॥
ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ'॥ ੧॥

(ਪਉੜੀ ੧੭, ਆਸਾ ਦੀ ਵਾਰ, ਪੰਨਾ ੪੭੨)

ਹਰਦੁਆਰ ਦੀ ਪੱਛਮ ਵੱਲ ਪਾਣੀ ਦੇਣ ਅਤੇ ਜਗਨ ਨਾਥ ਪੁਰੀ ਵਿਖੇ ਪਖੰਡੀ ਸਾਧ ਦਾ ਲੋਟਾ ਛੁਪਾਉਣ ਵਾਲੀਆਂ ਸਾਖੀਆਂ ਜਗਤ-ਪ੍ਰਸਿੱਧ ਹਨ। ਕਹਿੰਦੇ ਹਨ ਕਿ

Sri Satguru Jagjit Singh Ji eLibrary NamdhariElibrary@gmail.com

ਜਦ ਵਿਸ਼ਿਸ਼ਟ ਜੀ ਨੇ ਆਪਣੇ ਸਾਰਿਆਂ ਚੇਲਿਆਂ ਨੂੰ ਪਿਛਾਂ ਮੁੜ ਕੇ ਦੇਖਣ ਲਈ ਕਿਹਾ ਤਾਂ ਸਾਰੇ ਤਾਂ ਪਿਛਾਂ ਮੁੜ ਕੇ ਦੇਖਣ ਲੱਗ ਪਏ ਪਰ ਰਾਮ ਚੰਦਰ ਜੀ ਨੇ ਸਿਰ ਝੁਕਾ ਲਿਆ ਤੇ ਉਥੇ ਹੀ ਖੜ੍ਹੇ ਰਹੇ। ਵਿਸ਼ਿਸ਼ਟ ਜੀ ਨੇ ਛਾਤੀ ਨਾਲ ਲਗਾ ਕੇ ਕਿਹਾ: 'ਅਸਲ ਗੱਲ ਤਾਂ ਰਾਮ ਹੀ ਸਮਝਿਆ ਏ।' ਵਿਸ਼ਿਸ਼ਟ ਜੀ ਦਾ ਕਹਿਣਾ ਸੀ ਕਿ ਸਾਰੇ ਆਪਣੇ ਪਿਛੇ ਮੁੜ ਕੇ ਨਜ਼ਰ ਮਾਰੋ ਅਤੇ ਜਦ ਕੋਈ ਗੱਲ ਸਮਝ ਕੇ ਨਜ਼ਰ ਮਾਰਦਾ ਹੈ ਤਾਂ ਉਸ ਨੂੰ ਸ਼ਰਮ ਆ ਜਾਵੇਗੀ ਤੇ ਗੁਰੂ ਅੱਗੇ ਸਿਰ ਝੁਕ ਜਾਵੇਗਾ। ਗੁਰੂ ਨਾਨਕ ਦੇਵ ਜੀ ਨੇ ਐਸੀ ਜੁਗਤੀ ਵਰਤੀ ਕਿ ਸਭ ਅੰਦਰ ਝਾਕਣ ਲੱਗੇ ਤੇ ਸਾਰੇ ਹੀ 'ਗੁਰਮੁਖ ਹੋ ਨਿਬੜੇ'। ਨੂਰ ਉੱਨਸਾ 'ਤੇ ਜਦ ਝਾਤ ਮਾਰੀ ਤਾਂ ਨੂਰ ਵਾਲੀ ਹੋ ਗਈ। ਸਜਣ ਨੇ ਜਦ ਆਪੇ ਵੱਲ ਦੇਖਿਆ ਤਾਂ ਕਤਲਗਾਹ ਧਰਮਸ਼ਾਲਾ ਬਣ ਗਈ। ਸਿੱਧਾਂ ਨੇ ਜਦ ਪਿੱਛੋਂ ਪੁੱਛਿਆ ਵੀ ਕਿ ਸਾਨੂੰ ਤਾਂ ਕਹਿੰਦੇ ਹੋ ਘਰ ਨਾ ਛੱਡੋ, ਗ੍ਰਹਿਸਤ ਨਾ ਤਜੋ, ਧੰਦਾ ਨਾ ਤਿਆਗੋ, ਪਰ ਤੁਸਾਂ ਵੀ ਤਾਂ ਘਰ ਛੱਡਿਆ ਹੈ, ਗ੍ਰਹਿਸਤ ਤਜਿਆ ਤੇ ਉਦਾਸੀ ਬਣੇ। ਸਾਨੂੰ ਕਹਿੰਦੇ ਹੋ ਭੇਖ ਨਾ ਕਰੋ, ਪਰ ਤੁਸਾਂ ਵੀ ਤਾਂ ਪਹਿਲੀ ਉਦਾਸੀ ਵੇਲੇ ਗੇਰੂਵੇਂ (ਭਗਵੇਂ), ਦੂਜੀ ਵੇਲੇ ਚਿੱਟੇ ਤੇ ਤੀਜੀ ਵੇਲੇ ਨੀਲੇ ਬਸਤਰ ਪਹਿਣੇ ਸਨ। ਤੁਸੀਂ ਵੀ ਥਾਂ-ਥਾਂ ਭਟਕਦੇ ਰਹੇ? :

ਕਿਸੁ ਕਾਰਣਿ, ਗ੍ਰਿਹੁ ਤਜਿਓ ਉਦਾਸੀ॥
ਕਿਸੁ ਕਾਰਣਿ, ਇਹੁ ਭੇਖੁ ਨਿਵਾਸੀ॥
ਕਿਸੁ ਵਖਰ ਕੇ ਤੁਮ ਵਣਜਾਰੇ॥
ਕਿਉ ਕਰਿ ਸਾਥੁ ਲੰਘਾਵਹੁ ਪਾਰੇ॥ ੧੭॥ *(ਸਿਧ ਗੋਸਟਿ)*

ਗੁਰੂ ਮਹਾਰਾਜ ਜੀ ਦਾ ਉੱਤਰ ਸੀ : ਸਿਰਫ਼ ਗੁਰਮੁਖਾਂ ਨੂੰ ਢੂੰਡਣ ਲਈ ਘਰੋਂ ਨਿਕਲਿਆ ਸਾਂ : 'ਗੁਰਮੁਖਿ ਖੋਜਤ ਭਏ ਉਦਾਸੀ॥' ਹਿੰਦੁਸਤਾਨ ਇਹ ਹੀ ਸੁਣਦਾ ਆ ਰਿਹਾ ਸੀ : 'ਸਾਧੂ ਨ ਚਲੇ ਜਮਾਤ' ਪਰ ਇਥੇ ਤਾਂ ਸਾਧੂਆਂ ਦੀ ਇਕ ਜਮਾਤ 'ਪੱਕੀ ਸੰਗਤ' ਬੰਨ੍ਹਣੀ ਸੀ। ਭੇਖ ਵੀ ਇਸ ਲਈ ਧਾਰਿਆ ਕਿ ਇਕ ਨਵਾਂ ਦਰਸ਼ਨ, ਫ਼ਲਸਫ਼ਾ ਲਭਿਆ ਜਾ ਸਕੇ ਜੋ ਸਭ ਲਈ ਕਲਿਆਣਕਾਰੀ ਹੋਵੇ। ਭੇਖ ਦੀ ਵਿਅਰਥਤਾ ਹੀ ਦ੍ਰਿੜ੍ਹਾਉਣ ਲਈ ਆਪ ਜੀ ਨੇ ਐਸਾ ਪਹਿਰਾਵਾ ਰੱਖਿਆ ਜੋ ਕਿਸੇ ਵੀ ਪ੍ਰਚੱਲਤ ਮੱਤ ਦਾ ਨਹੀਂ ਸੀ। ਪੁਰਾਤਨ ਜਨਮ ਸਾਖੀ ਅਨੁਸਾਰ :

'ਪਹਿਰਾਵਾ ਬਾਬੇ ਕਾ, ਇਕ ਬਸਤਰ ਅੰਬੋਆ (ਨਵੇਂ ਨਿਕਲੇ ਅੰਬ ਦੇ ਪੱਤਿਆਂ ਦਾ ਰੰਗ) ਇਕ ਬਸਤਰ ਚਿੱਟਾ, ਇਕ ਪੈਰ ਜੁੱਤੀ, ਇਕ ਪੈਰ ਖਾਊਸ (ਖੜਾਵਾਂ), ਗਲਿ ਕਫਨੀ, ਸੀਸ ਪਹਰਨਿ ਕਲੰਦਰੀ, ਮਾਲਾ ਹੱਡਾਂ ਕੀ, ਮੱਥੇ ਤਿਲਕ ਕੇਸਰ ਕਾ।' :

'ਦਰਸ਼ਨ ਕੈ ਤਾਈ ਭੇਖ ਨਿਵਾਸੀ।'

ਆਪ ਜੀ ਦਾ ਕਥਨ ਸੀ : 'ਸੱਚ ਦਾ ਵਪਾਰੀ ਹਾਂ ਤੇ ਜੋ ਗੁਰੂ ਵੱਲ ਮੂੰਹ ਕਰਕੇ ਰੱਖੇਗਾ ਉਹ ਸੰਸਾਰ ਸਮੁੰਦਰ ਤੋਂ ਪਾਰ ਹੋਣ ਦੀ ਜਾਚ ਸਿੱਖ ਲਵੇਗਾ।'

'ਸਾਚ ਵਖਰ ਕੇ ਹਮ ਵਣਜਾਰੇ॥
ਨਾਨਕ ਗੁਰਮੁਖਿ ਉਤਰਸਿ ਪਾਰੇ'॥ ੧੮॥ *(ਸਿਧ ਗੋਸਟਿ, ਪੰਨਾ ੯੩੯)*

Sri Satguru Jagjit Singh Ji eLibrary NamdhariElibrary@gmail.com

ਇਸ ਸਬੰਧ ਵਿਚ ਭਾਈ ਗੁਰਦਾਸ ਜੀ ਦੀ ਇਕ ਤੁਕ ਗਹੁ ਨਾਲ ਪੜ੍ਹੀ ਜਾਣੀ ਚਾਹੀਦੀ ਹੈ। ਭਾਈ ਜੀ ਲਿਖਦੇ ਹਨ ਕਿ ਜਦ ਗੁਰੂ ਨਾਨਕ ਦੇਵ ਜੀ ਉਦਾਸੀਆਂ ਤੋਂ ਵਾਪਸ ਆਏ ਤਾਂ ਉਨ੍ਹਾਂ ਉਦਾਸੀ ਵਾਲਾ ਬਾਣਾ ਉਤਾਰ ਦਿੱਤਾ ਤੇ ਸੰਸਾਰੀ ਕੱਪੜੇ ਪਹਿਨ ਲਏ ਤੇ ਉਥੇ ਟਿਕ ਕੇ ਲੋਕਾਂ ਨੂੰ ਜੀਵਨ ਜੁਗਤ ਦਰਸਾਉਣ ਲੱਗੇ।

'ਫਿਰਿ ਬਾਬਾ ਆਇਆ ਕਰਤਾਰਪੁਰ, ਭੇਖ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ, ਮੰਜੀ ਬੈਠ ਕਿਆ ਅਵਤਾਰਾ।'

ਭਾਈ ਸੰਤੋਖ ਸਿੰਘ ਜੀ ਨੇ ਵੀ ਇਹ ਹੀ ਲਿਖਿਆ ਹੈ :

'ਭੇਖ ਫ਼ਕੀਰੀ ਤਜਯੋ ਸਰੀਰਾ।
ਸੰਸਾਰੀ ਪੈਹਰੇ ਪੁਨ ਚੀਰਾ।
ਕ੍ਰਿਖੀ ਕਰਾਵਨ ਲਗੈ ਬਿਸਾਲਾ।
ਦੇਗ ਚਲਾਵਹਿ ਪਰਮ ਕਿਰਪਾਲਾ।'

ਦੁਨੀਆਂ ਉਸ ਸਮੇਂ ਤੱਕ ਇਹ ਹੀ ਸੁਣਦੀ ਆਈ ਸੀ ਕਿ ਬਾਣ ਪ੍ਰਸਤੀ ਤੋਂ ਬਾਅਦ ਵਰਣ ਆਸ਼ਰਮ ਨੂੰ ਮੰਨਣ ਵਾਲਾ ਸੰਨਿਆਸੀ ਹੁੰਦਾ ਹੈ। ਬਾਣ ਪ੍ਰਸਤੀ ਕਦੇ ਵੀ ਫਿਰ ਗ੍ਰਹਿਸਤੀ ਜਾਂ ਸੰਸਾਰੀ ਨਹੀਂ ਹੋ ਸਕਦਾ। ਪਰ ਇਥੇ ਜਦ ਗੁਰਮੁਖ ਢੂੰਡਣ ਤੇ ਫਿਰ ਇਕ ਥਾਂ ਬਿਠਾਉਣ ਦਾ ਮੰਤਵ ਪੂਰਾ ਹੋ ਗਿਆ ਤਾਂ ਆਪ ਜੀ ਨੇ ਉਦਾਸੀ ਭੇਖ ਉਤਾਰ ਦਿੱਤਾ। ਇਹ ਵੀ ਵਰਣ ਆਸ਼ਰਮ 'ਤੇ ਇਕ ਕਰਾਰੀ ਚੋਟ ਸੀ। ਵਿਤਕਰੇ 'ਤੇ ਭਾਰੀ ਵਾਰ ਸੀ। ਗੁਰੂ ਬਾਬਾ ਜੀ ਗੁਰਮੁਖ ਢੂੰਡਣ ਲਈ ਹਰਨ, ਮਿਰਗ, ਕੋਕਲ ਤੇ ਮਛਲੀ ਵਾਂਗ ਬਣ, ਖੇਤਾਂ, ਬਾਗ਼ਾਂ, ਬਸਤੀਆਂ ਤੇ ਸਾਗਰਾਂ ਨੂੰ ਤਰਦੇ ਰਹੇ। ਫਿਰ ਇਕ ਵਾਰੀ ਸੰਸਾਰੀ ਬਣ ਕੇ ਉਲਟੀ ਗੰਗਾ ਵਹਾ ਦਿੱਤੀ। ਭਾਈ ਗੁਰਦਾਸ ਜੀ ਨੇ ਉਲਟੀ ਗੰਗਾ ਵਾਲਾ ਹੀ ਸ਼ਬਦ ਵਰਤਿਆ ਹੈ। ਸਤੈ ਬਲਵੰਡ ਜੀ ਨੇ ਵੀ : 'ਹੋਰਿਓ ਗੰਗ ਵਹਾਈਐ'[1] ਵੱਲ ਇਸ਼ਾਰਾ ਕੀਤਾ ਹੈ।

ਮਰਦਾਨਾ ਜੀ ਲਈ ਨਵੀਂ ਰਬਾਬ : ਸੁਲਤਾਨਪੁਰ ਤੋਂ ਤੁਰਨ ਤੋਂ ਪਹਿਲਾਂ ਭਾਈ ਮਰਦਾਨਾ ਜੀ ਨੂੰ ਨਵੀਂ ਰਬਾਬ ਬਣਵਾ ਕੇ ਦਿੱਤੀ। ਰਬਾਬ ਲਈ ਰਕਮ ਭੈਣ ਨਾਨਕੀ ਜੀ ਨੇ ਦਿੱਤੀ। ਰਬਾਬ ਫਿਰੰਦੇ ਨਾਂ ਦੇ ਕਾਰੀਗਰ ਨੇ ਬਣਾਈ ਸੀ। ਭੈਣ ਨਾਨਕੀ ਕੋਲੋਂ ਰਬਾਬ ਲੈਣ ਦਾ ਭਾਵ ਇਹ ਸੀ ਕਿ ਜੋ ਧਰਮ ਮੰਦਰ ਗੁਰੂ ਨਾਨਕ ਦੇਵ ਜੀ ਉਸਾਰ ਰਹੇ ਸਨ, ਉਸ ਵਿਚ ਇਸਤਰੀ ਦਾ ਯੋਗ ਫ਼ਰਜ਼ ਤੇ ਥਾਂ ਹੈ। ਭੈਣ ਦੇ ਪਿਆਰ ਤੁਲ ਕੋਈ ਵਸਤੂ ਨਹੀਂ। ਪਿੱਛੋਂ ਅੰਮ੍ਰਿਤ ਤਿਆਰ ਕਰਨ ਵੇਲੇ ਪਤਾਸੇ ਮਾਤਾ ਜੀਤੋ ਜੀ ਨੇ ਪਾਏ ਸਨ।

ਪਹਿਲਾ ਉਪਦੇਸ਼ : ਸੁਲਤਾਨਪੁਰ ਤੋਂ ਚੱਲ ਕੇ ਬਿਆਸ ਉਸ ਥਾਂ ਤੋਂ ਪਾਰ ਕੀਤਾ ਜਿੱਥੇ ਅੱਜ ਕੱਲ੍ਹ ਗੋਇੰਦਵਾਲ ਹੈ। ਬਚਨ ਕੀਤਾ : **'ਮਹਾਂ ਪੁਰਖ ਇਕ ਆਵੇਗਾ, ਕੀਰਤਨ ਹੋਵੇਗਾ, ਵਸੋਂ ਵਧੇਗੀ।'** ਗੁਰੂ ਅਮਰਦਾਸ ਜੀ ਨੇ ਪਿੱਛੋਂ ਇਥੇ ਹੀ ਟਿਕਾਣਾ ਕੀਤਾ। ਤਿੰਨ ਦਿਨ ਉਥੇ ਰਹੇ। ਉਥੋਂ ਹੀ ਮਰਦਾਨਾ ਜੀ ਨੂੰ ਪਿੰਡ ਦੇ ਪਤਣ 'ਤੇ ਲੋਕਾਂ

1. ਵਾਰ ਰਾਮਕਲੀ, ਪੰਨਾ ੯੬੭।

Sri Satguru Jagjit Singh Ji eLibrary NamdhariElibrary@gmail.com

ਨੇ ਬਹੁਤ ਧਨ ਪਦਾਰਥ ਬਸਤਰ ਭੇਟ ਕੀਤੇ ਤਾਂ ਉਹ ਸਾਰੀਆਂ ਵਸਤਾਂ ਗੁਰੂ ਨਾਨਕ ਦੇਵ ਜੀ ਪਾਸ ਲੈ ਆਏ। ਗੁਰੂ ਨਾਨਕ ਦੇਵ ਜੀ ਨੇ ਉਥੇ ਉਦਾਸੀ ਦਾ ਪਹਿਲਾ ਉਪਦੇਸ਼ ਦਿੱਤਾ ਜੋ ਧਰਮ ਦੇ ਪ੍ਰਚਾਰਕ ਆਗੂਆਂ ਨੂੰ ਸੁਣਨਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਭ ਭੇਟਾਵਾਂ ਵੱਲ ਦੇਖ ਕੇ ਕਿਹਾ : 'ਮਰਦਾਨਿਆ, ਇਹ ਜੋ ਸੁ ਕਿਆ ਹੈ, ਜੋ ਤੂੰ ਲੈ ਆਇਆ ਹੈਂ?' ਮਰਦਾਨੇ ਨੇ ਸੁਭਾਵਕ ਆਖਿਆ : 'ਬਾਬਾ ਜੀ ਸਲਾਮਤ, ਤੇਰੇ ਆਰਥਿ ਲੋਕਾਂ ਪੂਜਾ ਕੀਤੀ ਹੈ। ਲੋਕਾਂ ਜਿ ਆਣ ਚੜ੍ਹਾਏ, ਸੋ ਮੈਂ ਆਣੇ ਹੈਨਿ। ਜਿਵ ਰਜਾਏ ਹੋਵੇ ਤਿਵ ਮੈਂ ਕਰੀ।' ਤਬ ਬਾਬੇ ਨਾਨਕ ਜੀ ਨੇ ਕਿਹਾ : 'ਮਰਦਾਨਿਆ, ਤੈਂ ਤਾਂ ਇਹ ਆਂਦੇ ਸੋ ਭਲਾ ਕੀਤਾ, ਇਹ ਸਾਡੇ ਕੰਮ ਨਹੀਂ, ਪਏ ਭਠਿ। ਮਰਦਾਨਿਆਂ ਇਹ ਸੱਟ ਘਤਿ ਇਥੇ ਹੀ।' ਮਰਦਾਨੇ ਸੱਟ ਘਤਿਆ ਉਹ ਬੁਗਚਾ ਰੁਪਿਆਂ ਦਾ ਅਤੇ ਕੱਪੜਿਆਂ ਦਾ। ਪ੍ਰਚਾਰ ਵਿਚ ਜਦ ਪੂਜਾ ਦਾ ਧਾਨ ਆ ਗਿਆ ਤਾਂ ਦੋਜ਼ਖ਼ ਬਣ ਗਿਆ। ਜਿਸ ਮਾਇਆ ਨੇ ਵਸੀਲਾ ਬਣਨਾ ਹੈ ਉਹ ਹੀ ਗਿਰਾਵਟ ਦਾ ਕਾਰਨ ਬਣੀ। ਧਰਮ ਦੇ ਪਾਂਧੀਆਂ ਨੂੰ ਹੋਲਾ ਫੁੱਲ ਹੋ ਕੇ ਵਿਚਰਨਾ ਚਾਹੀਦਾ ਹੈ। ਗੁਰੂ ਨਾਨਕ ਜੀ ਨੇ ਫ਼ਰਮਾਇਆ :

'ਗੱਲ ਇਹ ਹੈ ਮਰਦਾਨਿਆ, ਪ੍ਰਮੇਸ਼ਰ ਤੇ ਮਾਇਆ ਕੀ ਬਣ ਨਹੀਂ ਆਂਵਦੀ। ਜੇ ਮਾਇਆ ਪਿੱਛੋਂ ਅੱਗੇ ਭਾਲੀਏ ਤਾਂ ਪ੍ਰਮੇਸ਼ਰ ਹੱਥ ਨਹੀਂ ਆਂਵਦਾ, ਅਰ ਜੇ ਪ੍ਰਮੇਸ਼ਰ ਭਾਲੀਏ ਤਾਂ ਮਾਇਆ ਨਹੀਂ। **ਪ੍ਰਮੇਸ਼ਰ ਭਾਲਣ ਦਾ ਇਹ ਰਾਹ ਠੀਕ ਨਹੀਂ ਕਿ ਮਾਇਆ ਵੀ ਇਕੱਠੀ ਕਰੇ ਤੇ ਪ੍ਰਮੇਸ਼ਰ ਵੀ ਭਾਲੇ।'**

ਉਥੋਂ ਉਸ ਥਾਂ ਚਰਨ ਪਾਏ ਜਿੱਥੇ ਪਿੱਛੋਂ ਤਰਨਤਾਰਨ ਗੁਰੂ ਅਰਜਨ ਦੇਵ ਜੀ ਨੇ ਉਸਾਰਿਆ। ਫਿਰ ਫ਼ਤਿਆਬਾਦ ਰਾਤ ਕੱਟ ਕੇ ਸੁਲਤਾਨਵਿੰਡ ਪਿੰਡ ਦੀ ਜੂਹ ਵਿਚ ਪੁੱਜੇ। ਇਕ ਢਾਬ ਦੇ ਕਿਨਾਰੇ ਬ੍ਰਿਛ ਹੇਠ ਬੈਠ ਕੇ ਸ਼ਬਦ ਗਾਉਣ ਲੱਗੇ।[1] ਉਥੇ ਹੀ ਸੰਗਤ ਜੁੜਨ ਲੱਗੀ ਤਾਂ ਆਪ ਜੀ ਨੇ ਸਹਿਜੇ ਹੀ ਬਚਨ ਕੀਤਾ ਕਿ 'ਇਥੇ ਭੋਗ ਮੋਖ ਦਾ ਪ੍ਰਵਾਹ ਚੱਲੇਗਾ।' ਉਥੇ ਹੀ ਦੁੱਖ ਭੰਜਣੀ ਸੀ। ਅੰਮ੍ਰਿਤਸਰ ਉਸੇ ਹੀ ਜੂਹ ਵਿਚ ਵੱਸਿਆ, ਜੋ ਧਾਰਮਿਕ ਕੇਂਦਰ ਹੋਣ ਦੇ ਨਾਲ-ਨਾਲ ਤਜਾਰਤ ਤੇ ਵਪਾਰ ਦਾ ਵੀ ਮੁੱਖ ਕੇਂਦਰ ਬਣ ਗਿਆ।

ਉਥੋਂ ਆਪ ਜੀ ਰਾਮ ਤੀਰਥ ਪੁੱਜੇ ਤੇ ਰਾਮ ਚਰਨ ਦਾਸ ਵੈਰਾਗੀ ਨੂੰ ਧਰਮ ਦਾ ਤੱਤ ਸਮਝਾਇਆ। **'ਲੋਕਾਂ ਨੂੰ ਡਰ ਦੇ ਕੇ ਧਨ ਇਕੱਠਾ ਕਰਨਾ, ਵਰ ਦੇ ਕੇ ਭੇਟਾਂ ਲੈਣੀਆਂ ਧਰਮ ਦਾ ਰਾਹ ਨਹੀਂ।'** ਉਥੋਂ ਆਪ ਮਾਝੇ ਵਿਚ ਹੀ ਵਿਚਰਦੇ ਰਹੇ ਤੇ ਦੀਪਾਲਪੁਰ ਇਕ ਕੋਹੜੀ ਦੇ ਘਰ ਪੁੱਜੇ ਜਿਸ ਨੂੰ ਪਿੰਡ ਵਾਸੀਆਂ ਨੇ ਪੱਕਾ ਰੋਗੀ ਜਾਣ

---

1. ਇਤਿਹਾਸ ਅਨੁਸਾਰ ਪ੍ਰਭਾਤੀ ਰਾਗ ਦਾ ਇਹ ਸ਼ਬਦ :
'ਅੰਮ੍ਰਿਤ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖ ਸੋ ਖੋਜਿ ਲਹੈ॥ ੧॥
ਗੁਰ ਸਮਾਨਿ ਤੀਰਥ ਨਹੀਂ ਕੋਇ॥ ਸਰ ਸੰਤੋਖੁ ਤਾਸ ਗੁਰੂ ਹੋਇ॥'
ਉਚਾਰਿਆ।

Sri Satguru Jagjit Singh Ji eLibrary NamdhariElibrary@gmail.com

ਪਿੰਡ ਤੋਂ ਬਾਹਰ ਕੱਢ ਦਿੱਤਾ ਸੀ। ਆਪ ਜੀ ਨੇ ਆਪਣਾ ਟਿਕਾਣਾ ਹੀ ਉਸ ਰੋਗੀ ਪਾਸ ਜਾ ਕੇ ਕੀਤਾ। ਜਦ ਉਸ ਕੋਹੜੀ ਦਾ ਦਰਵਾਜ਼ਾ ਖੜਕਾਇਆ ਤਾਂ ਉਸ ਤ੍ਰਹਿ ਕੇ ਕਿਹਾ ਕਿ 'ਮੇਰੇ ਨੇੜੇ ਨਾ ਆਉਣਾ, ਮੈਂ ਪੱਕਾ ਰੋਗੀ ਹਾਂ, ਕੋਹੜੀ ਹਾਂ।' ਗੁਰੂ ਜੀ ਨੇ ਉਸੇ ਵੇਲੇ ਹੀ ਕਿਹਾ : 'ਤੂੰ ਕੋਹੜੀ ਨਹੀਂ ਹੈਂ, ਤੂੰ ਆਤਮਾ ਨਿਰਮਲ ਕਰ ਲਈ ਹੈ। ਮਨ ਰੋਗੀ ਹੋ ਜਾਏ ਤਾਂ ਸਰੀਰ 'ਤੇ ਰੋਗ ਉੱਠ ਖਲੋਂਦੇ ਹਨ। ਸਰੀਰ ਰੋਗੀ ਉਸ ਸਮੇਂ ਹੁੰਦਾ ਹੈ, ਜਦ ਆਤਮਾ ਪਾਪਾਂ ਵਿਚ ਗ੍ਰਸ ਜਾਏ। ਸਰੀਰ ਨੂੰ ਬਾਣੀ ਲਗਾਉਣ ਦੀ ਜਾਚ ਸਿੱਖ, ਫਿਰ ਦੇਖ ਸਾਰੇ ਕੋਹੜ ਦੂਰ ਹੋ ਜਾਣਗੇ :

'ਜੀਉ ਤਪਤੁ ਹੈ ਬਾਰੋ ਬਾਰ॥
ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ'॥ ੧॥

(ਧਨਾਸਰੀ ਮਹਲਾ ੧, ਪੰਨਾ ੬੬੧)

ਸ਼ਬਦ ਸੁਣਦੇ ਹੀ ਉਸ ਨੇ ਬੂਹਾ ਖੋਲ੍ਹ ਦਿੱਤਾ। ਚਾਨਣੁ ਹੋਇਆ ਅਤੇ ਸਾਹਿਬ ਉਸ ਨੂੰ ਮਿਲੇ। ਕਿਸੇ ਨੇ ਠੀਕ ਆਖਿਆ ਹੈ ਕਿ ਮਹਾਂਪੁਰਸ਼ਾਂ ਦੇ ਬਚਨ ਹੀ ਤੰਦਰੁਸਤੀ ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਅੱਜ ਤੱਕ ਹਰ ਜੀਭ 'ਤੇ ਇਹ ਲੋਕ-ਗੀਤ ਚੜ੍ਹਿਆ ਹੋਇਆ ਹੈ : 'ਆ ਗਿਆ ਬਾਬਾ ਵੈਦ ਰੋਗੀਆਂ ਦਾ।' ਆਤਮਕ ਰੋਗਾਂ ਦੇ ਨਾਲ-ਨਾਲ ਸਿੱਖ ਘਰ ਨੇ ਸਰੀਰਕ ਰੋਗ ਦੂਰ ਕਰਨ ਦੇ ਉਪਰਾਲੇ ਵੀ ਕੀਤੇ। ਸਿੱਖੀ ਨੂੰ ਹੀ ਮਾਣ ਪ੍ਰਾਪਤ ਹੈ ਕਿ ਪੰਜਵੇਂ ਗੁਰੂ ਨੇ ਤਰਨਤਾਰਨ ਪਹਿਲਾਂ ਕੋਹੜੀ ਘਰ ਉਸਾਰਿਆ ਤੇ ਸਤਵੇਂ ਗੁਰੂ ਹਰਿਰਾਇ ਜੀ ਨੇ ਪਸ਼ੂਆਂ ਦੇ ਦਾਰੂ-ਸੰਭਾਲ ਲਈ ਕੀਰਤਪੁਰ ਸ਼ਫ਼ਾਖ਼ਾਨਾ ਬਣਾਇਆ।

ਲਾਹੌਰ : ਦੀਪਾਲਪੁਰ ਤੋਂ ਆਪ ਜੀ ਲਾਹੌਰ ਪੁੱਜੇ। ਆਪ ਜੀ ਨੇ ਆਪਣਾ ਟਿਕਾਣਾ ਜਵਾਹਰ ਮਲ ਦੇ ਚਹੁਟੇ ਵਿਚ ਖੂਹ ਦੇ ਨੇੜੇ ਪਿੱਪਲ ਹੇਠ ਕੀਤਾ। ਉਸ ਨੂੰ ਸਿਰੀਆਂ ਵਾਲਾ ਬਾਜ਼ਾਰ ਵੀ ਕਹਿੰਦੇ ਹਨ। ਅੰਮ੍ਰਿਤ ਵੇਲੇ ਜਦ ਗੁਰੂ ਬਾਬੇ ਨੇ ਸ਼ਬਦ ਗਾਉਣਾ ਅਰੰਭਿਆ ਤਾਂ ਸਾਰੇ ਪਾਸੇ ਚੀਖ-ਚਿਹਾੜਾ, ਬੱਕਰਿਆਂ ਦੇ ਸਿਰ ਲੱਥਦੇ, ਗਊਆਂ ਨੂੰ ਕਸਾਈਆਂ ਤੋਂ ਕਟੀਂਦਾ, ਵਢੀਂਦਾ ਦੇਖ ਕੇ ਹੈਰਾਨ ਹੋਏ। ਜਿਸ ਅੰਮ੍ਰਿਤ ਵੇਲੇ ਲੋਕਾਂ ਪਰਮਾਤਮਾ ਨਾਲ ਜੁੜਨਾ ਸੀ ਉਸੇ ਵੇਲੇ ਸ਼ੋਰ-ਸ਼ਰਾਬਾ, ਲਹੂ, ਜ਼ਹਿਰ ਡੁੱਲ੍ਹਦਾ ਦੇਖ ਕੇ ਆਪ ਸਕਤੇ ਵਿਚ ਆਏ ਤੇ ਫ਼ਰਮਾਇਆ : **'ਲਾਹੌਰ ਸਹਰੁ, ਜਹਰੁ, ਕਹਰੁ, ਸਵਾ ਪਹਰੁ॥ ੨੭॥**[1] ਅੰਮ੍ਰਿਤ ਵੇਲੇ ਅੱਲਾਹ ਦੇ ਵਸਾਏ ਸ਼ਹਿਰ ਵਿਚ ਜ਼ਹਿਰ ਘੋਲਿਆ ਜਾ ਰਿਹਾ ਹੈ। ਇਕ ਮਨੌਤ ਅਨੁਸਾਰ 'ਲਾਹੌਰ' (ਲਾਹੂਰ ਦੇ ਅਰਥ ਹੀ ਪਰਮਾਤਮਾ ਦਾ ਵਸਾਇਆ ਸ਼ਹਿਰ ਹੈ)। ਗੁਰੂ ਨਾਨਕ ਦੇਵ ਜੀ ਅੰਮ੍ਰਿਤ ਵੇਲੇ ਨੂੰ ਵਿਅਰਥ ਗੁਆਉਂਦੇ ਦੇਖ ਬਹੁਤ ਦੁਖੀ ਹੁੰਦੇ ਸਨ। ਉਹ ਸ਼ਾਹ ਹੀ ਉਸ ਨੂੰ ਗਿਣਦੇ ਸਨ ਜਿਸ ਅੰਮ੍ਰਿਤ ਵੇਲੇ ਨੂੰ ਰੱਬ ਦੀ ਯਾਦ ਵਿਚ ਲਗਾ ਦਿੱਤਾ :

1. ਸਲੋਕ ਵਾਰਾਂ ਤੇ ਵਧੀਕ, ਪੰਨਾ ੧੪੧੨।

Sri Satguru Jagjit Singh Ji eLibrary NamdhariElibrary@gmail.com

'ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥
ਸੇਈ ਪੂਰੇ ਸਾਹ, ਵਖਤੈ ਉਪਰਿ ਲੜਿ ਮੁਏ॥

(ਵਾਰ ਮਾਝ ਮਹਲਾ ੧, ਪੰਨਾ ੧੪੫)

ਦਿਨ ਚੜ੍ਹਦੇ ਸਾਰ ਤਾਂ ਮਨ ਤੇ ਮੱਤ ਖਿੰਡ-ਪੁੰਡ ਜਾਂਦੇ ਹਨ :

'ਦੂਜੈ ਬਹੁਤੇ ਰਾਹ, ਮਨ ਕੀਆ ਮਤੀ ਖਿੰਡੀਆ॥'

ਪਿਛੋਂ ਜਦ ਗੁਰੂ ਅਮਰਦਾਸ ਜੀ ਲਾਹੌਰ ਆਏ ਤੇ ਅੰਮ੍ਰਿਤ ਵੇਲੇ ਸਿਫ਼ਤ-ਸਾਲਾਹ ਵਿਚ ਸੰਗਤਾਂ ਜੁੜੀਆਂ ਡਿੱਠੀਆਂ ਤਾਂ ਫ਼ਰਮਾਇਆ :

'ਲਾਹੌਰ ਸਹਰੁ, ਅੰਮ੍ਰਿਤਸਰੁ ਸਿਫ਼ਤੀ ਦਾ ਘਰੁ॥ ੨੮॥

(ਸਲੋਕ ਵਾਰਾਂ ਤੇ ਵਧੀਕ)

ਲਾਹੌਰ ਵਿਚ ਗੁਰੂ ਜੀ ਦਾ ਆਉਣਾ ਸੁਣ ਕੇ ਭਾਈ ਦੁਨੀ ਚੰਦ, ਜੋ ਇਕ ਬਹੁਤ ਵੱਡਾ ਸ਼ਾਹੂਕਾਰ ਤੇ ਧਨਾਢ ਸੀ, ਗੁਰੂ ਜੀ ਪਾਸ ਆਇਆ। ਜਵਾਹਰ ਮੱਲ, ਜਿਸ ਦੇ ਨਾਂ ਚੋਹੱਟਾ ਸੀ, ਦੁਨੀ ਚੰਦ ਉਸ ਦਾ ਪੋਤਰਾ ਸੀ। ਦੁਨੀ ਚੰਦ ਨੇ ਆਪਣੇ ਬਾਪ ਦਾ ਸਰਾਧ ਰਚਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਨੇ ਸਰਾਧ ਕਰਨ ਦੀ ਵਿਅਰਥਤਾ ਸਮਝਾਈ। ਫ਼ਰਮਾਇਆ : 'ਨਾਨਕ ਅਗੈ ਸੋ ਮਿਲਹਿ, ਜਿ ਖਟੇ ਘਾਲੇ ਦੇਇ॥' ਦੁਨੀ ਚੰਦ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਘਰ ਲੈ ਗਿਆ। ਜਦ ਗੁਰੂ ਨਾਨਕ ਦੇਵ ਜੀ ਉਸ ਦੀ ਹਵੇਲੀ ਅੱਗੇ ਪੁੱਜੇ ਤਾਂ ਡਿਉੜੀ 'ਤੇ ਕਈ ਝੰਡੇ ਝੁਲਦੇ ਦੇਖ ਪੁੱਛਿਆ ਕਿ ਇਹ ਕਿਸ ਲਈ ਝੁਲਾਏ ਜਾ ਰਹੇ ਹਨ? ਨਾਲ ਦੇ ਨੇ ਦੱਸਿਆ ਕਿ ਜਿੰਨੇ ਲੱਖ ਰੁਪਿਆ ਦੁਨੀ ਚੰਦ ਪਾਸ ਹੈ, ਉਨੇ ਝੰਡੇ ਹਨ। ਪੁਰਾਤਨ ਜਨਮ ਸਾਖੀ ਦੇ ਕਥਨ ਅਨੁਸਾਰ ਸੱਤ ਝੰਡੇ ਝੁੱਲ ਰਹੇ ਸਨ। ਹਉਮੈ ਦਾ ਢੋਲ ਇੰਨਾ ਉੱਚਾ ਵੱਜਦਾ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਦੁਨੀ ਚੰਦ ਨੂੰ ਸੂਈ ਦਿੱਤੀ ਕਿ ਉਹ ਸਾਂਭ ਰੱਖੇ, ਅਗਲੇ ਜਹਾਨ ਲਵਾਂਗੇ। ਮਾਇਆ ਵਿਚ ਘੂਕ ਸੁੱਤੇ ਨੂੰ ਜਗਾਉਣ ਲਈ ਸੂਈ ਨੇ ਦੋ ਕੰਮ ਕਰਨੇ ਸਨ। ਸੂਈ ਦੇ ਦੋ ਹੀ ਪਾਸੇ ਹਨ। ਸੂਈ ਟੁੰਬ ਜਗਾਉਂਦੀ ਵੀ ਹੈ ਤੇ ਸੂਈ ਪਰੋ ਜੋੜਦੀ ਵੀ ਹੈ। ਗੁਰੂ ਨਾਨਕ ਜਗਾਉਣ ਵੀ ਆਏ ਸਨ ਤੇ ਜੋੜਨ ਵੀ। ਜਗਾਉਣ ਵਾਲੇ ਤਾਂ ਕਈ ਆਏ ਪਰ ਜੋੜਨ ਵਾਲਾ ਵਿਰਲਾ ਹੀ ਸੀ। ਬਾਬਾ ਨਾਨਕ ਜੀ ਜਗਾਈ ਵੀ ਗਏ ਤੇ ਜੋੜੀ ਵੀ ਗਏ ਅਤੇ ਜੁੜਨ ਲਈ ਥਾਵਾਂ 'ਸੰਗਤਾਂ' ਵੀ ਬਣਾਈ ਜਾਂਦੇ। ਜਦ ਜਾਗ ਖੁੱਲ੍ਹੀ ਤਾਂ ਦੁਨੀ ਚੰਦ ਨੇ ਆਪਣੇ ਹੱਥੀਂ ਸਭ ਝੰਡੇ ਉਤਾਰ ਦਿੱਤੇ। ਮਾਇਆ ਦਾ ਪ੍ਰਭਾਵ ਲਾਹ ਪਰ੍ਹਾਂ ਕੀਤਾ। ਮਇਆ ਦੇ ਘਰ ਆਇਆ ਅਤੇ ਉਸ ਦਾ ਘਰ ਹੀ ਲਾਹੌਰ ਦੀ ਪਹਿਲੀ ਧਰਮਸ਼ਾਲਾ ਬਣਿਆ। ਮਹਾਂਕੋਸ਼ ਦੇ ਲਿਖਾਰੀ ਅਨੁਸਾਰ "ਜਵਾਹਰ ਮੱਲ ਦੇ ਚੋਹੱਟੇ ਪਾਸ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ। ਇਥੇ ਹੀ ਸਤਿਗੁਰ ਨੇ ਦੁਨੀ ਚੰਦ ਨੂੰ ਪਖੰਡਾਂ ਤੋਂ ਵਰਜ ਕੇ ਗੁਰਸਿੱਖੀ ਬਖ਼ਸ਼ੀ ਸੀ। ਇਹ ਅਸਥਾਨ ਸਿਰੀ ਵਾਲੇ ਮਹੱਲੇ ਪਾਸ ਹੈ।" ਪੁਰਾਤਨ ਜਨਮ ਸਾਖੀ ਅਨੁਸਾਰ, 'ਤਦਹੁ ਦੁਨੀ ਚੰਦ ਨਾਉ ਧਰੀਕ ਸਿੱਖ ਹੋਇਆ। ਤਬ ਗੁਰੂ-ਗੁਰੂ ਲੱਗਾ ਜਪਣਿ। ਉਥੇ ਹੀ ਰਾਗ ਆਸਾ ਦੀ ਵਾਰ ਕੀਤੀ, ਪਉੜੀ ੧੫ ਪ੍ਰਥਾਇ ਦੁਨੀ ਚੰਦ ਕੀਤੀਆਂ।' ਜਿਸ ਦਾ ਭਾਵ ਹੈ ਕਿ ਦੁਨੀ ਦਾ ਪ੍ਰਭਾਵ ਉਤਾਰਨ ਲਈ ਹੀ

Sri Satguru Jagjit Singh Ji eLibrary NamdhariElibrary@gmail.com

ਆਸਾ ਦੀ ਵਾਰ ਰਚੀ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਉਹ ਹੀ ਦੁਨੀ ਚੰਦ ਜਿਸ ਮਾਇਆ ਦੀ ਖੇਡ ਰਚੀ ਹੋਈ ਸੀ ਹੁਣ :

'ਮਿਲੇ ਸਤਿਸੰਗਤ ਸਮਾਂ ਬਤਾਏ।
ਸਿਮਰਹਿ ਵਾਹਿਗੁਰੂ ਸਤਿਨਾਮੁ।
ਤਜੇ ਵਿਅਰਥ ਜਿ ਘਰ ਕੇ ਕਾਮੁ।
ਥਾ ਨਿਰ ਤਤਕਾਲ ਬਿਸਾਲਾ।
ਧਰਿ ਉਪਦੇਸ਼ ਜੋ ਦਯੋ ਦਿਆਲਾ।'

ਸਾਡਾ ਇਤਿਹਾਸ ਕਹਿੰਦਾ ਹੈ ਕਿ ਜਦ ਦੁਨੀ ਚੰਦ ਨੇ ਪੁੱਛਿਆ ਕਿ ਅੱਗੇ ਪੁੱਜਦਾ ਕੀ ਹੈ ਤਾਂ ਮਹਾਰਾਜ ਨੇ ਕਿਹਾ : ਤੂੰ ਦੇਖ ਹੀ ਲਿਆ ਆਪਣੇ ਪਿਤਾ ਦੇ ਹਸ਼ਰ ਤੋਂ, ਜਿਸ ਵਾਸ਼ਨਾ ਨਹੀਂ ਸੀ ਮਾਰੀ ਤੇ ਕਲਕਲ ਕਰ ਧਨ ਇਕੱਠਾ ਕੀਤਾ ਸੀ। ਅੱਗੇ ਪੁੱਜਦਾ ਹੈ :

'ਸਤਿ ਕਿਰਤ ਕਰ ਦਿਹੈ ਜੁ ਦਾਨ॥
ਪ੍ਰਾਪਤ ਤਿਹ ਫਲ ਮਹਿਦ ਮਹਾਨ॥'

ਫਿਰ ਸਮਝਾਇਆ ਕਿ ਇਨਸਾਨ ਸਮਝਦਾ ਹੈ ਕਿ ਧਨ, ਪਰਿਵਾਰ ਤੇ ਕਰਮ ਤਿੰਨੇ ਸਹਾਇਕ ਹੋਣਗੇ ਪਰ ਇਨ੍ਹਾਂ ਤਿੰਨਾਂ ਦਾ ਸਾਥ ਕੂੜਾ ਹੈ। ਅੱਗੇ ਨਾਮ, ਕੀਤੀ ਸੰਗਤ ਤੇ ਪਾਵਨ ਜੀਵਨ ਨੇ ਹੀ ਕੰਮ ਆਉਣਾ ਹੈ।

"ਆਗੈ ਹੋਵਹਿ ਤੋਹਿ ਸਹਾਈ॥
ਸਤਿਨਾਮ ਜਪੀਐ ਲਿਵ ਲਾਈ॥
ਸਤਿ ਸੰਗਤ ਕੋ ਕਰਹੁ ਮਿਲਾਪਾ॥
ਤਜੀਏ ਅਪਰ ਬਿਕਾਰ ਕਲਾਪਾ॥" ੪੩॥

ਲਾਹੌਰ ਵਿਖੇ ਹੀ ਸਕੰਦਰ ਲੋਧੀ ਦਾ ਪੀਰ ਸੱਯਦ ਅਹਿਮਦ ਤੱਕੀ ਆਪ ਜੀ ਨੂੰ ਮਿਲਿਆ। ਕਹਿੰਦੇ ਹਨ ਕਿ ਸੱਯਦ ਤੱਕੀ ਬਹੁਤ ਹੀ ਜ਼ਿੱਦੀ ਅਤੇ ਕੱਟੜ ਖ਼ਿਆਲੀਆ ਸੀ। ਇਸੇ ਦੇ ਕਹੇ ਅਨੁਸਾਰ ਸਕੰਦਰ ਟੁਰਦਾ ਸੀ। ਸਕੰਦਰ ਲੋਧੀ ਦੇ ਜ਼ੁਲਮਾਂ ਵਿਚ ਉਸ ਦਾ ਹੱਥ ਸੀ। ਕਬੀਰ ਜੀ ਨੂੰ ਜ਼ੰਜੀਰ ਨਾਲ ਬੰਨ੍ਹ ਕੇ ਦਰਿਆ ਗੰਗਾ ਵਿਚ ਇਸ ਨੇ ਹੀ ਸੁਟਵਾਇਆ ਸੀ। ਇਹ ਵੱਖਰੀ ਗੱਲ ਹੈ ਕਿ ਕਬੀਰ ਜੀ ਪ੍ਰਭੂ ਦੀ ਕ੍ਰਿਪਾ ਨਾਲ ਉੱਪਰ ਤਰ ਆਏ। ਸੱਯਦ ਤੱਕੀ ਮੌਲਾਣਿਆਂ ਨੂੰ ਲੈ ਕੇ ਚਰਚਾ ਕਰਨ ਆਇਆ। ਗੁਰੂ ਨਾਨਕ ਦੇਵ ਜੀ ਨੇ ਜਦ ਇਕ ਅਲਾਹ ਤੇ ਉਸ ਦੀ ਖ਼ਲਕ ਦੀ ਗੱਲ ਕਹੀ ਤਾਂ ਉਹ ਝੁਕ ਗਿਆ। ਗੁਰੂ ਜੀ ਨੇ 'ਸ਼ਰਹ ਦੇ ਜਾਲ' ਵਿਚੋਂ ਨਿਕਲਣ ਲਈ ਕਿਹਾ ਅਤੇ ਹਰ ਪ੍ਰਾਣੀ ਨਾਲ ਪਿਆਰ ਕਰਨ ਦਾ ਉਪਦੇਸ਼ ਦਿੱਤਾ। ਗਿਆਨੀ ਗਿਆਨ ਸਿੰਘ ਜੀ ਨੇ ਟੂਕ ਦਿੰਦੇ ਲਿਖਿਆ ਹੈ :

"ਭਲਾ, ਸ਼ਰਹ ਦੇ ਜਾਲ ਵਿਚ ਬੱਧੇ ਹੋਏ ਬਟੇਰੇ ਅਕਾਸ਼ਚਾਰੀ ਹੰਸਾਂ ਨਾਲ ਕੀਕੂੰ ਉੱਡ ਸਕਦੇ ਹਨ। ਇਕ ਗੱਲ ਨਾ ਕਰ ਸਕੇ। ਸੈਂਕੜੇ ਲਾਹੌਰੀ ਲੋਕ ਗੁਰੂ ਜੀ ਦੇ ਸੇਵਕ ਬਣੇ।" ਪੀਰ ਸੱਯਦ ਤੱਕੀ ਦੀ ਕਬਰ ਉੱਚ ਪਿੰਡ ਵਿਚ ਹੈ।

ਭਾਈ ਲਾਲੋ[1] : ਵੀਹ ਦਿਨ ਲਾਹੌਰ ਰਹਿ ਕੇ ਗੁਰੂ ਨਾਨਕ ਦੇਵ ਜੀ ਸੈਦਪੁਰ, ਜਿਸ ਨੂੰ ਐਮਨਾਬਾਦ ਕਿਹਾ ਜਾਂਦਾ ਹੈ, ਵੱਲ ਚੱਲ ਪਏ। ਗੁਰੂ ਜੀ ਵੇਖ ਰਹੇ ਸਨ ਕਿ ਇਧਰ ਸ਼ਹਿਰਾਂ ਵਿਚ ਮੌਲਵੀ ਜਬਰ ਨਾਲ ਧਰਮ ਫੈਲਾ ਰਹੇ ਹਨ ਤਾਂ ਉਧਰ ਪਿੰਡਾਂ ਵਿਚ ਬੈਰਾਗੀਆਂ ਦੀਆਂ ਜਮਾਤਾਂ ਦੇ ਸ਼ਸਤਰਧਾਰੀ, ਘੋੜੇ, ਊਠ ਲੈ ਕੇ ਲੋਕਾਂ ਨੂੰ ਸਤਾਉਂਦੇ ਫਿਰਦੇ ਹਨ। ਹਰ ਪਿੰਡ ਵਿਚੋਂ ਭੀਖ ਇੰਨੇ ਜ਼ੋਰ ਜਬਰ ਨਾਲ ਲੈਂਦੇ ਸਨ ਕਿ ਪਿੰਡ ਦੇ ਸਾਰੇ ਦਰਵਾਜ਼ੇ ਰੋਕ ਬੈਠਦੇ। ਆਵਾਜਾਈ ਬੰਦ ਕਰ ਛੱਡਦੇ। ਬੈਰਾਗੀ, ਸੰਨਿਆਸੀ, ਫ਼ਕੀਰਾਂ ਨੇ ਅੰਧਘੋਰ ਦੇ ਕਠੋਰ ਰਾਹ ਲੋਕਾਂ ਨੂੰ ਪਾ ਰੱਖਿਆ ਸੀ। ਗੁਰੂ ਨਾਨਕ ਦੇਵ ਜੀ ਪ੍ਰਮੇਸ਼ਰ ਜੀ ਦੀ ਭਗਤੀ ਦਾ ਗਿਆਨ ਦੇ ਕੇ ਸੱਚੇ ਤੇ ਸੁਖਾਲੇ ਰਾਹ ਦ੍ਰਿੜ੍ਹਾਉਣ ਲਈ ਨਿਕਲੇ ਸਨ। ਗੁਰੂ ਨਾਨਕ ਦੇਵ ਜੀ ਸ਼ਿਕਾਰ 'ਤੇ ਚੜ੍ਹੇ ਪਰ ਨਾ ਹੀ ਉਨ੍ਹਾਂ ਪਾਸ ਘੋੜੇ ਸਨ ਤੇ ਨਾ ਕੋਈ ਹਥਿਆਰ। ਨਾ ਜਬਰ ਸੀ ਤੇ ਨਾ ਰੁਅਬ। ਸਿਰਫ਼ ਸਹਿਜ ਤੇ ਬਾਣੀ ਸੀ। ਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਵਿਚ ਫ਼ਰਮਾਇਆ ਹੈ :

'ਦਸ ਮਿਰਗੀ ਸਹਜੇ ਬੰਧਿਆਨੀ॥
ਪਾਂਚ ਮਿਰਗ ਬੇਧੇ ਸਿਵ ਕੀ ਬਾਣੀ॥
ਸੰਤ ਸੰਗਿ ਲੇ ਚੜਿਓ ਸਿਕਾਰ॥
ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥'

ਉਹਨਾਂ ਅੱਗੇ ਪਖੰਡ ਰੂਪੀ ਹਿਰਨ ਭੱਜਦੇ ਹੀ ਗਏ।

ਗੁਰੂ ਨਾਨਕ ਦੇਵ ਜੀ ਨੇ ਸੈਦਪੁਰ ਪੁੱਜ ਕੇ ਆਪਣਾ ਡੇਰਾ ਸ਼ਹਿਰ ਤੋਂ ਬਾਹਰ ਰੱਖਿਆ। ਉਹ ਸਾਰੀ ਧਰਤੀ ਰੋੜ ਵਾਲੀ ਸੀ ਤੇ ਬਾਬੇ ਦੇ ਪੁੱਜਣ ਨਾਲ ਪੂਜਣ ਯੋਗ ਹੋ ਗਈ।

ਉਸੇ ਸ਼ਹਿਰ ਵਿਚ ਘਟਾਉੜਾ ਗੋਤ ਦਾ ਇਕ ਤਰਖਾਣ ਰਹਿੰਦਾ ਸੀ, ਜਿਸ ਦਾ ਪਾਵਨ ਨਾਮ ਭਾਈ ਲਾਲੋ ਸੀ। ਉਸ ਦੀ ਸਿੱਧੀ ਸਾਦੀ ਸ਼ਖ਼ਸੀਅਤ ਨੇ ਗੁਰੂ ਨਾਨਕ ਦੇਵ ਜੀ ਨੂੰ ਖਿੱਚ ਲਿਆ। ਭਾਈ ਲਾਲੋ ਜੀ ਅਤੇ ਉਨ੍ਹਾਂ ਦੀ ਘਰ ਵਾਲੀ ਸਬੰਧੀ ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ :

'ਲਾਲੋ ਸਾਧ ਬੜਾ ਸੰਤੋਖੀ।
ਕਰ ਧਰਮ ਮਜੂਰੀ ਕਾਇਆ ਪੋਖੀ।
ਤ੍ਰਿਆ ਤਾਕੀ ਬੜੀ ਸੁਜਾਨ।
ਭਰਤਾ ਕੋ ਜਾਨੇ ਭਗਵਾਨ।
ਮਿਲ ਪੈਸਾ ਤਬ ਅੰਨ ਲੈ ਖਾਵੈ।
ਨਹੀਂ ਤ੍ਰਿਯਾ ਸਾਗ ਚੁਗ ਲਿਆਵੈ।'

ਮਹਾਰਾਜ ਨੇ ਉਸ ਪਾਸ ਜਾ ਕੇ ਧੰਨ ਨਿਰੰਕਾਰ ਦੀ ਧੁਨੀ ਲਗਾਈ। ਮਿਲਦੇ ਸਾਰ ਜੋ ਵਾਰਤਾਲਾਪ ਹੋਇਆ ਉਹ ਪੜ੍ਹਨ ਨਾਲ ਸੰਬੰਧ ਰੱਖਦਾ ਹੈ। ਪੁੱਜਦਿਆਂ ਆਵਾਜ਼ ਦਿੱਤੀ :

'ਭਾਈ ਲਾਲੋ।'

'ਜੀ ਮਹਾਰਾਜ।'

---

1. ਵਿਸਥਾਰ ਲਈ ਮੇਰੀ ਹੀ ਰਚਿਤ 'ਪੁਰਾਤਨ ਇਤਿਹਾਸਕ ਜੀਵਨੀਆਂ' ਤੱਕੋ।

Sri Satguru Jagjit Singh Ji eLibrary NamdhariElibrary@gmail.com

'ਭਾਈ ਲਾਲੋ ਕੀ ਪਿਆ ਕਰਨਾ ਹੈਂ ?'

'ਜੀ ਕਿੱਲੇ ਪਿਆ ਘੜਦਾ ਹਾਂ।'

'ਲਾਲੋ ਸਾਰੀ ਉਮਰ ਕਿੱਲੇ ਹੀ ਘੜਦਾ ਰਹੇਂਗਾ ?'

ਭਾਈ ਲਾਲੋ ਨੂੰ ਉਸ ਸਮੇਂ ਸੂਝ ਆਈ ਕਿ ਕਿੱਲੇ ਘੜਨ ਤੋਂ ਇਲਾਵਾ ਵੀ ਹੋਰ ਕੋਈ ਕੰਮ ਹੈ ਤੇ ਉਸ ਨੇ ਨਿਰੰਕਾਰੀ ਬਾਬੇ ਦੇ ਚਰਨ ਪਕੜੇ ਤੇ ਜੀਵਨ ਸੰਗ੍ਰਾਮ ਵਿਚ ਜੂਝਣ ਲਈ ਤਿਆਰ ਹੋ ਗਿਆ। ਉਹੀ ਲਾਲੋ ਜੋ ਪਹਿਲਾਂ ਆਪਣੀ ਝੁੱਗੀ ਤੋਂ ਬਾਹਰ ਨਹੀਂ ਸੀ ਝਾਕਦਾ ਹੁਣ ਹਾਕਮਾਂ ਨਾਲ ਟੱਕਰ ਲੈਣ ਜੋਗਾ ਹੋ ਗਿਆ। ਉਸ ਦਾ ਘਰ ਧਰਮ ਸਿੱਖਣ ਦਾ ਟਿਕਾਣਾ ਬਣ ਗਿਆ। ਉਸ ਵਿਚ ਸਵੈਮਾਨ ਜਾਗ ਉੱਠਿਆ ਤੇ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਘਰ ਹੀ ਟਿਕੇ ਰਹਿਣ ਦੀ ਬੇਨਤੀ ਕੀਤੀ। ਉਹ ਜਾਣਦਾ ਸੀ ਕਿ ਐਸਾ ਕਰ ਕੇ ਉਹ ਉੱਚ ਜਾਤੀਆਂ ਦੇ ਗੁੱਸੇ ਦਾ ਸ਼ਿਕਾਰ ਹੋਵੇਗਾ ਪਰ ਲਾਲੋ ਨੂੰ ਹੁਣ ਕਿੱਲੇ ਘੜਨ ਤੋਂ ਇਲਾਵਾ ਹੋਰ ਕੰਮ ਕਰਨ ਦੀ ਸੋਝੀ ਵੀ ਆ ਚੁੱਕੀ ਸੀ। ਲੋਕਾਂ ਨੂੰ ਇਕ ਵਾਰੀ ਫੇਰ ਭਾਈ ਲਾਲੋ ਰਾਹੀਂ :

'ਰਾਜਨ ਕਉਨ ਤੁਮਾਰੈ ਆਵੈ
ਐਸੇ ਭਾਉ ਬਿਦਰ ਕੋ ਦੇਖਿਓ,
ਓਹ ਗਰੀਬ ਮੋਹਿ ਭਾਵੈ।'

ਦਾ ਪ੍ਰਤੱਖ ਪ੍ਰਮਾਣ ਸੈਦਪੁਰ ਮਿਲਿਆ।

ਇਹ ਵੀ ਲਿਖਿਆ ਮਿਲਦਾ ਹੈ ਕਿ ਜਦ ਭਾਈ ਲਾਲੋ ਨੇ ਗੁਰੂ ਨਾਨਕ ਦੇਵ ਜੀ ਲਈ ਪ੍ਰਸ਼ਾਦਿ ਤਿਆਰ ਕੀਤਾ ਤਾਂ ਗੁਰੂ ਪਾਤਸ਼ਾਹ ਜੀ ਨੂੰ ਜਾ ਕੇ ਲਾਲੋ ਜੀ ਨੇ ਕਿਹਾ ਕਿ ਉਨ੍ਹਾਂ ਦੇ ਭੋਜਨ ਕਰਨ ਲਈ ਵੱਖਰਾ ਚੌਂਕਾ ਤਿਆਰ ਕਰ ਦਿੱਤਾ ਗਿਆ ਹੈ ਅਤੇ ਉਹ ਆ ਕੇ ਪ੍ਰਸ਼ਾਦਿ ਪਾਉਣ ਤਾਂ ਗੁਰੂ ਜੀ ਨੇ ਕਿਹਾ : "ਲਾਲੋ! ਸਾਰੀ ਧਰਤੀ ਹੀ ਮੇਰਾ ਚੌਂਕਾ ਹੈ ਅਤੇ ਜਿਹੜਾ ਸੱਚ ਨਾਲ ਪਿਆਰ ਕਰਦਾ ਹੈ ਉਹ ਸੁੱਚਾ ਹੈ" :

ਸ੍ਰੀ ਮੁਖ ਕਹਤ, ਧਰਤ ਹੈ ਜਿਤਨੀ ਤਿਤਨੋ ਚੌਂਕਾ ਜਾਨੋ।
ਸਚ ਰਤੇ ਸੇ ਸੂਚੇ ਹੂਏ ਮਨ ਕੇ ਭਰਮ ਮਿਟਾਨੋ। *(ਨਾਨਕ ਪ੍ਰਕਾਸ਼)*

ਇਸ ਲਈ ਆਪਣੇ ਮਨ ਵਿਚੋਂ ਇਹ ਭਰਮ ਵੀ ਦੂਰ ਕਰ ਦੇਹ। ਭਾਈ ਲਾਲੋ ਨੇ ਪ੍ਰਸ਼ਾਦਿ ਤਿਆਰ ਕੀਤਾ ਤੇ ਸਾਰਿਆਂ ਨੇ ਇਕ ਥਾਂ ਬੈਠ ਕੇ ਛਕਿਆ।

ਜਦ ਗੁਰੂ ਜੀ ਨੇ ਅਸੀਸ ਦਿੱਤੀ ਤਾਂ ਅਨੁਭਵ ਠਹਿਰ ਗਿਆ ਤੇ ਲਿਵ ਲੱਗ ਗਈ :

'ਊਪਰ ਸੀਸ ਉਠਾਵਹਿ ਨ, ਜਬ ਸ੍ਰੀ ਗੁਰੂ ਹਾਥ ਧਰਾ ਸਿਰ ਤਾਹੀ।
ਛੂਵਤਿ ਹਾਥ ਕਪਾਟ ਖੁਲੇ ਤਿਹ, ਲੋਕਨ ਕੀ ਸੁਧ ਭੀ ਮਨ ਮਾਹੀ।'

ਗੁਰੂ ਨਾਨਕ ਦੇਵ ਜੀ ਦਾ ਭਾਈ ਲਾਲੋ ਜੀ ਦੇ ਘਰ ਆਉਣਾ, ਬੈਠਣਾ ਤੇ ਫਿਰ ਪ੍ਰਸ਼ਾਦਿ ਪਾਉਣਾ ਸੁਣ ਕੇ ਤਾਂ ਉੱਚ ਜਾਤੀਆਂ ਨੇ ਉਨ੍ਹਾਂ ਨੂੰ 'ਕੁਰਾਹੀਆ' ਕਹਿਣਾ ਅਰੰਭ ਕਰ ਦਿੱਤਾ। ਇਕ ਵਾਰੀ ਤਾਂ ਭਾਈ ਲਾਲੋ ਜੀ ਨੇ ਵੀ ਉਥੋਂ ਜਾਣ ਲਈ ਕਹਿ ਦਿੱਤਾ ਮਤੇ ਗੁਰੂ ਨਾਨਕ ਦੇਵ ਜੀ ਦੀ ਬਦਨਾਮੀ ਹੁੰਦੀ ਹੋਵੇ ਪਰ ਗੁਰੂ ਜੀ ਨੇ ਇਹ ਕਹਿ ਕੇ

Sri Satguru Jagjit Singh Ji eLibrary NamdhariElibrary@gmail.com

ਸਭ ਨੂੰ ਸ਼ਾਂਤ ਕਰ ਦਿੱਤਾ :

'ਜਾਤੀ ਦੈ ਕਿਆ ਹਥਿ ਸਚੁ ਪਰਖੀਐ॥
ਮਹੁਰਾ ਹੋਵੈ ਹਥਿ, ਮਰੀਐ ਚਖੀਐ॥' *(ਮਾਝ ਕੀ ਵਾਰ, ਮਹਲਾ ੧)*

ਐਮਨਾਬਾਦ ਦੇ ਹਾਕਮ ਦਾ ਨਾਂ ਜ਼ਾਲਮ ਖ਼ਾਂ ਸੀ ਅਤੇ ਉਸ ਦਾ ਇਕ ਕਰਮਚਾਰੀ ਹੈਰੜ ਜਾਤ ਦਾ ਖੱਤਰੀ ਮਲਕ ਭਾਗੋ ਸੀ। ਉਸ ਨੂੰ ਆਪਣੀ ਉੱਚ ਜਾਤ ਦਾ ਪੁੱਜ ਕੇ ਅਹੰਕਾਰ ਸੀ। ਉਸ ਬਾਰੇ ਇਹ ਵੀ ਪ੍ਰਸਿੱਧ ਸੀ ਕਿ ਉਹ ਇਨਸਾਫ਼ ਕਰਦਾ ਨਹੀਂ ਤੋਲਦਾ ਸੀ। ਜਿਸ ਦੀ ਵੱਢੀ ਬਹੁਤ ਹੁੰਦੀ ਸੀ, ਉਸਦਾ ਪੱਲੜਾ ਭਾਰੀ ਹੋ ਜਾਂਦਾ ਸੀ। ਇਕ ਪਾਸੇ ਪਰਜਾ ਜ਼ਾਲਮ ਖ਼ਾਨ ਹੱਥੋਂ ਦੁਖੀ ਸੀ, ਦੂਜੇ ਪਾਸੇ ਆਪਣੇ ਜਾਤ ਭਰਾ ਭਾਗੋ ਦੇ ਹੱਥੋਂ ਤੰਗ ਆਈ ਹੋਈ ਸੀ। ਮਲਕ ਭਾਗੋ ਨੇ ਸ਼ਾਹੀ ਜ਼ੋਰ ਦਾ ਸਹਾਰਾ ਲੈ ਕੇ ਗੁਰੂ ਨਾਨਕ ਦੇਵ ਜੀ ਨੂੰ ਗ਼ਰੀਬਾਂ ਨਾਲ ਪਿਆਰ ਕਰਨ ਵਾਲੇ ਰਾਹ ਤੋਂ ਹਟਾਉਣਾ ਚਾਹਿਆ ਪਰ ਗੁਰੂ ਜੀ ਡਟੇ ਰਹੇ।

ਮਲਕ ਭਾਗੋ ਨੇ ਸਾਰਿਆਂ ਦੇ ਸਾਹਮਣੇ ਗੁਰੂ ਨਾਨਕ ਦੇਵ ਜੀ ਨੂੰ ਨੀਵਾਂ ਦਿਖਾਉਣ ਲਈ ਇਕ ਹੋਰ ਉਪਰਾਲਾ ਕੀਤਾ। ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ ਅਤੇ ਸ਼ਾਸਤਰਾਂ ਦੀ ਦੱਸੀ ਰਹੁ-ਰੀਤੀ ਅਨੁਸਾਰ ਚਹੁੰ ਵਰਣਾਂ ਦੇ ਬੰਦਿਆਂ ਨੂੰ ਸੱਦਿਆ ਅਤੇ ਹਰ ਇਕ ਲਈ ਵੱਖ-ਵੱਖ ਥਾਂ ਤੇ ਚੌਂਕੇ ਤੇ ਖਾਣੇ ਦਾ ਪ੍ਰਬੰਧ ਕੀਤਾ। ਭਾਗੋ ਨੇ ਆਪਣਾ ਉਚੇਚਾ ਅਹਿਲਕਾਰ ਗੁਰੂ ਨਾਨਕ ਦੇਵ ਜੀ ਪਾਸ ਭੇਜਿਆ ਅਤੇ ਕਹਿਲਾਇਆ ਕਿ ਮਲਕ ਭਾਗੋ ਨੇ ਚਹੁੰ ਵਰਣਾਂ ਦਾ ਖਾਣਾ ਤਿਆਰ ਕੀਤਾ ਹੈ, ਉਹ ਉਥੇ ਪੁੱਜਣ। ਗੁਰੂ ਜੀ ਨੇ ਮੋੜਵਾਂ ਉੱਤਰ ਦਿੱਤਾ, 'ਮੈਨੂੰ ਕਿਉਂ ਬੁਲਾਇਆ ਗਿਆ ਹੈ?' ਮੈਂ ਤਾਂ ਚਹੁੰ ਵਰਣਾਂ ਵਿਚੋਂ ਕਿਸੇ ਇਕ ਦਾ ਵੀ ਨਹੀਂ![1] ਅਹਿਲਕਾਰ ਨੇ ਕਿਹਾ ਕਿ ਇਸੇ ਕਾਰਨ ਤਾਂ ਆਪ ਜੀ ਨੂੰ ਕੁਰਾਹੀਆ ਕਿਹਾ ਜਾਂਦਾ ਹੈ ਅਤੇ ਮਲਕ ਭਾਗੋ ਆਪ ਜੀ ਦੇ ਉੱਥੇ ਨਾ ਪੁੱਜਣ 'ਤੇ ਕ੍ਰੋਧ ਕਰੇਗਾ। ਮਹਾਰਾਜ ਨੇ ਕੇਵਲ ਮੁਸਕਰਾ ਦਿੱਤਾ। ਕ੍ਰੋਧੀ ਹੋਏ ਮਲਕ ਭਾਗੋ ਨੇ ਜਦ ਗੁਰੂ ਨਾਨਕ ਦੇਵ ਜੀ ਨੂੰ ਪਕੜ ਮੰਗਵਾਇਆ ਤਾਂ ਚਾਰੇ ਪਾਸੇ ਹਾਹਾਕਾਰ ਮੱਚ ਗਈ। ਗੁਰੂ ਨਾਨਕ ਦੇਵ ਜੀ ਪਹਿਲੇ ਵਾਂਗ ਹੀ ਅਡੋਲ ਸਨ। ਜਦ ਗੁਰੂ ਨਾਨਕ ਦੇਵ ਜੀ ਸਾਹਮਣੇ ਹੋਏ ਤਾਂ ਮਲਕ ਭਾਗੋ ਨੇ ਕਿਹਾ :

'ਤੁਸੀਂ ਮੇਰੀ ਰੋਟੀ ਕਿਉਂ ਨਹੀਂ ਖਾਧੀ?

ਉੱਤਮ ਜਾਤ ਦੇ ਖੱਤਰੀ ਹੋ ਕੇ ਲਾਲੋ ਸ਼ੂਦਰ ਦੇ ਘਰ ਰੋਟੀ ਕਿਉਂ ਖਾਂਦੇ ਹੋ?

ਮਰਾਸੀ ਮਰਦਾਨੇ ਨੂੰ ਪਾਸ ਕਿਉਂ ਰੱਖਿਆ ਹੋਇਆ ਹੈ?

ਬ੍ਰਹਮ ਭੋਜ 'ਤੇ ਬੁਲਾਇਆਂ ਵੀ ਕਿਉਂ ਨਹੀਂ ਆਏ ਅਤੇ ਇਹ ਕੈਸਾ ਪੁੱਠਾ ਰਾਹ ਤੁਸਾਂ ਫੜਿਆ ਹੈ?'

ਗੁਰੂ ਨਾਨਕ ਦੇਵ ਜੀ ਨੇ ਨਿਰਭੈ ਹੋ ਕੇ ਕਿਹਾ : 'ਲਾਲੋ ਦੀ ਕੋਧਰੇ ਦੀ ਰੋਟੀ ਹੀ ਅਸਲ

---

1. ਗੁਰੂ ਜੀ ਨੇ ਇਹ ਵੀ ਕਿਹਾ ਕਿ ਕਦੇ ਦਰਵੇਸ਼ ਦੀ ਵੀ ਕੋਈ ਵਰਨ ਜਾਤੀ ਹੋਈ ਹੈ।
"ਹੈਂ ਦਰਵੇਸ਼ ਬਰਨ ਕੋ ਨਾਹੀ।"

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ਭੋਜ ਹੈ। ਕਿਰਤ ਦੀ ਕਮਾਈ ਹੀ ਬ੍ਰਹਮ ਦੇ ਮੂੰਹ ਵਿਚ ਪੈਣ ਵਾਲਾ ਭੋਜ ਹੈ। ਤੇਰੇ ਅੰਨ ਵਿਚ ਲਹੂ ਹੈ, ਧਰਮੀਆਂ ਦੇ ਭੋਜਨ ਜੋਗ ਨਹੀਂ।[1] ਮਰਦਾਨਾ ਮਰਾਸੀ ਨਹੀਂ, ਰਬਾਬੀ ਹੈ ਜੋ ਭੁੱਲਿਆਂ ਨੂੰ ਸ਼ਬਦ ਸੁਣਾ-ਸੁਣਾ ਕੇ ਰਾਹੇ ਪਾਉਂਦਾ ਹੈ। ਕਿਸੇ ਦੇ ਜਬਰ ਤੇ ਜ਼ੋਰ ਨਾਲ ਅੰਨ ਪਾਉਣ ਨੂੰ ਮੈਂ ਕਦੇ ਤਿਆਰ ਨਹੀਂ ਤੇ ਜਿਸ ਰਾਹ 'ਤੇ ਤੁਰ ਰਿਹਾ ਹਾਂ ਇਹ ਹੀ ਅਸਲ ਵਿਚ ਠੀਕ ਰਾਹ ਹੈ। ਜੇ ਤੈਨੂੰ ਕੋਈ ਸ਼ੰਕਾ ਹੈ ਤਾਂ ਆਪਣਾ ਤਿਆਰ ਕੀਤਾ ਭੋਜਨ ਵੀ ਲੈ ਆਉ, ਉਧਰੋਂ ਭਾਈ ਲਾਲੋ ਜੀ ਕੋਧਰੇ ਦੀ ਰੋਟੀ ਲੈ ਆਉਂਦੇ ਹਨ।'

ਦੋਹਾਂ ਦੀਆਂ ਰੋਟੀਆਂ ਜਦ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੋਹਾਂ ਪਾਵਨ ਹੱਥਾਂ 'ਤੇ ਰੱਖ ਕੇ ਨਪੀੜੀਆਂ ਤਾਂ ਪ੍ਰਤੱਖ ਦਰਸਾ ਦਿੱਤਾ ਕਿ ਕੋਧਰੇ ਵਿਚ ਦੁੱਧ ਹੈ ਤੇ ਪਕਵਾਨਾਂ ਵਿਚ ਲਹੂ ਤੇ ਉਹ ਵੀ ਨਿਰਦੋਸ਼ਾਂ ਦਾ :

'ਲੇ ਪਿੰਡੀ ਸਾਗ ਕਰ ਮਹਿ ਦਬਾਈ।
ਸ੍ਰਵਤ ਦੁਧ ਤਾ ਮੋ ਅਧਿਕਾਈ।
ਭੋਜਨ ਜਗ ਕਰ ਮੋਂ ਲੋਂ ਮਲਾ।
ਰਕਤ ਦੀ ਧਾਰਾ ਤਾ ਸੋ ਚਲਾ।[2]

ਅਤੇ ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਇਕ ਤੇ ਦੂਧ, ਰਕਤ ਇਕ ਨਿਸਰੀ
ਗੰਗ ਸਰਸਰੀ ਸੀ ਤਹਿ ਪਸਰੀ।'[3]

ਗੁਰੂ ਜੀ ਨੇ ਬਚਨ ਕੀਤੇ :

'ਕਿੱਕਰ ਦੇ ਬੀਜ ਨੂੰ ਕੰਡੇ ਨਹੀਂ ਹੁੰਦੇ ਪਰ ਜਦ ਬੀਜ ਦਿਓ, ਬੂਟਾ ਉੱਗ ਪਏ ਤਾਂ ਕੰਡੇ ਸੂਲਾਂ ਆਪੇ ਨਿਕਲ ਆਉਂਦੇ ਹਨ। ਧੰਦੇ ਨਾਲ ਇਕੱਠੇ ਕੀਤੇ ਪਦਾਰਥ ਦੁਖਦਾਈ ਨਹੀਂ ਭਾਸਦੇ ਪਰ ਜਦ ਨਿਰਮਲ ਹਿਰਦਿਆਂ ਵਾਲੇ ਖਾਂਦੇ ਹਨ ਤਾਂ ਪੀੜਤ ਹੁੰਦੇ ਹਨ। ਧਿਆਨ ਉੱਖੜਦਾ ਹੈ, ਸਿਮਰਨ ਟੁੱਟ ਜਾਂਦਾ ਹੈ, ਰਸ ਗੁੰਮ ਹੋ ਜਾਂਦਾ ਹੈ। ਕਿਸ ਦਾ ਜੀਅ ਕਰਦਾ ਹੈ ਪਕਵਾਨ ਛੱਡ ਕੋਧਰਾ ਖਾਵੇ ਪਰ ਕਿਸ ਦਾ ਜੀਅ ਕਰੇਗਾ ਸਾਹਮਣੇ ਖੰਡ ਵਿਚ ਲਪੇਟਿਆ ਜ਼ਹਿਰ ਖਾਵੇ।' ਭਾਗੋ ਦੀ ਜਾਗ ਖੁਲ੍ਹੀ ਤੇ ਉਸ ਦੇ ਸੁੱਤੇ ਹੋਏ ਭਾਗ ਜਾਗ ਉੱਠੇ। ਮਲਕ ਭਾਗੋ ਨੂੰ ਪਾਤਸ਼ਾਹ ਨੇ ਉਪਦੇਸ਼ ਦਿੰਦੇ ਹੋਏ ਕਿਹਾ : 'ਬੰਦਗੀ, ਭਜਨ ਤੇ ਨਾਮ ਉਸ ਦੀ ਹਜ਼ੂਰੀ ਵਿਚ ਕਰਨ ਨਾਲ ਸਰੀਰ ਦਾ ਅਭਿਮਾਨ ਟੁੱਟਦਾ ਹੈ ਅਤੇ ਕਿਰਤ ਕਰੋ, ਧਰਮ ਨਾਲ ਕਰੋ, ਕਿਰਤ ਦੀ ਕਮਾਈ ਛਕੋ। ਧਰਮ, ਕਿਰਤ ਤੇ ਨਾਮ ਇਕੱਠੇ ਰੱਖਣ ਨਾਲ ਜੀਵਨ ਭਰ ਸ਼ਾਂਤੀ ਰਹਿੰਦੀ ਹੈ।'

---

1. ਇਹ ਰਕਤ ਭੋਜਨ ਹਮ ਕੈਸੇ ਖਾਵੈ। (ਮਹਿਮਾ ਪ੍ਰਕਾਸ਼)
2. ਮਹਿਮਾ ਪ੍ਰਕਾਸ਼
3. ਬੂਟੇ ਸ਼ਾਹ ਦੇ ਲਿਖਣ ਅਨੁਸਾਰ ਜਦ ਦੋਹਾਂ ਖਾਣਿਆਂ ਨੂੰ ਹੱਥਾਂ ਵਿਚ ਫੜਿਆ ਅਤੇ ਨਚੋੜਿਆ। ਹਾਕਮ ਦੇ ਖਾਣੇ ਵਿਚੋਂ ਲਹੂ ਨਿਕਲਿਆ ਤੇ ਲਾਲੋ ਤਰਖਾਣ ਦੇ ਵਿਚੋਂ ਦੁੱਧ।
   ਤੁਆਮ ਹਾਕਮ ਖ਼ੂਨ ਬਰਾਮਦ
   ਵ ਅਜ਼ ਤੁਆਮ ਨਜਾਰ ਸ਼ੀਰ ਨਕੀਦ।

Sri Satguru Jagjit Singh Ji eLibrary NamdhariElibrary@gmail.com

"ਕਰ ਮਿਹਨਤ ਸੋ ਸਤਿ ਕਮਾਈ।
ਦੇਹ ਅਤਿਥ ਕੋ ਪੀਛੈ ਖਾਹੀ।'

ਮੱਕਾ ਮਦੀਨਾ ਦੀ ਉਦਾਸੀ ਉਪਰੰਤ ਗੁਰੂ ਨਾਨਕ ਦੇਵ ਜੀ ਜਦ ਫਿਰ ੧੫੨੧ ਈ: ਵਿਚ ਐਮਨਾਬਾਦ ਆਏ ਤਾਂ ਭਾਈ ਲਾਲੋ ਜੀ ਪਾਸ ਹੀ ਟਿਕੇ। ਪਹਿਲੀ ਉਦਾਸੀ ਵਿਚ ਉੱਚ ਜਾਤੀਆਂ ਦਾ ਭਰਮ ਤੋੜਿਆ ਸੀ, ਹੁਣ ਉਹਨਾਂ ਸ਼ਾਹਾਂ ਨੂੰ ਚੇਤਾਵਨੀ ਦਿੱਤੀ ਜੋ ਐਸ਼ਾਂ ਵਿਚ ਪੈ ਕੇ ਪਰਜਾ ਪ੍ਰਤੀ ਆਪਣੇ ਫ਼ਰਜ਼ ਹੀ ਭੁੱਲ ਚੁੱਕੇ ਸਨ। ਆਪਣੇ ਸਾਹਮਣੇ ਹਾਕਮਾਂ ਨੂੰ ਰੰਗ ਰਲੀਆਂ ਮਨਾਂਦੇ ਦੇਖ, ਆਪ ਜੀ ਨੇ ਉਥੇ ਭਵਿੱਖਬਾਣੀ ਕਰ ਦਿੱਤੀ ਸੀ ਕਿ ਐਸਾ ਰਾਜ ਢੱਠਾ ਕਿ ਢੱਠਾ ਜਿਸ ਵਿਚ 'ਸ਼ਾਹਾਂ ਸੁਰਤਿ ਗਵਾਇਐ ਰੰਗ ਤਮਾਸੇ ਚਾਇ' ਹੈ। ਗੁਰੂ ਜੀ ਕਾਬਲ ਤੇ ਕੰਧਾਰ ਦੇਖ ਆਏ ਸਨ ਕਿ ਖੁਰਾਸਾਨ ਤੋਂ ਬਾਬਰ ਕਿਵੇਂ ਹਿੰਦੁਸਤਾਨ ਤੇ ਧਾਈ ਕਰਦਾ ਆ ਰਿਹਾ ਹੈ। ਉਨ੍ਹਾਂ ਅਨੁਭਵ ਕੀਤਾ ਕਿ ਹੁਣ ਲਾਲੋ ਰੂਪੀ ਜੰਤਾ ਨੂੰ ਹੀ ਉਠਾਉਣ ਦੀ ਲੋੜ ਹੈ। ਉਹਨਾਂ ਫ਼ਰਮਾਇਆ : 'ਹੇ ਭਾਈ! ਲਾਲੋ, ਮੈਨੂੰ ਜਿਹੋ ਜਿਹੀ ਖਸਮ (ਪ੍ਰਭੂ) ਵਲੋਂ ਪ੍ਰੇਰਨਾ ਹੋਈ ਹੈ, ਉਸ ਅਨੁਸਾਰ ਮੈਂ ਤੈਨੂੰ ਦੱਸਦਾ ਹਾਂ। ਕਾਬਲ ਤੋਂ ਬਾਬਰ ਜ਼ੁਲਮ ਦੀ ਜੰਞ ਇਕੱਠੀ ਕਰ ਕੇ ਚੜ੍ਹਿਆ ਹੈ ਅਤੇ ਜ਼ੋਰ ਧੱਕੇ ਨਾਲ ਹਿੰਦ ਦੀ ਹਕੂਮਤ ਰੂਪੀ ਕੰਨਿਆ ਦਾਨ ਮੰਗ ਰਿਹਾ ਹੈ :

'ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ॥'

(ਤਿਲੰਗ ਮਹਲਾ ੧, ਪੰਨਾ ੭੨੨)

ਫਿਰ ਮਹਾਰਾਜ ਜੀ ਨੇ ਫ਼ਰਮਾਇਆ ਕਿ ਭਾਈ ਲਾਲੋ, ਮਨੁੱਖਾਂ ਦੇ ਸਰੀਰਾਂ ਦੇ ਟੋਟੇ ਗਲੀਆਂ ਵਿਚ ਰੁਲਣਗੇ ਅਤੇ ਇਕ ਐਸਾ ਭਿਆਨਕ ਸਾਕਾ ਹੋਵੇਗਾ ਜਿਸ ਨੂੰ ਹਿੰਦੁਸਤਾਨ ਕਦੇ ਵੀ ਭੁਲਾ ਨਹੀਂ ਸਕੇਗਾ। ਮੁਗ਼ਲ ਅੱਜ ਸੰਮਤ ਅਠੱਤਰ (ਸੰਨ ੧੫੨੧) ਵਿਚ ਆਏ ਹਨ, ਕੱਲ੍ਹ ਸਤਾਨਵੇਂ (੧੫੪੦) ਵਿਚ ਚਲੇ ਵੀ ਜਾਣਗੇ। ਕੋਈ ਹੋਰ ਸੂਰਮਾ ਵੀ ਉੱਠ ਖਲੋਏਗਾ ਪਰ ਹਰ ਸਮੇਂ ਵਾਹਿਗੁਰੂ ਚੇਤੇ ਰੱਖਣ ਵਾਲੇ ਨੂੰ ਇਹ ਦੁੱਖ ਨਹੀਂ ਵਾਪਰਦੇ :

'ਕਾਇਆ ਕਪੜੁ ਟੁਕੁ ਟੁਕੁ ਹੋਸੀ,
ਹਿੰਦੁਸਤਾਨ ਸਮਾਲਸੀ ਬੋਲਾ॥
ਆਵਨਿ ਅਠਤਰੈ ਜਾਨਿ ਸਤਾਨਵੈ,
ਹੋਰੁ ਭੀ ਉਠਸੀ ਮਰਦ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ,
ਸਚੁ ਸੁਣਾਇਸੀ ਸਚ ਕੀ ਬੇਲਾ॥'

(ਤਿਲੰਗ ਮਹਲਾ ੧, ਪੰਨਾ ੭੨੩)

Sri Satguru Jagjit Singh Ji eLibrary NamdhariElibrary@gmail.com

ਫਿਰ ਸੱਚਮੁੱਚ ਇਸੇ ਤਰ੍ਹਾਂ ਹੀ ਹੋਇਆ। ਸ਼ਹਿਜ਼ਾਦਿਆਂ ਦੀਆਂ ਲਾਸ਼ਾਂ ਸੜਕਾਂ 'ਤੇ ਰੁਲੀਆਂ ਅਤੇ ਹਿੰਦੁਸਤਾਨ ਦੀ ਅਣਖ ਮਿੱਟੀ ਵਿਚ ਮਿਲਾਈ ਗਈ। ਬਾਬਰ ਨੇ ਐਮਨਾਬਾਦ ਦੇ ਵਸਨੀਕਾਂ ਨੂੰ ਬੰਦੀ ਵਿਚ ਪਾਇਆ। ਬਾਕੀ ਸਾਰੇ ਤਾਂ ਭੁੱਬਾਂ ਮਾਰ-ਮਾਰ ਰੋ ਰਹੇ ਸਨ ਪਰ ਬਾਬਾ ਜੀ, ਮਰਦਾਨਾ ਜੀ ਤੇ ਭਾਈ ਲਾਲੋ ਜੀ ਸ਼ੁਕਰ ਦੇ ਗੀਤ ਗਾ ਰਹੇ ਸਨ ਅਤੇ ਬਾਕੀਆਂ ਨੂੰ ਧੀਰਜ ਦੇ ਰਹੇ ਸਨ ਕਿ ਇਹ ਸਭ ਸਜ਼ਾ ਦੇਸ਼ ਨੂੰ ਆਪਣੀ ਅਣਗਹਿਲੀ ਕਰ ਕੇ ਮਿਲੀ ਹੈ, ਕਿਸੇ ਦਾ ਦੋਸ਼ ਨਹੀਂ। ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ ਕਿ ਸ਼ੁਕਰ ਦੇ ਗੀਤ ਗਾਉਂਦਾ ਸੁਣ ਬਾਬਰ ਆਪੂੰ ਟੁਰ ਕੇ ਆਇਆ ਅਤੇ ਗੁਰੂ ਨਾਨਕ ਦੇਵ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ ਪਰ ਬਾਬਾ ਜੀ ਨੇ ਉਸ ਸਮੇਂ ਤੱਕ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ ਜਦ ਤੱਕ ਸਾਰੇ ਬੰਦੀਆਂ ਦੀ ਬੰਦ ਖ਼ਲਾਸੀ ਨਹੀਂ ਕੀਤੀ ਜਾਂਦੀ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ :

ਬਾਬਰ ਨੇ ਬਾਬੇ ਨੂੰ ਸਲਾਮ ਕੀਤਾ : ਜੀ ਤੂੰ ਮੇਹਰਬਾਨ ਹੋਹੁ। ਤਾਂ ਬਾਬੇ ਕਹਿਆ : ਮੀਰ ਜੀ! ਜੇ ਤੂੰ ਮੇਹਰ ਚਾਹੁਤਾ ਹੈਂ ਤਾਂ ਬੰਦੀਵਾਨ ਛੋੜ ਦੇਹ।[1]

ਬਾਬਰ ਨੇ ਸਭ ਨੂੰ ਰਿਹਾ ਕਰ ਦਿੱਤਾ ਅਤੇ ਕਿਹਾ ਕਿ ਨਾਨਕ ਵਿਚੋਂ ਖ਼ੁਦਾ ਦਾ ਦੀਦਾਰ ਹੁੰਦਾ ਹੈ। ਬਾਬਰ ਨੇ ਜਦ ਉਪਦੇਸ਼ ਮੰਗਿਆ ਤਾਂ ਆਪ ਜੀ ਨੇ ਰਾਜੇ ਦੇ ਕਰਤੱਵ ਦ੍ਰਿੜ੍ਹ ਕਰਾਉਂਦੇ ਬਾਬਰ ਨੂੰ ਕਿਹਾ : **'ਫ਼ੈਸਲਾ ਨਿਆਂ ਨਾਲ ਕਰੋ, ਭਲੇ ਪੁਰਸ਼ਾਂ ਦਾ ਸਨਮਾਨ ਕਰੋ, ਸ਼ਰਾਬ ਪੀਣੀ ਤੇ ਜੂਆ ਖੇਡਣਾ ਉੱਕਾ ਹੀ ਕਸਮ ਖਾ ਕੇ ਛੱਡ ਦਿਉ। ਜਿਹੜਾ ਬਾਦਸ਼ਾਹ ਬਦੀਆਂ ਵਿਚ ਸਮਾਂ ਗੁਜ਼ਾਰਦਾ ਹੈ ਉਹ ਪਿੱਛੋਂ ਰੋਂਦਾ ਹੈ। ਹਾਰੇ ਤੇ ਤਰਸ ਕਰੋ ਤੇ ਪਰਮਾਤਮਾ ਨੂੰ ਸੱਚੇ ਹਿਰਦੇ ਨਾਲ ਧਿਆਓ।'**

ਜਦ ਬਾਬਰ ਨੇ ਮੁਹੰਮਦ ਦਾ ਰਾਹ ਹੀ ਠੀਕ ਹੈ ਅਤੇ ਉਸ ਦੀ ਸਿਫ਼ਾਰਸ਼ ਬਗ਼ੈਰ ਪਾਰ ਉਤਾਰਾ ਕਠਿਨ ਹੈ, ਕਿਹਾ ਤਾਂ ਗੁਰੂ ਜੀ ਨੇ ਫ਼ਰਮਾਇਆ : "ਲੱਖਾਂ ਹੀ ਮੁਹੰਮਦ ਹੋਏ ਹਨ। ਵਾਹਿਗੁਰੂ ਕੇਵਲ ਇਕੋ ਹੈ। ਅਣਡਿੱਠਾ ਵਾਹਿਗੁਰੂ ਸੱਚਾ ਹੈ ਤੇ ਉਸ ਨੂੰ ਕਿਸੇ ਦੀ ਚਿੰਤਾ ਨਹੀਂ, ਕਈ ਮੁਹੰਮਦ ਉਸਦੀ ਦਰਗਾਹ ਵਿਚ ਖਲੋਤੇ ਹਨ। ਇਤਨੇ ਕਿ ਉਹ ਗਿਣੇ ਨਹੀਂ ਜਾਂਦੇ :

'ਰਸੂਲ ਰਸਾਲ ਅਨਿਕ ਜਦ ਆਏ,
ਜਦ ਚਾਹੇ ਤਬ ਪਕੜ ਮੰਗਾਏ।'

ਬਾਬਰ ਨੇ ਜਦ ਗੁਰੂ ਜੀ ਨੂੰ ਕੁਝ ਮੰਗਣ ਲਈ ਕਿਹਾ ਤਾਂ ਉਨ੍ਹਾਂ ਨਿਸੰਗ ਹੋ ਕੇ ਫ਼ਰਮਾਇਆ :

'ਬੰਦੇ ਕੀ ਜੋ ਲੈਵੇ ਓਟ,
ਦੀਨ ਦੁਨੀ ਮੈਂ ਤਾਕਉ ਤੋਟ।
ਕਹਿ ਨਾਨਕ ਸੁਣ ਬਾਬਰ ਮੀਰ,
ਤੁਝ ਤੇ ਮਾਂਗੇ ਸੋ ਅਹਿਮਕ ਫ਼ਕੀਰ।'

---

1. ਵਿਸਥਾਰ ਲਈ ਮੇਰੀ ਹੀ ਰਚਿਤ 'ਆਦਿ ਸਿੱਖ ਤੇ ਆਦਿ ਸਾਖੀਆਂ' ਦਾ 'ਬਾਬੇ ਕੇ ਬਾਬਰ ਮਿਲੇ' ਪੜ੍ਹੋ।

Sri Satguru Jagjit Singh Ji eLibrary NamdhariElibrary@gmail.com

ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬਾਬਰ ਨੇ ਦੌਲਤ ਖ਼ਾਨ ਲੋਧੀ ਕੋਲੋਂ ਪੁੱਛਿਆ ਕਿ ਉਹ ਗੁਰੂ ਨਾਨਕ ਦੇਵ ਜੀ ਦੇ ਦੀਦਾਰ ਨੂੰ ਚੱਲਿਆ ਹੈ, ਭੇਟ ਕੀ ਕਰੇ ਤਾਂ ਦੌਲਤ ਖ਼ਾਨ ਨੇ ਕਿਹਾ : ਬਾਬਰ! ਤੇਰੇ ਕੋਲ ਹੈ ਕੀ ਹੈ, ਬਾਬੇ ਨੂੰ ਭੇਟ ਕਰਨ ਲਈ। ਮੀਰੀ ਪੀਰੀ ਦਾ ਮਾਲਕ ਤਾਂ ਗੁਰੂ ਨਾਨਕ ਆਪ ਹੈ।

"ਮੀਰੀ ਪੀਰੀ ਉਨ ਦੋਨੋ ਪਾਹਿ।
ਦੇਖੋਗੇ ਤੁਮ ਨੇੜੇ ਜਾਹਿ।"

ਭਾਈ ਮਨੀ ਸਿੰਘ ਜੀ ਦੀ ਜਨਮ ਸਾਖੀ ਵਿਚ ਆਉਂਦਾ ਹੈ ਕਿ ਜਦ ਭਾਈ ਲਾਲੋ ਜੀ ਨੇ ਪਿੱਛੋਂ ਸਿੱਖ ਪੰਥ ਬਾਰੇ ਭਵਿੱਖ ਵਾਕ ਕਰਨ ਲਈ ਬੇਨਤੀ ਕੀਤੀ ਤਾਂ ਜੋ ਗੁਰੂ ਨਾਨਕ ਜੀ ਨੇ ਫ਼ਰਮਾਇਆ ਸੀ ਉਹ ਸਦਾ ਰਾਹ ਦਿਖਾਂਦਾ ਰਵ੍ਹੇਗਾ। ਆਪ ਜੀ ਦੇ ਬਚਨ ਸਨ :

ਜੇ ਆਪਸ ਵਿਚ ਇਤਫ਼ਾਕ ਕਰਨਗੇ ਤਾਂ ਹੋਰਨਾਂ ਵਲਾਇਤਾਂ ਦਾ ਵੀ ਰਾਜ ਮਾਲ ਲਵਣਗੇ। ਜੇ ਆਪਸ ਮੇਂ ਵਿਰੋਧ ਕਰਨਗੇ ਤਾਂ ਹਿੰਦੁਸਤਾਨ ਵਿਚ ਹੀ ਪਏ ਦੁੱਖ ਪਾਵਨਗੇ।[1]

ਇਹ ਵੀ ਯਾਦ ਰਵ੍ਹੇ ਕਿ ਭਾਈ ਲਾਲੋ ਜੀ ਦੀ ਇਕੋ-ਇਕ ਪੁੱਤਰੀ ਸੀ ਤੇ ਉਸ ਦੀ ਸੰਤਾਨ ਪਿੰਡ ਤਤਲਾ ਵਿਚ ਹੁਣ ਵੀ ਰਹਿੰਦੀ ਹੈ।

ਐਮਨਾਬਾਦ ਹੀ ਗੁਰੂ ਜੀ ਦੇ ਚਾਚਾ ਭਾਈ ਲਾਲੂ ਜੀ ਆਏ ਤੇ ਰਾਇ ਬੁਲਾਰ ਦੀ ਵਿਗੜੀ ਸਿਹਤ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਉਹ ਯਾਦ ਕਰ ਰਿਹਾ ਹੈ। ਗੁਰੂ ਜੀ ਉਥੋਂ ਤਲਵੰਡੀ ਆਏ। ਸਭ ਨੇ ਗੁਰੂ ਜੀ ਨੂੰ ਫਿਰ ਰੋਕਣਾ ਚਾਹਿਆ। ਰਾਇ ਬੁਲਾਰ ਨੇ ਇਥੋਂ ਤੱਕ ਕਿਹਾ : 'ਤੁਸੀਂ ਇਥੇ ਹੀ ਗੁਜ਼ਰ ਕਰੋ। ਕਾਮੇ ਰੱਖ ਦਿੰਦੇ ਹਾਂ, ਖੇਤੀ ਕਰਾਉ। ਤੁਹਾਡੇ ਕੋਲੋਂ ਹਾਲਾ ਵੀ ਨਹੀਂ ਲਿਆ ਜਾਏਗਾ।' ਪਰ ਬਾਬਾ ਜੀ ਨੇ ਦ੍ਰਿੜ੍ਹ ਇਰਾਦਾ ਦੱਸਿਆ। ਪੰਜ ਦਿਨ ਤਲਵੰਡੀ ਰਹੇ। ਰਾਇ ਬੁਲਾਰ ਨੂੰ ਤੇਰੇ ਭਾਣੈ ਤੇ 'ਸਾਈ ਕਾਰ ਕਮਾਵਣੀ ਜੋ ਉਸ ਕੋ ਭਾਵੇ' ਦਾ ਉਪਦੇਸ਼ ਦੇ ਕੇ ਹਰਿਦੁਆਰ ਵੱਲ ਚੱਲ ਪਏ। ਕੀਰਤਪੁਰ ਦੇ ਰਾਹ ਹਰਿਦੁਆਰ ਗਏ। ਪੀਰ ਬੁੱਢਨ ਸ਼ਾਹ ਦੀ ਸ਼ਰਧਾ ਪੂਰੀ ਕੀਤੀ।

ਹਰਿਦੁਆਰ : ਹਰਿਦੁਆਰ ਪੁੱਜਣ ਤੱਕ ਆਪ ਜੀ ਨੂੰ ਛੇ ਮਹੀਨੇ ਲੱਗੇ। ਜਦ ਆਪ ਜੀ ਉਥੇ ਪੁੱਜੇ ਤਾਂ ਵੈਸਾਖੀ ਦਾ ਮੇਲਾ ਲੱਗਾ ਹੋਇਆ ਸੀ। ਗੁਰੂ ਜੀ ਗੰਗਾ ਕਿਨਾਰੇ, ਜਿੱਥੇ ਹੁਣ ਨਾਨਕਵਾੜਾ ਹੈ, ਜਾ ਟਿਕੇ। ਆਪ ਜੀ ਨੇ ਜਦ ਮਰਦਾਨਾ ਦੀ ਰਬਾਬ ਨਾਲ ਸ਼ਬਦ ਗਾਇਆ ਤਾਂ ਲੁਕਾਈ ਉਧਰ ਹੀ ਟੁੱਟ ਪਈ। ਆਪ ਜੀ ਨੇ ਉਸ ਸਮੇਂ ਦਰਿਆ ਗੰਗਾ ਵਿਚ ਜਾ ਕੇ ਬੁੱਕਾਂ ਨਾਲ ਪੱਛਮ ਵੱਲ ਤੇਜ਼ੀ ਨਾਲ ਪਾਣੀ ਸੁੱਟਣਾ ਅਰੰਭ ਕਰ

---

1. ਆਪਸ ਮਹਿ ਮਿਲ ਕਰ ਜਬ ਬਹੇ।
ਰਾਜ ਮੁਲਕ ਕਾ ਕਰਤੇ ਰਹੇ।
ਨਿਜ ਨਿਕੇਤ ਜਬ ਉਠੈ ਬਖੇਰਾ।
ਤਬ ਹੀ ਰਾਜ ਜਾਇ ਬਿਨ ਦੇਰਾ। (ਗੁਰ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

ਦਿੱਤਾ। ਐਸਾ ਕਰਦਾ ਦੇਖ ਕੇ ਹੋਰ ਬਹੁਤ ਲੋਕ ਆਲੇ-ਦੁਆਲੇ ਇਕੱਠੇ ਹੋ ਗਏ। ਲੋਕਾਂ ਹੈਰਾਨੀ ਪ੍ਰਗਟ ਕੀਤੀ ਤੇ ਕਹਿਣ ਲੱਗੇ ਕਿ ਇਹ ਕੀ ਕਰ ਰਹੇ ਹਨ? ਕਿਸੇ ਨੇ ਕਿਹਾ ਕਿ ਕੋਈ ਦੀਵਾਨਾ ਹੈ ਤੇ ਕੋਲੋਂ ਤੀਜਾ ਬੋਲਿਆ ਕੋਈ ਤੁਰਕੁ ਹੈ। ਇਕ ਨੇ ਅੱਗੇ ਹੋ ਕੇ ਪੁੱਛ ਹੀ ਲਿਆ ਕਿ ਪੱਛਮ ਵੱਲ ਪਾਣੀ ਕਿਉਂ ਸੁੱਟ ਰਹੇ ਹੋ? ਗੁਰੂ ਜੀ ਨੇ ਅੱਗੋਂ ਪੁੱਛਿਆ ਕਿ ਤੁਸੀਂ ਪੂਰਬ ਵੱਲ ਪਾਣੀ ਕਿਉਂ ਸੁੱਟ ਰਹੇ ਹੋ? ਤਾਂ ਇਕ ਸਿਆਣੇ ਨੇ ਕਿਹਾ ਕਿ ਪਿਤਰਾਂ ਨੂੰ ਪਾਣੀ ਦਿੰਦੇ ਹਾਂ। ਗੁਰੂ ਜੀ ਦਾ ਅਗਲਾ ਪ੍ਰਸ਼ਨ ਸੀ ਕਿ ਪਿਤਰ ਲੋਕ ਕਿਤਨੀ ਦੂਰ ਹੈ ਤਾਂ ਪਾਣੀ ਸੁੱਟਣ ਵਾਲੇ ਨੇ ਕਿਹਾ, 'ਕਰੋੜ ਉਣਵੰਜਾਹ' ਸੁਣੀਦਾ ਹੈ। ਐਸਾ ਸੁਣਨ ਸਾਰ ਗੁਰੂ ਜੀ ਪੱਛਮ ਵੱਲ ਹੋਰ ਤੇਜ਼ੀ ਨਾਲ ਪਾਣੀ ਸੁੱਟਣ ਲੱਗ ਪਏ। ਜਦ ਲੋਕਾਂ ਨੇ ਆਪਣੇ ਸੁਆਲ ਦਾ ਚੇਤਾ ਕਰਾਇਆ ਕਿ ਗੁਰੂ ਜੀ ਨੇ ਉਨ੍ਹਾਂ ਸੁਆਲਾਂ ਦਾ ਉੱਤਰ ਨਹੀਂ ਦਿੱਤਾ ਤੇ ਨਾ ਹੀ ਆਪਣੇ ਬਾਰੇ ਕੁਝ ਦੱਸਿਆ ਹੈ ਤਾਂ ਗੁਰੂ ਜੀ ਨੇ ਫ਼ਰਮਾਇਆ : '**ਲਾਹੌਰ ਦੇ ਨਜ਼ਦੀਕ ਹਮਾਰਾ ਘਰ ਹੈ ਅਤੇ ਖੇਤ ਹਨ। ਉਥੇ ਮੀਂਹ ਨਹੀਂ ਪਿਆ ਅਤੇ ਘਰ ਕੋਈ ਪਾਣੀ ਦੇਣ ਵਾਲਾ ਨਹੀਂ। ਮੈਂ ਖੇਤ ਨੂੰ ਪਾਣੀ ਦਿੰਦਾ ਹਾਂ।**[1] ਸਾਰੇ ਖਿੜਖਿੜਾ ਕੇ ਹੱਸ ਪਏ ਤੇ ਕਹਿਣ ਲੱਗੇ ਕਿ ਸੱਚਮੁੱਚ ਹੀ ਕੋਈ ਦੀਵਾਨਾ ਹੈ। ਫਿਰ ਵੀ ਵਿਚੋਂ ਇਕ ਨੇ ਕਿਹਾ : 'ਰੱਬ ਦੇ ਸਵਾਰੇ! ਲਾਹੌਰ ਕੀ ਧਰਤੀ ਇਹ ਪਾਣੀ ਭਲਾ ਜਾ ਸਕਦਾ ਹੈ? ਸਮਾਂ ਸੰਭਾਲ ਕੇ ਗੁਰੂ ਜੀ ਨੇ ਆਖਿਆ : **ਭਲਿਓ ਲੋਕੋ, ਉਣਵੰਜਾਹ ਕਰੋੜੀ ਦੇਵ ਲੋਕ ਜਾਏਗਾ ਅਤੇ ਲਾਹੌਰ ਕੀ ਧਰਤੀ ਨਾ ਜਾਏਗਾ। ਇਥੇ ਤੇ ਰੁੜ੍ਹਿਆ ਤਾਂ ਗਿਆ। ਦੇਵ ਲੋਕ ਕੈਸੇ ਜਾਏਗਾ ਜੇ ਲਾਹੌਰ ਕੀ ਧਰਤੀ ਨਾ ਜਾਸੀਉ**। ਲਾਹੌਰ ਤਾਂ ਨਵੇਂ ਵੀਹ ਕੋਹ (੩੬੯ ਮੀਲ) ਹੈ। ਸਿਰਫ਼ ਸਰਹੰਦ ਪਾਰ ਕਰਨੀ ਹੈ ਤੇ ਲਾਹੌਰ ਆਇਆ।' ਲੋਕੀਂ ਆਪਣਾ ਵਿਅਰਥ ਕਰਮ ਸਮਝ ਗਏ ਤੇ ਸਭ ਕਹਿਣ ਲੱਗੇ ਕਿ ਇਹ ਕੋਈ ਮਹਾਂਪੁਰਸ਼ ਹੈ। ਖ਼ੁਦ ਪ੍ਰਮੇਸ਼ਰ ਆਇਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਗੁਰੂ ਬਾਬੇ ਦੀ ਦਿਬ ਦ੍ਰਿਸ਼ਟੀ ਸੀ ਜੋ ਪਾਰਦਰਸ਼ੀ ਸੀ। ਸਾਡੇ ਲੋਕਾਂ ਦੀ ਚਮ ਦ੍ਰਿਸ਼ਟੀ ਹੈ, ਜੋ ਨੱਕ ਦੀ ਘੋੜੀ ਅੱਗੇ ਵੀ ਨਹੀਂ ਦੇਖ ਸਕਦੀ। ਉਥੇ ਹੀ ਜਦ ਮਰਦਾਨਾ ਜੀ ਨੇ ਪੁੱਛਿਆ ਕਿ ਤੀਰਥਾਂ 'ਤੇ ਲੋਕੀਂ ਆਏ ਹਨ, ਉਹਨਾਂ ਨੂੰ ਕੁਝ ਨ ਕੁਝ ਤਾਂ ਲਾਭ ਮਿਲਦਾ ਹੀ ਹੋਵੇਗਾ। ਗੁਰੂ ਨਾਨਕ ਜੀ ਨੇ ਫ਼ਰਮਾਇਆ : 'ਜੇ ਤੂੰਬੜੀ ਧੋਈ ਜਾਈਏ ਤਾਂ ਕੀ ਉਸ ਵਿਚਲੀ ਜ਼ਹਿਰ ਚਲੀ ਜਾਂਦੀ ਹੈ? ਕਦੇ ਨਹੀਂ। ਸਾਧ ਸਾਧ, ਚੋਰ ਸੇ ਚੋਰ, ਨਾਤੇ ਧੋਤੇ, ਨਾ ਹੀ ਹੁੰਦਾ ਭਾਈ ਜੀ। ਨਾਤਾ ਸੋਈ ਜਿਸ ਦਾ ਮਨ ਹੱਛਾ :

'ਬਾਹਰਿ ਧੋਤੀ ਤੂਮੜੀ, ਅੰਦਰਿ ਵਿਸੁ ਨਿਕੋਰ॥
ਸਾਧ ਭਲੇ ਅਣਨਾਤਿਆਂ, ਚੋਰ ਸਿ ਚੋਰਾ ਚੋਰ॥'

(ਸੂਹੀ ਕੀ ਵਾਰ, ਸਲੋਕ ਮਹਲਾ ੧, ਪੰਨਾ ੭੮੯)

ਅਗਲੇ ਦਿਨ ਤੜਕਸਾਰ ਭਾਈ ਮਰਦਾਨਾ ਜੀ ਗੰਗਾ ਦੇ ਕੰਢੇ ਇਕ ਵੈਸ਼ਨਵ ਸਾਧੂ

---

1. ਨਹਿ ਜਲ ਦੇਨਹਾਰ ਕੋ ਪਾਛੇ।
ਤਿਹ ਕੋ ਨੀਰ ਦੇਉਂ ਮੈ ਆਛੇ।

Sri Satguru Jagjit Singh Ji eLibrary NamdhariElibrary@gmail.com

ਕੋਲੋਂ, ਜਿਸ ਨੇ ਪੋਚਾ ਦੇ ਕੇ ਚੌਂਕਾ ਤਿਆਰ ਕੀਤਾ ਸੀ, ਅੱਗ ਲੈਣ ਲਈ ਪੁੱਜੇ। ਭਾਈ ਮਰਦਾਨਾ ਜੀ ਨੂੰ ਚੌਂਕੇ 'ਤੇ ਪੈਰ ਰੱਖਦੇ ਦੇਖ ਕੇ ਉਸ ਚਵਾਤੀ ਚੁੱਕ ਲਈ ਤੇ ਮਰਦਾਨਾ ਜੀ ਨੂੰ ਗਾਲ੍ਹਾਂ ਕੱਢਦਾ ਤੇ ਗੁਰੂ ਜੀ ਨੂੰ ਦੇਖ ਕੇ ਉਹਨਾਂ 'ਤੇ ਵੀ ਵਰ੍ਹਨ ਲੱਗ ਪਿਆ। ਕ੍ਰੋਧ ਵਿਚ ਕੁਬੋਲ ਸੁਣ ਕੇ ਗੁਰੂ ਜੀ ਨੇ ਬੜੇ ਸਹਿਜ ਨਾਲ ਕਿਹਾ ਕਿ ਲੋੜਵੰਦਾਂ ਨੂੰ ਦੂਰੇ ਦੂਰੇ ਕੀਤਿਆਂ ਪਰਮਾਤਮਾ ਪ੍ਰਸੰਨ ਨਹੀਂ ਹੁੰਦਾ। ਉਸ ਨੇ ਹਿਰਦੇ ਵਿਚ ਆ ਕੇ ਵੱਸਣਾ ਹੈ ਤੇ ਹਿਰਦਾ ਸਾਫ਼ ਹੋਣਾ ਚਾਹੀਦਾ ਹੈ। ਹਿਰਦੇ ਨੂੰ ਖੋਟੀ ਮੱਤ ਤੇ ਨਰਦਈਪੁਣਾ ਕਸਾਇਣ, ਪਰਾਈ ਨਿੰਦਾ ਚੂਹੜੀ, ਕ੍ਰੋਧ ਚੰਡਾਲ ਤੋਂ ਬਚਾਉਣਾ ਜ਼ਰੂਰੀ ਹੈ। ਬਾਹਰਲੇ ਭੇਖ ਤੇ ਚੌਂਕੇ ਦਾ ਕੋਈ ਲਾਭ ਨਹੀਂ ਜੇ ਹਿਰਦਾ ਸਵੱਛ ਨਹੀਂ।

'ਕੁਬੁਧਿ ਡੂਮਣੀ, ਕੁਦਇਆ ਕਸਾਇਣਿ,
ਪਰ ਨਿੰਦਾ ਘਟ ਚੂਹੜੀ, ਮੁਠੀ ਕ੍ਰੋਧਿ ਚੰਡਾਲਿ॥
ਕਾਰੀ ਕਢੀ ਕਿਆ ਥੀਐ,
ਜਾਂ ਚਾਰੇ ਬੈਠੀਆਂ ਨਾਲਿ॥'

(ਸ੍ਰੀ ਰਾਗ ਕੀ ਵਾਰ ਮਹਲੇ ਚੌਥੇ ਦੀ, ਮਹਲਾ ੧, ਪੰਨਾ ੯੧)

ਮੇਹਰਬਾਨ ਜੀ ਲਿਖਦੇ ਹਨ :

'ਸਚੁ ਸੰਜਮੁ ਕਰਣੀ ਕਾਰਾਂ, ਨਾਵਣੁ ਨਾਉ ਜਪੇਹੀ'

ਦਾ ਗੀਤ ਗਾਇਆ ਤਾਂ ਕਈ ਯਾਤਰੂਆਂ ਨੇ ਜਨੇਊ ਲਾਹਿ ਕਰਿ ਗੰਗਾ ਬੀਚ ਡਾਰੇ (ਸੁੱਟ ਦਿੱਤੇ)। ਉਹਨਾਂ ਦੀ ਚੰਮ ਦ੍ਰਿਸ਼ਟੀ ਦੂਰ ਹੋਈ। ਬਾਬੇ ਦੀ ਰਹਿਮਤ ਨਾਲ ਦਿਬ ਦ੍ਰਿਸ਼ਟੀ ਮਿਲੀ। ਆਪ ਜੀ ਨੇ ਸਮਝਾਇਆ ਕਿ ਮਨੁੱਖ ਦੀ ਵੱਡੀ ਮੁਸ਼ਕਿਲ ਇਹ ਹੈ ਕਿ ਮਨ ਤਾਂ ਟਿਕਿਆ ਨਹੀਂ ਹੁੰਦਾ ਤੇ ਲੋਕਾਂ ਨੂੰ ਪਖੰਡ ਕਰ ਦੱਸਣਾ ਚਾਹੁੰਦਾ ਹੈ ਕਿ ਉਹ ਇਕਾਗਰਚਿਤ ਹੈ। ਦਰਸਾਉਣ ਲਈ ਮਾਲਾ ਪਕੜ ਲੈਂਦਾ ਹੈ ਪਰ ਚਿੱਤ ਤਾਂ ਛਿਨ ਮਾਤ੍ਰ ਵੀ ਟਿਕਿਆ ਨਹੀਂ ਹੁੰਦਾ।

'ਦੇਖਹ ! ਮਨੁਜ ਪਖੰਡ ਕਮਾਵੈ।
ਮਨ ਥਿਰ ਨਾਹਿੰ ਲੋਕ ਦਿਖਰਾਵੈ।
ਲੈ ਮਾਲਾ ਬੈਠੇ ਕਰ ਮਾਹੀ।
ਮਨ ਇਸਥਿਰ ਇਕ ਛਿਨ ਭੀ ਨਾਹੀ।'

ਸਮਝਾਇਆ ਕਿ ਪ੍ਰੇਮ ਹੀ ਹੈ ਜੋ ਮਨ ਨੂੰ ਰੰਗ ਚਾੜ੍ਹਦਾ ਹੈ ਤੇ ਯਾਦ ਨਾ ਵਿਸਰਨ ਦਿੱਤਿਆਂ ਟਿਕ ਜਾਂਦਾ ਹੈ। ਹਰਿਦੁਆਰ ਕਈ ਗੋਸ਼ਟਾਂ ਹੋਈਆਂ। ਗੁਰੂ ਜੀ ਦ੍ਰਿੜ੍ਹ ਕਰਾਂਦੇ ਰਹੇ ਕਿ ਪ੍ਰਮੇਸ਼ਰ ਦੇ ਨਾਂ ਤੋਂ ਬਿਨਾਂ ਕੁਝ ਵੀ ਥਾਵੇਂ ਨਹੀਂ ਪੈਂਦਾ। ਠਾਕਰ ਨੂੰ ਕੇਵਲ ਭਗਤੀ ਹੀ ਭਾਂਵਦੀ ਹੈ। ਭਰਮ ਦੀ ਭੀਤ ਤੋੜਨ ਨਾਲ ਊਚ ਨੀਚ ਦਾ ਭੇਦ ਵੀ ਮੁੱਕ ਜਾਂਦਾ ਹੈ। ਗੁਰ ਸ਼ਬਦ ਵਿਚ ਸਭ ਕੁਝ ਹੈ। ਗੁਰੂ ਪਾਸ ਨਾਮ ਦਾਨ ਇਸ਼ਨਾਨ ਹੈ। ਸੀਲ, ਸੰਜਮ, ਦਇਆ, ਧਰਮ, ਸੰਤੋਖ ਦਾ ਉਹ ਪੁੰਜ ਹੈ। ਬਿਕਰਮਾ ਤੇ ਰਹਿਤ ਤੇ ਸੁਕ੍ਰਿਤ ਕਾ ਗਾਹਕ ਹੈ। ਮਨੁੱਖ ਦੀ ਭਟਕਣਾ ਗੁਰੂ ਪਾਸ ਆਇਆਂ, ਸ਼ਬਦ ਗਾਇਆਂ ਮੁੱਕ ਜਾਂਦੀ ਹੈ। ਸਰੋਵਰ ਇਹ ਸਰੀਰ ਹੈ। ਹੰਸ ਇਹ ਮਨ ਹੈ। ਰਤਨ ਪ੍ਰਮੇਸ਼ਰ ਕਾ ਨਾਮ ਹੈ। ਮਨ ਚਿੱਤ ਨਾਲ

Sri Satguru Jagjit Singh Ji eLibrary NamdhariElibrary@gmail.com

ਪ੍ਰਮੇਸ਼ਰ ਕਾ ਨਾਮ ਚਿਤਵੈ ਤਾਂ ਇਸ ਦੇਹੀ ਤੇ ਹੀ ਪ੍ਰਮੇਸ਼ਰ ਪਾਵੇ। ਉਹ ਮਨੁੱਖ ਜਨਮ ਦਾ ਲਾਭ ਨਹੀਂ ਉਠਾ ਸਕਦਾ ਜੋ ਸੁਕ੍ਰਿਤ ਨਹੀਂ ਕਰਦਾ। ਸੁਕ੍ਰਿਤ ਹੈ—ਬੁਰੇ ਉਪਰਿ ਪੈਰ ਨ ਰੱਖੇ, ਵੀਚਾਰ ਮਹਿ ਚਲੈ, ਜਿਤਨੀ ਦੁਬਿਧਾ ਹੈ ਤਿਆਗ ਦੇਵੇ ਤੇ ਨਿਰੰਕਾਰ ਸਾਥ ਸਮਾਵੇ। ਮੁਕਤੀ ਦੀ ਪਉੜੀ, ਪ੍ਰਮੇਸ਼ਰ ਦਾ ਜਸ ਅਤੇ ਗੁਰੂ ਦੇ ਸ਼ਬਦ ਦੀ ਵੀਚਾਰ ਹੈ। ਸ਼ਬਦ ਦੀ ਵੀਚਾਰ ਤੋਂ ਹੀ ਸਹਿਜ ਅਨੰਦ ਪ੍ਰਾਪਤ ਹੁੰਦਾ ਹੈ। ਉਹ ਫਿਰ ਪ੍ਰਭੂ ਦੀ ਟੇਕ ਤੋਂ ਸਿਵਾ ਹੋਰ ਕਿਸੇ ਦੀ ਓਟ ਨਹੀਂ ਭਾਲਦਾ। ਉਸ ਦਾ ਸੁਭਾਉ ਧੀਰਜ ਵਾਲਾ ਹੋ ਜਾਂਦਾ ਹੈ ਅਤੇ ਮਨੁੱਖੀ ਜੀਵਨ ਦੇ ਫ਼ਰਜ਼ ਨੂੰ ਪਛਾਣ ਲੈਂਦਾ ਹੈ। ਮਾਇਆ ਦਾ ਕੋਈ ਰੂਪ ਉਸ ਨੂੰ ਭਰਮਾ ਨਹੀਂ ਸਕਦਾ। ਬਸ ਜੀਵਨ ਤੱਤ ਇਹ ਹੈ :

ਸਚ ਕੀ ਸਿਫਤ ਕਰੈ। ਸਚ ਹੀ ਕਉ ਸਾਲਾਹੈ। ਸਚ ਹੀ ਕਉ ਮਾਂਗੇ।
ਸਚ ਹੀ ਕੀ ਸਰਨੀ ਪੜੇ। ਸਚ ਹੀ ਕਉ ਜਾਨੇ। ਸਚ ਹੀ ਕਉ ਮਾਨੇ।
ਸਚ ਹੀ ਸਿਉ ਜਾਇ ਪਹੁੰਚੇ, ਸਚ ਹੀ ਬੋਲੇ, ਸਚ ਹੀ ਹੋਇ।

ਆਪ ਜੀ ਦਾ ਜਸ ਸੁਣ ਕੇ ਗੜ੍ਹਵਾਲ ਦਾ ਰਾਜਾ ਵਿਜੈ ਪ੍ਰਕਾਸ਼ ਵੀ ਆਇਆ। ਉਸ ਨੇ ਜਦ ਜਾਤ ਬਾਰੇ ਪੁੱਛਿਆ ਤਾਂ ਆਪ ਜੀ ਨੇ ਫ਼ਰਮਾਇਆ ਕਿ ਉਨ੍ਹਾਂ ਦੀ ਕੋਈ ਜਾਤ ਨਹੀਂ। ਸਿਰਫ਼ ਪ੍ਰਭੂ ਦਾ ਸ੍ਵਾਂਗੀ ਹੈ। ਜਿਵੇਂ ਉਹ ਰੱਖਦਾ ਹੈ, ਤਿਵੇਂ ਰਹਿੰਦਾ ਹਾਂ। ਕਿਸੇ ਸ਼੍ਰੇਣੀ ਵਿਚ ਹੋਣ ਦਾ ਕੋਈ ਮਾਣ ਨਹੀਂ। 'ਤੂੰ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੇ ਨਾਨਕ ਜਾਤਿ ਕੈਸੀ।' ਉਹ ਹਰਿਦੁਆਰ ਜਿੱਥੇ ਲਿਖਿਆ ਸੀ, 'ਗ਼ੈਰ ਹਿੰਦੂ ਨੂੰ ਆਉਣ ਦੀ ਆਗਿਆ ਨਹੀਂ', ਉੱਥੇ ਹਰੀ ਦਾ ਠੀਕ ਦਰ ਦਰਸਾ ਕੇ ਗੜ੍ਹਵਾਲ ਦੇ ਜ਼ਿਲ੍ਹਾ ਪਉੜੀ ਦੇ ਇਕ ਨਗਰ ਕੋਟਦੋਆਰਾ ਵੱਲ ਚਲੇ ਗਏ।

Sri Satguru Jagjit Singh Ji eLibrary NamdhariElibrary@gmail.com

5

ਹਰਿਦੁਆਰ ਤੋਂ ਜਗਨਨਾਥ ਪੁਰੀ

ਗੁਰੂ ਅਰਜਨ ਦੇਵ ਜੀ ਦੇ ਭਤੀਜੇ ਮਨੋਹਰ ਦਾਸ 'ਮਿਹਰਬਾਨ' ਜੀ ਦੇ ਕਹਿਣ ਅਨੁਸਾਰ 'ਗੁਰੂ ਨਾਨਕ **ਵੈਸਾਖੀ ਕੇ ਨਾਵਣ ਕਾ ਕਉਤਕ ਦੇਖਿ ਕਰ ਅਗਮ** (ਅਗੇ) **ਕਿਉਂ ਚਲਿਆ'**। ਮਾਇਆਪੁਰੀ ਨੂੰ ਲਿਤਾੜਦੇ (ਹਰਿਦੁਆਰ ਨੂੰ ਮਾਇਆ ਪੁਰੀ ਵੀ ਕਹਿੰਦੇ ਹਨ) ਰਾਜੇ ਬ੍ਰਿਜ ਨਾਥ ਦੀ ਬੇਨਤੀ 'ਤੇ ਉਸ ਦੀ ਰਾਜਧਾਨੀ ਸ੍ਰੀਨਗਰ ਵੀ ਗਏ। ਉਥੇ ਗੁਰੂ ਪਾਤਸ਼ਾਹ ਦੀ ਯਾਦ ਵਿਚ **'ਚਰਨ ਪਾਦੁਕਾ'** ਗੁਰਦੁਆਰਾ ਹੈ। ਉਥੋਂ ਕੋਟ ਦੁਆਰਾ, ਬਦਰੀ ਨਾਥ ਤੇ ਪਹਾੜੀਆਂ ਚੀਰਦੇ ਅਲਮੋੜਾ ਪੁੱਜੇ। ਕੋਟ ਦੁਆਰ ਵੀ ਚਰਨ ਪਾਦੁਕਾ ਹੈ। ਚਰਨ ਪਾਦੁਕਾ ਨਾਂ ਦੇ ਗੁਰਦੁਆਰੇ ਜੂਨਾਗੜ੍ਹ (ਗੁਜਰਾਤ) ਅਤੇ ਢਾਕਾ (ਬੰਗਲਾ ਦੇਸ਼) ਵਿਚ ਵੀ ਹਨ। ਅਲਮੋੜਾ ਵਿਚ ਵੀ ਉਹਨਾਂ ਦੀ ਯਾਦ ਵਿਚ ਗੁਰ ਅਸਥਾਨ ਸੀ ਜੋ ਸਮੇਂ ਦੇ ਥਪੇੜ ਕਾਰਨ ਢਹਿ ਢੇਰੀ ਹੋ ਚੁੱਕਾ ਸੀ, ਪਰ ਹੁਣ ਫਿਰ ਉਸਾਰੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਜਿੱਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ ਉਥੇ ਹੀ ਸਰਜੂ ਤੇ ਗੋਮਤੀ ਨਦੀ ਦਾ ਸੰਗਮ ਹੈ। ਪੁਰਾਣੇ ਰਿਕਾਰਡ ਵਿਚ ਗੁਰੂ ਨਾਨਕ ਦੇਵਤਾ ਦਾ ਜ਼ਿਕਰ ਹੈ ਅਤੇ ਰਾਜਾ ਕਤਿਯੂਰ ਨੇ ਵੀਹ ਏਕੜ ਜ਼ਮੀਨ ਵੀ ਪਿੱਛੋਂ ਗੁਰਦੁਆਰੇ ਦੇ ਨਾਂ ਲਗਾਈ ਸੀ। ਬੀ. ਸੀ. ਲਾਅ ਦਾ ਮਾਂਉਨਟੇਨਜ਼ ਆਫ਼ ਇੰਡੀਆ ਵਿਚ ਕਥਨ ਹੈ ਕਿ ਹਿਮਾਲਾ ਦੀਆਂ ਇਨ੍ਹਾਂ ਹੀ ਪਹਾੜੀਆਂ ਨੂੰ ਸੁਮੇਰ ਕਹਿੰਦੇ ਹਨ। ਅਲਮੋੜਾ ਤੋਂ ਰਾਣੀ ਖੇਤ, ਕਾਠਗੁਦਾਮ ਅਤੇ ਪੀਲੀਭੀਤ ਤੋਂ ਉਸ ਥਾਂ ਪੁੱਜੇ ਜਿੱਥੇ ਅੱਜਕੱਲ੍ਹ ਨਾਨਕ ਮਤਾ ਹੈ। ਉਸ ਸਾਰੇ ਇਲਾਕੇ ਵਿਚ ਗੋਰਖ ਦਾ ਮਤ ਟੁਰਨ ਕਰਕੇ ਗੋਰਖ ਮਤਾ ਕਰਕੇ ਹੀ ਪ੍ਰਸਿੱਧ ਸੀ।

ਨਾਨਕ ਮਤਾ : ਗੁਰੂ ਨਾਨਕ ਦੇਵ ਜੀ ਜਿੱਥੇ ਭੁੱਲਿਆਂ ਨੂੰ ਰਾਹ ਪਾਉਂਦੇ ਉਥੇ ਅਟਕਿਆਂ ਨੂੰ ਅੱਗੇ ਤੁਰਨਾ ਵੀ ਸਿਖਾਲਦੇ ਸਨ। ਮਨੁੱਖ ਦੇ ਰਾਹ ਵਿਚ ਸਭ ਤੋਂ ਵੱਡੀ ਰੋਕ, ਪ੍ਰਾਪਤੀ ਦਾ ਅਹੰਕਾਰ ਹੈ। ਇਸੇ ਨੂੰ ਅਪਣੱਤ ਕਹਿੰਦੇ ਹਨ। **ਅਪਣੱਤ ਪਈ ਤਾਂ ਨਾਮ ਗਿਆ। ਨਾਮ ਗਿਆ ਤਾਂ ਖੇੜਾ ਗਿਆ। ਖੇੜੇ ਰਹਿਤ ਜੀਵਨ ਭੱਠ ਹੀ ਹੈ।** ਆਪ ਜੀ ਨੇ ਸਿੱਧਾਂ ਨੂੰ ਇਨ੍ਹਾਂ ਰਾਹਾਂ ਤੋਂ ਰੋਕਿਆ। ਡਿੰਗੀਆਂ ਸੁਰਤਾਂ ਵਾਲੇ ਸਿੱਧ ਉਹ

Sri Satguru Jagjit Singh Ji eLibrary NamdhariElibrary@gmail.com

ਕੁਝ ਹੀ ਕਰ ਰਹੇ ਸਨ ਜੋ ਅੱਜਕੱਲ੍ਹ ਹਿਪੀਜ਼ ਕਰਦੇ ਹਨ। ਨਸ਼ਾ ਪੀ ਕੇ ਸੁਰਤ ਚੜ੍ਹਾ ਲੈਣੀ ਤੇ ਫਿਰ ਉਸ ਨਸ਼ੇ ਦੇ ਲੋਰ ਵਿਚ ਚਿੱਤਰ ਚਿਤਰਨੇ ਤੇ ਪਾਸ ਖਲੋਤਿਆਂ ਨੂੰ ਕਹਿਣਾ ਕਿ ਉਹ ਦੂਜੇ ਜਹਾਨ ਪੁੱਜ ਗਏ ਹਨ। ਬਾਬੇ ਨੂੰ ਇਹ ਸਭ ਕੁਝ ਇਕ ਅੱਖ ਨਾ ਭਾਇਆ। ਨਾਨਕ ਮਤਾ ਪੁੱਜ ਕੇ ਗੁਰੂ ਜੀ ਨੇ ਮਹਿਮਾ ਪ੍ਰਕਾਸ਼ ਅਨੁਸਾਰ :

'ਬਿਰਛ ਕੇ ਤਲੇ ਦਿਆਲ ਆਸਨ ਕੀਆ।
ਬਜੇ ਰਬਾਬ ਅਨਾਹਦ ਧੁਨਿ ਕੀਰਤਨ ਭਇਆ।'

ਜਦ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਅੱਗੇ ਸ਼ਰਾਬ ਦਾ ਪਿਆਲਾ ਰੱਖਿਆ ਤਾਂ ਗੁਰੂ ਜੀ ਨੇ ਫ਼ਰਮਾਇਆ : 'ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ।'[1] ਇਹ ਤਾਂ ਬੁਰਾਈਆਂ ਖੱਟਣ ਦਾ ਸਹਿਲਾ ਰਾਹ ਹੈ। ਨਸ਼ਾ ਪੀ ਕੇ ਮੱਤ ਵਿਗੜਦੀ ਹੈ। ਪਹਿਲਾਂ ਇਹ ਬਉਰਿਆਂ ਕਰਦਾ ਹੈ। ਜਦ ਉਤਰਦਾ ਹੈ ਟੋਟ ਪੈਂਦੀ ਹੈ ਅਤੇ ਫਿਰ ਨਸ਼ੇ ਵੱਲ ਭੱਜਦਾ ਹੈ। ਉਸ ਨਸ਼ੇ ਵਿਚ ਜੋ ਵੀ ਗੱਲ ਹੁੰਦੀ ਹੈ ਉਹ ਦਿਮਾਗ਼ ਦੀ ਖੁਸ਼ਕੀ ਹੈ। ਜੋ ਵੀ ਤਸਵੀਰਾਂ ਨਜ਼ਰ ਆਉਂਦੀਆਂ ਹਨ ਉਹ ਭਰਾਂਤੀ (ਹੈਲੂਸੀਨੇਸ਼ਨ) ਹਨ। ਜਿਸ ਭਰਮ ਨੂੰ ਤੋੜਨ ਵਾਸਤੇ ਨਸ਼ਾ ਪੀਤਾ ਉਹ ਭਰਮ ਤਾਂ ਬਣਿਆ ਹੀ ਰਿਹਾ। ਅਸਲ ਵਸਤੂ ਵਿਸਮਾਦ ਹੈ ਅਤੇ ਉਹ ਆਉਂਦੀ ਹੈ ਧਿਆਨ ਨਾਲ, ਕਰਣੀ ਨਾਲ। ਪ੍ਰੇਮ ਦਾ ਪੋਚਾ, ਗਿਆਨ ਦੀ ਅੱਗ, ਭਾਉ ਦਾ ਭਾਂਡਾ ਤੇ ਸੁਰਤਿ ਦੀ ਨਾਲ ਵਿਚੋਂ ਜੇ ਚੁਆਈਏ, ਫਿਰ ਤਿਆਰ ਵਸਤੂ ਨੂੰ ਦਇਆ ਦੀ ਸੁਰਾਹੀ ਵਿਚ ਸਹਜ ਦੇ ਪਿਆਲੇ ਪੀਤਾ ਜਾਏ ਤਾਂ ਇਹ ਵਿਸਮਾਦੀ ਦਸ਼ਾ ਜਾਂ ਨਸ਼ਾ ਕਦੇ ਉਤਰੇਗਾ ਨਹੀਂ। ਡਿੱਗੀਆਂ ਸੁਰਤਾਂ ਵਾਲੇ ਕਿਥੋਂ ਸੁਣਨ ਵਾਲੇ ਸਨ। ਭਾਵੇਂ ਚਮਤਕਾਰ ਤਾਂ ਉਨ੍ਹਾਂ ਉਸੇ ਸਮੇਂ ਹੀ ਦੇਖ ਲਿਆ ਸੀ ਜਦ ਉਸ ਪਿੱਪਲ ਨੂੰ ਹਰਾ ਭਰਾ ਡਿੱਠਾ, ਜਿਸ ਹੇਠਾਂ ਗੁਰੂ ਨਾਨਕ ਸਾਹਿਬ ਜੀ ਬੈਠੇ ਸਨ ਪਰ ਉਹਨਾਂ ਫਿਰ ਵੀ ਆਪਣਾ ਤਾਣ ਲਗਾਇਆ। ਪਹਿਲਾਂ ਡਰਾਵੇ ਦਿੱਤੇ, ਫਿਰ ਧਮਕੀਆਂ, ਫਿਰ ਲਾਲਚ ਤੇ ਪਿੱਛੋਂ ਨਾਟਕ ਚੇਟਕ ਕਰਨ ਲੱਗੇ ਪਰ ਉਹਨਾਂ ਆਪਣੀਆਂ ਗੋਦੜੀਆਂ, ਮ੍ਰਿਗਸ਼ਾਲਾ, ਕਰ-ਮੰਡਲ ਤੇ ਆਸਣ ਇਕ ਹਨੇਰੀ ਅੱਗੇ ਉੱਡਦੇ ਦੇਖੇ ਤਾਂ ਗੁਰੂ ਪਾਤਸ਼ਾਹ ਦੇ ਚਰਨੀਂ ਪਏ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ ਉਹ ਇਵੇਂ ਠੰਢੇ ਹੋ ਕੇ ਬੈਠ ਗਏ ਜਿਵੇਂ ਕਿਸੇ ਦੀ ਚੋਰੀ ਪਕੜੀ ਜਾਏ ਤਾਂ ਉਹ ਸ਼ਰਮਸਾਰ ਹੋ ਕੇ ਬੈਠਦਾ ਹੈ :

'ਆਪ ਆਪਣੇ ਆਸਣ ਬੈਠੇ,
ਚੋਰ ਨਾਰ ਜਿਉਂ ਤੂਸਨਿ ਤੈਸੇ।'

ਉਹਨਾਂ ਇਹ ਵੀ ਡਿੱਠਾ ਕਿ ਹਨੇਰੀ, ਮੀਂਹ, ਗੜੇ ਪੈਣ ਨਾਲ ਸਭਨਾਂ ਦੀਆਂ ਧੂਣੀਆਂ ਤਾਂ ਬੁੱਝ ਗਈਆਂ ਪਰ ਗੁਰੂ ਨਾਨਕ ਦੇਵ ਜੀ ਦੀ ਧੂਣੀ ਉਸੇ ਤਰ੍ਹਾਂ ਲਟ-ਲਟ ਕਰ ਰਹੀ ਸੀ। ਸੂਰਜ ਪ੍ਰਕਾਸ਼ ਦੇ ਹੀ ਸ਼ਬਦਾਂ ਵਿਚ :

'ਬਹੀ ਸਮੀਰ ਰੈਣ ਸਭ ਜਬਹੀ।
ਉਡ ਗਏ ਧੂਣੀ ਸਿਧਨ ਤਬਹੀ।

---

1. ਬਿਹਾਗੜਾ ਕੀ ਵਾਰ, ਸਲੋਕ ਮਰਦਾਨਾ ੧, ਪੰਨਾ ੫੫੩।

Sri Satguru Jagjit Singh Ji eLibrary NamdhariElibrary@gmail.com

ਇਕ ਸ੍ਰੀ ਨਾਨਕ ਧੂਣੀ ਮਾਹੀ।
ਔਰ ਹੁਤਾਸਨ (ਅੱਗੇ) ਕਿਤਹੂੰ ਨਾਹੀ।'

ਐਸਾ ਹੀ ਸਦਾ ਹੁੰਦਾ ਰਵ੍ਹੇਗਾ। ਸਮੇਂ ਦੀ ਹਨੇਰੀ ਨਾਲ ਬਾਕੀ ਸਿਧਾਂਤ ਤਾਂ ਮੁੱਕ ਜਾਂ ਬੁੱਝ ਜਾਣਗੇ ਪਰ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਸਦਾ ਪ੍ਰਜਵਲਤ ਰਹੇਗਾ, ਭਾਵੇਂ ਕਿੰਨੀਆਂ ਨਾਸਤਕਤਾ ਜਾਂ ਪੱਛਮ ਦੀਆਂ ਹਨੇਰੀਆਂ ਵਗਣ। ਮਹਿਮਾ ਪ੍ਰਕਾਸ਼ ਨੇ ਠੀਕ ਲਿਖਿਆ ਹੈ :

'ਜਾ ਕੀ ਸਿਧ ਸਭ ਦਾਸ ਤਾ ਕੋ ਸਿਧ ਬਲ ਕੀਆ ਕਰੇ।
ਕਲਾ ਭਈ ਸਭ ਨਾਸ਼, ਖੈਂਚ ਸਿਧ ਸਤਗੁਰ ਲਈ[1]'। ੧੨।

ਜਦ ਉਹਨਾਂ ਪ੍ਰਸ਼ਾਦ ਮੰਗਿਆ ਤਾਂ ਪਾਤਸ਼ਾਹ ਨੇ ਗੀਠਿਆਂ ਦਾ ਫਲ ਦਿੱਤਾ। ਜਦ ਸਿੱਧਾਂ ਨੇ ਮੂੰਹ ਵਿਚ ਪਾਇਆ ਤਾਂ ਉਹ ਮਿੱਠੇ ਸਨ। ਸੱਚਮੁੱਚ ਗੀਠਿਆਂ ਦੀ ਕੁੜੱਤਣ ਜਾ ਚੁੱਕੀ ਸੀ। ਗੀਠਿਆਂ ਦੀ ਹੀ ਨਹੀਂ, ਸਿੱਧਾਂ ਦੀ ਵੀ ਜਾ ਚੁੱਕੀ ਸੀ। ਸਿੱਧੇ ਰਾਹ ਟੁਰਨ ਯੋਗ ਹੋ ਗਏ ਸਨ। ਗੀਠਾ ਮਿੱਠਾ ਨਾਨਕ ਮਤਾ ਤੋਂ ਪੰਜਾਹ ਕੁ ਮੀਲ ਦੀ ਦੂਰੀ 'ਤੇ ਹੈ। ਇਥੋਂ ਪ੍ਰਗਟ ਹੁੰਦਾ ਹੈ ਕਿ ਇਹ ਚਰਚਾ ਕਈ ਥਾਵਾਂ 'ਤੇ ਹੋਈ ਸੀ। ਸੂਰਜ ਪ੍ਰਕਾਸ਼ ਨੇ ਗੀਠੇ ਮਿੱਠੇ ਹੋਣ ਦੀ ਗਵਾਹੀ ਦਿੱਤੀ ਹੈ ਕਿ ਇਕ ਡਾਲ ਦੇ ਕੌੜੇ ਤੇ ਦੂਜੇ ਦੇ ਮਿੱਠੇ ਹਨ :

'ਇਕ ਕੇ ਫਲ ਮਧੁਰੇ, ਇਕ ਕੌੜੇ।'

ਮੁਨਸ਼ੀ ਸੋਹਣ ਲਾਲ ਨੇ ਲਿਖਿਆ ਹੈ ਕਿ ਇਕ ਦਿਨ ਭੁੱਖ ਤੋਂ ਤੰਗ ਆਏ ਮਰਦਾਨਾ ਜੀ ਨੇ ਕੁਝ ਖਾਣ ਦੀ ਇੱਛਾ ਪ੍ਰਗਟ ਕੀਤੀ। ਗੁਰੂ ਸਾਹਿਬ ਨੇ ਕਿਹਾ ਕਿ ਉਹ ਸਾਹਮਣੇ ਗੀਠੇ ਦਾ ਦਰੱਖ਼ਤ ਹੈ, ਉਥੋਂ ਕੁਝ ਗੀਠੇ ਤੋੜ ਕੇ ਖਾ ਲੈ। ਮਰਦਾਨੇ ਨੇ ਕੁਝ ਤੋੜ ਕੇ ਖਾ ਲਏ। ਜਿਸ ਟਹਿਣੀ ਤੋਂ ਗੁਰੂ ਸਾਹਿਬ ਨੇ ਮਰਦਾਨੇ ਨੂੰ ਗੀਠੇ ਤੋੜਨ ਲਈ ਕਿਹਾ ਸੀ, ਅੱਜ ਤੱਕ ਉਸ ਟਹਿਣੀ ਦੇ ਗੀਠੇ ਮਿੱਠੇ ਹਨ ਅਤੇ ਹੋਰਨਾਂ ਸਾਰੀਆਂ ਦੇ ਕੌੜੇ ਹੀ ਹਨ। (ਉਮਦਤ-ਉਤ-ਤਵਾਰੀਖ਼, ਪੰਨਾ ੧੬)। ਸਾਡੇ ਇਤਿਹਾਸ ਵਿਚ ਇਹ ਵੀ ਲਿਖਿਆ ਹੈ ਕਿ ਜਦ ਮਰਦਾਨਾ ਭੁੱਖ ਨਾਲ ਅਕੁਲਾਇਆ ਤਾਂ ਮਹਾਰਾਜ ਨੇ ਗੀਠੇ ਦੇ ਬੂਟੇ ਵੱਲ ਇਸ਼ਾਰਾ ਕਰਕੇ ਕਹਿਆ : 'ਮਰਦਾਨਿਆ ਇਸ ਨੂੰ ਭੁੱਖ ਉਤਾਰਨ ਲਈ ਖਾ ਲੈ।' ਮਰਦਾਨਾ ਕਹਿਣ ਲੱਗਾ : 'ਕਿਵੇਂ ਖਾਵਾਂ, ਇਹ ਤਾਂ ਜ਼ਹਿਰ ਹੈ।'

ਗੁਰੂ ਜੀ ਨੇ ਕਿਹਾ : ਮਰਦਾਨਿਆ ਰਲ ਕੇ ਖਾਵਾਂਗੇ। ਜਿਤਨੀ ਭੁੱਖ ਹੈ ਉਤਨਾ ਖਾਈਏ ਤਾਂ ਕੌੜੇ ਜ਼ਹਿਰੀਲੇ ਨਹੀਂ ਲੱਗਣਗੇ। ਲਾਲਚ ਹੀ ਅਸਲ ਜ਼ਹਿਰ ਹੈ। ਪੱਲੇ ਨ ਬੰਨ੍ਹੀਂ।'

ਮਰਦਾਨੇ ਨੂੰ ਗੀਠਿਆਂ ਦਾ ਬੜਾ ਮਜ਼ਾ ਆਇਆ। ਭੁੱਖ ਲੱਥੀ। ਲਾਲਚ ਵੱਸ ਮਰਦਾਨੇ ਨੇ ਚਾਦਰ ਦੀ ਕੰਨੀ ਕੁਝ ਗੀਠੇ ਬੰਨ੍ਹ ਲਏ। ਭੁੱਖ ਲੱਗੀ। ਮੂੰਹ ਵਿਚ ਇਕੋ ਵਾਰੀ ਪਾ ਲਏ। ਵਿਆਕੁਲ ਹੋਆ। ਹਾਇ ਹਾਇ ਕਰਨ ਲੱਗਾ। ਕਦੇ ਪੇਟ ਮਲੇ, ਕਦੇ ਜ਼ਮੀਨ 'ਤੇ ਲੇਟੇ।

---

1. ਸਾਖੀ ਸਿਧ ਮਤੇ ਕੀ, ਜੋ ਨਾਨਕ ਮਤਾ ਹੈ।

Sri Satguru Jagjit Singh Ji eLibrary NamdhariElibrary@gmail.com

ਗੁਰੂ ਪਾਤਸ਼ਾਹ ਦਇਆ ਦੇ ਘਰ ਆਏ। ਪਾਸ ਹੀ ਉੱਗੀ ਇਕ ਬੂਟੀ ਦਾ ਅਰਕ ਮਰਦਾਨੇ ਦੇ ਮੂੰਹ ਵਿਚ ਪਾਇਆ ਤਾਂ ਉਹ ਸੰਭਲਿਆ। ਗੁਰੂ ਪਿਤਾ ਨੇ ਫ਼ਰਮਾਇਆ :

'ਦੇਖ ਮਰਦਾਨਿਆ! ਲਾਲਚ ਦਾ ਰੰਗ। ਪੱਲੇ ਕੁਝ ਨਹੀਂ ਬੰਨ੍ਹ ਰੱਖੀ ਦਾ।'

ਕੈਸਾ ਉਪਦੇਸ਼ ਦੇ ਗਏ ਗੁਰੂ ਜੀ ਕਿ ਵਰਤੀ ਚੀਜ਼ ਅੰਮ੍ਰਿਤ ਹੈ, ਰੱਖੀ ਜ਼ਹਿਰ ਹੋ ਜਾਵੇਗੀ।

ਉਹ ਪਾਵਨ ਥਾਂ ਜਿੱਥੇ ਪਹਿਲਾਂ ਮੇਲ ਹੋਇਆ, ਨਾਨਕ ਮਤਾ ਕਰ ਕੇ ਜਾਣੀ ਜਾਣ ਲੱਗੀ :

'ਸਿਧ ਮਤਾ ਅਸਥਾਨ, ਜਾਨਤ ਹੈ ਸਭ ਲੋਗ ਜਗ।
ਕਰ ਜੀਤਾ ਸਭ ਕੋ ਗਿਆਨ, ਨਾਨਕ ਮਤਾ ਅਬ ਕਹਤ ਹੈ[1]'। ੧੫।

ਨਾਨਕ ਮਤਾ ਦੇ ਅਸਥਾਨ 'ਤੇ ਯਾਦਗਾਰੀ ਪਿੱਪਲ ਨੂੰ ਉਖਾੜਨ ਤੇ ਸਾੜਨ ਦੇ ਕਈ ਜਤਨ ਪਿੱਛੋਂ ਹੁੰਦੇ ਰਹੇ ਪਰ ਸਾਰੇ ਹੀ ਨਿਸਫ਼ਲ ਰਹੇ। ਬਾਬਾ ਅਲਮਸਤ ਦੀ ਪੁਕਾਰ 'ਤੇ ਗੁਰੂ ਹਰਿਗੋਬਿੰਦ ਜੀ ਉਥੇ ਪੁੱਜੇ ਸਨ ਤੇ ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ ਸਨ। ਇਸ ਅਸਥਾਨ ਦੀ ਇੰਨੀ ਮਹੱਤਤਾ ਹੋ ਗਈ ਸੀ ਕਿ ਨਵਾਬ ਮਹਿੰਦੀ ਅਲੀ ਖ਼ਾਨ ਨੇ ੪੫੦੦ ਏਕੜ ਜ਼ਮੀਨ ਨਾਨਕ ਮਤਾ ਦੇ ਨਾਂ ਲਗਵਾ ਦਿੱਤੀ ਸੀ।

ਪ੍ਰਯਾਗ : ਨਾਨਕ ਮਤਾ ਤੋਂ ਆਪ ਜੀ ਬਰੇਲੀ, ਲਖਨਊ, ਕਾਨ੍ਹਪੁਰ ਤੋਂ ਹੁੰਦੇ ਹੋਏ ਅਲਾਹਾਬਾਦ ਪੁੱਜੇ, ਜਿਸ ਨੂੰ ਪ੍ਰਯਾਗ ਕਹਿੰਦੇ ਹਨ। ਪ੍ਰਯਾਗ ਕੁਦਰਤ ਦਾ ਇਕ ਖੇਲ ਵਾਪਰ ਰਿਹਾ ਹੈ। ਉਥੇ ਗੰਗਾ, ਜਮਨਾ ਤੇ ਸਰਸਵਤੀ ਦਾ ਸੰਗਮ ਹੈ। ਤੀਜੀ ਨਦੀ ਸਰਸਵਤੀ ਸੁੱਕ ਗਈ ਹੈ ਪਰ ਧਰਮ ਵੇਚ ਖਾਣ ਵਾਲਿਆਂ ਨੇ ਉਹ ਗੁਪਤ ਨਦੀ ਤੋਂ ਪ੍ਰਗਟ ਲਾਭ ਉਠਾਉਣ ਲਈ ਇਹ ਪ੍ਰਬੰਧ ਕੀਤਾ ਹੋਇਆ ਹੈ ਕਿ ਜੇ ਕੋਈ ਉਹਨਾਂ ਦੇ ਦੱਸੇ ਤਰੀਕੇ ਨਾਲ ਇਸ਼ਨਾਨ ਤੇ ਪੁੰਨ ਕਰੇਗਾ ਉਸ ਨੂੰ ਸਰਸਵਤੀ ਦੇ ਦਰਸ਼ਨ ਹੋਣਗੇ। ਫਿਰ ਉਹਨਾਂ ਇਹ ਪਖੰਡ ਜਾਲ ਵੀ ਰਚਿਆ ਹੋਇਆ ਸੀ ਕਿ ਜੇ ਕੋਈ ਆਪਣੀ ਸਾਰੀ ਪੂੰਜੀ ਲੁਟਾ ਕੇ, 'ਅਕਸ਼ਯ ਵੱਟ' ਤੋਂ ਗਿਰ ਕੇ ਜਾਨ ਦੇ ਦੇਵੇਗਾ, ਉਸ ਦੇ ਪਾਪ ਨਾਸ ਹੋ ਜਾਣਗੇ। ਗੁਰੂ ਪਾਤਸ਼ਾਹ ਨੇ ਇਹਨਾਂ ਭਰਮਾਂ ਤੋਂ ਉਤਾਂਹ ਉਠਾਇਆ ਅਤੇ ਹਿਰਦੇ ਵਿਚ ਹੀ ਗੰਗਾ ਤੇ ਜਮਨਾ ਦਾ ਸੰਗਮ ਬਣਾਉਣ ਦਾ ਉਪਦੇਸ਼ ਦਿੱਤਾ ਅਤੇ ਵੱਲ ਦੱਸਿਆ। ਸਾਰਿਆਂ ਨੂੰ ਸੁਣ ਕੇ ਸ਼ਾਂਤੀ ਮਿਲੀ ਪਰ ਸ਼ੰਕਾਵਾਦੀਆਂ ਨੇ ਜਦ ਕੁਝ ਪ੍ਰਸ਼ਨ ਕਰਨੇ ਚਾਹੇ ਤਾਂ ਆਪ ਜੀ ਨੇ ਕਿਹਾ : 'ਜੋ ਕਿਸੀ ਨੇ ਬਾਤ ਪੁੱਛਣੀ ਹੈ ਨਿਸ਼ੰਕ ਹੋ ਕੇ ਪੁੱਛੇ। ਮੈਨੂੰ ਖ਼ੁਸ਼ੀ ਹੁੰਦੀ ਹੈ। ਸੰਕੋਚ ਮੱਤ ਕਰੋ।' ਉਹਨਾਂ ਦਾ ਸਵਾਲ ਸੀ ਕਿ ਕੀ ਸਰੀਰ ਨੂੰ ਇਸ ਤਰ੍ਹਾਂ ਨਾਸ਼ ਕਰਨ ਦਾ ਰੱਤਾ ਵੀ ਲਾਭ ਨਹੀਂ? ਮਹਾਰਾਜ ਦਾ ਉੱਤਰ ਸੀ : 'ਜ਼ਰਾ ਵੀ ਨਹੀਂ, ਦਰਗਾਹ ਵਡਿਆਈ ਤਿਸ ਹੀ ਕਉ ਹੈ ਜਿਸ ਕੇ ਅੰਤਰ ਸ਼ਬਦ ਗੁਰੂ ਜੀ ਕਾ ਰੱਖਿਆ ਹੈ। **ਸੋਈ ਪ੍ਰਮੇਸ਼ਰ ਕਾ ਔਰ ਉਸ ਹੀ ਕਾ ਪ੍ਰਮੇਸ਼ਰ ਜਿਸ ਕੇ ਅੰਤਰ ਨਾਮ ਪ੍ਰਮੇਸ਼ਰ ਕਾ ਵਸੈ**। ਅਹਿਨਿਸ ਪ੍ਰੇਮ ਸਾਥ ਕੀਰਤਨ ਕਰੇ। ਸੋਈ ਪ੍ਰਮੇਸ਼ਰ ਕੋ ਪਾਵੇ

1. ਸਾਖੀ ਸਿਧ ਮਤੇ ਕੀ, ਜੋ ਨਾਨਕ ਮਤਾ ਹੈ।

Sri Satguru Jagjit Singh Ji eLibrary NamdhariElibrary@gmail.com

ਹੋਰ ਕਿਸੇ ਉਪਾਉ ਨਹੀਂ ਮਿਲਦਾ। ਭਾਵੇਂ ਕੋਟ ਯਤਨ ਕਰੇ।' ਬਚਨ ਕੀਤਾ :

'ਨਾਨਕ ਤਾ ਕਉ ਮਿਲੇ ਵਡਾਈ ਜਿਸ ਘਟ ਭੀਤਰ ਸਬਦ ਰਵੈ।'

ਅਯੁੱਧਿਆ : ਪ੍ਰਯਾਗ ਤੋਂ ਰਾਮ ਦੇ ਦੇਸ਼ ਅਯੁੱਧਿਆ ਗਏ। ਅਵਧ ਦੇਸ਼ ਦਾ ਨਾਂ ਇਸ ਤੋਂ ਪਿਆ ਲਗਦਾ ਹੈ। ਸਰਜੂ ਨਦੀ ਦੇ ਕਿਨਾਰੇ ਹੈ। ਆਪ ਜੀ ਨੇ ਲੋਕਾਂ ਨੂੰ ਬੁੱਤ, ਤੁਲਸੀ ਤੇ ਲਕਸ਼ਮੀ ਦੀ ਪੂਜਾ ਤੋਂ ਵਰਜਿਆ। ਸਰਬ ਵਿਆਪੀ ਸੋਹਣੇ ਰਾਮ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ। ਉਸ ਦੇ ਦਰ ਤੇ ਇਕ ਨਹੀਂ ਕਈ ਰਾਮ ਖੜ੍ਹੇ ਹਨ। ਇਕ ਪਰਮਾਤਮਾ ਦੀ ਪੂਜਾ ਨਾਲ ਮਨ ਭਟਕਣ ਤੋਂ ਰਹਿ ਜਾਂਦਾ ਹੈ। ਉਥੇ ਹੀ ਪਿੱਛੋਂ ਫਿਰ ਬਿਧੀ ਚੰਦ ਅਤੇ ਭਾਈ ਸੁੰਦਰ ਸ਼ਾਹ ਨੇ ਇਕੋ ਨਾਮ ਦ੍ਰਿੜ੍ਹਾਇਆ।[1] ਸਾਡੇ ਇਤਿਹਾਸ ਵਿਚ ਲਿਖਿਆ ਹੈ ਕਿ ਮਹਾਰਾਜ ਦਾ ਆਉਣਾ ਸੁਣ ਕੇ ਜਿੱਥੇ ਅਯੁੱਧਿਆ ਵਾਸੀ ਆਏ, ਉਥੇ ਪੰਡਤਾਂ ਨੇ ਆ ਚਰਨ ਛੂਹੇ। ਗੁਰੂ ਨਾਨਕ ਦੇਵ ਜੀ ਦੀ ਝਾਲ ਇਤਨੀ ਸੀ ਕਿ ਕਿਸੇ ਕੋਲੋਂ ਝੱਲੀ ਨਹੀਂ ਸੀ ਜਾਂਦੀ। ਉਹ ਨੂਰਾਨੀ ਚਿਹਰੇ ਵੱਲ ਤੱਕ ਵੀ ਨਾ ਸਕੇ। ਇਕ ਨੇ ਸਾਹਸ ਕਰ ਪੁੱਛਿਆ ਕਿ ਇਤਨੀ ਕ੍ਰਿਪਾ ਕਰੋ ਕਿ ਸਾਨੂੰ ਇਹ ਦੱਸ ਜਾਓ ਕਿ ਕਿਸ ਦੇ ਪਾਸ ਬੈਠੀਏ ਤਾਂ ਕਿ ਭਵ ਸਾਗਰ ਪਾਰ ਕਰਨ ਦਾ ਵੱਲ ਆਵੇ। ਮਹਾਰਾਜ ਨੇ ਕਿਹਾ : ਤਿੰਨ ਪ੍ਰਕਾਰ ਦੇ ਪੁਰਸ਼ ਹੁੰਦੇ ਹਨ। ਇਕ ਐਸੇ ਹਨ ਜੋ ਗਿਆਨੀ ਹਨ। ਜਾਣਦੇ ਹਨ। ਥਹੁ ਪਤਾ ਹੈ। ਜਿਵੇਂ ਆਪ ਤਾਂ ਉਹ ਤਰਨਾ ਨਾ ਜਾਣਦਾ ਹੋਵੇ ਪਰ ਨਦੀ ਕਿਨਾਰੇ ਜਾ ਜਿੱਥੋਂ ਠਿਲ੍ਹ ਪਾਰ ਹੋਣਾ ਦਰਸਾ ਦੇਵੇ।

"ਅਨ ਤਾਰੂ ਜਿਉਂ ਬਚਨ ਅਲਾਇ।
ਨਦੀ ਪਾਰ ਤਟ ਦੇਹਿ ਦਿਖਾਇ।
ਆਪ ਨ ਕਰੈ ਦੇਤ ਉਪਦੇਸਾ।
ਪੰਡਿਤ ਗੁਰ ਜਾਨਹੁ ਤੁਮ ਏਸਾ।"

ਦੂਜਾ : ਅਵਧੂਤ ਹੁੰਦਾ ਹੈ। ਜਿਸ ਪਾਸ ਅੱਖਰੀ ਗਿਆਨ ਬੇਸ਼ੱਕ ਨਾ ਹੋਵੇ। ਵਿੱਦਿਆ ਤੋਂ ਅੰਞਾਣ ਹੋਵੇ ਪਰ ਅੰਦਰਲਾ ਉਸ ਦਾ ਰੌਸ਼ਨ ਹੁੰਦਾ ਹੈ। ਮੋਹ ਮੂਲੋਂ ਨਹੀਂ ਹੁੰਦਾ। ਪਕੜ ਨ ਹੋਵੇ। ਆਪ ਤਾਂ ਭਵ ਸਾਗਰ ਪਾਰ ਕਰ ਗਿਆ ਹੋਵੇ ਪਰ ਦੂਜੇ ਨੂੰ ਤਾਰਨ ਦਾ ਵੱਲ ਜਾਂ ਸ਼ਕਤੀ ਨ ਹੋਵੇ।

"ਭਯੋ ਗਿਆਤ ਉਰ ਮੋਹਿ ਮਿਟਾਯੋ।
ਆਪ ਤਰੈ ਭਵ ਸਾਗਰ ਸੋਇ।
ਔਰ ਉਧਾਰ ਨ ਤਹਿ ਤੇ ਹੋਇ। ੧੭।"

ਤੀਜੇ ਮਹਾਂਪੁਰਖ ਹਨ। ਸਭ ਵਿੱਦਿਆ ਦੇ ਗਿਆਤਾ ਹੁੰਦੇ ਹਨ। ਉਨ੍ਹਾਂ ਪਾਸ ਗਿਆਂ ਹੀ ਸਹਿਜੇ ਹੀ ਗਿਆਨ ਹੋਣਾ ਅਰੰਭ ਹੋ ਜਾਂਦਾ ਹੈ। ਆਪ ਪੁੱਗੇ ਹੁੰਦੇ ਹਨ ਅਤੇ ਹੋਰਨਾਂ ਨੂੰ ਤਾਰਨ ਦੀ ਸ਼ਕਤੀ ਉਨ੍ਹਾਂ ਵਿਚ ਹੁੰਦੀ ਹੈ।

"ਸਭ ਵਿਦਿਆ ਮਹਿ ਨਿਪੁੰਨ ਪਛਾਨਹੁ।

---

1. ਦੋ ਗੁਰਦੁਆਰੇ ਹੋਰ ਹਨ। ਇਕ ਨਦੀ ਕਿਨਾਰੇ ਦਸਰਥ ਦੀ ਸਮਾਧ ਲਾਗੇ, ਗੁਰੂ ਤੇਗ ਬਹਾਦਰ ਜੀ ਦਾ ਹੈ ਅਤੇ ਦੂਜਾ ਵਿਸ਼ਿਸ਼ਟ ਕੁੰਡ ਪਾਸ ਕਲਗੀਧਰ ਜੀ ਦਾ।

Sri Satguru Jagjit Singh Ji eLibrary NamdhariElibrary@gmail.com

ਤਿਨ ਕੋ ਮਿਲਹਿ ਮਨੁਜ ਜੋ ਜਾਈ।
ਹੈ ਉਧਾਰ ਸਹਿਜੇ ਗਤਿ ਪਾਈ। ੧੮।'

ਇਹ ਬਚਨ ਸੁਣਦੇ ਉਨ੍ਹਾਂ ਦੀ ਬੁੱਧੀ ਵਿਚ ਐਸੀ ਲਾਗ ਲੱਗੀ ਕਿ ਲਿਵ ਲੱਗੀ। ਹੱਥ ਜੋੜ ਕਹਿਣ ਲੱਗੇ ਕਿ ਸਿੱਖ ਬਣਾਓ। ਉਪਦੇਸ਼ ਦਿਓ। ਮਹਾਰਾਜ ਨੇ ਫ਼ਰਮਾਇਆ :

ਪੰਡਤ ਜਨੋ! ਜਗਤ ਨੂੰ ਸੱਚਮੁੱਚ ਹੀ ਨਾਸ਼ਵੰਤ ਜਾਣਹੁ। ਪ੍ਰੇਮ ਨਾਲ ਚਿੱਤ ਲਗਾ ਕੇ ਸਤਿਨਾਮੁ ਜਪੋ। ਮਨ ਨੂੰ ਉੱਡ ਬਾਹਰ ਨਾ ਜਾਣ ਦਿਓ। ਕੋਸ਼ਿਸ਼ ਕਰਕੇ ਵੀ ਰੋਕੋ। ਇਸ ਤਰ੍ਹਾਂ ਸੁਖ ਨੂੰ ਵਧਾਉਣ ਲਈ ਸੰਗਤ ਕਰੋ।

"ਜਗਤ ਜਾਨੀਐ ਰਿਦੈ ਅਨਿੱਤਾ।
ਸਤਿਨਾਮ ਸਿਮਰਹੁ ਹਿਤ ਚਿੱਤਾ।
ਮਨ ਰੋਕਨ ਕੋ ਕਰ ਅਭਯਾਸਾ।
ਹੈ ਤੁਮ ਕੋ ਸੁਖ ਰਾਸਾ।"[1]

ਭਾਈ ਬਿਧੀ ਚੰਦ ਜੀ ਦੀ ਸਮਾਧੀ ਇਥੋਂ ੧੮ ਕੋਹ ਦੂਰ ਦਿਓ ਨਗਰ ਵਿਚ ਹੈ।

ਬਨਾਰਸ : ਅਯੁੱਧਿਆ ਤੋਂ ਆਪ ਜੀ ਬਨਾਰਸ ਪੁੱਜੇ ਜਿਸ ਨੂੰ ਹੁਣ ਵਾਰਾਨਸੀ ਕਿਹਾ ਜਾਂਦਾ ਹੈ। ਇਹ ਦੋ ਨਦੀਆਂ ਵਿਚਕਾਰ ਵੱਸਿਆ ਸ਼ਹਿਰ ਹੈ। ਅਗਹੋਰੀ ਜਾਤ ਦੇ ਲੋਕੀਂ ਵੀ ਉਥੇ ਹੀ ਰਹਿੰਦੇ ਹਨ ਜੋ ਵਾਮ ਮਾਰਗੀਆਂ ਦਾ ਇਕ ਅੰਗ ਆਖੇ ਜਾਂਦੇ ਹਨ। ਉਥੇ ਹੀ ਕਰਵਤਰ (ਆਰਾ) ਸੀ, ਜਿਸ ਹੇਠਾਂ ਸਵਰਗ ਦੇ ਚਾਹਵਾਨ ਸਿਰ ਰੱਖ ਆਪਣੇ ਆਪ ਨੂੰ ਕਟਵਾਂਦੇ ਸਨ। ਬਨਾਰਸ ਨੂੰ ਸ਼ਿਵ ਦੀ ਨਗਰੀ ਵੀ ਕਿਹਾ ਜਾਂਦਾ ਹੈ। ਇਹ ਮਨੌਤ ਵੀ ਤੁਰੀ ਆਉਂਦੀ ਹੈ ਕਿ ਜੋ ਬਨਾਰਸ ਆਪਣੇ ਪ੍ਰਾਣ ਤਿਆਗੇਗਾ, ਉਹ ਸਵਰਗ ਦਾ ਭਾਗੀ ਹੋਵੇਗਾ। ਵਿੱਦਿਆ ਦਾ ਕੇਂਦਰ ਹੋਣ ਕਰਕੇ ਵਿਦਵਾਨਾਂ ਦਾ ਗੜ੍ਹ ਵੀ ਸੀ। ਫ਼ਾਹਯਾਨ ਚੀਨੀ ਯਾਤਰੀ ਨੇ ਬਨਾਰਸ ਵਿਖੇ 'ਬ੍ਰਾਹਮਣਾਂ ਦਾ ਵਿਸ਼ਵ-ਵਿਦਿਆਲਾ' ਦਾ ਵਰਨਣ ਕੀਤਾ ਹੈ। ਕਬੀਰ ਜੀ ਨੇ ਧਰਮ ਦੇ ਨਾਂ ਹੇਠਾਂ ਪਾਪ ਤੇ ਠੱਗੀ ਹੁੰਦੀ ਦੇਖ ਕੇ ਹੀ 'ਬਾਨਾਰਸ ਕੇ ਠੱਗ' ਲਿਖਿਆ ਸੀ। ਇਥੇ ਹੀ ਕਬੀਰ ਜੀ ਅਤੇ ਰਵਿਦਾਸ ਜੀ ਜਾਤ ਦੇ ਅਭਿਮਾਨੀਆਂ ਨੂੰ ਕਹੁਝੇ ਰਾਹਾਂ ਤੋਂ ਹਟਣ ਦਾ ਦਲੇਰੀ ਨਾਲ ਉਪਦੇਸ਼ ਦਿੰਦੇ ਰਹੇ। ਕਬੀਰ ਜੀ ਨੂੰ ਤਾਂ ਕਈ ਪ੍ਰਕਾਰ ਦੇ ਤਸੀਹੇ ਵੀ ਝੱਲਣੇ ਪਏ। ਉਨ੍ਹਾਂ ਨੇ ਚੁਣੌਤੀ ਸਵੀਕਾਰ ਕਰਕੇ ਬਨਾਰਸ ਛੱਡ ਦਿੱਤਾ ਤੇ ਆਪਣਾ ਟਿਕਾਣਾ 'ਮਗਹਰ' (ਹੜੰਬਾ) ਬਣਾਇਆ ਜਿਸ ਬਾਰੇ ਧਰਮ ਅਭਿਮਾਨੀਆਂ ਨੇ ਪ੍ਰਸਿੱਧ ਕੀਤਾ ਹੋਇਆ ਸੀ ਕਿ ਉਥੇ ਮਰਨ ਵਾਲਾ ਨਰਕ ਜਾਏਗਾ। 'ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਣ ਤਰਾਈ'[2] ਕਬੀਰ ਜੀ ਨੇ ਬਾਣੀ ਉਚਾਰੀ। ਰਵਿਦਾਸ ਜੀ ਨੂੰ ਕਈ ਵਾਰੀ ਉੱਚੀ ਜਾਤ ਦੇ ਅਭਿਮਾਨੀ ਮਾਰਨ ਤੇ ਸਾੜਨ ਆਏ ਪਰ ਜਦ ਉੱਚੀ ਆਵਾਜ਼ ਨਾਲ ਉਨ੍ਹਾਂ ਇਹ ਕਿਹਾ ਕਿ ਉਨ੍ਹਾਂ ਨੂੰ ਇਸ ਲਈ ਮਾਰਿਆ ਜਾ ਰਿਹਾ ਹੈ ਕਿ ਉਹ ਚਮਿਆਰ ਹਨ ਤਾਂ

1. ਸ੍ਰੀ ਗੁਰਪੁਰ ਪ੍ਰਕਾਸ਼।
2. ਆਸਾ ਕਬੀਰ ਜੀ, ਪੰਨਾ ੪੮੪।

Sri Satguru Jagjit Singh Ji eLibrary NamdhariElibrary@gmail.com

ਸਾਰੇ ਨਾਗਰ ਜਨ ਬਨਾਰਸ ਦੇ ਸੁਣ ਲੈਣ ਕਿ ਉਹ ਚਮਿਆਰ ਨਹੀਂ, ਚਮਿਆਰ ਉਹ ਹਨ ਜੋ ਉਨ੍ਹਾਂ ਨੂੰ ਮਾਰਨ ਉੱਠੇ ਹਨ। ਰਵਿਦਾਸ ਤਾਂ ਚਮਿਆਰਪੁਣਾ ਚਿਰੋਕਾ ਛੱਡ ਚੁੱਕਾ ਹੈ। ਉਸ ਨੇ ਸਰੀਰ ਰੂਪੀ ਚੰਮ ਨੂੰ ਮੋਹ ਦੀਆਂ ਤਾਰਾਂ ਨਾਲ ਕਦੇ ਤੋਪੇ ਨਹੀਂ ਲਗਾਏ ਤੇ ਨਾ ਹੀ ਲੋਭ ਦੀਆਂ ਟਾਕੀਆਂ ਜੋੜੀਆਂ ਹਨ। ਉਸ ਨੇ ਸਰੀਰ (ਚੰਮ) ਨਾਲ ਕਦੇ ਪਿਆਰ ਨਹੀਂ ਕੀਤਾ। ਫਿਰ ਉਹ ਤਾਂ ਗੰਗਾ ਰੂਪ ਹੋ ਗਿਆ ਹੈ ਅਤੇ ਜੋ ਉਸ ਨੂੰ ਮਾਰਨ ਨਿਕਲੇ ਹਨ, ਗੰਗਾ ਤੋਂ ਵੱਖ ਹੋ ਕੇ ਬਦਬੂਦਾਰ ਹੋ ਗਏ ਹਨ।

ਜਦ ਗੁਰੂ ਨਾਨਕ ਦੇਵ ਜੀ ਬਨਾਰਸ ਪੁੱਜੇ, ਉਸ ਸਮੇਂ ਬਨਾਰਸ ਦਾ ਰਾਜਾ ਹਰਿਨਾਥ ਸੀ।

ਗੁਰੂ ਨਾਨਕ ਦੇਵ ਜੀ ਨੇ ਬਨਾਰਸ ਵਿਚ ਆਪਣਾ ਟਿਕਾਣਾ ਲੁਕਸ਼ ਮਹੱਲ ਵਿਚ ਕੀਤਾ ਜਿੱਥੇ ਹੁਣ 'ਗੁਰੂ ਕਾ ਬਾਗ਼' ਹੈ ਅਤੇ ਗੁਰਦੁਆਰਾ ਬੜੀ ਸੰਗਤ ਹੈ। ਇਕ ਪੰਡਿਤ ਚਤਰ ਦਾਸ ਨੇ ਗੁਰੂ ਨਾਨਕ ਦੇਵ ਜੀ ਦੇ ਗਲ ਨਾ ਮਾਲਾ, ਨਾ ਤੁਲਸੀ ਦਾ ਟਿੱਕਾ ਤੇ ਨਾ ਹੀ ਸਾਲਿਗਰਾਮ ਪਹਿਣਿਆ ਦੇਖ ਕੇ ਕਿਹਾ ਕਿ ਤੁਸੀਂ ਕੈਸੇ ਸਾਧੂ ਹੋ, ਜੋ ਇਹ ਤਿੰਨ ਵਸਤੂਆਂ ਨੂੰ ਪਾਸ ਨਹੀਂ ਰੱਖਦੇ। ਗੁਰੂ ਜੀ ਨੇ ਫ਼ਰਮਾਇਆ : 'ਇਨ੍ਹਾਂ ਦਾ ਰੱਖਣਾ ਤੇ ਪਹਿਨਣਾ ਕੱਲਰ ਸਿੰਚਨ ਦੇ ਤੁਲ ਹੈ ਤੇ ਕੱਲਰ ਸਿੰਚਨ ਵਾਲਾ ਅਮੋਲਕ ਸਮਾਂ ਵਿਅਰਥ ਹੀ ਗਵਾਉਂਦਾ ਹੈ' :

'ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥
ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥'

ਅਸਲ ਜ਼ਿੰਦਗੀ ਹੈ ਭਜਨ ਤੇ ਆਚਰਨ ਉੱਚਾ ਕਰਨਾ, ਵਿਕਾਰਾਂ ਤੋਂ ਬਚਣਾ ਤੇ ਵੈਰ ਵਿਰੋਧ ਦੀ ਭਾਵਨਾ ਤਿਆਗਣੀ; ਕਾਮ ਵੱਸ ਨਾ ਹੋਣਾ ਤੇ ਕ੍ਰੋਧ ਅਧੀਨ ਕੋਈ ਕੰਮ ਨਾ ਕਰਨਾ। ਐਸਾ ਕਰਨ ਵਾਲਾ ਹੀ ਸੁਖੀ ਹੁੰਦਾ ਹੈ :

'ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ, ਗੋਡਹੁ ਧਰਤੀ ਭਾਈ ॥
ਜਿਉ ਗੋਡਹੁ ਤਿਉਂ ਤੁਮ ਸੁਖ ਪਾਵਹੁ, ਕਿਰਤ ਨ ਮੇਟਿਆ ਜਾਈ ॥

(ਬਸੰਤ ਮਹਲਾ ੧)

ਜਦ ਕੁਝ ਪੰਡਤਾਂ ਨੇ ਸੁੱਚਾ ਭੋਜਨ ਕਰਨ ਦੀ ਗੱਲ ਕਹੀ ਤਾਂ ਆਪ ਜੀ ਨੇ ਕਿਹਾ : 'ਜਿਸ ਮਨਿ ਜੂਠਾ, ਮੁੱਖ ਜੂਠਾ, ਦੇਹੀ ਸਾਸ ਗਿਰਾਸ ਸਭ ਜੂਠੇ, ਜੂਠ ਹੀ ਬੋਲੈ, ਸਿ ਸਦਾ ਖੁਆਰ ਹੋਇ, ਮੁੱਖ ਨ ਪਵੈ ਜੂਠਾ। ਪਿੰਡਾ ਧੋਤੇ ਸੁੱਚਾ ਨਾਹੀਂ ਬਿਨ ਸਚ ਨਾਮ ਸਿਮਰਨ ਤੇ। ਰਸੋਈ ਸੁੱਚਾ ਪਕਾਈ ਨਾਲ ਸਚਾਈ ਨਹੀਂ ਆਉਂਦੀ।'

ਪੰਡਤਾਂ ਇਹ ਵੀ ਪੁੱਛਿਆ ਕਿ ਜੀਵਨ ਜਨਮ ਕੌਣ ਹਾਰਦਾ ਹੈ ਤਾਂ ਗੁਰੂ ਜੀ ਨੇ ਫ਼ਰਮਾਇਆ : **'ਜੋ ਸ਼ਬਦ ਕੇ ਬੀਚ ਨਹੀਂ ਚਲਤੇ, ਮਨ ਕੇ ਬੀਚਾਰ ਚਲਤੇ ਹੈਂ, ਉਹਨਾਂ ਹੀ ਆਪਣਾ ਮਨੁਖਹੁ ਜਨਮ ਹਾਰਿਆ ਹੈ।'**

'ਸਬਦ ਸਹਿਜ ਨਹੀਂ ਬੂਝਿਆ,
ਜਨਮ ਪਦਾਰਥ ਮਨ ਮੁੱਖ ਹਾਰਿਆ ॥'

ਇਹ ਸਭ ਸੁਣ ਪੰਡਤਾਂ ਨੇ ਕਿਹਾ : 'ਤੁਸੀਂ ਕੁਝ ਹੋਰ ਕਹਿੰਦੇ ਹੋ ਤੇ ਬੇਦ ਤਾਂ ਕਿਛ

Sri Satguru Jagjit Singh Ji eLibrary NamdhariElibrary@gmail.com

ਅਵਰ ਹੈ।' ਗੁਰੂ ਨਾਨਕ ਦੇਵ ਜੀ ਨੇ ਬੇਦਾਂ ਦਾ ਤੱਤ ਤੇ ਅਸਲੀਅਤ ਦਰਸਾਂਦੇ ਕਿਹਾ ਕਿ ਬੇਦ ਜੁ ਹੈ ਸਿ ਵਪਾਰੀ ਹੈ। ਬੇਦ ਤਾਂ ਕੇਵਲ ਪਾਪ ਪੁੰਨ ਦੀ ਵੀਚਾਰ ਹੈ। ਪਾਪ ਕਰਨ ਵਾਲੇ ਨੂੰ ਨਰਕ ਤੇ ਪੁੰਨ ਕਰਨ ਵਾਲੇ ਨੂੰ ਸਵਰਗ। ਇਹ ਵਪਾਰ ਨਹੀਂ ਤਾਂ ਹੋਰ ਕੀ ਹੈ ? ਬੇਦ ਵਿਸਮਾਦ ਪੈਦਾ ਨਹੀਂ ਕਰਦਾ। ਅਸਲ ਪੂੰਜੀ ਪਾਰਬ੍ਰਹਮ ਦਾ ਗਿਆਨ ਤੇ ਸਿਮਰਨ ਹੈ। ਗਿਆਨ ਤੇ ਸਿਮਰਨ ਰਾਹੀਂ ਵਾਹ-ਵਾਹ, ਧੰਨ-ਪਰਮੇਸ਼ਰ ਕਹਿਣ ਲਗਦਾ ਹੈ। ਗਿਆਨ ਤੇ ਸਿਮਰਨ ਬਖ਼ਸ਼ਿਸ਼ ਰਾਹੀਂ ਮਿਲਦਾ ਹੈ :

'ਬੇਦ ਪੁਕਾਰੇ ਪੁੰਨੁ ਪਾਪ, ਸੁਰਗ ਨਰਕ ਕਾ ਬੀਉ॥
ਜੋ ਬੀਜੈ ਸੋ ਉਗਵੈ ਖਾਦਾ ਜਾਣੈ ਜੀਉ॥
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ॥
ਸਚੁ ਬੀਜੈ ਸਚ ਉਗਵੈ ਦਰਗਹ ਪਾਈਐ ਥਾਉ॥
ਬੇਦੁ ਵਪਾਰੀ, ਗਿਆਨੁ ਰਾਸਿ, ਕਰਮੀ ਪਲੈ ਹੋਇ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥' ੨॥

(ਸਲੋਕ ਮਹਲਾ ੧, ਸਾਰੰਗ ਕੀ ਵਾਰ ਮਹਲਾ ੪, ਪੰਨਾ ੧੨੪੩)

ਉਥੇ ਹੀ 'ਮੜ੍ਹੈ ਮਸਾਣ ਨ ਜਾਈ' ਦਾ ਉਪਦੇਸ਼ ਵੀ ਦਿੱਤਾ ਅਤੇ ਸਰੀਰ ਕਟਵਾਉਣ ਨਾਲੋਂ ਜਿਉਂਦਿਆਂ ਹਉ-ਰਹਿਤ ਹੋਣ ਦਾ ਵੱਲ ਦੱਸਿਆ। ਫ਼ਰਮਾਇਆ :

'ਦੇਹੀ ਜਿ ਘਰ ਹੈ ਤਿਸ ਮਹਿ ਏਕ ਬਿਦੇਹੀ ਘਰ ਹੈ। ਜਦ ਤੱਕ ਇਸ ਜੀਵ ਕਉ ਦੇਹੀ ਘਰ ਕੀ ਖ਼ਬਰ ਹੋਤੀ ਹੈ ਤਬ ਲਉ ਏਸ ਕਉ ਮਾਇਆ ਕੀ ਤ੍ਰਿਸ਼ਨਾ ਹੋਤੀ ਹੈ। ਜਬ ਏਸ ਘਰ ਮਹਿ ਘਰੁ ਗੁਰੁ ਪੂਰੇ ਦਿਖਾਇਆ ਤਬ ਏਹੁ ਬੇਦਹੀ ਹੂਆ।'

ਬਿਦੇਹੀ (ਸਰੀਰ ਰਹਿਤ) ਹੁੰਦੇ ਸਾਰ ਹੀ ਮਾਇਆ ਦੀ ਤ੍ਰਿਸ਼ਨਾ ਬੁੱਝ ਜਾਂਦੀ ਹੈ। ਵਿਦਵਾਨਾਂ ਨੂੰ ਸਮਝਾਇਆ ਕਿ ਪ੍ਰਮੇਸ਼ਰ ਨੂੰ ਇਹ ਗੱਲ ਨਹੀਂ ਭਾਂਵਦੀ ਕਿ ਕੋਈ ਚਤੁਰਤਾ ਦਾ ਢੰਡੋਰਾ ਦਿੰਦਾ ਫਿਰੇ :

'ਪਾਂਧਾ ਪੜ੍ਹਿਆ ਆਖੀਐ,
ਬਿਧਿਆ ਬਿਚਰੈ ਸਹਜ ਸੁਭਾਇ॥'

ਵਿਦਵਾਨ ਤਾਂ ਉਹ ਹੀ ਹੈ ਜੋ ਆਪਣੇ ਵਿਚਾਰ ਸਹਿਜੇ ਦੇ ਜਾਏ। ਜ਼ੋਰ ਲਗਾ ਕੇ ਕਹੀ ਗੱਲ ਵਿਚ ਵਜ਼ਨ ਨਹੀਂ ਹੁੰਦਾ। ਪੰਡਤ ਹਰੀ ਲਾਲ ਤੇ ਪੰਡਤ ਕ੍ਰਿਸ਼ਨ ਲਾਲ ਨੇ ਗੁਰੂ ਨਾਨਕ ਦਾ ਦੱਸਿਆ ਰਾਹ ਅਪਣਾਇਆ। ਜਦ ਕਈਆਂ ਨੇ ਕਿਹਾ ਕਿ ਉਹ ਜ਼ਰੂਰ ਦੱਸਣ ਕਿ ਕਿਸ ਸੇਵਾ ਰਾਹੀਂ ਉਹਨਾਂ ਇਤਨਾ ਗਿਆਨ, ਸਹਿਜ ਤੇ ਪ੍ਰਮੇਸ਼ਰ ਪਾਇਆ ਹੈ ਤਾਂ ਗੁਰੂ ਜੀ ਨੇ ਕੇਵਲ ਇਤਨਾ ਹੀ ਕਿਹਾ : 'ਇਸ ਮਨੁਖ ਦੇ ਹਥਿ ਕਿਛੁ ਨਾਹੀਂ ਸਭ ਖੇਲ ਉਸ ਕਾ ਹੈ।' ਆਪਣੇ ਸਾਰੇ ਉਪਦੇਸ਼ਾਂ ਦਾ ਤੱਤ ਦਿੰਦੇ ਹੋਏ ਫ਼ਰਮਾਇਆ :

'ਕਰਮਾਂ ਤੇ ਟੇਕ ਨਾ ਰੱਖੋ, ਇਹ ਜਾਣੋ ਕਿ ਸਭ ਠਾਕੁਰ ਕਾ ਹੁਕਮ ਹੋਤਾ ਹੈ, ਜਬ ਇਹ ਬੁਰੇ ਭਲੇ ਤੇ ਨਿਆਰਾ ਹੋਇਆ, ਤਬ ਇਹ ਪ੍ਰਮੇਸ਼ਰ ਜੀ ਕਾ ਹੋਇਗਾ ਤੇ ਪ੍ਰਮੇਸ਼ਰ ਇਸ ਕਾ ਹੋਵੇਗਾ। ਕਰਮ ਧਰਮ ਜੋ ਹਨ ਇਹ ਵੀ ਮਨੁੱਖ ਲਈ ਬੰਧਨ ਹਨ। ਜੋ ਕਰਮ ਧਰਮ ਕਰਨਾ ਵੀ ਹੈ ਸਿ ਆਪਾ ਮਿਟਾਇਕੇ ਕਰਨੈ। ਜਿ ਕਰੈ ਕਰਾਏ

Sri Satguru Jagjit Singh Ji eLibrary NamdhariElibrary@gmail.com

ਰਾਮ, ਹਮ ਥੀ ਕਿਛੁ ਨਾਹੀਂ, ਨ ਪੁੰਨ ਹੀ, ਨ ਪਾਪ ਹੀ, ਬਸ ਗੁਰੂ ਕਾ ਧਿਆਨ ਰੱਖਣਾ, ਪ੍ਰਮੇਸ਼ਰ ਕਾ ਨਾਮ ਸਿਮਰਨਾ, ਜਿ ਕਿਛੁ ਗੁਰੂ ਕਾ ਸ਼ਬਦ ਕਹੇ ਤਿਤ ਰਾਹਿ ਚਲਣਾ। ਉਹ ਮਨਿ ਵਸ ਜਾਏ ਤਾਂ ਭੇਖ ਮੁੱਕ ਗਿਆ। 'ਮਨਿ ਵਸਿਆ ਚੂਕਾ ਭੇਖ'।

ਚਾਰੇ ਪਾਸੇ ਗੁਰੂ ਨਾਨਕ ਦੇਵ ਜੀ ਦੀ ਸੋਭਾ ਫੈਲੀ। ਸਭ ਪਾਸੇ ਇਹ ਹੀ ਚਰਚਾ ਚਲ ਪਈ ਕਿ 'ਗੁਰੂ ਨਾਨਕ ਦੀ ਸ਼ੋਭਾ ਦਰਸ਼ਨ ਕੀ ਕਿਛੁ ਬਰਨੀ ਨਹੀਂ ਜਾਤੀ, ਸਤਿਵਾਦੀ ਹੈ, ਸ਼ੋਭਾ ਅਨੰਨ, 'ਗਿਆਨ ਗੰਮਿ', ਸਿੱਧੀ ਪਹੁੰਚ ਹੈ। ਏਕ ਬਾਰ ਦੇਖਣੇ ਸੇ ਹੀ ਸੰਤੋਖ ਮਿਲਤਾ ਹੈ। ਠੀਕ ਲਿਖਿਆ ਹੈ ਇਤਿਹਾਸ ਵਿਚ ਕਿ ਗੁਰੂ ਅਜਿਹਾ ਸੂਰਜ ਹੈ ਜੋ ਦੰਭ ਦੇ ਹਨੇਰੇ ਨੂੰ ਛੱਟ ਚਾਨਣ ਕਰਦਾ ਹੈ।

ਸਮਕਾਲੀ ਭਗਤਾਂ ਦਾ ਮੇਲ : ਇਲਾਕੇ ਦੇ ਅਤੇ ਪ੍ਰਸਿੱਧ ਸਮਕਾਲੀ ਭਗਤ ਵੀ ਦਰਸ਼ਨਾਂ ਨੂੰ ਆਏ ਤੇ ਉਹਨਾਂ ਦਰਸ਼ਨ ਕਰ ਕੇ ਕਿਹਾ ਕਿ (ਗੁਰੂ) **ਨਾਨਕ ਐਸਾ ਹੈ, ਜੋ ਕਿਸੀ ਬਾਤ ਦਾ ਦਾਅਵਾ ਨਹੀਂ ਧਰਦਾ, ਨ ਕਮਾਈ ਕਾ, ਨ ਭਗਤੀ ਕਾ, ਨ ਸਿਮਰਨ ਕਾ, ਨ ਜਪ ਕਾ, ਨ ਤਪ ਕਾ, ਨ ਧਰਮ ਕਾ, ਨ ਪੁੰਨ ਕਾ, ਨ ਇਸ਼ਨਾਨ ਕਾ, ਨ ਸੀਲ ਕਾ, ਨ ਸੰਜਮ ਕਾ, ਨ ਜੁਗਤ ਕਾ, ਨ ਰਹਤ ਕਾ, ਨ ਨਾਮ ਕਾ, ਨ ਕਾਹੂ ਸੇਵਾ ਕਾ, ਆਪਣੇ ਆਪ ਨੂੰ ਕੀਟ ਕਰ ਜਾਨਤਾ ਹੈ ਅਰੁ ਕਰਨ ਹਾਰ ਉਸ ਕਉ ਪਛਾਨਤਾ ਹੈ**। ਕਰਮ ਕਰਿ-ਕਰਿ, ਨਿਹਕਰਮ ਆਪਣੇ ਆਪ ਨੂੰ ਜਾਣਦਾ ਹੈ। ਭਗਤਾਂ ਨੇ ਜਦ ਪੁੱਛਿਆ ਕਿ ਉਹਨਾਂ ਕੈਸੇ ਪਾਇਆ ਤਾਂ ਗੁਰੂ ਜੀ ਨੇ ਕਿਹਾ :

ਹਉ ਹੋਵੇ ਤਾਂ ਉਹ ਨਾਹੀਂ। ਉਸ ਸਾਥਿ ਜ਼ੋਰ ਕਿਛੁ ਨਾਹੀ ਚਲਤਾ। ਸਿਫ਼ਤ ਨਾਲ ਹੀ ਸਿਫ਼ਤ ਵਿਚ ਸਮਾ ਸਕੀਦਾ ਹੈ। 'ਸਿਫਤੀ ਸਿਫਤ ਸਮਾਇ'। ਉਹਨਾਂ ਸਾਰਿਆਂ ਨੇ ਗੁਰੂ ਜੀ ਦੇ ਬਚਨ ਸੁਣ ਕੇ ਕਿਹਾ : **'ਕਲਿ ਵਿਖੇ ਤੇਰਾ ਪੰਥ ਚਲੇਗਾ, ਤਿਹ ਲੋਅ ਮਹਿ ਨਾਨਕ ਹੀ ਨਾਨਕ ਹੋਇ ਜਾਇਗਾ।'**

ਬਨਾਰਸ ਦਾ ਰਾਜਾ ਹਰਿਨਾਥ ਵੀ ਆਇਆ ਤੇ ਉਸ ਨੇ ਸੰਸਾਰ ਤਿਆਗਣ ਦੀ ਗੱਲ ਕਹੀ ਤਾਂ ਗੁਰੂ ਜੀ ਨੇ ਉਪਦੇਸ਼ ਦਿੰਦੇ ਹੋਏ ਫ਼ਰਮਾਇਆ : 'ਸਾਡਾ ਰਾਹ ਸੰਸਾਰ ਛੱਡਣ ਵਾਲਾ ਨਹੀਂ। ਸਾਡਾ ਇਹ ਮਤ ਨਹੀਂ ਕਿ ਤੂੰ ਰਾਜ ਛੋਡ ਕਰ ਭੀਖ ਮੰਗਦਾ ਫਿਰੈਂ। ਹਮਾਰੇ ਮਿਲਨੇ ਦਾ ਵਿਸੇਖ (ਵਾਧਾ) ਤਾਂ ਹੈ ਜੇ ਤੂੰ ਰਾਜ ਹੀ ਮਹਿ ਪ੍ਰਮੇਸ਼ਰ ਕਾ ਪਰਮ ਪਦ ਪਾਵਹਿ। ਰਾਜ ਵਿਚ ਜੋਗ ਮਿਲਦਾ ਹੈ, ਜੇ ਪ੍ਰਮੇਸ਼ਰ ਦਾ ਸਿਮਰਨ ਸੇਵਾ ਜਾਣ ਕਰ ਕਰੇਂ। ਨਾਮ, ਦਾਨ, ਸੀਲ, ਸੰਜਮ, ਦਇਆ, ਭਾਉ, ਗ਼ਰੀਬੀ ਧਾਰਨ ਕਰੇਂ ਤਾਂ ਰਾਜ ਮੈ ਹੀ ਮੁਕਤਾ ਹੋਇ।'

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਬਨਾਰਸ ਆਪ ਜੀ ਪੰਦਰਾਂ ਦਿਨ ਰਹੇ। ਭਗਤ ਰਵਿਦਾਸ ਜੀ ਵੀ ਉਥੇ ਮਿਲੇ ਕਹੇ ਜਾਂਦੇ ਹਨ। ਉਥੋਂ ਭਗਤ ਕਬੀਰ ਜੀ ਨੂੰ ਮਿਲਣ ਲਈ ਮਗਹਰ, ਗੋਰਖਪੁਰ ਦੇ ਨੇੜੇ ਚਲੇ ਗਏ। ਕਬੀਰ ਜੀ ਬੜੇ ਤਪਾਕ ਨਾਲ ਮਿਲੇ। ਕਬੀਰ ਜੀ ਨੇ ਨਿੰਮ੍ਰਤਾ ਵਿਚ ਕਿਹਾ : 'ਰਾਖ ਲੇਹੁ ਹਮ ਤੇ ਬਿਗਰੀ' ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ : ਕਬੀਰ! ਪ੍ਰੇਮ ਭਗਤ ਮਹਿ ਤੁਮ ਗੰਭੀਰ। ਸੱਤ ਦਿਨ ਉਥੇ

ਰਹੇ। ਵਾਰ ਮਾਝ ਤੇ ਮਲਾਰ ਦੀਆਂ ਕਈ ਪਉੜੀਆਂ ਉਥੇ ਹੀ ਉਚਾਰੀਆਂ। ਗੁਰੂ ਜੀ ਨੇ ਉਥੇ ਇਹ ਗੱਜ ਵਜਾ ਕੇ ਕਿਹਾ ਕਿ ਕਲਿਯੁਗ ਵਿਚ ਹੋਰ ਕੋਈ ਦਾਰੂ ਨਹੀਂ ਲਗਦਾ। ਨ ਤੰਤਰ, ਨ ਮੰਤਰ, ਸਿਰਫ਼ ਪ੍ਰਭੂ ਦਾ ਸਿਮਰਨ ਤੁਰਦਾ ਹੈ :

ਅਵਰ ਨ ਅਉਖਧੁ, ਤੰਤ ਨ ਮੰਤਾ॥
ਹਰਿ ਹਰਿ ਸਿਮਰਣ, ਕਿਲਵਿਖ ਹੰਤਾ॥ *(ਆਸਾ ਮਹਲਾ ੧)*

ਗਯਾ : ਉਥੋਂ ਆਪ ਜੀ ਗੋਰਖਪੁਰ ਤੇ ਫਿਰ ਬਨਾਰਸ ਹੁੰਦੇ ਹੋਏ ਗਯਾ ਗਏ। ਇਹ ਮਨੌਤ ਹੈ ਕਿ ਗਯਾ ਵਿਚ ਗਆਸੁਰ ਰਾਕਸ਼ ਦਾ ਸਰੀਰ ਦੱਬਿਆ ਪਿਆ ਹੈ। ਕਹਿੰਦੇ ਹਨ ਕਿ ਗਆਸੁਰ ਨੇ ਭਗਤੀ ਕਰ ਇਹ ਵਰ ਲਿਆ ਸੀ ਕਿ ਉਸ ਨੂੰ ਦੇਖਣ ਨਾਲ ਹੀ ਜੀਵ ਨਰਕਾਂ ਤੋਂ ਛੁੱਟ ਜਾਣਗੇ। ਜਦ ਨਰਕ ਹੀ ਖ਼ਾਲੀ ਹੋ ਗਿਆ ਤਾਂ ਦੇਵਤਿਆਂ ਨੇ ਗਆਸੁਰ ਕੋਲੋਂ ਸਰੀਰ ਦਾਨ ਵਜੋਂ ਮੰਗਿਆ ਤੇ ਉਹ ਪੱਥਰ ਹੋ ਗਿਆ। ਉਸ ਦਾ ਪੱਥਰ ਸਰੀਰ ਗਯਾ ਵਿਚ ਹੈ ਤੇ ਧਰਮ ਦੇ ਨਾਂ 'ਤੇ ਪਖੰਡ ਕਰਨ ਵਾਲਿਆਂ ਨੇ ਇਹ ਪ੍ਰਸਿੱਧ ਕਰ ਦਿੱਤਾ ਕਿ ਜੇ ਕੋਈ ਉਸ ਦੇ ਸਰੀਰ ਦੇ ਅਸਥਾਨ 'ਤੇ ਆ ਕੇ ਪੁੰਨ ਦਾਨ ਕਰੇਗਾ, ਉਸ ਦੀ ਗਤੀ ਹੋਵੇਗੀ। ਤਿਲ, ਜੌਂ ਅਤੇ ਚੌਲਾਂ ਦੇ ਨੌਂ ਪਿੰਨੇ ਪਿੰਡ ਵੱਟ ਕੇ ਵੰਡੇ ਜਾਂਦੇ ਹਨ। ਪਹਿਲੇ ਦਾ ਸਿਰ, ਦੂਜੇ ਦੀ ਗਰਦਨ, ਤੀਜੇ ਦੀ ਛਾਤੀ, ਚੌਥੇ ਦੀ ਪਿੱਠ, ਪੰਜਵੇਂ ਦਾ ਪੱਟ, ਛੇਵੇਂ ਦਾ ਲੱਕ, ਸੱਤਵੇਂ ਦਾ ਪੇਟ, ਅੱਠਵੇਂ ਦੇ ਗੋਡੇ ਅਤੇ ਨੌਵੇਂ ਦੇ ਪੈਰ ਬਣਾ ਕੇ ਪੂਰੀ ਦੇਹੀ ਦਾ ਬਣਨਾ ਪ੍ਰਸਿੱਧ ਕੀਤਾ ਹੋਇਆ ਹੈ। ਇਸ ਤੋਂ ਹੋਰ ਕਈ ਪਦਾਰਥ ਹਥਿਆ ਲਏ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਨੇ 'ਦੀਵਾ ਮੇਰਾ ਏਕ ਨਾਮ' ਦਾ ਉਪਦੇਸ਼ ਦਿੰਦੇ ਹੋਏ ਫ਼ਰਮਾਇਆ :

"ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥ ਰਹਾਉ॥
ਪਿੰਡ ਪਤਲਿ ਮੇਰੀ ਕੇਸਉ, ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ, ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥ ੨॥

(ਆਸਾ ਮਹਲਾ ੧, ਪੰਨਾ ੩੫੮)

ਗਯਾ ਤੋਂ ਬੋਧ ਗਯਾ ਪੁੱਜੇ। ਮੱਠ ਦੇ ਮਹੰਤ ਦੇਵ ਗਿਰੀ ਨੇ ਬਾਬੇ ਦੇ ਬਚਨਾਂ ਵਿਚ ਸ਼ਾਂਤੀ ਅਨੁਭਵ ਕੀਤੀ। ਜੋ ਬੀਜ ਗੁਰੂ ਜੀ ਪਾ ਆਏ ਸਨ ਉਸ ਨੇ ਫਲ ਗੁਰੂ ਹਰਿਗੋਬਿੰਦ ਜੀ ਵੇਲੇ ਦਿੱਤਾ। ਦੇਵ ਗਿਰੀ ਤੋਂ ਤੀਜੀ ਪੀੜ੍ਹੀ **ਭਗਤ ਗਿਰ ਮਹੰਤ ਆਪਣੇ ਤਿੰਨ ਸੌ ਸੱਠ** (੩੬੦) **ਮਹੰਤਾਂ ਸਮੇਤ ਗੁਰੂ ਘਰ ਦਾ ਸੇਵਕ ਬਣਿਆ,** ਜੋ ਹੁਣ ਵੀ ਉਸ ਦੇਸ਼ ਵਿਚ ਭਗਤ ਭਗਵਾਨ ਦੇ ਸਦਾਉਂਦੇ ਹਨ। ਉਥੋਂ ਰਜੌਲੀ ਗਏ ਤੇ ਕਲੂਣ ਸ਼ਾਹ ਨੂੰ ਨਾਮ ਬਖ਼ਸ਼ਿਆ। ਅਟਕਿਆਂ ਨੂੰ ਗੁਰੂ ਜੀ ਅੱਗੇ ਤੋਰ ਰਹੇ ਸਨ। ਉਥੋਂ ਚਾਰ ਮੀਲ ਦੂਰ ਅਕਬਰਪੁਰ ਦੇ ਪਿੰਡ ਇਕ ਐਸੀ ਵਾਰਤਾ ਹੋਈ ਜਿਸ ਦੁਆਰਾ ਗੁਰੂ ਜੀ ਨੇ ਸੰਗਤ ਦੀ ਮਹਿਮਾ ਦ੍ਰਿੜ੍ਹਾਈ।

ਮੁਹਰ ਤੇ ਮੁਹਰਾ : ਦੋ ਦੁਕਾਨਦਾਰ ਨਿੱਤ ਰਾਤ ਮਗਰੋਂ ਇਕੱਠੇ ਤੁਰਦੇ ਅਤੇ ਦੋਰਾਹ 'ਤੇ ਪੁੱਜ ਵੱਖ ਹੋ ਜਾਂਦੇ। ਇਕ ਵੇਸਵਾ ਪਾਸ ਚਲਾ ਜਾਂਦਾ ਅਤੇ ਦੂਜਾ ਸਤਿਸੰਗ ਵਿਚ।

Sri Satguru Jagjit Singh Ji eLibrary NamdhariElibrary@gmail.com

ਇਕ ਦਿਨ ਜਦ ਵਿਭਚਾਰੀ ਵਾਪਸ ਪਿਆ ਮੁੜਦਾ ਸੀ ਤਾਂ ਉਸ ਨੂੰ ਠੇਡਾ ਲੱਗਾ ਤੇ ਇਕ ਮੋਹਰ ਮਿਲੀ। ਦੂਜੇ ਪਾਸੇ ਸਤਿਸੰਗੀ ਨੂੰ ਟੁਰਦੇ ਸੂਲ ਚੁੱਭੀ ਤੇ ਖ਼ੂਨ ਵਗਿਆ। ਦੋਵੇਂ ਜਦ ਇਕੱਠੇ ਹੋਏ ਤਾਂ ਆਪਣੀ-ਆਪਣੀ ਵਾਰਤਾ ਦੱਸੀ। ਗੁਰੂ ਨਾਨਕ ਦੇਵ ਜੀ ਦਾ ਆਉਣਾ ਸੁਣ ਕੇ ਦੋਵੇਂ ਸ਼ੰਕਾ ਨਿਵਾਰਨ ਲਈ ਹਾਜ਼ਰ ਹੋਏ ਤੇ ਕਿਹਾ ਕਿ ਪਾਪ ਦੇ ਸੰਗ ਦਾ ਸਿੱਟਾ ਮੁਹਰ ਤੇ ਸਾਧ ਸੰਗ ਦਾ ਫਲ ਮੁਹਰਾ। ਗੁਰੂ ਜੀ ਨੇ ਕਿਹਾ : 'ਉਸੇ ਥਾਂ ਹੀ ਚੱਲੋ ਜਿੱਥੇ ਮੁਹਰ ਮਿਲੀ ਹੈ।' ਜਦ ਉੱਥੇ ਪੁੱਜੇ ਜਿੱਥੋਂ ਵਿਭਚਾਰੀ ਨੂੰ ਮੁਹਰ ਮਿਲੀ ਸੀ ਤਾਂ ਰਤਾ ਕੁ ਪੁੱਟ ਕੇ ਹੇਠਾਂ ਵੇਖਿਆ ਤਾਂ ਇਕ ਗਾਗਰ ਕੋਲਿਆਂ ਨਾਲ ਭਰੀ ਪਈ ਸੀ। ਮਹਾਰਾਜ ਨੇ ਕਿਹਾ : 'ਪਾਪ ਦੇ ਸੰਗ ਦਾ ਸਿੱਟਾ ਇਹ ਹੈ ਕਿ ਹੀਰਿਆਂ ਰੂਪੀ ਜੀਵਨ ਇਸ ਨੇ ਕੋਲਾ ਬਣਾ ਲਿਆ। ਇਹ ਮੁਹਰ ਵੀ ਇਸ ਨੂੰ ਤੇਰੇ ਨਾਲ ਕੁਝ ਚਿਰ ਸੰਗ ਨਾਲ ਮਿਲੀ ਹੈ।' ਜਦ ਉਥੇ ਪੁੱਜੇ ਜਿੱਥੇ ਸੂਲ ਚੁੱਭੀ ਸੀ ਤਾਂ ਸਾਰੇ ਦੇਖ ਕੇ ਹੈਰਾਨ ਹੋਏ ਕਿ ਹੇਠਾਂ ਸੱਪਾਂ ਦੀ ਖੁੱਡ ਸੀ। ਸੰਗਤ ਨਾਲ ਸੱਪ ਖੁੱਡ ਵਿਚ ਚਲੇ ਗਏ, ਜੋ ਥੋੜ੍ਹੀ ਜਿਹੀ ਹਉਮੈ, ਕ੍ਰੋਧ ਜ਼ਹਿਰ ਸੀ ਉਹ ਵੀ ਬਾਹਰ ਨਿਕਲ ਗਿਆ। ਗੁਰੂ ਜੀ ਨੇ ਸਾਧ ਸੰਗਤ ਦੀ ਉਚਿਤਾ ਦਰਸਾਉਂਦੇ ਫ਼ਰਮਾਇਆ ਕਿ ਸਾਧ ਸੰਗਤਿ ਤੁਲ ਕੋਈ ਤਪ ਨਹੀਂ ਤੇ ਇਸੇ ਵਿਚ ਪਾਪ ਕੱਟਣ ਤੇ ਹਟਾਉਣ ਦੀ ਸ਼ਕਤੀ ਹੈ।

ਇਕ ਬਾਲਕ ਨੇ ਉਥੇ ਹੀ ਹੋਲਾਂ (ਭੁੱਜੇ ਹੋਏ ਛਿਲਕੇ ਸਮੇਤ ਹਰੇ ਚਨੇ) ਸ਼ਰਧਾ ਨਾਲ ਭੇਟ ਕੀਤੀਆਂ ਤਾਂ ਆਪ ਜੀ ਨੇ ਛਕੀਆਂ ਅਤੇ ਉਸ ਬਾਲਕ ਨੂੰ **'ਆਓ ਬੈਠੋ ਸੁਲਤਾਨ'** ਕਹਿ ਕੇ ਕੋਲ ਬਿਠਾਇਆ। ਉਹ ਬਾਲਕ ਪਿੱਛੋਂ ਬਾਦਸ਼ਾਹ ਬਣਿਆ। ਅਕਬਰਪੁਰ ਤੋਂ ਆਪ ਜੀ ਪਟਨਾ ਗਏ।

ਪਟਨਾ ਸਾਹਿਬ : ਪਟਨਾ ਪੁਰਾਤਨ ਸ਼ਹਿਰ ਹੈ ਅਤੇ ਅਰੰਭ ਵਿਚ ਇਹ ਪਾਟਲੀ ਗਰਾਮ ਤੇ ਕੁਸਮਪੁਰ ਕਰਕੇ ਜਾਣਿਆ ਜਾਂਦਾ ਸੀ। ਫਿਰ ਪ੍ਰਸਿੱਧ ਨਾਂ ਪਾਟਲੀ ਪੁੱਤਰ ਹੋਇਆ। ਇਹ ਮੰਨਿਆ ਜਾਂਦਾ ਹੈ ਕਿ ਬੁੱਧ ਜੀ ਵੈਸ਼ਾਲੀ ਤੋਂ ਰਾਜ ਗ੍ਰਿਹ ਨੂੰ ਜਾਂਦੇ ਇਥੋਂ ਲੰਘੇ ਸਨ। ਇਸ ਸ਼ਹਿਰ ਦੀ ਮਹੱਤਤਾ ਮੌਰੀਆ ਗੁਪਤ ਕਾਲ ਤੱਕ ਬਣੀ ਰਹੀ। ਮੁਸਲਮਾਨਾਂ ਨੇ ਪਾਟਲੀ ਪੁੱਤਰ ਦੀ ਥਾਂ ਬਿਹਾਰ ਸ਼ਰੀਫ਼ ਨੂੰ ਆਪਣਾ ਕੇਂਦਰ ਬਣਾ ਲਿਆ। ਉਹ ਸ਼ੇਰ ਸ਼ਾਹ ਹੀ ਸੀ ਜਿਸ ਨੇ ਸ਼ਹਿਰ ਦੀ ਕੀਮਤ, ਜੰਗੀ ਦ੍ਰਿਸ਼ਟੀਕੋਣ ਤੋਂ ਵੀ ਜਾਣੀ ਅਤੇ ਕਿਲ੍ਹੇ ਦੀ ਉਸਾਰੀ ਕਰ ਕੇ ਗੁਆਚੀ ਸ਼ਾਨ ਮੋੜ ਆਂਦੀ। ਗੁਰੂ ਨਾਨਕ ਦੇਵ ਜੀ ਜਦ ਪਟਨਾ ਪੁੱਜੇ ਤਾਂ ਉਸ ਸਮੇਂ ਪਟਨਾ, ਅਫ਼ਗਾਨਾਂ ਦੇ ਅਧਿਕਾਰ ਵਿਚ ਸੀ। ਪਟਨਾ ਵਿਖੇ, 'ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ'[1] ਦਾ ਪ੍ਰਮਾਣ ਦੇ ਕੇ ਦਰਸਾਇਆ।

ਭਾਈ ਮਰਦਾਨਾ ਜੀ ਨੂੰ ਇਕ ਕੀਮਤੀ ਰਤਨ ਦਿੱਤਾ ਜੋ ਉਹਨਾਂ ਨੂੰ ਗੰਗਾ ਕਿਨਾਰੇ ਮਿਲਿਆ ਸੀ ਕਿ ਉਸ ਦਾ ਮੁੱਲ ਪਵਾ ਲਿਆਏ। ਸਬਜ਼ੀ ਵਾਲੇ ਨੇ ਇਕ ਮੂਲੀ, ਲੱਕੜਹਾਰੇ ਨੇ ਚਾਰ ਲੱਕੜਾਂ, ਬਜਾਜੀ ਵਾਲੇ ਨੇ ਦੋ ਗਜ਼ ਕੱਪੜਾ, ਹਲਵਾਈ ਨੇ ਅੱਧ ਸੇਰ ਮਠਿਆਈ ਤੇ ਸੁਨਿਆਰੇ ਨੇ ਕੁਝ ਮੁੱਲ ਪਾਇਆ। ਪਰ ਭਾਈ ਮਰਦਾਨਾ ਜੀ ਜਦ ਰਤਨ ਲੈ ਕੇ ਸਾਲਿਸ ਰਾਏ ਜੌਹਰੀ ਪਾਸ ਪੁੱਜੇ ਤਾਂ ਉਹਨਾਂ ਨੇ ਸਿਰਫ਼ ਦਰਸ਼ਨ ਭੇਟਾ ਇਕ ਸੌ ਰੁਪਏ

1. ਗਉੜੀ ਮਹਲਾ ੧, ਪੰਨਾ ੧੫੬।

Sri Satguru Jagjit Singh Ji eLibrary NamdhariElibrary@gmail.com

ਦਿੱਤੀ ਤੇ ਕਿਹਾ, ਐਸੇ ਰਤਨ ਦੇ ਦਰਸ਼ਨ ਹੀ ਭਾਗਾਂ ਨਾਲ ਹੁੰਦੇ ਹਨ। ਉਸਦੇ ਨੌਕਰ ਅਧਰਕਾ ਨੂੰ ਵੀ ਸੂਝ ਮਿਲੀ। ਗੁਰੂ ਜੀ ਨੇ ਸੌ ਰੁਪਿਆ ਮੋੜ ਦਿੱਤਾ ਤੇ **ਪਹਿਲਾਂ ਦ੍ਰਿਸ਼ਟੀ ਦੀ ਮਹੱਤਤਾ ਦੱਸੀ। ਉਹ ਦ੍ਰਿਸ਼ਟੀ ਹੀ ਹੈ ਜੋ ਪੱਥਰ ਤੇ ਹੀਰੇ ਨੂੰ ਪਰਖ ਲੈਂਦੀ ਹੈ। ਪਰਖਣ ਲਈ ਇਕ ਢੰਗ ਵਿੱਦਿਆ ਦਾ ਹੈ, ਮਾਪ ਤੋਲ ਦਾ ਹੈ ਪਰ ਸਭ ਤੋਂ ਉੱਤਮ ਦ੍ਰਿਸ਼ਟੀ ਦਾ ਹੈ।** ਇਹ ਦ੍ਰਿਸ਼ਟੀ ਮਿਲਦੀ ਹੈ ਅਭਿਆਸ ਨਾਲ, ਬਖ਼ਸ਼ਿਸ਼ ਨਾਲ। ਗੁਰੂ ਨਾਨਕ ਦੇਵ ਜੀ ਨੇ ਪਟਨਾ ਵਿਖੇ ਰਤਨ ਰੂਪੀ ਜੀਵਨ ਨੂੰ ਅਜਾਈਂ ਗੁਆਉਣ ਵਾਲਿਆਂ ਨੂੰ ਸਮਝਾਇਆ ਕਿ ਬਹੁਤੇ ਜੀਵਨ ਨੂੰ ਤੁੱਛ ਹੀ ਜਾਣਦੇ ਹਨ। ਕਈ ਲੱਕੜਹਾਰੇ ਵਾਂਗੂੰ ਵੱਢੀ ਜਾਂਦੇ ਹਨ ਤੇ ਸਾੜੀ ਜਾਂਦੇ ਹਨ। ਕੁਝ ਲੋਕ ਸਾਰਾ ਜੀਵਨ ਹੀ ਭੇਖ ਕਰ, ਦਿਖਾਵੇ ਦਾ ਬਤੀਤ ਕਰ ਜਾਂਦੇ ਹਨ ਅਤੇ ਕੁਝ ਇਹ ਕਹੀ ਜਾਂਦੇ ਹਨ, 'ਖਾਉ ਪੀਉ ਕਰੋ ਅਨੰਦ' ਥੋੜ੍ਹਿਆਂ ਨੂੰ ਸੋਝੀ ਆਈ ਹੈ ਪਰ ਕੋਈ ਵਿਰਲਾ ਸਾਲਸ ਰਾਇ ਜੌਹਰੀ ਹੈ ਜੋ ਦਰਸ਼ਨ ਭੇਟ ਦੇ ਕੇ ਜਾਂਦਾ ਹੈ। ਜਿਨ੍ਹਾਂ ਨੂੰ ਕਰਤਾਰ ਨੇ ਦ੍ਰਿਸ਼ਟੀ ਬਖ਼ਸ਼ੀ ਹੈ ਉਹ ਮਨੁੱਖੀ ਜੀਵਨ ਦੀ ਕਦਰ ਕਰਦੇ ਹਨ। ਵਿਸ਼ੈ-ਵਿਕਾਰਾਂ ਵਿਚ ਪੈ ਕੇ ਜੀਵਨ ਗੁਆ ਲੈਣਾ ਠੀਕ ਨਹੀਂ। ਪ੍ਰਮੇਸ਼ਰ ਦੀ ਭਗਤੀ ਗਿਆਨ ਬਿਨਾਂ ਮਨੁੱਖ ਪਸ਼ੂ ਦੇ ਸਮਾਨ ਹੈ। ਸਾਲਸ ਰਾਇ ਵਿਚ ਵੀ ਉਤਸ਼ਾਹ ਤੇ ਉਮਾਹ ਦਾ ਫੁਹਾਰਾ ਫੁੱਟ ਪਿਆ ਤੇ ਉਸ ਗੁਰੂ ਉਪਮਾ ਵਿਚ ਕਿਹਾ:

'ਸਤਿਗੁਰ ਦਾਤਾ ਨਾਮ ਕਾ ਦੀਨੇ ਖੋਲ ਕਪਾਟ।
ਏਕ ਜੋ ਵਣਜ ਵਣਜਿਆ, ਬਹੁਰ ਨਾ ਆਵੇ ਘਾਟ।'
ਸਤਿਗੁਰ ਨਾਨਕ ਪੂਰਾ। ਬਚਨ ਕਾ ਪੂਰਾ।

ਇਹ ਵੀ ਯਾਦ ਰਹੇ ਕਿ ਇਸੇ ਸਾਲਸ ਰਾਇ ਜੌਹਰੀ ਦੀ ਔਲਾਦ ਵਿਚੋਂ ਫ਼ਤਹਿ ਚੰਦ ਮੈਨੀ ਖੱਤਰੀ ਦਸਵੇਂ ਪਾਤਸ਼ਾਹ ਦਾ ਪਰਮ ਭਗਤ ਹੋਇਆ ਜਿਸ ਦੇ ਘਰ ਦਸਵੇਂ ਪਾਤਸ਼ਾਹ ਹਮੇਸ਼ਾ ਜਾ ਕੇ ਖੇਡਦੇ ਸਨ ਤੇ ਦੋਧੀ ਪੂੜੀਆਂ, ਦੁੱਧ ਭਿੱਜੇ ਛੋਲੇ, ਤਲੇ ਹੋਏ ਛਕਦੇ ਸਨ। ਉਸ ਦੇ ਨਾਮ ਦੀ 'ਮੈਨੀ ਸੰਗਤ' ਹੁਣ ਤੱਕ ਕਾਇਮ ਹੈ। ਅਧਰਕਾ ਦੀ ਸੰਤਾਨ ਵਿਚੋਂ ਹੀ ਘਨਿਸ਼ਾਮ, ਗੁਲਾਬ ਰਾਇ, ਦਸਵੇਂ ਗੁਰੂ ਦੇ ਮਸੰਦ, ਮੂਸੇ ਦੀ ਸੰਗਤ ਨੂੰ ਅਨੰਦਪੁਰ ਲੈ ਜਾਂਦੇ ਰਹੇ। ਜਦ ਸਾਲਸ ਰਾਇ ਨੇ ਫੇਰ ਕਦੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਤਾਂ ਆਪ ਜੀ ਨੇ ਫ਼ਰਮਾਇਆ: **'ਗੁਰਮੁਖਾਂ ਨੂੰ ਸਦਾ ਹੀ ਦਰਸ਼ਨ ਹਨ।'** 'ਆਪ ਜੀ ਦੀ ਪ੍ਰਸੰਨਤਾ ਕਿਵੇਂ ਲਵਾਂ' ਦੀ ਗੱਲ ਜਦ ਉਸ ਕਹੀ ਤਾਂ ਆਪ ਜੀ ਨੇ ਕਿਹਾ:

'ਜੇ ਚਾਹੁ ਪ੍ਰਸੰਨਤਾ।
ਸੇਵਾ ਕਰਹੁ ਅਧਰਕਾ ਸੰਤਾ।'

ਬਾਬੇ ਦੇ ਸਰੂਪ ਬਾਰੇ ਲਿਖਿਆ ਹੈ ਕਿ ਸਰੂਪ ਐਸਾ ਸੋਹਣਾ ਹੈ ਜਿ ਦੇਖਿਆ ਬਣ ਆਵੇ। ਭਾਵੇਂ ਉਹ ਘਰ ਵਾਲੀ, ਮਾਪਿਆਂ ਤੇ ਪਰਿਵਾਰ ਤੋਂ ਚਿਰਾਂ ਤੋਂ ਵਿਛੜੇ ਸਨ ਪਰ ਉਹਨਾਂ ਨੂੰ ਰਤਾ ਵੀ ਮਲਾਲ ਨਹੀਂ ਸੀ। ਪਟਨੇ ਵਿਖੇ ਲੰਗਰ ਦੀ ਬੁਨਿਆਦ ਵੀ ਰੱਖੀ। ਸਭ ਪੰਗਤਾਂ ਵਿਚ ਬੈਠ ਖਾਣ ਲੱਗੇ। ਰਾਜ ਗ੍ਰਿਹ ਵੱਲ ਜਾਂਦੇ ਕੁਝ ਪੈਂਡਾ ਜਦ ਨਿਰਾ ਹੀ ਉਜਾੜ ਆਇਆ ਤਾਂ ਮਰਦਾਨਾ ਜੀ ਨੇ ਕਿਹਾ: ਲੰਮੀ ਉਜਾੜ ਹੈ, ਵਸਦੀ ਕਦ ਆਵੇਗੀ ਤਾਂ ਗੁਰੂ ਨਾਨਕ ਜੀ ਨੇ ਫ਼ਰਮਾਇਆ:

Sri Satguru Jagjit Singh Ji eLibrary NamdhariElibrary@gmail.com

'ਬਡੋ ਨਗਰ ਵਸਈ ਅਭਿਰਾਮੂ॥
ਸਿਮਰਨ ਹੋਇ ਜਹਾ ਸਤਿਨਾਮੂ॥
ਜਿਹ ਪ੍ਰਮੇਸਰ ਚਿਤ ਨ ਆਵੈ॥
ਸੋ ਵਸਦੀ ਉਦਿਆਨ ਲਖਾਵੈ॥

ਰਾਜ ਗ੍ਰਿਹ : ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ੨੪ ਫੱਗਣ ੧੫੬੩ ਬਿਕਰਮੀ, (੨੮ ਫ਼ਰਵਰੀ ੧੫੦੭) ਨੂੰ ਪਟਨਾ ਤੋਂ ਚੱਲ ਕੇ ਰਾਜ ਗ੍ਰਿਹ ਠਹਿਰੇ। ਉਥੇ ਹੋਲੀ ਦਾ ਮੇਲਾ ਸੀ। ਆਪ ਜੀ ਨੇ ਉਥੇ 'ਧਨ ਜੋਬਨ ਅਰ ਫੁਲੜਾ ਨਾਠੀਅੜੇ ਦਿਨ ਚਾਰਿ' ਦਾ ਸ਼ਬਦ ਗਾਇਆ। ਜੀਵਨ ਕੈਸਾ ਹੋਵੇ, ਦਾ ਗਿਆਨ ਦੇ ਕੇ ਸਹਿਜ ਵਿਚ ਵਿਚਰਨ ਦਾ ਉਪਦੇਸ਼ ਦਿੱਤਾ। ਉਥੇ ਤਿੰਨ ਚਸ਼ਮੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦੇ ਨਾਂ ਦੇ ਸਨ। ਤਿੰਨੇ ਹੀ ਤੱਤੇ ਪਾਣੀ ਦੇ ਸਨ। ਲੋਕਾਂ 'ਸ਼ਾਂਤੀ ਦੇ ਅਵਤਾਰ ਗੁਰੂ ਨਾਨਕ ਦੇਵ ਜੀ ਨੂੰ ਠੰਢਾ ਜਲ ਪ੍ਰਦਾਨ ਕਰਨ ਦੀ ਬੇਨਤੀ ਕੀਤੀ।' ਜਿਸ ਥਾਂ ਆਪ ਜੀ ਨੇ ਸ਼ਬਦ ਗਾਇਆ ਸੀ ਉਥੇ ਪਾਣੀ ਦਾ ਚਸ਼ਮਾ ਵਹਿ ਤੁਰਿਆ ਜੋ ਸੀਤਲ ਜਲ ਦਾ ਸੀ। ਗੱਲ ਠੀਕ ਹੈ, ਸਾਰੇ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ ਤੱਤੇ ਹਨ, ਇਕ ਠੰਢਾ ਹੈ ਤਾਂ ਬਾਬਾ ਜਾਂ ਉਸਦਾ ਉਚਾਰਿਆ ਸ਼ਬਦ। ਉਥੇ ਹੀ ਬੋਧੀਆਂ ਦੇ ਇਕ ਮੱਠ ਵਿਚ ਰਹਿੰਦੇ ਭਿਖਸ਼ੂ ਮਹੰਤਾਂ ਨੂੰ ਸਮਝਾਇਆ ਕਿ ਰੱਬ ਤੋਂ ਵਿਛੜੇ ਹਰੇ ਨਹੀਂ ਰਹਿ ਸਕਦੇ। ਮੋਈ ਹੋਈ ਟਹਿਣੀ ਵਿਚ ਨਾ ਹਰਾਪਣ ਹੈ, ਨਾ ਲਚਕ ਤੇ ਨ ਪਕਿਆਈ। ਜਿਊਂਦੀ ਟਹਿਣੀ ਵਿਚ ਪਕਿਆਈ ਵੀ ਹੈ, ਲਚਕ ਵੀ ਹੈ ਤੇ ਹਰਿਆਵਲ ਵੀ ਹੈ। ਕਈਆਂ ਪੁੱਛਿਆ ਕਿ ਤੁਸੀਂ ਮੌਤ ਤੋਂ ਕਿਉਂ ਨਹੀਂ ਡਰਦੇ ਤਾਂ ਆਪ ਜੀ ਨੇ ਕਿਹਾ ਕਿ ਕਾਲ ਤੋਂ ਉਹ ਉਤਾਂਹ ਹੋ ਜਾਂਦਾ ਹੈ ਜੋ ਗੁਰੂ ਕਾ ਸ਼ਬਦ ਧਾਰਨ ਕਰਦਾ ਹੈ। ਖ਼ਾਨ, ਸੁਲਤਾਨ, ਰਾਜੇ, ਚਉਧਰੀ, ਸਿਕਦਾਰ, ਰਯਤ, ਪੀਰ, ਆਗੂ, ਫ਼ਕੀਰ ਸਭ ਫ਼ਰਜ਼ ਭੁੱਲ ਚੁੱਕੇ ਹਨ, ਸੋ ਡਰਦੇ ਹਨ : 'ਨਾਮਹੁ ਭੂਲੇ ਜਮ ਕਾ ਦੁਖ ਸਹਨਾ।' ਕੁਸ਼ਬਦ ਕੇ ਰੂਪ ਜਿਹਬਾ ਕੇ ਬਿਖੇ ਰਹਿਤਾ ਹੈ ਜੇ ਸ਼ਬਦ ਬੋਲੇ ਤਉ ਕਾਲ ਕੇ ਵੱਸ ਨਾ ਰਹੇ। ਕੂਪ ਦ੍ਰਿਸ਼ਟੀ ਕਰਿ-ਕਰਿ, ਕ੍ਰੋਧ ਕੀ ਦ੍ਰਿਸ਼ਟੀ ਦੇਖਦਾ ਹੈ। ਸੋ ਇਹ ਹੀ ਕਾਲ ਕਾ ਰੂਪ ਹੈ। ਜੇ ਦਇਆ ਦੀ ਦ੍ਰਿਸ਼ਟੀ ਰੱਖੇ ਤਾਂ ਕਾਲ ਭੱਜ ਜਾਏ।'

ਭਾਈ ਸੂਜਾ : ਪਟਨਾ ਤੋਂ ਹਾਜੀਪੁਰ, ਮੁੰਘੇਰ, ਭਾਗਲਪੁਰ, ਸਾਹਿਬ ਗੰਜ, ਰਾਜ ਮਹੱਲ, ਨਗਰਾਂ ਤੋਂ ਹੁੰਦੇ ਹੋਏ ਮਾਲਦਾ ਪੁੱਜੇ। ਉਥੇ ਰਾਮ ਬਾਬੂ ਦੇ ਬਾਗ਼ ਵਿਚ ਠਹਿਰੇ ਜੋ ਹੁਣ ਗੁਰੂ ਕਾ ਬਾਗ਼ ਕਰਕੇ ਪ੍ਰਸਿੱਧ ਹੈ। ਉਥੇ ਮਖਸੂਦਾਬਾਦ (ਮੁਰਸ਼ਦਾਬਾਦ) ਜਾ ਟਿਕੇ ਤੇ ਸੂਜੇ ਨੂੰ ਸੂਝ ਦਿੱਤੀ ਤਾਂ ਉਹ ਪੁਕਾਰ ਉੱਠਿਆ :

'ਸਤਿਗੁਰ ਨਾਨਕ ਪਰਸਿਆ ਸਭ ਪਾਪ ਬਿਨਾਸੇ।
ਨਾਮ ਅਮੋਲਕ ਪਾਇਆ ਕਾਰਜ ਭਏ ਰਾਸੇ।
ਆਗਮ ਨਿਗਮ ਜਿਸ ਗਾਂਵਦੇ ਸੋ ਸਤਿਗੁਰ ਏਹਾ।
ਜਿਨ ਕੀ ਕ੍ਰਿਪਾ ਤੇ ਭਯੋਂ ਮੈਂ ਮੁਕਤਿ ਸੰਦੇਹਾ।

Sri Satguru Jagjit Singh Ji eLibrary NamdhariElibrary@gmail.com

ਕੱਚਾ ਰੰਗ ਉਤਾਰ ਕੇ ਸਚ ਰੰਗ ਚੜ੍ਹਾਯਾ।
ਨਾਨਕ ਸਤਿਗੁਰੂ ਦਇਆ ਅਮਰਾਪਦ ਪਾਇਆ।'

ਮੁਰਸ਼ਦਾਬਾਦ ਹੁਣ ਵੀ 'ਸੰਗਤ ਸੂਜੇ ਭਗਤ ਦੀ' ਪ੍ਰਸਿੱਧ ਹੈ।

ਬੰਗਲਾ ਦੇਸ਼ : ਉਥੋਂ ਕ੍ਰਿਸ਼ਨ ਨਗਰ, ਸ਼ਾਹਜਾਦਪੁਰ, ਸੀਰਾਜਗੰਜ, ਕਾਸਗੰਜ ਤੇ ਕਲੇਰੀ ਨਦੀ ਪਾਰ ਕਰ ਕੇ ਬੰਗਾਲ ਤੇ ਆਸਾਮ ਦੀ ਧਰਤੀ 'ਤੇ ਪੁੱਜੇ। ਬੰਗਾਲ ਦਾ ਜਾਦੂ ਤੇ ਕਾਮਰੂਪ (ਆਸਾਮ) ਵਿਚ ਵਾਮ ਮਾਰਗੀਆਂ ਦਾ ਜ਼ੋਰ ਚਲਦਾ ਸੀ। ਕਮਜ਼ੋਰ ਮਨਾਂ ਵਾਲੇ ਜਾਦੂ ਤੇ ਜਾਦੂਗਰਨੀਆਂ ਦੇ ਜਾਲ ਵਿਚ ਫਸ ਜਾਂਦੇ। ਵਾਮ ਮਾਰਗੀ ਵਾਲੇ ਮਦਿਰਾ, ਮਾਸ, ਮੈਥੁਨ, ਮਾਇਆ ਤੇ ਮੁਦ੍ਰਾ ਦੀ ਵਰਤੋਂ ਕਰ ਕੇ ਵਿਲਾਸੀ ਜੀਵਨ ਬਤੀਤ ਕਰਦੇ ਸਨ ਤੇ ਹੈਰਾਨੀ ਇਹ ਕਿ ਫਿਰ ਕਹਿੰਦੇ ਸਨ ਕਿ ਸ਼ਿਵ ਦੇ ਇਕ ਪੱਖ (ਖੱਬੇ ਵਾਮ) ਦੀ ਪੂਜਾ ਹੋ ਰਹੀ ਹੈ ਜੋ ਔਰਤ ਦਾ ਮੰਨਿਆ ਜਾਂਦਾ ਹੈ। ਕਾਮਿਖਆ ਦੇਵੀ ਦੀ ਪੂਜਾ ਵੀ ਉਹ ਮਦਿਰਾ ਤੇ ਮੁਦ੍ਰਾ ਨਾਲ ਕਰਦੇ ਸਨ।

ਢਾਕਾ : ਮਾਣਕ ਗੰਜ ਅਤੇ ਦੇਵਪੁਰੋਂ ਹੁੰਦੇ ਹੋਏ ਗੁਰੂ ਨਾਨਕ ਦੇਵ ਜੀ ਦਸੰਬਰ ੧੫੦੭ ਨੂੰ ਢਾਕਾ ਪੁੱਜੇ। ਢਾਕਾ ਦੇ ੫੨ ਬਾਜ਼ਾਰ ਅਤੇ ੫੩ ਗਲੀਆਂ ਪ੍ਰਸਿੱਧ ਹਨ ਅਤੇ ਇਸ ਕਰਕੇ ਢਾਕਾ ਨੂੰ ਬਉਨ ਬਾਜ਼ਾਰ ਤੇ ਤਿਪਨ ਗਲੀ ਵੀ ਕਹਿੰਦੇ ਹਨ। ਢਾਕਾ ਪ੍ਰਵੇਸ਼ ਵੇਲੇ ਗੁਰੂ ਨਾਨਕ ਜੀ

'ਮਨੁ ਕੁੰਚਰੁ ਕਾਇਆ ਉਦਿਆਨੈ॥
ਗੁਰੁ ਅੰਕਸੁ ਸਚੁ ਸਬਦੁ ਨੀਸਾਨੈ॥'

(ਗਉੜੀ ਗੁਆਰੇਰੀ ਮਹਲਾ ੧, ਪੰਨਾ ੨੨੧)

ਦਾ ਸ਼ਬਦ ਗਾ ਰਹੇ ਸਨ। ਸ਼ਬਦ ਦੀ ਚੋਟ ਕੋਈ ਵੀ ਸਹਾਰ ਨਾ ਸਕਿਆ ਤੇ ਸਾਰੇ ਗੁਰੂ ਜੀ ਦੀ ਸ਼ਰਨ ਆਏ। ਸ਼ਰਨ ਆਇਆਂ ਵਿਚ ਕਮਾਲ ਨਾਥ, ਰੇਵਾ ਦਾਸ, ਚੰਦਰ ਨਾਥ, ਨਰੈਣ ਦਾਸ, ਸ਼ੇਖ਼ ਅਹਿਮਦ, ਨੱਥੇ ਸ਼ਾਹ ਲੂਣੀਆਂ ਸਿੱਧ ਪ੍ਰਸਿੱਧ ਹਨ। ਢਾਕਾ ਵਿਚ ਬਾਰਾਂ ਸੰਗਤਾਂ ਬਣੀਆਂ। ਇਹਨਾਂ ਸੰਗਤਾਂ ਦਾ ਇੰਨਾ ਪਸਾਰਾ ਸੀ ਕਿ ਅੱਜ ਦੀ ਢਾਕਾ ਯੂਨੀਵਰਸਿਟੀ ਅਤੇ ਹੋਰ ਅਸਥਾਨ ਮਹੰਤਾਂ ਕੋਲੋਂ ਜ਼ਮੀਨ ਖ਼ਰੀਦ ਕੇ ਹੀ ਬਣੇ। ਭੈਰਉ, ਕਾਮਿਖਆ ਤੇ ਕਬਰ ਦੀ ਪੂਜਾ ਹਟਾ ਕੇ ਪ੍ਰਮੇਸ਼ਰ ਦੀ ਭਗਤੀ ਵਿਚ ਜੋੜਿਆ। ਨੱਥੇ ਸ਼ਾਹ ਦੀ ਧਰਮਸਾਲ ਤੇ ਤਿੰਨ ਹੋਰ ਗੁਰਦੁਆਰੇ ਪ੍ਰਸਿੱਧ ਹਨ।

ਨੂਰ-ਉਨਿਸਾ : ਉਥੋਂ ਗੁਰੂ ਜੀ ਧਨਪੁਰ ਪੁੱਜੇ ਜਿੱਥੇ ਨੂਰ-ਉਨਿਸਾ (ਪ੍ਰਸਿੱਧ ਨਾਂ ਨੂਰ ਸ਼ਾਹ) ਨੇ ਮਾਇਆ ਜਾਲ ਤਾਣਿਆ ਹੋਇਆ ਸੀ। ਕਈ ਜੈਨੀ, ਬੋਧੀ ਭਗਤ, ਸੂਫ਼ੀ, ਬ੍ਰਹਮਚਾਰੀ ਤੇ ਸੰਨਿਆਸੀ ਉਸ ਨੇ ਵੱਸ ਕੀਤੇ ਹੋਏ ਸਨ। ਪੁਰਾਤਨ ਜਨਮ ਸਾਖੀ ਵਿਚ ਇਹ ਘਟਨਾ ਇਸ ਤਰ੍ਹਾਂ ਲਿਖੀ ਹੈ ਕਿ ਮਰਦਾਨਾ ਜੀ ਦੇ ਗੁੱਟ ਤੇ ਉਸ ਨੇ ਧਾਗਾ ਬੰਨ੍ਹਿਆ ਅਤੇ 'ਧਾਗਾ ਬੰਨ੍ਹ ਕਰ ਮੇਢਾ ਕਰ ਬਹਾ ਲਿਆ।' ਅਸਲ ਵਿਚ ਮਰਦਾਨਾ ਜੀ ਛਲ ਹੇਠ ਆ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਨੂਰ-ਉਨਿਸਾ ਦਾ ਤਲਿਸਮ ਤੋੜਿਆ ਅਤੇ ਉਸ ਦਾ ਅਸਥਾਨ ਹੀ ਧਰਮਸਾਲ ਤੇ ਸੰਗਤ ਬਣਿਆ। ਸਭ ਕਹਿ ਉੱਠੀਆਂ : ਇਹ (ਗੁਰੂ ਨਾਨਕ) ਕੋਈ ਮਾਣੂ ਨਹੀਂ, ਇਹੁ ਜੋ ਕੋਈ ਪੁਰਖ ਹੈ ਸੋ ਪ੍ਰਮੇਸ਼ਰ

Sri Satguru Jagjit Singh Ji eLibrary NamdhariElibrary@gmail.com

ਹੈ, ਜਿਸ ਨੂੰ ਸਾਡਾ ਮੰਤਰ ਨਹੀਂ ਚਲਦਾ। ਉਹ ਸਭ ਪੈਰੀਂ ਪਈਆਂ। ਨੂਰ-ਉਨਿਸਾ ਇੰਨੀ ਸੁਧਰੀ ਕਿ ਹੱਥੀਂ ਮਜ਼ਦੂਰੀ ਕਰ ਕੇ, ਜੋ ਕਮਾਈ ਹੋਈ, ਉਸ ਦੇ ਚਾਵਲ ਖ਼ਰੀਦ ਕੇ ਖਿਚੜੀ ਬਣਾ ਕੇ ਗੁਰੂ ਜੀ ਨੂੰ ਛਕਾਈ। ਮਹਾਰਾਜ ਨੇ ਅਸੀਸ ਦਿੱਤੀ ਅਤੇ ਫ਼ਰਮਾਇਆ :

'ਸੰਤਨ ਕੀ ਸੇਵਾ ਸਦ ਕੀਜੈ, ਤਜਹੁ ਬਹੁਰ ਅਸ ਕਾਮਾ।' [1]

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਪੁਨ ਗੁਰ ਤਾਕੋ ਕਹਿਓ, ਹਰਿ ਭਗਤ ਕਰੋ ਚਿਤ ਲਾਇ।
ਇਹ ਮੰਤ੍ਰ ਜੰਤ੍ਰ ਅਤਿ ਨੀਚ ਗਤਿ, ਉਤਮਿ ਭਗਤ ਪ੍ਰਭਾਇ। [2]

ਉਥੇ ਹੀ ਹੁਣ ਗੁਰਦੁਆਰਾ 'ਬਰਛਾ ਸਾਹਿਬ' ਹੈ। 'ਵਿਚਹੁ ਮਾਰ ਕਢੀਆਂ ਬੁਰਿਆਈਆਂ' ਦਾ ਪ੍ਰਤੱਖ ਪ੍ਰਮਾਣ ਇਹ ਅਸਥਾਨ ਹੈ।

ਠੱਗ ਨਿਸਤਾਰਾ : ਉਸ ਦੇਸ਼ ਵਿਚ ਠੱਗਾਂ ਦਾ ਬਹੁਤ ਜ਼ੋਰ ਸੀ। ਠੱਗੀ ਦੇ ਨਿਸਤਾਰੇ ਲਈ ਪਹਿਲਾਂ ਸ਼ੇਰ ਸ਼ਾਹ, ਫਿਰ ਅਕਬਰ ਤੇ ਪਿੱਛੋਂ ਅੰਗ੍ਰੇਜ਼ੀ ਸਰਕਾਰ ਨੂੰ ਕਰੜੇ ਉਪਰਾਲੇ ਕਰਨੇ ਪਏ ਪਰ ਗੁਰੂ ਨਾਨਕ ਦੇਵ ਜੀ ਵਿਚ ਐਸੀ ਸ਼ਕਤੀ ਸੀ ਕਿ ਠੱਗ ਆਪਣੀ ਠੱਗੀ ਭੁੱਲ ਗਏ ਅਤੇ ਚਰਨੀਂ ਲੱਗੇ। ਜਦ ਗੁਰੂ ਜੀ ਨੇ ਸ਼ਬਦ ਉਚਾਰਨ ਕੀਤੇ ਤਾਂ ਸਾਰੇ ਪਾਪਾਂ ਵਿਚ ਘੂਕ ਸੁੱਤਿਆਂ ਦੀ ਜਾਗ ਖੁੱਲ੍ਹੀ। ਭੁੱਲਾਂ ਬਖ਼ਸ਼ਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ : 'ਤੁਸਾਡੇ ਪਾਪ ਤਬ ਹੀ ਬਿਨਾਸਿ ਹੋਵਨ ਜਿ ਇਹ ਕਿਰਤ ਛੋਡਹੁ ਅਤੇ ਕਿਰਸਾਣੀ ਕਰਹੁ ਅਤੇ ਜੋ ਕੁਛ ਵਸਤ ਠੱਗੀ ਨਾਲ ਕਮਾਈ ਹੈ ਉਹ ਪਰਮੇਸ਼ਰ ਦੇ ਨਾਇ ਦੇਵੋ।'

ਉਨ੍ਹਾਂ ਸਭ ਵਸਤਾਂ ਆਣ ਅੱਗੇ ਰੱਖੀਆਂ ਅਤੇ ਗੁਰੂ ਜੀ ਨੇ ਧਰਮਸਾਲ ਬਣਾ ਦਿੱਤੀ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਮਾਨੇ ਬਚਨ ਗੁਰੂ ਕੇ ਸਭ ਹੀ।
ਦਰਬ ਲੁਟਾਇ ਦੀਨ ਤਿਨ ਤਬ ਹੀ।
ਖੇਤੀ ਕਰਨ ਲਗਯੋ ਸਭ ਗਾਮਾ।

---

1. ਇਹ ਵੀ ਕਹਿਆ :

ਧਰਮਸਾਲ ਕਰੋ।
ਹਰਿਨਾਮ ਹਰੋ।
ਉਰ ਭਾਉ ਧਰੋ।
ਹਰਿ ਕੈ ਕ੍ਰਿਤ ਯਾਹੀ।
ਸਿਖ ਸੰਤਨ ਸੇਵਹੁ,
ਹੋਇ ਭਲੋ।
ਤੁਮ ਕੀਵ ਪਰੈ ਨਹਿ ਅੰਤਕ ਫਾਹੀ।
(ਗਲੇ ਵਿਚ ਅੰਤ ਨੂੰ ਫਾਹੀ ਨਹੀਂ ਪਵੇਗੀ)

2. ਸਾਖੀ ਕਾਵਰੂ ਦੇਸ ਕੀ

Sri Satguru Jagjit Singh Ji eLibrary NamdhariElibrary@gmail.com

ਪੁਰਬ ਕੋ ਤਜ ਦਯੋ ਕੁਕਾਮਾ।
ਧਰਮਸਾਲ ਮਿਲ ਸਕਲ ਸਵਾਰੀ।
ਭਾਓ ਭਗਤਿ ਕੇ ਭੇ ਅਧਿਕਾਰੀ।'

ਭੂਮੀਆ : ਐਸਾ ਹੀ ਇਕ ਭੂਮੀਆ ਚੋਰ ਸੀ ਜਿਸ ਨੇ ਕਿਹਾ ਕਿ ਉਸ ਦਾ ਚੋਰੀ ਦਾ ਧੰਦਾ ਛੱਡਣਾ ਮੁਸ਼ਕਲ ਹੈ ਤਾਂ ਗੁਰੂ ਜੀ ਨੇ ਕਿਹਾ ਕਿ ਜੇ ਧੰਦਾ ਨਹੀਂ ਛੁੱਟਦਾ ਤਾਂ ਘੱਟ ਤੋਂ ਘੱਟ ਤਿੰਨ ਗੱਲਾਂ ਜ਼ਰੂਰ ਧਾਰਨ ਕਰ। ਇਕ, ਸੱਚ ਬੋਲਿਆ ਕਰ, ਦੂਜੀ, ਜਿਸ ਦਾ ਲੂਣ ਖਾਵੇਂ ਤਿਸ ਦਾ ਬੁਰਾ ਨਹੀਂ ਮੰਗਣਾ ਅਤੇ ਤੀਜੀ, ਗ਼ਰੀਬ ਮਾਰ ਨਹੀਂ ਕਰਨੀ। ਭੂਮੀਆ ਦਾ ਜੀਵਨ ਐਸਾ ਸੁਧਰਿਆ ਕਿ ਸਭ ਧੰਦਾ ਛੁਡੀ ਗਿਆ। ਇਕ ਵਾਰੀ ਰਾਜੇ ਦੇ ਘਰ ਚੋਰੀ ਕਰ ਬੈਠਾ ਪਰ ਗ਼ਰੀਬ ਮਾਰ ਹੁੰਦੀ ਸੁਣ ਦੇਖ ਆਪ ਪੇਸ਼ ਹੋਇਆ ਅਤੇ ਫਿਰ ਐਸੇ ਧੰਦੇ ਤੋਂ ਹੱਟਿਆ।

ਕਲਯੁਗ : ਪੁਰਾਤਨ ਜਨਮ ਸਾਖੀ ਅਨੁਸਾਰ ਕਲਯੁਗ ਵੀ ਬੰਗਾਲ ਵਿਚ ਮਿਲਿਆ। ਇੰਝ ਲਗਦਾ ਹੈ ਕਿ ਜਦ ਜਾਦੂ ਟੁੱਟਦੇ, ਠੱਗ ਨੱਸਦੇ ਤੇ ਚੋਰ ਭੱਜਦੇ ਡਿੱਠੇ ਤਾਂ ਕਲਯੁਗ ਨੂੰ ਫ਼ਿਕਰ ਹੋਇਆ ਕਿ ਉਸ ਦਾ ਕੀ ਬਣੇਗਾ। ਦੂਜੇ ਅਰਥਾਂ ਵਿਚ ਕਲਯੁਗੀ ਸੁਭਾਅ ਮਿਟਦਾ ਦੇਖ ਕੇ ਐਸੀ ਰੁਚੀ ਰੱਖਣ ਵਾਲੇ ਲੋਕੀਂ ਗੁਰੂ ਨਾਨਕ ਦੇਵ ਜੀ ਕੋਲ ਆਏ ਤੇ ਜੀਵਨ ਜੁਗਤੀ ਲੈ ਕੇ ਗਏ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ 'ਕਲਿਯੁਗ ਛਲਣਿ ਕਉ ਆਇਆ। ਅਨਿ ਰੂਪੁ ਧਾਰਿਉਸ। ਤਬ ਬਾਬਾ ਦੇਖੇ ਤਾਂ ਅੰਧੇਰੀ ਬਹੁਤ ਆਈ। ਦਰੱਖ਼ਤ ਲੱਗੇ ਉੱਡਣੇ। ਤਬ ਮਰਦਾਨਾ ਬਹੁਤ ਭੈਮਾਨ ਹੋਇਆ। ਆਖਿਉਸ ਜੀਉ ਪਾਤਸ਼ਾਹ, ਆਣ ਉਜਾੜਿ ਵਿਚ ਪਾਇ ਮਾਰਿਓ, ਗੋਰ ਖਫਣਹੁ ਭੀ ਗਏ।' ਤਬ ਗੁਰੂ ਬਾਬੇ ਕਿਹਾ : 'ਮਰਦਾਨਿਆ ਕਾਹਲਾ ਹੋਹੁ ਨਾਹੀਂ।' ਤਬ ਮਰਦਾਨੇ ਆਖਿਆ : 'ਅੱਜ ਤੋੜੀ ਏਡਾ ਹੋਇਆ ਹਾਂ। ਇਹ ਬਲਾ ਤਾਂ ਨਹੀਂ ਡਿੱਠੀ, ਜੁ ਇਹ ਕਿ ਆਇਆ ਹੈ ਅਸਾਡੇ ਤਾਈਂ?' ਤਬ ਅਗਨਿ ਕਾ ਰੂਪੁ ਦਿਖਾਲਿਆ ਜੋ ਧੂੰਆਂ ਚਹੁੰ ਧਿਰਾਂ ਤੋਂ ਉੱਠਿਆ, ਚਾਰੇ ਕੁੰਡਾਂ ਅਗਨਿ ਹੋਈਆਂ। ਤਬਿ ਮਰਦਾਨਾ ਮੂੰਹ ਢੱਕ ਕੇ ਸੌਂ ਗਿਆ। ਆਖਿਓਸ : 'ਜੀਵਣਾ ਰਿਹਾ।' ਤਬ ਫੇਰ ਪਾਣੀ ਕਾ ਰੂਪ ਹੋਇਆ, ਘਟਾ ਬਨਿ ਆ ਵੱਸਿਆ। ਲੱਗਾ ਬਰਸਣ ਪਾਣੀ। ਪਰ ਬਾਬੇ ਤੇ ਦੂਰ ਪਵੇ। ਤਬ ਗੁਰੂ ਕਿਹਾ : 'ਮਰਦਾਨਿਆ ਮੂੰਹ ਉਘਾੜ, ਉੱਠ ਬੈਠ। ਰਬਾਂਬ ਵਜਾਇ।' ਤਬ ਮਰਦਾਨਾ ਉੱਠ ਬੈਠਾ, ਰਬਾਬ ਵਜਾਇਉਸ। ਰਾਗ ਮਾਰੂ ਕੀਤਾ। ਬਾਬੇ ਸ਼ਬਦ ਉਚਾਰਿਆ। ਤਬਿ ਦੈਂਤ ਕਾ ਰੂਪ ਧਾਰਿ ਆਇਆ, ਚੋਟੀ ਅਸਮਾਨ ਨਾਲ ਕੀਤੀਆਸ। ਜਿਉਂ-ਜਿਉਂ ਬਾਬੇ ਦੇ ਨੇੜੇ ਆਵੇ ਘਟਦਾ ਜਾਏ। ਤਬਿ ਮਨੁੱਖ ਦਾ ਸਰੂਪ ਕਹਿ ਕੇ ਆਇਆ। ਹੱਥ ਜੋੜ ਕਰ ਖੜ੍ਹਾ ਹੋਇਆ। ਤਬ ਬਾਬੇ ਪੁੱਛਿਆ, ਭਾਈ ਤੂੰ ਕੌਣ ਹੈਂ? ਤਬਿ ਉਨ ਆਖਿਆ, ਜੀ ਮੈਨੂੰ ਤੂੰ ਨਾਹੀਂ ਜਾਣਦਾ? ਮੈਂ ਕਲਯੁਗ ਹਾਂ, ਅਰ ਤੇਰੇ ਮਿਲਣੇ ਨੂੰ ਆਇਆ ਹਾਂ, ਤੂੰ ਕਰਤੇ ਪੁਰਖ ਕਾ ਵਜ਼ੀਰ ਹੈਂ। ਤਬ ਬਾਬੇ ਨੂੰ ਨਮਸਕਾਰ ਕੀਤੀ। ਆਖਿਉਸ : 'ਜੀ ਕਿਛੁ ਮੈਂ ਤੇ ਲੇਵਹੁ ਮੇਰੇ ਵਚਨ ਚਲ।' ਤਬ ਬਾਬੇ ਪੁੱਛਿਆ : ਤੈਂ ਪਾਸ ਕਿਆ ਹੈ? ਤਾਂ ਕਲਯੁਗ ਆਖਿਆ : ਮੇਰੇ ਪਾਸ ਸਭ ਕੁਝ ਹੈ, ਜੇ ਆਖਹੁ ਤਾਂ ਮੋਤੀਆਂ ਦੇ ਮੰਦਰ ਉਸਰਹਿ ਅਤੇ ਰਤਨਾਂ ਕਾ,

Sri Satguru Jagjit Singh Ji eLibrary NamdhariElibrary@gmail.com

ਲਾਲਾਂ ਦਾ ਜੜਾਉ ਕਰਾਂ। ਅਗਰ ਚੰਦਨ ਦਾ ਲੇਪ ਦੇਵਾਂ। ਤਬਿ ਗੁਰੂ ਬਾਬਾ ਬੋਲਿਆ, ਸ਼ਬਦ ਸਿਰੀ ਰਾਗ :

'ਮੋਤੀ ਤ ਮੰਦਰ ਉਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ, ਕੁੰਗੂ, ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ, ਅਵਰੁ ਨਾਹੀ ਥਾਉ' ॥ ੧ ॥ ਰਹਾਉ ॥

(ਸਿਰੀ ਰਾਗ ਮਹਲਾ ੧, ਪੰਨਾ ੧੪)

ਤਬ ਫਿਰ ਕਲਯੁਗ ਆਖਿਆ : ਜੋ ਜੀ ਜਵੇਹਰਾਂ ਦੀ ਧਰਤੀ ਕਰਾਂ, ਅਰੁ ਲਾਲਾਂ ਦਾ ਜੁੜਾਉ ਕਰਾਂ, ਇੰਦਰ ਦੀਆਂ ਮੋਹਣੀਆਂ ਲਿਆਵਾਂ। ਤਬ ਗੁਰੂ ਪਉੜੀ ਦੂਜੀ ਆਖੀ :

'ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ' ॥ ੨ ॥

ਤਬਿ ਕਲਯੁਗ ਕਿਹਾ : ਜੋ ਜੀ ਇਹ ਵੀ ਨਹੀਂ ਲੈਂਦਾ ਤਾਂ ਸਿੱਧ ਲੈ ਜੋ ਰਿਧਿ ਆਵੈ ਅਤੇ ਗੁਪਤ ਧਰਤੀ ਵਿਚ ਚਲੁ ਅਰ ਹਜ਼ਾਰ ਕੋਹਾਂ ਜਾਇ ਪ੍ਰਗਟਿ ਹੋਇ। ਤਬ ਬਾਬਾ ਜੀ ਪਉੜੀ ਤੀਜੀ ਆਖੀ :

'ਸਿਧੁ ਹੋਵਾਂ ਸਿਧਿ ਲਾਈ ਰਿਧਿ ਆਖਾਂ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ' ॥ ੩ ॥

ਤਬ ਕਲਯੁਗ ਆਖਿਆ : 'ਕਛੂ ਲੇਵਹੁ, ਸੁਲਤਾਨ ਹੋਵਹੁ, ਰਾਜ ਕਰਹੁ।' ਤਬ ਗੁਰੂ ਜੀ ਚੌਥੀ ਪਉੜੀ ਕਹੀ :

'ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ, ਨਾਨਕਾ ਸਭ ਵਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥' ੪ ॥ ੧ ॥

ਤਬ ਕਲਯੁਗ ਪ੍ਰਦੱਖਣਾ ਕੀਤੀ। ਆਇ ਪੈਰੀਂ ਪਇਆ, ਆਖਿਉ : ਜੀ ਮੇਰੀ ਗਤਿ ਕਿਉਂ ਕਰਿ ਹੋਵੈ ? ਤਬ ਗੁਰੂ ਨਾਨਕ ਆਖਿਆ : 'ਮੇਰਾ ਸਿੱਖ ਕੋਟੁ ਮਧੇ ਕੋਈ ਹੋਵੇਗਾ ਤਿਸ ਕਾ ਸਦਕਾ ਤੇਰੀ ਗਤਿ ਹੋਵੇਗੀ।'

ਕਲਯੁਗ ਨੇ ਵੀ ਕਿਹਾ :

'ਤੁਮ ਸੰਗਤ ਕੇ ਨਿਕਟ ਨ ਜੈ ਹੋਂ।
ਆਨ ਜੀਵ ਦੰਭੀ ਦੁਖ ਦੈ ਹੋਂ।
ਤੁਮਰੇ ਬਚਨ ਜਿ ਸਿਖ ਕਮਾਵੈ।
ਤਿਨ ਪਰ ਮੇਰੋ ਕਛ ਨ ਬਧਾਵੈ।'

Sri Satguru Jagjit Singh Ji eLibrary NamdhariElibrary@gmail.com

ਪੁਰਾਤਨ ਜਨਮ ਸਾਖੀ ਤੋਂ ਇੰਨੀ ਵੱਡੀ ਟੂਕ ਦੇਣ ਦਾ ਭਾਵ ਹੈ ਕਿ ਕਲਿਯੁਗ ਨੂੰ ਸਮਝਣਾ ਜ਼ਰੂਰੀ ਹੈ। ਇਹ ਕਲਯੁਗੀ ਸੁਭਾਅ ਹੈ ਜੋ ਪਹਿਲਾਂ 'ਹਨੇਰੀ ਵਾਂਗੂੰ ਆਉਂਦਾ ਹੈ, ਅੱਗ ਸੁੱਟਦਾ ਹੈ, ਵੱਸਦੇ ਉਜਾੜਦਾ ਹੈ ਤੇ ਜ਼ਮੀਨ ਅਸਮਾਨ ਦੇ ਕਲਾਬੇ ਮਿਲਾਂਦਾ ਹੈ। ਉਸ ਦੇ ਇਨ੍ਹਾਂ ਰੂਪਾਂ ਤੋਂ ਕਈ ਡਰ ਜਾਂਦੇ ਹਨ ਪਰ ਜੋ ਗੁਰੂ ਸ਼ਬਦ ਵਿਚ ਜੁੜੇ ਹਨ ਉਨ੍ਹਾਂ ਨੂੰ ਇਹ ਪ੍ਰਭਾਵ ਨਹੀਂ ਪਾਉਂਦਾ। ਗੁਰੂ ਨਾਨਕ ਦੇਵ ਜੀ ਕੋਲ ਆ ਕੇ ਕਲਯੁਗ ਮਨੁੱਖ ਬਣ ਜਾਂਦਾ ਹੈ ਪਰ ਫਿਰ ਦੂਜਾ ਵਾਰ ਕਰਦਾ ਹੈ। ਉਹਨਾਂ ਵਾਰਾਂ ਤੋਂ ਕੋਈ ਵਿਰਲਾ ਹੀ ਬਚ ਸਕਦਾ ਹੈ। ਜਗਤ ਦਾਮ, ਕਾਮ, ਚਾਮ ਦਾ ਗ਼ੁਲਾਮ ਹੈ। ਇਹ ਹੀ ਹੈ ਕਲਯੁਗ ਦੇ ਵੱਸ ਹੋ ਜਾਣਾ ਪਰ ਗੁਰੂ ਦਾ ਸਿੱਖ ਇਹ ਹੀ ਪੁਕਾਰੇਗਾ, 'ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥' ਧਨ, ਧਨਿਤਾ, ਧਰਤੀ ਤੇ ਸ਼ੋਭਾ ਗੁਰੂ ਦੇ ਸਿੱਖ ਨੂੰ ਕੁਰਾਹੇ ਨਹੀਂ ਪਾ ਸਕਦੀ। ਇਹ ਸਭ ਪੈਰੀਂ ਪੈਂਦੀਆਂ ਹਨ।

ਵੱਸਦੇ ਰਹੋ : ਬੰਗਾਲ ਵਿਚ ਹੀ ਸਨ ਕਿ ਇਕ ਪਿੰਡ ਦੇ ਲੋਕਾਂ ਨੇ ਰਾਹ ਜਾਂਦੇ ਚੁੱਕ ਪੱਥਰ ਮਾਰੇ ਪਰ ਗੁਰੂ ਜੀ ਨੇ ਕਿਹਾ : 'ਵੱਸਦੇ ਰਹੁ'। ਅਗਲੇ ਪਿੰਡ ਗਏ ਤਾਂ ਪਿੰਡ ਵਾਸੀਆਂ ਉਨ੍ਹਾਂ ਦਾ ਸਤਿਕਾਰ ਕੀਤਾ, ਸ਼ਬਦ ਵਿਚ ਜੁੜੇ ਤਾਂ ਗੁਰੂ ਜੀ ਨੇ ਕਿਹਾ, 'ਉਜਾੜ ਹੋਵੇ।' ਜਦ ਮਰਦਾਨੇ ਕਿਹਾ ਕਿ ਚੰਗਾ ਨਿਆਂ ਕੀਤਾ ਆਪ ਜੀ ਨੇ। ਜਿਸ ਪੱਥਰ ਮਾਰੇ 'ਉਹ ਵੱਸਦੇ ਰਹਿਣ' ਅਤੇ ਜਿਸ ਆਦਰ ਦਿੱਤਾ 'ਉਹ ਉਜੜ ਜਾਏ' ਤਾਂ ਗੁਰੂ ਜੀ ਨੇ ਕਿਹਾ : 'ਪਹਿਲੇ ਪਿੰਡ ਦੇ ਲੋਕੀਂ ਰੋਗੀ ਸਰੀਰ ਵਾਂਗੂੰ ਹਨ। ਜਿੱਥੇ ਜਾਣਗੇ ਹੋਰਨਾਂ ਨੂੰ ਵੀ ਰੋਗ ਲਾਉਣਗੇ। ਉਹ ਬਦੀ ਇਕ ਥਾਂ ਨੱਪੀ ਚੰਗੀ ਹੈ। ਦੂਜੇ ਪਿੰਡ ਦੇ ਲੋਕੀਂ ਚੰਦਨ ਸਮਾਨ ਹਨ, ਉਹ ਜਿੱਥੇ ਵੀ ਜਾਣਗੇ ਸੁਗੰਧੀ ਫੈਲਾਉਣਗੇ। ਨੇਕੀ ਤੇ ਬੰਦਗੀ ਦਾ ਪ੍ਰਚਾਰ ਕਰਨਗੇ।'

ਭਗਤ ਜੈ ਦੇਵ ਜੀ ਦੇ ਪਿੰਡ : ਇਸ ਅੱਗੋਂ ਬੀਰ ਭੂਮ ਦੇ ਨਗਰ ਕੇਂਦੂਲੀ ਪੁੱਜੇ ਜਿੱਥੇ ਜੈ ਦੇਵ ਜੀ ਦਾ ਜਨਮ ੧੧੭੦ ਈ: ਵਿਚ ਹੋਇਆ ਸੀ ਅਤੇ ਅਕਾਲ ਚਲਾਣਾ ਸੰਨ ੧੨੫੦ ਵਿਚ ਉਸੇ ਪਿੰਡ ਹੀ ਹੋਇਆ। ਗੁਰੂ ਅਰਜਨ ਦੇਵ ਜੀ ਨੇ ਪਿੱਛੋਂ ਉਨ੍ਹਾਂ ਦੀ ਉਪਮਾ ਵਿਚ 'ਜੈ ਦੇਵ ਤਿਆਗਿਓ ਅਹੰਮੇਵ' ਦਾ ਵਾਕ ਉਚਾਰਿਆ ਸੀ। ਜਾਤ ਦੇ ਜ਼ਰੂਰ ਬ੍ਰਾਹਮਣ ਸਨ ਪਰ ਸਮਦ੍ਰਿਸ਼ਟੀ ਰੱਖਦੇ ਸਨ। ਉਸ ਮਹਾਂਪੁਰਸ਼ ਦੇ ਤਿੰਨ ਸ਼ਬਦ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ। ਗੁਰੂ ਨਾਨਕ ਦੇਵ ਜੀ ਹੀ ਦਰਜ ਕਰ ਲਿਆਏ ਸਨ। ਜੈ ਦੇਵ ਜੀ ਸਮੇਂ ਦੇ ਰਤਨ ਕਰਕੇ ਪ੍ਰਸਿੱਧ ਸਨ। ਗੀਤ ਗੋਵਿੰਦ ਇਨ੍ਹਾਂ ਦੀ ਹੀ ਰਚਨਾ ਹੈ। 'ਪ੍ਰੇਮ ਭਗਤਿ ਜੈ ਦੇਉ' 'ਗੀਤ ਗੋਵਿੰਦ ਸਹਜ ਧੁਨਿ ਗਾਵੈ' ਦਾ ਵਰਨਣ ਭਾਈ ਗੁਰਦਾਸ ਜੀ ਨੇ ਕੀਤਾ ਹੈ।

ਭਗਤ ਜੀ ਨੇ ਸ਼ਬਦਾਂ ਵਿਚ ਇਹ ਹੀ ਵਿਚਾਰ ਪ੍ਰਗਟ ਕੀਤੇ ਸਨ ਕਿ ਪਰਮਾਤਮਾ ਦੇ ਭਗਤ ਮਨ ਬਚ ਕਰਮ ਵਲੋਂ ਪੂਰਨ ਤੌਰ ਤੇ ਪਵਿੱਤਰ ਹੁੰਦੇ ਹਨ। ਸਿਮਰਨ ਕਰ ਆਤਮਕ ਉਚਿਆਈਆਂ ਨੂੰ ਜਾ ਛੂੰਹਦੇ ਹਨ। ਚਿੰਤਿ ਸਰਬ ਗਤੰ। ਉਹ ਜਗ, ਜੋਗ ਤਪ ਤੇ ਦਾਨ ਤੋਂ ਉਤਾਂਹ ਹੋ ਜਾਂਦੇ ਹਨ :

'ਹਰਿ ਭਗਤ ਨਿਜ ਨਿਹਕੇਵਲਾ, ਰਿਦ ਕਰਮਣਾ ਬਚਸਾ॥
ਜੋਗੇਨ ਕਿੰ, ਜਗੇਨ ਕਿੰ, ਦਾਨੇਨ ਕਿੰ, ਤਪਸਾ॥' ੪॥

(ਗੂਜਰੀ, ਪੰਨਾ ੫੨੬)

Sri Satguru Jagjit Singh Ji eLibrary NamdhariElibrary@gmail.com

ਝੰਡਾ ਬਾਢੀ : ਉਥੋਂ ਆਪ ਜੀ ਸਿਲਹਟ[1], ਇਮਫਲ, ਧੁਬੜੀ, ਮਨੀਪੁਰ, ਕੋਹੀਮਾ ਤੇ ਗੋਹਾਟੀ ਪੁੱਜੇ। ਗੋਹਾਟੀ ਨੂੰ ਪ੍ਰਾਗਜੋਤ ਵੀ ਕਹਿੰਦੇ ਹਨ। ਇਸ ਨੂੰ ਬਿਸਆਰ ਦੇਸ਼ ਵੀ ਕਿਹਾ ਜਾਂਦਾ ਹੈ। ਉਥੇ ਝੰਡਾ ਬਾਢੀ ਜੀ ਨੂੰ ਮਿਲੇ ਜੋ ਨਿਮਰਤਾ ਦੀ ਮੂਰਤ ਸੀ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸੰਗਤ ਵਿਚ ਜੁੜਨ ਦਾ ਉਪਦੇਸ਼ ਦਿੱਤਾ। ਇੰਦਰ ਸੈਨ, ਜੋ ਰਾਜੇ ਸੁਧਰ ਸੈਣ ਦਾ ਭਣੇਵਾਂ ਸੀ, ਨੂੰ ਝੰਡਾ ਬਾਢੀ ਨਾਲ ਸੰਗਤਾਂ ਵਿਚ ਨਾਮ ਦੀ ਮਹਿਮਾ ਪ੍ਰਚਾਰਨ ਲਈ ਪ੍ਰੇਰਿਆ। ਸੁਧਰਸੈਣ ਨੂੰ ਇਹ ਵੀ ਕਿਹਾ ਕਿ ਕਿਸੇ ਨਾਲ ਕ੍ਰਿਤ ਕਾਰ ਕਰਕੇ ਨਫ਼ਰਤ ਨਾ ਕਰਨੀ। ਕਿੰਨਾ ਕੁ ਪ੍ਰਭਾਵ ਦੋਨਾਂ ਦਾ ਪਇਆ ਅਤੇ ਸੰਗਤਾਂ ਕਿਵੇਂ ਆ ਕੇ ਜੁੜਦੀਆਂ ਸਨ, ਉਸ ਦੀ ਉਦਾਹਰਨ ਉਨ੍ਹਾਂ ਦਾ ਲੰਗਰ ਹੈ :

> **'ਪੰਜ ਸੌ ਮਣ ਚੂਣ (ਆਟਾ) ਤਿਸਕੇ ਲੰਗਰ ਮੇ ਲਗਤਾ ਥਾ,**
> **ਅਤੇ ਚਉਦਾ ਸੌ ਸ਼ਹਿਰ ਝੰਡੇ ਦੀ ਪੈਰੀ ਪੜਤਾ ਥਾ।'**

ਮੁਹੰਮਦ ਕਾਜ਼ਿਮ ਨੇ ਆਪਣੀ ਪੁਸਤਕ 'ਏ ਡਿਸਕ੍ਰਿਪਸ਼ਨ ਔਫ਼ ਆਸਾਮ' ਵਿਚ ਲਿਖਿਆ ਹੈ ਕਿ ਇਹ ਇਲਾਕਾ ਪਹਾੜਾਂ ਦੀ ਲੜੀ ਹੈ ਅਤੇ ਲੋਕ ਆਪਣੇ ਆਪ ਨੂੰ ਨਾਨਕ ਕਬੀਲਾ ਹੁਣ ਤੱਕ ਕਹਿੰਦੇ ਹਨ।

ਲੋਕਾਂ ਨੂੰ ਪੱਥਰ ਪਾਣੀ ਦੀ ਪੂਜਾ ਛੱਡਣ ਦਾ ਉਪਦੇਸ਼ ਦਿੰਦੇ, ਨਾਗਾਲੈਂਡ ਪੁੱਜੇ। ਉਨ੍ਹਾਂ ਦੇ ਆਗੂ ਦੇਵ ਲੂਤ ਨੂੰ ਮਿਲ ਕੇ ਈਸ਼ਵਰ ਦਾ ਭਜਨ ਕਰਨ ਲਈ ਲਗਾਇਆ। ਨੰਗੇਜ ਢੱਕਣ ਲਈ ਕਿਹਾ :

ਸ਼ੰਕਰ ਦੇਵ ਨਾਲ ਮੁਲਾਕਾਤ : ਆਸਾਮ ਵਿਚ ਸ਼ੰਕਰ ਦੇਵ ਨਾਂ ਦਾ ਇਕ ਭਗਤ ਵੀ ਇਕ ਅਕਾਲ ਦੀ ਪੂਜਾ ਕਰਨ ਲਈ ਪ੍ਰੇਰਨਾ ਕਰ ਰਿਹਾ ਸੀ। ਸ਼ੰਕਰ ਦੇਵ ਦੇ ਅਨੁਆਈਆਂ ਵਿਚ ਬੁੱਤ-ਪ੍ਰਸਤੀ ਨਹੀਂ ਹੈ। ਭਾਗਵਤ ਪੁਰਾਣ ਨੂੰ ਖੋਲ੍ਹ ਕੇ ਰੱਖਦੇ ਹਨ ਅਤੇ ਵਾਕ ਵੀ ਲੈਂਦੇ ਹਨ। ਜੋ ਆਰਤੀ ਉਹ ਕਰਦੇ ਹਨ ਉਸ ਵਿਚ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦੇ ਸ਼ਬਦ ਹਨ। ਜਾਤ-ਪਾਤ ਤੇ ਬ੍ਰਾਹਮਣੀ ਰੀਤਾਂ-ਰਸਮਾਂ ਵਿਚ ਵਿਸ਼ਵਾਸ ਨਹੀਂ ਰੱਖਦੇ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਉਨ੍ਹਾਂ ਦੇ ਆਗੂ ਸ਼ੰਕਰ ਦੇਵ ਜੀ ਗੁਰੂ ਨਾਨਕ ਜੀ ਨੂੰ ਮਿਲੇ ਹੋਣਗੇ ਅਤੇ ਸ਼ਬਦ ਦੇ ਲੜ ਲੱਗੇ ਹੋਣਗੇ।

ਇਸ ਇਲਾਕੇ ਦੀ ਇਕ ਰਾਣੀ ਗੌਰਜਾਂ ਮਹਾਰਾਜ ਦੀ ਦੀਖਿਆ ਲੈ ਸਿੱਖ ਬਣੀ। ਪਿੱਛੋਂ ਇਸ ਦਾ ਪੋਤਰਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਆਇਆ ਅਤੇ ਉਨ੍ਹਾਂ ਕੋਲੋਂ ਪੁੱਤਰ ਦੀ ਦਾਤ ਦਾ ਵਰ ਮਿਲਿਆ। ਇਸ ਦਾ ਪੁੱਤਰ ਰਤਨ ਰਾਇ ਹੀ ਪ੍ਰਸ਼ਾਦੀ ਹਾਥੀ ਅਤੇ ਪੰਚਕਲਾ ਸ਼ਾਸਤਰ ਭੇਟ ਕਰਨ ਗੁਰੂ ਗੋਬਿੰਦ ਸਿੰਘ ਜੀ ਪਾਸ ਆਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਸਾਮ ਵਿਚ ਸਿੱਖੀ ਦੇ ਕਿੰਨੇ ਹੀ ਕੇਂਦਰ ਸਨ।

ਪਦਮਾ ਨਦੀ ਪਾਰ ਕਰਕੇ ਗੁਰੂ ਨਾਨਕ ਦੇਵ ਜੀ ਵਾਪਸ ਮੁੜੇ। ਫ਼ਰੀਦਪੁਰ, ਕਸਬਪੁਰ ਤੇ ਚਵ੍ਹੀਆਂ ਪਰਗਨਿਆਂ ਵਿਚੋਂ ਹੁੰਦੇ ਹੋਏ, ਉਸ ਸਮੇਂ ਦੇ ਬੰਗਾਲ ਦੀ ਰਾਜਧਾਨੀ ਕ੍ਰਿਸ਼ਨ

---

1. ਸਿਲਹਟ ਹੀ ਬੰਗਾਲ ਦੇ ਪ੍ਰਸਿੱਧ ਭਗਤ ਚੇਤੰਨ ਮਹਾਂਪ੍ਰਭੂ ਦਾ ਜਨਮ ਹੋਇਆ ਕਿਹਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਨਗਰ ਪਹੁੰਚੇ। ਨਦੀਆਂ ਤੋਂ ਚਿਨ ਾਰਾ, ਚੰਦਰ ਨਗਰ ਤੇ ਫਿਰ ਕਲਕੱਤਾ ਪੁੱਜੇ।

ਕਲਕੱਤਾ : ਦਰਿਆ ਹੁਗਲੀ-ਾਂਗਾ ਦੇ ਕਿਨਾਰੇ ਕਲਕੱਤਾ ਵਿਖੇ ਗੁਰੂ ਜੀ ਨੇ ਟਿਕਾਣਾ ਕੀਤਾ ਤੇ ਲੋਕਾਂ ਨੂੰ ਦੁਰਗਾ ਪੂਜਾ ਤੋਂ ਵਰਜ ਕੇ ਇਕ ਪਰਮਾਤਮਾ ਦੀ ਸ਼ਕਤੀ ਦਾ ਗਿਆਨ ਕਰਾਇਆ। ਸੰਗਤ ਦੀ ਮਹਾਨਤਾ ਦ੍ਰਿੜ੍ਹਾਈ ਤੇ ਉਥੇ ਹੀ ਸੰਗਤ ਬਣਾਈ ਜੋ ਪਿੱਛੋਂ ਬੜਾ ਸੰਗਤ ਕਰਕੇ ਪ੍ਰਸਿੱਧ ਹੋਈ। ਕਿਉਂਕਿ ਪਿੱਛੋਂ ਜਦ ਗੁਰੂ ਤੇਗ਼ ਬਹਾਦਰ ਜੀ ਇਨ੍ਹਾਂ ਹੀ ਪ੍ਰਾਂਤਾਂ ਵਿਚ ਪਧਾਰੇ ਤਾਂ ਲੋਕੀਂ ਗੁਰੂ ਨਾਨਕ ਨੂੰ ਬੜਾ ਸਾਹਿਬ ਤੇ ਗੁਰੂ ਤੇਗ਼ ਬਹਾਦਰ ਨੂੰ ਛੋਟਾ ਸਾਹਿਬ ਕਹਿਣ ਲੱਗੇ। ਸੋ ਗੁਰੂ ਨਾਨਕ ਦੇਵ ਜੀ ਦੀ ਬਣਾਈ ਸੰਗਤ ਬੜਾ ਸੰਗਤ ਕਰਕੇ ਜਾਣੀ ਜਾਣ ਲੱਗੀ ਤੇ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਨਾਲ ਪਵਿੱਤਰ ਹੋਈ ਧਰਤੀ ਛੋਟੀ ਸੰਗਤ ਕਰਕੇ ਪ੍ਰਸਿੱਧ ਹੋਈ। ਕਲਕੱਤਾ ਆਪ ਜੀ ੨ ਜਨਵਰੀ ੧੫੧੦ ਈ: ਨੂੰ ਪੁੱਜੇ ਸਨ।

ਕਲਕੱਤਾ ਤੋਂ ਹੁਗਲੀ ਤੇ ਬਰਦਵਾਨ ਪੁੱਜੇ। ਬਰਦਵਾਨ ਦੇ ਰਾਜੇ ਨੇ ਚਰਨ ਪਰਸੇ। ਉਥੋਂ ਹੀ ਅਲਵਰਾ ਨਦੀ ਪਾਰ ਕੀਤੀ। ਫਿਰ ਬਲੇਸ਼ਵਰ ਵਿਚੋਂ ਹੋ ਕੇ ਰਾਮਾਨੁਜ ਦੇ ਨਗਰ ਕਾਂਚੀ ਪੁੱਜੇ।

ਰਾਮਾਨੁਜ ਜੀ ਨੇ ਛਜ-ਘਾੜੇ ਦੇ ਘਰ ਜਨਮ ਲੈ ਕੇ ਜਾਤ ਅਭਿਮਾਨੀਆਂ ਨੂੰ ਅਹੰਕਾਰ ਛੱਡਣ ਲਈ ਕਿਹਾ ਸੀ। ਬੈਤਰਨੀ, ਬ੍ਰਹਮਨੀ, ਮਹਾਂਨੰਦੀ ਪਾਰ ਕਰਕੇ ਕੱਟਕ ਪੁੱਜੇ। ਕੱਟਕ ਦੇ ਲੋਕੀਂ ਭੈਰੋਂ ਦੇ ਪੁਜਾਰੀ ਸਨ ਅਤੇ ਚੇਤੰਨ ਨੂੰ ਗੁਰੂ ਮਿੱਥਦੇ ਸਨ। ਗੁਰੂ ਜੀ ਨੇ ਇਕ ਵਾਹਿਗੁਰੂ ਦੀ ਪੂਜਾ ਸਿਖਲਾਈ। 'ਚੇਤੰਨ' ਨੂੰ ਵੀ ਚੇਤਨਤਾ ਬਖ਼ਸ਼ੀ। ਚੇਤੰਨ ਨੇ ਸਹਾਰਾ ਦੀ ਟਾਹਣੀ ਦੀ ਦਾਤਣ ਗੁਰੂ ਜੀ ਨੂੰ ਪੇਸ਼ ਕੀਤੀ। ਗੁਰੂ ਜੀ ਨੇ ਦਾਤਣ ਕਰ ਕੇ ਉਥੇ ਹੀ ਦੱਬ ਦਿੱਤੀ, ਜੋ ਸਮਾਂ ਪਾ ਕੇ ਇਕ ਬਿਰਛ ਹੋਈ। ਇਹ ਬਿਰਛ ਹੁਣ ਵੀ ਕੱਟਕ ਵਿਚ ਦੇਖਿਆ ਜਾ ਸਕਦਾ ਹੈ।[1] ਕੱਟਕ ਤੋਂ ਚੇਤੰਨ ਵੀ ਨਾਲ ਚੱਲ ਪਇਆ ਲਗਦਾ ਹੈ। ਚੇਤੰਨ ਨੂੰ ਬੰਗਾਲ ਵਿਚ ਮਹਾਂ ਪ੍ਰਭੂ ਕਰਕੇ ਵੀ ਸਤਿਕਾਰਿਆ ਜਾਂਦਾ ਹੈ। ਗੁਰੂ ਜੀ ਜਗਨਨਾਥ, ੨੭ ਮਾਰਚ ੧੫੧੦ ਈ: ਨੂੰ ਪੁੱਜੇ ਸਨ।

ਜਗਨ ਨਾਥ : ਜਗਨ ਨਾਥ ਸ਼ੰਕਰਚਾਰਜ ਦੇ ਚਾਰ ਮੱਠਾਂ ਵਿਚੋਂ ਇਕ ਮੱਠ ਹੈ। ਉਥੇ ਜਗਨ ਨਾਥ ਦੀ ਮੂਰਤੀ ਹੈ, ਜਿਸ ਨੂੰ ਵਿਸ਼ਵਕਰਮਾ ਦੁਆਰਾ ਬਣਾਇਆ ਕਿਹਾ ਜਾਂਦਾ ਹੈ। ਮਹਾਂਕੋਸ਼ ਦੇ ਲਿਖਾਰੀ ਦਾ ਕਹਿਣਾ ਹੈ ਕਿ ਜੇ ਮੰਦਰ ਦੀਆਂ ਮੂਰਤੀਆਂ ਵੱਲ ਦੇਖਿਆ ਜਾਏ ਤਾਂ ਵਾਮ ਮਾਰਗੀਆਂ ਦਾ ਪੁਰਾਤਨ ਮੰਦਰ ਲਗਦਾ ਹੈ। ਬਹੁਤੀਆਂ ਮੂਰਤੀਆਂ ਨੰਗੇਜ ਤੇ ਵਿਲਾਸੀ ਜੀਵਨ ਵੱਲ ਹੀ ਇਸ਼ਾਰਾ ਕਰਦੀਆਂ ਹਨ। ਇਕ ਮਨੌਤ ਇਹ ਵੀ ਹੈ ਕਿ ਸ੍ਰੀ ਕ੍ਰਿਸ਼ਨ ਜੀ ਦੀਆਂ ਅਸਥੀਆਂ ਉਥੇ ਪਈਆਂ ਹਨ। ਉਥੇ ਆਰਤੀ ਬੜੇ ਉਤਸ਼ਾਹ ਨਾਲ ਉਤਾਰੀ ਜਾਂਦੀ ਹੈ। ਆਰਤੀ ਕਰਨ ਦੀ ਮਰਿਆਦਾ ਇਹ ਹੈ ਕਿ ਜਗਦਿਆਂ ਦੀਵਿਆਂ ਨੂੰ ਚਾਰ ਵਾਰੀ ਮੂਰਤੀ ਦੇ ਚਰਨਾਂ 'ਤੇ, ਫਿਰ ਦੋ ਵਾਰੀ ਧੁੰਨੀ 'ਤੇ, ਇਕ ਵਾਰੀ ਮੁੱਖ 'ਤੇ ਫੇਰ ਸੱਤ ਵਾਰੀ ਸਾਰੇ ਸਰੀਰ 'ਤੇ ਫੇਰਿਆ ਜਾਂਦਾ ਹੈ। ਜਦ ਸ਼ਾਮ ਨੂੰ ਆਰਤੀ ਉਤਾਰਨ ਲੱਗੇ ਤਾਂ ਗੁਰੂ ਨਾਨਕ ਦੇਵ ਜੀ ਇਕ ਪਾਸੇ ਅਡੋਲ ਬੈਠੇ ਰਹੇ। ਜਦ ਸਾਰਿਆਂ ਨੇ ਪੁੱਛਿਆ ਕਿ ਉਨ੍ਹਾਂ ਨੇ ਕਿਉਂ ਜਗਨ ਨਾਥ ਦੀ ਆਰਤੀ ਨਹੀਂ

1. ਉਥੇ ਹੁਣ ਗੁਰਦੁਆਰਾ ਦਾਤਣ ਸਾਹਿਬ ਹੈ।

Sri Satguru Jagjit Singh Ji eLibrary NamdhariElibrary@gmail.com

ਉਤਾਰੀ ਤਾਂ ਆਪ ਜੀ ਨੇ ਕਿਹਾ ਕਿ ਦੁਨੀਆਂ ਦੇ ਮਾਲਕ ਦੀ ਆਰਤੀ ਦੀਵੇ ਕੀ ਉਤਾਰ ਸਕਦੇ ਹਨ। ਉਥੇ ਆਪ ਜੀ ਨੇ :

'ਗਗਨ ਮੈ ਥਾਲੁ,
ਰਵਿ ਚੰਦੁ ਦੀਪਕ ਬਨੇ,
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ,
ਪਵਣੁ ਚਵਰੋ ਕਰੇ,
ਸਗਲ ਬਨਰਾਇ ਫੂਲੰਤ ਜੋਤੀ'॥ ੧॥

ਗਾ ਕੇ 'ਬ੍ਰਹਮੰਡ ਗਾਣ' ਗਾਇਆ। ਕੌਮੀ ਗਾਣ ਲਿਖਣ ਵਾਲੇ ਟੈਗੋਰ ਨੇ ਠੀਕ ਲਿਖਿਆ ਹੈ ਕਿ ਇਸ ਤੋਂ ਸੁੰਦਰ ਕੋਈ ਬ੍ਰਹਮੰਡ ਗਾਣ (ਕਾਸਮਕ ਐਂਥਮ) ਨਹੀਂ। ਜਦ ਆਪ ਜੀ 'ਭਵ ਖੰਡਨ' ਦੀ ਆਰਤੀ ਪੜ੍ਹ ਕੇ, ਮਰਦਾਨੇ ਦੀ ਰਬਾਬ ਨਾਲ ਗਾ ਰਹੇ ਸਨ ਤਾਂ ਚੇਤੰਨ ਪ੍ਰਭੂ, ਦੋ ਭਰਾ ਰੂਪਾ ਤੇ ਸਨਾਤਨ, ਜਗਈ ਅਤੇ ਮਧਈ ਵੀ ਕੀਰਤਨ ਕਰਨ ਨਾਲ ਆ ਰਲੇ। ਈਸ਼ਵਰ ਦਾਸ ਨੇ ਆਪਣੀ ਉੜੀਆ ਦੀ ਪੁਸਤਕ ਚੇਤੰਨ ਭਾਗਵਤ ਵਿਚ ਲਿਖਿਆ ਹੈ ਕਿ :

'ਸ੍ਰੀ ਨਿਵਾਸ ਯੇ ਵਿਸ਼ਵੰਭਰ, ਕੀਰਤਨ ਮਧਯ ਵਿਹਾਰ।
ਨਾਨਕ ਸਾਰੰਗ ਏ ਦੁਇ। ਰੂਪ ਸਨਾਤਨ ਦੁਇ ਭਾਇ।
ਜਗਾਇ ਮਾਧਾਇ ਏਕਤ੍ਰ। ਕੀਰਤਨ ਕਰੰਤਿ ਏ ਨ੍ਰਿਤਯ।'

ਜਦ 'ਪ੍ਰਭੂ' ਦੀ ਸਵਾਰੀ ਮਈ ਦੇ ਅਖ਼ੀਰ ਵਿਚ ਨਿਕਲੀ ਤਾਂ ਯਾਤਰੂਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਜਗਨ ਨਾਥ ਦਾ ਠੀਕ ਆਰਤੀ ਕਰਨ ਦਾ ਵੱਲ ਸਿਖਾਇਆ। ਮਹਾਰਾਜ ਨੇ ਕਿਹਾ ਕਿ ਦੁੱਖ-ਸੁਖ ਏਕ ਕਰ ਜਾਣੇ ਤੋਂ ਹੀ ਜਗੰਨਾਥ ਕਉ ਪਾਵੈ।

ਠਗਣ ਕਉ ਸੰਸਾਰ : ਪਖੰਡ ਕਰਦੇ ਵੈਸ਼ਨਵ ਸਾਧੂ ਨੂੰ ਵੀ ਜਗਨ ਨਾਥ ਪੁਰੀ ਹੀ ਪਕੜਿਆ। ਉਸ ਕਲਜੁਗੀ ਨੇ ਇਹ ਪ੍ਰਸਿੱਧ ਕੀਤਾ ਹੋਇਆ ਸੀ ਕਿ ਉਸ ਨੂੰ ਅੱਖਾਂ ਮੀਟਦੇ ਸਾਰ ਹੀ ਸ਼ਿਵਪੁਰੀ ਦੇ ਦਰਸ਼ਨ ਹੁੰਦੇ ਹਨ। ਜਿਸ ਨੇ ਆਪਣੀ ਥਾਂ ਸਵਰਗ ਵਿਚ ਸੁਰੱਖਿਅਤ ਕਰਾਉਣੀ ਹੈ, ਉਹ ਉਸ ਦੇ ਅੱਗੇ ਰੱਖੇ ਲੋਟੇ ਵਿਚ ਮਾਇਆ ਪਾ ਦੇਵੇ ਤੇ ਉਹ ਥਾਂ ਰਾਖਵੀਂ ਰਖਵਾ ਦੇਵੇਗਾ। ਗੁਰੂ ਮਹਾਰਾਜ ਜੀ ਇਹ ਖੇਲ ਕੁਝ ਚਿਰ ਤਾਂ ਦੇਖਦੇ ਰਹੇ ਪਰ ਫਿਰ ਅੱਗੇ ਵਧ ਕੇ ਉਨ੍ਹਾਂ ਨੇ ਉਸ ਦਾ ਲੋਟਾ ਉਸੇ ਦੀ ਪਿੱਠ ਪਿਛੇ ਰੱਖ ਦਿੱਤਾ। ਜਦ ਉਸ ਨੇ ਅੱਖ ਖੋਲ੍ਹੀ ਤਾਂ ਲੋਟਾ ਅੱਗੇ ਨਾ ਦੇਖ ਕੇ ਬੜਾ ਤਿਲਮਲਾਇਆ। ਗੁਰੂ ਜੀ ਨੇ ਅੱਗੇ ਵਧ ਕੇ ਕਿਹਾ : ਤੂੰ ਤਾਂ ਅੱਖਾਂ ਬੰਦ ਕਰ ਕੇ ਸ਼ਿਵਪੁਰੀ ਦੀਆਂ ਖ਼ਬਰਾਂ ਲਿਆ ਦਿੰਦਾ ਸੈਂ, ਤੈਨੂੰ ਇੰਨਾ ਵੀ ਪਤਾ ਨਹੀਂ ਕਿ ਤੇਰਾ ਲੋਟਾ ਤੇਰੇ ਪਿੱਛੇ ਰੱਖ ਦਿੱਤਾ ਗਿਆ ਹੈ।

'ਅਖੀਂ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰ॥ ੧॥ ਰਹਾਉ॥'
'ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ॥
ਮਗਰ ਪਾਛੈ ਕਛੁ ਨ ਸੂਝੈ, ਏਹੁ ਪਦਮੁ ਅਲੋਅ॥' ੨॥

(ਧਨਾਸਰੀ ਮਹਲਾ ੧, ਪੰਨਾ ੬੬੩)

ਗੁਰੂ ਨਾਨਕ ਦੇਵ ਜੀ ਦੀ ਦਰਸਾਈ ਸਚਾਈ, ਜੋ ਕਈ ਮਹੀਨਿਆਂ ਤੋਂ ਉਹ ਦੇਖ

Sri Satguru Jagjit Singh Ji eLibrary NamdhariElibrary@gmail.com

ਰਹੇ ਸਨ, ਯਾਤਰੂਆਂ ਨੂੰ ਜਚੀ ਤੇ ਉਹ ਗੁਰੂ ਸ਼ਰਨ ਆਏ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਅਨੁਸਾਰ ਉਥੋਂ ਦੇ ਰਾਜੇ ਕ੍ਰਿਸ਼ਨ ਲਾਲ (ਜਿਸ ਦੇ ਅਧੀਨ ਸਾਰੇ ਮੰਦਰ ਦਾ ਵਿਹਾਰ ਸੀ ਤੇ ਹੁਣ ਉਸੇ ਦੀ ਸੰਤਾਨ ਦੇ ਪ੍ਰਬੰਧ ਹੇਠ ਹੈ) ਬਾਬੇ ਦੇ ਬਚਨ ਸੁਣ ਕੇ ਗੁਰੂ ਸ਼ਰਨ ਆਇਆ। ਉਥੇ ਕਿਤਨਾ ਕੁ ਗੁਰੂ ਦੇ ਸ਼ਬਦਾਂ ਦਾ ਪ੍ਰਭਾਵ ਪਿਆ, ਉਸ ਦਾ ਇਕ ਪ੍ਰਭਾਵ ਹੁਣ ਵੀ ਜਗਨ ਨਾਥ ਦੇਖਿਆ ਜਾ ਸਕਦਾ ਹੈ। ਭਾਵੇਂ ਸਮੇਂ ਦੇ ਥਪੇੜ ਗੁਰੂ ਬਚਨਾਂ ਤੋਂ ਲੋਕਾਂ ਨੂੰ ਦੂਰ ਲੈ ਗਏ ਹਨ, ਪਰ ਪ੍ਰਤੱਖ ਪ੍ਰਮਾਣ ਵੀ ਮਿਲ ਜਾਂਦਾ ਹੈ। ਨਿਰੋਲ ਇਕ ਜਗਨ ਨਾਥ ਹੀ ਐਸਾ ਮੰਦਰ ਹੈ ਜਿੱਥੇ ਹਰ ਜਾਤੀ ਦਾ ਪ੍ਰਸ਼ਾਦਿ ਚੜ੍ਹ ਸਕਦਾ ਹੈ ਤੇ ਛੂਤ-ਛਾਤ ਤਿਆਗ ਕੇ ਸਭ ਲੈਂਦੇ ਹਨ।

'ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ ਨਨਾ ਏਕ ਤੋਹੀ॥ ਸਹਸ ਪਦ ਬਿਮਲ ਨਨ, ਏਕ ਪਦ ਗੰਧ ਬਿਨੁ, ਸਹਸ ਤਵ ਗੰਧ ਇਵ ਚਲਤ ਮੋਹੀ॥ ਸਭ ਮਹਿ ਜੋਤਿ ਜੋਤਿ ਹੈ ਸੋਇ, ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ', ਦਾ ਹੁਣ ਤੱਕ ਪ੍ਰਭਾਵ ਉਥੇ ਮਿਲਣਾ 'ਜਿੱਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ' ਦੀ ਇਕ ਹੋਰ ਅਮਲੀ ਵਿਆਖਿਆ ਹੈ।

ਸਾਗਰ ਦੇ ਕਿਨਾਰੇ ਜਾ ਕੇ ਆਪ ਜੀ ਨੇ ਜਦ ਸ਼ਬਦ ਗਾਏ ਤਾਂ ਲੁਕਾਈ ਹੀ ਪਿੱਛੇ ਤੁਰ ਪਈ। ਸਾਰੇ ਪਾਸੇ ਖਾਰਾ ਜਲ ਹੋਣ ਕਾਰਨ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਿੱਠੇ ਜਲ ਦੀ ਮਿਹਰ ਕਰੋ। ਮਹਾਰਾਜ ਨੇ ਕਿਹਾ ਕਿ ਜਿੱਥੇ ਸੰਗਤ ਰੋਜ਼ ਜੁੜ ਰਹੀ ਹੈ, ਉਥੋਂ ਹੀ ਪੁੱਟੋ। ਜਦ ਥੋੜ੍ਹਾ ਜਿਹਾ ਪੁੱਟਿਆ ਤਾਂ ਮਿੱਠੇ ਜਲ ਦਾ ਸੋਮਾ ਫੁੱਟ ਪਿਆ।

"ਕਛਕ ਖੁਨਯੋ ਨਿਕਸੀ ਜਲ ਧਾਰਾ।
ਮਨਹੁ ਪਯੂਖੈ ਛੁਟਯੋ ਫੁਹਾਰਾ।" [1]

ਸਾਗਰ ਦੇ ਕੋਲ ਹੁਣ ਵੀ ਉਸੇ ਸੋਮੇ ਦਾ ਜਲ ਮਿੱਠਾ ਹੈ ਅਤੇ ਬਉਲੀ ਬਣਾ ਦਿੱਤੀ ਗਈ ਹੈ ਜੋ 'ਬਾਬੇ ਨਾਨਕ ਦੀ ਬਾਉਲੀ' ਕਰਕੇ ਪ੍ਰਸਿੱਧ ਹੈ। ਜਿਸ ਥਾਂ ਆਪ ਜੀ ਮੰਦਰ ਸਾਹਮਣੇ ਟਿਕੇ ਸਨ ਉਸ ਥਾਂ ਦਾ ਨਾਂ 'ਮੰਗੂ ਮਠ' ਹੈ ਤੇ ਉਥੇ ਗੁਰਦੁਆਰਾ ਬਣਿਆ ਹੋਇਆ ਹੈ।

ਉਦਾਸੀ ਕਰਦਿਆਂ ਤਿੰਨ ਵਰ੍ਹੇ : ਇਥੇ (ਜਗਨ ਨਾਥ) ਪੁੱਜ ਕੇ ਮੇਹਰਬਾਨ ਨੇ ਟੂਕ ਦਿੱਤੀ ਹੈ ਕਿ 'ਤਬ ਗੁਰੂ ਬਾਬੇ ਨਾਨਕ ਜੀ ਤੀਨਿ ਬਰਸ ਪੂਰਬ ਕੀ ਧਰਤੀ ਸਭ ਦੇਖੀ।' ਭਾਵ ਇਥੋਂ ਤੱਕ ਪੁੱਜਦੇ ਗੁਰੂ ਨਾਨਕ ਦੇਵ ਜੀ ਨੂੰ ਤਿੰਨ ਵਰ੍ਹੇ ਲੱਗੇ। ਇਸ ਉਪਰੰਤ ਲਿਖਿਆ ਹੈ ਕਿ 'ਫੇਰਿ ਪੂਰਬ ਦੀ ਧਰਤੀ ਤੇ ਦੱਖਣ ਕੀ ਧਰਤੀ ਕਉ ਰਮੇ। ਸੇਤ ਬੰਧ ਰਮੇਸ਼ਵਰ ਪਹੁੰਚੇ ਵੇਖ ਕੇ ਹੈਰਾਨ ਕਿ ਕਿਧਰ ਗਏ ਰਾਮ ਤੇ ਲੰਕੇਸ਼।'

1. ਸ੍ਰੀ ਗੁਰ ਪੁਰ ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

6

ਜਗਨ ਨਾਥ ਪੁਰੀ ਤੋਂ ਦੁਆਰਕਾ

ਜਗਨ ਨਾਥ ਪੁਰੀ ਪੁੱਜਦੇ ਤੱਕ ਗੁਰੂ ਜੀ ਨੂੰ ਤਿੰਨ ਵਰ੍ਹੇ ਲੱਗ ਗਏ ਸਨ। ਉਥੋਂ ਆਪ ਜੀ ਸਮੁੰਦਰ ਦੇ ਕਿਨਾਰੇ-ਕਿਨਾਰੇ ਦੱਖਣ ਵੱਲ ਚੱਲ ਪਏ। ਪੁਰੀ ਤੋਂ ਪੰਦਰਾਂ ਮੀਲ ਪੱਛਮ ਵੱਲ ਪੈਂਤੀ ਮੀਲ ਦੇ ਘੇਰੇ ਵਿਚ ਚਿਲਕਾ ਝੀਲ ਹੈ ਤੇ ਉਸ ਦੇ ਨਾਲ ਹੀ ਛੋਟਾ ਨਾਗਪੁਰ ਦੇ ਜੰਗਲ ਹਨ। ਝੀਲ ਦੇ ਕਿਨਾਰੇ ਹੁੰਦੇ ਹੋਏ ਬੀਜਵਾੜੇ ਅੱਪੜੇ। ਉਸ ਇਲਾਕੇ ਨੂੰ ਪੰਨੇ ਨਰ ਸਿੰਘ ਦੀ ਧਰਤੀ ਵੀ ਕਹਿੰਦੇ ਹਨ। ਉਥੋਂ ਗੰਡੂਰ ਅਤੇ ਕੁਡਾਪਾ ਪੁੱਜੇ।

ਮਨੋਹਰ ਦਾਸ ਜੀ ਮੇਹਰਬਾਨ ਕਹਿੰਦੇ ਹਨ ਕਿ ਇਹ ਗੱਲ ਚਾਰੇ ਪਾਸੇ ਟੁਰ ਪਈ ਕਿ **'ਐਸਾ ਫ਼ਕੀਰ ਪੱਛਮ ਦੀ ਧਰਤੀ ਥੀਂ ਇਧਰ ਆਇ ਪ੍ਰਗਟਿਆ। ਤਿਸ ਕੀ ਕਿਛੁ ਮਿਤੀ ਮਰਯਾਦਾ ਕਹੀ ਨਹੀਂ ਜਾਤੀ, ਅਰ ਸ਼ਬਦਿ ਸੁਧਿ ਹੈ, ਜੋ ਕੁਛ ਕਹਤਾ ਹੈ, ਸੋ ਹੋਤਾ ਹੈ। ਜੋ ਕਿਛੁ ਬਾਤ ਕੋਈ ਪੂਛਤਾ ਹੈ, ਸੋ ਬਾਤ ਪ੍ਰਵਾਨ ਕਰ ਦੇਤਾ ਹੈ। ਬੜਾ ਮਹਾਂਪੁਰਖ ਹੈ। ਨਾਨਕ ਨਾਮ। ਜੋ ਕੋਈ ਦਰਸ਼ਨ ਕਰਦਾ ਹੈ ਸੋ ਨਿਹਾਲ ਹੋਤਾ ਹੈ। ਐਸੀ ਉਸਤਤ ਦੱਖਣ ਦੀ ਚਲੀ ਹੈ।'**

ਕੁਡਾਪਾ ਦੇ ਆਸ-ਪਾਸ ਦੇ ਲੋਕੀਂ ਛਨਿਛਰ ਦੇਵਤੇ ਨੂੰ ਮੰਨਦੇ ਸਨ। ਛਨਿਛਰ ਕਰੂਪ ਤੇ ਆਪੂੰ ਕਿਰਤ ਕਰਨ ਯੋਗ ਨਹੀਂ ਸੀ। ਸੋ ਉਸ ਨੇ ਪੇਟ ਪਾਲਣ ਲਈ ਪ੍ਰਭੂ ਧਿਆਉਣਾ ਅਰੰਭ ਕੀਤਾ ਤੇ ਉਸ ਦੇ ਭਰਾ ਭਰਜਾਈਆਂ ਛਨਿਛਰ 'ਤੇ ਤਰਸ ਕਰਕੇ ਉਸ ਦੀ ਸੇਵਾ ਕਰਨ ਲੱਗੇ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਉਸ ਦੀ ਹੀ ਭਗਤੀ ਕਰੋ ਜਿਸ ਨੂੰ ਛਨਿਛਰ ਨੇ ਧਿਆਇਆ ਤੇ ਰਹਿਮ ਤੇ ਤਰਸ ਪਾਇਆ। ਫਿਰ ਜੋ ਸਭ ਤੋਂ ਘਟੀਆ ਪਹਰਣ ਲੈਂਦਾ ਰਿਹਾ ਹੈ ਤੇ ਚੰਗਾ ਲੈਣ ਦੀ ਸ਼ਕਤੀ ਜਿਸ ਵਿਚ ਨਹੀਂ ਹੈ ਉਸ ਤੋਂ ਕੀ ਮੰਗਦੇ ਹੋ? ਉਸ ਦੇ ਲਾਗੇ ਹੀ ਕਰਨੂਰ ਵਿਚ ਲੋਕੀਂ ਗਣੇਸ਼ ਦੇ ਪੁਜਾਰੀ ਸਨ। ਲੋਕਾਂ ਦੀ ਇਹ ਮਨੌਤ ਬਣੀ ਹੋਈ ਸੀ ਕਿ ਧਨ, ਧਰਤੀ, ਪੁੱਤਰ, ਰਿਧੀ ਸਿਧੀ ਦੇਣ ਵਾਲਾ ਤੇ ਸਰਬ ਕਾਰਜ ਕਰਨ ਵਾਲਾ ਗਣੇਸ਼ ਹੈ। ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦਾ ਗਿਆਨ ਦਿੱਤਾ ਤੇ ਉਨ੍ਹਾਂ ਗਣੇਸ਼ ਦੀਆਂ ਚੌਂਕੀਆਂ ਉਤਾਰ ਸੁੱਟੀਆਂ।

ਕੁਡਾਪਾ ਤੋਂ ਪਾਲੀ ਪੁਰ ਪੁੱਜੇ ਜਿੱਥੇ ਜੋਗੀਆਂ ਦਾ ਪ੍ਰਸਿੱਧ ਮੱਠ ਹੈ। ਕੰਨ ਪਾਟੇ ਜੋਗੀ

Sri Satguru Jagjit Singh Ji eLibrary NamdhariElibrary@gmail.com

ਉਥੇ ਰਹਿੰਦੇ ਸਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਗੋਰਖ ਦਾ ਭੇਖ ਧਾਰਨ ਲਈ ਕਿਹਾ ਤਾਂ ਗੁਰੂ ਜੀ ਨੇ **ਬਿਬੇਕ, ਬੈਰਾਗ, ਖਿਮਾ, ਗਿਆਨ, ਸਿਮਰਨ, ਧਿਆਨ, ਦ੍ਰਿੜ ਵੀਚਾਰ ਤੇ ਏਕੰਕਾਰ 'ਤੇ ਯਕੀਨ ਰੱਖਣ ਲਈ ਬਚਨ ਕੀਤੇ। ਐਸਾ ਪ੍ਰਭਾਵ ਪਾਇਆ ਉਹਨਾਂ 'ਤੇ ਕਿ ਸਿੰਗੀ, ਸੇਲੀ ਛੱਡ ਕੇ ਸ਼ਬਦ ਗਾਉਣ ਲੱਗੇ।**

ਮੰਗਲ ਨਾਥ ਨਾਲ ਭੇਂਟ ਵਾਰਤਾ : ਇਹ ਸੁਣ ਤੇ ਦੇਖ ਸਿੱਧਾਂ ਦੇ ਆਗੂ ਮੰਗਲ ਨਾਥ ਨੇ ਵੀ ਕਿਹਾ : ਸਿਧਾਂ ਦਾ ਬਲ਼ ਸਭਨਾਂ 'ਤੇ ਰਿਹਾ ਹੈ। ਤੁੱਧ ਸਿਧਾਂ 'ਤੇ ਵੀ ਆਪਣਾ ਬਲ ਪਾਇਆ ਹੈ। ਤੁਸੀਂ ਵੱਡੇ ਸਚਿਆਰ ਪੁਰਖ ਹੋ। ਕ੍ਰਿਪਾ ਕਰਕੇ ਇਹ ਦੱਸੋ ਕਿ ਮਨ ਗਿਆਨ ਰਾਹੀਂ ਕਾਬੂ ਆ ਸਕਦਾ ਹੈ ਜਾਂ ਜੋਗ ਰਾਹੀਂ। ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ :

'ਆਤਮਕ ਦ੍ਰਿਸ਼ਟਾ ਇਕ ਐਸਾ ਪੰਖੀ ਹੈ ਜੋ ਦੋ ਖੰਭਾਂ ਦੀ ਸਹਾਇਤਾ ਨਾਲ ਉਡਾਰੀ ਲਗਾ ਸਕਦਾ ਹੈ। ਇਕ ਖੰਭ ਪ੍ਰੇਮ ਦਾ ਹੈ ਅਤੇ ਦੂਜਾ ਆਤਮ-ਸਾਧਨਾ ਦਾ। ਇਕ ਖੰਭ ਨਾਲ ਆਤਮਕ ਉਡਾਰੀ ਨਹੀਂ ਲੱਗਦੀ। ਜੋਗੀ ਜੋਗ ਸਾਧਨਾਂ ਰਾਹੀਂ ਪ੍ਰੇਮ-ਤਪੱਸਿਆ ਕਰਦੇ ਹਨ ਪਰ ਲਾਭ ਕੋਈ ਨਹੀਂ। ਗ੍ਰਿਹਸਤੀ ਸੇਵਾ ਤੇ ਉਪਾਸ਼ਨਾ ਰਾਹੀਂ ਮਨ ਸੱਚੇ ਸ਼ਬਦ ਗਿਆਨ ਵਿਚ ਇਸ਼ਨਾਨ ਕਰਕੇ ਹੀ ਨਿਰਮਲ ਹੋ ਸਕਦਾ ਹੈ, ਇਹ ਹੈ ਸੱਚਾ ਜੋਗ ਜਿਸ ਦੇ ਚਾਰ ਅੰਗ ਹਨ : ਸਤਿਸੰਗ, ਸਮਦਮ (ਮਨ ਤੇ ਕਾਬੂ), ਸਤਿ ਤੇ ਸੰਤੋਖ।

ਆਪ ਜੀ ਜਿੱਥੇ ਦੱਖਣ ਦੇ ਲੋਕਾਂ ਨੂੰ 'ਪਤਿ ਵਿਣ ਪੂਜਾ, ਸਤਿ ਵਿਣ ਸੰਜਮ, ਜਤ ਵਿਣੁ ਕਾਹੇ ਜਨੇਊ' ਅਤੇ 'ਨਾਵਹੁ, ਧੋਵਹੁ, ਤਿਲਕ ਚੜਾਵਹੁ, ਸਚ ਵਿਣੁ ਸੋਚ ਨ ਹੋਈ' ਦਾ ਉਪਦੇਸ਼ ਦੇ ਰਹੇ ਸਨ, ਉਥੇ ਕਿਰਤ ਕਰਨ ਤੇ ਵੰਡ ਛਕਣ ਦਾ ਵੀ ਪ੍ਰਚਾਰ ਕਰਦੇ ਰਹੇ।

ਇਨਕਲਾਬੀ ਬਾਬਾ : ਝੁੱਗੀ ਝੌਂਪੜੀ ਸਾੜ ਨਵੀਂ ਬਸਤੀ ਉਸਾਰੀ—ਗ਼ਰੀਬੀ ਤੇ ਅਮੀਰੀ ਦਾ ਵੱਡਾ ਅੰਤਰ ਦੇਖ ਆਪ ਜੀ ਹੈਰਾਨ ਵੀ ਹੋਏ ਸਨ। ਪੁਰਾਤਨ ਜਨਮ ਸਾਖੀ ਅਨੁਸਾਰ ਉਹਨਾਂ ਇਕ ਬਸਤੀ ਨੂੰ ਜੋ ਅਤਿ ਕੁਚੀਲ, ਗੰਦੀ ਤੇ ਮਨੁੱਖਾਂ ਯੋਗ ਰਹਿਣ ਲਈ ਨਹੀਂ ਸੀ, ਆਪੂੰ ਹੱਥੀਂ ਅੱਗ ਲਗਾਈ ਸੀ। ਨਵਾਂ ਸੋਹਣਾ ਨਗਰ ਵਸਾਉਣ ਲਈ ਉਹਨਾਂ ਨੂੰ ਪ੍ਰੇਰਿਆ ਸੀ ਤੇ ਜਦ ਤੱਕ ਨਵੀਂ ਨਗਰੀ ਨਾ ਵੱਸ ਗਈ, ਉਹ ਅੱਗੇ ਨਾ ਗਏ। ਕੈਸਾ ਇਨਕਲਾਬੀ ਸੀ ਬਾਬਾ!

ਵੰਡ ਛਕਣਾ : ਪਾਲੀ ਪੁਰ (ਪਾਲੀ ਪੋਰਟ) ਹੀ ਜੋਗੀਆਂ ਨੇ ਗੁਰੂ ਜੀ ਦੇ ਵੰਡ ਛਕਣ ਦੇ ਆਦਰਸ਼ ਦੀ ਹਾਸੀ ਉਡਾਉਣ ਲਈ ਉਨ੍ਹਾਂ ਨੂੰ ਇਕ ਤਿਲ ਦਿੱਤਾ ਕਿ ਉਹ ਇਸ ਨੂੰ ਵੰਡ ਕੇ ਦਿਖਾਉਣ। ਗੁਰੂ ਨਾਨਕ ਦੇਵ ਜੀ ਨੇ ਉਸੇ ਸਮੇਂ ਤਿਲ ਨੂੰ ਦੌਰੀ (ਕੂੰਡੇ) ਵਿਚ ਪਾ ਡੰਡੇ ਨਾਲ ਘੋਟਣਾ ਅਰੰਭ ਕਰ ਦਿੱਤਾ ਅਤੇ ਜਲ ਰਲਾ ਕੇ ਸਾਰਿਆਂ ਨੂੰ ਵੰਡ ਦਿੱਤਾ। ਸਾਰਿਆਂ ਨੀਵੀਂ ਪਾ ਲਈ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਤਬ ਦਿਆਲ ਵੈ ਤਿਲ ਕੋ ਲੀਓ।
ਲੈ ਕੂੰਡੀ ਸੋਟਾ ਮੈਥਨ ਕੀਉ।
ਆਪਣੇ ਹਾਥ ਦੀਓ ਵਰਤਾਇ,
ਸਭ ਨੇ ਪੜ੍ਹ ਭਰੇ ਲੀਲਾਇ। ੭।

Sri Satguru Jagjit Singh Ji eLibrary NamdhariElibrary@gmail.com

ਸਭ ਦੇਖ ਚਰਿਤ੍ਰ ਬਿਸਮ ਹੋਇ ਗਏ।
ਸਤਿਗੁਰ ਕੋ ਪਰਸੰਸਤ ਭਏ।
ਤੁਮ ਪਰਮ ਅਉਧੂਤ ਅਰ ਪਰਮ ਸੁਜਾਨ।
ਤੁਮ ਅਭੰਗਤ ਪੂਰਨ ਪਰਮ ਸੁਜਾਨ।[1]

ਉਸ ਵੰਡ ਛਕਣ ਦੇ ਕੌਤਕ ਦੀ ਯਾਦ ਵਿਚ ਉਥੇ **'ਤਿਲ ਗੰਜੀ'** ਗੁਰਦੁਆਰਾ ਵੀ ਹੈ। ਡੰਡਾ ਤੇ ਕੂੰਡਾ ਦੇ ਦਰਸ਼ਨ ਹੁੰਦੇ ਹਨ। ਉਥੋਂ ਦੀ ਬੋਲੀ ਵਿਚ ਡੰਡਾ ਨੂੰ ਕਤਾਲ ਕਹਿੰਦੇ ਹਨ ਇਸ ਲਈ 'ਕੂੰਡੀ ਕਤਾਲ' ਦੇ ਨਾਂ ਕਰਕੇ ਵੀ ਪ੍ਰਸਿੱਧ ਹੈ। ਉਥੋਂ ਗੁਰੂ ਜੀ ਤ੍ਰਿਪੁਰਤੀ, ਕਾਂਜੀਵਰਮ, ਜਿਸ ਨੂੰ ਦੱਖਣ ਦਾ ਬਨਾਰਸ ਵੀ ਕਹਿੰਦੇ ਹਨ, ਪਾਂਡੀਚਰੀ, ਤੰਜੌਰ ਤ੍ਰਿਚਨਾਪਲੀ, ਪਾਲਮਕੋਟ ਅਤੇ ਮਦੁਰਾਈ ਗਏ। ਇਹਨਾਂ ਸਾਰੀਆਂ ਥਾਵਾਂ 'ਤੇ ਮੰਦਰ ਤਲਾਬਾਂ ਕਿਨਾਰੇ ਹਨ। ਜਨਮ ਸਾਖੀ ਵਾਲੇ ਨੇ ਉਸ ਇਲਾਕੇ ਨੂੰ 'ਕੰਵਲ ਸਰੋਵਰ' 'ਦੱਖਣ ਦੀ ਧਰਤੀ' ਲਿਖਿਆ ਹੈ। ਧਰਮ ਮੰਦਰਾਂ ਵਿਚ ਧਰਮ ਤੋਂ ਦੂਰ ਲੋਕਾਂ ਨੂੰ ਦੇਖ ਕੇ ਆਪ ਜੀ ਨੇ ਬੜੇ ਦਿਲ ਚੀਰਵੇਂ ਸ਼ਬਦ ਨਾਲ ਉਹਨਾਂ ਨੂੰ ਧਰਮ 'ਤੇ ਤੁਰਨ ਲਈ ਕਿਹਾ। ਗੁਰੂ ਜੀ ਨੇ ਉਨ੍ਹਾਂ ਧਰਮ ਦੇ ਰਾਖਿਆਂ ਨੂੰ ਡੱਡੂਆਂ ਨਾਲ ਤੁਲਨਾ ਦਿੱਤੀ ਜੋ ਕੰਵਲ ਨਾਲ ਭਰੇ ਸਰੋਵਰ ਵਿਚ ਰਹਿ ਕੇ ਵੀ ਮਲ, ਜਾਲਾ ਤੇ ਗੰਦ ਹੀ ਖਾਂਦੇ ਹਨ। ਡੱਡੂ ਨੇ ਕਦੀ ਕੰਵਲ ਦੇ ਖੇੜੇ ਦਾ ਅਨੰਦ ਨਹੀਂ ਲਿਆ। ਨਿਰੇ ਮੰਦਰਾਂ ਵਿਚ ਜਾਂ ਲਾਗੇ ਰਹਿਣ ਨਾਲ ਤਾਂ ਕੁਝ ਨਹੀਂ ਮਿਲਦਾ, ਅਸਲ ਵਸਤੂ ਧਿਆਨ ਹੈ। ਚੰਦ ਕਿਥੇ ਹੈ ਤੇ ਕੁਮੀ ਫੁੱਲ ਕਿਥੇ ਹੈ ਪਰ ਚੰਦ ਦੇਖ ਕੇ ਕੁਮੀ ਖਿੜ ਜਾਂਦੀ ਹੈ। ਦੂਰੀਆਂ ਜਾਂ ਨਜ਼ਦੀਕੀਆਂ ਨਾਲ ਖੇੜੇ ਅਨੰਦ ਦਾ ਕੋਈ ਸੰਬੰਧ ਨਹੀਂ।

'ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ,
ਅੰਮ੍ਰਿਤ ਨ ਲਖਸਿ ਰੇ॥ ੧॥ ਰਹਾਉ॥
ਬਸੁ ਜਲ ਨਿਤ ਨਵਿਸਤੁ ਅਲੀਅਲ, ਮੇਰ ਚਚਾ ਗੁਨ ਰੇ॥
ਚੰਦ ਕੁਮਦਨੀ ਦੂਰਹੁ ਨਿਵਸਸ, ਅਨਭਉ ਕਾਰਿਨ ਰੇ॥ ੨॥

(ਮਾਰੂ ਮਹਲਾ ੧, ਪੰਨਾ ੯੯੦)

ਮਦੁਰਾ ਤੋਂ ਰਮੇਸ਼ਵਰ ਪੁੱਜੇ। ਉਥੇ ਲੋਕਾਂ ਨੇ ਗਲਾਂ ਵਿਚ ਪੱਥਰ ਦੀਆਂ ਜੁੱਤੀਆਂ ਪਾਈਆਂ ਹੋਈਆਂ ਸਨ ਅਤੇ ਛਾਤੀ ਅਤੇ ਬਾਕੀ ਸਰੀਰ 'ਤੇ ਪੈਰਾਂ ਦੇ ਚਿੰਨ੍ਹ ਬਣਾਏ ਹੋਏ ਸਨ। ਉਹਨਾਂ ਲੋਕਾਂ ਦਾ ਯਕੀਨ ਹੈ ਕਿ ਰਾਮ ਚੰਦਰ ਜੀ ਨੇ ਜਿਵੇਂ ਪੱਥਰ ਤਾਰੇ ਸਨ ਇਵੇਂ ਹੀ ਉਨ੍ਹਾਂ ਦੇ ਚਰਨ-ਚਿੰਨ੍ਹ ਸਰੀਰ 'ਤੇ ਬਣਾਉਣ ਨਾਲ ਸਰੀਰ ਵੀ ਤਰ ਜਾਏਗਾ। ਗੁਰੂ ਮਹਾਰਾਜ ਨੇ ਸਮਝਾਇਆ ਕਿ ਰਾਮ ਅਸਥੂਲ ਸਰੀਰ ਨੂੰ, ਜਿਸ 'ਤੇ ਰਾਮ ਚੰਦਰ ਦੇ ਚਿੰਨ੍ਹ ਬਣਾਏ ਹਨ, ਪਾਰ ਨਹੀਂ ਲੈ ਜਾਂਦੇ। ਸਰੀਰ ਤਾਂ ਇਥੇ ਹੀ ਰਹਿ ਜਾਣਾ ਹੈ। ਨਾਮ, ਦਾਨ, ਦਇਆ, ਖਿਮਾ, ਤਪ, ਜਪ, ਸੰਤੋਖ, ਧਰਮ, ਭਗਤੀ ਤੇ ਭਜਨ ਹੀ ਸੂਖਮ ਜੀਵ ਨਾਲ ਜਾਂਦੇ ਹਨ। ਚਿੰਨ੍ਹ ਕੂੜੇ ਹਨ। ਉਥੋਂ ਦੇ ਮੁਖੀ ਰਾਮ ਭੱਜ ਨੇ ਗੁਰੂ

---

1. ਸਾਖੀ ਤਿਲਗੰਜੀ ਮੇ ਸਿਧੋ ਸਉ ਚਰਚਾ।

Sri Satguru Jagjit Singh Ji eLibrary NamdhariElibrary@gmail.com

ਜੀ ਦਾ ਉਪਦੇਸ਼ ਗ੍ਰਹਿਣ ਕੀਤਾ। ਮਹਿਮਾ ਪ੍ਰਕਾਸ਼ ਦਾ ਕਹਿਣਾ ਹੈ ਕਿ ਸਮੁੰਦਰ ਦੇ ਕਿਨਾਰੇ ਆਪ ਜੀ ਇਕ ਸਿਲਾ 'ਤੇ ਬੈਠੇ ਅਤੇ ਮਰਦਾਨਾ ਜੀ ਵੀ ਨਾਲ ਸਨ।

ਜਬ ਰਾਮੇਸ਼੍ਰਮ ਪਹੁੰਚੇ ਦਿਆਲਾ।
ਕੰਠ ਸਿੰਧ ਇਕ ਸਿਲਾ ਬਿਸਾਲਾ।
ਤਹਾ ਆਸਨ ਕੀਨਾ ਕ੍ਰਿਪਾ ਨਿਧਾਨ।
ਦਿਸ ਮਰਦਾਨਾ ਪਰਮ ਸੁਜਾਨ।

ਉਥੇ ਹੀ ਕਈਆਂ ਪ੍ਰਸ਼ਨ ਪੁੱਛਿਆ ਕਿ ਜਦ ਹਿੰਦੂ ਮੁਸਲਮਾਨ ਦਾ ਰੱਬ ਇਕੋ ਹੈ ਤਾਂ ਵੈਰ ਕਿਉਂ ? ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ : ਸੁਨਹੁ ਪੁਰਖਾ। ਰਾਹ ਦੋਵੈ ਬੇਸ਼ਕ ਹਨ ਪਰ ਹਿੰਦੂ ਤੁਰਕ ਕਾ ਖਸਮ ਇਕੋ ਹੈ। ਕਰਣੀ ਇਕੋ ਹੈ। ਬਿਨ ਸਚ ਤੇ ਨਾਂਹ ਹਿੰਦੂ ਛੁਟਤਾ ਹੈ ਤੇ ਨਾਂਹੇ ਮੁਸਲਮਾਨ :

'ਰਾਹ ਦੋਵੈ ਖਸਮ ਇਕੋ ਜਾਣ॥
ਗੁਰ ਕੈ ਸਬਦਿ ਹੁਕਮ ਪਛਾਣ॥ *(ਗਉੜੀ ਮਹਲਾ ੧)*

ਲੰਕਾ : ਰਾਮੇਸ਼ਵਰ ਪੁੱਜਦੇ ਹੀ ਗੁਰੂ ਜੀ ਨੇ ਕਿਹਾ : 'ਕਿਥੇ ਗਏ ਰਾਮ ਤੇ ਕਿਥੇ ਗਏ ਲੰਕੇਸ਼।' ਰਹਿੰਦਾ ਹੈ ਕੇਵਲ 'ਰਾਮ ਨਾਮ।' ਉਸ ਪੁਲ ਕੋਲ ਵੀ ਗਏ ਜਿਸ ਨੂੰ 'ਰਾਮ ਸੇਤ' ਕਿਹਾ ਜਾਂਦਾ ਹੈ। ਉਥੋਂ ਹੀ ਸਮੁੰਦਰ ਪਾਰ ਕਰ ਕੇ ਲੰਕਾ ਪੁੱਜੇ। ਲੰਕਾ ਦੇ ਸ਼ਹਿਰ ਤ੍ਰਿਕਨਪਲੇ ਪੁੱਜੇ। ਉਥੋਂ ਮਟੀਆ ਕਲਮ ਗਏ ਜਿਥੋਂ ਦਾ ਰਾਜਾ ਸ਼ਿਵਨਾਭ ਸੀ। ਲੰਕਾ ਵਿਚ ਭਾਈ ਮਨਸੁਖ ਜੀ ਵਪਾਰ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਦਾ ਆਦਰਸ਼ ਦ੍ਰਿੜ੍ਹਾ ਰਹੇ ਸਨ। ਗੁਰੂ ਸਾਹਿਬ ਦਾ ਆਦਰਸ਼ ਸੀ :

ਸਚੁ ਵਰਤੁ, ਸੰਤੋਖ ਤੀਰਥੁ, ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ, ਖਿਮਾ ਜਪਮਾਲੀ ਤੇ ਮਾਣਸ ਪਰਧਾਨ॥
ਜੁਗਤਿ ਧੋਤੀ, ਸੁਰਤਿ ਚਉਕਾ, ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥ ੧॥

(ਸਾਰੰਗ ਕੀ ਵਾਰ, ਸਲੋਕ ਮਹਲਾ ੧, ਪੰਨਾ ੧੨੪੫)

ਜਦ ਕਈਆਂ ਸ਼ਿਕਾਇਤ ਕੀਤੀ ਕਿ ਭਾਈ ਮਨਸੁਖ ਜੀ ਰਹੁ ਰੀਤੀ ਨਹੀਂ ਅਪਣਾਉਂਦੇ ਤਾਂ ਭਾਈ ਜੀ ਨੇ ਕਿਹਾ :

'ਜੋ ਪਿਛਲ ਰਾਤ ਉਠਤੇ ਹੈਂ, ਨਾਮ ਜਪਤੇ ਹੈਂ, ਯਥਾ ਸ਼ਕਤ ਦਾਨ ਕਰਤੇ ਹੈਂ, ਤਿਨ ਕੋ ਅਨੇਕ ਗਾਇਤਰੀ ਕੇ ਪਾਠ ਕਾ ਫਲ ਹੈ ਅਰ ਜੋ ਸਭ ਮੇ ਏਕ ਪ੍ਰਮੇਸ਼ਰ ਜਾਣਕੈ ਰਾਗ ਦੋਖ ਤੇ ਰਹਤ ਹੋਤੇ ਹੈਂ, ਤਿਨ ਸ਼ਿਵਲਿੰਗ ਕੋ ਕਿਆ ਪੂਜਣਾ ਹੈ।'

ਰਾਜੇ ਨੇ ਕਈ ਤਸੀਹੇ ਵੀ ਦਿੱਤੇ ਪਰ ਭਾਈ ਸਾਹਿਬ ਅਡੋਲ ਰਹੇ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਭਾਈ ਗੁਰਦਾਸ ਜੀ 'ਧਰਮ ਕੀ ਕਿਰਤ ਕਰੇ ਬਿਵਹਾਰਾ' ਅਤੇ ਜਦ ਰਾਜੇ ਨੇ ਪੁੱਛਿਆ ਕਿ ਬਰਤ ਕਿਉਂ ਨਹੀਂ ਰੱਖਦੇ ਤਾਂ ਭਾਈ ਮਨਸੁਖ ਨੇ ਕਿਹਾ :

ਸੁਨ ਰਾਜਾ ! ਮੈ ਨਿਜ ਮਤ ਕਹੋ ਵਿਚਾਰ ਕੇ।
ਜੋ ਸਤਿਗੁਰ ਕੀਉ ਉਪਦੇਸ਼ ਸੋ ਹੀਏ ਧਾਰ ਕੇ।

Sri Satguru Jagjit Singh Ji eLibrary NamdhariElibrary@gmail.com

ਮੈਂ ਬਾਨੀ ਗੁਰ ਕੀ ਪੜ੍ਹੋਂ, ਵਹੀ ਬ੍ਰਤ ਨੇਮ ਹੈ।
ਗੁਰ ਬਰਨਨ ਕੇ ਪਰਤਾਪ, ਕੁਸਲ ਮਨਖੇਮ ਹੈ।' ੭।[1]

ਭਾਈ ਮਨਸੁਖ ਜੀ ਲਾਹੌਰ ਤੋਂ ਕਈ ਵਾਰੀ ਗੁਰੂ ਨਾਨਕ ਦੇਵ ਜੀ ਪਾਸ ਸੁਲਤਾਨਪੁਰ ਆਏ ਸਨ ਅਤੇ ਉਹਨਾਂ ਦੀ ਰਹਿਣੀ ਨੂੰ ਧਾਰਨ ਕਰ ਲਿਆ ਸੀ। ਗੁਰੂ ਨਾਨਕ ਦੇਵ ਜੀ ਦੇ ਪੁੱਜਣ ਦੀ ਖ਼ਬਰ ਭਾਈ ਮਨਸੁਖ ਜੀ ਨੇ ਪਹਿਲਾਂ ਹੀ ਲੋਕਾਂ ਨੂੰ ਦਿੱਤੀ ਹੋਈ ਸੀ। ਗੁਰੂ ਨਾਨਕ ਦੇਵ ਜੀ ਨੇ ਮਟੀਆ ਕਲਮ ਪੁੱਜ ਕੇ ਇਕ ਬਾਗ਼ ਵਿਚ ਉਤਾਰਾ ਕੀਤਾ। ਚਾਰੇ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ। ਬਾਗ਼ ਹਰਾ ਭਰਾ ਹੋ ਗਿਆ। 'ਗੁਰ ਪ੍ਰਤਾਪ ਕਰ ਹਰਾ ਭਰਾ ਤਤ ਛਿਨ ਸੋਹਾਈ।'[2] ਰਾਜਾ ਨੇ ਸਵਾਗਤ ਦੇ ਬਹਾਨੇ ਖ਼ੂਬਸੂਰਤ ਇਸਤਰੀਆਂ ਭੇਜੀਆਂ ਕਿ ਨਾਚ ਕਰ ਕੇ ਆਰਤੀ ਉਤਾਰੋ। 'ਤਿਸ ਕੀ ਤੁਮ ਸੇਵਾ ਕਰੋ ਉਨ ਕਾ ਧਰਮ ਛੂਟ ਜਾਇ।' ਅਸਲ ਵਿਚ ਰਾਜੇ ਨੇ ਇਹ ਪ੍ਰਬੰਧ ਹੀ ਕੀਤਾ ਹੋਇਆ ਸੀ ਕਿ ਕੋਈ ਸਾਧੂ, ਅਤੀਤ ਆਵੇ, ਕੰਚਨੀਆਂ ਜਾਣ ਤੇ ਪਰਖ ਕਰਨ ਕਿ ਉਹ ਇੰਦਰੀਜਿਤ ਹੈ ਜਾਂ ਨਹੀਂ :

'ਕੋਊ ਸਿਧ ਅਤੀਤ ਆਵੈ ਨਗਰ ਮੇਂ,
ਤਹਾ ਤਿਰੀਆ ਦੇਇ ਪਠਾਇ।
ਇੰਦ੍ਰੀ ਜਿਤ ਕੀ ਲੇ ਪਰਤਗਿਆ।
ਜੋ ਕੋਈ ਤ੍ਰਿਆ ਚਰਿਤਰ ਰੰਗ ਨਹੀਂ ਰੰਗਿਆ'।[3]

ਮਹਾਰਾਜ ਨੇ ਉਹਨਾਂ ਦੇ ਪੁੱਜਦੇ ਸਾਰ ਹੀ ਫ਼ਰਮਾਇਆ : 'ਬੱਚੀਓ ਜਾਓ, ਉਸ ਪ੍ਰਭੂ ਦੀ ਆਰਤੀ ਉਤਾਰੋ, ਮੇਰਾ ਮਨ ਤਾਂ ਉਸੇ ਪ੍ਰਭੂ ਨੇ ਮੋਹਿਆ ਹੈ। ਫਿਰ 'ਗਾਛਹੁ ਪੁਤ੍ਰੀ ਰਾਜ ਕੁਆਰਿ' ਦਾ ਸ਼ਬਦ ਉਚਾਰਿਆ। ਉਨ੍ਹਾਂ ਨੂੰ ਬਹੁਤ ਸੰਤੋਖ ਹੂਆ। ਅੰਤਰ ਅਗਨ ਨਿਵਰ ਗਈ। ਰਾਜਾ ਆਪ ਤੁਰ ਕੇ ਆਇਆ :

'ਚਲ ਨਗਨ ਪਾਊ ਰਾਜਾ ਗਏ ਬਾਗਾ।
ਦੇਖ ਦਰਸ ਸੋਇਆ ਮਨ ਜਾਗਾ।'[4]

ਮਹੱਲਾਂ ਵਿਚ ਜਾਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਆਪਣੇ ਰਾਖਵੇਂ ਢੰਗ ਨਾਲ ਕਿਹਾ ਕਿ ਮਹੱਲੀਂ ਜਾਣ ਲਈ ਤਿਆਰ ਹਾਂ ਦੱਖਣਾ ਕੀ ਦਿਓਗੇ? ਉਸ ਨੇ ਕਿਹਾ : 'ਮੇਰਾ ਰਾਜ ਹਾਜ਼ਰ ਹੈ।' ਮਹਾਰਾਜ ਨੇ ਫ਼ਰਮਾਇਆ ਕਿ ਕੋਈ ਆਪਣੀ ਚੀਜ਼ ਦੇਹ, ਰਾਜ ਤੇ ਤੇਰਾ ਬਾਪ ਵੀ ਕਹਿੰਦਾ ਮਰ ਗਿਆ ਮੇਰਾ ਹੈ ਅਤੇ ਇਹ ਅਵੱਸ਼ ਹੈ ਕਿ ਕਲ੍ਹ ਤੇਰਾ ਨਹੀਂ ਰਵ੍ਹੇਗਾ। ਸ਼ਿਵ ਨਾਭ ਨੇ ਕਿਹਾ : 'ਮੇਰਾ ਤਨ ਹਾਜ਼ਰ ਹੈ।' ਮਾਲਕ ਨੇ ਫ਼ਰਮਾਇਆ ਕਿ ਇਹ ਤਨ ਵੀ ਤੇਰਾ ਨਹੀਂ ਹੈ। ਇਹ ਤਾਂ ਹੱਡ ਮਾਸ ਨਾੜੀ ਕੁ ਪਿੰਜਰ ਹੈ ਤੇ ਵਿਚ ਪੰਖੀ ਵੱਸ ਰਿਹਾ ਹੈ, ਉੱਡ ਗਿਆ ਤਾਂ ਕਿਸੇ ਦਾ ਨਹੀਂ, ਕੋਈ ਆਪਣੀ

---

1. ਨਾਨਕ ਸੂਰਯੋਦੇ।
2. ਸਾਖੀ ਰਾਜਾ ਸ਼ਿਵਨਾਭ ਕੀ, ਮਹਿਮਾ ਪ੍ਰਕਾਸ਼।
3. ਸਾਖੀ ਰਾਜਾ ਸ਼ਿਵਨਾਭ ਕੀ, ਮਹਿਮਾ ਪ੍ਰਕਾਸ਼।
4. ਸਾਖੀ ਰਾਜਾ ਸ਼ਿਵਨਾਭ ਕੀ, ਮਹਿਮਾ ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

ਸ਼ੈ ਦੇਹ। ਰਾਜੇ ਨੇ ਕਿਹਾ : 'ਮੇਰਾ ਮਨ ਹਾਜ਼ਰ ਹੈ।' ਮਹਾਰਾਜ ਨੇ ਉਸੇ ਸਮੇਂ ਕਿਹਾ ਕਿ ਮਨ ਵੀ ਤੇਰਾ ਨਹੀਂ, ਇਹ ਕਦੇ ਵੱਸ ਨਹੀਂ ਹੋਇਆ। ਰਾਜੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਕੀ ਭੇਟ ਕਰਾਂ ਕਿ ਤੁਸੀਂ ਮੇਰੇ ਘਰ ਚੱਲੋ ਤਾਂ ਮਹਾਰਾਜ ਨੇ ਫ਼ਰਮਾਇਆ ਕਿ ਇਹ ਜੋ 'ਮੈਂ-ਮੈਂ' ਲਾਈ ਹੋਈ ਹੈ ਉਹ ਮੇਰੇ ਹਵਾਲੇ ਕਰ ਦੇਹ, ਮੇਰਾ ਰਾਜ, ਮੇਰਾ ਤਾਜ, ਮੇਰਾ ਘਰ, ਮੇਰਾ ਦੇਸ਼, ਮੇਰੀ ਬੋਲੀ ਇਹ ਮੈਂ ਹੀ ਹੈ ਜੋ ਪ੍ਰਭੂ ਨੂੰ ਮਿਲਣ ਨਹੀਂ ਦਿੰਦੀ। ਰਾਜੇ ਨੇ 'ਮੈਂ' ਮੁਕਾਉਣ ਦਾ ਪ੍ਰਣ ਕੀਤਾ। ਜਨਮ ਸਾਖੀ ਵਾਲਾ ਲਿਖਦਾ ਹੈ ਕਿ 'ਤਦਹੁ ਰਾਜੇ ਸ਼ਿਵਨਾਭ ਆਖਿਆ ਜੀ, ਤੇਰਾ ਸਭ ਕੁਝ ਹੈ, ਹੁਕਮ ਹੋਵੇ ਤਾਂ ਹਾਥੀ ਘੋੜੇ ਚੜ੍ਹੀਏ ਅਤੇ ਜੀ ਤੱਖਤ ਰਵਾਂ ਚੜ੍ਹੀਏ।' ਤਬ ਬਾਬੇ ਆਖਿਆ : 'ਹੇ ਰਾਜਾ ਅਸੀਂ ਮਨੁੱਖ ਦੀ ਅਸਵਾਰੀ ਕਰਦੇ ਹਾਂ।' 'ਜੀ ਮਨੁੱਖ ਵੀ ਬਹੁਤੇ ਹਨ, ਚੜ੍ਹ ਚੱਲੀਏ।' ਗੁਰੂ ਨਾਨਕ ਦੇਵ ਜੀ ਫਿਰ ਕਿਹਾ 'ਜੋ ਰਾਜ ਕੁਇਰ ਹੋਵੇ ਅਤੇ ਨਗਰ ਦਾ ਰਾਜਾ ਹੋਵੇ ਤਿਸ ਦੀ ਪਿੱਠਾਂ ਉੱਪਰ ਚੜ੍ਹਿਹਾਂ।' ਤਬ ਰਾਜਾ ਜੀ ਆਖਿਆ : 'ਪਾਤਸ਼ਾਹ ਜੀ ਤੇਰਾ ਕੀਤਾ ਰਾਜਾ ਮੈਂ ਹਾਂ ਚੜ੍ਹ ਚੱਲੀਏ।' ਗੁਰੂ ਜੀ ਮੁਸਕਰਾ ਪਏ ਤੇ ਫ਼ਰਮਾਇਆ : 'ਸ਼ਹਿਰ ਵਿਚ ਧਰਮਸ਼ਾਲਾ ਬਣਾਓ। ਮਹਿਲੀਂ ਨਹੀਂ ਧਰਮਸ਼ਾਲਾ ਆਵਾਂਗੇ।'[1] ਨਾ ਹੀ ਰਾਜੇ ਨੂੰ ਸਮਝ ਆਈ ਅਤੇ ਨਾ ਹੀ ਸਾਨੂੰ। ਉਹ ਅਹੰਕਾਰ ਵਿਚ ਗ਼ਲਤਾਨ ਸੀ। ਬਾਬੇ ਨੇ ਸੋਝੀ ਦਿੱਤੀ। ਸਰੀਰ ਹੀ ਘੋੜੀ ਹੈ, ਇਸ ਨੂੰ ਜਿੱਤੇ ਬਗ਼ੈਰ ਧਰਮਸ਼ਾਲਾ ਜਾਣਾ ਵਿਅਰਥ ਹੈ। ਫਿਰ ਇਹ ਵੀ ਲਿਖਿਆ ਹੈ ਕਿ ਜਦ ਘਰ ਪੁੱਜੇ ਤਾਂ ਰਾਜੇ ਕਿਹਾ ਕੀ ਖਾਉਗੇ ਤਾਂ ਮਹਾਰਾਜ ਜੀ ਨੇ ਕਿਹਾ : 'ਤੇਰਾ ਬੇਟਾ ਤੇ ਉਹ ਵੀ ਰਾਜ ਕੰਵਰ।' ਸਾਰੇ ਘਬਰਾ ਗਏ। ਰਾਜੇ ਨੂੰ ਫਿਰ ਸਮਝ ਨਾ ਆਈ। ਮਹਾਰਾਜ ਜੀ ਦਾ ਭਾਵ ਸੀ ਕਿ ਜਦ ਤੱਕ ਮਨ ਰਾਜਾ ਸੁਲਤਾਨ ਨੂੰ ਕੁੱਟ-ਕੁੱਟ ਖਾਇਆ ਨਾ ਜਾਏ ਤਦ ਤੱਕ ਜੀਵਨ ਦਾ ਸੁਆਦ ਨਹੀਂ ਆਉਂਦਾ। ਇਹ 'ਪੂਤ ਕਮਾਲ ਮਨ' ਹੀ ਹੈ ਜੋ ਕਈ ਘਰ ਗਾਲ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਦੋਹੀ ਸਾਰੇ ਲੰਕਾ ਵਿਚ ਫਿਰ ਗਈ। ਮੈਕਾਲਫ਼ ਨੇ ਲਿਖਿਆ ਹੈ ਕਿ ਜਦ ਬਾਗ਼ ਹਰਿਆ ਭਰਿਆ ਹੋ ਗਿਆ ਤਾਂ ਮਾਲੀ ਨੇ ਜਾ ਕੇ ਰਾਜੇ ਸ਼ਿਵਨਾਭ ਅੱਗੇ ਬੇਨਤੀ ਕੀਤੀ ਕਿ ਆਪ ਜਾ ਕੇ ਉਸ ਮਹਾਂਪੁਰਸ਼ ਨੂੰ ਦੇਖੋ ਜਿਨ੍ਹਾਂ ਸੁੱਕੇ ਬਾਗ਼ ਹਰੇ ਕਰ ਦਿੱਤੇ ਹਨ। ਰਾਜੇ ਨੇ ਪ੍ਰੀਖਿਆ ਲਈ ਸੁੰਦਰ ਮੁਟਿਆਰਾਂ ਘੱਲੀਆਂ ਪਰ ਗੁਰੂ ਜੀ ਆਪਣੇ ਧਿਆਨ ਵਿਚ ਹੀ ਮਗਨ ਰਹੇ। ਰਾਜਾ ਆਪੂੰ ਟੁਰ ਕੇ ਆਇਆ ਤੇ ਪੁੱਛਿਆ 'ਤੁਹਾਡਾ ਕੀ ਨਾਉਂ ਹੈ? ਜਾਤ ਕੀ ਹੈ ਅਤੇ ਕੀ ਤੁਸੀਂ ਜੋਗੀ ਹੁੰਦੇ ਹੋ?' ਗੁਰੂ ਜੀ ਨੇ ਕਿਹਾ :

'ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮਲੁ ਨ ਰਾਤੀ॥
ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ॥'

(ਮਾਰੂ ਮਹਲਾ ੧)

ਰਾਜੇ ਨੇ ਪੁੱਛਿਆ : 'ਕੀ ਤੁਸੀਂ ਬ੍ਰਾਹਮਣ ਹੋ?'

ਗੁਰੂ ਜੀ ਨੇ ਉੱਤਰ ਦਿੱਤਾ :

'ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੈ ਪਾਤੀ॥

1. 'ਪ੍ਰਿਥਮੈ ਧਰਮਸਾਲ ਬਨਾਵਹੁ। ਬਹੁਰ ਆਇ ਹਮ ਕੋ ਲੈ ਜਾਵਹੁ।'

Sri Satguru Jagjit Singh Ji eLibrary NamdhariElibrary@gmail.com

ਏਕੋ ਨਾਮੁ ਏਕੁ ਨਰਾਇਣੁ ਤ੍ਰਿਭਵਣ ਏਕਾ ਜੋਤੀ॥'

ਰਾਜੇ ਨੇ ਪੁੱਛਿਆ : ਕੀ ਤੁਸੀਂ ਹਟਵਾਣੀਏ ਹੁੰਦੇ ਹੋ?

'ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮ ਅਜਾਚੀ॥
ਏਕੋ ਹਾਟ ਸਾਹ ਸਭਨਾ ਸਿਰਿ ਵਣਜਾਰੇ ਇਕ ਭਾਤੀ॥'

ਰਾਜੇ ਨੇ ਫਿਰ ਪੁੱਛਿਆ : ਤੁਸੀਂ ਹਿੰਦੂ ਹੁੰਦੇ ਹੋ ਜਾਂ ਮੁਸਲਮਾਨ?

ਗੁਰੂ ਜੀ ਨੇ ਰਹੱਸਮਈ ਉੱਤਰ ਦਿੰਦੇ ਹੋਏ ਕਿਹਾ :

'ਦੋਵੈ ਸਿਰੇ ਸਤਿਗੁਰ ਨਿਬੇੜੇ,
ਸੋ ਬੂਝੈ ਜਿਸ ਏਕ ਲਿਵਲਾਗੀ ਜੀਅਹੁ ਰਹੇ ਨਿਭਰਾਂਤੀ॥
ਸਬਦ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨ ਰਾਤੀ॥'

ਰਾਜੇ ਨੇ ਪੁੱਛਿਆ : ਕੀ ਤੁਸੀਂ ਗੋਰਖ ਨਾਥ ਹੋ?

ਗੁਰੂ ਜੀ ਨੇ ਉੱਤਰ ਦਿੰਦੇ ਹੋਏ ਕਿਹਾ :

''ਊਪਰਿ ਗਗਨ, ਗਗਨ ਪਰਿ ਗੋਰਖ ਤਾਕਾ ਅਗਮ ਗੁਰੂ ਪੁਨਿ ਵਾਸੀ॥
ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥' ੫॥ ੧੧॥

(ਮਾਰੂ ਮਹਲਾ ੧)

ਰਾਜੇ ਨੇ ਗੁਰੂ ਪਾਤਸ਼ਾਹ ਅੱਗੇ ਸਿਰ ਝੁਕਾਇਆ। ਇਕ ਮਨੌਤ ਅਨੁਸਾਰ ਉਥੇ ਹੀ ਪ੍ਰਾਨ ਸੰਗਲੀ ਉਚਾਰੀ ਜਿਸ ਵਿਚ ਵਾਹਿਗੁਰੂ ਦੇ ਸੁੰਨ ਮੰਡਲ ਦਾ ਹਾਲ ਹੈ, ਵਾਹਿਗੁਰੂ ਨੂੰ ਧਿਆਉਣ ਦੀ ਵਿਧੀ, ਆਤਮਾ ਤੇ ਸਰੀਰ ਦੇ ਲੱਛਣ ਦੱਸੇ ਗਏ ਹਨ। ਜਦ ਰਾਜੇ ਨੇ ਰਿਦਾ ਸੁਧ ਕੈਸੇ ਹੋਏ ਪੁੱਛਿਆ ਤਾਂ ਮਹਾਰਾਜ ਨੇ ਫ਼ਰਮਾਇਆ :

ਰਿਦਾ ਸੁਧ ਹੋਵੈ ਜੇ ਮਨ ਕਰਕੇ ਕਿਸੇ ਦਾ ਬੁਰਾ ਨਾ ਚਿਤਵੇ, ਤਨ ਕਰ ਕੇ ਵੀ ਕਿਸੀ ਕੋ ਨ ਦੁਖਾਵੇ। ਦੁੱਖ-ਸੁਖ ਵਿਚ ਧੀਰਜ ਰੱਖੇ, ਚਿੰਤਾ ਲਾਇ ਕੈ ਦੁਖੀ ਨ ਹੋਵੈ, ਸੁਖ ਸਮੇਂ ਹੰਕਾਰੀ ਨ ਹੋਏ, ਧੀਰਜੀ ਹੋਵੇ। ਝੂਠ ਨਾ ਬੋਲੇ, ਜਗਤ ਦੇ ਪਦਾਰਥਾਂ ਕੋ ਝੂਠਾ ਜਾਣੇ। ਕਾਮ ਦਾ ਜ਼ੋਰ ਨਾ ਪੈਣ ਦੇਵੇ। ਖਿਮਾ ਹੋਵੈ। ਕੋਈ ਕੌੜਾ ਬਚਨ ਕਹੇ ਤਾਂ ਸਹਿ ਜਾਵੇ। ਇੰਦਰੀਆਂ ਵੱਸ ਹੋਣ। ਦੁਖੀਏ ਤੇ ਭੁੱਖੇ, ਨੰਗੇ, ਤ੍ਰਿਹਾਏ ਨੂੰ ਵੇਖ ਕੇ ਜੇ ਕੁਝ ਦੇਣ ਜੋਗ ਨਹੀਂ ਤਾਂ ਧੀਰਜ ਜ਼ਰੂਰ ਦੇਵੇ। ਕੋਮਲ ਚਿੱਤ ਰਹਿਣਾ। ਅਹਾਰ ਭੋਜਨ ਮਰਯਾਦਾ ਦਾ ਖਾਣਾ। ਸਰੀਰ ਕੀ ਬਨਾਵਟ ਵਿਚ ਨਹੀਂ ਰਹਿਣਾ। ਨਾਮ ਜਪਣਾ। ਸੰਤੋਖੀ ਹੋਣਾ। ਆਸਤਕ ਬੁੱਧੀ ਰੱਖਣੀ। ਰੋਜ਼ ਕੁਝ ਦੇਣਾ ਭਾਵੇਂ ਇਕ ਬੁੱਕ ਆਟਾ ਹੀ ਹੋਵੇ। ਸੁਭਾਅ ਬਣਿਆ ਰਹਿੰਦਾ ਹੈ। ਚਿਤ ਉਦਾਰ ਹੁੰਦਾ ਹੈ। ਪ੍ਰਮੇਸ਼ਰ ਦੀ ਕ੍ਰਿਪਾ ਹੁੰਦੀ ਹੈ। ਪ੍ਰਮੇਸ਼ਰ ਦਾ ਜਸ ਕਰਨਾ। ਕੀਰਤਨ ਕਰਨਾ ਤੇ ਕਥਾ ਸੁਣਨੀ ਪਰ ਉਸ ਪਾਸੋਂ ਜੋ ਪੱਖ ਬਿਨਾਂ ਹੋਵੇ, ਨਿਮਰਤਾਵਾਨ ਹੋਵੇ। ਮਿੱਠ-ਬੋਲਾ ਹੋਵੈ। ਪਾਖੰਡੀ ਨਾ ਹੋਵੇ। ਸ਼ਰਮ ਪਾਲਣੀ। ਨਿੱਤ ਪ੍ਰੇਮ ਨਾਲ ਜਾਪ ਕਰੇ। ਨਿਸਚਾ ਇਕ ਥਾਂ ਹੀ ਰੱਖੇ। ਪ੍ਰਾਣ ਸੰਗਲੀ ਦੇ ਅਰੰਭਕ ਸ਼ਬਦ ਇਸ ਪ੍ਰਕਾਰ ਹਨ :

'ਉਨਮਨਿ ਸੁੰਨ, ਸੁੰਨ ਸਭ ਕਹੀਐ॥
ਉਨਮਨਿ ਹਰਖ ਸੋਗ ਨਹੀਂ ਰਹੀਐ॥

Sri Satguru Jagjit Singh Ji eLibrary NamdhariElibrary@gmail.com

ਉਨਮਨਿ ਆਸਾ, ਅੰਦੇਸਾ ਨਹੀਂ ਬਿਆਪਤ॥
ਉਨਮਨਿ ਵਰਨ ਚਿਹਨੁ ਨਹੀਂ ਜਾਪਤ॥
ਉਨਮਨਿ ਕਥਾ ਕੀਰਤ ਨਹੀਂ ਬਾਨੀ॥
ਉਨਮਨਿ ਰਹਤਾ ਸੁਨ ਧਿਆਨੀ॥
ਉਨਮਨਿ ਆਪਨਾ ਆਪਨਾ ਜਾਨਿਆ॥'

ਹਠ ਯੋਗੀ ਉਨਮਨ ਨੂੰ ਇਕ ਮੁਦਰਾ ਹੀ ਗਿਣਦੇ ਹਨ। ਰਾਜਯੋਗ ਉਨਮਨ ਉਸ ਦਸ਼ਾ ਦਾ ਨਾਮ ਹੈ ਜਿਸ ਨੂੰ ਫ਼ਾਰਸੀ ਵਾਲੇ ਬੇਖ਼ੁਦੀ ਦਾ ਆਲਮ ਕਹਿੰਦੇ ਹਨ। ਗੁਰੂ ਘਰ ਵਿਚ ਉਨਮਨ ਉਸ ਰੌ ਦਾ ਨਾਮ ਹੈ ਜਦੋਂ ਸਿਮਰਨ ਇਕ ਤਾਰ ਸਹਿਜ ਸੁਭਾਅ ਹੀ ਟੁਰੇ। ਚਿੱਤ ਖਿੜਿਆ ਰਹੇ, ਆਪਣਾ ਆਪ ਉੱਚਾ, ਖਿੜਿਆ, ਰਸ ਭਰਿਆ, ਪਰ ਹਉਂ ਤੋਂ ਰਹਿਤ ਹੋਵੇ। ਬੇਖ਼ੁਦੀ, ਸੁਆਦ, ਖੇੜਾ, ਸਰੂਰ, ਖਿੱਚ, ਰਸ, ਯਾਦਾਂ ਪਿਆਰ ਦੀਆਂ ਸਾਰਿਆਂ ਦਾ ਇਕ ਹੋ ਕੇ ਆਪਣੇ ਵਿਚ ਲੀਨ ਤੇ ਲੁਭਾ ਰੱਖਣ ਵਾਲਾ ਰੰਗ ਹੋਵੇ। ਇਸ ਦਾ ਸਾਧਨ ਹਰੀ ਨਾਮ ਦਾ ਸਿਮਰਨ ਹੈ ਤੇ ਪ੍ਰਾਪਤੀ ਵਾਹਿਗੁਰੂ ਵਲੋਂ ਮਿਹਰ ਨਾਲ ਹੁੰਦੀ ਹੈ।

ਸ਼ਿਵਨਾਭ ਨੇ ਇਹ ਵੀ ਕਿਹਾ ਜੇ ਹਠ ਯੋਗ ਠੀਕ ਨਹੀਂ ਤਾਂ ਗੁਰ ਜੋਗ ਕੀ, ਹੈ? ਗੁਰੂ ਪਿਤਾ ਨੇ ਫ਼ਰਮਾਯਾ ਯਮ ਹੈ : 'ਮਨ ਰਾਖਨ ਨੀਵਾ।' ਜੇ ਗੁਣ ਵੀ ਹੋਣ ਤਾਂ ਵੀ ਨਿਮਰ ਹੋ ਵਿਚਰਨਾ ਹੈ : **ਨਿਜ ਗੁਨ ਤੇ ਨਿਰਮਾਨ ਸਦੀਵਾ**।

ਨੇਮ ਇਹ ਧਾਰਨ ਕਰਨਾ ਕਿ ਸਤਿ ਸੰਗਤ ਕਰਨੀ ਅਤੇ ਕਥਾ ਕੀਰਤਨ ਸੁਣਨ ਉਪਰੰਤ ਪੰਗਤ ਵਿਚ ਬੈਠ ਲੰਗਰ ਛਕਣਾ ਤਾਂ ਕਿ ਅੰਦਰਲੀ ਹਉਮੈ ਵੀ ਜਾਏ।

ਨੇਮ ਹੈ ਜਾਇ ਸਤਿ ਸੰਗਤਿ।
ਕਥਾ ਕੀਰਤਨ ਸੁਨ ਮਿਲ ਪੰਗਤ।

ਕੇਸ ਹੈ ਕਿ ਆਪਣੇ ਆਪ ਨੂੰ ਕਦੇ ਇਕੱਲਾ ਨ ਮਹਿਸੂਸ ਕਰੇ। ਇਕੱਲ ਨੂੰ ਇਕਾਂਤ ਵਿਚ ਬਦਲੇ। ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣੇ।

"ਇਕੰਤ ਬਖਾਨੇ।
ਸਰਬ ਬਿਖੈ ਇਕ ਗੋਬਿੰਦ ਜਾਨੇ।"

ਆਸਨ ਲਗਾਉਣ ਗੁਰਮਤਿ ਵਿਚ ਇਹ ਹੀ ਹੈ ਕਿ ਮਨ ਨੂੰ ਸਮਝਾਂਦਾ ਰਵ੍ਹੇ ਤੇ ਚਿੱਤ ਨੂੰ ਵਾਹਿਗੁਰੂ ਵਿਚ ਟਿਕਾਈ ਰੱਖੇ।

"ਆਸਨ ਹੈ ਸਮਝਹੁ ਚਿੱਤ।
ਕਰਹਿ ਗੁਬਿੰਦ ਵਿਖੈ ਧਿਤ ਬ੍ਰਿਤ।"

ਪ੍ਰਾਣਾਯਾਮ ਵਿਚ ਸਾਹ ਅੰਦਰ ਲੈ ਜਾਂਦੇ ਹਨ, ਫਿਰ ਅੰਦਰ ਵੱਧ ਤੋਂ ਵੱਧ ਟਿਕਾਂਦੇ ਹਨ ਤੇ ਫਿਰ ਬਾਹਰ ਕੱਢਦੇ ਹਨ। ਗੁਰੂ ਜੋਗ ਵਿਚ ਸਾਹ ਅੰਦਰ ਲੈ ਜਾਣਾ ਕਿ ਗੁਰੂ ਦੀ ਬਾਣੀ ਨੂੰ ਧਿਆਨ ਨਾਲ ਸੁਣਨਾ, ਅੰਦਰ ਜੋ ਬੁਰੇ ਖ਼ਿਆਲ ਖ਼ੱਬਲ ਵਾਂਗ ਨਿੱਤ ਵਧਦੇ ਰਹਿੰਦੇ ਹਨ, ਪੁੱਟ ਬਾਹਰ ਸੁੱਟਣੇ ਤੇ ਬਾਣੀ ਰਾਹੀਂ ਸੁਣੀ ਸਮਝੀ ਬਾਤ ਨੂੰ ਪੂਰਨ ਤਰ੍ਹਾਂ ਤੇ ਟਿਕਾ ਲੈਣਾ।

Sri Satguru Jagjit Singh Ji eLibrary NamdhariElibrary@gmail.com

ਧਿਆਨ ਹੋਰ ਕੋਈ ਨਹੀਂ। ਗੁਰ ਸ਼ਬਦਾਂ ਦੇ ਅਰਥਾਂ ਵਿਚ ਧਿਆਨ ਲਗਾਉਣਾ ਹੈ ਅਤੇ ਸੰਕਲਪ ਨੂੰ ਫੁਰਨ ਤੱਕ ਨਹੀਂ ਦੇਣਾ।

"ਸ਼ਬਦ ਅਰਥ ਮਹਿ ਰਾਖਹਿ ਧਿਆਨਾ।
ਫੁਰਨ ਨ ਦੇਹਿ ਸੰਕਲਪ ਅਪਾਨਾ।"

ਧਾਰਨਾ ਹੈ : ਮਨ ਨੂੰ ਕਦੇ ਉੱਡਣ ਨ ਦੇਣਾ, ਜੇ ਉੜਨ ਲੱਗੇ ਤਾਂ ਸ਼ਬਦ ਰਾਹੀਂ ਜੋੜਨਾ।

"ਮਨ ਸੰਕਲਪ ਬਿਖੈ ਜੇ ਜਾਵੈ।
ਪੁਨ ਤਹਿ ਰੋਜ ਸਬਦ ਮਹਿ ਲਾਵੈ।"

ਸਮਾਧੀ ਹੈ ਸ਼ਬਦ ਸੁਣਦਿਆਂ ਜਦ ਮਨ ਟਿਕਦਾ ਦਿੱਸੇ ਤਾਂ ਉਸ ਨੂੰ ਪੂਰਨ ਤੌਰ ਤੇ ਟਿਕਾਉਣ ਲਈ ਵਾਰ-ਵਾਰ ਸ਼ਬਦ ਸੁਣੇ। ਇਸ ਤਰ੍ਹਾਂ ਪੂਰਨ ਟਿਕਾਅ ਨੂੰ ਪਾ ਲੈਂਦਾ ਹੈ।

"ਸ਼ਬਦ ਵਿਧੈ ਜਬ ਲਗੀ ਸਮਾਧ।
ਤਿਸਹਿ ਵਧਾਵਹਿ ਤਨ ਮਨ ਸਾਧ।
ਮਰਸ਼ਦ ਜਾਮ ਮਨ ਸ਼ਬਦ ਵਿਖੈ ਜਲ।
ਪੂਰਨ ਹੋਤ ਸਮਾਧ ਭਲੇ ਤਬ।"[1]

ਰਾਜੇ ਸ਼ਿਵਨਾਭ ਨੇ ਸਦਾ ਦਰਸ਼ਨ ਹੁੰਦੇ ਰਹਿਣ ਦੀ ਯਾਚਨਾ ਕੀਤੀ ਤਾਂ ਆਪ ਨੇ ਫ਼ਰਮਾਇਆ :

ਮੇਰਾ ਸਰੀਰ ਜੋ ਤੁਸੀਂ ਦੇਖਦੇ ਹੋ, ਇਹ ਮੇਰਾ ਸਰਗੁਣ ਰੂਪ ਹੈ। ਇਸ ਦੇ ਦਰਸ਼ਨ ਤਾਂ ਉਤਨੀ ਦੇਰ ਹਨ ਜਦ ਤੱਕ ਦੇਹ ਹੈ। ਮੇਰਾ ਅਸਲ ਰੂਪ ਅੰਤ੍ਰੀਵ ਨਿਰਗੁਣ ਸ਼ਖ਼ਸੀਅਤ ਹੈ। ਉਹ ਜੋਤਿ ਸਰੂਪ ਹੈ ਅਤੇ ਸ਼ਬਦ ਰਾਹੀਂ ਉਸ ਦੇ ਹਮੇਸ਼ਾ ਦਰਸ਼ਨ ਹੁੰਦੇ ਰਹਿਣਗੇ। ਤੁਸੀਂ ਦੂਰ ਹੁੰਦੇ ਹੋਏ ਵੀ ਦਰਸ਼ਨ ਕਰ ਸਕੋਗੇ। ਇਹ ਮੇਰਾ ਸਰੀਰ ਅਮਰ ਤੇ ਅਟੱਲ ਹੈ। ਸ਼ਬਦ ਦਾ ਧਿਆਨ ਧਰਨਾ। ਸ਼ਬਦ ਗੁਰੂ ਦਾ ਸਾਥੀ ਹੈ ਅਤੇ ਗੁਰੂ ਦਾ ਸੱਚਾ ਸਰੂਪ ਸ਼ਬਦ ਹੈ। ਭਾਈ ਮਨੀ ਸਿੰਘ ਜੀ ਦੇ ਸ਼ਬਦਾਂ ਵਿਚ :

'ਤੁਮ ਨੇ ਪੋਥੀ ਕਾ ਦਰਸ਼ਨ ਕਰਨਾ, ਇਸ ਕੀ ਪੂਜਾ ਕਰਨੀ। ਇਸ ਕੇ ਵਚਨ ਧਾਰ ਕੇ ਚਿੱਤ ਨੂੰ ਰੋਕਣਾ, ਸਮਤਾ ਸੰਯੁਕਤ ਅਰ ਲੋਹ ਤਪਾਈ ਰੱਖਣੀ। ਸਭ ਸਾਧ ਭਗਤ ਕੋ ਹਮਾਰਾ ਰੂਪ ਲਖਕੈ ਬ੍ਰਹਮ ਬੀਚਾਰ ਸਾਥ ਸੇਵਾ ਕਰਨੀ।'

ਜਦ ਗੁਰੂ ਨਾਨਕ ਦੇਵ ਜੀ ਦੀ ਦੋਹੀ ਚਾਰੇ ਪਾਸੇ ਫਿਰ ਗਈ ਤਾਂ ਬ੍ਰਾਹਮਣ ਤੇ ਭਿਖਸ਼ੂ ਘਬਰਾਏ। ਡਾਕਟਰ ਸਧਮੰਗਲ-ਕਰੁਣਾ ਰਤਨਾ, ਐਸਿਸਟੈਂਟ ਕਮਿਸ਼ਨਰ ਆਫ਼ ਆਰਕਿਓਆਲਜੀ ਸੀਲੋਨ ਨੇ ਤਿੰਨ ਸਤੰਬਰ ੧੯੬੯ ਈ: ਨੂੰ ਪਟਿਆਲਾ ਵਿਖੇ ਇਕ ਪੇਪਰ ਗੁਰੂ ਨਾਨਕ ਐਂਡ ਸੀਲੋਨ ਪੜ੍ਹਦੇ ਹੋਏ ਦੱਸਿਆ ਸੀ ਕਿ ਉਨ੍ਹਾਂ ਨੂੰ ਇਕ ਪੁਰਾਣੀ ਸੰਸਕ੍ਰਿਤ ਪੱਥਰ-ਲਿਖਤ ਲੱਭੀ ਹੈ ਜਿਸ ਦਾ ਉਲੱਥਾ ਕਰਵਾਉਣ 'ਤੇ ਪਤਾ ਲੱਗਾ ਹੈ

---

1. ਸ੍ਰੀ ਗੁਰ ਪੁਰ ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

ਕਿ ਨਾਨਕ ਆਚਾਰੀਆ ਨਾਂ ਦਾ ਇਕ ਸੰਤ ਹਿੰਦੁਸਤਾਨ ਤੋਂ ਉੱਧਰ ਆਇਆ ਸੀ। ਮਹਾਰਾਜਾ ਪਰਕਰੰਭੂ ਨੂੰ ਉਸ ਮਹਾਤਮਾ ਨੇ ਇਕ ਪਰਮਾਤਮਾ (ਮਾਨੋਥੀਅਜ਼ਮ) ਤੇ ਬੁੱਤ ਪ੍ਰਸਤੀ ਛੱਡਣ ਲਈ ਕਿਹਾ। ਰਾਜਾ ਨੇ ਕਿਹਾ ਕਿ ਜੇ ਉਹ ਉਸ ਦੇ ਸੰਘਰਾਜ ਧਰਮ ਕਿਰਤੀ-ਸਥਿਵਾਰ ਨੂੰ ਗੋਸ਼ਟੀ ਵਿਚ ਹਰਾ ਦੇਣ ਤਾਂ ਉਹ ਬੁੱਤਪ੍ਰਸਤੀ ਛੱਡ ਕੇ ਇਕ ਪ੍ਰਭੂ ਦਾ ਸਿਮਰਨ ਕਰਨ ਲੱਗ ਪਵੇਗਾ। ਗੋਸ਼ਟੀ ਵਿਚ ਸੰਘਰਾਜ ਨਾਨਕ ਆਚਾਰੀਆ ਦੀ ਕਿਸੇ ਵੀ ਦਲੀਲ ਦਾ ਉੱਤਰ ਨਾ ਦੇ ਸਕਿਆ। ਫਿਰ ਬ੍ਰਾਹਮਣ ਘਬਰਾਏ ਤੇ ਉਨ੍ਹਾਂ ਬੋਧੀ ਭਿਖਸ਼ੂ ਧਰਮ ਧਵਜ ਪੰਡਤ ਦੀ ਇਮਦਾਦ ਲਈ ਤੇ ਉਥੋਂ ਦੇ ਰਿਵਾਜ ਅਨੁਸਾਰ ਗੁਪਤ ਮੱਤਦਾਨ ਕਰਵਾ ਕੇ ਨਾਨਕ ਆਚਾਰੀਆ ਨੂੰ ਉਥੋਂ ਨਿਕਲ ਜਾਣ ਲਈ ਹੁਕਮ ਲੈ ਲਿਆ। ਬ੍ਰਾਹਮਣ ਨਾਨਕ ਆਚਾਰੀਆ ਕੋਲੋਂ ਇਕ ਰਿਆਇਤ ਮੰਗਦੇ ਸਨ ਕਿ ਬ੍ਰਾਹਮਣ ਦੀ ਉਚਤਾ ਸਮਾਜ ਵਿਚ ਬਣੀ ਰਹੇਗੀ ਪਰ ਗੁਰੂ ਨਾਨਕ ਐਸਾ ਕਰਨ ਲਈ ਤਿਆਰ ਨਹੀਂ ਸਨ। ਇਹ ਵੀ ਯਾਦ ਰਹੇ ਕਿ ਗੁਰੂ ਨਾਨਕ ਦੇਵ ਜੀ ਲੰਕਾ ਵਿਚ ਇਕ ਸਾਲ ਦੇ ਕਰੀਬ ਰਹੇ ਤੇ ਇਹ ਪੱਥਰ-ਲਿਖਤ ਪ੍ਰਗਟ ਕਰਦੀ ਹੈ ਕਿ ਬਾਬੇ ਦੇ ਇਕ ਪ੍ਰਭੂ ਸਿਮਰਨ ਤੇ ਊਚ-ਨੀਚ ਰਹਿਤ ਸਮਾਜ ਦੇ ਪ੍ਰਚਾਰ ਤੋਂ ਬ੍ਰਾਹਮਣ ਕਿੰਨੇ ਦੁਖੀ ਸਨ।

ਪੁਰਾਤਨ ਜਨਮ ਸਾਖੀ ਵਾਲੇ ਦੀ ਸ਼ਾਹਦੀ ਹੈ ਕਿ ਸਾਰਾ ਮੁਲਕ ਵਾਹ ਗੁਰੂ, ਵਾਹ ਗੁਰੂ ਕਰ ਉੱਠਿਆ। ਗੁਰੂ ਜੀ ਪੰਗਤ ਤੇ ਸੰਗਤਿ 'ਤੇ ਹੀ ਜ਼ੋਰ ਦਿੰਦੇ। ਲੰਕਾ ਵਿਚ ਜੋ ਕੁਰੂ ਕੁਰਮ ਨਾਂ ਦਾ ਪਿੰਡ ਹੈ, ਉਸ ਦਾ ਭਾਵ ਗੁਰੂ ਜੀ ਦੀ ਨਗਰੀ ਹੀ ਹੈ।

ਤਾਮਲਨਾਡ ਤੇ ਕੇਰਲ : ਤ੍ਰਿਣ-ਕੋਮਲੀ, ਮਟੀਆ ਕਲਾਂ ਤੇ ਜੈਵਰਧਨ ਜਾਫਨਾ ਤੋਂ ਹੁੰਦੇ ਹੋਏ ਦੱਖਣ ਵਾਪਸ ਆਏ। ਆਪ ਜੀ ਧਨਸ਼ਕੁਟੀ, ਰਾਸ ਕੁਮਾਰੀ (ਕੰਨਿਆਂ ਕੁਮਾਰੀ) ਤੋਂ ਹੁੰਦੇ ਹੋਏ ਵਿੰਧੀਆਚਲ ਦੀਆਂ ਪਹਾੜੀਆਂ ਪਾਰ ਕਰਕੇ ਕੋਚੀਨ (ਕੇਰਲ) ਪੁੱਜੇ। ਮੇਹਰਬਾਨ ਜੀ ਲਿਖਦੇ ਹਨ ਕਿ 'ਨਾਸਤਕ ਦੇਸ਼' ਪੁੱਜੇ। ਉਨ੍ਹਾਂ ਨੇ ਜਨਮ ਸਾਖੀ ਵਿਚ ਸ਼ਬਦ 'ਮੁਨਾਫਕ' ਵਰਤਿਆ ਹੈ ਤੇ ਲਿਖਿਆ ਹੈ ਕਿ ਗੁਰੂ ਨਾਨਕ ਦੇ ਉਪਦੇਸ਼ ਨਾਲ 'ਸਾਦਿਕ' ਹੋਏ। ਉਧਰ ਲੋਕੀਂ ਬਿਜਲੀ ਦੀ ਪੂਜਾ ਕਰਦੇ ਸਨ ਤੇ ਪਾਲਾਘਾਟ ਦੇ ਲਾਗੇ ਮੱਝੀਆਂ ਮਾਰ ਕੇ ਦੇਵਤੇ ਨੂੰ ਚੜ੍ਹਾਂਦੇ ਸਨ ਤੇ ਇਹ ਯਕੀਨ ਕਰਦੇ ਸਨ ਕਿ ਐਸਾ ਕਰਨ ਨਾਲ ਉਨ੍ਹਾਂ ਦੇ ਪਿਤਰ ਸੁਖੀ ਰਹਿੰਦੇ ਸਨ। ਲੋਕਾਂ ਨੂੰ ਇਨ੍ਹਾਂ ਸਭ ਭਰਮਾਂ, ਰਸਮਾਂ, ਕਰਮਾਂ ਤੋਂ ਉਤਾਂਹ ਕੀਤਾ। ਜਨਮ ਸਾਖੀ ਦੇ ਸ਼ਬਦਾਂ ਵਿਚ, 'ਗੁਰੂ ਨਾਨਕ ਜੀ ਅਰੁ ਮਰਦਾਨਾ ਏਕ ਸਮੇਂ ਪੈਂਡੇ ਚਲਿਆ ਜਾਂਦਾ ਹੈ। ਫ਼ਕੀਰੀ ਦੇ ਰੂਪ ਕੁਝ ਕਹਿੰਦੇ ਨਾਨਕ ਤਪਾ ਆਇਆ। ਕੋਈ ਕਹਿੰਦੇ 'ਨਾਨਕ ਭਗਤ'। ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਨਾਨਕ ਜੀ ਨੂੰ ਹਰ ਸਮੇਂ ਪ੍ਰਭੂ ਦੇ ਸਿਮਰਨ ਵਿਚ ਜੁੜਦੇ ਦੇਖ ਮਰਦਾਨੇ ਨੇ ਕਿਹਾ ਵੀ 'ਬਾਬਾ, ਖਾਹਿ, ਪੀਉ, ਬਹੁ, ਵਖਤ ਸਿਰਿ ਉਸ ਦਾ ਨਾਂ ਵੀ ਲਉ। ਹਰ ਸਮੇਂ ਉਸ ਦੀ ਯਾਦ ਕਿਉਂ?' ਤਾਂ ਗੁਰੂ ਜੀ ਨੇ ਕਿਹਾ : '**ਮਰਦਾਨਿਆ ਮੈਨੂੰ ਦਿਨ ਵੀ ਉਹ ਹੀ ਭਾਵੈ ਜਿਸ ਸਮੇਂ ਉਸ ਦਾ ਨਾਮ ਚਿੱਤ ਆਵੈ। ਭਿੰਨੀ ਰਾਤ ਵੀ ਸੋਈ ਜਿਸ ਸਮੇਂ ਉਹ ਚਿੱਤ ਆਵੈ।**' ਜਨਮ ਸਾਖੀ ਵਾਲਾ ਇਹ ਵੀ ਲਿਖਦਾ ਹੈ ਕਿ ਦੱਖਣ ਦੇ ਇਲਾਕੇ ਵਿਚ ਹੁੱਜਤਾਂ ਕਰਨ ਵਾਲੇ ਬਹੁਤੇਰੇ ਸਨ। ਮਹਾਰਾਜ ਜੀ ਨੇ ਹੁੱਜਤਾਂ ਕਰਨ ਵਾਲਿਆਂ

Sri Satguru Jagjit Singh Ji eLibrary NamdhariElibrary@gmail.com

ਨੂੰ ਇਹ ਹੀ ਕਿਹਾ :

'ਗੁਰਮਤਿ ਸਾਚੀ ਹੁਜਤਿ ਦੂਰਿ॥
ਬਹੁਤ ਸਿਆਣਪ ਲਾਗੈ ਧੂਰਿ॥' *(ਆਸਾ ਮਹਲਾ ੧, ਪੰਨਾ ੩੫੨)*

ਆਪ ਜੀ ਦੇ ਸਰਲ ਤੇ ਸਹਿਜ ਉਪਦੇਸ਼ ਸੁਣ ਕੇ ਬਹੁਤ ਲੋਕੀਂ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਏ। 'ਨਾਨਕ ਪੰਥੀ ਹੋਏ ਤੇ ਉਹਨਾਂ ਦੇ ਮਨ ਸੰਤੋਖ ਆਇਆ' ਜਨਮ ਸਾਖੀ ਨੇ ਐਸੇ ਸ਼ਬਦ ਲਿਖੇ।

ਕੌਡਾ ਰਾਖਸ਼ : ਕੋਚੀਨ ਤੋਂ ਫਿਰ ਆਪ ਜੀ ਨੇ ਆਂਧਰਾ ਪ੍ਰਦੇਸ਼ ਵਿਚ ਪ੍ਰਵੇਸ਼ ਕੀਤਾ। ਕਜਲੀ ਵਣ ਵਿਚੋਂ ਲੰਘਦੇ ਕੌਡਾ ਰਾਖਸ਼ ਨਾਲ ਮੇਲ ਹੋਇਆ। ਭਾਈ ਮਰਦਾਨਾ ਜੀ, ਕੌਡੇ ਦੇ ਦੂਤ-ਦੈਂਤਾਂ ਦੇ ਵੱਸ ਪੈ ਗਏ। ਗੁਰੂ ਨਾਨਕ ਦੇਵ ਜੀ ਕੌਡਾ ਪਾਸ ਪੁੱਜੇ ਤੇ ਆਸਾ ਦੀ ਵਾਰ ਦੀ ਇਕ ਪਉੜੀ ਗਾਈ ਤਾਂ ਕੌਡਾ ਨੇ ਮਰਦਾਨਾ ਜੀ ਨੂੰ ਛੱਡ ਦਿੱਤਾ। ਮਹਾਰਾਜ ਨੇ ਕਿਹਾ : **"ਫ਼ਕੀਰਾਂ ਦੇ ਰਬਾਬੀ ਨੂੰ ਕੁਝ ਨਹੀਂ ਕਹੀਦਾ, ਸਗੋਂ ਆਦਰ ਦਈਏ'**। ਕੌਡੇ ਨੇ ਡੰਡੌਤ ਕੀਤੀ ਤੇ ਸਿਰ ਝੁਕਾਂਦੇ ਕਿਹਾ ਕਿ ਹੁਣ ਉਹ ਮਨੁੱਖ ਨਹੀਂ ਖਾਏਗਾ। ਫਿਰ ਉਸ ਨੇ ਕਿਹਾ : 'ਮਹਾਰਾਜ ਮੈਂ ਹਰ ਇਕ ਨੂੰ ਨਹੀਂ ਸੀ ਖਾਂਦਾ, ਜੋ ਵੀ ਮਨੁੱਖ ਮੇਰੇ ਪਾਸ ਪਕੜ ਲਿਆਏ ਜਾਂਦੇ ਸਨ ਉਹਨਾਂ ਅੱਗੇ ਮੈਂ ਇਕ ਤਿਲਸਮੀ ਸ਼ੀਸ਼ਾ ਕਰਦਾ ਸਾਂ ਤੇ ਉਸ ਸ਼ੀਸ਼ੇ ਵਿਚੋਂ ਉਨ੍ਹਾਂ ਦੀ ਸ਼ਕਲ ਕੁੱਤਾ, ਘੋੜਾ, ਸੂਰ, ਖੋਤਾ, ਸ਼ੇਰ ਦਿੱਸੇ ਤਾਂ ਉਸ ਨੂੰ ਤਾਂ ਖਾ ਜਾਂਦਾ ਸਾਂ ਪਰ ਜੇ ਮਨੁੱਖ ਦੀ ਹੀ ਮੂਰਤ ਸਾਹਮਣੇ ਦਿੱਸੇ ਤਾਂ ਸਤਿਕਾਰ ਸਹਿਤ ਛੱਡ ਦਿੰਦਾ ਸਾਂ' :

'ਗਹਿ ਕਹਿ ਆਏ ਮਨੁੱਜ ਘਨੇਰੇ।
ਮੁਕਰ ਬਿਖੈ ਪ੍ਰਤੀਬਿੰਬ ਸੁ ਹੇਰੈ।
ਕੂਕਰ, ਸੂਕਰ ਖਰ ਖਗ, ਸ਼ੇਰਾ।
ਇਤਿਆਦਕ ਕੋ ਮੁੱਖ ਹੇਰਾ।'

ਮਹਾਰਾਜ ਨੇ ਪੁੱਛਿਆ ਕਿ ਉਨ੍ਹਾਂ ਨੂੰ ਕਿਉਂ ਨਾ ਖਾਧਾ ਤਾਂ ਉਸ ਹੱਥ ਜੋੜ ਬੇਨਤੀ ਕੀਤੀ : 'ਮਹਾਰਾਜ ਜੋ ਤੁਸੀਂ ਸਾਹਮਣੇ ਸੀ ਉਹ ਹੀ ਸ਼ੀਸ਼ੇ ਵਿਚੋਂ ਦਿਖਾਈ ਦਿੰਦੇ ਸੀ।' ਕੌਡਾ ਰਾਹੀਂ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਉਪਦੇਸ਼ ਦਿੱਤਾ ਕਿ ਇਹ ਦੇਖਦੇ ਰਹਿਣਾ ਚਾਹੀਏ ਕਿ ਕਿਧਰੇ ਕੌਡਾ ਰੋਜ਼ ਤਾਂ ਨਹੀਂ ਸਾਨੂੰ ਖਾ ਰਿਹਾ? ਕੀ ਸਾਡੇ ਦੋ ਰੂਪ ਤਾਂ ਨਹੀਂ ਬਣ ਗਏ? ਇਕ ਦਿਖਲਾਉਣ ਵਾਲਾ ਤੇ ਦੂਜਾ ਛੁਪਾ ਕੇ ਰੱਖਣ ਵਾਲਾ। ਗੁਰੂ ਨਾਨਕ ਦੇਵ ਜੀ ਤਾਂ ਗੁੱਸਾ ਹੀ ਉਸ 'ਤੇ ਕਰਦੇ ਹਨ ਜਿਨ੍ਹਾਂ ਨੇ ਦੋ ਰੂਪ ਬਣਾ ਲਏ ਹਨ, ਜਿਨ੍ਹਾਂ ਦੀ ਸੂਰਤ ਭਾਵੇਂ ਮਨੁੱਖ ਵਾਲੀ ਹੈ ਪਰ ਕਰਨੀ ਤੇ ਕਰਤੂਤ ਕੁੱਤਿਆਂ ਤੋਂ ਵੀ ਮਾੜੀ ਹੈ :

"ਮਾਣਸ ਮੂਰਤਿ ਨਾਨਕੁ ਨਾਮੁ॥
ਕਰਣੀ ਕੁਤਾ ਦਰਿ ਫੁਰਮਾਨੁ॥"

(ਆਸਾ ਮਹਲਾ ੧, ਪੰਨਾ ੩੫੦)

ਨਾਨਕ ਝੀਰਾ : ਉਥੋਂ ਹੈਦਰਾਬਾਦ ਤੇ ਬਿਦਰ ਦੇ ਉਸ ਅਸਥਾਨ 'ਤੇ ਪੁੱਜੇ ਜਿਸ

Sri Satguru Jagjit Singh Ji eLibrary NamdhariElibrary@gmail.com

ਨੂੰ ਅੱਜਕੱਲ੍ਹ ਨਾਨਕ ਝੀਰਾ ਕਹਿੰਦੇ ਹਨ। ਉਸ ਪਾਸੇ ਦੋ ਪੀਰਾਂ ਸੱਯਦ ਯਾਕੂਬ ਤੇ ਜਲਾਲਦੀਨ ਦਾ ਹੀ ਸਿੱਕਾ ਚਲਦਾ ਸੀ। ਉਹਨਾਂ ਨੇ ਜਲ ਦੇ ਚਸ਼ਮੇ ਗਿਰਦ ਕਿਲ੍ਹਾ ਉਸਾਰ ਕੇ ਆਪਣੇ ਅਧਿਕਾਰ ਵਿਚ ਰੱਖਿਆ ਹੋਇਆ ਸੀ। ਪਾਣੀ ਨੂੰ ਤਰਸਦੇ ਲੋਕੀਂ ਉਨ੍ਹਾਂ ਦੀ ਈਨ ਤੇ ਫਿਰ ਦੀਨ ਪ੍ਵਾਨ ਕਰ ਲੈਂਦੇ ਸਨ। ਗੁਰੂ ਮਹਾਰਾਜ ਨੇ ਕਿਲ੍ਹੇ ਤੋਂ ਬਾਹਰ ਜਾ ਕੇ ਟਿਕਾਣਾ ਕੀਤਾ ਅਤੇ ਸ਼ਬਦ ਗਾਇਆ। ਅੰਦਰ ਦਾ ਜਲ ਸੁੱਕ ਗਿਆ ਤੇ ਜਿੱਥੇ ਸ਼ਬਦ ਗਾਇਆ ਸੀ ਉਥੇ ਜਲ ਵਹਿਣ ਲੱਗ ਪਿਆ। ਦੋਵੇਂ ਸੱਯਦ ਦੌੜਦੇ ਆਏ ਤੇ ਚਰਚਾ ਛੇੜ ਦਿੱਤੀ। ਮਹਾਰਾਜ ਨੇ **ਕਲਮਾ ਬਖ਼ਸ਼ਸ਼ ਦਾ, ਨਿਮਾਜ਼ ਨਿਆਂ ਦੀ, ਰੋਜ਼ਾ ਰਹਿਮ ਦਾ, ਹੱਜ ਉਸ ਦੀ ਹਜ਼ੂਰੀ ਵਿਚ ਰਹਿਣਾ, ਜ਼ਕਾਤ ਉਸ ਦੇ ਨਾਂ 'ਤੇ ਕਮਾ ਕੇ ਵੰਡ ਛਕਣਾ ਅਤੇ ਰਸੂਲ ਦੀ ਸਿਫ਼ਾਰਸ਼ ਦੇ ਭਰੋਸੇ ਨਾ ਰਹਿ ਕੇ ਅੱਲਾਹ ਦੀ ਰਹਿਮਤ ਮੰਗਣ ਲਈ ਸਮਝਾਇਆ**।

ਭਗਤ ਨਾਮ ਦੇਵ ਜੀ : ਉਥੋਂ ਆਪ ਜੀ ਮੈਸੂਰ (ਹੁਣ ਕਰਨਾਟਕ) ਦੀ ਰਿਆਸਤ ਦੇ ਸ਼ਹਿਰ ਸ੍ਰੀ ਰੰਗ ਪਟਨ ਪੁੱਜੇ। ਉਥੇ ਲੋਕਾਂ ਨੂੰ ਵਿਸ਼ਨੂੰ ਦੀ ਮੂਰਤੀ ਦੀ ਪੂਜਾ ਛੁੜਵਾ ਤੁੰਗ ਭੰਦਰਾ ਨਦੀ 'ਤੇ ਬਣੇ ਮੰਦਰ ਪੁੱਜੇ। ਉਥੋਂ ਪਾਂਧਰਪੁਰ ਤੇ ਫਿਰ ਨਾਮ ਦੇਵ ਜੀ ਦੇ ਜਨਮ ਪਿੰਡ ਨਰਸੀ ਪਿੰਡ ਗਏ। ਭਗਤ ਨਾਮ ਦੇਵ ਜੀ ਦਾ ਜਨਮ ਸੰਨ ੧੨੭੦ ਈ: ਨੂੰ ਇਕ ਛੀਪੇ ਦੇ ਘਰ ਹੋਇਆ ਸੀ। ਨਾਮ ਦੇਵ ਜੀ ਨੇ ਚੌਧਵੀਂ ਸਦੀ ਵਿਚ ਸੂਰਮਤਾਈ ਦੇ ਨਵੇਂ ਪੂਰਨੇ ਪਾਏ ਸਨ। ਨਾਮ ਦੇਵ ਜੀ ਸਭ ਤੋਂ ਪਹਿਲਾਂ ਤਾਂ ਬ੍ਾਹਮਣ ਦੀ ਅਖੌਤੀ ਉਚਿਤਾ ਵਿਰੁੱਧ ਲੜੇ। ਭਾਵੇਂ ਉਨ੍ਹਾਂ ਨੂੰ ਸ਼ੂਦਰ ਕਹਿ-ਕਹਿ ਕੇ ਮੰਦਰਾਂ ਤੋਂ ਕਈ ਵਾਰ ਮਾਰ-ਮਾਰ ਨਸਾਇਆ ਗਿਆ ਪਰ ਉਹ ਆਤਮਾ ਦੀ ਉੱਚਤਾ ਦਾ ਢੰਡੋਰਾ ਦਿੰਦੇ ਰਹੇ। ਜਦ ਬ੍ਾਹਮਣ ਵੱਲ ਸੱਚਮੁੱਚ ਹੀ ਪਰਮਾਤਮਾ ਦੀ ਪਿੱਠ ਹੋ ਗਈ ਤਾਂ ਹੀ ਲੋਕਾਂ ਨੂੰ ਨਾਮ ਦੇਵ ਜੀ ਦੀਆਂ ਆਤਮਕ ਉਚਾਈਆਂ ਦਾ ਗਿਆਨ ਹੋਇਆ। ਕਈ ਵਾਰ ਪ੍ਰਭੂ ਦੇ ਪ੍ਰਤੱਖ ਮਿਲਾਪ ਦਾ ਭਗਤ ਜੀ ਨੇ ਅਨੰਦ ਮਾਣਿਆ।

ਫਿਰ ਭਗਤ ਨਾਮ ਦੇਵ ਜੀ ਇਹ ਉਪਦੇਸ਼ ਦੇ ਰਹੇ ਸਨ ਕਿ ਘਰ ਵਿਚ ਹੀ ਕਿਰਤ ਕਰਦਿਆਂ ਪ੍ਰਭੂ ਪਾਇਆ ਜਾ ਸਕਦਾ ਹੈ। 'ਹਾਥ ਪਾਉ ਕਰ ਕਾਮ ਸਭ ਚੀਤ ਨਿਰੰਜਨ ਨਾਲਿ' ਉਹਨਾਂ ਦਾ ਹੀ ਕਥਨ ਸੀ। 'ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ'[1], ਵੀ ਉਹਨਾਂ ਦਾ ਹੀ ਸ਼ਬਦ ਹੈ। ਨਾਮ ਹੀ ਉਨ੍ਹਾਂ ਦਾ ਆਸਰਾ ਸੀ ਅਤੇ ਨਾਮ ਦਾ ਹੀ ਪ੍ਰਚਾਰ ਕਰਦੇ ਸਨ : 'ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ। ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ'[2] ਵੀ ਉਨ੍ਹਾਂ ਦੇ ਬਚਨ ਹਨ।

ਸਮੇਂ ਦੀ ਹਕੂਮਤ ਦੇ ਬਾਦਸ਼ਾਹ ਫ਼ਿਰੋਜ਼ ਤੁਗਲਕ ਵਿਰੁੱਧ ਜਿਵੇਂ ਉਹ ਡਟ ਖਲੋਤੇ, ਉਹ ਉਨ੍ਹਾਂ ਦੀ ਸੂਰਮਤਾਈ ਹੀ ਪ੍ਰਗਟਾਉਂਦਾ ਹੈ। ਮਾਂ ਤੱਕ ਨੇ ਕਿਹਾ ਕਿ ਕੀ ਹਰਜ ਹੈ ਜੇ ਉਹ ਬਾਦਸ਼ਾਹ ਦੇ ਆਖੇ ਲੱਗ 'ਖੁਦਾ' ਆਖ ਦੇਵੇ ਤਾਂ ਆਪ ਜੀ ਨੇ ਉਸੇ ਸਮੇਂ ਮਾਂ ਨੂੰ ਵੀ ਆਖ ਦਿੱਤਾ ਕਿ 'ਨ ਹਉ ਤੇਰਾ ਪੂੰਗਰਾ, ਨ ਤੂੰ ਮੇਰੀ ਮਾਇ॥ ਪਿੰਡ ਪਰੇ

1. ਰਾਮਕਲੀ, ਪੰਨਾ ੯੭੨।
2. ਤਿਲੰਗ, ਪੰਨਾ ੭੨੭।

Sri Satguru Jagjit Singh Ji eLibrary NamdhariElibrary@gmail.com

ਤਉ ਹਰਿ ਗੁਣ ਗਾਇ॥' ਸੀਸ ਬੇਸ਼ੱਕ ਚਲਾ ਜਾਏ ਪਰ ਉਹ ਆਪਣੇ ਆਦਰਸ਼ ਨੂੰ ਨਹੀਂ ਛੱਡਣਗੇ। ਨਾਮ ਦੇਵ ਜੀ ਦੇ ਨਗਰ ਪੁੱਜ ਕੇ ਗੁਰੂ ਜੀ ਨੇ ਸ਼ਬਦ ਲਿਖ ਆਂਦੇ, ਜਿਨ੍ਹਾਂ ਨੂੰ ਪਿੱਛੋਂ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਗੁਰੂ ਅਰਜਨ ਦੇਵ ਜੀ ਨੇ 'ਨਾਮਦੇਵ ਹਰਿ ਜੀਉ ਬਸਹਿ ਸੰਗਿ' ਫ਼ਰਮਾ ਕੇ ਭਗਤ ਜੀ ਦੀ ਉਪਮਾ ਵੀ ਕੀਤੀ। ੧੮ ਰਾਗਾਂ ਵਿਚ ਨਾਮ ਦੇਵ ਜੀ ਦੇ ੬੦ ਸ਼ਬਦ ਹਨ। ਅੰਤਲੇ ਦਿਨਾਂ ਵਿਚ ਆਪ ਜੀ ਪੰਜਾਬ ਦੇ ਪਿੰਡ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਆ ਟਿਕੇ ਸਨ ਅਤੇ ਉਥੇ ਹੀ ਅਕਾਲ-ਚਲਾਣਾ ਕੀਤਾ। ਕੈਸੀਆਂ ਸਾਂਝਾਂ ਉਪਜੀਆਂ ਹੋਣਗੀਆਂ ਜਦ ਗੁਰੂ ਨਾਨਕ ਦੇਵ ਜੀ ਪੰਜਾਬੋਂ ਉਥੇ ਗਏ।

ਭਗਤ ਤ੍ਰਿਲੋਚਨ ਜੀ : ਨਰਸੀ ਪਿੰਡ ਤੋਂ ਕੁਝ ਹੀ ਦੂਰ ਭਗਤ ਤ੍ਰਿਲੋਚਨ ਦਾ ਪਿੰਡ ਬਾਰਸੀ ਸੀ। ਭਗਤ ਤ੍ਰਿਲੋਚਨ ਜੀ ਵੈਸ਼ ਜਾਤ ਦੇ ਹੁੰਦੇ ਹੋਏ ਵੀ ਜਾਤ-ਪਾਤ, ਰੀਤ-ਰਸਮ ਵਿਰੁੱਧ ਪ੍ਰਚਾਰ ਕਰਦੇ ਰਹੇ ਸਨ। ਉਹ ਨਾਮ ਦੇਵ ਜੀ ਦੇ ਸਮਕਾਲੀ ਸਨ। ਆਪ ਜੀ ਦਾ ਜਨਮ ੧੨੬੭ ਈ: ਨੂੰ ਹੋਇਆ ਸੀ। ਨਾਮ ਦੇਵ ਜੀ ਨਾਲ ਗੂੜ੍ਹੇ ਸੰਬੰਧ ਸਨ। ਮਹਾਰਾਜ ਨੇ ਉਹਨਾਂ ਦੇ ਉਚਾਰੇ ਹੋਏ ਸ਼ਬਦ ਵੀ ਲਿਖ ਆਂਦੇ ਜੋ ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਰਾਗ, ਗੂਜਰੀ ਅਤੇ ਧਨਾਸਰੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤੇ। ਗੁਰੂ ਅਰਜਨ ਦੇਵ ਜੀ ਨੇ ਭਗਤ ਤ੍ਰਿਲੋਚਨ ਜੀ ਦੀ ਉਪਮਾ ਕਰਦੇ ਲਿਖਿਆ : **'ਤ੍ਰਿਲੋਚਨ ਗੁਰ ਮਿਲਿ ਭਈ ਸਿਧਿ**।' ਭਗਤ ਜੀ ਦਾ ਕਥਨ ਸੀ ਕਿ ਜੋ ਮਨੁੱਖ ਲਛਮੀ, ਇਸਤਰੀ, ਬੱਚੇ, ਮਕਾਨਾਂ ਦੇ ਚੱਕਰ ਵਿਚੋਂ ਨਹੀਂ ਨਿਕਲਦਾ, ਉਹ ਸਦਾ ਦੁਖੀ ਰਹਿੰਦਾ ਹੈ। ਸੁਖੀ ਉਹ ਹੀ ਹੋਵੇਗਾ ਜੋ ਅੰਤਲੇ ਸੁਆਸ ਤੱਕ ਹਰੀ ਨੂੰ ਨਹੀਂ ਭੁੱਲਦਾ :

'ਅੰਤਿ ਕਾਲਿ ਨਾਰਾਇਣੁ ਸਿਮਰੈ, ਐਸੀ ਚਿੰਤਾ ਮਹਿ ਜੇ ਮਰੈ॥
ਬਦਤਿ ਤ੍ਰਿਲੋਚਨ ਤੇ ਨਰ ਮੁਕਤਾ, ਪੀਤੰਬਰੁ ਵਾ ਕੇ ਰਿਦੈ ਬਸੈ॥'

(ਗੂਜਰੀ ਤ੍ਰਿਲੋਚਨ ਜੀਉ, ਪੰਨਾ ੫੨੬)

ਨਾਸਕ : ਬਾਰਸੀ ਤੋਂ ਆਪ ਜੀ ਮਾਲ ਟੇਕਰੀ (ਨੰਦੇੜ) ਗਏ ਜਿੱਥੇ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ ਅਤੇ ਗੁਪਤ ਖ਼ਜ਼ਾਨੇ ਕੱਢੇ। ਫਿਰ ਨਾਸਕ ਪੁੱਜੇ। ਉਥੇ ਰਾਜਾ ਰਾਮ ਚੰਦਰ ਤੇ ਰਾਮ ਜੋ ਸਭ ਵਿਚ ਹੈ, ਦਾ ਭੇਦ ਦਰਸਾਇਆ। ਫਿਰ ਪੂਨਾ ਗਏ ਤੇ ਉਥੋਂ ਤਾਪਤੀ ਦੇ ਕਿਨਾਰੇ ਹੋ ਬੁਰਹਾਨਪੁਰ ਤੋਂ ਪੰਜਵਟੀ ਗਏ। ਪੰਜਵਟੀ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਉਥੇ ਪਿੱਪਲ, ਬਿਲ, ਬੜ, ਔਲੇ ਅਤੇ ਅਸ਼ੋਕ ਦੇ ਬ੍ਰਿਛ ਇੱਕੋ ਥਾਵੇਂ ਹੁੰਦੇ ਹਨ। ਉਥੋਂ ਨਰਮਦਾ ਦੇ ਕਿਨਾਰੇ ਬਣਾਏ ਓਅੰਕਾਰ ਦੇ ਮੰਦਰ ਪੁੱਜੇ।

ਓਅੰਕਾਰ : ਇਹ ਮਾਹਧਾਤਾ ਟਾਪੂ ਹੈ। ਨਰਮਦਾ ਬਾਰੇ ਪ੍ਰਸਿੱਧ ਹੈ ਕਿ ਇਹ ਰਿਸ਼ੀ ਮੇਕਲ ਦੀ ਪੁੱਤਰੀ ਸੀ। ਇਸ ਨਦੀ ਵਿਚੋਂ ਸ਼ਿਵਲਿੰਗ ਭਾਂਤ ਦੇ ਪੱਥਰ ਨਿਕਲਦੇ ਹਨ ਜਿਨ੍ਹਾਂ ਨੂੰ ਨਰਮਦੇਸ਼ੁਰ ਕਹਿੰਦੇ ਹਨ। ਇਕ ਅਜਿਹੇ ਹੀ ਪੱਥਰ ਨੂੰ ਉਨ੍ਹਾਂ ਓਅੰਕਾਰ ਮਿੱਥ ਕੇ ਮੰਦਰ ਬਣਾਇਆ ਹੋਇਆ ਹੈ। ਹੁਣ ਇਕ ਪਾਸੇ ਇਹ ਮੰਦਰ ਹੈ ਜੋ ਗੁਫ਼ਾ ਨੁਮਾ ਹੈ ਅਤੇ ਦੂਜੇ ਪਾਸੇ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਦੀ ਬਾਣੀ ਰਚੀ, ਗੁਰਦੁਆਰਾ ਹੈ।

Sri Satguru Jagjit Singh Ji eLibrary NamdhariElibrary@gmail.com

ਉਥੇ ਬ੍ਰਾਹਮਣਾਂ ਨੂੰ, ਜੋ ਵਿੱਦਿਆ ਦੇ ਅਹੰਕਾਰ ਵਿਚ ਸੜ ਰਹੇ ਸਨ, 'ਦੱਖਣੀ' ਵਿਚ ਓਅੰਕਾਰ ਦੀ ਮਹਿਮਾ ਸੁਣਾਈ। ਪੜ੍ਹਿਆ ਉਸੇ ਨੂੰ ਹੀ ਜਾਣੋ ਜੋ ਫਿਰ ਜੰਜਾਲਾਂ ਤੇ ਬੰਧਨਾਂ ਵਿਚ ਨਹੀਂ ਪੈਂਦਾ :

'ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥' ੧॥ ਰਹਾਉ॥

(ਰਾਮਕਲੀ ਮਹਲਾ ੧ ਓਅੰਕਾਰ, ਪੰਨਾ ੯੩੦)

ਬ੍ਰਾਹਮਣ ਸਾਰੀ ਪੜ੍ਹਾਈ ਮਾਇਆ ਇਕੱਠੀ ਕਰਨ ਲਈ ਕਰ ਰਿਹਾ ਹੈ। ਉਸ ਨੂੰ ਇਹ ਪ੍ਰਵਾਹ ਨਹੀਂ ਹੈ ਕਿ ਲੋਕਾਂ ਨਾਲ ਕੀ ਬੀਤ ਰਹੀ ਹੈ। 'ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥' ਜਿਨ੍ਹਾਂ ਧਨੀਆਂ ਦਾ ਪਾਣੀ ਭਰਦੇ ਪਾਂਡੇ ਨਹੀਂ ਥੱਕਦੇ ਉਹ ਵੀ ਇਥੇ ਬੈਠੇ ਨਹੀਂ ਰਹਿਣੇ। ਫਿਰ ਉਨ੍ਹਾਂ ਦੇ ਪਿਛੇ ਲੱਗ ਪੁੱਠੀ ਪੜ੍ਹਾਈ ਕਿਉਂ ਪੜ੍ਹੀ ਜਾਏ। ਮਨੁੱਖ ਨੂੰ ਏਕੰਕਾਰ, ਬ੍ਰਹਮ ਨਾਲ ਜੋੜਨਾ ਹੀ ਬ੍ਰਾਹਮਣ ਤੇ ਪੜ੍ਹੇ-ਲਿਖੇ ਦਾ ਕੰਮ ਹੈ। ਉਸ ਪਾਂਧੇ ਨੂੰ ਹੀ ਵਿਦਵਾਨ ਕਹਿਣਾ ਚਾਹੀਦਾ ਹੈ ਜਿਹੜਾ ਵਿੱਦਿਆ ਦੀ ਰਾਹੀਂ ਸ਼ਾਂਤੀ ਵਾਲੇ ਸੁਭਾਅ ਵਿਚ ਜੀਵਨ ਬਤੀਤ ਕਰਦਾ ਹੈ। ਜਿਹੜਾ ਵਿੱਦਿਆ ਰਾਹੀਂ ਆਪਣੇ ਅਸਲੇ ਦੀ ਵਿਚਾਰ ਕਰਦਾ ਹੈ ਅਤੇ ਪਰਮਾਤਮਾ ਦੇ ਨਾਮ ਨਾਲ ਸੁਰਤ ਜੋੜ ਕੇ ਜੀਵਨ ਦਾ ਅਸਲ ਮਨੋਰਥ ਹਾਸਲ ਕਰ ਲੈਂਦਾ ਹੈ ਪਰ ਜੋ ਮਨ ਦੇ ਪਿੱਛੇ ਤੁਰਦਾ ਹੈ ਉਹ ਵਿੱਦਿਆ ਨੂੰ ਵੇਚ ਰਿਹਾ ਹੈ, ਜ਼ਹਿਰ ਖੱਟ ਰਿਹਾ ਹੈ ਤੇ ਸ਼ਬਦ ਦੀ ਸੁੱਧ ਬੁੱਧ ਨਹੀਂ :

'ਪਾਧਾ ਪੜਿਆ ਆਖੀਐ,
ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥
ਮਨਮੁਖੁ ਬਿਦਿਆ ਬਿਕ੍ਰਦਾ, ਬਿਖੁ ਖਟੇ, ਬਿਖੁ ਖਾਇ॥
ਮੂਰਖੁ ਸਬਦ ਨ ਚੀਨਈ, ਸੂਝ ਬੂਝ ਨਹ ਕਾਇ॥' ੫੩॥

(ਰਾਮਕਲੀ ਮਹਲਾ ੧, ਪੰਨਾ ੯੩੮)

ਅਸਲ ਉਹ ਹੀ ਪਾਂਧਾ ਹੈ ਜੋ ਆਪਣੇ ਸ਼ਗਿਰਦਾਂ ਨੂੰ ਇਹ ਮੱਤ ਦਿੰਦਾ ਹੈ ਕਿ ਵਿਦਿਆਰਥੀਓ, ਪ੍ਰਭੂ ਦਾ ਨਾਮ ਜਪੋ ਤੇ ਨਾਮ ਧਨ ਇਕੱਠਾ ਕਰੋ। ਬਸ ਉਹ ਹੀ ਪੜ੍ਹਿਆ ਲਿਖਿਆ ਹੈ ਜੋ ਪ੍ਰਭੂ ਨੂੰ ਹਰ ਥਾਵੇਂ ਵੇਖਦਾ ਹੈ :

'ਪਾਂਧਾ ਗੁਰਮੁਖਿ ਆਖੀਐ ਚਾਟੜਿਆਂ ਮਤਿ ਦੇਇ॥
ਨਾਮੁ ਸਮਾਲਹੁ ਨਾਮੁ ਸੰਗਰਹੁ,
ਲਾਹਾ ਜਗ ਮਹਿ ਲੇਇ॥
ਸਚੀ ਪਟੀ ਸਚੁ ਮਨਿ
ਪੜੀਐ ਸਬਦੁ ਸੁ ਸਾਰੁ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ,
ਜਿਸੁ ਰਾਮ ਨਾਮੁ ਗਲਿ ਹਾਰੁ॥ ੫੪॥ ੧॥' *(ਪੰਨਾ ੯੩੮)*

Sri Satguru Jagjit Singh Ji eLibrary NamdhariElibrary@gmail.com

'ਓਅੰਕਾਰ' ਤੋਂ ਆਪ ਜੀ ਇੰਦੌਰ ਵੱਲ ਗਏ।

ਇੰਦੌਰ : ਇੰਦੌਰ ਵਿਖੇ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਇਮਲੀ ਸਾਹਿਬ ਹੈ। ਲੋਕਾਂ ਨੂੰ ਬੁੱਤ ਪ੍ਰਸਤੀ ਤੋਂ ਵਰਜਿਆ। ਸ਼ਬਦ ਦੀ ਮਹੱਤਤਾ ਦਰਸਾਈ। ਕਹਿੰਦੇ ਹਨ ਕਿ ਜਦ ਲੋਕਾਂ ਆਦਰ ਨਾਲ ਗੁਰੂ ਜੀ ਨੂੰ ਛੂਹਣਾ ਚਾਹਿਆ ਤਾਂ ਉਹ ਦੇਖ ਹੈਰਾਨ ਰਹਿ ਗਏ ਕਿ ਗੁਰੂ ਨਾਨਕ ਜੀ ਨਿਰਾ ਨੂਰ ਹਨ। ਇਸ ਨਿਰਾ ਨੂਰ ਦਾ ਜ਼ਿਕਰ ਮਹੀਪਤ ਨੇ ਆਪਣੀ ਪੁਸਤਕ ਲੀਲਾ ਅੰਮ੍ਰਿਤ ਵਿਚ ਵੀ ਕੀਤਾ ਹੈ। ਉਥੋਂ ਹੋਸ਼ੰਗਾਬਾਦ, ਨਸਰੁਲਾ ਖ਼ਾਨ ਅਤੇ ਉਜੈਨ ਚਰਨ ਪਾਏ।

ਫੇਰ ਠੱਗ ਮਿਲੇ : ਨਰਮਦਾ ਵਿਖੇ ਠੱਗਾਂ ਦੀ ਟੋਲੀ ਨੇ ਗੁਰੂ ਜੀ ਨੂੰ ਦੇਖ ਕੇ ਕਿਹਾ : 'ਇਹ ਜੋ ਕੋਈ ਹੈ, ਇਸ ਪਾਸ ਵੱਡਾ ਮਾਲ ਹੈ। ਹੈ ਤਾਂ ਇਹ ਫ਼ਕੀਰਾਂ ਦੇ ਭੇਸ ਵਿਚ ਪਰ ਇਸ ਪਾਸ ਜ਼ਰ ਬਹੁਤ ਹੈ। ਇਸ ਦੇ ਮੱਥੇ ਮਾਇਆ ਦੀ ਡਲ੍ਹਕ ਹੈ। ਭੇਸ ਜ਼ਰੂਰ ਫ਼ਕੀਰਾਂ ਦਾ ਹੈ। ਡਲ੍ਹਕ ਏਸ ਦੇ ਮਾਥੇ ਦੁਨੀਆਂਦਾਰਾਂ ਦੀ ਹੈ।' ਠੱਗਾਂ ਨੂੰ ਆਪਣੇ 'ਤੇ ਨਜ਼ਰ ਰੱਖਦੇ ਦੇਖ ਗੁਰੂ ਮਹਾਰਾਜ ਮੁਸਕਰਾ ਦਿੱਤੇ। ਮਰਦਾਨੇ ਨੇ ਪੁੱਛਿਆ ਵੀ 'ਪਾਤਸ਼ਾਹ ਹੱਸਦੇ ਕਿਉਂ ਹੋ?' ਤਾਂ ਆਪ ਨੇ :

'ਧਨੁ ਜੋਬਨੁ ਆਕ ਕੀ ਛਾਇਆ,
ਬਿਰਧਿ ਭਏ ਦਿਨ ਪੁੰਨਿਆ॥
ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ॥' [1]

ਦਾ ਸ਼ਬਦ ਧਨਾਸਰੀ ਰਾਗ ਵਿਚ ਉਚਾਰਿਆ।

ਸ਼ਬਦ ਦੀ ਐਸੀ ਚੋਟ ਵੱਜੀ ਕਿ ਠੱਗ ਕਹਿਣ ਲੱਗ ਪਏ : 'ਇਹ ਸੰਸਾਰੀ ਵੀ ਨਹੀਂ। ਫ਼ਕੀਰ ਵੀ ਨਹੀਂ। ਇਹ ਕੋਈ ਮਹਾਂਪੁਰਖ ਹੈ। **ਪ੍ਰਮੇਸ਼ਰ ਕਉ ਮਿਲਿਆ ਹੋਇਆ ਹੈ। ਸਾਡੇ ਚੰਗੇ ਭਾਗੀਂ ਪ੍ਰਮੇਸ਼ਰ ਮਿਲਿਆ** ਹੈ।' ਜਦ ਠੱਗਾਂ ਸਿਰ ਝੁਕਾਇਆ ਤੇ ਦੱਸਿਆ ਕਿ ਤਿੰਨ ਦਿਨਾਂ ਤੋਂ ਆਪ ਜੀ ਦਾ ਪਿੱਛਾ ਕਰ ਰਹੇ ਹਾਂ ਅਤੇ ਇਕ ਪਲ ਵੀ ਤੁਹਾਨੂੰ ਉਹਲੇ ਨਹੀਂ ਹੋਣ ਦਿੱਤਾ ਤਾਂ ਪਰਉਪਕਾਰੀ ਬਾਬੇ ਨੇ ਰਹਿਮਤ ਕਰਦੇ ਕਿਹਾ : 'ਮਰਦਾਨਿਆਂ ਇਕ ਟਿਕ ਜਿਉ ਧਿਆਨ ਲਾਇਆ, ਇਹਨਾਂ ਨੂੰ ਐਸਾ ਮਾਲ ਦੇਹ ਜੋ ਇਹ ਤਰਨਿ, ਇਹ ਡੁੱਬੇ ਜਾਂਦੇ ਹਨ।' ਉਨ੍ਹਾਂ ਨੂੰ ਸਹਿਜ ਤੇ ਸਿਫ਼ਤ-ਸਾਲਾਹ ਦੀ ਬਖ਼ਸ਼ਸ਼ ਮਿਲੀ।

ਉਜੈਨ : ਉਜੈਨ ਵਿਖੇ ਕੁੰਭ ਦੇ ਚਾਰ ਮੇਲਿਆਂ ਵਿਚੋਂ ਇਕ ਮੇਲਾ ਬ੍ਰਹਮਪੁਰੀ ਕਰਕੇ ਵੀ ਪ੍ਰਸਿੱਧ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਬ੍ਰਹਮਾ ਦੀ ਕਿੱਲੀ ਉਥੇ ਹੈ ਜਿਸ ਦੇ ਗਿਰਦ ਸਾਰਾ ਸੰਸਾਰ ਘੁੰਮ ਰਿਹਾ ਹੈ। ਗੁਰੂ ਮਹਾਰਾਜ ਜੀ ਨੇ ਇਕ ਬ੍ਰਹਮ ਦੀ ਉਪਾਸ਼ਨਾ ਦਾ ਉਪਦੇਸ਼ ਦਿੱਤਾ।

ਜਿਨ੍ਹਾਂ ਨੇ ਉਸ ਪ੍ਰਭੂ ਨੂੰ ਰੀਝਾ ਲਿਆ ਹੈ ਉਸ ਦੀ ਛਾਂ ਠੰਢੀ ਤੇ ਮਿੱਠੀ ਹੋ ਜਾਂਦੀ ਹੈ। ਪਰਮਾਤਮਾ ਨਹੀਂ ਮਿਲ ਸਕੇਗਾ ਜੇ ਪਦਾਰਥਾਂ ਤੇ ਪੱਥਰਾਂ ਨਾਲ ਹਿਤ ਲਗਾਈ ਰੱਖਿਆ :

---

1. ਧਨਾਸਰੀ ਮਹਲਾ ੧, ਪੰਨਾ ੬੮੯।

Sri Satguru Jagjit Singh Ji eLibrary NamdhariElibrary@gmail.com

'ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥
ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸ ਜੀਉ ॥'

(ਕੁਚਜੀ, ਸੂਹੀ ਮਹਲਾ ੧, ਪੰਨਾ ੭੬੨)

ਉਥੇ ਹੀ 'ਕੁਚੱਜੀ' ਤੇ 'ਸੁਚੱਜੀ' ਦੇ ਗੁਣ ਦਰਸਾਏ। ਸੁਚੱਜੀ ਉਹ ਹੀ ਹੈ ਜੋ ਭਾਣੇ ਨੂੰ ਮਿੱਠਾ ਕਰ ਕੇ ਮੰਨਦੀ ਹੈ। ਪਰਮਾਤਮਾ ਜੋ ਕਰੇ ਜੀਵ ਨੂੰ ਭਾਏ, ਇਹ ਹੀ ਸੁਚੱਜੀ ਦਾ ਵੱਡਾ ਗੁਣ ਹੈ :

'ਭਾਣੈ ਤਖਤਿ ਵਡਾਈਆ, ਭਾਣੈ ਭੀਖ ਉਦਾਸਿ ਜੀਉ ॥
ਭਾਣੈ ਥਲ ਸਿਰਿ ਸਰ ਵਹੈ, ਕਮਲੁ ਫੁਲੈ ਆਕਾਸਿ ਜੀਉ ॥
ਭਾਣੈ ਭਵਜਲੁ ਲੰਘੀਐ, ਭਾਣੈ ਮੰਝਿ ਭਰੀਆਸਿ ਜੀਉ ॥
ਭਾਣੈ ਸੋ ਸਹੁ ਰੰਗੁਲਾ, ਸਿਫਤਿ ਰਤਾ ਗੁਣਤਾਸਿ ਜੀਉ ॥
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸ ਜੀਉ ॥'

(ਸੁਚਜੀ, ਸੂਹੀ ਮਹਲਾ ੧, ਪੰਨਾ ੭੬੨)

ਪ੍ਰਸਿੱਧ ਮੰਦਰ ਅਵੰਤੀਪੁਰ ਦੇ ਖੰਡਰਾਤ ਵੀ ਵੇਖੇ ਅਤੇ ਧਰਮ ਦੇ ਨਾਂ 'ਤੇ ਧੱਕਾ ਦਾ ਪ੍ਰਤੱਖ ਪ੍ਰਮਾਣ ਡਿੱਠਾ। ਉਥੇ ਹੀ ਗੋਰਖ ਦੀ ਗੁਫ਼ਾ ਹੈ, ਜੋ ਸ਼ਹਿਰ ਦੇ ਬਾਹਰ ਸਪਰਾ ਨਦੀ ਦੇ ਕਿਨਾਰੇ ਹੈ। ਇਹ ਸ਼ਹਿਰ ਤੋਂ ਕੁਝ ਕੁ ਮੀਲ 'ਤੇ ਹੈ। ਇਸੇ ਨੂੰ ਅਵਿੰਤਕਾ ਪੁਰੀ ਵੀ ਕਹਿੰਦੇ ਹਨ। ਮਹਾਰਾਜ ਨੇ ਉਥੇ ਰਹਿੰਦੇ ਜੋਗੀਆਂ ਨੂੰ ਕਿਹਾ ਕਿ ਜੀਵਨ ਇਹ ਨਹੀਂ ਕਿ ਜੀਵਨ ਸੰਗ੍ਰਾਮ ਤੋਂ ਨੱਸਿਆ ਜਾਏ :

'ਜਿਸ ਕੈ ਅੰਤਰਿ ਸਾਚੁ ਵਸਾਵੈ ॥
ਜੋਗ ਜੁਗਤਿ ਕੀ ਕੀਮਤਿ ਪਾਵੈ ॥'

(ਗਉੜੀ ਮਹਲਾ ੧, ਪੰਨਾ ੨੨੩)

ਉਥੇ ਹੀ ਭਰਥਰੀ ਨਾਂ ਦੇ ਜੋਗੀ ਨਾਲ ਜਦ ਗੋਸ਼ਟ ਹੋਈ ਤਾਂ ਉਸ ਨੂੰ ਕਿਹਾ ਕਿ ਜੋਗੀ ਤਾਂ ਉਹ ਹੈ ਜਿਸ ਪਾਸ ਖ਼ਿਮਾ, ਸੀਲ, ਸੰਤੋਖ, ਨਿਰਭੈ ਤੇ ਸਹਿਜ ਹੈ। ਮਾਇਆ ਦਾ ਲੇਸ਼ ਨਹੀਂ ਤੇ ਅਹੰਕਾਰ ਦਾ ਅੰਸ਼ ਨਹੀਂ। ਐਸੇ ਜੋਗੀ ਹੀ ਮੈਨੂੰ ਚੰਗੇ ਲਗਦੇ ਹਨ। ਜਦ ਉਸ ਨੇ ਪੁੱਛਿਆ ਕਿ ਤੁਹਾਡੇ ਪਾਸ ਇੰਨਾ ਨੂਰ ਕਿਸ ਤਰ੍ਹਾਂ ਆਇਆ ਤੇ ਤੁਸੀਂ ਕਿਹੜਾ ਇਸ਼ਨਾਨ ਰੋਜ਼ ਕਰਦੇ ਹੋ ਕਿ ਇੰਨੇ ਸਵੱਛ ਹੋ ਤਾਂ ਗੁਰੂ ਜੀ ਨੇ ਕਿਹਾ : 'ਸੰਸਾਰ ਦਾ ਘਾਟ ਛੱਡ ਕੇ ਇਕ ਅਨੋਖੀ ਘਾਟੀ ਰਾਮ ਦੀ ਚੜ੍ਹ ਕੇ ਸਤਿਸੰਗ ਦੇ ਸਰੋਵਰ ਇਸ਼ਨਾਨ ਕੀਤਾ ਹੈ, ਕੁਝ ਵਾਧੂ ਨਹੀਂ ਬੋਲਦਾ ਤੇ ਪ੍ਰਭੂ ਦੇ ਗੁਣ ਗਾਂਦਾ ਹਾਂ :

'ਉਤਰਿ ਅਵਘਟਿ ਸਰਵਰਿ ਨ੍ਹਾਵੈ ॥
ਬਕੈ ਨ ਬੋਲੈ ਹਰਿ ਗੁਣ ਗਾਵੈ ॥'

(ਆਸਾ ਮਹਲਾ ੧, ਅਸਟਪਦੀਆਂ, ਪੰਨਾ ੪੧੧)

ਬਸ ਸੱਚ ਦਾ ਵਰਤ ਰੱਖਿਆਂ ਮੌਤ ਦਾ ਡਰ ਨਹੀਂ ਸਤਾਂਦਾ ਤੇ ਸ਼ਬਦ ਦੇ ਸਿਵਾ ਕਿਸੇ ਹੋਰ ਵਿਚ ਕ੍ਰੋਧ ਗਵਾਉਣ ਦੀ ਸ਼ਕਤੀ ਨਹੀਂ :

'ਸਚੁ ਬ੍ਰਤੁ ਨੇਮ ਨ ਕਾਲ ਸੰਤਾਵੈ ॥
ਸਤਿਗੁਰ ਸਬਦਿ ਕਰੋਧੁ ਜਲਾਵੈ ॥

Sri Satguru Jagjit Singh Ji eLibrary NamdhariElibrary@gmail.com

ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ॥
ਨਿਰਮਲ ਨਾਮੁ ਮੇਰਾ ਆਧਾਰੁ॥'

(ਆਸਾ ਮਹਲਾ ੧, ਅਸਟਪਦੀਆਂ, ਪੰਨਾ ੪੧੧)

ਸੋਰਠ ਦੇਸ਼ : ਉਜੈਨ ਤੋਂ ਪੱਛਮ ਵੱਲ ਸੌਰਾਸ਼ਟਰ ਵੱਲ ਚੱਲ ਪਏ। ਜਨਮ ਸਾਖੀ ਵਾਲਾ ਲਿਖਦਾ ਹੈ ਕਿ 'ਸੋਰਠ ਕੀ ਧਰਤੀ ਗਏ।' ਜਨਮ ਸਾਖੀ ਵਾਲਿਆਂ ਇਹ ਅਹਿਤਿਆਤ ਵਰਤੀ ਹੈ ਕਿ ਦੇਸ਼ ਜਾਂ ਪ੍ਰਦੇਸ਼ ਦਾ ਨਾਂ ਨਾ ਦੇ ਕੇ 'ਧਨਾਸਰੀ ਦੇਸ਼' ਆਦਿ ਵਰਤ ਕੇ ਦੇਸ਼ਾਂ ਤੇ ਪ੍ਰਾਂਤਾਂ ਦੀ ਵੰਡ ਨੂੰ ਨਹੀਂ ਪ੍ਰਗਟਾਇਆ। ਦੇਸ਼ ਦੀਆਂ ਹੱਦਾਂ ਤਾਂ ਨਿੱਤ ਦੇ ਸਿਆਸੀ ਹੱਲਿਆਂ ਨਾਲ ਵਧਦੀਆਂ ਘਟਦੀਆਂ ਰਹਿੰਦੀਆਂ ਹਨ ਪਰ ਐਸਾ ਲਿਖਣ ਨਾਲ ਕਿਸੇ ਨੂੰ ਸਮਝਣ ਵਿਚ ਦੇਰੀ ਨਹੀਂ ਲੱਗੇਗੀ। ਜਿਵੇਂ 'ਸੋਰਠ ਕੀ ਧਰਤੀ' ਭਾਵ ਸੌਰਾਸ਼ਟਰ, ਆਸਾ ਦੇਸ਼ ਭਾਵ ਪੰਜਾਬ, ਮੁਲਤਾਨ, ਬਹਾਵਲਪੁਰ ਤੇ ਸਿੰਧ। ਧਨਾਸਰੀ ਦੇਸ਼ ਭਾਵ ਤਿਲੰਗ, ਕਿਲੰਗ ਤੇ ਦੱਖਣ ਦਾ ਪੂਰਬੀ ਕਿਨਾਰਾ। ਉਥੇ ਹੀ ਭਾਈ ਮਰਦਾਨਾ ਜੀ ਨਾਲ ਹੋਈ ਗੱਲਬਾਤ ਇਸ ਕਥਨ ਨੂੰ ਹੋਰ ਸਪੱਸ਼ਟ ਕਰ ਦੇਵੇਗੀ। ਉਜੈਨ ਤੋਂ ਅੱਗੇ ਟੁਰੇ ਤਾਂ ਮਰਦਾਨਾ ਜੀ ਨੇ ਪੁੱਛਿਆ ਕਿ ਪਾਤਸ਼ਾਹ ਇਹ ਕਵਨ ਧਰਤੀ ਹੈ? ਗੁਰੂ ਜੀ ਨੇ ਕਿਹਾ, 'ਸੋਰਠ ਰਾਗ ਗਾਈਦਾ ਹੈ। ਇਹ ਸੋਰਠ ਕੀ ਧਰਤੀ ਹੈ।' ਫਿਰ ਮਰਦਾਨੇ ਪੁੱਛਿਆ, 'ਜੀ ਇਹ ਉਹ ਹੀ ਸੋਰਠ ਹੈ ਜਿਸ ਨੂੰ ਬੀਜੇ ਵਾਲੀ ਆਖਿਆ ਜਾਂਦਾ ਹੈ।' ਮਹਾਰਾਜ ਨੇ ਕਿਹਾ 'ਹਾਂ, ਮਰਦਾਨਿਆਂ ਉਹ ਹੀ ਬੀਜੇ ਵਾਲਾ ਸੋਰਠ ਹੈ।' ਇਹ ਮੂੰਹ ਚੜ੍ਹੀ ਗੱਲ ਸੀ ਕਿ ਬੀਜਾ ਸੌਰਾਸ਼ਟਰ ਕਾਠੀਆਵਾੜ ਦਾ ਇਕ ਪ੍ਰੇਮੀ ਸੀ ਜਿਸ ਦਾ ਸੋਰਠ ਨਾਮੀ ਇਕ ਲੜਕੀ ਨਾਲ ਪ੍ਰੇਮ ਹੋ ਗਿਆ। ਹੀਰ ਰਾਂਝੇ ਵਾਂਗ ਪ੍ਰਸਿੱਧ ਹੋਏ। ਪਿੱਛੋਂ ਭਾਈ ਗੁਰਦਾਸ ਜੀ ਨੇ ਵੀ ਲਿਖਿਆ :

'ਸੋਰਠ ਬੀਜਾ ਗਾਵੀਐ, ਜਸ ਸੁਘੜਾਵਾਤੀ।'

ਉਥੇ ਹੀ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਦੱਸਿਆ ਕਿ ਰਾਗ ਉਹ ਹੀ ਭਲਾ ਹੈ ਜਿਸ ਨਾਲ ਸੱਚਾ ਮਨ ਵੱਸੇ।

ਜੈਨੀਆਂ ਨੂੰ ਉਪਦੇਸ਼ : ਬੜੌਦਾ ਤੋਂ ਅਹਿਮਦਾਬਾਦ ਸਾਬਰਮਤੀ ਨਦੀ ਦੇ ਕਿਨਾਰੇ ਅਤੇ ਫਿਰ ਕੈਂਬੇ ਦੀ ਖਾੜੀ ਅਤੇ ਭਾਵ ਨਗਰ ਪੁੱਜੇ। ਭਾਵ ਨਗਰ ਦੇ ਨੇੜੇ ਹੀ ਪਾਲੀਤਾਣੇ ਜੈਨੀਆਂ ਦੇ ਇਕ ਫ਼ਿਰਕੇ ਅਨਭੀ ਸਰੇਵੜਿਆਂ ਦਾ ਪ੍ਰਸਿੱਧ ਮੰਦਰ ਹੈ। ਮੰਦਰ ਵਿਚ ਧਨ ਪਦਾਰਥ, ਸੋਨਾ ਚਾਂਦੀ ਦੀ ਬਹੁਤਾਤ ਹੈ। ਪਰ ਜੈਨੀਆਂ ਦੇ ਆਗੂ ਆਪੂੰ ਕੁਚੀਲ ਰਹਿੰਦੇ ਹਨ ਤੇ ਪਾਣੀ ਤੱਕ ਨੂੰ ਨਹੀਂ ਵਰਤਦੇ। ਜੈਨੀ ਕਹਿੰਦੇ ਹਨ ਕਿ 'ਪਹਿਲਾ ਪਾਣੀ ਜੀਉ' ਹੈ ਤੇ ਪਾਣੀ ਦੀ ਵਰਤੋਂ ਨਾਲ ਜੀਵ ਹੱਤਿਆ ਹੁੰਦੀ ਹੈ। ਗੁਰੂ ਮਹਾਰਾਜ ਨੇ ਸਵੱਛ ਰਹਿਣ ਦਾ ਉਪਦੇਸ਼ ਦਿੱਤਾ। ਸਮਝਾਇਆ : ਪਾਣੀ ਦੀ ਵਰਤੋਂ ਵਿਚ ਹਿੰਸਾ ਨਹੀਂ ਹੈ। ਹਿੰਸਾ ਹੈ ਕਿਸੇ ਦਾ ਦਿਲ ਦੁਖਾਉਣਾ ਤੇ ਕਿਸੇ 'ਤੇ ਹੁੰਦੇ ਜ਼ੋਰ ਜ਼ੁਲਮ ਨੂੰ ਸਹਾਰੀ ਜਾਣਾ। ਉਹਨਾਂ ਦੇ ਸਿਰ ਸੱਤ ਬੁੱਕਾਂ ਸਵਾਹ, 'ਸਤ ਚਟੇ ਚਟੇ ਸਿਰਿ ਛਾਈ', ਜੋ ਐਸੀਆਂ ਮਨੌਤਾਂ ਰੱਖਦੇ ਆਂਵਦੇ ਹਨ ਕਿ ਜਲ ਤੱਕ ਦੀ ਵਰਤੋਂ ਨਹੀਂ ਕਰਨੀ। 'ਬਿਨੁ ਸਬਦੈ ਆਚਾਰੁ

Sri Satguru Jagjit Singh Ji eLibrary NamdhariElibrary@gmail.com

ਨ ਕਿਨ ਹੀ ਪਾਇਆ'[1] ਦਾ ਉਪਦੇਸ਼ ਦ੍ਰਿੜ੍ਹਾਇਆ।

ਚਾਰਵਾਕੀਆਂ ਨੂੰ ਉਪਦੇਸ਼ : ਚਾਰਵਾਕੀਏ ਉਹ ਹਨ ਜੋ ਸ਼ਿਵ ਦੇ ਖੱਬੇ ਪਾਸੇ (ਵਾਮ) ਇਸਤਰੀ ਰੂਪ ਦੇ ਪੂਜਕ ਹਨ। ਇਨ੍ਹਾਂ ਨੂੰ ਪੰਜ ਮਕਾਰੀਏ ਵੀ ਕਹਿੰਦੇ ਹਨ। ਪੰਜ 'ਮ' ਮਦਿਰਾ, ਮਾਸ, ਮੈਥੁਨ, ਮਾਇਆ ਤੇ ਮੁਦਰਾ (ਭੁੱਜੇ ਹੋਏ ਚਿੜਵੜੇ ਤੇ ਸੇਵੀਆਂ) ਦੇ ਸੇਵੀ ਹਨ। ਗੁਰੂ ਜੀ ਨੇ ਸ਼ੁੱਭ ਕਰਮੀ ਦਾ ਮਾਰਗ ਦਰਸਾਇਆ।

ਪਾਲੀਤਾਨਾ ਤੋਂ ਸੋਮਨਾਥ ਪੁੱਜੇ। ਇਸੇ ਨੂੰ ਮਹਿਮੂਦ ਗ਼ਜ਼ਨਵੀ ਨੇ ਲੁੱਟਿਆ ਸੀ। ਸਮੇਂ ਦੇ ਗੁਜ਼ਰਨ ਨਾਲ ਲੋਕਾਂ ਦਾ ਸਾਰਾ ਧਨ ਤੇ ਖ਼ੂਬਸੂਰਤੀ ਇਹਨਾਂ ਮੰਦਰਾਂ ਵਿਚ ਇਕੱਠੀ ਹੋ ਗਈ ਸੀ। ਮੰਦਰ ਧਰਮ ਦੀ ਥਾਂ ਨਾ ਰਹਿ ਕੇ ਐਸ਼ਗਾਹ ਬਣ ਗਏ ਸਨ। ਧਰਮ ਅਸਥਾਨਾਂ ਦੇ ਰਾਖੇ ਧਨ ਪਦਾਰਥ ਦਾ ਜਲਵਾ ਦਿਖਾ ਕੇ ਭੋਲੇ ਭਾਲੇ ਮਨੁੱਖਾਂ ਨੂੰ ਖਿੱਚ ਪਾ ਕੇ ਉਨ੍ਹਾਂ ਪਾਸੋਂ ਜਮ੍ਹਾਂ ਪੂੰਜੀ ਖੋਹ ਲੈਂਦੇ ਸਨ। ਗੁਰੂ ਮਹਾਰਾਜ ਨੇ ਇਹਨਾਂ ਪਦਾਰਥਾਂ ਦੀ ਨਾਸ਼ਵੰਤਤਾ 'ਤੇ ਜ਼ੋਰ ਦਿੱਤਾ।

ਉਥੋਂ ਜੂਨਾਗੜ੍ਹ ਨਰਸੀ ਭਗਤ ਦੇ ਪਿੰਡ ਅਤੇ ਦਾਤਾ ਗੰਜ ਬਖ਼ਸ਼ ਦੇ ਮਕਬਰੇ 'ਤੇ ਜਾ ਕੇ ਮੁਸਲਮਾਨਾਂ ਨੂੰ ਕਬਰ ਪੂਜਣ ਤੋਂ ਵਰਜਿਆ। ਜੂਨਾਗੜ੍ਹ ਤੋਂ ਗਿਰਨਾਰ, ਜਿੱਥੇ ਕੇਵੜੇ ਦੇ ਜੰਗਲ ਹਨ ਅਤੇ ਜਿੱਥੇ ਚਾਰੇ ਪਾਸੇ ਖ਼ੁਸ਼ਬੂਈ ਰਹਿੰਦੀ ਹੈ, ਗਏ। ਉਥੇ ਅੰਦਰ ਦੀ ਸੁੰਦਰਤਾ ਪੈਦਾ ਕਰਨ 'ਤੇ ਜ਼ੋਰ ਦਿੱਤਾ। ਲੋਕੀਂ ਦੁਰਗਾ, ਗੋਰਖ, ਕਾਲਿਕਾ ਤੇ ਦਤਾਤ੍ਰਯ ਦੇ ਪੁਜਾਰੀ ਸਨ। ਸਾਰਿਆਂ ਨੂੰ ਇਕ ਪਰਮਾਤਮਾ ਦੀ ਪੂਜਾ ਦਾ ਮਹੱਤਵ ਦ੍ਰਿੜ੍ਹਾਇਆ ਅਤੇ ਉਥੋਂ ਸੁਦਾਮਾਪੁਰੀ (ਪੋਰਬੰਦਰ), ਸੀਤਾ, ਮੁੰਦਰੀ, ਪੰਜ ਤੀਰਥ ਪੁੱਜੇ। ਸੁਦਾਮਾਪੁਰੀ ਤੋਂ ਦੁਆਰਵਤੀ ਤੇ ਦੁਆਰਕਾ ਪੁੱਜੇ। ਦੁਆਰਕਾ ਸੱਤ ਪੁਰੀਆਂ ਵਿਚੋਂ ਇਕ ਕਰ ਕੇ ਜਾਣੀ ਜਾਂਦੀ ਹੈ। ਧਾਮ ਵੀ ਹੈ ਤੇ ਸ੍ਰੀ ਕ੍ਰਿਸ਼ਨ ਜੀ ਦਾ ਰਾਜ ਸਥਲ ਹੋਣ ਦਾ ਉਸ ਨੂੰ ਮਾਣ ਹੈ। ਕ੍ਰਿਸ਼ਨ ਜੀ ਨੂੰ ਦੁਆਰਕਾ ਧੀਸ਼ ਵੀ ਕਿਹਾ ਜਾਂਦਾ ਹੈ। ਪੱਥਰ ਪੂਜਣ ਤੇ 'ਰਣਛੋੜ' ਦੀ ਮੂਰਤੀ ਪੂਜਾ ਤੋਂ ਵਰਜ ਕੇ ਗੁਰੂ ਨਾਨਕ ਜੀ ਭੁੱਜ ਵੱਲ ਚੱਲ ਪਏ।

ਜਿੱਥੇ-ਜਿੱਥੇ ਗੁਰੂ ਬਾਬੇ ਦੇ ਚਰਨ ਪਏ ਉਥੇ ਪਿੱਛੋਂ ਸੰਗਤਾਂ ਬਣੀਆਂ। ਭਾਈ ਮੁਹਕਮ ਸਿੰਘ ਜੀ ਦਾ ਦੁਆਰਕਾ ਤੋਂ ਆ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਵੈਸਾਖੀ ਵਾਲੇ ਦਿਨ ਸੀਸ ਭੇਟ ਕਰਨਾ ਦਰਸਾਉਂਦਾ ਹੈ ਕਿ ਸਮਾਂ ਪਾ ਕੇ ਪਾਏ ਬੀਜ ਨੂੰ ਕਿੰਨਾ ਸੁੰਦਰ ਫਲ ਲੱਗਾ।

---

1. ਮਲਾਰ ਕੀ ਵਾਰ ਮਹਲਾ ੧, ਪੰਨਾ ੧੨੯੫।

Sri Satguru Jagjit Singh Ji eLibrary NamdhariElibrary@gmail.com

7

ਦੁਆਰਕਾ ਤੋਂ ਸੁਲਤਾਨਪੁਰ

ਰਣਕਛ : ਦੁਆਰਕਾ ਤੋਂ ਦਸ ਕੋਹ ਰਾਮੜੇ ਪਿੰਡ ਵਿਚ ਲੋਕਾਂ ਨੂੰ ਸਰੀਰ 'ਤੇ ਦਾਗ ਲਗਾਉਂਦਾ ਦੇਖ ਉਪਦੇਸ਼ ਕੀਤਾ ਕਿ ਸਰੀਰ ਨੂੰ ਅਜਿਹੇ ਕਸ਼ਟ ਦੇਣੇ ਠੀਕ ਨਹੀਂ। ਠੇਕੇਦਾਰ ਚਾਰ ਪੈਸੇ ਲੈ ਕੇ ਸੰਖ, ਚੱਕਰ, ਗਦਾ, ਪਦਮਾ ਦੇ ਚਿੰਨ੍ਹ ਧਾਤੂ ਦੇ ਬਣੇ ਹੋਏ ਅੱਗ ਵਿਚ ਲਾਲ ਕਰ ਕੇ, ਜਿਵੇਂ ਪਸ਼ੂ ਨੂੰ ਦਾਗੀਦਾ ਹੈ, ਸਰੀਰ 'ਤੇ ਦਾਗ ਦਿੰਦੇ ਹਨ। ਅਗਿਆਨੀ ਆਪਣੇ ਸਰੀਰ 'ਤੇ ਦਾਗ ਲਗਵਾ ਲੈਂਦਾ ਹੈ। ਬੈਰਾਗੀ ਤਾਂ ਦਗਾਏ ਬਿਨਾਂ ਚੌਂਕੇ 'ਤੇ ਵੀ ਨਹੀਂ ਚੜ੍ਹਦੇ। ਕਈ-ਕਈ ਮਹੀਨੇ ਸਰੀਰ ਵਿਚ ਕਸ਼ਟ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਦੇ ਨਾਮ ਦੀ ਛਾਪ ਹਿਰਦੇ 'ਤੇ ਲਗਾਉਣ ਲਈ ਕਿਹਾ।

ਉਥੋਂ ਬੇਟ ਦੁਆਰਕਾ ਜਿੱਥੇ ਕ੍ਰਿਸ਼ਨ ਜੀ ਜਰਾਸਿੰਧ ਨਾਲ ਲੜਦੇ ਹੋਏ ਆ ਲੁਕੇ ਸਨ, ਪੁੱਜੇ। ਉਥੇ ਸ਼ੇਖ ਤਲਾਈ ਕਿਨਾਰੇ, ਜਿੱਥੇ ਪਿੱਛੋਂ ਗੁਰੂ ਸੰਗਤ ਬਣੀ ਸੀ, ਜਾ ਬੈਠੇ। ਉਪਦੇਸ਼ ਦਿੱਤਾ ਕਿ ਅਕਾਲ ਪੁਰਖ ਦੀ ਪਨਾਹ ਹੀ ਕੇਵਲ ਜਰਵਾਣੇ ਤੋਂ ਬਚਾ ਸਕਦੀ ਹੈ। ਰਣਕਛ ਦੀ ਦਲ-ਦਲ ਪਾਰ ਕਰਕੇ ਅੰਜਾਰ, ਜਿੱਥੇ ਹੁਣ ਧਰਮਸਾਲ ਹੈ ਰਘੂਭਾਟੀਏ ਸੇਠ ਦੇ ਪਾਸ ਠਹਿਰੇ। 'ਰਣਕਛ ਦੀ ਵੱਡੀ ਉਜਾੜ ਖਾਣ ਨੂੰ ਆਉਂਦੀ ਹੈ।' ਜਦ ਮਹਾਰਾਜ ਨੇ ਹੁਸ਼ਿਆਰ ਹੋਣ ਲਈ ਕਿਹਾ, ਤਾਂ ਮਰਦਾਨਾ ਬੋਲਿਆ : 'ਜੀ ਕਿਉਂ ਕਰ ਉਸੀਆਰ (ਹੁਸ਼ਿਆਰ) ਹੋਵਾਂ, ਉਜਾੜਿ ਵਿਚ ਆਇ ਪਇਆ।' ਤਬ ਬਾਬੇ ਕਿਹਾ : 'ਮਰਦਾਨਿਆਂ! ਅਸੀਂ ਉਜਾੜਿ ਵਿਚ ਨਾਹੀ, ਅਸੀਂ ਵਸਦੀ ਵਿਚ ਹਾਂ, ਜਿੱਥੇ ਨਾਉਂ ਚਿੱਤ ਆਂਵਦਾ ਹੈ ਉਹ ਥਾਂ ਵਸੀ ਹੋਈ ਹੁੰਦੀ ਹੈ। ਉਥੇ ਹੀ ਮਰਦਾਨਾ ਜੀ ਨੇ ਕਿਹਾ : 'ਪਾਤਸ਼ਾਹ ਤਾਂ ਰਹਾਂ ਤੇਰੇ ਪਾਸ ਜੇ ਮੇਰੀ ਭੁੱਖ ਗਵਾਵਹਿ, ਜੋ ਤੇਰਾ ਆਹਾਰ ਹੋਵੈ, ਸੋ ਮੇਰਾ ਹੋਵੈ। ਜੇ ਐਸੀ ਰਹਿਮਤ ਕਰੇਂ ਤਾਂ ਪਾਸ ਰਵ੍ਹਾਂ। ਜਾਂ ਏਹ ਬਚਨ ਕਰਹਿ, ਜੇ ਮੇਰੇ ਕਰਮ ਵੀ ਨ ਬੀਚਾਰਹਿ ਤਾਂ ਤਉ ਤੇਰੇ ਨਾਲ ਰਹਾਂ, ਜੇ ਇਹ ਤੂੰ ਕਰੇ, ਨਾਹੀ ਤਾਂ ਮੈਨੂੰ ਵਿਦਾ ਕਰ।' ਤਬ ਗੁਰ ਬਾਬੇ ਆਖਿਆ : 'ਜਾਹਿ ਵੈ ਮਰਦਾਨਿਆਂ! ਤੂੰ ਦੀਨ ਦੁਨੀ ਨਿਹਾਲ ਹੋਇਆ। ਜਿੱਥੇ ਤੇਰਾ ਵਾਸਾ, ਉਥੇ ਮੇਰਾ।' ਮਰਦਾਨਾ ਦੀ ਸਹੀ ਸ਼ਖ਼ਸੀਅਤ ਇਹ ਬਚਨ ਪੜ੍ਹ ਕੇ ਸਾਹਮਣੇ ਉਘੜ ਆਂਵਦੀ ਹੈ। ਮਰਦਾਨਾ ਜੀ ਆਪਣੇ ਸਰੀਰ ਤੇ ਦੁਖੜੇ ਸਹਾਰ ਕੇ ਸਾਡੇ

Sri Satguru Jagjit Singh Ji eLibrary NamdhariElibrary@gmail.com

ਲਈ ਪੂਰਨੇ ਪਾ ਰਹੇ ਸਨ।

ਨਾਮ ਖ਼ੁਸ਼ਬੂ : ਅੰਜਾਰ ਤੋਂ ਮੁੰਦਰੇ, ਸਮਕਾ, ਮੰਡੀ, ਮਾਂਡਵੀ ਮੰਦਰ ਪੁੱਜੇ। ਮਾਂਡਵੀ ਲੋਕੀਂ ਭੈਰਵੀ ਚੱਕਰ ਦੀ ਉਪਾਸ਼ਨਾ ਕਰਦੇ ਹਨ। ਉਨ੍ਹਾਂ ਨੂੰ ਨਾਮ ਚੱਕਰ ਵਿਚ ਰਹਿਣ ਦਾ ਉਪਦੇਸ਼ ਦੇ ਕੇ ਲਖ ਪਤ, ਭੁਜ ਤੇ ਆਸਾਪੁਰੀ, ਜਿੱਥੇ ਜੈਨੀਆਂ ਦੀ ਕਾਪੜੀਆਂ ਪੰਥ ਦੀ ਸ਼ਾਖਾ ਹੈ, ਪੁੱਜੇ। ਉਥੇ ਹੀ ਐਸੀ ਮਿੱਟੀ ਮਿਲਦੀ ਹੈ ਜਿਸਨੂੰ ਸਾੜਨ ਨਾਲ ਚਾਰੇ ਪਾਸੇ ਖ਼ੁਸ਼ਬੂ ਫੈਲ ਜਾਂਦੀ ਹੈ। ਮਹਾਰਾਜ ਨੇ ਉਪਦੇਸ਼ ਦਿੱਤਾ ਕਿ ਜੇ ਮਿੱਟੀ ਨੂੰ ਇੰਨੀ ਖ਼ੁਸ਼ਬੂ ਮਿਲਦੀ ਹੈ ਅਤੇ ਇਹ ਸਰੀਰ ਵੀ ਮਿੱਟੀ ਹੈ ਜੇ ਇਸ ਨੂੰ ਸੁਖਾਇਆਂ ਨਾਮ ਨਾਲ ਸਾਧ ਲਿਆ ਜਾਏ ਤਾਂ ਇਸ ਵਿਚੋਂ ਐਸੀ ਖ਼ੁਸ਼ਬੂ ਨਿਕਲੇਗੀ ਜੋ ਕਦੇ ਨਹੀਂ ਮੁੱਕੇਗੀ। ਉਥੋਂ ਭੀਮ ਉਡਿਆਰ ਪੁੱਜੇ।

ਭੀਮ ਉਡਿਆਰ : ਭੀਮ ਉਡਿਆਰ ਨੂੰ ਗੁਜਰਾਤ ਦਾ ਗਯਾ ਕਰਕੇ ਜਾਣਿਆ ਅਤੇ ਪੂਜਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਉਥੇ ਵੀ 'ਏਕੋ ਨਾਮ ਆਧਾਰ' ਦਾ ਉਪਦੇਸ਼ ਦਿੱਤਾ। ਮਹਾਰਾਜ ਨੇ ਆਪਣਾ ਟਿਕਾਣਾ ਨਾਰਾਇਣ ਸਰੋਵਰ ਕਿਨਾਰੇ ਕੀਤਾ ਸੀ। ਉਥੇ ਹੁਣ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਹੈ। ਮਿਹਰਬਾਨ ਜੀ ਨੇ ਲਿਖਿਆ ਹੈ ਕਿ 'ਆਗੈ ਕਉ ਉਦਿਆਨ (ਉਜਾੜ) ਕੀ ਧਰਤੀ ਦੇਖਤੇ-ਦੇਖਤੇ ਦੂਰਿ-ਦੂਰਿ ਜਾਇ ਪੜੇ, ਜਹਾਂ ਜਹਾਂ ਉਜਾੜਿ ਬਾਲੂ ਰੇਤੁ ਥਲੁ ਵਸਦੀ ਕਹਾ ਹੀ ਨਾ ਪਾਈਐ। ਜੇ ਪਾਈਐ ਤਉ ਪੈਂਡਾ ਦੂਰਿ-ਦੂਰਿ ਵਸਦੀ ਜਾਇ ਪਹੁੰਚਣਾ ਕਠਨ, ਪੈਂਡੇ ਮਹਿ ਠਗਵਾੜੇ ਬਹੁਤ ਮਾਰਣ ਹਾਰੇ। ਜੇ ਕੋ ਉਨ੍ਹਾਂ ਚੋਰਾਂ ਤੇ ਬਾਂਚੀਐ (ਬਚ ਜਾਈਏ) ਤਾਂ ਪੈਂਡੇ ਮਹਿ ਪਿਆਸਾ ਹੀ ਮਰ ਜਾਇ। ਬਾਬੇ ਕਉ ਨ ਭੁੱਖ ਨ ਪਿਆਸ ਸੀ। ਤਬ ਊਹਾ ਮਾਰੂ ਦੇਸ ਕੇ ਥਲ ਮਹਿ ਇਕ ਨਗਰ ਥਾ, ਓਹਾ ਹੀ ਆਇ ਨਿਕਲਿਆ।'

ਨਾਥ ਦੁਆਰਾ : ਭੀਮ ਉਡਿਆਰ ਤੋਂ ਆਬੂ, ਜੈਨੀਆਂ ਦੇ ਮੰਦਰ ਵਿਚ ਜਾ ਕੇ 'ਨਾਮ ਬਿਨਾ ਕੋ ਕਛੁ ਨਾਹੀ, ਗੁਰਿ ਪੂਰੈ ਪੂਰੀ ਮਤਿ ਕੀਨ'[1] ਦਾ ਉਪਦੇਸ਼ ਦਿੱਤਾ। ਆਬੂ ਤੋਂ ਉਦੈਪੁਰ ਤੇ ਪ੍ਰਸਿੱਧ ਤੀਰਥ ਨਾਥ ਦੁਆਰ ਪੁੱਜੇ। ਜਨਮ ਸਾਖੀ ਵਿਚ ਲਿਖਿਆ ਹੈ : 'ਤਬ ਰਾਜਪੂਤਾਂ ਕੀ ਧਰਤੀ ਏਕ ਨਗਰ ਮਹਿ ਆਇ ਬਸੇ।' ਨਾਥ ਦੁਆਰਾ ਮੰਦਰ ਗੋਕਲ ਦੇ ਗੁਸਾਈ, ਕ੍ਰਿਸ਼ਨ ਜੀ ਦਾ ਹੈ। ਇਥੇ ਕ੍ਰਿਸ਼ਨ ਜੀ ਦੀ ਇਕ ਮੂਰਤੀ ਹੈ, ਜਿਸ ਨੇ ਗੋਵਰਧਨ ਚੁੱਕਿਆ ਹੋਇਆ ਹੈ। ਛਿਆਂ ਰੁੱਤਾਂ ਦੇ ਮੇਵੇ ਤੇ ਬਸਤਰ ਭੋਜ ਪਹਿਰਣ ਹਿਤ ਠਾਕੁਰ ਨੂੰ ਵੱਖਰੇ-ਵੱਖਰੇ ਲਗਾਏ ਜਾਂਦੇ ਹਨ। ਜਿੰਨਾ ਧਨ ਦੌਲਤ ਉਸ ਮੰਦਰ ਵਿਚ ਹੈ ਸ਼ਾਇਦ ਹੀ ਕਿਸੇ ਮੰਦਰ ਜਾਂ ਧਰਮ ਅਸਥਾਨ 'ਤੇ ਹੋਵੇ। ਅੰਨ੍ਹੀ ਸ਼ਰਧਾ ਹੈ। ਉਥੋਂ ਦਾ ਮਹੰਤ ਗੁਸਾਈਂ ਰਤਨ ਜੜਤ ਗਹਿਣੇ, ਸੁੰਦਰ ਕੱਪੜੇ, ਅਤਰ ਫ਼ਲੇਲ ਧਾਰਨ ਕਰਕੇ ਜਾਣ ਬੁੱਝ ਕੇ ਗੁਰੂ ਜੀ ਕੋਲੋਂ ਲੰਘਿਆ ਤਾਂ ਮਰਦਾਨਾ ਜੀ ਨੇ ਕਿਹਾ ਕਿ ਇਹ ਕਿੰਨੇ ਹੰਕਾਰ ਵਿਚ ਹੈ। ਗੁਰੂ ਨਾਨਕ ਦੇਵ ਜੀ ਨੇ ਉਸੇ ਸਮੇਂ ਸ਼ਬਦ ਦੀ ਚੋਟ ਮਾਰਦੇ ਕਿਹਾ : 'ਵਧੀਆ-ਵਧੀਆ ਕੱਪੜੇ ਪਹਿਨਣੇ ਤੇ ਪਹਿਨ ਕੇ ਦੂਜਿਆਂ ਨੂੰ ਵਿਖਾਲਣ ਦਾ ਕੀ ਫ਼ਾਇਦਾ! ਪਰਮਾਤਮਾ ਦੇ ਚਰਨਾਂ ਵਿਚ ਜੁੜਨ ਤੋਂ ਬਿਨਾਂ ਸੁਖ ਹੋਰ ਕਿਧਰੇ ਵੀ ਨਹੀਂ ਮਿਲ ਸਕਦਾ :

1. ਮਾਰੂ ਮਹਲਾ ੧, ਪੰਨਾ ੧੦੧੦।

Sri Satguru Jagjit Singh Ji eLibrary NamdhariElibrary@gmail.com

'ਕਿਆ ਪਹਿਰਉ ਕਿਆ ਓਢਿ ਦਿਖਾਵਉ॥
ਬਿਨੁ ਜਗਦੀਸ ਕਹਾ ਸੁਖੁ ਪਾਵਉ॥' ੧॥ ਰਹਾਉ॥

(ਗਉੜੀ ਮਹਲਾ ੧, ਪੰਨਾ ੨੨੫)

ਜੇ ਅਤਰ ਤੇ ਚੰਦਨ ਆਪਣੇ ਸਰੀਰ 'ਤੇ ਲਾ ਲਿਆ ਜਾਵੇ, ਰੇਸ਼ਮ ਤੇ ਰੇਸ਼ਮੀ ਕੱਪੜੇ ਪਹਿਣ ਕੇ ਹੰਢਾਏ ਜਾਣ, ਪਰ ਜੇ ਪਰਮਾਤਮਾ ਦਾ ਨਾਂ ਨਹੀਂ ਤਾਂ ਦੁੱਖ ਹੀ ਦੁੱਖ ਹੈ :

'ਚੋਆ ਚੰਦਨੁ ਅੰਕਿ ਚੜਾਵਉ॥
ਪਾਟ ਪਟੰਬਰ ਪਹਿਰਿ ਹਢਾਵਉ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ'॥ ੧॥

(ਗਉੜੀ ਮਹਲਾ ੧, ਪੰਨਾ ੨੨੫)

ਜਦ ਮਹੰਤ ਦੇ ਕੰਨਾਂ ਵਿਚ ਇਹ ਆਵਾਜ਼ ਪਈ ਤਾਂ ਉਹ ਗੁਰੂ ਚਰਨਾਂ 'ਤੇ ਆ ਢੱਠਾ। ਉਸ ਨੇ ਪੁੱਛਿਆ ਕਿ ਸੇਵਾ ਕਿਹੜੀ ਉੱਤਮ ਹੈ ਤਾਂ ਗੁਰੂ ਜੀ ਨੇ ਕਿਹਾ : 'ਜਿਤ ਸੇਵਾ ਪ੍ਰਮੇਸ਼ਰ ਜੀ ਪਾਈਐ, ਸਾਈ ਰੂੜੀ ਸੇਵਾ ਹੈ। ਜ਼ਿੰਦਗੀ ਦੀ ਕਾਮਯਾਬੀ ਦਾ ਰਾਜ਼, ਨਿਮਰਤਾ ਵਿਚ ਹੈ। ਹੰਕਾਰ ਵਿਚ ਠੇਡੇ ਹੀ ਠੇਡੇ ਹਨ' :

'ਮੈ ਓਲ੍ਹਗੀਆ[1] ਓਲ੍ਹਗੀ ਹਮ ਛੋਰੂ ਥਾਰੇ॥
ਜਿਉਂ ਤੂੰ ਰਖਹਿ ਤਿਉ ਰਹਾ, ਮੁਖਿ ਨਾਮ ਹਮਾਰੇ॥'

(ਆਸਾ ਮਹਲਾ ੧, ਪੰਨਾ ੪੨੧)

ਦੁੱਖ, ਕਲੇਸ਼, ਘਾਟਾ ਕੇਵਲ ਮਨਮੁਖ ਨੂੰ ਹੈ ਤੇ ਮਨਮੁਖ ਭਟਕਦਾ ਹੀ ਰਵ੍ਹੇਗਾ :

'ਮਨਮੁਖ ਤੋਟਾ ਨਿਤ ਹੈ,
ਭਰਮਹਿ ਭਰਮਾਏ॥
ਮਨਮੁਖੁ ਅੰਧੁ ਨ ਚੇਤਈ
ਕਿਉ ਦਰਸਨੁ ਪਾਏ'॥ ੬॥ *(ਆਸਾ ਮਹਲਾ ੧, ਪੰਨਾ ੪੨੧)*

ਉਥੋਂ ਚਿਤੌੜ, ਜੋ ਮੇਵਾੜ ਦੀ ਰਾਜਧਾਨੀ ਸੀ, ਪੁੱਜੇ। ਚਿਤੌੜ ਹੀ ੨੪ ਤੀਰਥੰਕਰਾਂ ਤੋਂ ਸਭ ਤੋਂ ਪਹਿਲੇ ਤੀਰਥੰਕਰ ਦਾ ਥੰਮ੍ਹ ਹੈ। ਆਪ ਜੀ ਨੇ 'ਏਕੋ ਜਪੁ ਏਕੋ ਸਾਲਾਹ' ਦੀ ਧੁਨੀ ਲਗਾਈ। ਉਥੋਂ ਫਿਰ ਅਜਮੇਰ ਪੁੱਜੇ।

ਮਹਾਨ ਕੋਸ਼ ਦੇ ਲਿਖਾਰੀ ਅਨੁਸਾਰ ਅਜਮੇਰ, ਚੌਹਾਨ ਵੰਸ਼ ਦੇ ਰਾਜਾ ਅਜ-ਯ-ਪਾਲ ਨੇ ਸੰਨ ੧੪੫ ਈ. ਵਿਚ ਵਸਾਇਆ ਸੀ। ਇਥੇ ਹੀ ਹੁਣ ਪ੍ਰਸਿੱਧ ਪੀਰ ਖ਼੍ਵਾਜਾ ਮੁਈਨਦੀਨ ਚਿਸ਼ਤੀ, ਜਿਨ੍ਹਾਂ ਦਾ ਜਨਮ ਸੰਨ ੧੧੪੨ ਵਿਚ ਮੱਧ ਏਸ਼ੀਆ ਵਿਚ ਹੋਇਆ ਸੀ, ਦਾ ਮਕਬਰਾ ਹੈ। ਉਨ੍ਹਾਂ ਦਾ ਦਿਹਾਂਤ ਸੰਨ ੧੨੩੫ ਵਿਚ ਹੋਇਆ ਸੀ। ਪੀਰ ਦੀ ਖਾਨਕਾਹ ਤੇ ਮਕਬਰੇ ਨੂੰ 'ਖ਼੍ਵਾਜਾ ਸਾਹਿਬ ਦੀ ਦਰਗਾਹ' ਆਖਦੇ ਹਨ। ਇਹ ਪ੍ਰਸਿੱਧ ਹੈ ਕਿ ਪੀਰਖਾਨੇ ਦੇ ਮਜਾਵਰ ਮੁਹਿਮ 'ਤੇ ਚੜ੍ਹਨ ਵਾਲੇ ਸਿਪਾਹ-ਸਾਲਾਰਾਂ ਅਤੇ ਰਾਜ ਅਧਿਕਾਰ ਲਈ ਲੜਨ ਵਾਲੇ ਸ਼ਹਿਜ਼ਾਦਿਆਂ ਦੀਆਂ ਕਮਾਨਾਂ ਖਾਨਕਾਹ ਅੰਦਰ ਰੱਖ

---

1. ਓਲ੍ਹਗ ਦਾ ਭਾਵ ਜੂਠ ਜਾਂ ਉਗਲੀ ਹੋਈ ਵਸਤੂ ਹੈ ਤੇ ਓਲ੍ਹਗੀਆ ਜੂਠ ਮਾਂਜਣ ਵਾਲਾ ਭਾਵ ਕੰਮੀ।

Sri Satguru Jagjit Singh Ji eLibrary NamdhariElibrary@gmail.com

ਕੇ ਦਰਵਾਜ਼ੇ ਬੰਦ ਕਰ ਦਿੰਦੇ ਸਨ। ਸਵੇਰੇ ਜਿਸ ਦੀ ਕਮਾਨ ਦਾ ਚਿੱਲਾ ਚੜ੍ਹਿਆ ਹੋਇਆ ਨਜ਼ਰ ਆਉਂਦਾ ਉਸ ਨੂੰ ਰਾਜ ਦਾ ਅਧਿਕਾਰੀ ਸਮਝਿਆ ਜਾਂਦਾ। ਕਹਿੰਦੇ ਹਨ ਕਿ ਦਾਰਾ ਸ਼ਿਕੋਹ ਦੀ ਕਮਾਨ ਦਾ ਚਿੱਲਾ ਵੀ ਚੜ੍ਹ ਗਿਆ। ਤਖ਼ਤ 'ਤੇ ਬੈਠਦੇ ਹੀ ਔਰੰਗਜ਼ੇਬ ਨੇ ਪੜਤਾਲ ਕੀਤੀ ਤਾਂ ਦੇਖਿਆ ਕਿ ਖਾਨਕਾਹ ਦਾ ਰਾਹ ਬਾਹਰ ਮੁਜਾਵਰ ਦੇ ਘਰ ਖੁਲ੍ਹਦਾ ਹੈ। ਭੇਤ ਖੁਲ੍ਹ ਗਿਆ ਤੇ ਉਸ ਨੇ ਕਰੜੀ ਕਾਰਵਾਈ ਵੀ ਕੀਤੀ। ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਨਿਜ ਘਰ ਤੇ ਸੁਰੰਗ ਕੋ ਰਾਹੂ।
ਜਾਇ ਮੁਜਾਵਰ ਮੰਦਰਿ ਮਾਹੂ।
ਅੰਦਰ ਦੇਹਿ ਕਮਾਨ ਚਢਾਇ।
ਇਸ ਬਿਧਿ ਰਾਖੀ ਬਨਤ ਬਨਾਇ।'

ਗੁਰੂ ਜੀ ਨੇ ਮਕਬਰੇ ਦੇ ਲਾਗੇ ਹੀ 'ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ'[1] ਦਾ ਸ਼ਬਦ ਪੜ੍ਹ ਸੁਣਾਇਆ ਤਾਂ ਉਥੋਂ ਦੇ ਪ੍ਰਬੰਧਕਾਂ ਕਿਹਾ, ਉਹ ਸ਼ਰਹ ਦੇ ਦਰਸਾਏ ਪੰਜੇ ਕਰਮ, ਕਲਮਾ, ਜ਼ਕਾਤ, ਹੱਜ, ਰੋਜ਼ਾ ਤੇ ਨਿਮਾਜ਼ ਕਰਦੇ ਹਨ, ਫਿਰ ਉਹ ਕਿਵੇਂ ਮੁਸਲਮਾਨ ਨਹੀਂ ਤਾਂ ਮਹਾਰਾਜ ਨੇ ਸੱਚ, ਹਲਾਲ, ਸਭ ਦਾ ਭਲਾ (ਖ਼ੈਰ ਖ਼ੁਦਾਇ), ਨੀਅਤ ਸਾਫ਼ ਤੇ ਏਕ ਅੱਲਾਹ ਪਾਕ ਦੀ ਸਿਫ਼ਤ ਸਲਾਹਿ ਕਰਨ ਦੀਆਂ ਨਿਮਾਜ਼ਾਂ ਅਦਾ ਕਰਨ ਵੱਲ ਧਿਆਨ ਦਿਲਵਾਇਆ।[2]

ਮਰਦਾਨਾ ਜੀ ਨੇ ਹਰ ਪਾਸੇ ਅਡੰਬਰ ਹੁੰਦਾ ਦੇਖ ਕਿਹਾ ਕਿ ਢਾਈ ਦਿਨ ਦਾ ਅਡੰਬਰ ਕਰ ਕੇ ਝੂਠਾ ਨਾਮ ਕਰਵਾ ਲੈਣਾ ਠੀਕ ਨਹੀਂ। ਇਹ ਸੁਣ ਕੇ ਮੁਜਾਵਰਾਂ ਗੁੱਸਾ ਕੀਤਾ ਤੇ ਮਰਦਾਨਾ ਜੀ ਨੂੰ ਜਲੀਆਂ ਕਟੀਆਂ ਵੀ ਸੁਣਾਈਆਂ। ਗੁਰੂ ਮਹਾਰਾਜ ਨੇ ਉਥੇ ਹੀ ਫ਼ਕੀਰ ਤੇ ਦਰਵੇਸ਼ ਦੇ ਲੱਛਣ ਦੱਸ ਕੇ ਕਿਹਾ ਕਿ :

'ਨਫ਼ਸ ਸ਼ੈਤਾਨ, ਗੁੱਸਾ ਹਰਾਮ, ਕੱਚ ਦੁਨੀਆਂ, ਸੱਚ ਦਰਵੇਸ਼,
ਅਦਲ ਬਾਦਸ਼ਾਹ, ਫੱਜ਼ਲ ਫ਼ਕੀਰਾਂ,
ਮੰਜ਼ਲ ਮੁਸਾਫ਼ਰਾਂ, ਕਸਬ ਕਾਫ਼ਰਾਂ, ਮਿਹਰ ਪੀਰਾਂ,
ਸਿਹਰ ਕੀਰਾਂ, ਫ਼ਕੀਰੀ ਸਬੂਰੀ, ਨ ਸਬੂਰੀ ਤਾਂ ਮਕਰ।'

ਉਥੋਂ ਗੁਰੂ ਜੀ ਪੁਸ਼ਕਰ ਤੀਰਥ ਗਏ ਜੋ ਅਜਮੇਰ ਤੋਂ ੪ ਕੋਹ 'ਤੇ ਹੈ। ਵੈਸਾਖੀ ਦਾ ਮੇਲਾ ਲੱਗਾ ਹੋਇਆ ਸੀ। ਕਹਿੰਦੇ ਹਨ ਕਿ ਬ੍ਰਹਮਾ ਨੇ ਯੁੱਧ ਦੀ ਵਾਟ ਉਥੇ ਹੀ ਕੀਤੀ ਸੀ। ਗਾਯਤ੍ਰੀ, ਸਾਵਿਤ੍ਰੀ ਸਮੇਤ ਬ੍ਰਹਮਾ ਦੀ ਮੂਰਤੀ ਵੀ ਉਥੇ ਹੀ ਹੈ। ਹੋਰ ਕਿਧਰੇ ਇਹ ਤਿੰਨੇ ਮੂਰਤੀਆਂ ਨਹੀਂ ਮਿਲਦੀਆਂ। ਮਹਾਰਾਜ ਨੇ ਉਪਦੇਸ਼ ਦਿੱਤਾ ਕਿ ਤੀਰਥਾਂ ਵਿਚ ਕੁਝ ਨਹੀਂ ਹੈ। ਪਾਂਡਿਆਂ ਇਹ ਵੀ ਪ੍ਰਚੱਲਤ ਕੀਤਾ ਹੋਇਆ ਸੀ ਕਿ ਜਦ ਤੱਕ ਪੁਸ਼ਕਰ ਇਸ਼ਨਾਨ ਨਾ ਹੋਵੇ, ਜੀਵਨ ਸਫਲ ਨਹੀਂ ਹੋ ਸਕਦਾ। ਮਹਾਰਾਜ ਨੇ ਸੱਚਾ ਤੀਰਥ ਤੇ

1. ਮਾਝ ਕੀ ਵਾਰ ਮਹਲਾ ੧, ਪੰਨਾ ੧੪੧।
2. ਪਹਲਾ ਸਚੁ, ਹਲਾਲ ਦੁਇ, ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨ, ਪੰਜਵੀਂ ਸਿਫਤਿ ਸਨਾਇ॥ (ਪੰਨਾ ੧੪੧)

Sri Satguru Jagjit Singh Ji eLibrary NamdhariElibrary@gmail.com

ਸਤ ਸਰ ਨਾਵਣ ਦਾ ਗਿਆਨ ਦਿੱਤਾ। ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਪੁਸ਼ਕਰ ਤੀਰਥ ਗਏ ਸਨ ਤੇ ਉਨ੍ਹਾਂ ਦੀ ਯਾਦ ਵਿਚ ਵੀ ਅਸਥਾਨ ਬਣਿਆ ਹੋਇਆ ਹੈ। ਉਥੇ ਹੀ ਦਸਮੇਸ਼ ਪਿਤਾ ਨੇ ਪ੍ਰਿਥਵੀ ਪੰਡਿਤ ਦੇ ਪ੍ਰਸ਼ਨਾਂ ਦੇ ਉੱਤਰ ਵਿਚ ਪੰਜ ਸੌ ਸਾਖੀ ਉਚਾਰੀ ਸੀ ਅਤੇ ਫ਼ਰਮਾਇਆ ਸੀ :

'ਹਨੇਰੇ ਜਗਤ ਵਿਚ ਚਾਨਣ ਗੁਰਬਾਣੀ ਦਾ ਹੈ ਅਤੇ ਸ਼ਕਤੀ ਕਰਾਮਾਤ ਨਾਮ ਵਿਚ ਹੈ। ਨਾਮ ਸੇਵਾ ਕੇ ਪ੍ਰੇਮ ਦੁਆਰਾ ਸਫ਼ਲ ਹੁੰਦਾ ਹੈ। ਸੋ ਨਾਮ ਤੇ ਬਾਣੀ ਦੇ ਲੜ ਅਸਾਂ ਖ਼ਾਲਸੇ ਨੂੰ ਲਾਇਆ ਹੈ ਜੋ ਹਰ ਸਮੇਂ ਖ਼ਾਲਸੇ ਦੇ ਸਹਾਈ ਹੋਣਗੇ।'

ਭਗਤ ਧੰਨਾ : ਪੁਸ਼ਕਰ ਤੋਂ ਕਿਸ਼ਨਗੜ੍ਹ, ਫੁਲੇਰਾ, ਜੈਪੁਰ ਤੋਂ ਫਿਰ ਵਾਪਸ ਦਿਉਲੀ ਛਾਉਣੀ ਆਏ ਜਿੱਥੇ ਭਗਤ ਧੰਨਾ ਜੀ ਨੇ ਆਪਣਾ ਟਿਕਾਣਾ ਰੱਖਿਆ ਹੋਇਆ ਸੀ। ਭਗਤ ਧੰਨਾ ਜੀ ਦੀ ਉਸ ਸਮੇਂ ਆਯੂ ਤਕਰੀਬਨ ੯੨ ਸਾਲ ਦੀ ਸੀ।

ਭਗਤ ਧੰਨਾ ਜੀ ਦਾ ਜਨਮ ਪਿੰਡ ਧੂਆਨ ਵਿਖੇ ੧੪੧੫ ਈ: ਨੂੰ ਹੋਇਆ ਸੀ। ਗੁਰੂ ਅਰਜਨ ਦੇਵ ਜੀ ਨੇ 'ਧੰਨੇ ਸੇਵਿਆ ਬਾਲ ਬੁਧਿ' ਕਹਿ ਕੇ ਗੁਰੂ ਗ੍ਰੰਥ ਸਾਹਿਬ ਵਿਚ ਆਦਰ ਦਿੱਤਾ ਹੈ। ਭਗਤ ਜੀ ਆਏ ਗਏ ਜੀਵ, ਅਭਿਆਗਤ ਤੇ ਲੋੜਵੰਦ ਦੀ ਰੱਬ ਰੂਪ ਜਾਣ ਸੇਵਾ ਕਰਦੇ ਸਨ। ਉਨ੍ਹਾਂ ਨੇ ਸਾਧ ਸੰਗਤ ਦੀ ਬਰਕਤ ਨਾਲ ਪ੍ਰਤੱਖ ਪਰਮਾਤਮਾ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਦੇ ਤਿੰਨ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਲਿਖ ਲਿਆਂਦਾ ਸੀ।

ਉਥੋਂ ਗੁਰੂ ਜੀ ਬੂੰਦੀ, ਕੋਟਾ ਦੇ ਰਸਤੇ ਸ਼ਿਵਪੁਰੀ ਪੁੱਜੇ। ਸ਼ਿਵਪੁਰੀ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਸ਼ਿਵਪੁਰੀ ਤੋਂ ਗਵਾਲੀਅਰ, ਧੌਲਪੁਰ ਹੁੰਦੇ ਹੋਏ ਆਗਰਾ ਪੁੱਜੇ।

ਆਗਰਾ : ਆਗਰੇ ਵਿਖੇ ਮਾਈ ਜੱਸੀ ਨਾਂ ਦੀ ਇਕ ਔਰਤ ਰਾਮ ਦੀ ਮੂਰਤੀ ਬਣਾ ਕੇ ਪੂਜਾ ਵਿਚ ਮਸਤ ਸੀ। ਇਸ ਦੀ ਪੂਜਾ ਦੀ ਸ਼ੋਭਾ ਚਾਰੇ ਪਾਸੇ ਫੈਲੀ ਹੋਈ ਸੀ। ਕਈ ਮਤਾਂ ਮਤਾਂਤਰਾਂ ਦੇ ਲੋਕੀਂ ਉਸਦੀ ਸ਼ੋਭਾ ਸੁਣ ਆਉਂਦੇ ਪਰ ਮਾਈ ਜੱਸੀ ਦੀ ਭਟਕਣਾ ਮੁੱਕੀ ਨਹੀਂ ਸੀ। ਉਹ ਉਸ ਸ਼ਾਂਤੀ ਦੀ ਭਾਲ ਵਿਚ ਸੀ ਜਿਸ ਨੂੰ ਅਨੰਤ ਖ਼ੁਸ਼ੀ ਕਹਿੰਦੇ ਸਨ। ਗੁਰੂ ਨਾਨਕ ਦੇਵ ਜੀ ਉਸ ਦੇ ਘਰ ਪੁੱਜੇ ਅਤੇ

'ਇਆਨੜੀਏ ਮਾਨੜਾ ਕਾਇ ਕਰੇਹਿ॥
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣਹਿ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥' [1]

ਦਾ ਸ਼ਬਦ ਉਚਾਰਿਆ।

ਸ਼ਬਦ ਸੁਣਦੇ ਸਾਰ ਹੀ ਉਹ ਗੁਰੂ ਚਰਨਾਂ 'ਤੇ ਆ ਢੱਠੀ। ਗੁਰੂ ਜੀ ਨੇ ਉਸ ਨੂੰ ਸੰਬੋਧਨ ਕਰਦੇ ਹੋਏ ਕਿਹਾ : ਵਾਹਿਗੁਰੂ ਅੰਦਰ ਹੈ, ਸਾਡੇ ਨੇੜੇ ਤੋਂ ਨੇੜੇ ਹੈ। ਇਹ ਗੱਲ ਕਿਸੇ ਵੇਲੇ ਭੁੱਲ ਨਹੀਂ ਪਾਉਣੀ। ਯਾਦ ਰੱਖਣਾ ਮਨ ਦਾ ਇਕ ਕਰਮ ਸੁਭਾਉ ਆਹਰੇ

---

1. ਤਿਲੰਗ ਮਹਲਾ ੧, ਪੰਨਾ ੭੨੨।

Sri Satguru Jagjit Singh Ji eLibrary NamdhariElibrary@gmail.com

ਲੱਗਾ ਰਹਿਣਾ ਹੈ। **ਜੇ ਮਨ ਸੰਸਾਰਕ ਫੁਰਨਿਆਂ ਵਿਚ ਜਾਵੇ ਤਾਂ ਰਸਨਾ ਨਾਲ ਜਪਿਆਂ ਮੋੜਾ ਖਾਏਗਾ। ਰਸਨਾ ਹੀ ਮਨ ਨੂੰ ਆਪਣੇ ਘਰ ਹਿਰਦੇ ਵੱਲ ਮੋੜ ਲਿਆਏਗੀ,** ਇਸ ਤਰ੍ਹਾਂ ਸੋਧ ਮਿਲ ਜਾਏਗੀ। ਨਿਸਚੇ ਦੇ ਘਰ ਪੁੱਜ ਜਾਵਾਂਗੇ। 'ਉਹ ਹੈ' ਦਾ ਨਿਸ਼ਚਾ ਹੋ ਜਾਏਗਾ ਤੇ 'ਹੈ' ਪਕਾਉਣੀ ਜ਼ਰੂਰੀ ਹੈ। 'ਦੁੱਖ ਸਾਰਾ ਵਿਸਰਨ ਵਿਚ ਹੈ, ਜਦ ਚੇਤਾ ਆ ਗਿਆ ਤਾਂ ਸੁਖ ਤੇ ਸ਼ਾਂਤੀ।' ਮਾਈ ਜੱਸੀ ਇਹ ਬਚਨ ਤੇ ਫਿਰ 'ਆਖਾ ਜੀਵਾ ਵਿਸਰੈ ਮਰਿ ਜਾਉ', ਦਾ ਸ਼ਬਦ ਸੁਣ ਕੇ ਸੁਖ ਰੂਪ ਹੋ ਗਈ। ਉਥੇ ਹੀ ਗੁਰੂ ਨਾਨਕ ਦੇਵ ਜੀ ਨੇ ਸਾਧ ਸੰਗਤ ਦੀ ਨੀਂਹ ਰੱਖੀ। ਗੁਰੂ ਅਸਥਾਨ ਪੁਸਤਕ ਵਿਚ ਲਿਖਿਆ ਹੈ, "ਗੁਰੂ ਨਾਨਕ ਦੇਵ ਜੀ ਆਗਰੇ ਆਏ, ਮਾਈ ਜੱਸੀ ਨੂੰ 'ਇਆਨੜੀਏ ਮਾਨੜਾ ਕਾਇ ਕਰੇਇ' ਦੇ ਸ਼ਬਦ ਦੁਆਰਾ ਉਪਦੇਸ਼ ਦੇ ਕੇ ਉਸ ਤੋਂ ਮੂਰਤੀ ਪੂਜਾ ਤੇ ਬੁੱਤ ਪ੍ਰਸਤੀ ਛੁੜਵਾਈ।"

ਬਾਬੇ ਦੀ ਕੁਲ ਪੂੰਜੀ : ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ 'ਤਬ ਦੱਖਣ ਕੀ ਧਰਤੀ ਤੇ ਗੁਰੂ ਬਾਬਾ ਨਾਨਕ ਜੀ ਉੱਤਰ ਕੀ ਧਰਤੀ ਕਉ ਗਮੇ। ਪੰਜਿ ਬਰਸ ਦੱਖਣ ਕੀ ਧਰਤੀ ਖੇਲੇ। ਮਥਰਾ ਜਮਨਾ ਆਦਿ ਉਤਰੇ।' ਇਸ ਹਿਸਾਬ ਨਾਲ ਆਪ ਜੀ ਨੂੰ ਅੱਠ ਵਰ੍ਹੇ ਲੱਗੇ। ਪਹਿਲੀ ਉਦਾਸੀ ਵਿਚ ਮਿਹਰਬਾਨ ਦੇ ਕਥਨ ਅਨੁਸਾਰ, ਜਗਨ ਨਾਥ ਤੱਕ ਤਿੰਨ ਸਾਲ ਤੇ ਉਥੋਂ ਵਾਪਸੀ ਵਿਚ ਪੰਜ ਸਾਲ, ਇਸ ਹਿਸਾਬ ਨਾਲ ਕੁੱਲ ਅੱਠ ਸਾਲ ਲੱਗੇ। ਜਦ ਮਥਰਾ ਪੁੱਜੇ, ਸੰਨ ੧੫੧੫ ਸੀ। ਬਾਬੇ ਪਾਸ ਉਸ ਸਮੇਂ ਕਿੰਨੀ ਪੂੰਜੀ ਸੀ, ਉਸ ਦਾ ਵਰਨਣ ਸਾਖੀਕਾਰਾਂ ਕੀਤਾ ਹੈ। ਸਾਖੀਕਾਰਾਂ ਨੇ ਲਿਖਿਆ ਹੈ : **'ਬਾਬਾ ਨਾਨਕ ਏਕੁਲਾ ਹੀ ਏਕ ਮਰਦਾਨਾ ਸਾਥਿ, ਤੇੜਿ ਚਾਦਰ, ਉੱਪਰ ਭੀ ਚਾਦਰ, ਸਿਰ ਅੰਗਉਛਾ** (ਹੱਥ ਪੂੰਝਣ ਲਈ)।' ਬਾਬਾ ਜੀ ਦੇ ਦਰਸ਼ਨ ਪਾ ਕੇ ਜੋ ਸ਼ਬਦ ਲੋਕਾਂ ਤੇ ਸਾਧੂਆਂ ਨੇ ਕਹੇ ਉਹ ਉਨ੍ਹਾਂ ਦੀ ਅਜ਼ਮਤ ਦ੍ਰਿੜ੍ਹਾਂਦੇ ਹਨ। ਇਕ ਦੂਜੇ ਨੂੰ ਕਹਿ ਰਿਹਾ ਸੀ : ਏਕ ਤਉ ਸ਼ਰਧਾ ਪੂਰੀ ਹੋਈ ਜਿ ਬਾਬਾ ਨਾਨਕ ਸੁਣੀਤਾ ਥਾ ਸੋ ਆਪਣੀ ਅੱਖੀਂ ਦੇਖਾ ਅਰ ਕਿਛੁ ਪਰਮੇਸ਼ਰ ਕੀ ਬਾਤ ਪੂਛਣੀ ਹੈ, ਸੁ ਅੱਜ ਸਭ ਪੂਛ ਲਵਾਂਗਾ। ਧਨ ਹਮਾਰੇ ਭਾਗ ਜੋ ਦਰਸ਼ਨ ਹੂਆ।'

ਮਥੁਰਾ ਤੇ ਬ੍ਰਿੰਦਾਬਨ ਪ੍ਰਸਿੱਧ ਤੀਰਥ ਹਨ। ਬ੍ਰਿੰਦਾ ਦਾ ਅਰਥ ਤੁਲਸੀ ਹੈ ਅਤੇ ਬ੍ਰਿੰਦਾਬਨ ਤੁਲਸੀ ਦਾ ਜੰਗਲ। ਉਥੇ ਹੀ ਕ੍ਰਿਸ਼ਨ ਜੀ ਦਾ ਜਨਮ ਹੋਇਆ ਮਿਥਿਆ ਜਾਂਦਾ ਹੈ। 'ਮਥੁਰਾ ਤੀਨ ਲੋਕ ਤੇ ਨਿਆਰੀ' ਕਰਕੇ ਵੀ ਪ੍ਰਸਿੱਧ ਸੀ ਪਰ ਮਥੁਰਾ ਵਿਚ ਹੀ ਸਭ ਤੋਂ ਵੱਧ ਪਾਪ ਤੇ ਪਾਖੰਡ ਹੋਣ ਲੱਗ ਪਏ। ਰੋਟੀਆਂ ਕਾਰਨ ਤਾਲ ਪੂਰਦੇ ਦੇਖ, ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਰੋਜ਼ੀ ਦਾ ਆਹਾਰ ਬਣਾਉਣ ਵਾਲਿਆਂ ਪਾਖੰਡੀਆਂ ਨੂੰ ਖ਼ੂਬ ਕੋਸਿਆ। ਧਰਮ ਜੀਵਨ-ਜਾਚ ਦਾ ਨਾਂ ਹੈ ਨਾ ਕਿ ਵਪਾਰ ਦਾ। ਧਰਮ ਦੇ ਨਾਂ 'ਤੇ ਇੰਨੀ ਠਗੀ-ਠਉਰੀ ਤੇ ਪਾਖੰਡ ਹੁੰਦਾ ਦੇਖ ਮਰਦਾਨਾ ਜੀ ਕੋਲੋਂ ਨਾ ਰਿਹਾ ਗਿਆ ਤੇ ਉਹ ਕਹਿ ਹੀ ਉੱਠੇ : 'ਮਹਾਰਾਜ ਇਥੇ ਦੇ ਲੋਕ ਲੁੱਚੇ, ਗਵਾਰ, ਚੋਰ, ਯਾਰ ਬਹੁਤੇ ਹਨ, ਤੀਰਥਾਂ ਪੁਰ ਐਸੇ ਤਾਂ ਨਹੀਂ ਹੋਣੇ ਚਾਹੀਦੇ।' ਉਨ੍ਹਾਂ ਦੀ ਗੱਲ, ਕੋਲੋਂ ਸੁਣਦੇ ਇਕ ਪੰਡਤ ਨੇ ਜਾ ਕੇ ਕਿਹਾ ਕਿ ਸੱਚੀ ਗੱਲ ਤਾਂ ਇਹ ਹੈ ਕਿ ਕਲਿਯੁਗ ਨੂੰ ਹੋਰ ਥਾਵਾਂ

Sri Satguru Jagjit Singh Ji eLibrary NamdhariElibrary@gmail.com

ਤੋਂ ਮਾਰ ਕੇ ਨਸਾ ਦਿੱਤਾ ਗਿਆ ਹੈ, ਉਸ ਨੇ ਧਰਮ ਅਸਥਾਨਾਂ 'ਤੇ ਪਨਾਹ ਲਈ ਹੈ। ਮਹਾਰਾਜ ਨੇ ਉਸ ਦੀ ਢੁੱਚਰ ਸੁਣ ਕੇ ਕਿਹਾ ਕਿ ਆਪਣੀ ਕਮਜ਼ੋਰੀ ਨੂੰ ਦੂਜੇ ਦੇ ਨਾਂ ਮੜ੍ਹ ਦੇਣਾ ਖ਼ੂਬ ਹੁਸ਼ਿਆਰੀ ਹੈ। ਕਲਿਯੁਗ ਕਿੱਥੇ ਹੈ?

'ਸੋਈ ਚੰਦੁ, ਚੜਹਿ ਸੇ ਤਾਰੇ,
ਸੋਈ ਦਿਨੀਅਰੁ ਤਪਤ ਰਹੈ॥
ਸਾ ਧਰਤੀ, ਸੋ ਪਉਣੁ ਝੁਲਾਰੇ,
ਜੁਗ ਜੀਅ ਖੇਲੇ ਥਾਵ ਕੈਸੇ॥ ੧॥
ਜੀਵਨ ਤਲਬ ਨਿਵਾਰਿ॥
ਹੋਵੈ ਪਰਵਾਣਾ ਕਰਹਿ ਧਿਙਾਣਾ,
ਕਲਿ ਲਖਣ ਵੀਚਾਰਿ॥' ੧॥ ਰਹਾਉ॥

(ਰਾਮਕਲੀ ਮਹਲਾ ੧, ਪੰਨਾ ੯੦੨)

ਖ਼ੁਦਗ਼ਰਜ਼ੀ ਹੀ ਕਲਿਯੁਗ ਹੈ। ਧੱਕਾ ਕਰ ਕੇ ਵੀ ਸੱਚਾ ਰਹਿਣਾ ਕਲਿਯੁਗ ਦਾ ਲੱਛਣ ਹੈ। ਹੇ ਭਲੇ ਲੋਕ! ਕਿਸੇ ਨੇ ਕਦੇ ਨਹੀਂ ਸੁਣਿਆ ਕਿ ਕਲਿਯੁਗ ਕਿਸੇ ਖ਼ਾਸ ਦੇਸ਼ ਆਇਆ ਹੋਇਆ ਹੈ ਜਾਂ ਕਿਸੇ ਤੀਰਥ 'ਤੇ ਜਾ ਕੇ ਬੈਠ ਰਿਹਾ ਹੈ। ਜਿੱਥੇ ਕੋਈ ਦਾਨ ਕਰਦਾ ਹੈ ਉਥੇ ਵੀ ਉਸ ਦਾ ਟਿਕਾਣਾ ਨਹੀਂ ਸੁਣਿਆ। ਕਿਸੇ ਖ਼ਾਸ ਥਾਂ ਕਲਿਯੁਗ ਮਹੱਲ ਉਸਾਰ ਕੇ ਨਹੀਂ ਬੈਠਾ। ਕਿਉਂ ਭੁਲੇਖਾ ਪਾਉਂਦੇ ਹੋ। 'ਮਹਲ ਉਸਾਰ ਨ ਬੈਠਾ', ਮਹਾਰਾਜ ਦਾ ਕਹਿਣਾ ਸੀ। ਮਾੜਾ ਆਚਰਨ, ਵਿਸ਼ਿਆਂ ਦੇ ਅਧੀਨ ਹੋਣਾ, ਪ੍ਰਭੂ-ਨਾਮ ਵਲੋਂ ਨਫ਼ਰਤ ਹੀ ਕਲਿਯੁਗ ਦੇ ਲੱਛਣ ਹਨ। ਗ਼ੁਲਾਮੀ ਦਾ ਜੀਵਨ ਜੀਉਂਦੇ ਟੁਰੀ ਜਾਣਾ ਹੀ ਅਸਲ ਕਲਿਯੁਗ ਹੈ। ਉਸ ਪੂਜਾ ਦਾ ਕੀ ਅਰਥ ਜਿੱਥੇ ਇੱਜ਼ਤ ਰੁਲਣੀ ਹੈ, ਉਸ ਸੰਜਮ ਦਾ ਕੀ ਲਾਭ ਜਿਸ ਰਾਹੀਂ ਸਚਿਆਰ ਨਹੀਂ ਹੋਣਾ, ਉਸ ਭੇਖ ਦਾ ਕੀ ਫ਼ਾਇਦਾ ਜਿਸ ਰਾਹੀਂ ਉਚਾਈ ਨਹੀਂ ਛੋਹੀ ਜਾਣੀ।[1] ਇਹ ਵਿਚਾਰ ਸੁਣ ਕੇ ਪੰਡਤ ਕ੍ਰਿਸ਼ਨ ਲਾਲ ਨੇ ਬਾਬੇ ਦੇ ਚਰਨ ਚੁੰਮੇ। ਉਸ ਦੀ ਸੰਤਾਨ ਹੁਣ ਵੀ ਗੁਰਦੁਆਰਾ ਬਿਸਰਾਮ ਘਾਟ ਵਿਚ ਪ੍ਰਬੰਧ ਕਰਦੀ ਹੈ। ਸਾਧੂਆਂ ਤੇ ਧਰਮ ਢੁੰਡਾਊਆਂ ਨੇ ਪੁੱਛਿਆ ਕਿ ਵਾਹਿਗੁਰੂ ਕਿਸ ਸੇਵਾ, ਘਾਲ ਜੁਗਤ ਨਾਲ ਮਿਲਦਾ ਹੈ। ਮਹਾਰਾਜ ਦਾ ਉੱਤਰ ਸੀ :

'ਸਹਿਜ ਮਿਲਿਆ ਜਾਣੂ। ਉਸ ਨੂੰ ਹਠ, ਜਤ, ਤਪ, ਭਗਤ, ਸਿਆਣਪ, ਪੜ੍ਹਨ ਨਾਲ ਨਹੀਂ ਪਾਇਆ ਜਾਂਦਾ। ਜਿਸ 'ਤੇ ਉਹ ਆਪੂੰ ਕ੍ਰਿਪਾ ਕਰੇ, ਉਸ ਨੂੰ ਹੀ ਪ੍ਰਾਪਤ ਹੁੰਦਾ ਹੈ। ਸਹਜ ਨਾਲ ਠਾਕੁਰ ਜੀ ਕਾ ਜਸ ਗਾਵਣ ਨਾਲ ਉਹ ਪ੍ਰਾਪਤ ਹੁੰਦਾ ਹੈ। ਜਿਉਂ-ਜਿਉਂ ਆਤਮ ਸਹਜ ਦੇ ਰੰਗ ਵਿਚ ਆਵੇ ਤਿਉਂ-ਤਿਉਂ ਠਾਕੁਰ ਜੀ ਦਾ ਜਸ ਗਾਵਣਾ, **ਕੋਈ ਭਾਵੇਂ ਸੁਣੈ ਕੋਈ ਨ ਸੁਣੈ, ਆਤਮ ਕਾ ਰੰਗ ਪ੍ਰਮੇਸ਼ਰ ਕਾ ਜਸ ਗਾਵਣਾ ਹੀ ਅਸਲ ਭਗਤੀ ਹੈ।'**

ਗ਼ੁਲਾਮੀ ਦੀ ਪ੍ਰਥਾ ਵਿਰੁੱਧ : ਬ੍ਰਿਜ ਭੂਮੀ, ਗੋਵਰਧਨ, ਗੋਕਲ ਆਦਿ ਇਲਾਕੇ

---

1. ਪਤਿ ਵਿਣੁ ਪੂਜਾ, ਸਤ ਵਿਣੁ ਸੰਜਮ
ਜਤ ਵਿਣੁ ਕਾਹੇ ਜਨੇਊ॥ (ਰਾਮਕਲੀ ਮਹਲਾ ੧, ਪੰਨਾ ੯੦੩)

Sri Satguru Jagjit Singh Ji eLibrary NamdhariElibrary@gmail.com

ਤੋਂ ਹੁੰਦੇ ਹੋਏ ਰੁਹੇਲਖੰਡ ਪੁੱਜੇ। ਉਥੇ ਆਪੂੰ ਗ਼ੁਲਾਮ ਬਣ ਕੇ ਗ਼ੁਲਾਮੀ ਦੀ ਮਾੜੀ ਪ੍ਰਥਾ ਵਿਰੁੱਧ ਆਵਾਜ਼ ਉਠਾਈ।

ਦੋ ਘੋੜੇ ਆਪਣੀ ਕੀਮਤ ਪਵਾ ਕੇ ਇਕ ਰੁਹੇਲੇ ਹਾਕਮ ਪਾਸ ਵਿਕੇ। ਕਰਨਾ ਵਾਹਿਗੁਰੂ ਦਾ ਐਸਾ ਹੋਇਆ ਕਿ ਇਲਾਕੇ ਦੇ ਸਾਰੇ ਖੂਹਾਂ ਦਾ ਜਲ ਸੁੱਕ ਗਿਆ। ਸਾਰੇ ਪਾਸੇ ਸ਼ੋਰ ਮੱਚ ਗਿਆ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ 'ਇਹ ਉਸ ਜ਼ੋਰ ਜਬਰ ਕਰਮ ਦਾ ਫਲ ਹੈ ਜੋ ਤੁਸੀਂ ਮਨੁੱਖਾਂ 'ਤੇ ਢਾਹੁੰਦੇ ਹੋ।' ਸਾਰੇ ਗ਼ੁਲਾਮ ਰਿਹਾਅ ਕਰਵਾਏ। ਬੰਦੀ ਪਏ ਲੋਕਾਂ ਨੂੰ ਸੁਤੰਤਰ ਕਰਵਾਇਆ ਤੇ ਨਾਮ ਦਾਨ ਸੱਚ ਧਰਮ ਦ੍ਰਿੜਾਇਆ। ਧਰਮਸਾਲ ਉਸਾਰਨ ਲਈ ਕਿਹਾ ਅਤੇ ਹੁਕਮ ਕੀਤਾ ਕਿ ਆਏ ਗਏ ਦੀ ਸੇਵਾ ਕਰਨੀ।

'ਆਵੇ ਈਹਾ ਜੋ ਸਿਖ ਹਮਾਰਾ।
ਸੇਵਾ ਕਰਨੀ ਤਹਿ ਹਿਤ ਧਾਰਾ।'

ਦਿੱਲੀ : ਉਥੋਂ ਦਿੱਲੀ ਪੁੱਜੇ। ਦਿੱਲੀ ਤੈਮੂਰਪੁਰ, ਜਿਸ ਨੂੰ ਤੀਮਾਰਪੁਰ ਕਹਿੰਦੇ ਹਨ, ਆ ਟਿਕੇ। ਉਸੇ ਨੂੰ ਹੁਣ ਮਜਨੂੰ ਟਿੱਲਾ ਵੀ ਕਹਿੰਦੇ ਹਨ। ਦਿੱਲੀ ਵਿਚ ਉਸ ਸਮੇਂ ਇਬਰਾਹੀਮ ਲੋਧੀ ਦਾ ਰਾਜ ਸੀ। ਇਬਰਾਹੀਮ ਹੁਣੇ-ਹੁਣੇ ਤਖ਼ਤ 'ਤੇ ਬੈਠਾ ਸੀ। ਜਿੱਥੇ ਆਪ ਜੀ ਟਿਕੇ ਸਨ, ਉਥੇ ਜਮਨਾ ਕਿਨਾਰੇ ਰੋਜ਼ ਮਹਾਵਤ ਹਾਥੀ ਨੂੰ ਪਾਣੀ ਪਿਲਾਉਣ ਲਈ ਲਿਆਉਂਦਾ ਸੀ ਤੇ ਬੱਚੇ ਹਾਥੀ ਨਾਲ ਖੇਡਦੇ ਸਨ। ਗੁਰੂ ਨਾਨਕ ਦੇਵ ਜੀ ਨੇ ਇਕ ਦਿਨ ਬੱਚਿਆਂ ਨੂੰ ਰੋਂਦੇ ਹੋਏ ਵੇਖਿਆ ਤਾਂ ਆਪ ਜੀ ਨੇ ਬੱਚਿਆਂ ਨੂੰ ਰੋਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਹਾਥੀ ਮਰ ਗਿਆ ਹੈ। ਮਹਾਰਾਜ ਨੇ ਆਪਣੇ ਆਸੇ ਨਾਲ ਜਦ ਹਾਥੀ ਦੀ ਸੁੰਡ ਹਿਲਾਈ ਤਾਂ ਉਹ ਉੱਠ ਬੈਠਾ। ਬਾਦਸ਼ਾਹ ਨੂੰ ਜਦ ਇਸ ਸਾਰੀ ਵਾਰਤਾ ਦਾ ਪਤਾ ਲੱਗਾ ਤਾਂ ਉਹ ਆਪ ਆਇਆ। ਉਸ ਦਾ ਪਿਤਾ ਸਕੰਦਰ ਲੋਧੀ ਕਬੀਰ ਜੀ ਦਾ ਕੌਤਕ ਬਨਾਰਸ ਵਿਖੇ ਵੇਖ ਚੁੱਕਾ ਸੀ। ਜਦ ਉਸ ਨੇ ਤਰਕ ਕੀਤੀ ਤੇ ਹਾਥੀ ਨੂੰ ਮੁੜ ਮਾਰਨ ਲਈ ਕਿਹਾ ਤਾਂ ਮਹਾਰਾਜ ਨੇ ਕਿਹਾ : 'ਮਾਰਣ ਜੀਵਾਲਣ ਵਾਲਾ ਤਾਂ ਸਾਹਿਬ ਆਪ ਹੈ। ਦੁਆਇ ਫ਼ਕੀਰ ਰਹਮ ਅਲਹ ਹੈ। ਮਾਰੈ ਜੀਵਾਲੇ ਸੋਈ। ਨਾਨਕ ਏਕਸੁ ਬਿਨ ਅਵਰ ਨਾ ਕੋਈ।' (ਪੁਰਾਤਨ ਜਨਮ ਸਾਖੀ) ਜਦ ਹਾਥੀ ਦੀ ਫਿਰ ਮ੍ਰਿਤੂ ਹੋ ਗਈ ਤਾਂ ਬਾਦਸ਼ਾਹ ਨੇ ਉਸ ਨੂੰ ਫਿਰ ਜੀਵਾਲਣ ਲਈ ਕਿਹਾ ਤਾਂ ਮਹਾਰਾਜ ਨੇ ਫ਼ਰਮਾਇਆ : 'ਇਹ ਕੋਈ ਖੇਲ ਨਹੀਂ, ਅਦਲ ਲੋੜੀਏ।' ਉਸ ਨੂੰ ਸਮਝਾਂਦੇ ਹੋਏ ਕਿਹਾ : **'ਜਿਵੇਂ ਲੋਹਾ ਅੱਗ ਵਿਚ ਲਾਲ ਹੋਵੇ ਪਲ ਲਈ ਵੀ ਹੱਥ ਨਹੀਂ ਰੱਖ ਸਕਦੇ ਪਰ ਕੋਲਾ ਕਿੰਨਾ ਵੀ ਲਾਲ ਹੋਵੇ ਪਲ ਭਰ ਰੱਖ ਸਕੀਦਾ ਹੈ, ਇਸੇ ਤਰ੍ਹਾਂ ਜੋ ਉਸ ਦੇ ਨਾਂ ਵਿਚ ਲਾਲ ਹੋਏ ਹਨ, ਉਹ ਰੱਬ ਦੀ ਸੁੱਟੀ ਉਠਾਲ ਲੈਂਦੇ, ਪਰ ਉਨ੍ਹਾਂ ਦੀ ਸੁੱਟੀ ਉਠਾਣੋਂ ਰਹੀ।'** ਪੁਰਾਤਨ ਜਨਮ ਸਾਖੀ ਵਿਚ ਇਹ ਵੀ ਲਿਖਿਆ ਹੈ ਕਿ ਬਾਦਸ਼ਾਹ ਨੇ ਕਿਹਾ : 'ਦਰਵੇਸ਼! ਕੁਛ ਕਬੂਲ ਕਰ!' ਤਾਂ ਗੁਰੂ ਜੀ ਨੇ ਕਿਹਾ, 'ਸਾਨੂੰ ਇਕ ਰੱਬ ਦੀ ਮੰਗ ਹੈ, ਉਸ ਦੀ ਭੁੱਖ ਹੈ, ਉਸ ਦੀ ਲੋੜ ਹੈ, ਹੋਰ ਭੁੱਖਾਂ ਮਰ ਗਈਆਂ ਹਨ, ਤਲਬ ਹੋਰ ਕੋਈ ਨਹੀਂ, ਇਕ ਮੌਲਾ ਦੇ ਦੀਦਾਰ ਦੀ ਤਲਬ ਹੈ।'

'ਨਾਨਕ ਭੁਖ ਖੁਦਾਇ ਕੀ ਬਿਆ ਬੇਪਰਵਾਹੀ॥'

Sri Satguru Jagjit Singh Ji eLibrary NamdhariElibrary@gmail.com

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਇਹ ਬਚਨ ਸੁਣ ਕੇ ਇਬਰਾਹੀਮ ਬਾਦਸ਼ਾਹ ਚਰਨੀਂ ਢੱਠਾ ਤੇ ਸਾਰੇ ਕੈਦੀਆਂ ਤੇ ਫ਼ਕੀਰਾਂ ਨੂੰ ਛੱਡ ਦਿੱਤਾ।[1]

ਲੋਕਾਂ ਲਈ ਛਬੀਲ ਲਗਾ ਕੇ ਆਪ ਜੀ ਕਈ ਦਿਨ ਪਿਆਸਿਆਂ ਨੂੰ ਪਾਣੀ ਪਿਲਾਂਦੇ ਰਹੇ। ਗੁਰੂ ਸਭ ਸੰਸਾਰੀ ਤੇ ਆਤਮਕ ਤਿਖਾਂ ਬੁਝਾਉਣ ਵਾਲਾ ਹੈ। ਉਥੇ ਹੁਣ ਗੁਰਦੁਆਰਾ 'ਨਾਨਕ ਪਿਆਓ' ਹੈ।

ਸਯਦ ਮੁਹੰਮਦ ਲਤੀਫ਼ ਨੇ 'ਹਿਸਟਰੀ ਆਫ਼ ਪੰਜਾਬ' ਦੇ ਪੰਨਾ ੨੪੫ 'ਤੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਸੱਤ ਮਹੀਨੇ ਦਿੱਲੀ ਵਿਖੇ ਇਬਰਾਹੀਮ ਲੋਧੀ ਦੀ ਕੈਦ ਦੀਆਂ ਸਖ਼ਤੀਆਂ ਸਿਰਫ਼ ਇਸ ਲਈ ਝੱਲਣੀਆਂ ਪਈਆਂ ਕਿਉਂਕਿ ਕਾਰਦਾਰਾਂ ਨੇ ਇਹ ਸ਼ਿਕਾਇਤ ਪੁਜਾਈ ਸੀ ਕਿ ਇਸ ਫ਼ਕੀਰ ਦੀ ਤਾਲੀਮ ਕੁਰਾਨਾਂ ਤੇ ਵੇਦਾਂ ਨਾਲੋਂ ਅੱਡਰੀ ਹੈ ਅਤੇ ਲੋਕੀਂ ਜਿਸ ਤਰ੍ਹਾਂ ਉਸ ਦੀ ਪ੍ਰਸਿੱਧੀ ਕਰ ਰਹੇ ਹਨ, ਉਸ ਕਾਰਨ ਸਲਤਨਤ ਨੂੰ ਖ਼ਤਰਾ ਉਤਪੰਨ ਹੋ ਸਕਦਾ ਹੈ।[2]

ਬਜੀਦ : ਦਿੱਲੀ ਦੇ ਨੇੜੇ ਹੀ ਸਯਦ ਸ਼ੇਖ ਬਜੀਦ ਨੂੰ ਪਾਲਕੀ ਤੋਂ ਉਤਰਦੇ ਸਾਰ ਕਹਾਰਾਂ ਕੋਲੋਂ ਮੁੱਠੀ ਚਾਪੀ ਕਰਵਾਂਦੇ ਦੇਖ ਮਰਦਾਨਾ ਜੀ ਨੇ ਆਪਣੇ ਅੰਦਾਜ਼ ਨਾਲ ਕਿਹਾ : 'ਕਿਉਂ ਪਾਤਸ਼ਾਹ! ਖ਼ੁਦਾ ਇਕ ਹੀ ਹੈ ਜਾਂ ਦੋ।' ਮਹਾਰਾਜ ਹੱਸ ਪਏ ਤੇ ਕਹਿਣ ਲੱਗੇ : 'ਮਰਦਾਨਿਆਂ! ਖ਼ੁਦਾਇ ਇਕ ਹੀ ਹੈ।' ਤਦ ਮਰਦਾਨੇ ਕਿਹਾ : 'ਚੜ੍ਹਕੇ ਆਇਆ ਕਿਸ ਦੀ ਪੈਦਾਇਸ਼ ਹੈ ਤੇ ਚੁਕ ਕੇ ਲਿਆਏ ਕਿਸ ਦੀ ਪੈਦਾਇਸ਼ ਹਨ। ਨਾਲੇ ਤਾਂ ਇਹ ਚੜ੍ਹਕੇ ਆਇਆ ਹੈ, ਨਾਲੇ ਇਹ ਥੱਕ ਗਿਆ ਹੈ। ਨਾਲੇ ਉਹ ਟੁਰ ਕੇ ਆਏ ਹਨ ਨਾਲੇ ਉਹ ਘੁਟਦੇ ਹਨ।' ਮਹਾਰਾਜ ਨੇ ਉੱਤਰ ਵਜੋਂ ਕਿਹਾ : 'ਇਹ ਤਾਂ ਤੁਰਦਾ ਫਿਰਦਾ ਨ ਮਰੇ ਤੇ ਬੈਠੜਾ ਮਰ ਜਾਇ।' ਦੂਜੇ, ਰਿਧਾਂ ਦੀ ਵਿਅਰਥਤਾ ਦੱਸਦੇ ਹੋਏ ਕਿਹਾ ਕਿ ਇਹ ਮਨੁੱਖ ਨੂੰ ਕਿਸੇ ਯੋਗ ਨਹੀਂ ਰਹਿਣ ਦਿੰਦੀਆਂ। ਪਹਿਲਾਂ ਰਿਧੀਆਂ ਸਿਧੀਆਂ ਲੈਣ ਲਈ ਤਪ ਕਰਦੇ ਥੱਕ ਗਏ, ਫਿਰ ਤਪਾਂ ਨੂੰ ਸੰਭਾਲਦੇ ਥੱਕ ਗਏ। ਦੋਵਾਂ ਪਾਸੇ ਹੀ ਥਕੇਵਾਂ ਹੈ। ਸੁਖ ਸੁਆਦ ਤਾਂ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਵਿਚ ਹੈ। ਜਨਮ ਸਾਖੀ ਵਾਲੇ ਇਹ ਸਲੋਕ ਲਿਖਿਆ ਹੈ :

'ਪੂਰਬ ਜਨਮ ਕੇ ਤਪੀਏ ਪਾਲੇ ਸਹਿਆ ਡੰਗੁ।
ਤਬ ਕੇ ਥਕੇ ਨਾਨਕਾ, ਅਬੈ ਮੰਡਾਵਨਿ ਅੰਗ।'

ਝੁੱਗੀ ਸਾਝਨੀ : ਸੋਨੀਪਤ ਜਾਂਦੇ ਇਕ ਤਰਖਾਣ ਦੇ ਘਰ ਠਹਿਰੇ। ਘਰ ਜੋ ਰੁੱਖਾ ਮਿੱਸਾ ਪਾਸ ਸੀ, ਤਿਆਰ ਕਰਕੇ ਆਦਰ ਨਾਲ ਸੇਵਾ ਕੀਤੀ। ਗੁਰ ਪਿਤਾ ਦੇ ਮਨ ਵਿਚ

---

1. 'ਰਿਪਦੁਮਨ ਪ੍ਰਕਾਸ਼' ਭਾਗ ਪਹਿਲਾ—ਗੁਰੂ ਨਾਨਕ ਸਾਹਿਬ ਦੇ ਅਸਥਾਨ।
2. The Kardars of Delhi Emperor, Ibrahim Lodhi, the successor of Bahlol, informed His Majesty that a Faqir whose tenents were different both from Koran & the Vedas, was openly preaching to the people, and the importance which he was assuming might, in the end, prove serious to the state. Guru Nanak was kept in prison seven months and had to grind corn the whole time.
(Latif—the History of the Punjab, P.P. 245)

Sri Satguru Jagjit Singh Ji eLibrary NamdhariElibrary@gmail.com

ਪਤਾ ਨਹੀਂ ਕੀ ਆਇਆ ਸਵੇਰੇ ਉਠਦੇ ਸਾਰ ਹੀ ਉਸ ਦੀ ਮੰਜੀ, ਭਾਂਡੇ ਤੋੜ ਦਿੱਤੇ ਅਤੇ ਝੁੱਗੀ ਨੂੰ ਵੀ ਅੱਗ ਲਗਾ ਦਿੱਤੀ। ਉਸ ਹੱਥ ਜੋੜ ਪੁੱਛਿਆ : ਮਹਾਰਾਜ ਕੀ ਕੋਈ ਅਵਗਿਆ ਹੋਈ ਹੈ, ਆਪ ਸਭ ਤੋੜ, ਭੰਨ ਤੇ ਸਾੜ ਰਹੇ ਹੋ ਤਾਂ ਮਹਾਰਾਜ ਨੇ ਕਿਹਾ : **'ਨਹੀਂ ਤੂੰ ਦਿਲ ਨਹੀਂ ਦੁਖਾਇਆ, ਇਸ ਅਣਸੁਖਾਵੀਂ ਵੰਡ ਨੇ ਦਿਲ ਦੁਖਾਇਆ ਹੈ। ਜਿਨ੍ਹਾਂ ਪਾਸ ਦੌਲਤ ਦੇ ਅੰਬਾਰ ਉਨ੍ਹਾਂ ਦੇ ਦਿਲ ਸੌੜੇ ਅਤੇ ਜਿਨ੍ਹਾਂ ਦੇ ਦਿਲ ਬਾਦਸ਼ਾਹ ਹੱਥ ਤੰਗ।'** ਆਪ ਜੀ ਨੇ ਉਸ ਨੂੰ ਨਵੀਂ ਝੁੱਗੀ ਉਸਾਰ ਕੇ ਨਵੇਂ ਬਸਤਰ, ਪਲੰਘ ਲਿਆ ਦਿੱਤੇ। ਉਪਦੇਸ਼ ਦਿੰਦੇ ਕਿਹਾ : ਕਿਰਤ ਕਰ ਕੇ ਖਾਈਂ। ਨੇਕ ਕਮਾਈ ਕਰਕੇ ਪਰਉਪਕਾਰ ਹਿੱਤ ਜ਼ਰੂਰ ਦੇਵੀਂ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ : 'ਝੁੱਗੀ ਸਾੜੀ ਤੇ ਮਹੱਲ ਉਸਾਰੇ, ਮੰਜੀ ਤੋੜ ਕੇ ਉਸ ਨੂੰ ਪਲੰਘ ਦੇ ਸੁਖ ਦਿੱਤੇ।'

ਪਾਨੀਪਤ : ਦਿੱਲੀ ਤੋਂ ਗੁਰੂ ਨਾਨਕ ਦੇਵ ਜੀ ਸੋਨੀਪਤ ਅਤੇ ਉਥੋਂ ਪਾਨੀਪਤ ਪੁੱਜੇ। ਪਾਨੀਪਤ ਸ਼ੇਖ਼ ਸ਼ਰਫ਼ ਦੀ ਦਰਗਾਹ ਸੀ। ਸ਼ੇਖ਼ ਸ਼ਰਫ਼ ਦਾ ਅਸਲ ਨਾਂ ਅਬੂ ਅਲੀ ਕਲੰਦਰ ਸੀ, ਜੋ ਈਰਾਨ ਤੋਂ ਆ ਕੇ ਪਾਨੀਪਤ ਵੱਸਿਆ ਸੀ। ਉਨ੍ਹਾਂ ਦੇ ਜਾਨਸ਼ੀਨਾਂ ਨੂੰ ਵੀ 'ਸ਼ਰਫ਼' ਕਹਿੰਦੇ ਸਨ। ਇਥੇ ਹੀ ਉਹ ਮਸਜਿਦ ਹੈ ਜਿਸ ਦੀਆਂ ਥੰਮ੍ਹੀਆਂ ਕਸਵੱਟੀ ਦੇ ਪੱਥਰ ਦੀਆਂ ਬਣੀਆਂ ਹੋਈਆਂ ਹਨ। ਸ਼ੇਖ਼ ਸ਼ਰਫ਼ ਦਾ ਚੇਲਾ ਤਾਹਿਰ ਖ਼ਾਨ ਸੀ, ਜਿਸ ਨੂੰ ਸਿੱਖ ਇਤਿਹਾਸ ਤੇ ਸਾਖੀਕਾਰਾਂ ਨੇ 'ਟਟਹੀਰੀ' ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਜਦ ਪਾਨੀਪਤ ਆਏ ਤਾਂ 'ਤਾਹਿਰ' ਨੇ ਝੁਕ ਕੇ ਸਲਾਮ-ਏ-ਲੈਕਮ ਕਿਹਾ। ਗੁਰੂ ਜੀ ਨੇ ਉਸ ਵੱਲ ਨੀਝ ਲਗਾ ਕੇ ਦੇਖਿਆ ਤੇ ਮੋੜਵਾਂ ਉੱਤਰ 'ਸਲਾਮ-ਅਲੇਕ' ਕਹਿ ਕੇ ਦਿੱਤਾ। ਫਿਰ ਪੀਰ ਕੋ ਦਸਤ ਪੇਸ਼ ਕਿਹਾ। ਤਾਹਿਰ ਹੈਰਾਨ ਹੋਇਆ ਕਿ ਸਲਾਮ ਦਾ ਜੁਆਬ ਮਿੱਥੀ ਭਾਸ਼ਾ ਅਨੁਸਾਰ 'ਵ ਅਲੈਕਮ ਸਲਾਮ' ਹੋਣਾ ਚਾਹੀਦਾ ਸੀ। ਉਹ ਨੱਸਦਾ ਆਪਣੇ ਪੀਰ ਸ਼ੇਖ਼ ਸ਼ਰਫ਼ ਪਾਸ ਗਿਆ ਤੇ ਕਿਹਾ ਕਿ ਇਕ ਐਸਾ ਦਲੇਰ ਦਰਵੇਸ਼ ਦੇਖਿਆ ਹੈ ਜਿਸ ਨੇ ਸਲਾਮ ਨੂੰ ਫੇਰ ਕੇ ਉਲਟਾ ਪਲਟਾ ਦਿੱਤਾ ਹੈ ਤੇ 'ਸਲਾਮ ਅਲੇਕ' ਕਹਿੰਦਾ ਹੈ। ਜਦ ਗੁਰੂ ਨਾਨਕ ਦੇਵ ਜੀ ਕੋਲੋਂ ਪੀਰ ਤੇ ਟਟਹੀਰੀ ਨੇ ਸਲਾਮ-ਅਲੇਕ ਦੇ ਅਰਥ ਪੁੱਛੇ ਤਾਂ ਮਹਾਰਾਜ ਨੇ ਕਿਹਾ ਕਿ ਜਦ ਤੁਸੀਂ ਇਕ ਦੂਜੇ ਨੂੰ ਮਿਲਦੇ ਹੋ ਤਾਂ ਕਹਿੰਦੇ ਹੋ ਕਿ 'ਤੈਨੂੰ ਸ਼ਾਂਤੀ ਮਿਲੇ', ਅਗਲਾ ਮੋੜਵਾਂ ਉੱਤਰ ਦੇ ਕੇ ਕਹਿੰਦਾ ਹੈ 'ਤੈਨੂੰ ਵੀ ਉਹ ਹੀ ਮਿਲੇ'। ਹੋ ਤੁਸੀਂ ਇਕ ਅੱਲਾਹ ਦੇ ਪੁਜਾਰੀ ਪਰ ਤਮਾਸ਼ਾ ਅਜੀਬ! ਨ ਦੇਣ ਵਿਚ ਅੱਲਾਹ ਨ ਲੈਣ ਵਿਚ ਖ਼ੁਦਾ ਪਾਕ। ਸੋ ਜੱਚਦਾ ਇਹ ਹੀ ਹੈ 'ਸਲਾਮ-ਅਲੇਕ'। ਨ ਦਿੱਸਦਾ ਅੱਲਾਹ ਸ਼ਾਂਤੀ ਦੇਵੇ। ਸ਼ੇਖ਼ ਨੇ ਕਈ ਸੁਆਲ ਕੀਤੇ ਜਿਨ੍ਹਾਂ ਦਾ ਵੇਰਵਾ ਪੁਰਾਤਨ ਜਨਮ ਸਾਖੀ ਤੇ ਭਾਈ ਮਨੀ ਸਿੰਘ ਜੀ ਨੇ ਦਿੱਤਾ ਹੈ। ਉਸ ਦਾ ਪਹਿਲਾ ਸੁਆਲ ਸੀ 'ਕਿਥੋਂ ਆਏ ਹੋ?' ਮਹਾਰਾਜ ਨੇ ਉੱਤਰ ਦੇਂਦੇ ਕਿਹਾ : 'ਇਥੋਂ ਹੀ ਆਏ ਹਾਂ।' ਕੁਝ ਕਾਹਲਾ ਪੈ ਕੇ ਕਹਿਣ ਲੱਗਾ 'ਬਸ ਇਕ ਮੈਂ-ਪਣ ਹੀ ਆਪ ਜੀ ਪਾਸ ਹੈ ਹੋਰ ਕੁਝ ਨਹੀਂ?' ਮਹਾਰਾਜ ਨੇ ਉਸੇ ਠਰੰਮ੍ਹੇ ਵਿਚ ਉੱਤਰ ਦਿੱਤਾ, 'ਮੈਂ-ਪਣੇ ਦਾ ਮਾਨ ਮੁੱਕ ਚੁੱਕਾ ਹੈ।' ਭਾਈ ਮਨੀ ਸਿੰਘ ਜੀ ਅਨੁਸਾਰ ਫ਼ਕੀਰ ਨੇ ਕਿਹਾ : 'ਅਸ਼ਮਨ ਮਨ।' ਤਾਂ ਮਹਾਰਾਜ ਨੇ ਕਿਹਾ : 'ਸ਼ਮਨ ਸੁ ਮਾਨ।' ਉਸ ਫਿਰ ਪੁੱਛਿਆ ਕਿ ਤੁਸਾਂ ਤ੍ਰਿਸ਼ਨਾ ਕਿਵੇਂ ਮਾਰ ਲਈ।

Sri Satguru Jagjit Singh Ji eLibrary NamdhariElibrary@gmail.com

ਕਫਨੀ ਕਿਸ ਲਈ ਪਹਿਨੀ ਹੈ ਤੇ ਇਹ ਕਿਸ ਮਜ਼ਹਬ ਦੀ ਲਖਾਇਕ ਹੈ? ਗੁਰੂ ਨਾਨਕ ਦੇਵ ਜੀ ਨੇ ਉੱਤਰ ਦੇਂਦੇ ਫ਼ਰਮਾਇਆ : 'ਗੁਰੂ ਮਤ ਨੂੰ ਮਨ ਵਿਚ ਦ੍ਰਿੜ੍ਹ ਕਰ ਧਾਰਨ ਕਰਨਾ ਫ਼ਕੀਰੀ ਦਾ ਅਸਲ ਭੇਖ ਹੈ। ਸ਼ਬਦ ਦੀ ਜੁਗਤੀ ਨਾਲ ਸੰਕਲਪ ਵਿਕਲਪ ਦੇ ਵਹਿੰਦੇ ਦਰਿਆ ਨੂੰ ਬਰੇਤਾ ਬਣਾ ਦੇਣਾ ਤੇ ਫਿਰ ਉਸ ਵਿਚ ਟਿਕ ਕੇ ਸਹਿਜ ਵਿਚ ਸੁਖੀ ਹੋ ਜਾਣਾ, ਹਰਖ ਸੋਗ ਨੂੰ ਖਾ ਜਾਣਾ ਹੈ। ਕਾਮ ਕ੍ਰੋਧ ਨੂੰ ਜਿੱਤ ਲੈਣਾ ਤੇ ਅੰਤਰ ਆਤਮੇ ਸੁੰਨ ਵਿਚ ਟਿਕ ਜਾਣਾ ਇਹ ਹੈ ਕਫ਼ਨੀ ਦੀ ਜੁਗਤ। ਕਫ਼ਨੀ ਪਹਿਣ ਕੇ ਗੱਲ ਕਹਿਣ ਵਾਲੇ ਦੀ ਗੱਲ ਸੁਣੀ ਜਾਂਦੀ ਹੈ। ਉਹ ਬੇਪਰਵਾਹ ਹੋ ਜਾਂਦਾ ਹੈ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ :

'ਬਹਿਤਾ ਦਰਿਆਉ ਕਰਿ ਰਹੈ ਬਰੇਤੀ।
ਸਹਿਜ ਬੈਸਿ ਤਹਾ ਸੁਖ ਮਨਾਤੀ।
ਹਰਖ ਸੋਗ ਕੀਨਾ ਅਹਾਰੰ।
ਪਹਰੇ ਖਫਨੀ ਸਭਿ ਦੁਸ਼ਟ ਬਿਡਾਰੰ।
ਸੁੰਨ ਨਗਰ ਲੇ ਬਸਤੀ ਰਿਹਾਈ।
ਤਉ ਕਫਨੀ ਕੀ ਜੁਗਤਿ ਪਾਈ।
ਕੁਟੰਬ ਛੇਦ ਛੇਦ ਹੂਆ ਇਕੇਲਾ।
ਨਾਨਕ ਪਹਿਰਿ ਕਫ਼ਨੀ ਭਇਆ ਸੁਹੇਲਾ।'

ਪੀਰ ਦਾ ਅਗਲਾ ਸੁਆਲ ਸੀ ਕਿ ਪੈਰਾਂ ਥੱਲੇ ਕੀ ਰੱਖਣਾ ਚਾਹੀਦਾ ਹੈ ਕਿ ਕੋਈ ਸੰਸਾਰਕ ਰੋੜਾ ਤੇ ਕੰਡਾ ਨ ਚੁੱਭੇ। ਮਹਾਰਾਜ ਨੇ ਉੱਤਰ ਦਿੰਦੇ ਫ਼ਰਮਾਇਆ : 'ਕੁਝ ਨ।' ਇਹ ਹਰ ਵੇਲੇ ਕੁਝ ਨਾ ਕੁਝ ਪਹਿਰੇ ਰੱਖਣ ਦੀ ਆਦਤ ਹੀ ਹੈ ਜੋ ਸੌਖਾ ਟੁਰਣ ਨਹੀਂ ਦਿੰਦੀ। ਪਕੜ ਛੱਡਣ ਨਾਲ ਮਨੁੱਖ ਹੌਲਾ ਫੁੱਲ ਹੋ, ਭੱਜ ਸਕਦਾ ਹੈ। ਜਦ ਉਸ ਨੇ ਦਰਵੇਸ਼ ਦੇ ਅਰਥ ਪੁੱਛੇ ਤਾਂ ਮਹਾਰਾਜ ਨੇ ਪਹਿਲਾਂ ਅੱਖਰੀ ਅਰਥ ਸਮਝਾਂਦੇ ਹੋਏ ਕਿਹਾ ਕਿ ਦਰ ਦੇ ਅਰਥ ਦਰਵਾਜ਼ਾ, ਆਵੇਸ਼ ਦਾ ਭਾਵ ਲਟਕਿਆ। ਜੋ 'ਇਕ' ਦੇ ਦਰ ਲਟਕਿਆ ਰਹਿੰਦਾ ਹੈ, ਉਹ ਹੀ ਦਰਵੇਸ਼ ਹੈ। ਜੋ ਦਿਲੋਂ ਉਸ ਦੀਆਂ ਦਲ੍ਹੀਜ਼ਾਂ ਨਾਲ ਚੰਬੜ ਜਾਏ ਉਹ ਦਰਵੇਸ਼ ਹੋਵੇ ਤੇ ਉਸ ਦਾ ਹਰ ਬਚਨ ਜਗਤ ਨੂੰ ਤਾਰੇ। ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ :

'ਜੀਵਤ ਮਰੈ ਜਗਤ ਫੁਨਿ ਸੋਵੈ ਜਾਨਤ ਆਪੁ ਮੁਸਾਵੈ।
ਸਫ਼ਨ ਸਫ਼ਾ ਹੋਇ ਮਿਲੇ ਮਾਲਕ ਕਉ, ਤਉ ਦਰਵੇਸ਼ ਕਹਾਵੈ।
ਤੇਰਾ ਜਨ ਹੈ ਕੋ ਐਸਾ ਦਿਲਿ ਦਰਵੇਸ਼।
ਸ਼ਾਦੀ ਗ਼ਮੀ ਤਮਕ ਨਹੀਂ ਗੁੱਸਾ, ਖ਼ੁਦੀ ਹਿਰਸ ਨਹੀਂ ਏਸ।
ਕੰਚਨ ਖਾਕ ਬਰਾਬਰ ਦੇਖੈ, ਹਕ ਹਲਾਲ ਪਛਾਣੈ।
ਆਈ ਤਲਬ ਸਾਹਿਬ ਕੀ ਮਾਨੈ, ਅਵਰ ਤਲਬ ਨਹੀਂ ਜਾਨੈ।'

ਫਿਰ ਫ਼ਰਮਾਇਆ ਕਿ ਮਾਲਕ ਦੇ ਰਾਹ ਪਿਆਂ ਐਸੀਆਂ ਹੀ ਅਵਸਥਾਵਾਂ ਵਿਚੋਂ ਲੰਘਣਾ ਪੈਂਦਾ ਹੈ, ਜੈਸੇ ਫਲ ਨੂੰ ਪੱਕਣ ਲਈ। ਜਿਵੇਂ ਫਲ ਦੇਖਣ ਤੇ ਪਹਿਲਾਂ ਪੀਲਾ

Sri Satguru Jagjit Singh Ji eLibrary NamdhariElibrary@gmail.com

ਹੁੰਦਾ ਹੈ ਫਿਰ ਹਰਾ ਤੇ ਪਿੱਛੋਂ ਲਾਲ ਤੇ ਮਿੱਠਾ। ਚਖੋ ਤਾਂ ਪਹਿਲਾਂ ਕੌੜਾ, ਫਿਰ ਖੱਟਾ ਤੇ ਮਗਰੋਂ ਮਿੱਠਾ। ਤੈਸੇ ਹੀ ਜਗਿਆਸੂ ਕੇ ਰਿਦਾ ਮੈਂ ਗਿਆਨ ਕਾ ਫਲ ਕੱਚਾ ਹੋਤਾ ਹੈ। ਪ੍ਰੇਮ ਕਰ ਮਨ ਰੋਕਣਾ ਇਹ ਪੀਲਾ ਰੰਗ ਹੈ, ਜਦ ਮਨ ਕੋ ਰੋਕ ਕੇ ਸੁਣਨ ਮੰਨਣ ਵਿਚ ਟਿਕਾਇਆ, ਤਬ ਲਾਲ ਹੋ ਗਿਆ। ਇਕ ਹੋਰ ਉਦਾਹਰਨ ਦਿੰਦੇ ਕਿਹਾ, ਜੇ ਸਨੇ-ਸਨੇ ਚਾਵਲ ਛੜੀਏ ਤਬ ਸਾਬਤ ਧਾਨ ਵਿਚੋਂ ਚਾਵਲ ਨਿਕਲਤੇ ਹੈਂ ਅਰ ਜੇ ਸ਼ੀਘਰ ਛੜੀਏ ਤਬ ਭਜ ਜਾਤੇ ਹੈਂ, ਇਸੇ ਤਰ੍ਹਾਂ ਸਹਿਜ ਨਾਲ ਜਪਿਆ ਆਤਮ ਰਸ ਸੁਖ ਦਿੰਦਾ ਹੈ।

ਸ਼ਰਫ਼ ਇਨਾ ਪ੍ਰਸੰਨ ਹੋਇਆ ਕਿ ਕਹਿਣ ਲੱਗਾ, ਵਾਹ ਵਾਹ ਖ਼ੁਦਾਇ ਦਿਆ ਸਹੀ ਕਰਨ ਵਾਲਿਆਂ ਦਾ ਕਿਆ ਸਹੀ ਕੀਚੇ, ਉਸ ਕਾ ਦੀਦਾਰ ਹੀ ਬਹੁਤ ਹੈ।' ਤਬ ਆਇ ਦਸਤ ਪੋਸ਼ੀ (ਹੱਥ ਚੁੰਮੇ) ਕੀਤੀ ਉਸ ਅਤੇ ਪੈਰ ਚੁਮਿਓਸ, ਤੇਰੇ ਕਉ ਹੋਇਆ, ਤਬ ਬਾਬਾ ਤੇ ਮਰਦਾਨਾ ਰਵਦੇ ਰਹੇ।[1]

ਕਰਨਾਲ : ਪਾਨੀਪਤ ਤੋਂ ਆਪ ਜੀ ਕਰਨਾਲ ਠਿਠੇਰਾਂ ਦੇ ਮਹੱਲੇ ਆ ਟਿਕੇ। ਕਿਸੇ ਅਮੀਰ ਬਸਤੀ ਨ ਜਾਣਾ ਵੀ ਉਨ੍ਹਾਂ ਨੀਵਿਆਂ ਨਾਲ ਪਿਆਰ ਦਰਸਾਉਂਦਾ ਸੀ। ਜਾਂ ਤਾਂ ਗੁਰੂ ਜੀ 'ਉਜਾੜਿ' ਵਿਚ ਡੇਰੇ ਲਗਾਉਂਦੇ ਸਨ ਜਾਂ ਉਥੇ ਜਿੱਥੇ ਪਿੰਡੋਂ, ਸ਼ਹਿਰੋਂ ਦੁਰਕਾਰੇ ਹੋਏ ਰਹਿੰਦੇ ਸਨ। ਜਿਸ ਪਿੱਪਲ ਹੇਠਾਂ ਮਹਾਰਾਜ ਜੀ ਬੈਠੇ ਸਨ ਉਥੇ ਹੁਣ ਮੰਜੀ ਸਾਹਿਬ ਗੁਰਦੁਆਰਾ ਹੈ। ਇਸ ਗੁਰਦੁਆਰੇ ਦੀ ਕਿੰਨੀ ਕੁ ਮਹੱਤਤਾ ਸੀ, ਇਸ ਦਾ ਗਿਆਨ ਇਸੇ ਤੋਂ ਹੋ ਜਾਏਗਾ ਕਿ ਚੁੰਗੀ ਵਿਚੋਂ ਚਾਰ ਸੌ ਰੁਪਏ ਇਸ ਦੀ ਦੇਖ ਭਾਲ ਲਈ ਸਦੀਆਂ ਬੱਧੀ ਦਿੱਤੇ ਜਾਂਦੇ ਰਹੇ।

ਕੁਰੂਕਸ਼ੇਤਰ : ਕਰਨਾਲ ਤੋਂ ਗੁਰੂ ਨਾਨਕ ਦੇਵ ਜੀ ਕੁਰੂਕਸ਼ੇਤਰ ਪੁੱਜੇ। ਉਸ ਦਿਨ ਸੂਰਜ ਨੂੰ ਗ੍ਰਹਿਣ ਲੱਗਾ ਹੋਇਆ ਸੀ। ਮਿੱਥੀ ਮਰਯਾਦਾ ਅਨੁਸਾਰ ਸੂਰਜ ਗ੍ਰਹਿਣ ਲੱਗੇ ਕੋਈ ਕੰਮ ਕਾਰ ਕਰਨਾ ਜਾਂ ਚੁੱਲ੍ਹੇ ਅੱਗ ਬਾਲਣੀ ਵਿਵਰਜਤ ਹੈ। ਗੁਰੂ ਜੀ ਨੇ ਸਿਰਫ਼ ਅੱਗ ਹੀ ਨਾ ਬਾਲੀ ਸਗੋਂ ਕਿਸੇ ਸ਼ਿਕਾਰੀ ਦਾ ਭੇਟ ਚੜ੍ਹਾਇਆ ਹਿਰਨ ਦਾ ਮਾਸ ਰਿੱਝਣਾ ਰੱਖ ਦਿੱਤਾ। ਸਾਰੇ ਮੇਲੇ ਰੌਲਾ ਪੈ ਗਿਆ। ਲੁਕਾਈ ਗੁਰੂ ਨਾਨਕ ਦੇਵ ਜੀ ਵੱਲ ਟੁੱਟ ਪਈ। ਨਾਨੂ ਨਾਂ ਦੇ ਪੰਡਤ ਨੇ ਚਰਚਾ ਛੇੜ ਦਿੱਤੀ। ਪਹਿਲਾਂ ਤਾਂ ਉਸ ਨੂੰ ਇਹ ਗਿਆਨ ਕਰਾਇਆ ਕਿ ਸਾਡੇ ਨਾ ਕੰਮ ਕਰਨ ਨਾਲ ਸੂਰਜ ਨੇ ਰਾਹੂ ਕੇਤੂ ਦੇ ਪੰਜੇ ਤੋਂ ਬਚ ਨਹੀਂ ਜਾਣਾ। ਇਹ ਕੁਦਰਤ ਦਾ ਨਿਯਮ ਹੈ ਕਿ ਜਦ ਚੰਦ, ਧਰਤੀ ਤੇ ਸੂਰਜ ਵਿਚਕਾਰ ਆ ਜਾਂਦਾ ਹੈ ਤਾਂ ਸੂਰਜ 'ਤੇ ਪਰਛਾਵਾਂ ਪੈਂਦਾ ਹੈ। ਉਸ ਦੇ ਅਟੱਲ ਨਿਯਮ ਹਨ। ਜਦ ਉਸ ਨੇ ਮਾਸ ਰਿੰਨ੍ਹਣ ਨੂੰ ਧਰਮ ਦੇ ਉਲਟ ਕਿਹਾ ਤਾਂ ਮਹਾਰਾਜ ਨੇ 'ਮਾਸ ਪੁਰਾਣੀਂ, ਮਾਸ ਕਤੇਬੀਂ, ਚਹੁ ਜੁਗਿ ਮਾਸ ਕਮਾਣਾ। ਜਜਿ ਕਾਜ ਵਿਆਹਿ ਸੁਹਾਵੈ, ਓਥੇ ਮਾਸੁ ਸਮਾਣਾ'[2]। ਮਾਸ ਅਹਾਰ ਤਾਂ ਜੁਗਾਂ ਤੋਂ ਤੁਰਦਾ ਆਇਆ ਹੈ। ਯੱਗਾਂ ਵਿਚ ਬਲੀਆਂ, ਸ਼ੁੱਭ ਕੰਮਾਂ ਵਿਚ ਤੇ ਖ਼ਾਸ ਕਰਕੇ ਵਿਆਹਾਂ 'ਤੇ ਇਸੇ ਦਾ ਪ੍ਰਯੋਗ ਹੁੰਦਾ ਰਿਹਾ ਹੈ। ਮਾਸ

1. ਪੁਰਾਤਨ ਜਨਮ ਸਾਖੀ।
2. ਮਲਾਰ ਕੀ ਵਾਰ, ਮਹਲਾ ੧, ਪੰਨਾ ੧੨੯੦।

Sri Satguru Jagjit Singh Ji eLibrary NamdhariElibrary@gmail.com

ਖਾਣ ਵਾਲਾ ਕੋਈ ਅਪਵਿੱਤਰ ਨਹੀਂ ਤੇ ਨਾ ਖਾਣ ਵਾਲਾ ਕੋਈ ਪੁੰਨੀ ਨਹੀਂ। ਸਭ ਤੋਂ ਪਹਿਲਾਂ ਮਾਸ ਤੋਂ ਹੀ ਮੁੱਢ ਬੱਝਾ ਹੈ। ਮਾਸ ਵਿਚ ਹੀ ਵਸੇਬਾ ਹੁੰਦਾ ਹੈ। ਜਦ ਪੁਤਲੇ ਵਿਚ ਜਾਨ ਪੈਂਦੀ ਹੈ ਤਾਂ ਵੀ ਮੂੰਹ ਵਿਚ ਮਾਸ ਹੀ ਮਿਲਦਾ ਹੈ। ਹੱਡ ਚੰਮ ਸਰੀਰ ਸਭ ਕੁਝ ਮਾਸ ਹੀ ਹੈ।

ਜਦੋਂ ਜਨਮ ਲੈਂਦਾ ਹੈ ਤਾਂ ਵੀ ਮੰਮਾ-ਰੂਪ ਮਾਸ ਰਾਹੀਂ ਖੁਰਾਕ ਮਿਲਦੀ ਹੈ। ਮੂੰਹ ਮਾਸ, ਜੀਭ ਮਾਸ, ਮਾਸ ਵਿਚ ਹੀ ਸਾਹ ਲੈਂਦਾ ਹੈ। ਜਦ ਜੁਆਨ ਹੋ ਕੇ ਵਿਆਹ ਕਰਾਉਂਦਾ ਹੈ ਤਾਂ ਮਾਸ ਹੀ ਘਰ ਲੈ ਕੇ ਆਉਂਦਾ ਹੈ। ਸਭ ਸਾਕ-ਸੰਬੰਧੀ ਮਾਸ ਦੇ ਹੀ ਹਨ।

ਮਾਸ ਖਾਣ ਜਾਂ ਨਾ ਖਾਣ ਦੀ ਬਹਿਸ ਦੀ ਥਾਂ ਜੇ ਸਤਿਗੁਰੂ ਰਾਹੀਂ ਪ੍ਰਭੂ ਦੀ ਰਜ਼ਾ ਸਮਝੀਏ ਤਾਂ ਜੀਵਨ ਪਦਵੀ ਮਿਲ ਜਾਏ। ਚਰਚਾ ਨਾਲ ਤਾਂ ਹਾਨੀ ਹੀ ਮਿਲਦੀ ਹੈ।[1]

ਦਲੀਲ ਦਿੰਦੇ ਹੋਏ ਪਾਤਸ਼ਾਹ ਨੇ ਕਿਹਾ : 'ਮਾਸ ਖਾਣ ਜਾਂ ਨਾ ਖਾਣ ਦੀ ਚਰਚਾ ਛੇੜਨ ਵਾਲਾ ਇਹ ਨਹੀਂ ਜਾਣਦਾ ਕਿ ਮਾਸ ਤੇ ਸਾਗ ਵਿਚ ਕੀ ਫ਼ਰਕ ਹੈ? ਪੁਰਾਤਨ ਸਮੇਂ ਲੋਕ ਦੇਵੀ-ਦੇਵਤਿਆਂ ਦੇ ਸੁਭਾਉ ਅਨੁਸਾਰ ਗੈਂਡਾ ਮਾਰ ਕੇ ਹੋਮ ਤੇ ਜੱਗ ਕਰਦੇ ਸਨ। ਆਪਣੇ ਵਲੋਂ ਮਾਸ ਤਿਆਗਣ ਵਾਲੇ ਮਨੁੱਖ ਜਦ ਕਿਸੇ ਨੂੰ ਮਾਸ ਖਾਂਦਾ ਦੇਖਦੇ ਹਨ ਤਾਂ ਨੱਕ ਬੰਦ ਕਰ ਲੈਂਦੇ ਹਨ ਪਰ ਉਹ ਲੁੱਕ ਛੁੱਪ ਕੇ ਮਨੁੱਖਾਂ ਨੂੰ ਹੀ ਖਾ ਜਾਂਦੇ ਹਨ। ਮਾਸ ਨਾ ਖਾਣ ਦਾ ਪਾਖੰਡ ਕਰਕੇ ਲੋਕਾਂ ਨੂੰ ਵਿਖਾਂਦੇ ਹਨ, ਉਂਝ ਨਾ ਉਨ੍ਹਾਂ ਨੂੰ ਸਮਝ ਹੈ ਨਾ ਸੁਰਤ। ਅੰਨ੍ਹੇ ਨੂੰ ਕੀ ਸਮਝਾਈਏ, ਉਹ ਤਾਂ ਛਿਤਾ ਪੈ ਜਾਂਦਾ ਹੈ।'[2]

---

1. ਸਲੋਕ ਮਹਲਾ ੧ : ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥
ਜੀਉ ਪਾਇ ਮਾਸੁ ਮੁਹਿ ਮਿਲਿਆ, ਹਡੁ ਚੰਮੁ ਤਨੁ ਮਾਸੁ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥
ਮੁਹੁ ਮਾਸੈ ਕਾ, ਜੀਭ ਮਾਸੈ ਕੀ, ਮਾਸੈ ਅੰਦਰਿ ਸਾਸੁ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੁ ਉਪਜੈ, ਮਾਸਹੁ ਸਭੋ ਸਾਕੁ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ॥
ਆਪ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ॥ ੧॥
(ਵਾਰ ਮਲਾਰ ਮਹਲਾ ੧, ਪੰਨਾ ੧੨੮੯)

2. ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਹੁ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥
ਮਾਸ ਛੋਡਿ ਬੈਸਿ ਨਕੁ ਪਕੜੈ, ਰਾਤੀ ਮਾਣਸੁ ਖਾਣੇ॥
ਫੜੁ ਕਰਿ ਲੋਕਾਂ ਨੂੰ ਦਿਖਲਾਵਹਿ ਗਿਆਨੁ ਧਿਆਨੁ ਨਹੀਂ ਸੂਝੈ॥
ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਿਹਾ ਬੂਝੈ॥ ੨॥
(ਗੁਰੂ ਗ੍ਰੰਥ ਸਾਹਿਬ, ਪੰਨਾ ੧੨੮੯, ਮਲਾਰ ਕੀ ਵਾਰ)

Sri Satguru Jagjit Singh Ji eLibrary NamdhariElibrary@gmail.com

ਅਸੀਂ ਸਾਰੇ ਮਾਸ ਦੇ ਪੁਤਲੇ ਹਾਂ, ਸਾਡਾ ਮੁੱਢ ਮਾਸ ਤੋਂ ਹੀ ਬੱਝਾ, ਅਸੀਂ ਮਾਸ ਤੋਂ ਹੀ ਪੈਦਾ ਹੋਏ। ਐਵੇਂ ਸਿਆਣੇ ਨਾ ਬਣੋ ਇਹ ਕਹਿ ਕੇ ਕਿ ਮਾਸ ਨਹੀਂ ਖਾਣਾ ਚਾਹੀਦਾ। ਅਸਲ ਵਿਚ ਐਸੀ ਚਰਚਾ ਛੇੜਨ ਵਾਲੇ ਦੀ ਨਾ ਸੁਰਤ ਹੈ ਨ ਸਮਝ। ਇਹ ਅਜੀਬ ਗੱਲ ਹੈ ਪੰਡਤ ਜੀ ਕਿ ਬਾਹਰੋਂ ਆਂਦਾ ਮਾਸ ਮਾੜਾ ਤੇ ਘਰ ਦਾ ਚੰਗਾ।[1] ਦਲੀਲ ਨੂੰ ਦੁਹਰਾਂਦੇ ਹੋਏ ਮਹਾਰਾਜ ਨੇ ਕਿਹਾ : 'ਪੰਡਤ, ਤੈਨੂੰ ਇਹ ਪਤਾ ਨਹੀਂ ਮਾਸ ਕਿਥੋਂ ਪੈਦਾ ਹੋਇਆ। ਵੇਖ ਗਹੁ ਨਾਲ ਪਾਣੀ ਤੋਂ ਅੰਨ ਪੈਦਾ ਹੁੰਦਾ ਹੈ। ਕਮਾਦ, ਗੰਨਾ ਉਗਦਾ ਹੈ ਤੇ ਕਪਾਸ ਉੱਗਦੀ ਹੈ। ਪਾਣੀ ਤੋਂ ਸਾਰਾ ਸੰਸਾਰ ਪੈਦਾ ਹੁੰਦਾ ਹੈ। ਪਾਣੀ ਆਖਦਾ ਹੈ ਕਿ ਮੈਂ ਕਈ ਤਰੀਕਿਆਂ ਨਾਲ ਭਲਿਆਈ ਕਰਦਾ ਹਾਂ। ਵੀਚਾਰ ਦੀ ਗੱਲ ਹੈ ਕਿ ਪਦਾਰਥਾਂ ਦੇ ਚਸਕੇ ਛੱਡ ਕੇ ਤਿਆਗੀ ਬਣ ਜਾਏ।[2]

ਭਾਈ ਬਹਿਲੋ ਜੀ ਨੇ ਪ੍ਰਸੰਗ ਗੁਰੂ ਕਾ ਵਿਚ ਲਿਖਿਆ ਹੈ ਕਿ :

ਸਤਿਗੁਰ ਫੇਰ ਗਏ ਕੁਰਖੇਤਰ।
ਮਾਸ ਪ੍ਰਥਾਇ ਕਰੇ ਪ੍ਰਸ਼ਨੋਤਰ।

ਮਹਿਮਾ ਪ੍ਰਕਾਸ਼ ਨੇ 'ਸਾਖੀ ਨਾਨੂ ਪੰਡਤ ਨਾਲ' ਦੇ ਸਿਰਲੇਖ ਹੇਠ ਲਿਖਿਆ ਹੈ ਕਿ ਜਦ ਪੰਡਤ ਨਾਨੂ ਹਿਰਨ ਦਾ ਮਾਸ ਰਿਝਦੇ ਤੇ ਫਿਰ ਗੁਰੂ ਨਾਨਕ ਦੇਵ ਜੀ ਨੂੰ ਭੋਗ ਲਗਾਂਦੇ 'ਦੇਖ ਬਿਉਹਾਰ ਤਿਸ ਮਨ ਭਏ ਖੰਡਤ' ਕਿਹਾ : ਤੁਮ ਸਾਧ ਕਹਾਇ ਮਾਸ ਕਿਉਂ ਖਾਇਆ। ਤਾਂ

'ਪੰਡਤ ਬਚਨ ਬਿਪਾਦ ਸੁਨ, ਬੋਲੇ ਕਿਰਪਾ ਨਿਧਾਨ।
ਸਹਜ (ਸੁ) ਭਾਇ ਸੰਤਨ ਮਿਲੇ,
ਤਿਹ ਭੋਗੇ ਸੁਖ ਮਾਨ। ੬।
ਤੁਮ ਸਦਾ ਅਹਾਰੀ ਮਾਸ ਕੇ, ਅਵਰ ਨ ਕਹੋ ਤਿਆਗੁ।
ਮਾਸ ਸਾਗ ਜਾਨੋ ਨਹੀ ਪੜ੍ਹ ਵਿਦਿਆ ਭਏ ਅਜਾਗ। ੯।[3]

ਫਿਰ 'ਪਹਿਲਾ ਮਾਸਹੁ ਨਿੰਮਿਆ' ਦਾ ਸ਼ਬਦ ਉਚਾਰਿਆ। ਸ਼ਬਦ ਸੁਣ ਕੇ ਨਾਨੂ

---

1. 'ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ॥
ਬਾਹਰ ਕਾ ਮਾਸੁ ਮੰਦਾ ਸੁਆਮੀ, ਘਰ ਕਾ ਮਾਸ ਚੰਗੇਰਾ॥
ਜੀਅ ਜੰਤ ਸਭ ਮਾਸਹੁ ਹੋਏ ਜੀਇ ਲਇਆ ਵਾਸੇਰਾ॥
(ਮਲਾਰ ਕੀ ਵਾਰ, ਪੰਨਾ ੧੨੯੦)

2. ਪਾਂਡੇ ਤੂੰ ਜਾਣੈ ਹੀ ਨਾਹੀ ਕਿਥਹੁ ਮਾਸ ਉਪੰਨਾ॥
ਤੋਇਅਹੁ ਅੰਨ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣ ਗੰਨਾ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁ ਬਿਕਾਰਾ॥
ਏਤੇ ਰਸ ਛੋਡਿ, ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥ ੨॥
(ਮਲਾਰ ਕੀ ਵਾਰ, ਪੰਨਾ ੧੨੯੦)

3. ਮਹਿਮਾ ਪ੍ਰਕਾਸ਼, ਭਾਗ ਪਹਿਲਾ, ਪੰਨਾ ੭੪।

Sri Satguru Jagjit Singh Ji eLibrary NamdhariElibrary@gmail.com

ਨੇ ਕਿਹਾ : **'ਮੈਂ ਤਾਂ ਕਰਮੋਂ ਕੇ ਬੰਧਨ ਮੇ ਪੜਾ ਥਾ। ਤੇਰੇ ਬਚਨ ਸੁਣ ਕੇ ਮੇਰੇ ਮਨ ਬਿਖੈ ਬੈਰਾਗ ਉਪਜਿਆ ਹੈ।'**

ਪਹੋਏ : ਕੁਰੁਕਸ਼ੇਤਰ ਤੋਂ ਗੁਰੂ ਜੀ ਪਹੋਏ ਪੁੱਜੇ। ਪਹੋਏ ਇਹ ਗੱਲ ਪਾਂਡਿਆਂ ਚਲਾਈ ਹੋਈ ਸੀ ਕਿ ਤਲਾਬ ਵਿਚ ਇਕ ਇਸਤਰੀ ਦਾ ਕਾਂਟਾ ਗਿਰ ਗਿਆ ਤਾਂ ਉਹ ਜਦ ਇਸ਼ਨਾਨ ਕਰਕੇ ਬਾਹਰ ਨਿਕਲੀ ਤਾਂ ਕਾਂਟਾ ਰੱਥ ਦੇ ਪਹੀਏ ਜਿੰਨਾ ਬਣਿਆ ਹੋਇਆ ਸੀ। ਮਹਾਰਾਜ ਨੇ ਮੁਸਕਰਾ ਕੇ ਕਿਹਾ : 'ਭਲੇ ਲੋਕੋ! ਜੇ ਪੁੰਨ ਇੰਨੀ ਜਲਦੀ ਫਲਦਾ ਹੈ ਤਾਂ ਪਾਪ ਤਾਂ ਕਈ ਗੁਣਾ ਵੱਧ ਹੋ ਕੇ ਅੱਗੋਂ ਮਿਲਦਾ ਹੋਵੇਗਾ।' ਉਥੇ ਹੀ ਸਾਰੇ ਪੰਡਤ ਤੇ ਵਿਦਵਾਨ ਇਕੱਠੇ ਹੋ ਕੇ ਆਏ ਤੇ ਕਹਿਣ ਲੱਗੇ : 'ਨਾਨਕ ਜੀ ਤੂ ਕਲਿ ਮਹਿ ਬਡਾ ਮਹਾਂਪੁਰਖ ਹੈ। ਲੋਕ ਕਹਿੰਦੇ ਹਨ ਕਿ ਤੈਨੂੰ ਅਗਮ ਅਗਾਧ ਕੀ ਖ਼ਬਰ ਹੈ। ਪਰਮੇਸ਼ਰ ਕੈ ਅਰਥ ਸਾਨੂੰ ਖ਼ਬਰ ਦਿਉ ਕਿ ਜਿਤਨੇ ਲੋਕ ਇਸ ਪ੍ਰਿਥੋਦਕ (ਰਾਜਾ ਪ੍ਰਿਥੂ ਨੇ ਆਪਣੇ ਪਿਤਾ ਵੇਣ ਦੀ ਅੰਤਿਮ ਕ੍ਰਿਆ ਕੀਤੀ ਸੀ ਤੇ ਲੋੜਵੰਦਾਂ ਨੂੰ ਜਲ ਪਿਆਇਆ ਸੀ। ਜਿਸ ਖੂਹ ਤੋਂ ਪਾਣੀ ਪਿਆਇਆ ਸੀ, ਉਸ ਨੂੰ ਪ੍ਰਿਥ ਊਦਕ ਕਹਿੰਦੇ ਹਨ) ਵਿਚ ਇਸ਼ਨਾਨ ਦਾ ਫਲ ਹੈ ਜਾਂ ਨਹੀਂ।' ਗੁਰੂ ਨਾਨਕ ਜੀ ਨੇ ਫ਼ਰਮਾਇਆ :

'ਜਿਸ ਜਲ ਨਿਧਿ ਕਾਰਣਿ
ਤੁਮ ਜਗਿ ਆਏ, ਸੋ ਅੰਮ੍ਰਿਤੁ
ਗੁਰ ਪਾਹੀ ਜੀਉ॥ *(ਸੋਰਠਿ ਮਹਲਾ ੧)*

ਮੁਕਤੀ ਦਾ ਰਾਹ ਗੋਬਿੰਦ ਦੀ ਸਿਫ਼ਤ ਸਾਲਾਹ ਹੈ।'

ਸਰਸਾ : ਪਹੋਏ ਤੋਂ ਜੀਂਦ ਤੇ ਫਿਰ ਸਰਸਾ ਪੁੱਜੇ। ਉਥੋਂ ਭੱਟਾਂ ਦੀ ਵਹੀ ਵਿਚ ਐਸਾ ਲਿਖਿਆ ਮਿਲਦਾ ਹੈ ਕਿ ਸਰਸੇ ਗੁਰੂ ਨਾਨਕ ਦੇਵ ਜੀ ਚਾਰ ਮਹੀਨੇ ਗਿਆਰਾਂ ਦਿਨ ਰਹੇ। ਉਸ ਇਲਾਕੇ ਵਿਚ ਖ਼੍ਵਾਜਾ ਅਬਦੁਲ ਸ਼ਕੂਰ ਜੋ ਵੱਡਾ ਕਰਾਮਾਤੀ ਪ੍ਰਸਿੱਧ ਸੀ, ਲੋਕਾਂ ਕੋਲੋਂ ਨਜ਼ਰਾਂ ਆਦਿ ਲੈਂਦਾ ਰਹਿੰਦਾ ਸੀ। ਸਰਸੇ ਅਬਦੁਲ ਸ਼ਕੂਰ ਤੋਂ ਇਲਾਵਾ ਬਹਾਵਲ ਹਕ, ਸ਼ਾਹਿ ਵਾਹਜ਼, ਫਰੀਦਉੱਦ ਦੀਨ, ਜਲਾਲ ਦੀਨ ਤੇ ਜਤੀ ਮੱਲ ਵੀ ਉੱਥੇ ਫ਼ਕੀਰ ਤੇ ਸਾਧੂ ਰਹਿੰਦੇ ਸਨ। ਸਾਰੇ ਹੀ ਇਕੱਠੇ ਹੋ ਗੁਰੂ ਨਾਨਕ ਦੇਵ ਜੀ ਨਾਲ ਚਰਚਾ ਕਰਨ ਉੱਠ ਆਏ। ਜਦ ਉਨ੍ਹਾਂ ਚਲੀਹਾ ਕੱਟਣ ਲਈ ਕਿਹਾ ਤਾਂ ਗੁਰੂ ਜੀ ਨੇ ਨਾਮ ਦੀ ਹੀ ਵਡਿਆਈ ਦੱਸੀ। ਉਹ ਤਾਂ ਆਪਣਾ ਰੁਹਬ ਜਤਾਉਣ ਲਈ ਇਕ ਘੜੀ ਪਾਣੀ ਦੀ ਤੇ ਚਾਲੀ ਜੌਂ ਦੇ ਦਾਣੇ ਲੈ ਕੇ ਬੰਦ ਕਮਰਿਆਂ ਵਿਚ ਚਲੇ ਗਏ। ਮਹਾਰਾਜ ਉਸੇ ਤਰ੍ਹਾਂ ਸੰਗਤ ਵਿਚ ਜੁੜਦੇ ਪਰ ਕੁਝ ਵੀ ਨਾ ਸੇਂਵਦੇ ਨਾ ਪੀਂਦੇ। ਚਾਲੀ ਦਿਨਾਂ ਮਗਰੋਂ ਜਦ ਬਾਹਰ ਨਿਕਲੇ ਤਾਂ ਸਭ ਨਿਢਾਲ, ਪੀਲੇ ਤੇ ਕਮਜ਼ੋਰ ਸਨ ਪਰ ਬਾਬੇ ਦੇ ਚਿਹਰੇ 'ਤੇ ਉਹ ਹੀ ਨੂਰ। ਸਰਸਾ ਵਿਚ ਬਣੀਆਂ ਹੋਈਆਂ ਕੋਠੜੀਆਂ ਉਹਨਾਂ ਦੇ ਮਾਣ ਟੁੱਟਣ ਦਾ ਪ੍ਰਮਾਣ ਹੁਣ ਤੱਕ ਦੇ ਰਹੀਆਂ ਹਨ। ਉਥੋਂ ਭਟਨੇਰ, ਵੱਡਾ ਤੀਰਥ, ਬਠਿੰਡਾ ਤੇ ਮਾਲਵਾ ਦੇਸ਼ ਵਿਚਰਦੇ ਹੋਏ ਧਰਮਕੋਟ ਤੋਂ ਹੋ ਕੇ ਸਤਲੁਜ ਪਾਰ ਕਰਕੇ ਸੁਲਤਾਨਪੁਰ ਆਏ।

Sri Satguru Jagjit Singh Ji eLibrary NamdhariElibrary@gmail.com

ਸੁਲਤਾਨਪੁਰ ਕੁਝ ਚਿਰ : ਇਸ ਤਰ੍ਹਾਂ ਪਹਿਲੀ ਉਦਾਸੀ ਵਿਚ ਗੁਰੂ ਨਾਨਕ ਦੇਵ ਜੀ ਨੂੰ ਤਕਰੀਬਨ ਨੌਂ ਸਾਲ ਲੱਗੇ। ਇਕ ਅੰਦਾਜ਼ੇ ਮੁਤਾਬਿਕ ਉਨ੍ਹਾਂ ਇਸ ਉਦਾਸੀ ਵਿਚ ਗਿਆਰਾਂ ਹਜ਼ਾਰ ਮੀਲ ਸਫ਼ਰ ਕੀਤਾ। ਭੈਣ ਨਾਨਕੀ ਜੀ ਨੂੰ ਮਿਲੇ, ਭੈਣ ਖੀਵੀ ਹੋਇ ਆਈ ਤੇ ਦੌਲਤ ਖ਼ਾਨ ਨੇ ਆਇ ਕੇ 'ਕਦਮ ਬੋਸੀ' ਕੀਤੀ। ਦੌਲਤ ਖ਼ਾਨ ਨੇ ਜ਼ੋਰ ਵੀ ਲਗਾਇਆ ਕਿ ਗੁਰੂ ਜੀ ਸੁਲਤਾਨਪੁਰ ਹੀ ਟਿਕਣ ਪਰ ਮਹਾਰਾਜ ਸਿਰਫ਼ ਪੰਜ ਦਿਨ ਰਹਿ ਕੇ ਲਾਹੌਰ ਤੇ ਫਿਰ ਤਲਵੰਡੀ ਚਲੇ ਗਏ। ਦੋ ਮਹੀਨੇ ਤਲਵੰਡੀ ਰਹਿ, ਫਿਰ ਸੁਮੇਰ ਜਾ ਚੜ੍ਹੇ ਜਿਸ ਨੂੰ ਦੂਜੀ ਉਦਾਸੀ ਕਿਹਾ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

8

ਫਿਰ ਜਾਇ ਚੜ੍ਹਿਆ ਸੁਮੇਰ ਪੁਰ

(ਦੂਜੀ ਉਦਾਸੀ)

ਤਲਵੰਡੀ ਤੋਂ ਤਿੱਬਤ : ਭਾਈ ਰਤਨ ਸਿੰਘ ਜੀ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਬਾਬਾ ਜੀ ਉਸ ਦੇਸ਼ ਤੇ ਥਾਂ ਜ਼ਰੂਰ ਜਾਣਗੇ ਜਿੱਥੇ ਲੋਕੀਂ ਪ੍ਰਭੂ ਨੂੰ ਭੁੱਲ ਕੇ ਹੋਰ ਹੋਰ ਕਰਮ ਕਰ ਰਹੇ ਸਨ। ਧਰਮ ਕਮਾਉਣ ਲਈ ਲੋਕਾਂ ਨੂੰ ਗੁਰੂ ਨਾਨਕ ਦੇਵ ਜੀ ਸਹਿਲਾ ਰਾਹ ਦ੍ਰਿੜ੍ਹਾਉਂਦੇ ਸਨ :

ਉਸ ਦੇਸ ਬਾਬੇ ਜਾਏ ਜ਼ਰੂਰ।
ਹੋਹਿ ਭੂਲੇ ਪ੍ਰਭ ਮੂਰਖ ਕੂਰ।
ਜਹਿ ਜਹਿ ਚਰਨ ਨਾਨਕ ਜੀ ਪਾਯੋ।
ਧਰਮ ਕਰਮ ਉਨ ਲੋਕਨ ਦ੍ਰਿੜ੍ਹਾਯੋ।

ਇਕ ਗੱਲ ਭਾਈ ਰਤਨ ਸਿੰਘ ਜੀ ਨੇ ਹੋਰ ਬੜੀ ਕਮਾਲ ਦੀ ਲਿਖੀ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਕਲਿਯੁਗ ਦੀ ਲੜਾਈ ਹੋ ਰਹੀ ਸੀ। ਕਲਿਯੁਗ ਸਾਰਾ ਜ਼ੋਰ ਲਗਾ ਰਿਹਾ ਸੀ ਕਿ ਲੋਕ ਪਾਪ ਕਮਾਉਣ ਤੇ ਡੁੱਬ ਜਾਣ, ਬਾਬਾ ਚਾਹੁੰਦਾ ਸੀ ਕਿ ਸਾਰੇ ਪਾਰ ਲੰਘ ਜਾਣ। ਬਾਬੇ ਨੂੰ ਬੇਸ਼ੱਕ ਕੁਰਾਹੀਆ, ਦੀਵਾਨਾ ਤੇ ਬੇਤਾਲਾ ਕਿਹਾ ਗਿਆ ਪਰ ਉਹ ਅਸਲ ਨਿਸ਼ਾਨੇ ਤੋਂ ਨਾ ਉੱਕੇ :

ਕਲੁ ਚਹੈ ਪਾਪੀ ਡੁੱਬ ਜਾਇ।
ਬਾਬਾ ਚਹੈ ਉਨ ਪਾਰ ਲੰਘਾਇ।
ਬਾਬਾ ਆਪਣੀ ਛੱਡੀ ਨ ਬਾਣ।
ਤਾਰਯੋ ਚਾਹੈ ਸਗਲ ਜਹਾਨ॥ ੩॥ *(ਪੰਨਾ ੨੭, ਛਾਪ ਚੌਥੀ)*

ਕਲਿਯੁਗ ਚਾਹੁੰਦਾ ਹੈ ਕਿ ਕਰਮਾਂ ਦਾ ਹਿਸਾਬ ਹੋਵੇ ਤਾਕਿ ਉਸ ਬਹਾਨੇ ਕਿਸੇ ਨੂੰ ਸ਼ਾਬਾਸ਼ ਤੇ ਕਿਸੇ ਨੂੰ ਦੰਡ ਮਿਲਦਾ ਰਹੇ ਤੇ ਉਹ ਲੋਕਾਂ 'ਤੇ ਆਪਣੀ ਹਕੂਮਤ ਕਰਦਾ ਰਹੇ। ਪਰ ਬਾਬਾ ਜੀ ਤਾਂ ਐਸਾ ਵਾਤਾਵਰਣ ਪੈਦਾ ਕਰਨਾ ਚਾਹੁੰਦੇ ਹਨ ਜਿੱਥੇ ਪਾਪ

Sri Satguru Jagjit Singh Ji eLibrary NamdhariElibrary@gmail.com

ਹੋ ਹੀ ਨਾ ਸਕਣ। ਜੇ ਪਾਪ ਨਹੀਂ ਹੋਣਗੇ ਤਾਂ ਕਲਿਯੁਗ ਦੀ ਪੁੱਛ ਨਹੀਂ ਰਹੇਗੀ। ਦੂਜੇ ਸ਼ਬਦਾਂ ਵਿਚ ਬਾਬਾ 'ਰਜ਼ਾ' ਦਾ ਸਿਧਾਂਤ ਦ੍ਰਿੜ੍ਹਾਉਣਾ ਚਾਹੁੰਦੇ ਸਨ ਤੇ ਕਲਿਯੁਗ 'ਸਜ਼ਾ' ਦਾ।

'ਕਲਿਯੁਗ ਚਹੈ ਨਿਜ ਅਦਲ ਬਹਾਯਾ।
ਨਾਨਕ ਚਹੈ ਨਿਜ ਧਰਮ ਬਰਤਾਯਾ।' ॥ ੨੪ ॥

ਇਸੇ ਸਬੰਧ ਵਿਚ ਮਹਿਮਾ ਪ੍ਰਕਾਸ਼ ਨੇ ਸੋਹਣੀ ਟੂਕ ਦਿੱਤੀ ਹੈ ਕਿ ਸਤਿਗੁਰੂ ਨਾਨਕ ਪ੍ਰਭੂ ਵਲੋਂ ਭੇਜਿਆ ਹੋਇਆ ਮੇਘ ਹੈ, ਜੋ ਥਾਂ-ਥਾਂ ਜਾ ਕੇ ਪ੍ਰੇਮ ਜਲ ਦੀ ਬਰਖਾ ਕਰਦਾ ਹੈ ਅਤੇ ਜਿੱਥੇ-ਜਿੱਥੇ ਪ੍ਰਭੂ-ਪ੍ਰੇਮੀ ਉਸ ਦੀ ਯਾਦ ਵਿਚ ਜੁੱਟੇ ਹੋਏ ਹਨ, ਗੁਰੂ ਨਾਨਕ ਦੇਵ ਜੀ ਜ਼ਰੂਰ ਪੁੱਜਣਗੇ :

'ਸਤਿਗੁਰ ਘਨ ਹਰਿ ਭਗਤ ਕੋ ਪ੍ਰੇਮ ਬੂੰਦ ਬਰਖਾ ਕਰੇ।
ਜਹਾਂ ਜਹਾਂ ਪ੍ਰੇਮੀ ਹੋਇ, ਤਹਾ ਤਹਾ ਆਗਮ ਕਰੇ।'

ਕਲਗੀਧਰ ਦੇ ਬਵੰਜਾ ਕਵੀਆਂ ਵਿਚੋਂ ਇਕ ਕੰਕਣ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਤਾਂ ਸ਼ਬਦ ਦਾ ਪੁਲ ਬਣਾ ਕੇ ਲੋਕਾਂ ਨੂੰ ਪਾਰ ਉਤਾਰਨ ਆਏ ਸਨ।

"ਧੰਨ ਧੰਨ ਨਾਨਕ ਗੁਰ ਕੀਨਾ ਪਰਉਪਕਾਰ।
ਅਛਲ ਕਾ ਪੁਲ ਬਾਧਿਕੈ, ਸ੍ਰਿਸ਼ਟਿ ਉਤਾਰੀ ਪਾਰ।" [1]

ਇਸ ਤਰ੍ਹਾਂ ਕਲਿਯੁਗ ਦੇ ਭਰਮਾਏ ਤੇ ਪਛਾੜੇ ਹੋਏ ਸਨ ਜੋਗੀ, ਸਿੱਧ ਤੇ ਬੈਰਾਗੀ। ਉਨ੍ਹਾਂ ਨੂੰ ਇਹ ਸਮਝ ਤਾਂ ਆ ਗਈ ਸੀ ਕਿ ਜਗਤ ਮਿਥਿਆ ਹੈ ਪਰ ਇਹ ਗੱਲ ਲੋਕਾਂ ਨੂੰ ਸਮਝਾਉਣ ਦੀ ਥਾਵੇਂ ਉਹ ਘਰ ਬਾਰ ਹੀ ਛੱਡ ਬੈਠੇ ਸਨ। ਮਹਾਰਾਜ ਦੇ ਆਪਣੇ ਸ਼ਬਦਾਂ ਵਿਚ 'ਜੋਗੀ ਜੁਗਤ ਨਾ ਜਾਣੈ ਅੰਧ' ਅਤੇ 'ਜਤੀ ਸਦਾਵਹਿ ਜੁਗਤਿ ਨ ਜਾਣਹਿ, ਛਡਿ ਬਹਹਿ ਘਰ ਬਾਰੁ।' ਸੋ ਹੁਣ ਉਨ੍ਹਾਂ ਨੂੰ ਸੋਧਣ ਲਈ ਸੁਮੇਰ ਪਰ ਜਾ ਚੜ੍ਹੇ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

'ਫਿਰ ਜਾ ਚੜ੍ਹਿਆ ਸੁਮੇਰ ਪੁਰ, ਸਿਧ ਮੰਡਲੀ ਦ੍ਰਿਸ਼ਟੀ ਆਈ।'

ਇਥੇ ਇਹ ਨਿਰਣਾ ਕਰ ਲੈਣਾ ਵੀ ਠੀਕ ਰਹੇਗਾ ਕਿ ਸੁਮੇਰ ਪਰਬਤ ਕਿੱਥੇ ਹੈ? ਸਿੱਧਾਂ ਦੇ ਟਿਕਾਣੇ ਬਹੁਤ ਕਰਕੇ ਹਿਮਾਲੀਆ ਦੀਆਂ ਕੰਦਰਾਂ, ਮਾਨਸਰੋਵਰ ਦੀ ਝੀਲ, ਅਮਰ ਨਾਥ ਦੀਆਂ ਗੁਫ਼ਾਵਾਂ, ਰੁਦ੍ਰ ਹਿਮਾਲਾ ਦੇ ਕਿੰਗਰੇ ਤੇ ਚੋਟੀਆਂ ਹੀ ਸਨ। ਬੀ. ਸੀ. ਲਾਅ ਨੇ ਆਪਣੀ ਪੁਸਤਕ 'ਮਾਉਂਟੇਨਜ਼ ਔਫ਼ ਇੰਡੀਆ' ਵਿਚ ਲਿਖਿਆ ਹੈ ਕਿ ਗੜ੍ਹਵਾਲ ਦੀ ਰਿਆਸਤ ਵਿਚ ਰੁਦ੍ਰ ਹਿਮਾਲਾ ਨੂੰ ਹੀ ਸੁਮੇਰ ਕਹਿੰਦੇ ਹਨ।

ਪਿੱਛੇ ਜਿਹੇ ਸ੍ਰੀ ਯੂ. ਕੇ. ਸ਼ੁਕਲਾ ਨਾਂ ਦੇ ਇਕ ਰਿਸਰਚ ਸਕਾਲਰ ਨੇ ਦੱਸਿਆ ਕਿ ਸੁਮੇਰ ਮੱਧ ਹਿਮਾਲੀਆ ਵਿਚਕਾਰ ਹੈ। ਮੰਦਕਨੀ, ਅਲਕਨੰਦਾ ਅਤੇ ਭਾਗੀਰਥੀ (ਗੰਗਾ) ਦੇ ਸੋਮਿਆਂ ਤੋਂ ਤਿੰਨ ਕਿਲੋਮੀਟਰ ਹੇਠਾਂ ਜਾ ਕੇ ਤਿਕੋਣੀ ਵੈਲੀ ਜੋ ੫੨ ਕਿਲੋਮੀਟਰ ਦੇ ਘੇਰੇ ਵਿਚ ਹੈ, ਸੁਮੇਰ ਦੀ ਖ਼ੂਬਸੂਰਤੀ ਸਾਹਮਣੇ ਕੁਝ ਵੀ ਨਹੀਂ। ਇਥੇ ਅਗਸਤ ਦੇ

1. ਦਸ ਗੁਰ ਗਾਥਾ।

ਮਹੀਨੇ ਰੰਗ-ਬਰੰਗੇ ਫੁੱਲ ਖਿੜੇ ਇਕ ਅਨੋਖਾ ਹੀ ਦ੍ਰਿਸ਼ ਪੇਸ਼ ਕਰਦੇ ਹਨ। 'ਬ੍ਰਹਮ ਕਮਲ' ਫੁੱਲ ਵੀ ਇਸੇ ਸੁਮੇਰ ਪਰਬਤ 'ਤੇ ਹੁੰਦਾ ਹੈ। ਜਦ 'ਬ੍ਰਹਮ ਕਮਲ' ਪੂਰੀ ਤਰ੍ਹਾਂ ਖਿੜ ਜਾਏ ਤਾਂ ਇਸ ਦਾ ਫੈਲਾਉ ਸਵਾ ਇੰਚ ਤੱਕ ਹੋ ਜਾਂਦਾ ਹੈ। ਇਸ ਦੀ ਭਿੰਨੀ ਖ਼ੁਸ਼ਬੂ ਨਾਲ ਮਨੁੱਖ 'ਤੇ ਗਨੂਦਗੀ ਛਾ ਜਾਂਦੀ ਹੈ। ਇਹ ਹੀ ਇਕ ਕਾਰਨ ਹੈ ਕਿ ਪੁਰਾਣੇ ਸਮਿਆਂ ਵਿਚ ਸਿੱਧ ਲੋਕ ਇਥੇ ਆ ਟਿਕਦੇ ਸਨ ਤੇ ਸਮਾਧੀ ਸਥਿਤ ਹੁੰਦੇ ਸਨ।[1] ਇਹ ਸਪੱਸ਼ਟ ਹੈ ਕਿ ਮਹਾਰਾਜ ਦੀ ਦੂਜੀ ਉਦਾਸੀ ਪਹਾੜਾਂ 'ਤੇ ਸੀ ਅਤੇ ਪਹਾੜ ਵੀ ਉਹ ਜੋ ਦੂਰ ਅਤੇ ਉੱਚੇ ਸਨ। ਅਹੰਕਾਰ ਦੀਆਂ ਟੀਸੀਆਂ 'ਤੇ ਚੜ੍ਹੇ ਹੋਇਆਂ ਨੂੰ ਧਰਤੀ 'ਤੇ ਲਿਆਉਣ ਲਈ ਗੁਰੂ ਨਾਨਕ ਦੇਵ ਜੀ ਉਨ੍ਹਾਂ ਕੋਲ ਪੁੱਜੇ।

ਇਸ ਸਬੰਧ ਵਿਚ ਪੁਰਾਤਨ ਜਨਮ ਸਾਖੀ ਦੇ ਸ਼ਬਦ ਪੜ੍ਹਨ ਨਾਲ ਸੰਬੰਧ ਰੱਖਦੇ ਹਨ। ਉਸ ਵਿਚ ਲਿਖਿਆ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਉਤਰਾਖੰਡ ਦੀ ਉਦਾਸੀ ਨੂੰ ਟੁਰੇ ਤਾਂ ਉਨ੍ਹਾਂ ਨਾਲ ਭਾਈ ਮਰਦਾਨਾ ਜੀ ਤੋਂ ਇਲਾਵਾ ਹੰਸੂ ਲੁਹਾਰ ਤੇ ਸੀਹੋਂ ਛੀਂਬਾ ਵੀ ਸਨ। ਮਹਾਰਾਜ ਨੇ ਜਿਸਮ ਦੁਆਲੇ ਚਮੜਾ ਲਪੇਟਿਆ ਹੋਇਆ ਸੀ, ਲੱਕ ਦੇ ਗਿਰਦ ਰੱਸੇ ਬੰਨ੍ਹੇ ਹੋਏ ਸਨ ਤੇ ਹੱਥ ਵਿਚ ਕੁਠਾਰ (ਕੁਹਾੜੀ) ਸੀ। ਪਹਾੜੀਆਂ 'ਤੇ ਚੜ੍ਹਨ ਵਾਲੇ ਜਾਣਦੇ ਹਨ ਕਿ ਰੱਸਿਆਂ ਦੀ ਕਿੰਨੀ ਲੋੜ ਪੈਂਦੀ ਹੈ। ਕੁਹਾੜੀ ਬਰਫ਼ਾਂ ਤੋੜਨ ਤੇ ਰਾਹ ਬਣਾਉਣ ਲਈ ਇਕ ਲੋੜੀਂਦਾ ਹਥਿਆਰ ਹੈ। ਜਿੱਥੇ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਇਕ ਯਾਤਰੂ ਦੇ ਤੌਰ 'ਤੇ ਦੇਖ ਕੇ ਅਸਚਰਜ ਹੁੰਦੇ ਹਾਂ ਉੱਥੇ ਉਨ੍ਹਾਂ ਨੂੰ ਇਕ ਮਾਉਂਟੇਨੀਅਰ ਦੇ ਤੌਰ 'ਤੇ ਵੀ ਘੋਖਣ ਦੀ ਲੋੜ ਹੈ। ਹਜ਼ਾਰਾਂ ਫ਼ੁੱਟ ਦੀ ਉਚਾਈ 'ਤੇ ਨਵੀਨ ਵਸੀਲਿਆਂ ਦੀ ਅਣਹੋਂਦ ਤੋਂ ਬਗ਼ੈਰ ਸਾਥੀਆਂ ਸਮੇਤ ਚੜ੍ਹ ਜਾਣਾ ਉਨ੍ਹਾਂ ਦੀ ਸ਼ਖ਼ਸੀਅਤ ਦਾ ਇਕ ਹੋਰ ਪਹਿਲੂ ਪ੍ਰਗਟਾਉਂਦਾ ਹੈ।

ਰਾਹ : ਇਸ ਉਦਾਸੀ ਬਾਰੇ ਰਾਹ ਦੇ ਵੇਰਵੇ ਦਾ ਵੀ ਮਤਭੇਦ ਹੈ। ਇਕ ਪੱਖ ਇਹ ਦਰਸਾਉਂਦਾ ਹੈ ਕਿ ਆਪ ਜੀ ਸਿਆਲਕੋਟ, ਜੰਮੂ, ਕਸ਼ਮੀਰ ਤੋਂ ਸੁਮੇਰ ਪਰਬਤ ਗਏ ਪਰ ਜਦ ਸੁਮੇਰ ਪਰਬਤ ਦਾ ਠੀਕ ਅੰਦਾਜ਼ਾ 'ਰੁਦ੍ਰ ਹਿਮਾਲਾ' ਲੱਗ ਗਇਆ ਹੈ ਤਾਂ ਗਿਆਨੀ ਗਿਆਨ ਸਿੰਘ ਜੀ ਦੀ ਤਵਾਰੀਖ਼ ਖ਼ਾਲਸਾ ਵਿਚ ਲਿਖਿਆ ਰਾਹ ਠੀਕ ਤੇ ਢੁੱਕਵਾਂ ਹੈ। ਉਥੋਂ ਨੇਪਾਲ, ਸਿੱਕਮ ਤੇ ਤਿੱਬਤ ਤੋਂ ਹੁੰਦੇ ਯਾਰਕੰਦ ਦੇ ਰਾਹ, ਲੇਹ ਤੇ ਕਸ਼ਮੀਰ ਆਏ। ਭਾਈ ਬਹਿਲੋ ਜੀ ਨੇ ਪ੍ਰਸੰਗ ਗੁਰੂ ਕਾ ਵਿਚ ਲਿਖਿਆ ਹੈ :

'ਤਾ ਤੇ ਬਹੁ ਸੁਮੇਰ ਚਢਾਏ।
ਸਿਧਾਂ ਸਿਉ ਤਹਿ ਕੀਨੀ ਚਰਚਾ।
ਬਹੁਤ ਭਾਂਤ ਦੀਨੀ ਤਹਿ ਪਰਚਾ।'

ਗੁਰੂ ਨਾਨਕ ਦੇਵ ਜੀ ਤਲਵੰਡੀ ਤੋਂ ਕਲਾਨੌਰ, ਗੁਰਦਾਸਪੁਰ ਤੇ ਦਸੂਹੇ ਪੁੱਜੇ। ਦਸੂਹਾ ਬਾਰੇ ਇਹ ਗੱਲ ਪ੍ਰਸਿੱਧ ਸੀ ਕਿ ਇਹ ਰਾਜਾ ਬੈਰਾਠ ਦੀ ਰਾਜਧਾਨੀ ਸੀ। ਪਾਂਡੂਆਂ ਦਸੌਂਟੇ ਦੇ ਵਰ੍ਹੇ ਉਥੇ ਹੀ ਲੁਕ ਕੇ ਕੱਟੇ ਸਨ। ਸ਼ਰਤ ਇਹ ਸੀ ਕਿ ਜੇਕਰ ਪਾਂਡਵ ਉਸ ਸਾਲ ਪਛਾਣੇ ਗਏ ਤਾਂ ਬਾਰਾਂ ਵਰ੍ਹਿਆਂ ਦਾ ਹੋਰ ਬਨਵਾਸ ਭੁਗਤਣਾ ਪਵੇਗਾ। ਇਸੇ ਕਰਕੇ

1. ਹਿੰਦੁਸਤਾਨ ਟਾਈਮਜ਼, ਦਸੰਬਰ ੭, ੧੯੭੨।

Sri Satguru Jagjit Singh Ji eLibrary NamdhariElibrary@gmail.com

ਯੁਧਿਸ਼ਟਰ ਖਿਲਾੜੀ, ਭੀਮਸੈਨ ਸ਼ਿਕਾਰੀ, ਅਰਜਨ ਹੀਜੜਾ, ਦਰੋਪਦੀ ਨਾਇਣ, ਨੁਕਲ ਘੋੜਿਆਂ ਦਾ ਵੈਦ ਤੇ ਸਹਿਦੇਵ ਜੋਤਸ਼ੀ ਬਣਿਆ। ਆਪ ਜੀ ਨੇ ਉਥੇ ਇਹ ਦੱਸਿਆ ਕਿ ਭੈੜੀ ਸੰਗਤ ਯੁਧਿਸ਼ਟਰ ਵਰਗਿਆਂ ਨੂੰ ਦੁੱਖਾਂ ਵਿਚ ਪਾ ਦਿੰਦੀ ਹੈ।

ਜੁਆਲਾਮੁਖੀ : ਉਥੋਂ ਆਪ ਜੀ ਕੋਟਲਾ ਤੇ ਤਿਲੋਕ ਨਾਥ ਪੁੱਜੇ। ਤਿਲੋਕ ਨਾਥ ਸ਼ਬਦ ਦਾ ਪਰਚਾ ਦੇ ਕੇ ਪਾਲਮਪੁਰ, ਘੁੜੇਰਨ, ਕਾਂਗੜਾ ਹੁੰਦੇ ਹੋਏ ਜੁਆਲਾਮੁਖੀ ਪੁੱਜੇ। ਜੁਆਲਾਮੁਖੀ ਕਈ ਲਾਟਾਂ ਨਿਕਲਦੀਆਂ ਹਨ। ਲੋਕੀਂ ਲਾਟਾਂ ਨੂੰ ਪੂਜਦੇ ਹਨ। ਫਿਰੋਜ਼ ਤੁਗ਼ਲਕ ਨੇ ਮੰਦਰ ਢਾਹ ਕੇ ਉੱਪਰ ਨਹਿਰ ਚਲਾ ਦਿੱਤੀ ਸੀ ਪਰ ਨਹਿਰ ਦੇ ਸੁੱਕਣ ਕਰ ਕੇ ਲਾਟਾਂ ਉਸੇ ਤਰ੍ਹਾਂ ਮੱਚਣ ਲੱਗ ਪਈਆਂ। ਜਹਾਂਗੀਰ ਨੇ ਵੀ ਕੋਸ਼ਿਸ਼ ਕੀਤੀ ਕਿ ਇਹ ਲਾਟਾਂ ਨਾ ਜਗਣ ਪਰ ਉਹ ਵੀ ਸਫ਼ਲ ਨਾ ਹੋ ਸਕਿਆ। ਐਸ਼ਾਂ ਦਾ ਜੀਵਨ ਧਰਮ ਦੇ ਰਾਖਿਆਂ ਨੂੰ ਭੋਗਦੇ ਦੇਖ ਕੇ ਗੁਰੂ ਜੀ ਨੇ ਉਨ੍ਹਾਂ ਨੂੰ ਵਰਜਿਆ ਤੇ ਅੰਤਰ ਜੋਤ ਜਗਾਉਣ ਦਾ ਵੱਲ ਦੱਸਿਆ। ਅਰਜਨ ਨਾਂ ਦੇ ਇਕ ਨਾਂਗਾ ਤਪਾ ਨੇ ਸਿੱਖੀ ਧਾਰਨ ਕੀਤੀ। ਜੁਆਲਾਮੁਖੀ, ਗੋਰਖ ਡਿੱਬੀ ਤੋਂ ਉੱਤੇ ਗੁਰੂ ਨਾਨਕ ਦੇਵ ਜੀ ਦੀ ਧਰਮਸ਼ਾਲਾ ਬਣੀ ਹੈ। ਉਥੇ ਵੀ ਇਹ ਪ੍ਰਚੱਲਤ ਹੋਇਆ ਸੀ ਕਿ ਦੇਵਤਿਆਂ ਲਈ ਖਿਚੜੀ ਰਿੱਝ ਰਹੀ ਹੈ। ਆਪ ਜੀ ਨੇ ਗਿਆਨ ਦੀਆਂ ਅੱਖਾਂ ਬਖਸ਼ੀਆਂ ਤੇ ਵਹਿਮਾਂ ਤੋਂ ਲੋਕਾਂ ਨੂੰ ਉੱਚਾ ਹੋਣ ਲਈ ਕਿਹਾ।

ਰਵਾਲਸਰ : ਉਥੋਂ ਆਪ ਜੀ ਰਵਾਲਸਰ ਪੁੱਜੇ। ਰਵਾਲਸਰ ਵਿਚ ਕਈ ਟਿੱਲੇ ਪੱਥਰਾਂ ਦੇ ਤੁਰਦੇ ਰਹਿੰਦੇ ਹਨ। ਆਪ ਜੀ ਨੇ ਉਨ੍ਹਾਂ ਦਾ ਹੀ ਪ੍ਰਮਾਣ ਦੇ ਕੇ ਕਿਹਾ ਕਿ ਜੇ ਉਸ ਦੀ ਰਹਿਮਤ ਹੋਵੇ ਤਾਂ ਪੱਥਰ ਤਰ ਜਾਂਦੇ ਹਨ ਤਾਂ ਇਸ ਜੀਵ ਦਾ ਸੰਸਾਰ ਸਾਗਰ ਤੋਂ ਪਾਰ ਲੰਘ ਜਾਣਾ ਕੋਈ ਕਠਨ ਨਹੀਂ। ਕੇਵਲ ਉਸ ਦੀ ਨਦਰ ਦੀ ਲੋੜ ਹੈ। ਲੋਕੀਂ ਬਿਜਲੀ ਨੂੰ ਦੇਵੀ ਮੰਨਦੇ ਸਨ ਤੇ ਹੋਰ ਕਈ ਵਹਿਮਾਂ ਵਿਚ ਫਸ ਜ਼ਿੰਦਗੀ ਅਜਾਈਂ ਗਵਾਈ ਟੁਰੀ ਜਾਂਦੇ ਸਨ। ਜਿਵੇਂ ਇਹ ਵਹਿਮ ਪ੍ਰਚੱਲਤ ਹੈ ਕਿ ਕੁਆਰੀਆਂ ਜੋਗਣਾਂ ਪੀਂਘਾਂ ਝੂਟਦੀਆਂ ਹਨ। ਆਪ ਜੀ ਨੇ ਜੀਵਨ ਮੁਕਤੀ ਦਾ ਰਾਹ ਸਦਾਂ ਖੇੜੇ ਵਿਚ ਰਹਿਣਾ ਦੱਸਿਆ। 'ਨਾਨਕ ਭਗਤਾ ਸਦਾ ਵਿਗਾਸ।' ਬ੍ਰਹਮ ਕੋਠੀ ਤੋਂ ਹੁੰਦੇ ਹੋਏ ਮਨੀਕਰਣ ਜਾ ਪੁੱਜੇ। ਉਸ ਕੁੰਡ ਦਾ ਪਾਣੀ ਇੰਨਾ ਗਰਮ ਹੈ ਕਿ ਹੱਥ ਨਹੀਂ ਲਗਾਇਆ ਜਾ ਸਕਦਾ। ਪਾਂਡਿਆਂ ਨੇ ਰੋਜ਼ੀ ਕਮਾਉਣ ਲਈ ਇਹ ਗੱਲ ਪ੍ਰਸਿੱਧ ਕੀਤੀ ਹੋਈ ਹੈ ਕਿ ਸ਼ੇਸ਼ ਨਾਗ ਫੁੰਕਾਰੇ ਛੱਡਦਾ ਹੈ ਇਸ ਲਈ ਪਾਣੀ ਉਬਾਲੇ ਖਾਂਦਾ ਹੈ। ਮਹਾਰਾਜ ਨੇ ਵਹਿਮਾਂ ਦੀ ਜ਼ਿੰਦਗੀ ਤੋਂ ਹਟਾ ਕੇ ਉੱਜਲ ਬਣਾਇਆ।

ਸ਼ਿਮਲਾ ਤੇ ਸਪਾਟੂ : ਬਿਆਸ ਪਾਰ ਕਰ ਕੇ ਕਹਿਲੂਰ ਦੀ ਦੂਨ ਪੁੱਜੇ। ਕੀਰਤਪੁਰ ਬੁਢਨ ਸ਼ਾਹ ਨੂੰ ਦਰਸ਼ਨ ਦਿੱਤੇ। ਉਸ ਜਦ ਬੱਕਰੀਆਂ ਦਾ ਦੁੱਧ, ਜੋ ਆਪਣੇ ਲਈ ਕਟੋਰੇ ਵਿਚ ਪਾਇਆ ਸੀ, ਪੇਸ਼ ਕੀਤਾ ਤਾਂ ਆਪ ਜੀ ਨੇ ਕਿਹਾ 'ਫਿਰ ਪੀਆਂਗੇ।' ਮੂਲੇ ਖੱਤਰੀ ਦੇ ਉਧਾਰ ਵੇਲੇ ਵੀ ਇਹ ਬਚਨ ਕਹੇ ਸਨ :

'ਦਸਵਾਂ ਜਾਮਾ ਪਹਰਹਿ ਜਬ ਹੀ।
ਜਨਮ ਮਰਨ ਗਤਿ ਦੈਂ ਹੈ ਤਬ ਹੀ।

Sri Satguru Jagjit Singh Ji eLibrary NamdhariElibrary@gmail.com

ਤਬ ਲੌ ਜਨਮ ਮਰੈਗੋ ਏਹੀ।
ਸ਼ੂਕਰ ਸਸਾ ਮਿਰਗ ਕੀ ਦੇਹੀ।'

ਇਨ੍ਹਾਂ ਹੁਕਮਾਂ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਦਸ ਜਾਮੇ ਗੁਰੂ ਨਾਨਕ ਦੇਵ ਜੀ ਨੇ ਮਿਥੀ ਵਿਉਂਤ ਅਨੁਸਾਰ ਧਾਰੇ। ਗੁਰੂ ਇਕੋ ਹੀ ਹੈ, ਜਾਮੇ ਦਸ ਹਨ। ਦੂਜੇ ੧੦ ਦਾ ਹਿੰਦਸਾ ਸੰਪੂਰਨ ਹਿੰਦਸਾ ਹੈ। ਦਸ ਜਾਮੇ ਧਾਰਨ ਦਾ ਕਾਰਨ ਸੰਪੂਰਨ ਗੁਰੂ ਦੀ ਸੋਝੀ ਸੰਸਾਰ ਨੂੰ ਦੇਣੀ ਸੀ ਤਾਂਕਿ ਫਿਰ ਉਹ ਕਦੇ ਨਾ ਭਟਕੇ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਜੀ ਨੇ ਆ ਕੇ ਬੁੱਢਨ ਦੀ ਖਾਹਿਸ਼ ਪੂਰੀ ਕੀਤੀ। ਉਥੋਂ ਨਾਲਾਗੜ੍ਹ, ਪੰਜੌਰ, ਸ਼ਿਮਲੇ ਤੇ ਸਪਾਟੂ ਦੇ ਨਿਵਾਸੀਆਂ ਨੂੰ ਇਕ ਈਸ਼ਵਰ ਦੀ ਭਗਤੀ ਵਿਚ ਜੋੜ ਕੇ ਜੋਹੜਸਰ ਪੁੱਜੇ। ਜੋਹੜਸਰ ਹਿਮਾਚਲ ਦਾ ਬਹੁਤ ਵੱਡਾ ਮੇਲਾ ਭਰਦਾ ਹੈ ਜਿੱਥੇ ਹਰ ਕੋਈ ਆਇਆ ਪਹਾੜੀ ਮੂਰਤੀਆਂ ਅੱਗੇ ਨ੍ਰਿਤ ਕਰਕੇ ਆਪਣੀ ਸ਼ਰਧਾ ਪ੍ਰਗਟਾਂਦਾ ਹੈ। ਆਪ ਜੀ ਨੇ ਸਹੀ ਨ੍ਰਿਤ ਉਸ ਪਰਮਾਤਮਾ ਦੀ ਸਿਫ਼ਤ ਸਾਲਾਹ ਦੱਸਿਆ ਤੇ ਹੋਰ ਸਭ ਨਾਚਾਂ ਨੂੰ 'ਖੁਸ਼ੀਆਂ ਮਨ ਮਾਹਿ' ਕਿਹਾ। ਪਿਆਰੇ ਤੋਂ ਕੁਰਬਾਨ ਹੋ ਜਾਣਾ ਹੀ ਅਸਲ ਨਾਚ ਹੈ ਤੇ ਬਹਿੰਦਿਆਂ, ਉੱਠਦਿਆਂ ਨਿੱਤ ਉਸ ਨੂੰ ਯਾਦ ਕਰਨਾ ਫੇਰੀ ਪਾਉਣਾ ਹੈ ਤੇ ਸਰੀਰ ਦਾ ਮਾਣ ਤਿਆਗਣਾ ਹੀ ਉਸ ਅੱਗੇ ਲੇਟ ਜਾਣਾ ਹੈ :

'ਭਉ ਫੇਰੀ ਹੋਵੈ, ਮਨ ਚੀਤਿ।
ਬਹਦਿਆਂ ਉਠਦਿਆਂ ਨੀਤਾ ਨੀਤਿ।
ਲੇਟਣਿ ਲੇਟਿ ਜਾਣੈ ਤਨੁ ਸੁਆਹੁ।
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ'॥ ੩॥ [1] *(ਆਸਾ ਮਹਲਾ ੧)*

ਜਦ ਦੇਵਤੇ ਤੇ ਦੇਵੀ ਨੂੰ ਪ੍ਰਸੰਨ ਕਰਨ ਲਈ ਪਾਂਡੇ ਬੱਕਰਿਆਂ ਦੀ ਬਲੀ ਦੇਣ ਲੱਗੇ ਤਾਂ ਆਪ ਜੀ ਨੇ ਉਨ੍ਹਾਂ ਨੂੰ ਇਨ੍ਹਾਂ ਫੋਕਟ ਕਰਮਾਂ ਤੋਂ ਰੋਕਦੇ ਹੋਏ ਫ਼ਰਮਾਇਆ : ਜੜ੍ਹ ਅੱਗੇ ਚੇਤਨ ਨੂੰ ਮਾਰਨਾ ਕਿੱਥੋਂ ਦੀ ਅਕਲਮੰਦੀ ਹੈ :

'ਜੜ ਪਾਹਨ ਕੇ ਮਾਨੈ ਪੀਵ।
ਤਿਸ ਕੇ ਆਗੈ ਮਾਰੈ ਜੀਵ।
ਜਾਨਤ ਨਹੀਂ ਸਾਕਤ ਅੰਧੇ।'

ਜਦ ਉਨ੍ਹਾਂ ਜੀਵਨ ਦਾ ਸਹੀ ਰਾਹ ਤੇ ਜਾਚ ਪੁੱਛੀ ਤਾਂ ਆਪ ਜੀ ਨੇ ਸੇਵਾ ਤੇ ਸਤਸੰਗ ਦਾ ਰਾਹ ਦੱਸਿਆ। ਉਸ ਇਲਾਕੇ ਦੇ ਲੋਕੀਂ ਨਾਮਧਰੀਕ ਹੋਏ। ਉਧਰ ਸਿੱਖੀ ਦਾ ਇੰਨਾ ਪ੍ਰਚਾਰ ਹੋਇਆ ਕਿ ਗੁਰੂ ਅਮਰਦਾਸ ਜੀ ਨੇ ਪਰਬਤਾਂ ਦੀ ਸਿੱਖੀ ਦੀ ਸੇਵਾ-ਸੰਭਾਲ ਬਾਬਾ ਗੰਗਾ ਦਾਸ ਨੂੰ ਬਖਸ਼ੀ।

ਮਾਹੀਸਰ : ਜੋਹੜਸਰ ਤੋਂ ੫੦ ਮੀਲ ਉੱਤਰ ਵੱਲ ਪੰਦਰਾਂ ਹਜ਼ਾਰ ਫੁੱਟ ਚੜ੍ਹਾਈ ਚੜ੍ਹ ਗਏ। ਉਥੋਂ ਦੇ ਲੋਕੀਂ ਪਾਣੀ ਨਾ ਹੋਣ ਕਾਰਨ ਦੁਖੀ ਤੇ ਤੰਗ ਸਨ। ਉਨ੍ਹਾਂ ਦਾ ਮੁਖੀਆ ਮਾਹੀਆ ਗੁਰੂ ਨਾਨਕ ਦੀ ਚਰਨੀਂ ਲੱਗਾ ਤੇ ਕਹਿਣ ਲੱਗਾ ਕਿ ਇਸ ਇਲਾਕੇ ਵਿਚ ਜਲ ਦੀ ਬਹੁਤ ਤੰਗੀ ਹੈ, ਲੋਕੀਂ ਪਿਆਸੇ ਮਰ ਜਾਂਦੇ ਹਨ। ਗੁਰੂ ਨਾਨਕ ਦੇਵ

1. ਗੁਰੂ ਗ੍ਰੰਥ ਸਾਹਿਬ, ਪੰਨਾ ੩੫੦

Sri Satguru Jagjit Singh Ji eLibrary NamdhariElibrary@gmail.com

ਜੀ ਨੇ ਉਪਦੇਸ਼ ਦਿੰਦੇ ਹੋਏ ਕਿਹਾ, 'ਭਗਤੀ ਕਰੋ, ਪੱਥਰ ਅੱਗੇ ਸਿਰ ਨਾ ਝੁਕਾਓ, ਵਾਹਿਗੁਰੂ ਦੁੱਖ ਦੂਰ ਕਰੇਗਾ।' ਪੱਥਰ ਚੁੱਕਿਆ ਤਾਂ ਹੇਠੋਂ ਪਾਣੀ ਨਿਕਲ ਆਇਆ। ਉਸੇ ਥਾਂ 'ਤੇ ਹੁਣ ਮਾਹੀਸਰ ਬਣਿਆ ਹੋਇਆ ਹੈ।

ਉਥੋਂ ਸਿਰਮੌਰ ਦੀ ਦੂਨ ਪੁੱਜੇ। ਗੰਗੋਤਰੀ ਤੇ ਜਮਨੋਤਰੀ ਪਾਰ ਕਰਕੇ ੧੪,੦੦੦ ਫੁੱਟ ਦੀ ਚੜ੍ਹਾਈ ਚੜ੍ਹੇ। ਗਿਆਨੀ ਗਿਆਨ ਸਿੰਘ ਜੀ ਦਾ ਮੱਤ ਹੈ ਕਿ ਗੋਮੁਖੀ ਤਕ ਗੁਰੂ ਜੀ ਪੁੱਜੇ। ਉਥੋਂ ਗਊ ਦੇ ਮੁੱਖ ਜਿਹੇ ਪੱਥਰ 'ਚੋਂ ਜਲ ਦੀ ਧਾਰਾ ਵਹਿੰਦੀ ਹੈ। ਉਸ ਦੇ ਉੱਤਰ ਵੱਲ ਉੱਚੇ ਪਹਾੜ 'ਤੇ ਚੜ੍ਹੇ ਜਿਸ ਨੂੰ ਕਹਿਕਾ ਦਿਵਾਲ ਕਹਿੰਦੇ ਹਨ। ਜਦ ਸੂਰਜ ਇਨ੍ਹਾਂ ਪਹਾੜਾਂ 'ਤੇ ਚਮਕਦਾ ਹੈ ਤਾਂ ਇਕ ਸੁਨਹਿਰੀ ਝਲਕ ਦਾ ਝਾਵਲਾ ਪੈਂਦਾ ਹੈ। ਇਥੋਂ ਦੇ ਰਾਜੇ ਨੇ ਗੁਰੂ-ਸ਼ਰਨ ਲਈ। ਗੋਮੁਖੀ ਤੋਂ ਬਦਰੀ ਨਾਥ, ਵਸੂਧਾਰ, ਸਪਤ ਸ੍ਰਿੰਗ, ਹੇਮਕੁੰਡ ਪਾਰ ਕਰਕੇ ਉਸ ਥਾਂ 'ਤੇ ਪੁੱਜੇ ਜਿਸ ਨੂੰ ਸੁਮੇਰ ਕਹਿੰਦੇ ਹਨ। ਡਾਕਟਰ ਬੀ. ਸੀ. ਲਾਅ ਨੇ ਇਨ੍ਹਾਂ ਪਹਾੜਾਂ ਦੀਆਂ ਉੱਚੀਆਂ ਟੀਸੀਆਂ ਨੂੰ ਹੀ ਆਪਣੀ ਪੁਸਤਕ ਵਿਚ 'ਮਾਊਂਟੇਨਜ਼ ਔਫ਼ ਇੰਡੀਆ' ਵਿਚ ਸੁਮੇਰ ਲਿਖਿਆ ਹੈ। ਸਾਡੀਆਂ ਜਨਮ ਸਾਖੀਆਂ ਵਿਚ ਐਸਾ ਹੀ ਵਰਣਨ ਹੈ ਅਤੇ ਸ੍ਰੀ ਸ਼ੁਕਲਾ ਨੇ ਇਸੇ ਨੂੰ ਸੁਮੇਰ ਦਾ ਨਾਂ ਦਿੱਤਾ ਹੈ। ਮਹਿਮਾ ਪ੍ਰਕਾਸ਼ ਵਿਚ ਸੁਮੇਰ ਪਰਬਤ ਦਾ ਵਰਣਨ ਇਨ੍ਹਾਂ ਸ਼ਬਦਾਂ ਵਿਚ ਕੀਤਾ ਹੈ :

'ਜਬ ਸੁਮੇਰ ਗਏ ਸਤਿਗੁਰ ਦਿਆਲ।
ਸੋਭਤ ਸੁੰਦਰ ਗਿਰ ਪਰਮ ਬਿਸਾਲ[1]।
ਅਤਿ ਪ੍ਰਕਾਸ਼ ਰਤਨ ਮਨ ਜੜੀ।
ਜਗਿਓ ਪਵੰਤ ਜਿਉ ਗੰਗ ਫਿਰੀ॥ ੩॥
ਅਸ਼ਟ ਸ੍ਰਿੰਗ ਸੁੰਦਰ ਪਰਧਾਨ।[2]
ਤਹਾ ਸਾਧ ਮੁਨੀਸਰ ਬਸੇ ਮਹਾਨ।
ਚਾਰ ਪੁਰੀ ਚਉਦਿਸ ਅਤੁ ਸੁੰਦਰ।
ਮਧ ਬਨਿਓ ਕੈਲਾਸੀ ਮੰਦਰ[3] ॥ ੪॥
ਸੁੰਦਰ ਤੜਾਕ ਅੰਮ੍ਰਿਤ ਜਲ ਭਰੇ।
ਸ਼ਕਲ ਸ੍ਰਿੰਗ ਚਿੰਤਾਮਨ ਜੜੇ।
ਲੀਲਾ ਸਕਲ ਲੋਕ ਤਹਾ ਭਾਸੇ।
ਅਤਿ ਬਿਸਾਲ ਛੂਹ ਰਹੇ ਅਕਾਸ਼ੇ'॥ ੬॥

ਹੁਣ ਇਸ ਰੌਸ਼ਨੀ ਵਿਚ ਮਤਸਯ ਪੁਰਾਨ ਦੀ ਲਿਖਤ, ਜੋ ਐਡਵਰਡ ਸੀ. ਸੱਚਨ ਨੇ ਐਲਬਰੂਨੀ ਦੇ ਹਵਾਲੇ ਨਾਲ ਆਪਣੀ ਪੁਸਤਕ ਵਿਚ ਦਿੱਤੀ ਹੈ, ਨੂੰ ਪੜ੍ਹੋ ਤਾਂ ਸਪੱਸ਼ਟ ਕਰਦੀ ਹੈ ਕਿ ਸੁਮੇਰ ਸੁਨਹਿਰੀ ਤੇ ਚਮਕਦਾਰ ਧਰਤੀ ਹੈ ਜਿੱਥੇ ਧੁੰਧ ਕਦੇ ਨਹੀਂ ਪਈ। ਮਿੱਠੇ ਜਲ ਦੀਆਂ ਨਦੀਆਂ ਹਨ ਅਤੇ ਸਿੱਧ ਲੋਕ ਘਰ ਬਣਾ ਕੇ ਰਹਿੰਦੇ ਹਨ।

---

1. ਵਿਸ਼ਾਲ।
2. ਅੱਠ ਚੋਟੀਆਂ ਦਿੱਸਦੀਆਂ ਹਨ।
3. ਚਮਕਦਾਰ ਤੇ ਲਿਸ਼ਕਦਾ ਥਾਂ।

Sri Satguru Jagjit Singh Ji eLibrary NamdhariElibrary@gmail.com

ਸਿੱਧਾਂ ਨਾਲ ਚਰਚਾ : ਇਤਨੀ ਉਚਾਈ (੧੯,੦੦੦ ਫੁੱਟ) 'ਤੇ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਸਾਥੀਆਂ ਸਮੇਤ ਆਉਂਦਾ ਦੇਖ ਪਹਿਲਾਂ ਸਿਧ ਲੋਕਾਂ ਨੇ ਹੈਰਾਨੀ ਪ੍ਰਗਟ ਕੀਤੀ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਗੋਰਖ ਤੇ ਉਸ ਨੂੰ ਮੰਨਣ ਵਾਲਿਆਂ ਨੇ ਪਹਿਲੀ ਗੱਲ ਹੀ ਇਹ ਪੁੱਛੀ 'ਕੌਣ ਸ਼ਕਤ ਤੋਹਿ ਏਥੇ ਲਯਾਈ' ਤਾਂ ਗੁਰੂ ਨਾਨਕ ਦੇਵ ਜੀ ਦਾ ਉੱਤਰ ਸੀ ਕਿ ਪਰਮੇਸ਼ਰ ਨੂੰ ਜਪਦੇ, ਉਸ ਦੇ ਨਾਂ ਵਿਚ ਲੀਨ ਹੋ ਕੇ, ਇਹ ਕੀ, ਕਈ ਹੋਰ ਉੱਚੀਆਂ ਚੜ੍ਹਾਈਆਂ ਚੜ੍ਹੀਆਂ ਜਾ ਸਕਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਕਿ ਸਰੀਰਾਂ 'ਤੇ ਇਤਨੇ ਕਸ਼ਟ ਤਾਂ ਸਿੱਧ ਸਹਾਰ ਰਹੇ ਹਨ ਪਰ ਲੋਕਾਂ ਦੇ ਕਸ਼ਟ ਦੂਰ ਕਰਨ ਲਈ ਉਨ੍ਹਾਂ ਵਿਚ ਪਰਉਪਕਾਰ ਦੀ ਭਾਵਨਾ ਨਹੀਂ। ਜੋ ਵੀਚਾਰਾਂ, ਗੋਸ਼ਟਾਂ ਤੇ ਸਵਾਲ ਜਵਾਬ ਸੁਮੇਰ ਪਰਬਤ 'ਤੇ ਹੋਏ, ਉਸ ਦਾ ਵਰਣਨ ਭਾਈ ਗੁਰਦਾਸ ਜੀ ਅਤੇ ਹੋਰਨਾਂ ਜਨਮ ਸਾਖੀਆਂ ਨੇ ਕੀਤਾ ਹੈ। ਮੇਹਰਬਾਨ ਦੇ ਸ਼ਬਦਾਂ ਵਿਚ : 'ਤਬ ਸਿੱਧਾਂ ਸਾਥਿ ਗੁਰੂ ਬਾਬੇ ਨਾਨਕ ਜੀ ਸੁਮੇਰ ਗੋਸ਼ਟਿ ਕਰੀ, ਤਬ ਸਿਧ ਛੁੜਕਿ ਪਏ (ਟੁਟ ਕੇ ਪੈ ਗਏ) ਗਿਆਨੁ ਪੁਛਣੈ ਕਉ। ਤਬ ਸਿਧ ਸਾਧਕ ਗੁਰੂ ਨਾਨਕ ਦੇਵ ਜੀ ਸੇ ਪਰਮੇਸ਼ਰ ਕੀ ਕਥਾ, ਅਗੰਮ ਅਗਾਧਿ ਕੀ ਖ਼ਬਰ ਲੈਣ ਲਈ ਇਕੱਠੇ ਹੋਏ'। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਉਨ੍ਹਾਂ ਦਾ ਪਹਿਲਾ ਪ੍ਰਸ਼ਨ ਸੀ :

'ਆਪਣਾ ਨਾਉਂ ਤੁਮ ਦੇਹ ਬਤਾਈ।
ਬਾਬਾ ਆਖੇ ਨਾਥ ਜੀ, ਨਾਨਕ ਨਾਮ ਜਪੇ ਗਤਿ ਪਾਈ।'

ਨਾਂ ਤਾਂ ਆਪਣਾ ਮੈਂ ਮਿਟਾ ਦਿੱਤਾ ਹੈ, ਉਸ ਦਾ ਨਾਮ ਹੀ ਕਾਮਯਾਬੀ ਦਾ ਰਾਹ ਹੈ। ਉਨ੍ਹਾਂ ਦਾ ਅਗਲਾ ਪ੍ਰਸ਼ਨ ਸੀ 'ਕਵਨ ਜਾਤ ਤੁਮਾਰੀ।' ਮਹਾਰਾਜ ਨੇ ਫ਼ਰਮਾਇਆ 'ਅਚਰਜ ਹਮਾਰੀ ਜਾਤੀ।' ਜਦ ਮੈਂ ਕਿਸੇ ਵਰਣ ਭੇਦ ਨੂੰ ਮੰਨਦਾ ਨਹੀਂ ਹਾਂ, ਸੋ ਜਾਤ ਕੀ ਦੱਸਾਂ, ਬੱਸ ਅਜੀਬ ਹੀ ਕਹਿ ਸਕਦਾ ਹਾਂ। ਉਨ੍ਹਾਂ ਦੇ ਆਗੂ ਦਾ ਅਗਲਾ ਪ੍ਰਸ਼ਨ ਸੀ : 'ਜੋਗ ਮਤ ਵਿਚ ਸਾਰਾ ਜ਼ੋਰ ਧਰਤੀ ਦੇ ਪਾਣੀ ਨੂੰ ਆਕਾਸ਼ ਵਿਚ ਲੈ ਜਾਣਾ ਹੈ,[1] ਤੁਹਾਡੇ ਪੰਥ ਵਿਚ ਕੀ ਚਾਲ ਹੈ? ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ, ਸਾਡਾ ਮਤ ਹੈ ਇਹ ਦ੍ਰਿੜ ਕਰ ਲੈਣਾ ਕਿ ਉਮਰ ਮੜ੍ਹੀ ਨਿਆਈਂ ਹੈ ਤੇ ਉਸ ਵਿਚ ਮਾਣ ਹੰਕਾਰ ਨੂੰ ਬਿਠਾ ਕੇ ਸ਼ੁਕਰ-ਸ਼ੁਕਰ ਕਰਨਾ। ਅੱਠੀਂ ਪਹਿਰ ਹੱਥੀਂ ਜੋੜੀ ਰਹੇ ਪਰਮੇਸ਼ਰ ਕੈ ਆਗੈ। ਇਹ ਦ੍ਰਿੜ੍ਹਤਾ ਅਸਾਂ ਪੰਥ ਨੂੰ ਦਿੱਤੀ ਹੈ। ਧਰਤੀ ਜਹਿਆ ਧੀਰਜ, ਗਗਨ ਵਰਗਾ ਵਿਸ਼ਾਲ ਗਿਆਨ ਤੇ ਉਸ ਵਿਸ਼ਾਲ ਗਿਆਨ ਨੂੰ ਜਾਣ ਕਾਮ, ਕਰੋਧ, ਨਿੰਦਿਆ, ਖ਼ੁਦੀ ਮਿਟਾਵੈ ਤੇ ਗਿਆਨ ਕੇ ਘਰਿ ਮਹਿ ਰਹੈ, ਗੁਰੂ ਦੇ ਸ਼ਬਦ ਨੂੰ ਕਮਾਉਂਦਾ ਰਹੇ, ਗੁਰੂ ਕੇ ਸ਼ਬਦ ਕਉ ਕਮਾਵੈ। ਗੁਰਮੁਖ ਚਾਲ ਚਲੈ :

'ਅਉਹਠਿ ਹਸਤ ਮੜੀ ਘਰੁ ਛਾਇਆ, ਧਰਣਿ ਗਗਨ ਕਲ ਧਾਰੀ॥

---

1. ਕੁੰਡਲਣੀ ਸ਼ਕਤੀ ਨੂੰ ਜਗਾਉਂਦਾ ਹੋਇਆ ਛੇ ਚਕ੍ਰ, ਮੂਲਾਧਾਰ, ਸ੍ਵਾਧਿਸਠਾਨ, ਮਣਿਪੁਰ, ਅਨਾਹਤ, ਵਿਸ਼ੁੱਧ ਤੇ ਆਗਰਾ ਸੰਕਰਾਂ ਜੋਗ ਸਾਧਨ ਨਾਲ ਵਿੰਨ੍ਹ ਕੇ ਹੇਠਾਂ ਤੋਂ ਉੱਪਰ ਵੱਲ ਵਧਦਾ ਹੋਇਆ ਦਸਮ ਦ੍ਵਾਰ 'ਤੇ ਪੁੱਜਦਾ ਹੈ। ਇਹ ਹੈ ਜੋਗ ਅਨੁਸਾਰ ਧਰਤੀ ਦਾ ਪਾਣੀ ਆਕਾਸ਼ ਵਿਚ ਲੈ ਜਾਣਾ।

Sri Satguru Jagjit Singh Ji eLibrary NamdhariElibrary@gmail.com

ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ'॥ ੧॥ ਰਹਾਉ॥

(ਰਾਮਕਲੀ ਮਹਲਾ ੧)[1]

ਗੋਰਖ ਨਾਥ ਦਾ ਅਗਲਾ ਪ੍ਰਸ਼ਨ ਸੀ ਕਿ ਅਸੀਂ ਤਾਂ ਸਰੀਰ ਸਾਧਦੇ ਹਾਂ ਤੇ ਸਰੀਰ ਨੂੰ ਕਸ਼ਟ ਦੇ ਕੇ ਸਹਿਜ ਸੁਖ ਭਾਲਦੇ ਹਾਂ, ਤੁਸੀਂ ਕਿਵੇਂ ਸਹਿਜ ਵਿਚ ਟਿਕਦੇ ਹੋ? ਮਹਾਰਾਜ ਨੇ ਫ਼ਰਮਾਇਆ : 'ਦਇਆ ਹੀ ਅਸਲ ਪੂਰਨ ਸ਼ਾਂਤੀ ਦਿੰਦੀ ਹੈ ਅਤੇ ਸਿਦਕ ਹੈ ਜੋ ਰੌਸ਼ਨੀ ਦਿੰਦਾ ਹੈ।' ਗਿਆਨੀ ਗਿਆਨ ਸਿੰਘ ਜੀ ਦੀ ਕੀਤੀ ਦਰਜ ਗੋਸ਼ਟੀ ਅਨੁਸਾਰ :

'ਦਇਆ ਹਮਾਰੀ ਸੀਤ ਹਿਮੰਚਲ, ਦੀਪਕ ਸਿਦਕ ਹਮਾਰਾ।'

ਫਿਰ ਮਛੰਦਰ ਨਾਥ ਨੇ ਜਦ ਸਰੀਰ ਦੀ ਬਣਤਰ ਪੁੱਛੀ ਤਾਂ ਆਪ ਜੀ ਨੇ ਪ੍ਰਭੂ ਦੇ ਹੁਕਮ ਦੀ ਗੱਲ ਦੱਸੀ। ਭਰਥਰੀ ਦਾ ਪੁੱਛਣਾ ਸੀ ਕਿ ਕਿਸ ਘਾਟ ਇਸ਼ਨਾਨ ਕਰਦੇ ਹੋ, ਰਿਝਕਦੇ ਕੀ ਹੋ, ਮੈਲ ਕਿਵੇਂ ਧੋਂਦੇ ਹੋ, ਕਿਸ ਨਾਲ ਤੁਸੀਂ ਜੁੜਦੇ ਹੋ, ਕਿਸ ਨਾਲ ਤੋੜ ਲਈ ਹੈ, ਆਪਣਾ ਨਾਮ ਤੁਸੀਂ ਕਿਸ ਤਰ੍ਹਾਂ ਮਿਟਾ ਲਿਆ? ਤ੍ਰਿਸ਼ਨਾ ਕਿਵੇਂ ਮਿਟਾ ਲਈ? ਕਿਹੜੀ ਧੂੜੀ ਮਲ ਲਈ ਹੈ ਅਤੇ ਸਭ ਤੋਂ ਵੱਡਾ ਸਵਾਲ ਸਹਿਜ ਕਿਵੇਂ ਪ੍ਰਾਪਤ ਕੀਤਾ ਹੈ ਤੇ ਕਿਹੜੀ ਆਵਾਜ਼ ਤੁਸੀਂ ਸੁਣਦੇ ਹੋ?

ਮਹਾਰਾਜ ਦਾ ਉੱਤਰ ਸੀ : "ਰੋਜ਼ ਰਾਮ ਨਾਮ ਰਿਝਕਦੇ ਹਾਂ, ਹੰਕਾਰ ਦੀ ਟੀਸੀ ਤੋਂ ਥੱਲੇ ਉਤਰ ਕੇ ਨਿਮਰਤਾ ਦੇ ਸਰੋਵਰ ਵਿਚ ਇਸ਼ਨਾਨ ਕਰਦੇ ਹਾਂ। ਵਾਹਿਗੁਰੂ ਦੀ ਸਿਫ਼ਤ-ਸਾਲਾਹ ਕਰ ਕੇ ਲੱਗੀ ਮੈਲ ਧੋਂਦੇ ਹਾਂ। ਵਾਹਿਗੁਰੂ ਦੀ ਰਜ਼ਾ ਵਿਚ ਟਿਕ ਕੇ ਉਸ ਦੀ ਆਵਾਜ਼ ਸੁਣਦੇ ਹਾਂ। ਸ਼ਬਦ ਨਾਲ ਕਰੋਧ ਮਾਰਦੇ ਹਾਂ ਅਤੇ ਗਗਨ ਨਗਰ ਵਿਚ ਉਸ ਦਾ ਨਾਮ ਰੱਖਦੇ ਹਾਂ। ਗੁਰੂ ਹਿਵੈ (ਠੰਢ ਦਾ ਘਰ) ਪਾਸ ਬੈਠ ਕੇ ਤ੍ਰਿਸ਼ਨਾ ਦੀ ਅੱਗ ਬੁਝਾਉਂਦੇ ਹਾਂ। ਧੂੜੀ ਸੇਵਾ ਦੀ ਮਲਦੇ ਹਾਂ। ਸਾਧ ਸੰਗਤ ਵਿਚ ਰੋਜ਼ ਜਾ ਕੇ ਸਹਿਜ ਕਮਾਉਂਦੇ ਹਾਂ ਅਤੇ ਨਾਦ ਨਿਰੋਲ ਬਾਣੀ ਵਾਲਾ ਹੀ ਵਜਾਉਂਦੇ ਹਾਂ" :

'ਗੁਰ ਹਿਵ ਸੀਤਲੁ ਅਗਨਿ ਬੁਝਾਵੈ।
ਸੇਵਾ ਸੁਰਤਿ ਬਿਭੂਤਿ ਚੜ੍ਹਾਵੈ।
ਦਰਸਨੁ ਆਪਿ ਸਹਜ ਘਰਿ ਆਵੈ।
ਨਿਰਮਲ ਬਾਣੀ ਨਾਦੁ ਵਜਾਵੈ' ।੪। *(ਆਸਾ ਮਹਲਾ ੧)*[2]

ਫਿਰ ਜਦ ਝੰਗਰ ਨਾਥ ਝੂੰਮਦਾ ਅੱਗੇ ਵਧਿਆ ਤਾਂ ਉਸ ਦੇ ਸਰੀਰ ਦਾ ਡੀਲ ਡੌਲ ਦੇਖ ਕੇ ਭਾਈ ਮਰਦਾਨਾ ਜੀ ਨੇ ਕਿਹਾ : 'ਮਹਾਰਾਜ ਆਗਿਆ ਬਖਸ਼ੋ ਤਾਂ ਮੈਂ ਵੀ ਦੋ ਚਾਰ ਹੱਥ ਕਰ ਲਵਾਂ।' ਮਹਾਰਾਜ ਮੁਸਕਰਾ ਪਏ ਤੇ ਕਹਿਣ ਲੱਗੇ ਕਿ ਇਹ ਕੁਸ਼ਤੀ ਨਹੀਂ ਗੋਸ਼ਟੀ ਹੈ, ਸ਼ਬਦ ਵੀਚਾਰ ਹੈ। ਝੰਗਰ ਨਾਥ ਦੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਕਿਹਾ :

'ਨ ਕੋਈ ਮੇਰਾ ਨਾਂ ਹੈ
ਨ ਕੋਈ ਮੇਰੀ ਜਾਤ,

1. ਗੁਰੂ ਗ੍ਰੰਥ ਸਾਹਿਬ, ਪੰਨਾ ੯੦੭।
2. ਗੁਰੂ ਗ੍ਰੰਥ ਸਾਹਿਬ, ਪੰਨਾ ੪੧੧।

Sri Satguru Jagjit Singh Ji eLibrary NamdhariElibrary@gmail.com

ਬਾਣੀ ਸਤਿਨਾਮ ਹੈ।

ਸਿਫ਼ਤ ਸਾਲਾਹ ਗਾਉਣਾ ਹੀ ਕਰਮ ਹੈ।'

ਇਕ ਹੋਰ ਸਿਧ ਕਨੀਫੇ ਨੇ ਕਿਹਾ, 'ਕੰਨ ਪੜਵਾਏ ਬਗ਼ੈਰ, ਮੁੰਦਰਾਂ ਪਾਏ ਬਗ਼ੈਰ, ਗੋਰਖ ਨੂੰ ਗੁਰੂ ਬਣਾਏ ਬਗੈਰ ਪਰਮ ਪਦ ਪ੍ਰਾਪਤ ਨਹੀਂ ਹੋ ਸਕਦਾ।' ਗੁਰੂ ਮਹਾਰਾਜ ਨੇ ਉੱਤਰ ਵਜੋਂ ਕਿਹਾ ਕਿ ਜੋਗੀ ਉਹ ਹੈ ਜੋ ਸਿਰਫ਼ ਮਾਇਆ ਨੂੰ ਪਾੜੇ :

'ਏਕੋ ਚੀਰਾ ਜਾਨੈ ਜੋਗੀ।

ਕਲਪ ਮਾਇਆ ਤੇ ਭਏ ਅਰੋਗੀ।'

ਉਸ ਉਪਰੰਤ ਹਨੀਫ਼ੇ ਸਿੱਧ ਦਾ ਪ੍ਰਸ਼ਨ ਸੀ : ਤੁਸੀਂ ਦੁਨੀਆਂ ਕਿਵੇਂ ਜਿੱਤੀ ਹੈ? ਮਹਾਰਾਜ ਦਾ ਕਹਿਣਾ ਸੀ : 'ਸੰਤ ਸੰਗ ਨਾਲ।' ਗੋਪੀ ਚੰਦ ਨੇ ਪੁੱਛਿਆ ਕਿ ਤੁਹਾਡਾ ਇਧਰ ਆਉਣ ਦਾ ਮੰਤਵ ਕੀ ਹੈ ਤੇ ਮਾਤ ਲੋਕ ਵਿਚ ਕੀ ਵਰਤ ਰਿਹਾ ਹੈ, ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ 'ਨਿਰੋਲ ਇਧਰ ਆਉਣ ਦਾ ਮੰਤਵ ਤੁਹਾਨੂੰ ਲੋਕਾਂ ਦੇ ਦੁੱਖਾਂ ਵਿਚ ਸ਼ਾਮਲ ਕਰਨਾ ਹੈ। ਮਾਤ ਲੋਕ ਦੀ ਗੱਲ ਪੁੱਛਦੇ ਹੋ, ਉਥੇ ਤਾਂ ਸੱਚ ਚੰਦ੍ਰਮਾ ਕੂੜ ਅੰਧਾਰਾ।'

'ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ।

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ।' [1]

ਉਨ੍ਹਾਂ ਪੁਰਸ਼ਾਂ ਨੂੰ ਮੈਂ ਢੂੰਡ ਰਿਹਾ ਹਾਂ ਜਿਨ੍ਹਾਂ ਨੂੰ ਕੁਝ ਕੁ ਸੋਝੀ ਆਈ ਹੈ ਤਾਂਕਿ ਹਨੇਰੇ ਨਾਲ ਲੜ ਸਕਣ :

'ਕੂੜ ਅਮਾਵਸਿ ਵਰਤਿਆ, ਹਉ ਭਾਲਣਿ ਚੜ੍ਹਿਆ ਸੰਸਾਰਾ।'

ਤੁਸੀਂ ਸਿਧ ਲੋਕ ਪਹਾੜਾਂ 'ਤੇ ਛੁਪ ਬੈਠੇ, ਲੁਕਾਈ ਦੀ ਸਾਰ ਕੌਣ ਲਵੇ?

'ਸਿਧ ਛਪਿ ਬੈਠੇ ਪਰਬਤੀਂ'

ਕਉਣੁ ਜੁਗਤਿ ਕਉ ਪਾਰਿ ਉਤਾਰਾ।' [2]

ਦੇਸ਼ ਦੀ ਹਾਲਤ ਇਹ ਹੈ :

'ਕਲਿ ਆਈ ਕੁਤੇ ਮੁਹੀਂ ਖਾਜੁ ਹੋਇਆ ਮੁਰਦਾਰ ਗੁਸਾਈ।

ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।

ਪਰਜਾ ਅੰਧੀ ਗਯਾਨ ਬਿਨੁ ਕੂੜ ਕੁਸਤਿ ਮੁਖਹੁ ਆਲਾਈ।

ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।

ਸੇਵਕ ਬੈਠਣ ਘਰਾਂ ਵਿਚਿ ਗੁਰ ਉਠਿ ਘਰੀਂ ਤਿਨਾੜੇ ਜਾਈ।

ਕਾਜ਼ੀ ਹੋਇ ਰਿਸ਼ਵਤੀ ਵੱਢੀਂ ਲੈ ਕੇ ਹੱਕ ਗਵਾਈ।

ਇਸਤਰੀ ਪੁਰਖੈ ਦਾਮ ਹਿਤੁ ਭਾਵੇ ਆਇ ਕਿਥਾਊ ਜਾਈ।

ਵਰਤਿਆ ਪਾਪ ਸਭਸ ਜਗ ਮਾਹੀ' ॥ ੩੦ ॥

(ਵਾਰ ਪਹਿਲੀ, ਭਾਈ ਗੁਰਦਾਸ)

---

1. ਮਾਝ ਕੀ ਵਾਰ ਮਹਲਾ ੧, ਪੰਨਾ ੧੪੫।
2. ਵਾਰ ਪਹਿਲੀ, ਪਉੜੀ ੨੯, ਭਾਈ ਗੁਰਦਾਸ ਜੀ।

Sri Satguru Jagjit Singh Ji eLibrary NamdhariElibrary@gmail.com

ਕਿਹੜਾ ਝੱਲੇ ਗੁਰੂ ਦੀ ਝਾਲਾ : ਪੱਥਰਾਂ ਵਿਚ ਰਹਿ ਕੇ ਪੱਥਰ ਹੋ ਚੁੱਕੇ ਮਨਾਂ ਨੇ, ਬਜਾਏ ਇਸ ਦੇ ਕਿ ਗੁਰੂ ਵਲੋਂ ਦੱਸੀ ਦਸ਼ਾ ਨੂੰ ਸਵਾਰਨ ਲਈ ਹੇਠਾਂ ਉਤਰਦੇ ਸਗੋਂ ਉਲਟਾ ਮਨ ਵਿਚ ਇਹ ਵਿਚਾਰਿਆ ਕਿ ਐਸਾ ਨਾਨਕ ਜੇ ਉਨ੍ਹਾਂ ਦੇ ਪੰਥ 'ਤੇ ਟੁਰ ਪਏ ਤਾਂ ਉਨ੍ਹਾਂ ਦਾ ਨਾਂ ਰੌਸ਼ਨ ਕਰੇ। ਇਸ ਮੰਤਵ ਲਈ ਉਨ੍ਹਾਂ ਆਪਣਾ ਰੁਹਬ ਜਤਲਾਉਣ ਲਈ ਕਰਾਮਾਤ ਤੇ ਪੈਸੇ ਦਾ ਸਹਾਰਾ ਲਿਆ। ਭਾਈ ਗੁਰਦਾਸ ਜੀ ਅਨੁਸਾਰ ਉਨ੍ਹਾਂ ਇਕ ਖੱਪਰ ਗੁਰੂ ਨਾਨਕ ਦੇਵ ਜੀ ਨੂੰ ਦਿੱਤਾ ਕਿ ਨੇੜੇ ਦੇ ਤਲਾਬ ਤੋਂ ਪਾਣੀ ਭਰ ਲਿਆਉਣ। ਗੁਰੂ ਨਾਨਕ ਦੇਵ ਜੀ ਤਲਾਬ ਤੋਂ ਵਾਪਸ ਆ ਕੇ ਕਹਿਣ ਲੱਗੇ ਕਿ ਪਾਣੀ ਉਥੇ ਨਹੀਂ ਹੈ। ਤਾਂ ਸਿਧਾਂ ਕਿਹਾ ਕਿ ਕੀ ਉਨ੍ਹਾਂ ਨੇ ਉਥੇ ਰਤਨ, ਜਵਾਹਰ ਨਹੀਂ ਦੇਖੇ। ਗੁਰੂ ਨਾਨਕ ਦੇਵ ਜੀ ਨੇ ਮੁੜਵਾਂ ਉੱਤਰ ਦਿੰਦੇ ਹੋਏ ਕਿਹਾ, 'ਲੈਣ ਉਹ ਪਾਣੀ ਗਏ ਸਨ, ਹੀਰਿਆਂ ਨਾਲ ਉਨ੍ਹਾਂ ਨੂੰ ਕੀਹ।' ਸਿਧ ਇਹ ਸੁਣ ਸ਼ਰਮਸਾਰ ਹੋਏ ਤੇ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਅੱਗੇ ਸਿਰ ਝੁਕਾਇਆ :

'ਸਿਧੀ ਮਨੇ ਬਿਚਾਰਿਆ ਕਿਵੈ ਦਰਸਨ ਇਹ ਲੇਵੈ ਬਾਲਾ।
ਐਸਾ ਜੋਗੀ ਕਲਿ ਮਹਿ ਹਮਰੇ ਪੰਥ ਕਰੇ ਉਜਿਆਲਾ।
ਖਪਰ ਦਿੱਤਾ ਨਾਥ ਜੀ ਪਾਣੀ ਭਰ ਲੈਵਣ ਉਠਿ ਚਾਲਾ।
ਬਾਬਾ ਆਯਾ ਪਾਣੀਐ, ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰੂ ਅਗਮ ਅਗਾਧਿ ਪੁਰਖ, ਕੇਹੜਾ ਝਲੇ ਗੁਰੂ ਦੀ ਝਾਲਾ।
ਫਿਰ ਆਯਾ ਗੁਰ, ਨਾਥ ਜੀ ਪਾਣੀ ਠਉੜ ਨਹੀਂ ਉਸਿ ਤਾਲਾ।
ਸਬਦਿ ਜਿਤੀ ਸਿਧ ਮੰਡਲੀ ਕੀਤੋਸੁ ਆਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ॥ ੩੧॥

(ਭਾਈ ਗੁਰਦਾਸ ਜੀ, ਵਾਰ ਪਹਿਲੀ)

ਗੋਪੀ ਚੰਦ ਨੇ ਪੁੱਛਿਆ ਕਿ ਕਿਸ ਤੀਰਥ 'ਤੇ ਇਸ਼ਨਾਨ ਕਰੀਏ, ਕਿਸ ਨੂੰ ਉੱਪਰ ਰੱਖੀਏ, ਕਿਸ ਨੂੰ ਹੇਠਾਂ, ਦੀਪਕ ਕਿਹੜਾ ਬਾਲੀਏ ਕਿ ਸਦਾ ਰੌਸ਼ਨੀ ਰਹੇ ਤਾਂ ਗੁਰੂ ਮਹਾਰਾਜ ਦਾ ਉੱਤਰ ਸੀ :

'ਗੁਰਮੁਖ ਬਣ ਜਾਣ ਨਾਲ ਹੀ ਉਸ ਦਾ ਧਿਆਨ ਮਿਲ ਜਾਂਦਾ ਹੈ। ਸਤਿਗੁਰੂ ਦਾ ਮਿਲਣਾ ਹੀ ਅਸਲੀ ਇਸ਼ਨਾਨ ਹੈ। ਸਤਿਗੁਰੂ ਦੀ ਦਿੱਤੀ ਬਖ਼ਸ਼ਸ਼ ਹੀ ਨਿਰਮਲ ਕਰਦੀ ਹੈ, ਹਰ ਪਾਸੇ ਉਸ ਦੇ ਹੁਕਮ ਨੂੰ ਦੇਖਣਾ ਅਤੇ ਪਛਾਨਣਾ ਹੀ ਅਸਲ ਦੀਪਕ ਹੈ' :

'ਗਿਆਨੀ ਬਿਮਲ ਅਗਯਾਨੀ ਮੈਲਾ।
ਸਤ ਵਸਤ ਕੇ ਲਾਗੈ ਗੈਲਾ।
ਉਪਰ ਹੁਕਮ ਹੁਕਮ ਹੀ ਤਲੇ।
ਹੁਕਮ ਪਛਾਣੇ ਦੀਪਕ ਜਲੇ।
ਕਹਿ ਨਾਨਕ ਸੁਣ ਗੋਪੀ ਚੰਦ।
ਜਪੇ ਅਜਪਾ ਕਾਟੇ ਫੰਧ।'

(ਤਵਾਰੀਖ ਗੁਰੂ ਖਾਲਸਾ, ਭਾਗ ੧, ਹਿੱਸਾ ੧)

Sri Satguru Jagjit Singh Ji eLibrary NamdhariElibrary@gmail.com

ਸੰਘਰ ਨਾਥ ਨੇ ਜੋਗ ਧਾਰਨ ਕਰਨ ਲਈ ਕਿਹਾ ਤੇ ਗ੍ਰਿਹਿਸਤੀ ਵਾਲੀ ਰੀਤੀ ਛੱਡਣਾ ਹੀ ਠੀਕ ਰਾਹ ਦੱਸਿਆ। ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਕਿ ਗ੍ਰਿਹਿਸਤ ਛੱਡ ਕੇ ਫਿਰਨਾ, ਨੀਰ ਨੂੰ ਰਿੜਕਣ ਸਮਾਨ ਹੈ। ਜੇ ਗ੍ਰਿਹਿਸਥ ਨ ਹੋਵੇ ਤਾਂ ਜੱਗ ਕਿਵੇਂ ਚੱਲੇ। ਮੂਲ ਗ੍ਰਿਹਿਸਥ ਹੈ।

'ਮੂਲ ਬਿਟਮ ਕੋ ਗ੍ਰਿਹਸਥ ਪਠਾਨਹੁ।
ਆਸ੍ਰਮ ਅਪਰ ਜਿ ਸਾਖਾ ਜਾਨਹੁ।''

ਉਸ ਦਾ ਅਗਲਾ ਸਵਾਲ ਸੀ : ਤੁਸੀਂ ਕਾਲ ਕਿਵੇਂ ਜਿੱਤਿਆ, ਮਾਇਆ ਕਿਵੇਂ ਤਿਆਗ ਸੁੱਟੀ, ਕਾਮ ਆਦਿਕ ਕਿਵੇਂ ਪਛਾੜ ਸੁੱਟੇ? ਗੁਰੂ ਜੀ ਦਾ ਬਚਨ ਸੀ :

'ਸੱਚ ਨੂੰ ਪਛਾਣਿਆਂ ਮੌਤ ਨੱਸ ਗਈ, ਸੁਰਤਿ ਨੂੰ ਸ਼ਬਦ ਵਿਚ ਲੀਨ ਕੀਤਿਆਂ ਮਾਇਆ ਭੱਜ ਗਈ। ਗੁਰੂ ਵਿਚਾਰ ਨੂੰ ਦ੍ਰਿੜ੍ਹ ਕੀਤਿਆਂ ਕਾਮਾਦਿਕ ਜਿੱਤੇ ਗਏ ਅਤੇ ਜਦ ਇਹ ਜਾਣ ਲਿਆ ਕਿ ਜਨਮ-ਮਰਨ ਉਸੇ ਦੇ ਵੱਸ ਹੈ ਤਾਂ ਮਨ ਟਿਕ ਗਿਆ।'

'ਸਚ ਜਾਣ ਕਰ ਕਾਲ ਗਵਾਇਆ।
ਸੁਰਤਿ ਸਬਦ ਸਿਉਂ ਤਿਆਗੀ ਮਾਇਆ।
ਦ੍ਰਿੜ੍ਹ ਵਿਚਾਰ ਵਿਕਾਰ ਸਭ ਜੀਤੇ।
ਤ੍ਰੈਗੁਣ ਮੇਟੇ ਭਏ ਅਤੀਤੇ।
ਕਹਿ ਨਾਨਕ ਸੁਣ ਸੰਘਰ ਨਾਥ।
ਆਉਣ ਜਾਣ ਹੁਕਮ ਪ੍ਰਭ ਸਾਥ।'

ਦਤਾਤ੍ਰਯ ਨਾਂ ਦੇ ਜੋਗੀ ਨੇ ਕਿਹਾ ਕਿ ਜੋ ਗੱਲਾਂ ਤੁਸੀਂ ਦੱਸ ਰਹੇ ਹੋ, ਇਸ ਤਰ੍ਹਾਂ ਦੀਆਂ ਗੱਲਾਂ ਤਾਂ ਅਸਾਂ ਕਦੇ ਸੁਣੀਆਂ ਨਹੀਂ। ਨਾ ਸ਼ਾਸਤਰਾਂ ਨੇ ਇਹ ਦਰਸਾਇਆ ਹੈ ਤੇ ਨਾ ਹੀ ਵੇਦਾਂ ਤੇ ਪੁਰਾਣਾਂ ਨੇ। ਤੁਹਾਡੇ ਵਿਚਾਰ ਤਾਂ ਹਲ-ਚਲ ਮਚਾ ਰਹੇ ਹਨ :

'ਸ਼ਾਸਤ੍ਰ ਵੇਦ ਪੁਰਾਣ ਏਹ ਬਿਧਿ ਕਿਨੈ ਨ ਲੇਖਿਆ।
ਹਲ ਚਲ ਉਪਜੀ, ਮਨ ਨਹਿ ਠਹਿਰਤ, ਸੁਨ ਸੁਨ ਤੁਮਾਰੀ ਬਾਤਾ।'

ਮਹਾਰਾਜ ਨੇ ਕਿਹਾ ਕਿ ਪਰਮਾਤਮਾ ਦਾ ਨਾਮ ਜਪ ਕੇ ਦੇਖੋ ਤਾਂ ਸਹੀ ਕਿ ਕਿੰਨੀ ਰੌਸ਼ਨੀ ਤੇ ਚਮਕ ਮਿਲਦੀ ਹੈ—

'ਸਚ ਨਾਮ ਜਪ ਕੇ ਤੁਮ ਦੇਖੋ
ਦਾਮਨ ਤੈ ਬਡ ਦਮਕੈ।
ਮਾਨੋ ਦਤ ਜਤ ਕਹਿ ਨਾਨਕ ਘਟ ਘਟ ਸਾਹਿਬ ਚਮਕੈ।'

ਸਿੱਧਾਂ ਦਾ ਇਕ ਸਵਾਲ ਇਹ ਸੀ ਕਿ ਤੁਸੀਂ ਰੱਜੇ ਰੱਜੇ ਲਗਦੇ ਹੋ, ਕੋਈ ਤਲਖ਼ੀ ਤੁਹਾਡੇ ਵਿਚ ਨਹੀਂ, ਅੰਦਰਲਾ ਇਤਨਾ ਨਿਰਮਲ ਤੁਸਾਂ ਕਿਵੇਂ ਕਰ ਲਿਆ? ਕਿਹੜਾ ਤਪ ਕੀਤਾ ਨੇ? ਖਾਂਦੇ ਕੀ ਹੋ?

ਮਹਾਰਾਜ ਨੇ ਕਿਹਾ : ਸਿੱਖੋ ਇਹ ਕੋਈ ਸ਼ੈ ਖਾਣ ਕਰਕੇ ਨਹੀਂ। ਗਾਂ ਰੂਪੀ ਖ਼ਿਮਾ ਨੂੰ ਸੰਤੋਖ ਨਾਲ ਚੋਆ ਜੋ ਦੁੱਧ ਹਾਸਲ ਹੋਆ ਉਸ ਨੂੰ ਅੰਦਰ ਦੀ ਅਗਨ ਨਾਲ ਤਾਅ

Sri Satguru Jagjit Singh Ji eLibrary NamdhariElibrary@gmail.com

ਦੇ ਕੇ ਸ਼ਬਦ ਦੀ ਜਾਗ ਲਗਾਈ। ਸਾਧ ਸੰਗਤ ਵਿਚ ਜਾ ਟਿਕਾ ਦਿੱਤਾ ਅਤੇ ਮਨ ਬੀਚਾਰ ਦਾ ਰੇੜਕਾ ਪਾਇਆ। 'ਮਨ ਬੀਚਾਰ ਕਾ ਮਥਨ ਕੀਆ।' ਆਪੇ ਦਾ ਖ਼ਿਆਲ ਛੱਡ ਕੇ ਭਾਣਾ ਮੰਨਣ ਨੂੰ ਰੱਖਣਾ ਬਣਾਇਆ। ਐਸਾ ਸਵਾਦ ਆਇਆ ਕਿ ਰੱਜ ਗਏ।

"ਭਾਣਾ ਮੰਨਣ ਚਾਖ ਕਰ ਸਾਦਾ।
ਤ੍ਰਿਪਤ ਭਏ ਸ੍ਰੀ ਗੁਰ ਪਰਸਾਦਾ।"

ਆਪ ਜੀ ਦੇ ਵਿਚਾਰਾਂ ਨੇ ਸਿਧਾਂ ਵਿਚ ਹਲਚਲ ਮਚਾ ਦਿੱਤੀ। ਆਪਣੇ ਟਿਕਾਣਿਆਂ ਤੋਂ ਸਾਰੇ ਹੀ ਹਿੱਲ ਗਏ। ਇਹ ਹੀ ਕਾਰਨ ਹੈ ਕਿ ਖੁਣਸ ਖਾ ਕੇ ਸਾਰੇ ਕੁਝ ਸਾਲਾਂ ਬਾਅਦ ਇਕੱਠੇ ਹੋ ਕੇ ਅਚਲ ਬਟਾਲਾ, ਕਰਤਾਰਪੁਰ ਦੇ ਨੇੜੇ ਆਏ। ਮਹਾਰਾਜ ਆਪਣੇ ਮੰਤਵ ਵਿਚ ਕਾਮਯਾਬ ਸਨ। ਉਨ੍ਹਾਂ ਨੂੰ ਪਹਾੜਾਂ ਤੋਂ ਥੱਲੇ ਲੋਕਾਂ ਵਿਚ ਲਿਆਉਣਾ ਸੀ, ਉਹ ਉਸ ਵਿਚ ਸਫ਼ਲ ਹੋ ਗਏ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

'ਸਿਧ ਨਾਥ ਅਵਤਾਰ ਸਭ, ਗੋਸ਼ਟ ਕਰ ਕਰ ਕੰਨ ਫੜਾਯਾ'॥ ੨॥

ਅਤੇ ਹੁਣ :

'ਸਿਧ ਆਸਣ ਸਭ ਜਗਤ ਦੇ, ਨਾਨਕ ਆਦਿ ਮਤੇ ਜੇ ਕੋਆ।'

ਸਾਰੇ ਸਿਧਾਂ ਦੇ ਆਸਣਾਂ, ਟਿਕਾਣਿਆਂ ਨੇ ਗੁਰੂ ਨਾਨਕ ਦਾ ਮਤ ਮੰਨ ਲਿਆ। ਸਭ 'ਨਾਨਕ ਮਤਾ' ਹੋਏ।

ਨੇਪਾਲ : ਉਥੋਂ ਆਪ ਜੀ ਨੇਪਾਲ ਦੀ ਰਿਆਸਤ ਜਾ ਪੁੱਜੇ। ਚਤਰੇ ਨਗਰ ਦੇ ਗੁਸਾਈਂ ਨੇ ਗੁਰੂ ਦੀਖਿਆ ਲਈ। ਉਥੋਂ ਹੀ ਵਰਾਹ ਖੇਤਰ ਪਾਰ ਕਰ ਕੇ ਪਲਟੀ ਝੀਲ ਦੇ ਕਿਨਾਰੇ ਹਵੇਲ ਖਾਂਚੀ ਦੇ ਪਰਬਤਾਂ ਨੂੰ ਚੀਰਦੇ, ਕਿਸ਼ਨ ਤਾਲ, ਧੌਲਗੜ੍ਹ ਹੁੰਦੇ ਹੋਏ ਖਟਮੰਡੂ, ਨੇਪਾਲ ਦੀ ਰਾਜਧਾਨੀ ਪੁੱਜੇ। ਵਰਾਹ ਖੇਤਰ ਵਿਚ ਬੇਰੀ ਵਰਗੇ ਦਰੱਖ਼ਤ ਹਨ ਜਿਨ੍ਹਾਂ ਦੇ ਫਲ ਦੀ ਗੁਠਲੀ ਦੇ ਮਣਕੇ ਸਨਯਾਸੀ ਪਾਸ ਰੱਖਦੇ ਹਨ।

ਖਟਮੰਡੂ ਵਿਖੇ ਪਸ਼ੂਪਤੀ ਮੰਦਰ ਲਾਗੇ ਹੀ ਬਾਘਮਤੀ ਗੰਗਾ ਦੇ ਕਿਨਾਰੇ ਆਪ ਜੀ ਨੇ ਟਿਕਾਣਾ ਕੀਤਾ ਤੇ ਸ਼ਬਦ ਗਾਵਿਆ। ਸ਼ਬਦ ਦੀ ਆਵਾਜ਼ ਸੁਣ ਕੇ ਗੋਸਾਈਂ ਚਰਚਾ ਲਈ ਉੱਠ ਆਏ। ਸਭ ਨੂੰ ਮਹਾਰਾਜ ਨੇ ਸ਼ਬਦ ਵਿਚ ਜੁੜਨ ਦਾ ਉਪਦੇਸ਼ ਦਿੱਤਾ ਤੇ ਪਾਖਾਨ-ਪੂਜਾ ਤੋਂ ਵਰਜਿਆ। ਉਥੋਂ ਦਾ ਰਾਜਾ ਰਣਬੀਰ ਸਿੰਘ ਗੁਰੂ ਜੀ ਦਾ ਸੰਗਤੀ ਬਣ ਗਿਆ। ਗੁਰੂ ਬਖਸ਼ਸ਼ ਨਾਲ ਰਾਜੇ ਘਰ ਸੰਤਾਨ ਵੀ ਹੋਈ। ਅੱਜ ਤੱਕ ਗੁਰੂ ਘਰ ਦਾ ਨੇਪਾਲ ਵਿਖੇ ਸਨਮਾਨ ਹੁੰਦਾ ਹੈ।

ਤਿੱਬਤ : ਦਰਿਆ ਸੁਣਕੋਸੀ, ਅਰੁਣ ਪਾਰ ਕਰਕੇ ਕੰਚਨ ਜੰਗਾ ਤੋਂ ਹੁੰਦੇ ਅਤੇ ਸੁਨਹਿਰੀ ਪਹਾੜਾਂ ਨੂੰ ਲਿਤਾੜਦੇ ਹੋਏ ਸਿੱਕਮ ਦੇਸ਼ ਪੁੱਜੇ। ਮਰਦਾਨਾ ਜੀ ਨੇ ਕਿਹਾ ਕਿ ਅਸੀਂ ਤਾਂ ਸੋਨਾ ਲਿਤਾੜਦੇ ਜਾ ਰਹੇ ਹਾਂ ਤਾਂ ਮਹਾਰਾਜ ਨੇ ਉੱਤਰ ਦਿੱਤਾ ਕਿ ਜਦ ਉੱਚੇ ਹੋ ਜਾਈਏ ਤਾਂ ਮਾਇਆ ਪੈਰਾਂ ਥੱਲੇ ਹੀ ਰਹਿੰਦੀ ਹੈ। ਉੱਤਰ ਵਾਲੇ ਪਾਸੇ ਸਿਕਮ ਦੀ ਰਾਜਧਾਨੀ ਗੰਗਟੋਕ ਪੁੱਜੇ। ਸਿੱਕਮ ਤੋਂ ਹੀ ਤਿੱਬਤ ਚਲੇ ਗਏ। ਕਈਆਂ ਦਾ ਕਹਿਣਾ ਹੈ ਕਿ ਜਨਮ ਸਾਖੀ ਵਿਚ ਜਿਸ ਅਲਲਾਚੀਨ ਦਾ ਜ਼ਿਕਰ ਹੈ ਉਹ ਚੀਨ ਦਾ ਸ਼ਹਿਰ ਹੈ ਤੇ ਉਥੇ ਹੀ ਚੀਨਿਆਂ ਦਾ ਵੱਡਾ ਮੇਲਾ ਹੁੰਦਾ ਹੈ। ਚੀਨ ਦੀਆਂ ਹੱਦਾਂ ਨੂੰ ਛੋਹ ਕੇ

Sri Satguru Jagjit Singh Ji eLibrary NamdhariElibrary@gmail.com

ਤਿੱਬਤ ਨੂੰ ਆਏ। ਤਿੱਬਤ ਨੂੰ ਲਾਮਿਆਂ ਦਾ ਦੇਸ਼ ਕਿਹਾ ਜਾਂਦਾ ਹੈ ਤੇ ਜਨਮ ਸਾਖੀ ਇਸ ਗੱਲ ਦੀ ਗਵਾਹ ਹੈ ਕਿ ਉਹ ਲਾਮਿਆਂ ਦੇ ਦੇਸ਼ ਗਏ। ਲਾਮਿਆਂ ਦੇ ਪ੍ਰਸਿੱਧ ਮੰਦਰ ਤੋਂ ਬਾਹਰ ਹੀ ਉਨ੍ਹਾਂ ਸ਼ਬਦ ਗਾਇਆ ਤੇ ਕਿਹਾ ਕਿ ਜਿਸ ਲਾਮੇ ਨੂੰ ਤੁਸੀਂ ਪਰਮੇਸ਼ਰ ਮੰਨਦੇ ਹੋ ਉਹ ਪਰਮੇਸ਼ਰ ਨਹੀਂ ਹੈ। ਪਰਮੇਸ਼ਰ ਇਕ ਹੈ, ਅਮੂਰਤ ਹੈ, ਜਗਤ ਦਾ ਕਰਤਾ ਧਰਤਾ ਹੈ, ਸਰਬ ਸ਼ਕਤੀਮਾਨ ਹੈ। ਗੁਰੂ ਨਾਨਕ ਦੇਵ ਜੀ ਦੀ ਤਿੱਬਤ ਵਿਚ ਕਿੰਨੀ ਕੁ ਸ਼ੋਭਾ ਹੋਈ, ਉਸ ਦਾ ਵਰਣਨ ਅਜੋਕੇ ਇਤਿਹਾਸਕਾਰ ਕਰ ਰਹੇ ਹਨ।

ਤਰੰਗਪਕਾ ਤੁਲਕੂ ਨੇ 'ਇੰਡੀਅਨ ਟਾਈਮਜ਼' ਵਿਚ ਲਿਖਿਆ ਸੀ ਕਿ ਗੁਰੂ ਨਾਨਕ ਦੇਵ ਜੀ ਨੂੰ ਸਾਰੇ ਤਿੱਬਤ ਵਿਚ ਪਦਮਸੰਭਵ ਦਾ ਅਵਤਾਰ ਸਮਝਿਆ ਜਾਂਦਾ ਹੈ। ਇਹ ਗੱਲ ਮੰਨੀ ਪ੍ਰਮੰਨੀ ਹੈ ਕਿ ਜਦ ਬੁੱਧ ਜੀ ਨੂੰ ਉਨ੍ਹਾਂ ਦੇ ਚੇਲਿਆਂ ਨੇ ਪੁੱਛਿਆ ਸੀ ਕਿ ਫੇਰ ਵੀ ਕਦੇ ਦਰਸ਼ਨ ਹੋਣਗੇ ਤਾਂ ਉਨ੍ਹਾਂ ਕਿਹਾ : ਹਾਂ ਕਲਿਯੁਗ ਵਿਚ ਪੁਸਤਕ ਦੇ ਰੂਪ ਵਿਚ ਉਹ ਆਉਣਗੇ। ਉਸ ਸਮੇਂ ਉਹਨਾਂ ਨੂੰ ਪੂਰਾ ਆਦਰ ਦੇਣਾ ਤੇ ਅਗਵਾਈ ਲੈਣੀ। ਗੁਰੂ ਨਾਨਕ ਦੇਵ ਜੀ ਸ਼ਬਦਾ-ਅਵਤਾਰ ਹਨ ਤੇ ਉਨ੍ਹਾਂ ਗੁਰ ਸ਼ਬਦ 'ਤੇ ਹੀ ਜ਼ੋਰ ਦਿੱਤਾ ਹੈ। ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਮੂਰਤੀਮਾਨ ਹੈ। ਸਾਰੇ ਤਿੱਬਤੀ ਇਕ ਵਾਰੀ ਗੁਰੂ ਗ੍ਰੰਥ ਸਾਹਿਬ ਦਾ ਦਰਸ਼ਨ ਜ਼ਰੂਰ ਕਰਦੇ ਹਨ।

ਇਸੇ ਸਬੰਧ ਵਿਚ ਮੇਜਰ ਐਨ. ਐਨ. ਈਸ਼ਰ ਨੇ ਲਿਖਿਆ ਹੈ ਕਿ ਜਦ ਉਹ ਸਿਲੀਗੁੜੀ ਤੋਂ ਗੰਗਟੋਕ ਪੁੱਜੇ ਤਾਂ ਉੱਥੋਂ ਉੱਤਰ ਵੱਲ ਟੁਰਦੇ ਪੈਗਾਂਗ ਜਾ ਨਿਕਲੇ। ਉਥੇ ਹੀ ਲੇਚਨਚੂ ਤੇ ਲਚੰਗਚੂ ਦਾ ਮੇਲ ਤੇ ਸ਼ੂਕਦੀ ਤਿਸਤਾ ਨਦੀ ਵਿਚ ਤਿੰਨਾਂ ਦਾ ਸੰਗਮ ਹੁੰਦੇ ਡਿੱਠਾ। ਜਦ ਪਿੰਡ ਚਨਥਾਂਗ ਪੁੱਜੇ ਤਾਂ ਉਥੇ ਸੇਬ ਤੇ ਮੱਕੀ ਦੀ ਥਾਂ ਕੇਲੇ ਤੇ ਚਾਵਲ ਦੇਖ ਹੈਰਾਨ ਹੋਏ। ਗਾਈਡ ਨੇ ਦੱਸਿਆ ਕਿ ਉਥੇ 'ਰਿਮਪੋਚੇ' ਨਾਨਕ ਗੁਰੂ ਆਏ ਸਨ। ਉਸ ਪਿੰਡ ਪੁੱਜ ਕੇ ਜਦ ਗੁਰੂ ਨਾਨਕ ਦੇਵ ਜੀ ਨੇ ਕੇਲੇ ਦੇ ਪੱਤਿਆਂ ਵਿਚ ਚਾਵਲ ਖਾਣ ਲਈ ਕੱਢੇ ਤਾਂ ਇਰਦ ਗਿਰਦ ਦੇ ਨਿਵਾਸੀ ਇਕੱਠੇ ਹੋ ਗਏ। ਉਨ੍ਹਾਂ ਨਾ ਕਦੇ ਚਾਵਲ ਤੇ ਨਾ ਕਦੇ ਕੇਲਾ ਡਿੱਠਾ ਸੀ। ਉਨ੍ਹਾਂ ਦੀ ਹੈਰਾਨੀ ਦੇਖ ਪਰਉਪਕਾਰੀ ਗੁਰੂ ਨਾਨਕ ਨੇ ਚਾਵਲ ਖਾਣ ਦੀ ਥਾਂ ਚਾਰੇ ਪਾਸੇ ਖਿਲਾਰ ਦਿੱਤੇ ਤੇ ਕੇਲੇ ਦੇ ਪੱਤੇ ਵੀ ਜ਼ਮੀਨ ਵਿਚ ਦੱਬ ਦਿੱਤੇ। ਸਮਾਂ ਪਾ ਕੇ ਕੇਲੇ ਤੇ ਚਾਵਲ ਉਥੇ ਹੋਏ ਜੋ ਅੱਜ ਵੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦੀ ਗਵਾਹੀ ਦੇ ਰਹੇ ਹਨ। ਉਸ ਗਾਈਡ ਦੇ ਕਥਨ ਅਨੁਸਾਰ ਗੁਰੂ ਜੀ ਉਥੋਂ ਹੀ ਤਿੱਬਤ ਗਏ ਸਨ। ਖੋਰਾ-ਲਾ ਹੀ ਉੱਤਰੀ ਸਿੱਕਮ ਨੂੰ ਤਿੱਬਤ ਦੀ ਚੂੰਭੀ ਵਾਦੀ ਨਾਲ ਮਿਲਾਂਦਾ ਹੈ। ਖੋਰਾ-ਲਾ ਰਿਜ ਦੇ ਹੇਠਾਂ ਪਾਇਕੋ ਪਿੰਡ ਦੇ ਬਾਹਰ ਇਕ ਸਿਲਾ ਪਈ ਹੋਈ ਹੈ, ਜਿਸ 'ਤੇ ਗੁਰੂ ਨਾਨਕ ਦੇਵ ਜੀ ਦੀ ਉਦਾਸੀ ਦਾ ਹਾਲ ਲਿਖਿਆ ਹੋਇਆ ਹੈ।

ਤਿੱਬਤ ਤੋਂ ਯਰਕੰਦ ਹੁੰਦੇ ਹੋਏ ਲਦਾਖ ਪੁੱਜੇ। ੨੪ ਅਕਤੂਬਰ, ੧੯੬੯ ਦੇ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਦਿੱਲੀ ਵਿਚ ਕੇ. ਐਮ. ਵੈਦ, ਫ਼ਾਰਸਟ ਇੰਸਟੀਚਿਊਟ ਡੇਹਰਾਦੂਨ ਦੀ ਇਕ ਚਿੱਠੀ ਛਪੀ ਹੈ ਕਿ ਗੁਰੂ ਨਾਨਕ ਦੇਵ ਜੀ ਯਰਕੰਦ ਤੋਂ ਹੋ ਕੇ ਲਦਾਖ ਪੁੱਜੇ ਸਨ। ਉਸ ਦਾ ਲਿਖਣਾ ਹੈ ਕਿ ਉਹ ਪਿੱਛੇ ਜਿਹੇ ਲੇਹ ਵਿਚ ਸੀ ਤੇ ਵੱਡੀ

Sri Satguru Jagjit Singh Ji eLibrary NamdhariElibrary@gmail.com

ਸੜਕ ਬਣ ਰਹੀ ਸੀ ਤੇ ਸੜਕ ਕਿਨਾਰੇ ਇਕ ਵੱਡੀ ਚਟਾਨ ਨੂੰ ਜਦ ਇੰਜੀਨੀਅਰ ਬਾਰੂਦ ਨਾਲ ਉਡਾਉਣ ਲੱਗੇ ਤਾਂ ਉਥੋਂ ਦੇ ਲੋਕੀਂ ਆ ਕੇ ਕਹਿਣ ਲੱਗੇ ਕਿ ਉਸ ਨੂੰ ਨਾ ਤੋੜਨ ਕਿਉਂਕਿ ਇਹ ਕਿਸੇ ਵੱਡੇ ਮਹਾਂਪੁਰਖ ਦੀ ਯਾਦ ਹੈ ਅਤੇ ਉਸ ਨੂੰ ਨਾਨਕ ਸ਼ਾਹ ਕਹਿੰਦੇ ਹਨ। ਉਨ੍ਹਾਂ ਇਹ ਵਾਰਤਾ ਵੀ ਸੁਣਾਈ ਕਿ ਜਦ ਗੁਰੂ ਨਾਨਕ ਦੇਵ ਜੀ ਸਿੱਧਾਂ ਨੂੰ ਜਿੱਤ ਕੇ ਵਾਪਸ ਆ ਰਹੇ ਸਨ ਤਾਂ ਕੁਝ ਸਿੱਧਾਂ ਦੇ ਸਾਥੀਆਂ ਨੇ ਗੁੱਸੇ ਵਿਚ ਨਾਨਕ ਸ਼ਾਹ 'ਤੇ ਪਹਾੜ ਸੁੱਟ ਦਿੱਤਾ। ਪਹਾੜ ਗੁਰੂ ਨਾਨਕ ਦੇ ਨੇੜੇ ਆਉਂਦਿਆਂ ਹੀ ਮੋਮ ਹੋ ਗਿਆ ਤੇ ਗੁਰੂ ਨਾਨਕ ਦੇਵ ਜੀ ਜਦ ਪਹਾੜ ਵਿਚੋਂ ਬਾਹਰ ਨਿਕਲੇ ਤਾਂ ਉਨ੍ਹਾਂ ਦਾ ਪੂਰਾ ਖਲੋਤਾ ਚਿੱਤਰ ਉਥੇ ਬਣਿਆ ਹੋਇਆ ਸੀ। ਜਿਸ ਚਟਾਨ ਨੂੰ ਤੁਸੀਂ ਉਡਾਉਣਾ ਚਾਹੁੰਦੇ ਹੋ, ਉਹ ਚਿੱਤਰ ਉਸ ਵਿਚ ਬਣਿਆ ਹੋਇਆ ਹੈ। ਜਦ ਅੱਗੇ ਵਧ ਕੇ ਵੇਖਿਆ ਤਾਂ ਸਚਮੁੱਚ ਚਿੱਤਰ ਬਣਿਆ ਹੋਇਆ ਸੀ। ਲੇਹ ਵਿਚ ਉਥੇ ਹੀ ਹੁਣ ਗੁਰਦੁਆਰਾ ਬਣ ਗਿਆ ਹੈ।

ਲੇਹ ਤੋਂ ਆਪ ਜੀ ਗਿਲਗਤ ਤੇ ਅਸਕਰਦੂ ਪੁੱਜੇ। ਅਸਕਰਦੂ ਨੂੰ ਹੁਣ ਤੱਕ ਨਾਨਕ ਪੀਰ ਦੀ ਥਾਂ ਕਹਿੰਦੇ ਹਨ। ਉਥੋਂ ਦਾ ਕਲੰਦਰ ਗੌਂਸ ਬੁਖ਼ਾਰੀ ਉਥੋਂ ਦੇ ਹਾਕਮ ਨੂੰ ਵੱਸ ਕਰਕੇ ਜ਼ਬਰਦਸਤੀ ਇਸਲਾਮ ਫੈਲਾ ਰਿਹਾ ਸੀ। ਗੁਰੂ ਜੀ ਨੇ ਉਸ ਨੂੰ ਐਸਾ ਕਰਨ ਤੋਂ ਰੋਕਿਆ ਤੇ ਜਬਰ ਜ਼ੋਰ ਨਾਲ ਧਰਮ ਫੈਲਾਉਣ ਤੋਂ ਵਰਜਿਆ। ਉਥੋਂ ਆਪ ਜੀ ਦੱਰਾ ਸੰਸਥਾਨ ਲੰਘ ਕੇ ਵੂਲਰ ਝੀਲ ਦੇ ਕਿਨਾਰੇ ਜਿਹਲਮ ਪਾਰ ਕਰ ਕੇ ਸ੍ਰੀਨਗਰ ਪੁੱਜੇ। ਸ੍ਰੀਨਗਰ ਵਿਖੇ ਆਪ ਜੀ ਨੇ ਆਪਣਾ ਟਿਕਾਣਾ ਹਰੀ ਪਰਬਤ 'ਤੇ ਕੀਤਾ। ਸ਼ੰਕਰ ਚਾਰਜ ਦੀ ਟੀਸੀ ਵੀ ਦੇਖੀ ਅਤੇ ਉਥੋਂ ਦੇ ਲੋਕਾਂ ਨੂੰ ਭਗਤੀ ਮਾਰਗ 'ਤੇ ਤੁਰਨ ਲਈ ਪ੍ਰੇਰਿਆ।

ਮਟਨ ਸਾਹਿਬ : ਉਥੋਂ ਆਪ ਜੀ ਅਵਾਂਤੀਪੁਰ, ਬੀਜ ਬਿਹਾੜਾ, ਅਨੰਤ ਨਾਗ ਤੇ ਮਟਨ ਸਾਹਿਬ ਪੁੱਜੇ। ਮਟਨ ਹੀ ਆਪ ਜੀ ਨਾਲ ਚਰਚਾ ਕਰਨ ਲਈ ਬ੍ਰਹਮ ਦੱਤ ਆ ਪੁੱਜਾ। ਬ੍ਰਹਮ ਦੱਤ ਪੁਸਤਕਾਂ ਦੇ ਗੱਡੇ ਭਰ ਕੇ ਨਾਲ ਰੱਖਦਾ ਸੀ ਤੇ ਗਿਆਨ ਚਰਚਾ ਵਿਚ ਸਾਰਿਆਂ ਨੂੰ ਜਿੱਤ ਕੇ ਈਨ ਮਨਵਾਂਦਾ ਸੀ। 'ਪੁਸਤਕ ਲਦੇ ਉਸਟ ਜਿਨ ਦੋਉ' ਦਾ ਵਰਣਨ ਕਰਦੇ ਨਾਲ ਹੀ ਲਿਖਿਆ ਹੈ ਕਿ ਵਿਦਵਾਨ ਤਾਂ ਬੜਾ ਸੀ ਪਰ ਹੰਕਾਰ ਨੇ ਅਕਲ ਮਾਰੀ ਹੋਈ ਸੀ।

"ਵਿਦਿਆ ਅਧਿਕ, ਗਰਬ ਮਤ ਖਾਮੁ।"

ਸਾਲਗਰਾਮ ਗਲ ਵਿਚ ਅਤੇ ਤਨ 'ਤੇ ੧੨ ਤਿਲਕ ਲਗਾਈ ਰੱਖਦਾ ਸੀ। ਗੁਰੂ ਪਾਤਸ਼ਾਹ ਨੇ ਉਸ ਨੂੰ ਗਿਆਨ ਚਕਸ਼ੂ ਬਖਸ਼ੇ। ਆਸਾ ਦੀ ਵਾਰ ਦੇ ਸਲੋਕ :

'ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ'॥ ੧॥

(ਪਉੜੀ ਨੌਵੀਂ, ਪੰਨਾ ੪੬੭)

Sri Satguru Jagjit Singh Ji eLibrary NamdhariElibrary@gmail.com

ਅਤੇ

'ਨਾਨਕ ਨਦਰਿ ਕਰੇ ਸੋ ਪਾਏ।

ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ।੨।'[1]

ਮਹਾਰਾਜ ਨੇ ਕਿਹਾ : ਬ੍ਰਹਮ ਦੱਤ ਜੀ! ਤੁਸੀਂ ਕੇਵਲ ਪੜ੍ਹਦੇ ਹੋ। ਪੜ੍ਹਿਆ ਜੀਵਨ ਵਿਚ ਨਹੀਂ ਢਾਲਿਆ। ਕਦੇ ਖ਼ਿਆਲ ਤਾਂ ਕੀਤਾ ਹੋਵੇਗਾ ਕਿ ਸਿਕਲੀਗਰ ਹਥਿਆਰ ਬਣਾ ਬਣਾ ਧਰੀ ਜਾਂਦਾ ਹੈ, ਪਰ ਵਰਤਣ ਦਾ ਵੱਲ ਨਾ ਆਵਣ ਕਰਕੇ ਸੂਰਮਾ ਨਹੀਂ ਕਹਿਲਾ ਸਕਦਾ। ਸਿਰਫ਼ ਹਥਿਆਰਾਂ ਨੂੰ ਵੇਚਦਾ ਹੈ। ਇਸੇ ਤਰ੍ਹਾਂ ਜੋ ਨਿਰਾ ਪੜ੍ਹਦਾ ਹੈ ਪਰ ਵਿਚਾਰਦਾ, ਵਰਤਦਾ ਤੇ ਅਪਣਾਉਂਦਾ ਨਹੀਂ, ਸਿਕਲੀਗਰ ਵਾਂਗ ਨਿਰਾ ਵੇਚਣ ਵਾਲਾ ਹੈ।

'ਪਢਹਿ ਜੀਵਕਾ ਕਾਰਨ ਜੋਊ।

ਬੇਚਨ ਹਾਰ ਸੁਸਤ੍ਰ ਸਮ ਸੋਊ।੧੫।'

ਵਿਦਵਾਨ ਤਾਂ ਉਹ ਹੈ ਜਿਸ ਦਾ ਮਨ ਟਿਕਿਆ ਹੋਵੇ। ਟਿਕੇ ਮਨ ਦਾ ਦੂਜੇ 'ਤੇ ਆਪ ਮੁਹਾਰੇ ਪ੍ਰਭਾਵ ਪੈਂਦਾ ਹੈ।

"ਹੇ ਪੰਡਿਤ ਜਬ ਮਨ ਕੋ ਮਾਰੋ।

ਤਬ ਜੀਤੋਗੇ ਸਕਲ ਸੰਸਾਰੋ।"

ਆਪ ਜੀ ਨੇ ਜਦ ਇਹ ਸਲੋਕ ਪੜ੍ਹੇ ਤਾਂ ਉਹ ਪੈਰੀਂ ਆ ਢੱਠਾ। ਬ੍ਰਹਮ ਦੱਤ ਨੇ ਜਦ ਨਦਰ ਦਾ ਰਾਹ ਪੁੱਛਿਆ ਤਾਂ ਗੁਰੂ ਜੀ ਨੇ ਮਾਯਾ ਨੂੰ ਲਿਤਾੜਣਾ ਤੇ ਹਉਮੈਂ ਨੂੰ ਗਵਾਉਣਾ ਹੀ ਦੱਸਿਆ। ਦੁਨੀਆਂ ਮਾਇਆ ਹੱਥੋਂ ਮਾਰ ਖਾ ਰਹੀ ਹੈ ਤੇ ਅਸਲ ਗਿਆਨੀ ਮਾਇਆ ਨੂੰ ਮਾਰਦਾ ਹੈ। ਇਹ ਪ੍ਰਤੱਖ ਦਰਸਾ ਵੀ ਦਿੱਤਾ ਕਿ ਜਿਸ ਮਾਇਆ ਦਾ ਦਾਬਾ ਮੰਨ ਲਿਆ, ਉਸ ਨੂੰ ਮਾਇਆ ਹੋਰ ਦਬਾਂਦੀ ਹੈ। ਬ੍ਰਹਮ ਦੱਤ ਨੂੰ ਉਥੇ ਧਰਮਸਾਲ ਬਣਾਉਣ ਲਈ ਕਿਹਾ ਅਤੇ ਬਣਾਈ ਵੀ ਗਈ। ਸੂਰਜ ਪ੍ਰਕਾਸ਼ ਦੀ ਗਵਾਹੀ ਹੈ :

ਧਰਮਸਾਲ ਇਕ ਰਚੀ ਮਹਾਨੀ।

ਨਾਮ ਦਾਨ ਇਸ਼ਨਾਨ ਦ੍ਰਿੜਾਯੋ।

ਸਿਖੀ ਮਗ ਤਿਸ ਦੇਸ ਚਲਾਯੋ।

ਉਸ ਦੇ ਸਾਥੀ ਕਮਾਲ ਨੇ, ਜਿਸ ਨੂੰ ਜਨਮ ਸਾਖੀ ਵਿਚ ਕਨਾਲ ਲਿਖਿਆ ਹੈ, ਸਿੱਖੀ ਧਾਰਨ ਕੀਤੀ। ਕਨਾਲ ਤੇ ਬ੍ਰਹਮ ਦਾਸ[2] ਨੇ ਸਾਰੇ ਕਸ਼ਮੀਰ ਵਿਚ ਫਿਰ ਕੇ ਸਿੱਖੀ ਦਾ ਪਰਚਾਰ ਕੀਤਾ। ਮੈਕਾਲਫ਼ ਦਾ ਕਹਿਣਾ ਹੈ ਕਿ ਜਦ ਪੰਡਤ ਨੇ ਗੁਰੂ ਜੀ ਪਾਸੋਂ

---

1. ਆਸਾ ਦੀ ਵਾਰ, ਪੰਨਾ ੪੬੮।
2. ਇਸ ਬ੍ਰਹਮ ਦੱਤ ਜੀ ਦਾ ਪੜਪੋਤਰਾ ਕਿਰਪਾ ਰਾਮ ਸੀ ਜੋ ਗੁਰੂ ਤੇਗ਼ ਬਹਾਦਰ ਜੀ ਪਾਸ ਹੋਰ ਬ੍ਰਾਹਮਣਾਂ ਸਮੇਤ ਆਇਆ ਸੀ ਅਤੇ ਫ਼ਰਿਆਦ ਕੀਤੀ ਸੀ :
'ਬਾਂਹਿ ਅਸਾਡੀ ਪਕੜੀਐ ਗੁਰੂ ਹਰਿਗੋਬਿੰਦ ਕੇ ਚੰਦ'
ਭਟ ਵਹੀ ਤਲੌਂਡਾ ਦੇ ਸ਼ਬਦ ਹਨ : ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ, ਪੋਤਾ ਨਰਾਇਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ।

Sri Satguru Jagjit Singh Ji eLibrary NamdhariElibrary@gmail.com

ਪੁੱਛਿਆ ਕਿ ਇਸ ਸੰਸਾਰ ਵਿਚ ਕੌਣ ਸੁਖੀ ਹੈ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਉਂਝ ਤਾਂ ਸਾਰਾ ਜਗਤ ਹੀ ਦੁਖੀ ਹੈ ਪਰ :

'ਮੰਨੇ ਨਾਉ ਸੋਈ ਜਿਣਿ ਜਾਇ।
ਅਉਗੀ ਕਰਮ ਨ ਲੇਖੈ ਲਾਇ।'

ਨਾਮ ਵਿਚ ਰਹਿਣ ਵਾਲਾ ਹੀ ਸੁਖੀ ਹੈ। ਬਾਕੀ ਸਭ ਭਟਕ ਰਹੇ ਹਨ।

ਉਸ ਦਾ ਅਗਲਾ ਪ੍ਰਸ਼ਨ ਸੀ ਤੁਸੀਂ ਕਿਸ ਸਿਧਾਂਤ ਵਿਚ ਵਿਸ਼ਵਾਸ ਰੱਖਦੇ ਹੋ? ਮਹਾਰਾਜ ਦਾ ਫ਼ਰਮਾਨ ਸੀ :

ਅਬਹੀ ਕਬਹੀ ਕਿਛੁ ਨ ਜਾਣਾ,
ਤੇਰਾ ਏਕੋ ਨਾਮ ਪਛਾਨਾ।[1]

ਹੋਰ ਪੰਡਤ ਵੀ ਇਕੱਠੇ ਹੋਏ ਆਏ ਤੇ ਆਪਣੀ ਮਾਨਸਿਕ ਦਸ਼ਾ ਦਾ ਜ਼ਿਕਰ ਕਰਦੇ ਕਿਹਾ ਕਿ ਉਹ ਨਿੱਤ ਤੇ ਨੈਮਤ ਕਰਮ ਕਰਦੇ ਹਨ ਪਰ ਉਨ੍ਹਾਂ ਦਾ ਹੰਕਾਰ ਨਹੀਂ ਜਾਂਦਾ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਸੀ : ਨਾਮ ਜਪੋ, ਤੁਹਾਡੇ ਕਰਮ ਪਵਿੱਤ੍ਰ ਹੋ ਜਾਣਗੇ।[2] ਪੰਡਿਤਾਂ ਦਾ ਹੋਰ ਪ੍ਰਸ਼ਨ ਸੀ ਕਿ ਨਾਮ ਤਾਂ ਉਸ ਦਾ ਜਪੀਦਾ ਹੈ ਜਿਹੜਾ ਆਪ ਤੋਂ ਭਿੰਨ ਹੋਵੇ ਅਰ ਜੋ ਆਪਣਾ ਆਪ ਹੈ, ਇਸ ਦਾ ਕਿਆ ਨਾਮ ਜਪਣਾ! ਮਹਾਰਾਜ ਨੇ ਫ਼ਰਮਾਇਆ :

ਜਿਵੇਂ ਆਰਸੀ 'ਤੇ ਜ਼ੰਗਾਲ ਚੜ੍ਹ ਜਾਂਦਾ ਹੈ ਉਸ ਨੂੰ ਸ਼ੁੱਧ ਕਰੀਦਾ ਹੈ ਫਿਰ ਆਪਣਾ ਮੁੱਖ ਭਾਸਦਾ ਹੈ। ਇਵੇਂ ਮਨ ਨੂੰ ਹਉਮੈ ਦੀ ਮੈਲ ਲੱਗੀ ਹੈ, ਉਸ ਮੈਲ ਕਾਰਨ ਆਤਮਾ ਦਾ ਦਰਸ਼ਨ ਨਹੀਂ ਹੁੰਦਾ। ਸੋ 'ਜੋ ਮਹਾਰਾਜ ਕਾ ਨਾਮ ਜਪਤਾ ਹੈ ਤਾਂ ਹਉਮੈ ਕੀ ਮੈਲ ਦੂਰ ਹੁੰਦੀ ਹੈ। ਤਬ ਆਤਮਾ ਕਾ ਦਰਸ਼ਨ ਹੁੰਦਾ ਹੈ।' ਸਾਰਿਆਂ ਸਿਰ ਝੁਕਾਇਆ ਤੇ ਬੇਨਤੀ ਕੀਤੀ ਕਿ ਉਹ ਉਥੇ ਹੀ ਟਿਕਣ ਤਾਂਕਿ ਖੋਟੇ ਕਰਮ ਮਿਟ ਜਾਣ। ਬਚਨ ਹੋਇਆ :

'ਮੇਰਾ ਸਰਗੁਨ ਰੂਪ ਦੇਹ ਹੈ ਅਤੇ ਨਿਰਗੁਣ ਰੂਪ ਸ਼ਬਦ ਹੈ। ਸ਼ਬਦ ਦੇ ਅਭਿਆਸ ਨਾਲ ਖੋਟੇ ਕਰਮ ਮਿਟ ਜਾਣਗੇ ਅਤੇ ਸਦਾ ਮੇਲ ਵੀ ਬਣਿਆ ਰਹੇਗਾ।'

ਐਸ਼ ਮੁਕਾਮ : ਆਪ ਜੀ ਉਥੋਂ ਐਸ਼ ਮੁਕਾਮ ਵੱਲ ਚੱਲ ਪਏ। ਐਸ਼ ਮੁਕਾਮ 'ਤੇ ਇਕ ਆਜੜੀ ਨੇ ਆਪ ਜੀ ਨੂੰ ਆਪਣੀਆਂ ਬੱਕਰੀਆਂ ਦਾ ਦੁੱਧ ਚੋਅ ਕੇ ਪਿਲਾਇਆ। ਉਸ ਨੂੰ ਸੋਝੀ ਦਿੱਤੀ। ਜਦ ਇਕ ਹੋਰ ਆਜੜੀ ਨੇ ਰਤਾ ਕੁ ਮਜ਼ਾਕ ਕੀਤਾ ਤਾਂ ਆਪ ਜੀ ਨੇ ਸਹਿਜ ਸੁਭਾਅ ਕਿਹਾ : 'ਭਲੇ ਲੋਕ! ਆਪਣੀਆਂ ਭੇਡਾਂ ਬੱਕਰੀਆਂ ਸੰਭਾਲ।' ਉਸ ਦਾ ਇੱਜੜ ਐਸਾ ਖਿਲਰਿਆ ਕਿ ਭਾਲਿਆਂ ਵੀ ਨਾ ਮਿਲੇ। ਉਸ ਗੁਰੂ ਦੇ ਚਰਨ ਪਕੜੇ ਤੇ ਸਭ ਇੱਜੜ ਇਕ ਥਾਂਇ ਇਕੱਠਾ ਹੋਇਆ। ਗੁਰੂ ਜੀ ਦਰਸਾ ਰਹੇ ਸਨ ਕਿ ਸਹਿਜ ਦਾ ਜੀਵਨ ਗੁਜ਼ਾਰਿਆਂ ਇੰਦਰੇ ਆਪਣੀ-ਆਪਣੀ ਥਾਈਂ ਟਿਕੇ ਰਹਿੰਦੇ ਹਨ ਪਰ ਵਾਧੂ ਗੱਲਾਂ ਕੀਤਿਆਂ ਜੀਵਨ ਹੀ ਉਥਲ ਪੁਥਲ ਹੋ ਜਾਂਦਾ ਹੈ।

ਬਨਿਹਾਲ : ਉਥੋਂ ਆਪ ਜੀ ਪਹਿਲਗਾਮ, ਅਮਰਨਾਥ ਤੱਕ ਗਏ। ਮੁੜਦੇ ਅਨੰਤ

1. ਰਾਮਕਲੀ ਮਹਲਾ ੧, ਪੰਨਾ ੮੭੬।
2. ਜਪੈ ਨਾਮ ਜੋ ਕਰ ਕਰਤਾਰਾ। ਸੋ ਭੌ ਸਾਗਰ ਉਤਰੈ ਪਾਰਾ।

Sri Satguru Jagjit Singh Ji eLibrary NamdhariElibrary@gmail.com

ਨਾਗ ਦੇ ਰਾਹ ਕਾਜ਼ੀਗੁੰਡ ਤੇ ਫਿਰ ਬਨਿਹਾਲ ਦੇ ਪਰਬਤ ਪਾਰ ਕਰਕੇ ਰਾਮ ਬਣ ਤੇ ਵੈਸ਼ਨੋ ਦੇਵੀ ਦੇ ਮੰਦਰ ਪੁੱਜੇ।

ਵੈਸ਼ਨੋ ਦੇਵੀ ਵਾਲੇ ਪਹਾੜ ਦੇ ਤਿੰਨ ਕਿੰਗਰੇ ਬਹੁਤ ਉੱਚੇ ਹਨ ਤੇ ਇਸ ਨੂੰ ਤ੍ਰਿਕੂਟਾ ਵੀ ਆਖਦੇ ਹਨ। ਇਥੋਂ ਦੀ ਗੁਫ਼ਾ ਦਾ ਨਾਮ ਗਰਬਜੋਨ ਰੱਖਿਆ ਹੋਇਆ ਹੈ। ਗੁਫ਼ਾ ਦੇ ਬੂਹੇ ਅੱਗੇ ਬੈਠ ਕੇ ਆਪ ਜੀ ਨੇ ਮਾਰੂ ਰਾਗ ਵਿਚ ਇਹ ਸ਼ਬਦ ਪੜ੍ਹਿਆ :

'ਛੋਡਹੁ ਪ੍ਰਾਣੀ ਕੂੜ ਕਬਾੜਾ।
ਕੂੜੁ ਮਾਰੇ ਕਾਲੁ ਉਛਾਹਾੜਾ।
ਸਾਕਤ ਕੂੜਿ ਪਚਹਿ ਮਨਿ ਹਉਮੈ,
ਦੁਹੁ ਮਾਰਗਿ ਪਚੈ ਪਚਾਈ ਹੇ। ੬।
ਛੋਡਹਿ ਨਿੰਦਾ ਤਾਤਿ ਪਰਾਈ।
ਪੜਿ ਪੜਿ ਦਝਹਿ ਸਾਤਿ ਨ ਆਈ।
ਮਿਲ ਸਤ ਸੰਗਤਿ ਨਾਮ ਸਲਾਹਹੁ ਆਤਮਰਾਮੁ ਸਖਾਈ ਹੇ ੭।' [1]

ਸ਼ਬਦ ਦੀ ਚੋਟ ਐਸੀ ਵੱਜੀ ਕਿ ਪਾਂਡੇ ਗੁਰੂ ਜੀ ਦੀ ਸ਼ਰਨੀਂ ਲੱਗੇ। ਇਸ ਦੇ ਲਾਗੇ ਹੀ ਮੁਸਲਮਾਨਾਂ ਦੀ ਇਕ ਕਬਰ ਬਣਾਈ ਹੋਈ ਹੈ ਜਿਸ ਨੂੰ ਉਹ ਮਹਿੰਦੀ ਪੈਗੰਬਰ ਵੀ ਕਹਿੰਦੇ ਹਨ। ਉਨ੍ਹਾਂ ਨੂੰ ਵੀ 'ਕੂੜ ਬੋਲ ਮੁਰਦਾਰ ਖਾਇ' ਦਾ ਸਲੋਕ ਪੜ੍ਹ ਕੇ ਸੁਣਾਇਆ ਤੇ ਐਸੇ ਪਖੰਡ ਕਰਮ ਤੋਂ ਵਰਜਿਆ।

ਜੰਮੂ : ਉਥੋਂ ਆਪ ਜੀ ਜੰਮੂ ਪੁੱਜੇ। ਗੁੰਮਟ ਦਰਵਾਜ਼ੇ ਤੋਂ ਲੰਘਦੇ ਆਪ ਜੀ ਵੱਡੇ ਮੰਦਰ ਰਘੂ ਨਾਥ ਗਏ। ਜੰਮੂ ਜਾਮਵੰਤ ਦੇ ਨਾਂ 'ਤੇ ਵੱਸਿਆ ਸ਼ਹਿਰ ਹੈ। ਇਸ ਨੂੰ ਮੰਦਰਾਂ ਦਾ ਸ਼ਹਿਰ ਵੀ ਕਹਿੰਦੇ ਹਨ। ਜਾਮਵੰਤ ਦੀ ਗੁਫ਼ਾ ਪ੍ਰਸਿੱਧ ਹੈ। ਇਸ ਗੁਫ਼ਾ ਵਿਚ ਜਦ ਹਵਾ ਚਲੀ ਜਾਂਦੀ ਹੈ ਤਾਂ ਅੰਦਰੋਂ ਸ਼ੂੰ-ਸ਼ੂੰ ਦੀ ਆਵਾਜ਼ ਆਉਣ ਤੇ ਜੋਗੀ ਕਹਿੰਦੇ ਹਨ ਕਿ ਦੇਖੋ ਜਾਮਵੰਤ ਅੰਦਰ ਬੈਠਾ ਹੋਇਆ ਸਾਹ ਲੈ ਰਿਹਾ ਹੈ। ਲੋਕੀਂ ਪੂਜਾ ਕਰਦੇ ਤੇ ਪਦਾਰਥ ਚੜ੍ਹਾਂਦੇ ਹਨ। ਇਸ ਖੱਡ ਦਾ ਨਾਂ ਰਾਮ ਖੋਹ ਰੱਖਿਆ ਹੋਇਆ ਸੀ। ਔਰੰਗਜ਼ੇਬ ਨੇ ਉਸ ਨੂੰ ਕਬਜ਼ੇ ਵਿਚ ਕਰ ਕੇ 'ਪੀਰ ਖੋਹ' ਕਰ ਦਿੱਤਾ। ਮਹਾਰਾਜ ਨੇ ਪਖੰਡ ਤੋਂ ਵਰਜਿਆ ਤੇ ਫ਼ਰਮਾਇਆ ਕਿ ਮਮਤਾ ਬਧੇ ਨਾ ਉਹ ਆਉਧੂਤ ਹੀ ਰਹੇ ਹਨ ਤੇ ਨ ਸੰਸਾਰੀ। ਐਸੀ ਦੋਗਲੀ ਜ਼ਿੰਦਗੀ ਦਾ ਤਿਆਗਣਾ ਹੀ ਠੀਕ ਧਰਮ ਹੈ :

ਮਮਤਾ ਮੋਹ ਕਾਮਣਿ ਹਿਤਕਾਰੀ।
ਨਾ ਅਉਧੂਤੀ ਨਾ ਸੰਸਾਰੀ।' [2] *(ਰਾਮਕਲੀ ਮਹਲਾ ੧)*

ਉਨ੍ਹਾਂ ਨੂੰ ਦੰਭ, ਛਲ ਤੇ ਪੱਥਰ ਪੂਜਾ ਤਿਆਗਣ ਲਈ ਕਹਿਆ। ਜੰਮੂ ਦਾ ਰਾਜਾ ਸੋਭਾ ਸੁਣ ਕੇ ਨੰਗੇ ਪੈਰੀਂ ਦਰਸ਼ਨਾਂ ਨੂੰ ਆਇਆ. 'ਸੁਨਤ ਨਗਨ ਪਗ ਤੁਰਨ ਧਾਯੋ।' ਜਦ ਉਸ ਨੇ ਉਪਦੇਸ਼ ਦੇਣ ਲਈ ਕਿਹਾ ਤਾਂ ਆਪ ਜੀ ਨੇ ਫ਼ਰਮਾਇਆ :

'ਪਰਜਾ ਨਾਲ ਇਨਸਾਫ਼ ਕਰਨਾ। ਆਪਣਾ ਸੁਖ ਐਸ਼ ਗਵਾ ਕੇ ਪਰਜਾ ਨੂੰ ਖ਼ੁਸ਼ਹਾਲ

---

1. ਗੁਰੂ ਗ੍ਰੰਥ ਸਾਹਿਬ, ਪੰਨਾ ੧੦੨੫, ੧੦੨੬ ।
2. ਗੁਰੂ ਗ੍ਰੰਥ ਸਾਹਿਬ, ਪੰਨਾ ੯੦੩ ।

Sri Satguru Jagjit Singh Ji eLibrary NamdhariElibrary@gmail.com

ਕਰਨਾ। ਐਸਾ ਪ੍ਰਬੰਧ ਕਰਨਾ ਕਿ ਰਿਆਸਤ ਵਿਚ ਕਿਸੇ ਨੂੰ ਖਾਣ-ਪੀਣ ਦੀ ਥੁੜ੍ਹ ਨਾ ਰਹੇ। ਰੱਬ ਦਾ ਭੈ ਤੇ ਸ਼ਰਧਾ ਦਿਲ ਵਿਚ ਰੱਖਣੀ। ਦਇਆ, ਧਰਮ ਤੇ ਨਿਆਂ ਦਾ ਰਾਜ ਰੱਖਣਾ।'

ਸੂਰਜ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਦੀਜੈ ਸਦਾ ਧਰਮ ਕੋ ਨਿਆਉ।
ਲੋਭ ਪਰ ਨਹਿ, ਕਰ ਕਰ ਨਿਆਉ।
ਸੇਵਾ ਸੰਤਨ ਕੀ ਚਿਤ ਦੀਜੈ,
ਨਗਨ ਛੁਧਿਤ ਪਰ ਕਰੁਣਾ ਕੀਜੈ।'

ਜੰਮੂ ਤੋਂ ਆਪ ਜੀ ਸਿਆਲਕੋਟ ਗਏ।

ਸਿਆਲਕੋਟ : ਜਦ ਗੁਰੂ-ਪਾਤਸ਼ਾਹ ਸਿਆਲਕੋਟ ਪੁੱਜੇ ਤਾਂ ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਸੀ। ਇਕ ਹਮਜ਼ਾ ਗੌਂਸ ਦੇ ਨਾਂ ਦਾ ਪੀਰ ਇਹ ਕਹਿ ਕੇ ਚਲੀਹਾ ਕੱਟ ਰਿਹਾ ਸੀ ਕਿ ਸਾਰਾ ਸ਼ਹਿਰ ਹੀ ਝੂਠਿਆਂ ਦਾ ਹੈ ਤੇ ਚਾਲੀ ਦਿਨਾਂ ਦੇ ਵਰਤ ਬਾਅਦ ਉਹ ਜਦ ਆਪਣੀ ਗੁਫ਼ਾ ਵਿਚੋਂ ਬਾਹਰ ਨਿਕਲੇਗਾ ਤਾਂ ਸਾਰਾ ਸ਼ਹਿਰ ਕਰਾਮਾਤੀ ਸ਼ਕਤੀ ਨਾਲ ਤਬਾਹ ਕਰ ਦੇਵੇਗਾ। ਗੁਰੂ ਮਹਾਰਾਜ ਉਸ ਦੀ ਗੁਫ਼ਾ ਦੇ ਬਾਹਰ ਜਾ ਬੈਠੇ ਤੇ ਸ਼ਬਦ ਦੀ ਉੱਚੀ ਧੁਨੀ ਕੱਢੀ। ਗੁਫ਼ਾ ਵਿਚ ਤ੍ਰੇੜ ਪਈ ਤਾਂ ਉਹ ਬਾਹਰ ਆਇਆ ਤੇ ਕਹਿਣ ਲੱਗਾ ਕਿ ਤੁਸੀਂ ਕੌਣ ਹੋ ਜੋ ਇਨ੍ਹਾਂ ਝੂਠਿਆਂ ਦੀ ਇਮਦਾਦ 'ਤੇ ਆਏ ਹੋ? ਮਹਾਰਾਜ ਨੇ ਕਿਹਾ ਕਿ ਇਹ ਪੀਰੀ ਨਹੀਂ ਕਿ ਇਕ ਦੇ ਝੂਠ ਦੀ ਸਜ਼ਾ ਸਾਰੇ ਸ਼ਹਿਰ ਨੂੰ ਦਿੱਤੀ ਜਾਏ। ਜੇ ਇਕ ਨੇ ਉਸ ਨਾਲ ਕੀਤੇ ਪ੍ਰਣ ਅਨੁਸਾਰ ਆਪਣਾ ਲੜਕਾ ਉਸ ਦੇ ਹਵਾਲੇ ਨਹੀਂ ਕੀਤਾ ਤਾਂ ਬਾਕੀਆਂ ਨੂੰ ਸਜ਼ਾ ਦੇਣੀ ਧਰਮ ਨਹੀਂ। ਫਿਰ ਵੀ ਉਸ ਦੀ ਤਸੱਲੀ ਲਈ ਇਹ ਦਰਸਾਇਆ ਜਾ ਸਕਦਾ ਹੈ ਕਿ ਸਿਆਲਕੋਟ ਵਿਚ ਜੀਵਨ ਦਾ ਮਹੱਤਵ ਸਮਝਣ ਵਾਲੇ ਵੀ ਵਸਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਬਾਜ਼ਾਰ ਵਿਚ ਭੇਜਿਆ ਕਿ ਉਹ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਖ਼ਰੀਦ ਲਿਆਵੇ। ਕਈਆਂ ਤਾਂ ਮਖੌਲ ਹੀ ਜਾਣਿਆ ਪਰ ਭਾਈ ਮੂਲਾ ਨਾਂ ਦੇ ਖੱਤ੍ਰੀ ਨੇ ਦੋ ਪੈਸੇ ਲੈ ਕੇ ਇਕ ਕਾਗਜ਼ ਦੇ ਪੁਰਜ਼ੇ 'ਤੇ ਲਿਖ ਦਿੱਤਾ, 'ਜੀਵਣਾ ਝੂਠ' ਤੇ ਦੂਜੇ 'ਤੇ ਲਿਖ ਦਿੱਤਾ, 'ਮਰਨਾ ਸੱਚ'। ਦੋਵੇਂ ਕਾਗਜ਼ ਦੇ ਪੁਰਜ਼ੇ ਲੈ ਕੇ ਜਦ ਭਾਈ ਮਰਦਾਨਾ ਜੀ ਪੁੱਜੇ ਤਾਂ ਗੁਰੂ ਨਾਨਕ ਦੇਵ ਜੀ ਨੇ ਦੋਵੇਂ ਟੁਕੜੇ ਪੀਰ ਅੱਗੇ ਕਰ ਕੇ ਉਸ ਦੀ ਤਸੱਲੀ ਕਰਵਾਈ।

ਹਮਜ਼ਾ ਗੌਂਸ ਨੂੰ ਉਪਦੇਸ਼ ਦੇਂਦੇ ਫ਼ਰਮਾਇਆ :

'ਪੀਰ ਜੀ! ਰੱਬ ਦੀ ਵਾਹਿਦ ਸ਼ਕਤੀ ਨੂੰ ਕਦੀ ਵੀ ਵੰਗਾਰਨਾ ਨਹੀਂ ਚਾਹੀਦਾ। ਰੱਬ ਦਾ ਕਾਨੂੰਨ ਆਪਣੇ ਹੱਥ ਵਿਚ ਨਹੀਂ ਲੈਣਾ ਚਾਹੀਦਾ। ਉਹ ਆਪ ਹੀ ਜਾਣਦਾ ਹੈ ਕਿ ਪਾਪੀਆਂ, ਅਕ੍ਰਿਤਘਣਾਂ ਨੂੰ ਕਦ ਸਜ਼ਾ ਦੇਣੀ ਤੇ ਕਿਵੇਂ ਦੇਣੀ ਹੈ। ਫ਼ਕੀਰਾਂ ਦਾ ਇਕ ਹੀ ਕੰਮ ਹੈ ਕਿ ਪ੍ਰਭੂ ਦੀ ਬੰਦਗੀ ਵਿਚ ਜੁੱਟੇ ਰਹਿਣਾ। ਉਨ੍ਹਾਂ ਨੂੰ ਜੰਜਾਲਾਂ ਵਿਚ

Sri Satguru Jagjit Singh Ji eLibrary NamdhariElibrary@gmail.com

ਨਹੀਂ ਫਸਣਾ ਚਾਹੀਦਾ। ਇਕ ਮਮਤਾ ਵਿਚੋਂ ਨਿਕਲ ਕੇ ਦੂਜੀ ਵਿਚ ਪੈਣ ਦਾ ਕੀ ਲਾਭ ?'

ਜਿਸ ਬੇਰੀ ਦੇ ਦਰੱਖ਼ਤ ਹੇਠਾਂ ਗੁਰੂ ਨਾਨਕ ਦੇਵ ਜੀ ਬੈਠੇ ਤੇ ਉਪਦੇਸ਼ ਦਿੱਤਾ ਉਥੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਉਥੋਂ ਗੁਰੂ ਪਾਤਸ਼ਾਹ ਪਸਰੂਰ ਪੁੱਜੇ।

ਮੀਆਂ ਮਿੱਠਾ : ਪਸਰੂਰ ਮੀਆਂ ਮਿੱਠਾ ਨਾਂ ਦਾ ਇਕ ਪੁੱਜਿਆ ਹੋਇਆ ਫ਼ਕੀਰ ਰਹਿੰਦਾ ਸੀ। ਕਹਿੰਦੇ ਹਨ ਕਿ ਫ਼ਰੀਦ ਸ਼ਕਰ ਗੰਜ ਤੇ ਮੀਆਂ ਮਿੱਠਾ ਨੇ ਜਿਸ ਮਿਠਾਸ ਨਾਲ ਇਸਲਾਮ ਪ੍ਰਚਾਰਿਆ ਸੀ ਉਹ ਹੋਰ ਕਿਸੇ ਦੇ ਹੱਥ ਨਹੀਂ ਆਇਆ। ਮੀਆਂ ਮਿੱਠਾ ਨੇ ਆਪਣੇ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਕਿਹਾ :

'ਪਹਿਲਾ ਨਾਉ ਖ਼ੁਦਾਇ ਦਾ,
ਦੂਜਾ ਨਾਉਂ ਰਸੂਲ।
ਨਾਨਕ ਕਲਮਾ ਜੇ ਪੜਹਿ,
ਤਾਂ ਦਰਗਹ ਪਵਹਿ ਕਬੂਲ।'

ਗੁਰੂ ਨਾਨਕ ਦੇਵ ਜੀ ਨੇ ਮੋੜਵਾਂ ਉੱਤਰ ਦਿੰਦੇ ਹੋਏ ਫ਼ਰਮਾਇਆ, "ਮੀਆਂ ਮਿੱਠਾ ! ਇਹ ਤਾਂ ਸੱਚ ਹੈ ਕਿ ਪਹਿਲਾ ਨਾਉਂ ਖ਼ੁਦਾਇ ਦਾ ਹੈ ਪਰ ਦੂਜਾ ਨਾਉਂ ਰਸੂਲ ਨਹੀਂ। ਉਸ ਦੇ ਦਰ 'ਤੇ ਕਈ ਰਸੂਲ ਖੜ੍ਹੇ ਹਨ। ਉਸ ਦੀ ਦਰਗਾਹ ਵਿਚ ਕਬੂਲ ਹੋਣ ਲਈ ਕਲਮਾ ਨਹੀਂ, ਨੀਅਤ ਰਾਸਿ ਕਰਨ ਦੀ ਲੋੜ ਹੈ :

'ਪਹਿਲਾ ਨਾਉਂ ਖ਼ੁਦਾ ਦਾ,
ਦਰ ਦਰਵਾਨ ਰਸੂਲ।
ਸ਼ੇਖਾ, ਨਿਅਤ ਰਾਸਿ ਕਰ,
ਤੇ ਦਰਗਹ ਪਵਹਿ ਕਬੂਲ।'

ਬੇਬੇ ਨਾਨਕੀ[1] ਦਾ ਅਕਾਲ ਚਲਾਣਾ : ਪਸਰੂਰ ਤੋਂ ਆਪ ਜੀ ਤਲਵੰਡੀ, ਲਾਹੌਰ ਤੇ ਫਿਰ ਸੁਲਤਾਨਪੁਰ ਪੁੱਜੇ। ਉਨ੍ਹਾਂ ਦੇ ਸੁਲਤਾਨਪੁਰ ਪੁੱਜਣ ਤੋਂ ਦੂਜੇ ਦਿਨ ਬੇਬੇ ਨਾਨਕੀ ਜੀ ੧੫੧੮ ਈ: ਦੇ ਅਖ਼ੀਰ ਅਕਾਲ ਚਲਾਣਾ ਕਰ ਗਏ। ਗੁਰੂ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਬੇਬੇ ਨਾਨਕੀ ਦਾ ਸਸਕਾਰ ਕੀਤਾ।

ਬੇਬੇ ਨਾਨਕੀ : ਬੇਬੇ ਨਾਨਕੀ ਇਕ ਉਹ ਪਾਵਨ ਸ਼ਖ਼ਸੀਅਤ ਸਨ ਜਿਨ੍ਹਾਂ ਨੇ ਬਚਪਨ ਤੋਂ ਹੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਜਾਣ ਲਈ ਸੀ। ਬੇਬੇ ਨਾਨਕੀ ਤੇ ਗੁਰੂ ਨਾਨਕ ਦੇਵ ਜੀ ਦਾ ਪਿਆਰ ਵੀ ਜਗਤ ਪ੍ਰਸਿੱਧ ਹੈ। ਪਹਿਲੀ ਉਦਾਸੀ ਬਾਅਦ ਵੀ ਆਪ ਜੀ ਸਿੱਧੇ ਸੁਲਤਾਨਪੁਰ ਆਏ ਸਨ। ਇਸ ਵਾਰੀ ਵੀ ਸਫ਼ਰ ਦੀ ਥਕਾਨ ਬੇਸ਼ੱਕ ਬਹੁਤ ਸੀ ਪਰ ਆਪ ਜੀ ਤਲਵੰਡੀ ਨਾ ਟਿਕੇ ਤੇ ਸੁਲਤਾਨਪੁਰ ਆਏ। ਰਬਾਬ ਜਦ

---

1. ਵਿਸਥਾਰ ਲਈ ਮੇਰੀ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ'
ਅਤੇ
'ਪ੍ਰਸਿੱਧ ਸਿੱਖ ਬੀਬੀਆਂ' ਕ੍ਰਿਤ ਸਿਮਰਨ ਕੌਰ ਪੜ੍ਹੋ।

Sri Satguru Jagjit Singh Ji eLibrary NamdhariElibrary@gmail.com

ਨਵੀਂ ਬਣਵਾਈ ਤਾਂ ਵੀ ਭੈਣ ਜੀ ਕੋਲੋਂ ਹੀ ਰੁਪਏ ਲਏ ਸਨ।

ਭਾਈ ਕਾਹਨ ਸਿੰਘ ਜੀ ਨੇ ਮਹਾਨਕੋਸ਼ ਵਿਚ ਲਿਖਿਆ ਹੈ : 'ਉਹ ਗੁਰੂ ਨਾਨਕ ਦੇਵ ਜੀ ਦੇ ਧਰਮ ਨੂੰ ਧਾਰਨ ਵਾਲੀ ਸਭ ਤੋਂ ਪਹਿਲੀ ਸੀ।' ਗੱਲ ਬਿਲਕੁਲ ਠੀਕ ਹੈ। ਗੁਰੂ ਨਾਨਕ ਦੇਵ ਜੀ ਨੂੰ ਬੇਬੇ ਨਾਨਕੀ ਨੇ ਵੀਰ ਕਰਕੇ ਨਹੀਂ, ਪੀਰ ਕਰਕੇ ਜਾਣਿਆ। ਇਕੋ ਉਦਾਹਰਨ ਹੀ ਬਹੁਤ ਹੈ ਕਿ ਜਦ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਮੋਦੀਖ਼ਾਨੇ ਦੀ ਕਾਰ ਸੰਭਾਲਣ ਲਈ ਪੁੱਜੇ ਤਾਂ ਬੇਬੇ ਨਾਨਕੀ ਨੇ ਪੈਰ ਛੂਹੇ। ਗੁਰੂ ਨਾਨਕ ਦੇਵ ਜੀ ਕੁਝ ਪਿੱਛੇ ਹਟ ਗਏ ਤੇ ਕਹਿਣ ਲੱਗੇ : ਬੇਬੇ ਜੀ, ਵੱਡੀ ਹੈਂ, ਮੈਂ ਤੇਰੇ ਪੈਰਾਂ 'ਤੇ ਪਵਾਂ ਕਿ ਤੂੰ ਪਵੇਂ ਤਾਂ ਸ਼ਰਧਾ ਵਿਚ ਭਿੱਜੀ ਭੈਣ ਨੇ ਕਿਹਾ ਸੀ : ਭਾਈ ਜੀ! ਤੂੰ ਸੱਚ ਆਖਦਾ ਹੈਂ ਪਰ ਜੇ ਤੂੰ ਆਦਮੀ ਹੋਵੇਂ ਤਾਂ? ਤੂੰ ਤਾਂ ਪਰਮੇਸ਼ਰ ਨਜ਼ਰ ਆਉਂਦਾ ਹੈਂ। ਉਹ ਸਦਾ ਕਿਹਾ ਕਰਦੇ ਸਨ : ਨਾਨਕ ਕੋਈ ਇਸ ਜਗਤ ਦਾ ਜੀਵ ਨਹੀਂ, ਫ਼ਕੀਰ ਦੋਸਤ ਹੈ।

ਇਕ ਵਾਰੀ ਜਦ ਗੁਰੂ ਨਾਨਕ ਦੇਵ ਜੀ ਦੀ ਸੱਸ ਚੰਨੋ ਨੇ ਸੁਲਤਾਨਪੁਰ ਆ ਕੇ ਕੁਝ ਵੱਧ ਘੱਟ ਗੱਲ ਕੀਤੀ ਤਾਂ ਬੇਬੇ ਨਾਨਕੀ ਜੀ ਨੇ ਜੋ ਉਸ ਸਮੇਂ ਕਿਹਾ, ਉਸ ਤੋਂ ਉਨ੍ਹਾਂ ਦਾ ਭੈਣ-ਪਿਆਰ ਤਾਂ ਡਲ੍ਹਕਾਂ ਮਾਰਦਾ ਹੀ ਹੈ ਪਰ ਗੁਰੂ ਜੀ ਦੀ ਸ਼ਖ਼ਸੀਅਤ ਦਾ ਇਕ ਹੋਰ ਪੱਖ ਵੀ ਉੱਘੜ ਆਉਂਦਾ ਹੈ। ਬੇਬੇ ਜੀ ਨੇ ਕਿਹਾ :

'ਸੁਣਿ ਮਾਸੀ ਜੀ! ਮੈਂ ਭਰਾਉਂ ਤਕ ਕੀ ਸਮਝਾਵਾਂ। ਭਿਰਾਉ ਮੇਰਾ ਚੋਰ ਨਾਹੀ, ਯਾਰ ਨਾਹੀ, ਜੁਆਰੀ ਨਾਹੀ, ਕੋਈ ਬੁਰਾ ਕੰਮ ਨਹੀਂ ਕਰਦਾ। ਮੈਂ ਉਸ ਨੂੰ ਕਿਆ ਸਮਝਾਵਾਂ। ਉਹ ਪੁੰਨ ਦਾਨ ਕਰਦਾ ਹੈ, ਨੰਗੇ ਭੁੱਖੇ ਨੂੰ ਦੇਂਦਾ ਹੈ, ਤਾਂ ਆਪਣੀ ਖੱਟੀ ਕਮਾਈ ਵਿਚੋਂ ਕਰਦਾ ਹੈ। ਮੈਂ ਕੀ ਸਮਝਾਵਾਂ? ਆਪਣੀ ਕਮਾਈ ਵਿਚੋਂ ਭਾਵੇਂ ਸੋ ਕਰੇ।'

'ਮਾਸੀ! ਤੁਸੀਂ ਉਲ੍ਹਾਮੇ ਤਾਂ ਦੇਵੋ ਜੇ ਤੇਰੀ ਧੀ ਨੰਗੀ ਭੁੱਖੀ ਰਹਿੰਦੀ ਹੋਵੇ ਤਾਂ ਤੁਸੀਂ ਉਲ੍ਹਾਮੇ ਦੇਂਦੇ ਬਣੋ ਅਤੇ ਮਾਸੀ ਚੰਗੇ ਭਲੇ ਖਾਂਦੇ ਕਮਾਂਵਦੇ ਨੂੰ ਤਾਂ ਖੁਆਰ ਨਾ ਕਰੋ ਤਾਂ ਤੁਸੀਂ ਜਾਣੋ ਤੁਸਾਡੀ ਖ਼ੁਸ਼ੀ। ਅਸਾਡਾ ਮੂੰਹੋਂ ਸੁਆਦ ਨਹੀਂ ਦੇਂਦਾ। ਅਸੀਂ ਮੂੰਹੋਂ ਕੁਝ ਆਖੀਅਹਿ। ਤੂੰ ਸੁਣ ਮਾਸੀ। ਗਹਿਣੇ ਦੀ ਜਾਇ ਗਹਿਣਾ ਹੈ। ਕਪੜੇ ਦੀ ਜਾਇ ਕਪੜਾ ਹੈ। ਅੰਨ ਦੀ ਜਾਇ ਅੰਨ ਹੈ ਅਤੇ ਮੈਂ ਅਸਤ-ਅਸਤ ਕਰਦੀ ਰਹਿੰਦੀ ਹਾਂ ਅਤੇ ਭਾਬੀ ਬਿਨਾਂ ਮੈਂ ਇਸ ਮੂੰਹੋਂ ਨਾਉਂ ਕਦੇ ਸੱਦਿਆ ਨਹੀਂ।'

ਬੇਬੇ ਨਾਨਕੀ ਦਾ ਜਨਮ ਆਪਣੇ ਨਾਨਕੇ ਪਿੰਡ ਚਾਹਲ, ਥਾਣਾ ਬਰਕੀ, ਜ਼ਿਲ੍ਹਾ ਲਾਹੌਰ ਸੰਨ ੧੪੬੪ ਨੂੰ ਹੋਇਆ ਸੀ। ਗਿਆਰਾਂ ਸਾਲ ਦੀ ਉਮਰ ਵਿਚ ਜੈ ਰਾਮ ਜੀ ਨਾਲ ਵਿਆਹ ਹੋ ਗਿਆ ਸੀ। ਜੈ ਰਾਮ ਜੀ ਨਾਨਕੀ ਜੀ ਨੂੰ ਕਿੰਨਾ ਆਦਰ ਦੇਂਦੇ ਸਨ ਉਹ ਉਨ੍ਹਾਂ ਦੇ ਇਕ ਵਾਰੀ ਆਖੇ ਸ਼ਬਦਾਂ ਤੋਂ ਪ੍ਰਗਟ ਹੈ।

ਜੈ ਰਾਮ ਜੀ ਨੇ ਕਿਹਾ ਸੀ :

'ਬਹੂ ਜੀ! ਤੂੰ ਨਾਨਕ ਜੀ ਦੀ ਭੈਣ ਹੈਂ, ਤੈਨੂੰ ਵੀ ਇਸ ਦਾ ਕੁਝ ਅਸਰ ਹੈ ਅਤੇ ਅਸੀਂ ਈਵੇਂ ਭਰਮ ਵਿਚ ਭਟਕਦੇ ਹਾਂ। ਧੰਨ ਪਰਮੇਸ਼ਰ ਜੀ ਹੈ ਅਤੇ ਧੰਨ ਨਾਨਕ ਜੀ ਹੈ ਅਤੇ ਤੂੰ ਵੀ ਧੰਨ ਹੈਂ ਜੋ ਇਸ ਦੀ ਭੈਣ ਹੈਂ। ਪਰ ਥੋੜ੍ਹੇ-ਥੋੜ੍ਹੇ ਅਸੀਂ ਵੀ ਧੰਨ ਹਾਂ

Sri Satguru Jagjit Singh Ji eLibrary NamdhariElibrary@gmail.com

ਜੋ ਤੇਰੇ ਨਾਲ ਸਾਡਾ ਸੰਜੋਗ ਹੈ।'

ਬੇਬੇ ਨਾਨਕੀ ਦੇ ਅਕਾਲ ਚਲਾਣੇ ਤੋਂ ਤੀਜੇ ਦਿਨ ਭਾਈ ਜੈ ਰਾਮ ਜੀ ਚੜ੍ਹਾਈ ਕਰ ਗਏ।[1] ਉਨ੍ਹਾਂ ਦਾ ਵੀ ਸਸਕਾਰ ਗੁਰੂ ਪਾਤਸ਼ਾਹ ਨੇ ਹੱਥੀਂ ਕੀਤਾ ਤੇ ਕੁਝ ਦਿਨ ਉਥੇ ਟਿਕ ਕੇ ਫਿਰ ਤਲਵੰਡੀ ਆਏ। ਕਰਤਾਰਪੁਰ ਵਸਾਉਣ ਦੀ ਯੋਜਨਾ ਬਣਾਉਣ ਲੱਗੇ ਪਰ ਅਜੇ ਤਾਂ ਉਨ੍ਹਾਂ ਇਸਲਾਮੀ ਕੇਂਦਰਾਂ 'ਤੇ ਜਾਣਾ ਸੀ। ਸੋ ੧੫੧੯ ਈ: ਦੇ ਅਰੰਭ ਵਿਚ ਹੀ ਆਪ ਜੀ ਨੇ ਮੱਕੇ ਜਾਣ ਦੀ ਵਿਉਂਤ ਬਣਾ ਲਈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

'ਬਾਬਾ ਫਿਰ ਮਕੇ ਗਇਆ,
ਨੀਲ ਬਸਤਰ ਧਾਰੇ ਬਨਵਾਰੀ।'

1. ਕਿਤਨਾ ਪਿਆਰ ਸੀ ਇਸ ਜੋੜੇ ਦਾ।

Sri Satguru Jagjit Singh Ji eLibrary NamdhariElibrary@gmail.com

9

ਬਾਬਾ ਫਿਰ ਮੱਕੇ ਗਇਆ

ਮਾਤਾ ਤ੍ਰਿਪਤਾ ਤੇ ਪਿਤਾ ਕਾਲੂ ਜੀ ਦਾ ਅਕਾਲ ਚਲਾਣਾ : ਗੁਰੂ ਨਾਨਕ ਦੇਵ ਜੀ ਤਲਵੰਡੀ ਵਿਚ ਹੀ ਸਨ ਕਿ ਮਾਤਾ ਤ੍ਰਿਪਤਾ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ ਉਨ੍ਹਾਂ ਨੂੰ ਰੋਕ ਲਿਆ। ਮਾਤਾ-ਪਿਤਾ ਜੀ ਹੁਣ ਰੋਜ਼ ਕੀਰਤਨ ਵਿਚ ਜੁੜਦੇ। ਮਹਿਤਾ ਕਾਲੂ ਜੀ ਵੀ ਕਹਿਣ ਲੱਗ ਪਏ ਕਿ ਉਹ (ਗੁਰੂ) ਨਾਨਕ ਨੂੰ ਜਾਣ ਨਹੀਂ ਸਕੇ। ੧੫ ਮਾਰਚ, ੧੫੧੯ ਨੂੰ ਮਾਤਾ ਤ੍ਰਿਪਤਾ ਜੀ ਨੇ ਰਾਜ਼ੀ ਬਾਜ਼ੀ ਗੱਲਾਂ ਕਥਾਂ ਕਰਦੇ ਹੋਏ ਆਪਣੇ ਸਪੁੱਤਰ ਗੁਰੂ ਨਾਨਕ ਤੇ ਪੋਤਰਿਆਂ ਦੇ ਹੱਥਾਂ ਵਿਚ ਸੱਪ ਦੇ ਕੁੰਜ ਛੱਡਣ ਵਾਂਗ ਦੇਹ ਤਿਆਗ ਦਿੱਤੀ।[1] ਉਸ ਤੋਂ ਤੀਜੇ ਦਿਨ ਮਹਿਤਾ ਕਾਲੂ ਜੀ ਨੇ ਵੀ ਸਰੀਰ ਛੱਡ ਦਿੱਤਾ। ਪਿਤਾ ਜੀ ਦਾ ਵੀ ਸਸਕਾਰ ਹੱਥੀਂ ਕਰ ਕੇ ਅਸਥੀਆਂ ਮਹਾਰਾਜ ਨੇ ਰਾਵੀ ਵਿਚ ਪਰਵਾਹ ਕਰ ਦਿੱਤੀਆਂ। ਘਰ ਦਾ ਸਾਮਾਨ ਆਪ ਜੀ ਨੇ ਲੋੜਵੰਦਾਂ ਨੂੰ ਵੰਡ ਦਿੱਤਾ। ਜ਼ਮੀਨ ਚਾਚੇ ਲਾਲੂ ਚੰਦ ਜੀ ਨੂੰ ਸੌਂਪ ਕੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਮੱਕੇ ਵੱਲ ਚੱਲ ਪਏ।

ਨੀਲੇ ਬਸਤਰ ਪਾ ਲਏ। ਇੰਜ ਪ੍ਰਤੀਤ ਹੋਵੇ ਕਿ ਬਨਵਾਰੀ (ਹਰੀ) ਰੂਪ ਹਨ। ਹੱਥ ਵਿਚ ਆਸਾ ਤੇ ਖੱਬੇ ਪਾਸੇ ਕਿਤਾਬ ਤੇ ਬਾਂਗ ਦੇਣ ਵਾਲਾ ਮੁਸੱਲਾ ਅਤੇ ਕੂਜਾ ਨਾਲ ਲੈ ਲਿਆ। ਭਾਈ ਮਰਦਾਨਾ ਜੀ ਨਾਲ ਹੀ ਸਨ। ਜਨਮ ਸਾਖੀਆਂ ਤਾਂ ਇਹ ਲਿਖਦੀਆਂ ਹਨ ਕਿ ਮਰਦਾਨਾ ਜੀ ਨੇ ਕਿਹਾ : 'ਮਹਾਰਾਜ ਹੁਣ ਮੱਕੇ ਵੱਲ ਚੱਲੋ।' ਗੁਰੂ ਜੀ ਵੀ ਇਹ ਜਾਣਦੇ ਸਨ ਕਿ ਇਸਲਾਮ ਵਿਚ ਆਈ ਕਟੜਤਾ, ਮੱਕੇ ਪੁੱਜ ਕੇ ਹੀ ਰੋਕੀ ਜਾ ਸਕਦੀ ਹੈ। ਮੱਕੇ ਜਾਣਾ ਵੀ ਸੀਸ ਤਲੀ 'ਤੇ ਰੱਖਣਾ ਸੀ। ਪੁਰਾਤਨ ਜਨਮ ਸਾਖੀ ਅਨੁਸਾਰ 'ਇਸ ਉਦਾਸੀ ਵਿਚ ਪੈਰੀਂ ਖੰਉਸਾ (ਜੁੱਤੀਆਂ) ਚੰਮ ਕੀਆ, ਤਨ ਨੀਲੇ ਬਸਤਰ ਥੇ।'

ਪਾਕਪਟਨ : ਤਲਵੰਡੀ ਤੋਂ ਉਨ੍ਹਾਂ ਦੇ ਸਫ਼ਰ ਬਾਰੇ ਗਿਆਨੀ ਗਿਆਨ ਸਿੰਘ ਜੀ ਦਾ ਵੀਚਾਰ ਹੈ ਕਿ ਉਹ ਸ਼ਰਕਪੁਰ, ਸ਼ੇਖੂਪੁਰਾ ਤੋਂ ਹੋ ਕੇ ਕਟਾਸ ਰਾਜ (ਰਹੁਤਾਸ) ਤੇ

1. ਤ੍ਵਾਰੀਖ ਗੁਰੂ ਖ਼ਾਲਸਾ, ਪੰਨਾ ੩੯੩ ਹਿੱਸਾ ਪਹਿਲਾ।

Sri Satguru Jagjit Singh Ji eLibrary NamdhariElibrary@gmail.com

ਫਿਰ ਹਜ਼ਾਰਾ ਆਦਿ ਹੁੰਦੇ ਹੋਏ ਸਿੰਧ ਵਿਚੋਂ ਹੋ ਕੇ ਹਿੰਗਲਾਜ ਤੋਂ ਜਹਾਜ਼ 'ਤੇ ਸਵਾਰ ਹੋ ਕੇ ਅਦਨ ਅਤੇ ਫਿਰ ਮੱਕੇ ਵੱਲ ਗਏ। ਪਰ ਗੁਰੂ ਨਾਨਕ ਦੇਵ ਜੀ ਨੇ ਇਹ ਰਾਹ ਅਪਣਾਇਆ ਨਹੀਂ ਲਗਦਾ ਕਿਉਂਕਿ ਉਨ੍ਹਾਂ ਹਾਜੀਆਂ ਨਾਲ ਸਤੰਬਰ ੧੫੧੯ ਨੂੰ ਮੱਕੇ ਜਾਣਾ ਸੀ। ਸੰਨ ੧੫੧੯ ਵਿਚ ਹੱਜ ਦਾ ਦਿਹਾੜਾ ਦਸੰਬਰ ਪੰਜ ਨੂੰ ਆਉਂਦਾ ਸੀ।

ਹੱਜ, ਇਸਲਾਮੀ ਸਾਲ, ਹਿਜਰੀ ਦੇ ਆਖ਼ਰੀ ਮਹੀਨੇ ਜ਼ੁਲ ਹਿਜਰ ਦੀ ਦਸਵੀਂ ਤਾਰੀਖ਼ ਨੂੰ ਹੁੰਦਾ ਹੈ। ਉਸ ਦਿਨ ਹੀ 'ਬਕਰਈਦ' ਹੁੰਦੀ ਹੈ। ਸੋ ਮੇਹਰਬਾਨ ਦੀ ਜਨਮ ਸਾਖੀ ਅਨੁਸਾਰ 'ਤਲਵੰਡੀ ਦੇ ਗਰਬੇ (ਪੱਛਮ) ਵਿਚ ਦੇ, ਮਾਣੇ ਗੋਪਾਲੈ, ਵਡਿਆਂ ਜੋਧਕਿਆਂ, ਖ਼ਾਨਪੁਰ ਸੁਹੁੰਦੇ, ਮਿਠੇ ਅਰਾਈਂ, ਸਤ ਘਰੇ, ਮਾਝੈ ਦੀ ਧਰਤੀ ਵਿਚਿਰ ਕਰਿ, ਕਸੂਰ ਤੋਂ ਹੁੰਦੇ, ਸ਼ੇਖ ਫ਼ਰੀਦੇ ਦੈ ਪਟਣ ਦੇ ਸਵਾਦਿ ਨਜੀਕ ਕੋਹਾਂ ਦੁਹੁ ਕੁ ਦੇ ਫ਼ਰਕ ਆਇ ਬੈਠਾ ਜੰਗਲ ਵਿਚ।'

ਆਪ ਜੀ ਨੇ ਉਥੇ ਪੁੱਜਦੇ ਸਾਰ :

'ਆਪੇ ਪਟੀ ਕਲਮ ਆਪਿ ਉਪਰ ਲੇਖੁ ਭਿ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ।'[1]

ਦਾ ਸਲੋਕ ਉੱਚੀ ਆਵਾਜ਼ ਵਿਚ ਪੜ੍ਹਿਆ। ਫ਼ਰੀਦ ਜੀ ਦੀ ਗੱਦੀ ਉੱਪਰ ਉਸ ਸਮੇਂ ਸ਼ੇਖ ਬ੍ਰਹਮ ਸੀ। ਮਹਿਮਾ ਪ੍ਰਕਾਸ਼ ਨੇ ਲਿਖਿਆ ਹੈ :

'ਪਟਨ ਮੋ ਸੇਖ ਇਬਰਾਹੀਮ ਰਹੇ।
ਸਾਹਿਬ ਸਜਾਦਾ[2] ਸਭ ਕੋ ਕਹੈ।'

ਉਸ ਦਾ ਚੇਲਾ ਜਿਸ ਦਾ ਨਾਂ ਕਮਾਲ ਕਰਕੇ ਲਿਖਿਆ ਹੈ, ਸਵੇਰੇ ਹੀ ਬਾਹਰੋਂ ਲੱਕੜੀਆਂ ਚੁਣਨ ਲਈ ਗਿਆ ਹੋਇਆ ਸੀ। ਜਦ ਉਸ ਨੇ 'ਇਕ' ਦਾ ਹੋਕਾ ਸੁਣਿਆ ਤਾਂ ਉਸ ਨੇ ਕਿਹਾ : ਇਹ ਤਾਂ ਠੀਕ ਹੈ ਕਿ ਉਹ ਇਕ ਹੈ ਅਤੇ ਸੁਣ ਕੇ ਸੁਖ ਵੀ ਮਿਲਿਆ ਹੈ ਪਰ ਹੱਦਾਂ ਤਾਂ ਦੋ ਹਨ। ਕਿਸ ਨੂੰ ਸੇਵਿਆ ਜਾਵੇ ਤੇ ਕਿਸ ਨੂੰ ਛੱਡਿਆ ਜਾਇ :

'ਇਕ ਸਾਹਿਬ ਦੁਇ ਹਦੀ, ਕੇਹੜਾ ਸੇਵੀ ਕੇਹੜਾ ਰਦੀ।'

ਉਸ ਦਾ ਭਾਵ ਸੀ ਕਿ ਮਾਇਆ ਤੋਂ ਬਗੈਰ ਵੀ ਟੁਰਨ ਨਹੀਂ ਹੁੰਦਾ। ਮਹਾਰਾਜ ਨੇ ਫ਼ਰਮਾਇਆ :

'ਹਿਕੋ ਸਾਹਿਬ ਹਿਕਾ ਹਦਿ। ਹਿਕੋ ਸੇਵੀ ਦੂਜਾ ਰਦਿ।'

ਦੁਨੀਆਂ ਦਾ ਰਾਹ ਛੱਡ ਕੇ ਦੀਨ ਦਾ ਹੀ ਅਪਣਾਉਣਾ ਠੀਕ ਹੈ। 'ਦੂਜਾ ਕਾਹੇ ਸਿਮਰੀਐ ਜੰਮੇ ਤੇ ਮਰਿ ਜਾਇ।' ਇਹ ਵੀਚਾਰ ਸੁਣ ਕੇ ਉਹ ਦੌੜਦਾ ਆਪਣੇ ਪੀਰ ਪਾਸ ਆਇਆ ਤੇ ਕਹਿਣ ਲੱਗਾ ਕਿ ਇਕ ਐਸਾ ਫ਼ਕੀਰ ਆਇਆ ਹੈ ਜੋ ਦੁਨੀਆਂ ਨੂੰ ਰੱਦ ਕੇ ਦੀਨ ਦਾ ਹੀ ਢੰਡੋਰਾ ਦੇ ਰਿਹਾ ਹੈ। ਪੀਰ ਨੇ ਉਸੇ ਸਮੇਂ ਕਿਹਾ 'ਮੈਂ ਕੂ ਘਿੰਨਿ ਜੁਲ ਉਥਾਊ (ਮੈਨੂੰ ਲੈ ਚਲ ਉਥੇ)। ਮੈਂ ਉਹਦਾ ਦੀਦਾਰ ਕਰੀ।' ਵਿਚਾਰਾਂ ਹੁੰਦੀਆਂ

1. ਮਲਾਰ ਕੀ ਵਾਰ ਮ: ੧, ਪੰਨਾ ੧੨੯੧।
2. ਗੱਦੀ ਦਾ ਮਾਲਕ।

Sri Satguru Jagjit Singh Ji eLibrary NamdhariElibrary@gmail.com

ਰਹੀਆਂ। ਪੁਰਾਤਨ ਜਨਮ ਸਾਖੀ ਅਨੁਸਾਰ ਗੁਰੂ ਜੀ ਨੇ ਆਸਾ ਦੀ ਵਾਰ ਦੀਆਂ ੯ ਪਉੜੀਆਂ ਉਥੇ ਉਚਾਰੀਆਂ। ੧੫ ਪਉੜੀਆਂ ਦੁਨੀ ਚੰਦ ਦੀ ਡਿਉੜੀ, ਲਾਹੌਰ ਵਿਚ ਉਚਾਰੀਆਂ ਸਨ। ਉਥੇ ਦੁਨੀ ਦਾ ਪ੍ਰਭਾਵ ਲਾਹਿਆ ਸੀ, ਇਥੇ ਅਸਲ ਦੀਨ ਦਰਸਾਇਆ। ਜਦ ਸ਼ੇਖ ਬ੍ਰਹਮ ਨੇ ਪੁੱਛਿਆ, 'ਨਾਨਕ! ਨਦਰ ਪਿਛੈ ਸੇਵਾ ਕਿ ਸੇਵਾ ਪਿਛੈ ਨਦਰ', ਤਾਂ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ :

'ਸੇਵਾ ਕਰਿ-ਕਰਿ ਗਰਬੁ ਨ ਕਰੀ, ਨਿਹਗਰਬਾ (ਨਿਰ ਹੰਕਾਰ) ਹੋਇ ਤਾਂ ਇਸ ਉਪਰ ਸਾਹਿਬ ਕੀ ਨਦਰ ਹੋਇ! ਸੋ ਪਹਿਲੋਂ ਸੇਵਾ ਤੇ ਸਾਹਿਬ ਪਾਈਵੈ।' ਫਿਰ ਉਸ ਨੇ ਪੁੱਛਿਆ ਕਿ 'ਕਿਹੜੀ ਛੁਰੀ ਚਲਾਈ ਜਾਏ ਕਿ ਬੰਦਾ ਹਲਾਲ ਹੋਵੇ।' ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ :

'ਸਚ ਕੀ ਕਾਤੀ, ਸਚੁ ਸਭੁ ਸਾਰੁ।
ਘਾੜਤ ਤਿਸ ਕੀ ਅਪਰ ਅਪਾਰ।
ਸਬਦੇ ਸਾਣ ਰਖਾਈ ਲਾਇ।
ਗੁਣ ਕੀ ਥੇਕੈ ਵਿਚਿ ਸਮਾਇ।
ਤਿਸ ਦਾ ਕੁਠਾ ਹੋਵੈ ਸੇਖੁ।
ਲੋਹੂ ਲਬੁ ਨਿਕਥਾ ਵੇਖੁ।
ਹੋਇ ਹਲਾਲੁ ਲਗੈ ਹਕਿ ਜਾਇ।
ਨਾਨਕ ਦਰਿ ਦੀਦਾਰਿ ਸਮਾਇ।' *(ਰਾਮਕਲੀ ਕੀ ਵਾਰ, ਮਹਲਾ ੧[1])*

ਭਾਵ ਸੀ : ਛੁਰੀ ਪ੍ਰਭੂ ਦੇ ਨਾਮ ਵਿਚ ਤਿਆਰ ਕਰੇ ਅਤੇ ਉਸ ਨੂੰ ਸ਼ਬਦ ਦੀ ਸਾਣ 'ਤੇ ਰੱਖ ਕੇ ਤਿੱਖਾ ਕਰੇ ਤੇ ਪ੍ਰਭੂ ਦੇ ਗੁਣਾਂ ਵਾਲੀ ਮਿਆਨ ਵਿਚ ਛੁਰੀ ਟਿਕਾਈ ਰੱਖੇ, ਰਾਹ ਜਾਂਦੇ ਗਲਾ ਨਾ ਕੱਟੀ ਫਿਰੇ। ਇਸ ਛੁਰੀ ਨਾਲ ਸ਼ੇਖ ਜੀ, ਜੇ ਆਪਣੇ ਆਪ ਨੂੰ ਕੱਟ ਦਿੱਤਾ ਜਾਏ ਤਾਂ ਲਬ ਰੂਪ ਲਹੂ ਜ਼ਰੂਰ ਨਿਕਲ ਜਾਏਗਾ ਪਰ ਪ੍ਰਭੂ ਦਰ ਪ੍ਰਾਪਤ ਹੋ ਜਾਏਗਾ।

ਉਸ ਨੇ 'ਵਾਹ ਨਾਨਕ ਜਿਨਿ ਸਾਹਿਬ ਦੇ ਰਾਹਿ ਦੀ ਸੋਝੀ ਦਿੱਤੀਅਸੁ' ਆਖ ਸਿਰ ਝੁਕਾਇਆ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਜਬ ਪੀਰ ਯਹ ਜਾਮ ਵਹਦਤ ਪੀਆ।
ਮੁਹਬਤ ਕੇ ਦਰਿਯਾਇ ਗੋਤਾ ਲੀਆ।'[2]

ਗੁਰੂ ਨਾਨਕ ਦੇਵ ਜੀ ਨੇ ਉਸ ਕੋਲੋਂ ਹੀ ਬਾਬਾ ਫ਼ਰੀਦ ਜੀ ਦੇ ੧੧੨ ਸਲੋਕ ਤੇ ੪ ਸ਼ਬਦ ਲੈ ਕਿਤਾਬ ਵਿਚ ਦਰਜ ਕੀਤੇ ਜਿਨ੍ਹਾਂ ਨੂੰ ਪਿੱਛੋਂ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਦਰਜ ਕਰ ਕੇ 'ਏਕੋ ਧਰਮ ਦ੍ਰਿੜੈ ਸਚ ਕੋਇ' ਦਾ ਪ੍ਰਤੱਖ ਪ੍ਰਮਾਣ ਦਿੱਤਾ।

---

1. ਗੁਰੂ ਗ੍ਰੰਥ ਸਾਹਿਬ, ਪੰਨਾ ੯੫੬।
2. ਮਹਿਮਾ ਪ੍ਰਕਾਸ਼, ਸਾਖੀ ਸ਼ੇਖ ਬ੍ਰਹਮ ਸੋ ਚਰਚਾ।

Sri Satguru Jagjit Singh Ji eLibrary NamdhariElibrary@gmail.com

ਬਾਬਾ ਫ਼ਰੀਦ ਜੀ[1] : ਕਹਿੰਦੇ ਹਨ ਕਿ ਔਰੰਗਜ਼ੇਬ ਦੀ ਤਲਵਾਰ ਇੰਨੇ ਮੁਸਲਮਾਨ ਨਹੀਂ ਬਣਾ ਸਕੀ, ਜਿੰਨੇ ਫ਼ਰੀਦ ਜੀ ਦੀ ਮਿਠਾਸ ਨੇ ਬਣਾਏ। ਉਨ੍ਹਾਂ ਨੂੰ ਮਿੱਠਾ ਬੋਲਣ ਤੇ ਨਿਵ ਚਲਣ ਕਰ ਕੇ ਹੀ ਸ਼ਕਰ ਗੰਜ ਕਿਹਾ ਜਾਂਦਾ ਹੈ। ਉਹ 'ਸ਼ਕਰ ਖੰਡ ਨਿਵਾਤ ਮਾਖਿਓ ਗੁੜ' ਜਿਤਨੇ ਹੀ ਮਿੱਠੇ ਸਨ।

ਫ਼ਰੀਦ ਜੀ ਦਾ ਪੂਰਾ ਨਾਮ, ਫ਼ਰੀਦ ਉਦ-ਦੀਨ ਮਸਉਦ ਸੀ। ਆਪ ਜੀ ਦਾ ਜਨਮ ਸੰਨ ੧੧੭੩ ਨੂੰ ਰਮਜ਼ਾਨ ਦੀ ਪਹਿਲੀ ਵਾਲੇ ਦਿਨ ਹੋਇਆ ਸੀ। ਕਾਬਲ ਉਨ੍ਹਾਂ ਇਸਲਾਮੀ ਤਾਲੀਮ ਪਾਈ ਸੀ। ਉਥੋਂ ਮੁਲਤਾਨ ਆਏ ਤੇ ਖ਼੍ਵਾਜਾ ਕੁਤਬਦੀਨ ਬਖ਼ਤਿਆਰ ਕਾਕੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋਏ ਤੇ ਉਨ੍ਹਾਂ ਦੇ ਮੁਰੀਦ ਬਣ ਗਏ। ਆਪ ਜੀ ਕੁਝ ਚਿਰ ਹਾਂਸੀ ਤੇ ਸਰਸਾ ਵਿਚ ਰਹੇ ਤੇ ਫਿਰ ਪਾਕਪਟਨ ਆ ਗਏ ਜਿਸ ਨੂੰ ਉਸ ਸਮੇਂ ਅਜੋਧਨ ਕਹਿਆ ਜਾਂਦਾ ਸੀ। ਆਪ ਜੀ ਗ੍ਰਹਿਸਤੀ ਸਨ ਅਤੇ ਜੀਵਨ ਬਹੁਤ ਸਾਦਾ ਸੀ। ਦੰਭ, ਭੇਖ, ਤੜਕ ਭੜਕ ਤੋਂ ਬਹੁਤ ਦੂਰ ਰਹਿੰਦੇ ਸਨ। ਸੀਅਰੁਲ ਔਲਿਆ ਅਨੁਸਾਰ ਇਨ੍ਹਾਂ ਦੇ ਪੰਜ ਲੜਕੇ ਤੇ ਤਿੰਨ ਲੜਕੀਆਂ ਹੋਈਆਂ। ਵੱਡਾ ਬੇਟਾ ਵਾਹੀ ਕਰਦਾ ਸੀ ਅਤੇ ਦੂਜਾ ਬੇਟਾ ਸਿਹਾਬੁਦੀਨ ਫ਼ਰੀਦ ਜੀ ਦੀ ਦੇਖ-ਭਾਲ ਕਰਦਾ ਸੀ। ਤੀਜਾ ਸਿਪਾਹੀ ਸੀ ਤੇ ਅਖ਼ੀਰਲਾ ਅਲਬੇਲੇ ਸੁਭਾਅ ਦਾ ਸੀ। ਗੱਦੀ 'ਤੇ ਤੀਜਾ, ਖ਼੍ਵਾਜਾ ਬਦਰ ਦੀਨ ਬੈਠਿਆ।

ਕਦੀ ਰੁਪਿਆ ਪਾਸ ਨਾ ਰੱਖਦੇ। ਜੋ ਆਂਦਾ ਲੋੜਵੰਦਾਂ ਵਿਚ ਵੰਡ ਦੇਂਦੇ। ਇਥੋਂ ਤਕ ਕਿ ਜਦ ਗੁਜ਼ਰੇ ਤਾਂ ਉਸ ਸਮੇਂ ਘਰ ਵਿਚ ਕਫ਼ਨ ਲਈ ਵੀ ਪੈਸੇ ਨਹੀਂ ਸਨ। ਪਰ ਦੂਜੇ ਪਾਸੇ ਜੇ ਸਮੇਂ ਦੇ ਸ਼ਾਹ ਨੇ ਚਾਰ ਪਿੰਡਾਂ ਦਾ ਪਟਾ ਦੇਣਾ ਚਾਹਿਆ ਤਾਂ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੇ ਇਕ ਵਾਰੀ ਇਕ ਸੌ ਦਰਵੇਸ਼ਾਂ ਬਜ਼ੁਰਗਾਂ ਨੂੰ ਚਾਰ ਸਵਾਲ ਪੁੱਛੇ ਸਨ। ਸਭ ਦਾ ਜਵਾਬ ਇਕ ਹੀ ਆਇਆ ਸੀ। ਪਹਿਲਾ ਸਵਾਲ ਸੀ : ਸਭ ਤੋਂ ਅਕਲਮੰਦ ਕੌਣ ਹੈ ਤਾਂ ਸਭਨਾਂ ਦਾ ਉੱਤਰ ਸੀ, ਤਿਆਗੀ। ਦੂਜਾ ਪ੍ਰਸ਼ਨ ਸੀ : ਸਭ ਤੋਂ ਵੱਡਾ ਕੌਣ ਹੈ ਤਾਂ ਉੱਤਰ ਸੀ ਜੋ ਸੁਖ-ਦੁੱਖ ਨੂੰ ਸਮਾਨ ਜਾਣਦਾ ਹੈ ਅਤੇ ਬਦਲਦਾ ਨਹੀਂ। ਤੀਜਾ ਪ੍ਰਸ਼ਨ ਸੀ, ਸਭ ਤੋਂ ਅਮੀਰ ਕੌਣ ਹੈ ਤਾਂ ਜਵਾਬ ਸੀ, ਸੰਤੋਖੀ। ਆਖ਼ਰੀ ਸਵਾਲ ਸੀ, ਗ਼ਰੀਬ ਕੌਣ ਹੈ ਤਾਂ ਉੱਤਰ ਸੀ, ਜਿਸ ਸੰਤੋਖ ਤਿਆਗਿਆ। ਸਮੇਂ ਦੇ ਬੜੇ ਕਦਰਦਾਨ ਸਨ।

ਬੇਪ੍ਰਵਾਹ ਤੇ ਬੇਬਾਕ ਇੰਨੇ ਸਨ ਕਿ ਸ਼ਾਹ ਬਲਬਨ ਦੀ ਵੀ ਪ੍ਰਵਾਹ ਨਾ ਕਰਦੇ। ਕਿਹਾ ਕਰਦੇ ਸਨ ਕਿ ਜੇ ਵੱਡਾ ਬਣਨ ਦੀ ਇੱਛਾ ਹੈ ਤਾਂ ਬਾਦਸ਼ਾਹਾਂ ਵੱਲ ਨਾ ਝਾਕੋ। ਹੋਰ ਬਚਨ ਸਨ : ਸਾਰੀ ਦੁਨੀਆਂ ਦਾ ਵੈਰ ਸਹੇੜਨਾ ਚਾਹੁੰਦੇ ਹੋ ਤਾਂ ਹੰਕਾਰੀ ਬਣੋ ਅਤੇ ਜੇ ਆਦਰ ਮਾਨ ਲੈਣਾ ਚਾਹੁੰਦੇ ਹੋ ਤਾਂ ਗ਼ਰੀਬਾਂ ਕੋਲ ਬੈਠੋ। ਅਜਿਹਾ ਉਪਰਾਲਾ ਕਰ ਕਿ ਮਰਨ ਤੋਂ ਪਹਿਲਾਂ ਜ਼ਿੰਦਾ ਹੋ ਜਾਏਂ। ਜਿਹੋ ਜਿਹਾ ਹੈਂ, ਉਹੋ ਜਿਹਾ ਹੀ ਲੋਕਾਂ ਨੂੰ ਵਿਖਾ, ਨਹੀਂ ਤਾਂ ਇਕ ਦਿਨ ਕਲਈ ਆਪਣੇ ਆਪ ਖੁਲ੍ਹ ਜਾਏਗੀ। ਸੂਫ਼ੀ ਉਹ ਹੀ ਹੈ ਜਿਸ ਤੋਂ ਹਰ ਚੀਜ਼ ਪਵਿੱਤ੍ਰਤਾ ਹਾਸਲ ਕਰ ਲਵੇ। 'ਗੁੱਸਾ ਮਨ ਨ ਹਢਾਇ', ਉਹ

1. ਵਿਸਥਾਰ ਲਈ ਮੇਰੀ ਹੀ ਰਚਿਤ 'ਦਰਵੇਸ਼ੀ ਗਾਖੜੀ' ਪੜ੍ਹੋ।

Sri Satguru Jagjit Singh Ji eLibrary NamdhariElibrary@gmail.com

ਸਦਾ ਫ਼ਰਮਾਇਆ ਕਰਦੇ ਸਨ। ਸੁੱਖ ਦਾ ਰਾਹ ਉਨ੍ਹਾਂ ਦੀ ਨਜ਼ਰ ਵਿਚ ਇਹ ਸੀ : 'ਕੋਠੇ ਮੰਡਪ ਮਾੜੀਆ ਏਤ ਨ ਲਾਏ ਚਿਤੁ' ਅਤੇ 'ਫਰੀਦਾ ਦੇਖ ਪਰਾਈ ਚੋਪੜੀ ਨ ਤਰਸਾਏ ਜੀਉ।'

ਆਪ ਜੀ ਦਾ ਦਿਹਾਂਤ ੧੭ ਅਕਤੂਬਰ ਸੰਨ ੧੨੬੬ ਨੂੰ ਮੁਹਰਮ ਦੀ ੫ ਨੂੰ ਹੋਇਆ। ਨਿਜ਼ਾਮ-ਉਦ-ਦੀਨ ਔਲੀਆ ਉਨ੍ਹਾਂ ਦੇ ਰੂਹਾਨੀ ਪੈਰੋਕਾਰ ਸਨ। ਸ਼ੇਖ ਬ੍ਰਹਮ ਜੋ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਸਨ, ਇਸ ਗੱਦੀ ਉੱਪਰ ਬਾਰ੍ਹਵੀਂ ਥਾਂ 'ਤੇ ਸਨ। ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਮਿਠਾਸ ਤੇ ਵਲਵਲਾ ਹਿਰਦੇ ਨੂੰ ਧੂਹ ਪਾਉਂਦਾ ਹੈ। ਜਦ ਉਹ ਪੜ੍ਹਦੇ ਹੋਣਗੇ :

'ਉਠ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ।
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪੁ ਉਤਾਰਿ।' [1]

ਤਾਂ ਕੋਈ ਵਿਰਲਾ ਹੀ ਹੋਵੇਗਾ ਜੋ ਸਿਜਦੇ ਵਿਚ ਨ ਹੋ ਜਾਂਦਾ ਹੋਵੇ।

ਸੱਜਣ : ਪਾਕਪਟਨ ਤੋਂ ਆਪ ਜੀ ਉਸ ਨਗਰ ਪੁੱਜੇ ਜਿਸ ਨੂੰ ਤੁਲੰਭਾ ਕਹਿੰਦੇ ਹਨ। ਲਾਹੌਰ ਵਲੋਂ ਜਾਂਦਿਆਂ ਤੁਲੰਭਾ ਖਾਨੇਵਾਲ ਵਾਲੀ ਸੜਕ 'ਤੇ ਆਉਂਦਾ ਹੈ। ਉਸ ਦੇ ਲਾਗੇ ਹੀ ਮਖਦੂਮਪੁਰ ਹੈ ਤੇ ਉਸ ਨੂੰ ਸੱਜਣ ਨਗਰੀ ਕਹਿੰਦੇ ਹਨ। ਸੱਜਣ ਤੇ ਕੱਜਣ, ਚਾਚਾ ਭਤੀਜਾ ਸਨ। ਕੱਜਣ ਬੰਦਿਆਂ ਨੂੰ ਘੇਰ ਕੇ ਸੱਜਣ ਦੀ ਧਰਮਸਾਲ ਵਿਚ ਲੈ ਆਉਂਦਾ ਸੀ ਤੇ ਸੱਜਣ ਰਾਤ ਨੂੰ ਜੜੀ ਬੂਟੀਆਂ ਸੁੰਘਾ ਕੇ, ਆਰਾਮ ਕਰਦੇ ਅਮੀਰ ਯਾਤਰੂਆਂ ਨੂੰ ਲੁੱਟ ਲੈਂਦਾ ਸੀ ਤੇ ਫਿਰ ਕਤਲ ਕਰ ਕੇ ਖੂਹ ਵਿਚ ਜਾਂ ਖੇਤਾਂ ਵਿਚ ਦਬਾ ਦੇਂਦਾ ਸੀ। ਉਹ ਆਪਣਾ ਕੰਮ ਇਸ ਸਫ਼ਾਈ ਨਾਲ ਕਰਦਾ ਸੀ ਕਿ ਕਿਸੇ ਨੂੰ ਸੂਹ ਤਕ ਨਹੀਂ ਸੀ ਲੱਗਦੀ। ਜੋ ਉਸ ਦੀ ਮਾਰ ਤੋਂ ਬਚ ਕੇ ਜਾਂਦੇ ਸਨ ਉਹ ਸਗੋਂ ਉਸ ਦੇ ਸੋਹਿਲੇ ਗਾਉਂਦੇ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਜਦ ਸੱਜਣ ਨਗਰੀ ਪੁੱਜੇ ਤਾਂ ਉਨ੍ਹਾਂ ਨੇ ਉਸ ਪਾਸ ਜਾਣ ਦਾ ਮਨ ਬਣਾ ਲਿਆ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਬਾਬਾ ਜੀ ਧਰਮ ਸਾਲ ਮੋ ਆਏ।
ਦੇਖ ਸਜਣ ਸੁਭ ਭੇਖ ਬਨਾਏ।
ਅੰਤਰ ਕਪਟ ਪਾਪ ਕੀ ਮਤ।
ਬਾਹਰ ਭੇਖ ਦਿਖਾਵੈ ਪਤ॥ ੨॥
ਜੋ ਕੋਈ ਤਾ ਕੇ ਘਰ ਆਵੈ।
ਕਰੇ ਟਹਲ ਸੁਖ ਭੋਗ ਭੋਗਾਵੈ।
ਜਾ ਪਹ ਧਨ ਸੰਪੈ ਕੁਛ ਜਾਨੈ।
ਲੇ ਜਾਵੈ ਅੰਤਰ ਕਿਸੀ ਬਹਾਨੈ॥ ੩॥
ਗਲਾ ਕਾਟਿ ਕੂਪ ਮਹਿ ਡਾਰੇ।
ਧਨ ਬਟੋਰ ਕਰ ਅੰਤਰ ਧਾਰੇ।'

---

1. ਸਲੋਕ ਸ਼ੇਖ ਫਰੀਦ, ਪੰਨਾ ੧੩੮੧।

Sri Satguru Jagjit Singh Ji eLibrary NamdhariElibrary@gmail.com

ਜਦ ਗੁਰੂ ਜੀ ਪੁੱਜੇ ਤਾਂ ਸੱਜਣ ਨੇ ਬਹੁਤ ਆਦਰ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਉਸ ਦੇ ਮੋਢੇ ਦੀ ਤਰਫ਼ ਦੇਖ ਹੱਸੇ ਤੇ ਹੱਸ ਕੇ ਕਿਹਾ, 'ਤੇਰਾ ਨਾਮ ਕਿਆ ਹੈ?' ਉਸ ਕਿਹਾ : 'ਜੀ, ਮੇਰਾ ਨਾਮ ਸਜਣੁ ਹੈ।' ਤਾਂ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਦਹੁਰਾ ਕੇ ਕਿਹਾ : 'ਜਿ ਤੇਰਾ ਨਾਮ ਸਜਣੁ ਹੈ।' ਇਹ ਸੁਣਦੇ ਉਸ ਵਿਚ ਹਲਚਲ ਮੱਚ ਗਈ। ਰਾਤ ਕਾਫ਼ੀ ਹੋ ਗਈ ਪਰ ਬਾਬਾ ਜੀ ਉਸੇ ਤਰ੍ਹਾਂ ਟਿਕੇ ਰਹੇ। ਸੱਜਣ ਆਪੂੰ ਆ ਕੇ ਆਖਣ ਲੱਗਾ : 'ਬਾਬਾ ਸੌਂ ਵੀ।' ਗੁਰੂ ਜੀ ਨੇ ਫਿਰ ਮੋੜਵਾਂ ਉੱਤਰ ਦਿੱਤਾ, 'ਸੱਜਣੇ! ਇਕ ਸ਼ਬਦ ਖ਼ੁਦਾਇ ਦੀ ਬੰਦਗੀ ਦਾ ਆਖਿ ਕਰ ਸੋਵਹਿਗੇ।' ਬਾਬੇ ਨੇ ਸ਼ਬਦ ਗਾਇਆ :

'ਉਜਲੁ ਕੈਹਾ ਚਿਲਕਣਾ ਘੋਟਿਮੁ ਕਾਲੜੀ ਮਸੁ।
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।'

ਤੇ ਜਦ ਇਸ ਤੁਕ :

'ਬਗਾ ਬਗੇ ਕਪੜੇ, ਤੀਰਥ ਮੰਝਿ ਵਸੰਨਿ।
ਘੁਟਿ ਘੁਟਿ ਜੀਆਂ ਖਾਵਣੇ, ਬਗੇ ਨ ਕਹੀਅਨ੍ਹਿ' [1]

ਨੂੰ ਗਾਇਆ।

ਤਾਂ ਸੱਜਣ ਨੇ ਆ ਕੇ ਚਰਨ ਪਕੜੇ[2] ਤੇ ਕਿਹਾ :

'ਇਸ ਬੋਲ ਦੇ ਸਾਥ ਅਰੁ ਤੇਰੇ ਦਰਸ਼ਨ ਸਾਥਿ ਮੇਰਾ ਮਨ ਫਿਰਿਆ ਹੈ। ਪਾਪ ਦਿਸਟਿ ਮਿਟ ਗਈ ਹੈ, ਧਰਮ ਦਿਸਟਿ ਭਈ ਹੈ। ਮੈਨੂੰ ਸਮਝਾਉ।' ਗੁਰੂ ਜੀ ਨੇ ਕਿਹਾ :

'ਭਲੇ ਲੋਕਾ! ਤੇਰਾ ਨਾਉਂ ਸੱਜਣੁ ਹੈ ਤਾਂ ਤੂੰ ਦੁਸ਼ਮਣਾਂ ਦੇ ਕਰਮ ਕਿਉਂ ਕਰਦਾ ਹੈਂ। ਇਹ ਮਤੁ ਜਾਣ ਕਿ ਕੋਈ ਦੇਖਦਾ ਨਹੀਂ, ਉਹ ਪਰਵਰਦਗਾਰ ਸਭ ਕੁਝ ਦੇਖਦਾ ਬੁਝਦਾ ਹੈ।' ਉਸ ਨੇ ਹੁਕਮ ਮੰਨ ਕੇ ਜੀਵਨ ਸੁਚੱਜਾ ਕਰਨ ਦਾ ਪ੍ਰਣ ਕੀਤਾ। ਮਹੱਲ ਢਾਹ ਦਿੱਤਾ ਤੇ ਸਾਰਾ ਮਾਲ ਧਨ ਲੋੜਵੰਦਾਂ ਨੂੰ ਵੰਡ ਦਿੱਤਾ। ਜਨਮ ਸਾਖੀ ਦੇ ਸ਼ਬਦਾਂ ਵਿਚ :

'ਜਿੱਥੇ ਖ਼ੂਨ ਹੋਦੇ ਉਥੇ ਧਰਮਸਾਲਾ ਬੱਧਾ ਆਨੁ। ਜਿੱਥੇ ਬੂ ਬੂ ਪਹਰਿਆ (ਚੀਕ ਚਿਹਾੜਾ) ਹੋਦਾ ਸੀ ਉਥੇ ਬੈਠ ਕਰਿ ਕੀਰਤਨ ਪਰਮੇਸ਼ਰ ਕਾ ਲਗਾ ਕਰਨ। ਜਿ ਜੀਅ ਨੂੰ ਮਾਰਦੇ ਸੇ, ਸਿ ਜੇ ਕੋਇ ਆਇ ਲੈਹ ਸੁ ਸੁਖਾਲਾ ਰਖੀਐ। ਅਭੜੂਵੰਜ (ਯਕ ਦਮ, ਬੁੜ-ਬੁੜਾ ਕੇ) ਉੱਠ ਕੇ ਪਰਉਪਕਾਰ ਨੂੰ ਜਾਂਦਾ। ਬਸ, ਗੁਰੂ ਬਾਬੇ ਦੇ ਦਰਸ਼ਨ ਲੱਗਿਆ 'ਨਾਮ ਦਾਨ ਇਸ਼ਨਾਨ ਕਮਾਵਣ ਲੱਗਾ ਤੇ ਉਸ ਪਿੱਛੇ ਕਈ ਹੋਰ ਤਰੈ।' ਇਹ ਹੈ ਗੁਰੂ ਨਾਮ ਦੀ ਅਜ਼ਮਤ : 'ਜਿੱਥੇ ਖ਼ੂਨ ਹੁੰਦੇ ਸਨ ਉੱਥੇ ਹੀ ਲੋਕਾਂ ਨੂੰ ਜੀਵਨ ਦਾਨ ਮਿਲਿਆ।'

ਉੱਚ ਸ਼ਰੀਫ : ਤੁਲੰਭੇ ਤੋਂ ਗੁਰੂ ਜੀ ਨਗਾਹੇ, ਉੱਚ ਦੇ ਅਸਥਾਨ ਤੇ ਪੁੱਜੇ। ਉੱਚ

---

1. ਸੂਹੀ ਮ: ੧, ਪੰਨਾ ੭੨੯।
2. ਮਰਦਾਨਾ ਸ਼ਬਦ ਗੁਰ ਗਾਵਨ ਲਾਗਾ।
   ਸੁਨ ਪਾਪ ਨੀਂਦ ਸਜਣ ਜਾਗਾ॥ ੮॥
   (ਮਹਿਮਾ ਪ੍ਰਕਾਸ਼, ਸਾਖੀ ਬਾਬਾ ਜੀ ਸੱਜਣ ਪਾਸ)

Sri Satguru Jagjit Singh Ji eLibrary NamdhariElibrary@gmail.com

ਲਾਹੌਰ ਤੇ ਕਰਾਚੀ ਨੂੰ ਪੰਜ ਨੰਦ ਦੇ ਅਸਥਾਨ 'ਤੇ ਮਿਲਾਂਦਾ ਹੈ। ਉੱਥੇ ਆਪ ਜੀ ਨੂੰ ਪੀਰ ਬਹਾਉਦ-ਦੀਨ ਮੁਲਤਾਨ ਦੇ, ਮਸਤ ਕਲੰਦਰ ਤੇ ਮਖਦੂਮ ਉੱਚ ਵਾਲੇ ਮਿਲੇ। ਉੱਚ ਵਿਖੇ ਪੰਜ ਯਾਦਗਾਰਾਂ ਗੁਰੂ ਮਹਾਰਾਜ ਦੀਆਂ ਪਈਆਂ ਹਨ ਤੇ ਕੋਈ ਵੀ ਦਰਸ਼ਨ ਕਰਨਾ ਚਾਹੇ, ਮਖਦੂਮ ਸਾਹਿਬ ਦੇ ਕਾਰਦਾਰ ਕਰਵਾ ਦਿੰਦੇ ਹਨ :

(੧) ਇਕ ਜੋੜਾ ਮਹਾਰਾਜ ਦੀਆਂ ਖੜਾਵਾਂ।

(੨) ਇਕ ਬੈਰਾਗਨ ਜਿਸ 'ਤੇ ਹੱਥ ਰੱਖ ਕੇ ਆਰਾਮ ਕਰੀਦਾ ਹੈ।

(੩) ਪੱਥਰ ਦਾ ਇਕ ਗੁਰਜ।

(੪) ਦੋ ਪੱਥਰ ਦੇ ਕੜ੍ਹੇ।

(੫) ਇਕ ਕਿਸ਼ਤੀ ਜੋ ਡੇਢ ਫੁੱਟ ਲੰਬੀ ਤੇ ਇਕ ਫੁੱਟ ਚੌੜੀ ਹੈ।

ਇਹ ਮਨੌਤ ਹੈ ਕਿ ਇਸ ਕਿਸ਼ਤੀ ਦੇ ਚਾਰ ਕਿਨਾਰਿਆਂ 'ਤੇ ਬੈਠ ਕੇ ਗੁਰੂ ਨਾਨਕ, ਪੀਰ ਬਹਾਉਦ-ਦੀਨ; ਮਸਤ ਕਲੰਦਰ ਤੇ ਮਖ਼ਦੂਮ ਨੇ ਪੰਜ ਨੰਦ ਪਾਰ ਕੀਤਾ ਸੀ।

ਮਖ਼ਦੂਮ ਦਾ ਪੂਰਾ ਨਾਂ ਰੁਕਨਦੀਨ ਅਬੁਲ ਫ਼ਤਿਹ ਸੀ ਅਤੇ ਉਹ ਮੱਕੇ ਦੇ ਸਯਾ... ਅਲੀ ਨਕੀ ਦੀ ਸੰਤਾਨ ਵਿਚੋਂ ਸੀ। ਉਸ ਨੂੰ ਗੁਰਮੁਖਿ ਤੇ ਮਨਮੁਖਿ ਦਾ ਭੇਦ ਸਮਝਾਇਆ... ਪੀਰ ਬਹਾਉਦ-ਦੀਨ ਨੂੰ ਨਿਮਰਤਾ ਧਾਰਨ ਲਈ ਕਿਹਾ ਤੇ ਫ਼ਰਮਾਇਆ : 'ਦੁਨੀਆ... ਕੋਈ ਡੇਰਾ ਲਗਾ ਕੇ ਬੈਠਣ ਦੀ ਥਾਂ ਨਹੀਂ ਹੈ। ਇਹ ਤਾਂ ਸਿਦਕ ਕਮਾਉਣ ਦੀ ਥ... ਹੈ ਤੇ ਪਰਮਾਤਮਾ ਦਾ ਨਾਂ ਪੱਲੇ ਬੰਨ੍ਹਣ ਲਈ ਇਕ ਸਾਧਨ ਹੈ :

'ਦੁਨੀਆਂ ਕੈਸਿ ਮੁਕਾਮੇ ॥
ਕਰਿ ਸਿਦਕੁ ਕਰਣੀ ਖਰਚ ਬਾਧਹੁ, ਲਾਗਿ ਰਹੁ ਹਰਨਾਮੇ ॥ ੧ ॥ ਰਹਾਉ ॥
ਦਿਨ ਰਵਿ ਚਲੈ, ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥ ੮ ॥ ੧੭ ॥

(ਸ੍ਰੀ ਰਾਗ ਅਸ਼ਟਪਦੀਆਂ ਮ: ੧, ਪੰਨਾ ੬੪...

ਉਥੋਂ ਜਾਮਪੁਰ, ਹਨਦ, ਫ਼ਾਜ਼ਲਪੁਰ, ਮੀਰਪੁਰ, ਨੌਸ਼ਹਿਰੇ, ਮਿਠਕੋਟ ਜਿੱਥੇ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਬਣਿਆ ਹੋਇਆ ਹੈ, ਪਾਰ ਕਰਕੇ ਸੱਖਰ, ਭੱਖਰ ਰੋੜੀ ਤੇ ਸਾ... ਬੇਲੇ ਬੋਹੜ ਹੇਠ ਜਾ ਟਿਕਾਣਾ ਕੀਤਾ। ਸਾਧਾਂ ਨੂੰ ਜ਼ਿੰਦਗੀ ਜੀਵਨ ਦਾ ਰਾਹ ਦਰਸ... ਕੇ ਸ਼ਿਕਾਰਪੁਰ, ਰੁਕਣ, ਲੜਕਾਣਾ, ਹਲਾਣੀ, ਬੁਲਾਣੀ ਪੁੱਜੇ। ਉਥੇ ਵੀ 'ਗੁਰੂ ਜੀ ਦ... ਮਕਾਨ' ਕਰਕੇ ਥਾਂ ਹੈ। ਨਾਲ ਜਾਗੀਰ ਵੀ ਲੱਗੀ ਹੋਈ ਹੈ।

ਨੂਰ ਨੁਸਰਤ : ਇਥੇ ਹੀ ਨੂਰ ਨੁਸਰਤ ਨਾਂ ਦੇ ਆਜੜੀ ਨੇ ਹੱਥੀਂ ਸੇਵਾ ਕੀਤ... ਅਤੇ ਬਰਕਤ ਪਾਉਣ ਲਈ ਬੇਨਤੀ ਕੀਤੀ। ਆਪ ਜੀ ਨੇ ਉਪਦੇਸ਼ ਦੇਂਦੇ ਕਿਹਾ : 'ਸ... ਬਰਕਤਾਂ ਨੇਕੀ, ਦਇਆ ਅਤੇ ਧਰਮ ਦਾ ਪੱਲਾ ਨਾ ਛੱਡਣ ਵਿਚ ਹਨ। ਇਨ੍ਹਾਂ ਦ... ਲੜ ਨਾ ਛੱਡੀਂ।'

ਹਰਾ ਭਰਾ ਘਾਹ ਮੇਰਾ ਗਲੀਚਾ : ਉਥੇ ਹੀ ਇਕ ਦਾਊਦ ਨਾਂ ਦੇ ਜੁਲਾਹੇ ... ਆਪਣੀ ਹੱਥੀਂ ਬਣਾਇਆ ਇਕ ਗਲੀਚਾ ਭੇਟ ਕੀਤਾ ਅਤੇ ਵਿਛਾ ਕੇ ਬੇਨਤੀ ਕੀਤ... ਕਿ ਆਪ ਜੀ ਉਸ 'ਤੇ ਆਸਣ ਲਗਾਉ। ਆਪ ਜੀ ਹਰੇ ਭਰੇ ਘਾਹ 'ਤੇ ਹੀ ਬੈਠ ਕੀਰਤ...

Sri Satguru Jagjit Singh Ji eLibrary NamdhariElibrary@gmail.com

ਕਰਦੇ ਰਹੇ ਅਤੇ ਫ਼ਰਮਾਇਆ ਕਿ ਹਰਾ ਭਰਾ ਘਾਹ ਹੀ ਮੇਰਾ ਗਲੀਚਾ ਹੈ। ਦਾਊਦ ਨੇ ਹੱਥ ਜੋੜ ਕਿਹਾ ਕਿ ਇਹ ਗਲੀਚਾ ਤਾਂ ਮੈਂ ਆਪ ਜੀ ਲਈ ਬਣਾਇਆ ਸੀ, ਹੁਣ ਕਿਸ ਨੂੰ ਭੇਟ ਕਰਾਂ? ਮਹਾਰਾਜ ਨੇ ਉਹ ਕੀਮਤੀ ਗਲੀਚਾ ਲੈ ਕੇ ਕੁੱਤੀ ਤੇ ਕਤੂਰਿਆਂ ਹੇਠਾਂ ਵਿਛਾ ਦਿੱਤਾ ਤੇ ਰਹਿੰਦਾ ਉੱਤੇ ਪਾ ਦਿੱਤਾ, ਕਤੂਰੇ ਸਾਰੀ ਰਾਤ ਸਰਦੀ ਵਿਚ ਠਰੂੰ-ਠਰੂੰ ਕਰਦੇ ਰਹੇ ਸਨ। ਦਾਊਦ ਤੱਕਦਾ ਹੀ ਰਹਿ ਗਿਆ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਮਝਾ ਦਿੱਤਾ ਕਿ ਸਾਡੀਆਂ ਸਭ ਖ਼ੁਸ਼ੀਆਂ ਤੇ ਆਰਾਮ ਵਿਅਰਥ ਹਨ ਜੇ ਕੋਲ ਬੈਠਾ ਕੋਈ ਜੀਵ ਦੁਖੀ, ਤੰਗ ਅਤੇ ਰੋਗੀ ਹੈ।

ਫਿਰ ਗਨੀਪੁਰ, ਗੁਮਟ, ਮੋਰਾਘ, ਝੇਰਾ, ਅਮਰ ਕੋਟ, ਟਾਂਡਾ ਅਲਾਹ ਯਾਰ ਖ਼ਾਨ, ਮਦਾਰੀ, ਹੈਦਰਾਬਾਦ ਫਲੇਰੀ ਪੁੱਜੇ। ਉਥੇ ਵੀ ਇਕ ਗੁਰਦੁਆਰਾ ਹੈ। ਲੋਕਾਂ ਨੂੰ ਕਬਰਾਂ, ਮਕਬਰੇ, ਪੀਰਾਂ, ਸਰਵਰਾਂ, ਬਾਲਾ ਸੁੰਦਰੀਆਂ ਦੀ ਪੂਜਾ ਤੋਂ ਵਰਜਦੇ ਹੋਏ ਰਾਜਘਾਟ ਠੱਟਾ ਪੁੱਜੇ। ਉਥੋਂ ਹਿੰਗਲਾਜ ਤੋਂ ਜਹਾਜ਼ ਵਿਚ ਸਵਾਰ ਹੋ ਕੇ ਅਦਨ ਗਏ। ਅਦਨ ਗੁਰੂ ਦਾ ਦਵਾਰਾ ਬਣਿਆ ਹੋਇਆ ਹੈ। ਉਸ ਨੂੰ ਵਲੀ ਹਿੰਦ ਦਾ ਦਾਇਰਾ ਤੇ ਕਈ ਨਾਨਕ ਕਲੰਦਰ ਦਾ ਮੁਕਾਮ ਵੀ ਕਹਿੰਦੇ ਹਨ। ਤਵਾਰੀਖ਼ ਗੁਰੂ ਖਾਲਸਾ ਅਨੁਸਾਰ ਗੁਰੂ ਜੀ ਉਥੋਂ ਜਦੇਹ ਪੁੱਜੇ, ਜੋ ਅਰਬ ਦੀ ਪੱਛਮੀ ਬੰਦਰਗਾਹ ਹੈ। ਇਥੇ ਬੀਬੀ ਹਵਾ ਦੀ ਕਬਰ ਦੇ ਲਾਗੇ ਡੇਰਾ ਕੀਤਾ। ਹਾਜੀਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਸੋਭਾ ਫੈਲ ਰਹੀ ਸੀ।

ਸ਼ਾਹ ਸ਼ਰਫ : ਹਾਜੀਆਂ ਵਿਚ ਇਕ ਸ਼ਾਹ ਸ਼ਰਫ਼ ਨਾਂ ਦਾ ਫ਼ਕੀਰ ਸੀ। ਉਸ ਨੇ ਜੀਵਨ ਤੱਤ ਤੇ ਮੰਤਵ ਸਮਝਣ ਲਈ ਕਈ ਸੁਆਲ ਕੀਤੇ। ਮਹਾਰਾਜ ਨੇ ਹਰ ਕੀਤੇ ਸਵਾਲ ਦਾ ਉੱਤਰ ਸੰਕੁਚਵਾਂ ਤੇ ਢੁੱਕਵਾਂ ਦੇ ਕੇ ਉਸ ਦੀ ਤਸੱਲੀ ਕਰਾਈ।

ਸੁਆਲਾਂ ਜੁਆਬਾਂ ਦਾ ਵੇਰਵਾ : ਸ਼ਾਹ ਸ਼ਰਫ਼ ਦਾ ਪਹਿਲਾ ਸਵਾਲ ਸੀ ਕਿ ਆਦਿ ਫ਼ਕੀਰੀ ਕੀ ਹੈ ਤੇ ਅੰਤ ਫ਼ਕੀਰੀ ਕੀ ਹੈ? ਮਹਾਰਾਜ ਦਾ ਉੱਤਰ ਸੀ, ਫ਼ਕੀਰ ਦਾ ਅਰੰਭ ਆਪਣੇ ਆਪ ਨੂੰ ਮਿਟਾਉਣ ਵਿਚ ਹੈ, ਫ਼ਨਾ ਅਸਤ ਅਤੇ ਅੰਤ ਇਹ ਜਾਣ ਲੈਣਾ ਹੈ ਕਿ ਕੇਵਲ ਉਸ ਦਾ ਨਾਂ ਰਹਿਣਾ ਹੈ, ਬਕਾ ਅਸਤ। ਉਸ ਦਾ ਅਗਲਾ ਪ੍ਰਸ਼ਨ ਸੀ, ਇਸ ਰਾਹ ਦੀ ਕੁੰਜੀ ਕੀ ਹੈ? ਮਹਾਰਾਜ ਦਾ ਕਹਿਣਾ ਸੀ, ਅਭਿਆਸ। ਬਗ਼ੈਰ ਅਭਿਆਸ ਤੋਂ ਉਸ ਦਾ ਦਰ ਖੁੱਲ੍ਹਦਾ ਨਹੀਂ।

ਸਵਾਲ : ਜ਼ੰਜੀਰ ਕੀ ਹੈ? ਮਨੁੱਖ ਕਿਸ ਨਾਲ ਆਪਣੇ ਆਪ ਨੂੰ ਬੰਨ੍ਹ ਕੇ ਰੱਖੇ ਕਿ ਵਿਸ਼ਿਆਂ ਵੱਲ ਨਾ ਧਾਵੇ।

ਉੱਤਰ : ਬੰਦਗੀ; ਬੰਦਗੀ ਹੀ ਮਨੁੱਖ ਨੂੰ ਕਾਮਾਦਿਕ ਤੋਂ ਬਚਾਏਗੀ।

ਸਵਾਲ : ਮਕਬਰਾ ਕੀ ਹੈ? ਮਨੁੱਖ ਆਪਣਾ ਟਿਕਾਣਾ ਕਿੱਥੇ ਬਣਾਏ? ਕਿੱਥੇ ਟਿਕੇ ਕਿ ਘਬਰਾਹਟ ਨਾ ਸਤਾਏ? ਉੱਤਰ ਵਜੋਂ ਗੁਰੂ ਨਾਨਕ ਦੇਵ ਜੀ ਨੇ ਕਿਹਾ : ਹਲੀਮੀ। ਜਿਸ ਨੇ ਹਲੀਮੀ ਨੂੰ ਧਾਰ ਲਿਆ ਉਹ ਟਿਕ ਗਿਆ। ਉਸ ਦੀ ਭੱਜ ਦੌੜ ਮੁੱਕ ਗਈ।

ਸਵਾਲ : ਗੰਜ ਕੀ ਹੈ? ਖ਼ਜ਼ਾਨਾ ਕਿੱਥੇ ਹੈ, ਜਿੱਥੇ ਇਹ ਵਸਤਾਂ ਪਈਆਂ ਹਨ?

ਉੱਤਰ : ਸਤਿਸੰਗ। ਸਾਰੇ ਭੰਡਾਰ ਸਤਿਸੰਗ ਵਿਚ ਹਨ। ਸਤਿਸੰਗ ਤੋਂ ਹੀ ਸੁਖ ਤੇ ਸਹਿਜ ਪ੍ਰਾਪਤ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

ਸਵਾਲ : ਚਾਨਣ ਕਿਆ ਹੈ? ਅਸਲ ਰੌਸ਼ਨੀ ਕਿਹੜੀ ਹੈ ਜੋ ਅੰਧ ਗੁਬਾਰ ਵਿਚ ਸਹਾਇਕ ਹੁੰਦੀ ਹੈ?

ਜਵਾਬ : ਗਿਆਨ। ਗਿਆਨ ਵਿਚ ਹੀ ਉਹ ਰੌਸ਼ਨੀ ਹੈ ਜੋ ਹਰ ਥਾਵੇਂ ਸਹਾਇਤਾ ਕਰਦੀ ਹੈ।

ਸਵਾਲ : ਪਸਾਰਾ ਕਿਸ ਵਸਤੂ ਦਾ ਕਰਨਾ ਚਾਹੀਦਾ ਹੈ, ਫੈਲਾਓ ਕਿਆ ਹੈ?

ਉੱਤਰ : ਅਕਲ ਦਾ। ਅਕਲ ਤੋਂ ਬਗੈਰ ਕਿਸੇ ਹੋਰ ਵਸਤੂ ਨੂੰ ਵਧਾਉਣਾ ਠੀਕ ਨਹੀਂ।

ਸਵਾਲ : ਖ਼ੁਸ਼ੀ ਕੀ ਹੈ? ਖ਼ੁਸ਼ੀ ਕਿਸ ਕਿਸ ਵਿਚੋਂ ਮਿਲਦੀ ਹੈ?

ਉੱਤਰ : ਖ਼ੁਸ਼ੀ ਕੇਵਲ ਦੀਦਾਰ ਵਿਚ ਹੈ। ਉਸ ਦੇ ਮਿਲਿਆਂ ਹੀ ਖ਼ੁਸ਼ੀ ਦੀ ਝਰਨਾਟ ਛਿੜ ਜਾਂਦੀ ਹੈ।

ਸਵਾਲ : ਕਿਹੜਾ ਭੋਜਨ ਕਰਨਾ ਸੋਭਦਾ ਹੈ?

ਉੱਤਰ : ਸਬੂਰੀ। ਸਬਰ ਹੀ ਦੇਵਤਿਆਂ ਦਾ ਆਹਾਰ ਹੈ। ਸੰਤੋਖ ਤੋਂ ਬਗੈਰ ਕੋਈ ਰੱਜਿਆ ਨਹੀਂ।

ਸਵਾਲ : ਜਾਮਾ ਕਿਆ ਹੈ? ਕੱਪੜੇ ਕਿਹੜੇ ਪਹਿਨੇ ਜਾਣ?

ਉੱਤਰ : ਸਚਾਈ ਦੇ। ਜਿਸ ਨੇ ਸਚਾਈ ਵਾਲਾ ਜਾਮਾ ਪਹਿਨ ਲਿਆ ਉਹ ਕਦੇ ਨੰਗਾ ਨਹੀਂ ਹੁੰਦਾ।

ਸਵਾਲ : ਧੂੰਆਂ ਕਿਹੜਾ ਫੱਕਣਾ ਚਾਹੀਦਾ ਹੈ?

ਉੱਤਰ : ਦ੍ਰਿੜ੍ਹ ਬੁੱਧੀ ਅਤੇ ਦ੍ਰਿੜ੍ਹ ਆਸਣ ਰੱਖਣਾ ਹੀ ਠੀਕ ਧੂੰਆਂ ਹੈ।

ਸਵਾਲ : ਜਿਸ ਘਰ ਵਿਚ ਤੁਸੀਂ ਜਾਣ ਲਈ ਕਹਿੰਦੇ ਹੋ, ਉਹ ਘਰ ਕਿਹੜਾ ਹੈ?

ਉੱਤਰ : ਬੇਫ਼ਿਕਰੀ ਹੀ ਘਰ ਹੈ ਤੇ ਘਰ ਵਿਚ ਹੀ ਬੇਫ਼ਿਕਰੀ ਹੈ। ਘਰ ਬਣਦਾ ਹੈ ਸਿਫ਼ਤ ਸਾਲਾਹ ਨਾਲ। 'ਜੈ ਘਰਿ ਕੀਰਤ ਆਖੀਐ, ਕਰਤੇ ਕਾ ਹੋਇ ਬੀਚਾਰੁ।'

ਸਵਾਲ : ਸੰਸਾਰ ਪਾਰ ਕਰਨ ਲਈ ਕਿਸ਼ਤੀ ਕਿਹੜੀ ਹੈ? ਬੇੜਾ ਦੱਸੋ!

ਉੱਤਰ : 'ਜਪ ਤਪ ਕਾ ਬੰਧੁ ਬੇੜੁਲਾ।' ਗੁਣ ਇਕੱਤਰ ਕਰਨੇ ਹੀ ਪਾਰ ਹੋਣ ਲਈ ਬੇੜੀ ਹੈ।

ਸਵਾਲ : ਲੰਗੋਟ ਕਿਹੜਾ ਪਹਿਨਣਾ ਚਾਹੀਦਾ ਹੈ ਕਿ ਕਾਮ ਨਾ ਸਤਾਏ?

ਉੱਤਰ : ਜਤ ਦਾ। ਜਤ ਨੂੰ ਧਾਰਨ ਕਰਨਾ ਹੀ ਲੰਗੋਟ ਬੰਨ੍ਹਣਾ ਹੈ।

ਸਵਾਲ : ਮੁਕਤੀ ਦੀ ਸ਼ਕਲ ਦੱਸੋ। ਮੁਕਤੀ ਕਿਆ ਹੈ?

ਉੱਤਰ : ਮੁਕਤੀ ਸਿਰੜ ਦਾ ਦੂਜਾ ਨਾਂ ਹੈ। ਸੀਸ ਦੇ ਦੇਵੇ ਪਰ ਸਿਰੜ ਨਾ ਦੇਵੇ। ਜੋ ਐਸਾ ਜਾਣ ਲਵੇ ਤਾਂ ਉਹ ਮੁਕਤ ਹੈ।

ਸਵਾਲ : ਜਿੰਦ ਕੀ ਹੈ? ਮਹਾਰਾਜ ਨੇ ਕਿਹਾ : ਹੱਕ! ਜਦ ਉਨ੍ਹਾਂ ਨੇ ਪੁੱਛਿਆ ਕਿ ਵਜੂਦ ਕਿਆ ਹੈ ਤਾਂ ਆਪ ਜੀ ਨੇ ਕਿਹਾ ਸੁਲਹਕੁਲ ਹੋਣਾ। ਜੋ ਵੀ ਕੱਟੜਪੰਥੀ ਹੈ ਉਹ ਆਪਣਾ ਵਜੂਦ ਗਵਾ ਬੈਠਦਾ ਹੈ।

ਸਵਾਲ : ਬਾਜ਼ੂ ਕਿਹੜੇ ਹਨ? ਮਹਾਰਾਜ ਨੇ ਫ਼ਰਮਾਇਆ, ਬਾਜ਼ੂ ਹਨ ਮਿੱਤ੍ਰ ਤੇ

Sri Satguru Jagjit Singh Ji eLibrary NamdhariElibrary@gmail.com

ਮਿੱਤ੍ਰ ਵੀ ਉਹ ਜਿਨ੍ਹਾਂ ਨੂੰ ਮਿਲਣ ਨਾਲ ਦੁਰਮਤ ਨੱਸੇ। 'ਧਰਮ ਸੇਤੀ ਸਨਬੰਧ' ਰੱਖਣ ਨਾਲ ਬਾਹਵਾਂ ਬਣਦੀਆਂ ਹਨ। ਉਸ ਨੇ ਜਦ ਭੇਖ, ਬਸਤ੍ਰ ਤੇ ਫ਼ਕੀਰਾਂ ਦੀਆਂ ਕਿਰਿਆਵਾਂ ਦੀ ਗੱਲ ਕੀਤੀ ਤਾਂ ਮਹਾਰਾਜ ਨੇ ਫ਼ਰਮਾਇਆ ਕਿ ਕਫ਼ਨੀ ਇਸ ਲਈ ਪਹਿਨਣੀ ਹੈ ਕਿ ਦੁਨੀਆਂ ਦੀ ਹਿਰਸ ਮੁੱਕ ਜਾਏ ਤੇ ਮੌਤ ਸਦਾ ਸਾਮ੍ਹਣੇ ਰੱਖੋ।

ਹਾਜੀਆਂ ਵਿਚੋਂ ਇਕ ਨੇ ਕਿਹਾ ਕਿ ਚੱਲੋ ਤੁਸੀਂ ਹੱਜ ਹੋ ਪਰ ਆਪ ਜੀ ਹਿੰਦੂ ਘਰ ਪੈਦਾ ਹੋਏ ਹੋ ਇਸ ਲਈ ਆਪ ਜੀ ਦੀ ਹੱਜ ਕਬੂਲ ਨਹੀਂ ਹੋਣੀ। ਮਹਾਰਾਜ ਨੇ ਕਿਹਾ, 'ਸੱਚੀ ਹੱਜ ਤੁਸੀਂ ਜਾਣੀ ਨਹੀਂ। ਖ਼ੁਦਾ ਦੇ ਘਰ ਜਾਂਦਿਆਂ ਮਿਹਰ, ਮੁਹੱਬਤ, ਖ਼ਿਦਮਤ, ਖੈਰਾਤ ਨੂੰ ਹੀ ਕਰਨਾ ਲੋੜੀਂਦਾ ਹੈ। ਹੁਜਤ, ਨਫ਼ਰਤ ਤੇ ਕੀਨਾ ਖ਼ੁਦਾ ਦੇ ਘਰ ਤੋਂ ਦੂਰ ਲੈ ਜਾਂਦੇ ਹਨ।' ਪੁਰਾਤਨ ਜਨਮ ਸਾਖੀ ਵਾਲੇ ਲਿਖਿਆ ਹੈ ਕਿ ਇਕ ਹੋਰ ਹਾਜੀ ਨੇ ਇਹ ਸੋਚਿਆ ਕਿ ਇਹ ਮੁਸਲਮਾਨ ਨਹੀਂ ਪਰ ਫਿਰ ਵੀ ਇਸ ਦੇ ਸਿਰ 'ਤੇ ਟੁਰਦੇ ਬੱਦਲੀ ਦੀ ਛਾਂ ਨਹੀਂ ਹਟਦੀ। ਮਹਾਰਾਜ ਦੇ ਸਿਰ 'ਤੇ ਬੱਦਲ ਨੇ ਛਾਂ ਕੀਤੀ ਹੋਈ ਤੇ ਉਨ੍ਹਾਂ ਨੂੰ ਧੁੱਪ ਨਹੀਂ ਸੀ ਪਹੁੰਦੀ। ਉਸ ਨੇ ਐਸਾ ਸੋਚ ਕੇ ਕਹਿ ਵੀ ਦਿੱਤਾ। 'ਜੇ ਤੂੰ ਚੱਲਣਾ ਹੀ ਹੈ ਤਾਂ ਅੱਗੇ ਹੋ ਜਾਂ ਪਿੱਛੇ, ਮੇਰੇ ਨਾਲ ਨਾ ਟੁਰ।' ਮਹਾਰਾਜ ਨੇ ਉਸ ਨੂੰ ਅੱਗੇ ਹੋ ਜਾਣ ਲਈ ਕਿਹਾ ਤੇ ਆਪ ਜੀ ਰੁਕ ਗਏ। ਉਹ ਕੁਝ ਦੂਰ ਅੱਗੇ ਗਿਆ ਤਾਂ ਬੱਦਲੀ ਓਹਲੇ ਹੋ ਗਈ ਤੇ ਉਹ ਧੁੱਪ ਹੇਠ ਭੁੱਜਣ ਲੱਗਾ। ਜਨਮ ਸਾਖੀ ਦੇ ਸ਼ਬਦਾਂ ਵਿਚ :

'ਤਬ ਹਾਜੀ ਲੱਗਾ ਹੱਥ ਫਾਟਣਿ, ਤਾਂ ਆਖਿਓਸ, ਜੋ ਖ਼ੁਦਾਇ ਕਾ ਦੀਦਾਰ ਹੋਇਆ ਆਹਾ ਪਰ ਝਲ ਨਾ ਸਕਿਓ, ਛਲ ਕੀਆ।' ਠੰਢ ਤੇ ਛਾਂ ਗੁਰੂ ਪਾਸ ਹੀ ਹੈ।

ਮੱਕੇ ਦੇ ਰਾਹ ਹੀ ਆਪ ਜੀ ਨੇ ਕੁਝ ਹੋਰ ਸੱਤ ਬਚਨ ਕਹੇ ਜਿਨ੍ਹਾਂ ਨੂੰ ਜਨਮ ਸਾਖੀ ਵਾਲਿਆਂ ਹਾਜ਼ਰਨਾਮਾ ਦੇ ਨਾਂ ਹੇਠਾਂ ਇਕੱਠੇ ਕੀਤਾ ਹੈ। ਉਨ੍ਹਾਂ ਦਾ ਤਾਤਪਰਜ ਕੁਝ ਇਸ ਤਰ੍ਹਾਂ ਹੈ 'ਹਾਜ਼ਰ ਕੋ ਹੀ ਮਿਹਰ ਹੈ, ਬੇ-ਹਾਜ਼ਰ ਬੇ-ਮੇਹਰ ਹੈ।' ਮਹਾਰਾਜ ਦਾ ਕਹਿਣਾ ਸੀ ਹਾਜ਼ਰ ਤੇ ਹਜ਼ੂਰ ਹੋਇਆਂ ਬਗ਼ੈਰ ਉਸ ਦੀ ਬਖਸ਼ਿਸ਼ ਨਹੀਂ ਹੁੰਦੀ। ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਹਾਜ਼ਰ, ਗ਼ੈਰ-ਹਾਜ਼ਰ, ਤੇ ਗ਼ੈਰ-ਹਾਜ਼ਰ, ਹਾਜ਼ਰ ਦੀ ਗੱਲ ਕਹੀ ਸੀ। ਦੋਸਤ ਕੇਵਲ ਈਮਾਨ ਹੈ, ਬੇ-ਈਮਾਨ ਹੀ ਕਾਫ਼ਰ ਹੈ। ਗੁਮਾਨ (ਅਹੰਕਾਰ) ਲਾਹਨਤ (ਫਿਟਕਾਰਨ ਯੋਗ) ਹੈ। ਪਸ ਗ਼ੈਬਤ (ਪਿੱਠ ਪਿੱਛੇ ਨਿੰਦਾ ਕਰਨੀ) ਦਾ ਮੂੰਹ ਕਾਲਾ ਹੈ। ਸੁਰਖ਼ਰੂ, ਦਿਆਨਤਦਾਰ ਹੀ ਹੈ। ਅਕ੍ਰਿਤਘਣ ਮੂੰਹ ਜ਼ਰਦਰੂਹ (ਮੂੰਹ ਪੀਲਾ ਭੂਕ)। ਦਰੋਗ (ਝੂਠ ਕੁਫ਼ਰ) ਹੀ ਦੋਜ਼ਖ (ਨਰਕ) ਹੈ। ਸੱਚ ਬਹਿਸ਼ਤ (ਸੁਰਗ) ਹੈ। ਹਿਰਸੀ (ਲਾਲਚੀ, ਤ੍ਰਿਸ਼ਣਾਲੂ) ਹੀ ਸਦਾ ਹੈਰਾਨ ਹੈ। ਬੇ-ਹਿਰਸੀ ਹੀ ਔਲੀਆ (ਪੈਗ਼ੰਬਰ) ਹੈ। ਇਲਮ (ਵਿੱਦਿਆ ਪੜ੍ਹਾਈ) ਹਲੇਮੀ ਹੈ। ਤਵੱਜਾ (ਧਿਆਨ) ਬੁਲੰਦੀ ਹੈ। ਫ਼ਕੀਰੀ ਸਬੂਰੀ ਹੈ, ਨਾ ਸਬੂਰੀ ਮਕਰੂ (ਪਾਖੰਡ, ਪਾਜੀ) ਹੈ। ਜ਼ੋਰ ਜ਼ੁਲਮ ਹੈ। ਬੇਜ਼ੋਰ (ਨਿਮਰਤਾ ਤੇ ਦਾਅਵਾ ਨਾ ਰੱਖਣ ਵਾਲਾ) ਪਾਕ ਹੈ। ਦੁਆਇ (ਅਸੀਸ ਦੇਣੀ) ਦੌਲਤ ਹੈ, ਬਦਦੁਆਇ ਕਹਿਰ (ਤਬਾਹੀ ਦਾ ਕਾਰਨ) ਹੈ। ਇਨਸਾਫ਼ ਸਾਫ਼ ਹੈ, ਚੋਰੀ ਲਾਲਚ ਹੈ। ਕਰਾਮਾਤ ਕੁਦਰਤ ਹੈ, ਭਾਵ ਉਸ ਦੀ ਕੁਦਰਤ ਤੋਂ ਕੁਰਬਾਨ ਹੋਣਾ ਹੀ ਕਰਾਮਾਤ ਹੈ। ਰਾਹ ਪੀਰਾਂ ਹੈ। ਟੁਰਨਾ ਗੁਰੂ ਦੇ ਰਾਹ 'ਤੇ ਚਾਹੀਦਾ ਹੈ। ਬੇਰਾਹ ਬੇ-ਪੀਰਾਂ ਹੈ। ਦਰਦਮੰਦ ਦਰਵੇਸ਼ ਹੈ। ਬੇ-ਦਰਦ

Sri Satguru Jagjit Singh Ji eLibrary NamdhariElibrary@gmail.com

ਕਸਾਈ ਹੈ। ਰੋਜ਼ੀ ਬਖਸ਼ (ਕਿਰਤ, ਰੁਜ਼ਗਾਰ ਤੇ ਦੌਲਤ) ਰਹੀਮ ਹੈ। ਦੇਗ ਤੇਗ ਮਰਦ ਹੈ। ਮਰਦ ਦਾ ਹੀ ਹੱਥ ਤੇ ਦਿਲ ਖੁੱਲ੍ਹਾ ਹੁੰਦਾ ਹੈ। ਦੇਗ ਵਰਤਾ ਕੇ ਤੇਗ ਚਲਾ ਸਕਦਾ ਹੈ। ਅਦਲ ਬਾਦਸ਼ਾਹ ਹੈ। ਇਸ ਤਰ੍ਹਾਂ ਪੈਂਡੇ ਮੁਕਾਂਦੇ ਆਪ ਜੀ ਕਾਅਬਾ ਪੁੱਜ ਗਏ।

ਹੱਜ ਤੇ ਕਾਅਬਾ : ਇਥੇ ਇਹ ਠੀਕ ਰਹੇਗਾ ਜੇ ਹੱਜ ਤੇ ਕਾਅਬਾ ਬਾਰੇ ਕੁਝ ਜਾਣ ਲਿਆ ਜਾਏ। ਪਹਿਲਾਂ ਤਾਂ ਕਾਅਬਾ ਬਾਰੇ ਸੁਣੀ ਸੁਣਾਈ ਹੀ ਹੁੰਦੀ ਸੀ ਪਰ ਪਿੱਛੇ ਜਿਹੇ ਖ਼ਾਨੇ ਖ਼ੁਦਾ ਨਾਂ ਦੀ ਤਸਵੀਰ (ਫ਼ਿਲਮ) ਹਿੰਦੁਸਤਾਨ ਆਈ ਜਿਸ ਵਿਚ ਸਾਰਾ ਬਿਰਤਾਂਤ ਦਰਸਾਇਆ ਗਿਆ ਸੀ। ਕਾਅਬਾ ਸਾਊਦੀ ਅਰਬ ਦੇ ਮੱਕਾ ਸ਼ਹਿਰ ਵਿਚ ਇਕ ਧਰਮ ਮੰਦਿਰ ਹੈ। ਕਾਅਬਾ ਨਾਂ ਅਰਬ ਦੇ ਬੁੱਤ-ਪ੍ਰਸਤਾਂ ਦਾ ਰੱਖਿਆ ਹੋਇਆ ਹੈ। ਹਜ਼ਰਤ ਮੁਹੰਮਦ ਸਾਹਿਬ ਨੇ ਇਸ ਦਾ ਨਾਂ 'ਬੈਤੁੱਲਾ' (ਅੱਲਾ ਦਾ ਘਰ) ਧਰਿਆ ਸੀ। ਇਹ ਮੰਨਿਆ ਜਾਂਦਾ ਹੈ ਕਿ ਇਹ ਮਕਾਨ ਪਹਿਲਾਂ ਬਾਬਾ ਆਦਮ ਨੇ ਬਣਾਇਆ ਸੀ। ਫਿਰ ਤੂਫ਼ਾਨ ਆਉਣ ਕਾਰਨ ਡਿੱਗ ਪਿਆ ਤੇ ਇਬ੍ਰਾਹੀਮ ਨੇ ਬਣਾਇਆ। ਫਿਰ ਡਿੱਗਾ ਤੇ ਹਜ਼ਰਤ ਮੁਹੰਮਦ ਸਾਹਿਬ ਨੇ ਉਸਾਰਿਆ। ਕਈ ਵਾਰੀ ਡਿੱਗਾ ਹੈ ਤੇ ਕਈ ਵਾਰੀ ਉਸਰਿਆ।

ਅਰੰਭ ਵਿਚ ਇਸ ਅੰਦਰ ਕਿੰਨੇ ਹੀ ਬੁੱਤ ਸਨ। ਉਨ੍ਹਾਂ ਸਾਰਿਆਂ ਨੂੰ ਤੋੜ ਬਾਹਰ ਕੱਢ ਦਿੱਤਾ ਗਿਆ। ਨਵੇਂ ਸਿਰਿਓਂ ਇਸ ਦੀ ਉਸਾਰੀ ਰੂਮ ਦੇ ਉਸਮਾਨ ਸ਼ਾਹ ਨੇ ਸੰਨ ੧੦੦੦ ਈ. ਵਿਚ ਕੀਤੀ।

ਇਸ ਕਾਅਬਾ ਦੀ ਪੂਰਬ ਵੱਲ ਦੀ ਬਾਹੀ, ਜਿਧਰ ਦਰਵਾਜ਼ਾ ਹੈ, ੩੩ ਗਜ਼ ਲੰਮੀ ਹੈ। ਪੱਛਮ ਵਾਲੀ ਬਾਹੀ ੩੧ ਗਜ਼ ਹੈ। ਉੱਤਰ ਦੀ ੨੨ ਗਜ਼ ਤੇ ਦੱਖਣ ਦੀ ੨੦ ਗਜ਼ ਹੈ। ਉਚਾਈ ੩੫ ਫੁੱਟ ਹੈ। ਇਸ ਦੀ ਚਿਣਾਈ ਭੂਰੇ ਰੰਗ ਦੇ ਪੱਥਰਾਂ ਦੇ ਚੂਨੇ ਨਾਲ ਹੋਈ। ਇਸ ਦੀ ਕੁਰਸੀ (ਪਲਿੰਥ) ਦੋ ਫੁੱਟ ਉੱਚੀ ਹੈ। ਛੱਤ ਉੱਤੇ ਕੋਈ ਗੁੰਬਦ ਨਹੀਂ, ਉੱਤੋਂ ਸਪਾਟ ਚਪਟੀ ਹੈ। ਇਸ ਦਾ ਦਰਵਾਜ਼ਾ ਕੇਵਲ ਇਕ ਜਾਂ ਦੋ ਵਾਰੀ ਹੀ ਖੁੱਲ੍ਹਦਾ ਹੈ ਅਤੇ ਅੰਦਰ ਦੀ ਸਫ਼ਾਈ ਕੀਤੀ ਜਾਂਦੀ ਹੈ। ਦੱਖਣ-ਪੂਰਬ ਵੱਲ ਦਾ ਜੋ ਕਾਅਬਾ ਦਾ ਕੋਨਾ ਹੈ, ਉਸ ਵਿਚ ਜ਼ਮੀਨ ਤੋਂ ੫ ਫੁੱਟ ਉੱਚਾ ਸੰਗੇ ਅਸਵਦ (ਕਾਲਾ ਪੱਥਰ) ਜੜਿਆ ਹੋਇਆ ਹੈ। ਹਾਜੀ ਇਸ ਨੂੰ ਚੁੰਮਦੇ ਹਨ। ਕਹਿੰਦੇ ਹਨ ਕਿ ਇਸ 'ਤੇ ਪੈਰ ਰੱਖ ਕੇ ਮੁਹੰਮਦ ਸਾਹਿਬ ਨੇ ਕਾਅਬਾ ਦੀ ਉਸਾਰੀ ਕੀਤੀ ਸੀ। ਦੱਖਣ ਦੇ ਕੋਨੇ ਵਿਚ ਇਕ ਹੋਰ ਪੱਥਰ ਹੈ ਜਿਸ ਦਾ ਨਾਂ 'ਰੁਕਨਲ ਯਮਾਨ' ਹੈ। ਇਸ ਨੂੰ ਵੀ ਹਾਜੀ ਲੋਕ ਸੱਜੇ ਹੱਥ ਨਾਲ ਛੂੰਹਦੇ ਹਨ। ਦਰਵਾਜ਼ੇ ਕੋਲ ਕਾਅਬਾ ਦੀ ਦੀਵਾਰ ਨਾਲ ਛੂੰਹਦਾ ਇਕ ਸੰਗਮਰਮਰ ਦੇ ਹਾਸ਼ੀਏ ਵਾਲਾ ਡੂੰਘਾ ਅਸਥਾਨ ਹੈ, ਜਿਸ ਤੇ ਹੁਣ ਤਿੰਨ ਆਦਮੀ ਖੜ੍ਹੇ ਹੋ ਸਕਦੇ ਹਨ। ਇਹ ਕਿਹਾ ਜਾਂਦਾ ਹੈ ਕਿ ਇਥੇ ਹੀ ਇਬਰਾਹੀਮ ਨੇ ਅਸਮਾਈਲ ਸਮੇਤ ਖ਼ੁਦਾ ਅੱਗੇ ਪ੍ਰਾਰਥਨਾ ਕੀਤੀ ਸੀ। ਇਥੋਂ ਹੀ ਕਾਅਬੇ ਦੇ ਚਾਰੇ ਪਾਸੇ ਪਰਕਰਮਾ ਲਈ ਖੁੱਲ੍ਹੀ ਥਾਂ ਹੈ ਅਤੇ ਸੁੰਦਰ ਵਲਗਣ ਹੈ। ਕਾਅਬਾ ਦਾ ਅਸਥਾਨ ਕਾਲੇ ਰੇਸ਼ਮੀ ਲਿਹਾਫ਼ ਨਾਲ ਢੱਕਿਆ ਰਹਿੰਦਾ ਹੈ। ਸਾਲ ਦੇ ਸਾਲ ਇਸ ਨੂੰ ਬਦਲਾਇਆ ਜਾਂਦਾ ਹੈ। ਇਸ 'ਤੇ ਕੁਰਾਨ ਦੀਆਂ ਆਇਤਾਂ ਲਿਖੀਆਂ ਹੋਈਆਂ ਹਨ।

ਕਾਅਬਾ ਦੀ ਯਾਤਰਾ ਕਰਨ ਨੂੰ ਹੀ ਹੱਜ ਕਹਿੰਦੇ ਹਨ। ਇਹ ਹਿਜਰੀ ਸਾਲ ਦੇ

Sri Satguru Jagjit Singh Ji eLibrary NamdhariElibrary@gmail.com

ਆਖ਼ਰੀ ਮਹੀਨੇ 'ਜ਼ੁਲ ਹਿਜਰ' ਵਿਚ ਹੁੰਦੀ ਹੈ।

ਜਦ ਮੱਕਾ ਇਕ ਪੜਾਅ ਰਹਿ ਜਾਂਦਾ ਹੈ ਤਾਂ ਉਥੇ ਫੱਟੀ ਲੱਗੀ ਹੁੰਦੀ ਹੈ ਕਿ ਇਸ ਅੱਗੇ ਕੋਈ ਗ਼ੈਰ-ਮੁਸਲਮ ਨਹੀਂ ਜਾ ਸਕਦਾ। ਉਥੇ ਹਾਜੀ ਇਸ਼ਨਾਨ ਕਰ ਕੇ 'ਏਹਰਾਮ' ਬੰਨ੍ਹਦਾ ਹੈ। ਪਹਿਲੇ ਪਾਏ ਹੋਏ ਕੱਪੜੇ ਉਤਾਰ ਕੇ ਦੋ ਚਾਦਰਾਂ ਰੱਖ ਲੈਂਦਾ ਹੈ। ਜੁੱਤੀ ਵੀ ਨਹੀਂ ਪਾਉਂਦੇ ਤੇ ਖੜਾਵਾਂ ਪਾਉਂਦੇ ਹਨ। ਭਾਈ ਗੁਰਦਾਸ ਜੀ ਨੇ ਜਦ 'ਧਰੀ ਨਿਸ਼ਾਨੀ ਕਾਉਂਸ (ਖੜਾਵਾਂ) ਦੀ' ਲਿਖੀ ਹੈ ਤਾਂ ਉਹ ਇਹ ਹੀ ਦੱਸਦੀ ਹੈ ਕਿ ਗੁਰੂ ਜੀ ਨੇ ਇਥੇ ਪੁੱਜ ਕੇ ਖੜਾਵਾਂ ਪਾ ਲਈਆਂ ਹੋਣਗੀਆਂ। ਉਥੋਂ ਤਲਬੀਆ ਗਾਇਆ ਜਾਂਦਾ ਹੈ। ਉਸ ਦਾ ਭਾਵ ਹੁੰਦਾ ਹੈ ਕਿ 'ਮੈਂ ਤੇਰੀ ਸੇਵਾ ਲਈ ਖੜ੍ਹਾ ਹਾਂ, ਤੇਰੀ ਉਸਤਤ ਹੈ, ਤੇਰਾ ਸ਼ਰੀਕ ਕੋਈ ਨਹੀਂ, ਕੇਵਲ ਤੇਰੀ ਹੀ ਬਾਦਸ਼ਾਹਤ ਹੈ।' ਕਾਅਬਾ ਪੁੱਜ ਕੇ ਫਿਰ ਇਸ਼ਨਾਨ ਕੀਤਾ ਜਾਂਦਾ ਹੈ। ਸੰਗ ਅਸਵਦ ਨੂੰ ਚੁੰਮਦੇ ਹਨ। ਸੱਤ ਪਰਕਰਮਾਂ ਕਰਦੇ ਹਨ। ਤਿੰਨ ਤੇਜ਼ੀ ਨਾਲ ਤੇ ਤਿੰਨ ਹੌਲੇ-ਹੌਲੇ। ਹਰ ਪਰਕਰਮਾ ਪਿੱਛੋਂ ਸੰਗੇ ਅਸਵਦ ਨੂੰ ਚੁੰਮਦੇ ਹਨ। ਉਥੋਂ ਇਬਰਾਹੀਮ ਦੇ ਅਸਥਾਨ 'ਤੇ ਜਾਂਦੇ ਹਨ। ਉਥੋਂ ਪ੍ਰਾਰਥਨਾ ਕਰ ਕੇ ਇਕ ਪਹਾੜੀ 'ਸਫਾ ਮਰੂਹ' ਤੇ ਜਾ ਕੇ ਪ੍ਰਾਰਥਨਾ ਕਰਦੇ ਹਨ, ਉਥੋਂ ਮਰਵਾ ਚੋਟੀ ਚੜ੍ਹ ਕੇ ਪ੍ਰਾਰਥਨਾ ਕਰਦੇ ਹਨ। ਫਿਰ ਕਾਅਬਾ ਵਿਚ ਆ ਕੇ ਖੁਤਬਾ ਸੁਣਦੇ ਹਨ। ਫਿਰ ਰਾਤ 'ਮਿਨਾ' ਦੇ ਅਸਥਾਨ 'ਤੇ ਜਾ ਕੇ ਕੱਟਦੇ ਹਨ। ਉਥੋਂ ਪਹਾੜ ਅਰਾਫਾਤ 'ਤੇ ਜਾਂਦੇ ਹਨ ਤੇ ਫਿਰ ਮੁਜ਼ਦਲਿਫਾ ਦੇ ਅਸਥਾਨ 'ਤੇ ਸੰਝ ਦੀ ਨਮਾਜ਼ ਪੜ੍ਹਦੇ ਹਨ।

ਸਾਰੀ ਕ੍ਰਿਆ ਨੌਂ ਦਿਨਾਂ ਵਿਚ ਸਮਾਪਤ ਕਰ ਕੇ ਦਸਵੀਂ ਨੂੰ 'ਨੱਹਰ' ਕੁਰਬਾਨੀ ਦਾ ਦਿਨ ਹੁੰਦਾ ਹੈ। ਉਸ ਦਿਨ ਨਮਾਜ਼ ਪੜ੍ਹ ਕੇ ਸ਼ੈਤਾਨ ਦੇ ਥੰਮ੍ਹ ਨੂੰ ਸੱਤ ਕੰਕਰ ਮਾਰਦੇ ਹਨ, ਫੇਰ ਕੁਰਬਾਨੀ ਦਿੰਦੇ ਹਨ। ਕੁਰਬਾਨ ਕੀਤੇ ਜਾਣ ਵਾਲੇ ਪਸ਼ੂ ਨੂੰ ਕਾਅਬੇ ਵੱਲ ਮੂੰਹ ਕਰ ਕੇ ਲਿਟਾ ਦਿੰਦੇ ਹਨ ਤੇ ਪਸ਼ੂ ਦੇ ਸੱਜੇ ਪਾਸੇ ਖੜ੍ਹਾ ਹੋ ਕੇ (ਅਲਾ-ਹੂ-ਅਕਬਰ) ਕਹਿ ਕੇ ਗਲ 'ਤੇ ਛੁਰੀ ਚਲਾਂਦੇ ਹਨ। ਇਸ ਪਿੱਛੋਂ ਹਾਜੀ 'ਏਹਰਾਮ' ਦੀਆਂ ਚਾਦਰਾਂ ਤਿਆਗ ਕੇ ਮਨ ਮਰਜ਼ੀ ਦੇ ਕੱਪੜੇ ਪਹਿਨ ਸਕਦੇ ਹਨ। ਫੇਰ ਪਰਕਰਮਾ ਕਰ ਕੇ ਸ਼ੈਤਾਨ ਨੂੰ ਸੱਤ ਵੱਟੇ ਮਾਰਦੇ ਹਨ ਤੇ ਜ਼ਮ-ਜ਼ਮ ਖੂਹੀ ਦਾ ਪਾਣੀ ਪੀਂਦੇ ਹਨ। ਉਥੋਂ ਲੋਕੀਂ ਮਦੀਨਾ ਵੀ ਜਾਂਦੇ ਹਨ।

ਕਾਅਬਾ ਵਿਚ ਗੁਰੂ ਜੀ : ਗੁਰੂ ਨਾਨਕ ਦੇਵ ਜੀ ਕਾਅਬਾ ਪੁੱਜੇ। ਆਪ ਜੀ ਜਾਣ ਬੁੱਝ ਕੇ ਹੀ ਕਾਅਬਾ ਦੀਆਂ ਪਰਕਰਮਾਂ ਵਿਚ ਲੇਟ ਗਏ ਤੇ ਚਰਨ ਕਾਅਬਾ ਵੱਲ ਕਰ ਲਏ। ਸਵੇਰੇ ਸਫ਼ਾਈ ਦੇ ਦਰੋਗੇ ਨੇ ਆ ਕੇ ਲੱਤ ਮਾਰੀ ਤੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਕਿਹਾ ਕਿ ਕਿਹੜਾ ਸੁੱਤਾ ਕੁਫ਼ਰ ਕੁਫ਼ਾਰੀ :

ਲੱਤਾਂ ਵੱਲ ਖੁਦਾਇ ਦੈ ਕਿਉ ਕਰਿ ਪਇਆ ਹੋਇ ਬਜਿਗਾਰੀ।
ਟੰਗਾਂ ਪਕੜ ਘਸੀਟਿਆ ਮੱਕਾ ਫਿਰਿਆ (ਤੇ) ਕਲਾ ਦਿਖਾਰੀ।

ਸਾਰੇ ਹਾਜੀ ਉਸੇ ਸਮੇਂ ਹੈਰਾਨ ਹੋਏ ਅਤੇ ਗੁਰੂ ਨਾਨਕ ਸਾਹਿਬ ਅੱਗੇ ਸਿਰ ਨਿਵਾਇਆ। ਪੁਰਾਤਨ ਜਨਮ ਸਾਖੀ ਮੁਤਾਬਿਕ 'ਜਿਸ ਪੈਰ ਤੇ ਲੱਤ ਮਾਰੀ ਉਸੇ ਪੈਰ (ਨੂੰ) ਚੁੰਮਿਓ ਸੂ'। ਉਸ ਨੇ ਕਿਹਾ ਕਿ ਕਦਮਾਂ ਸਾਥ ਕਾਅਬਾ ਫਿਰਦਾ ਦੇਖਿਆ :

Sri Satguru Jagjit Singh Ji eLibrary NamdhariElibrary@gmail.com

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

ਬਾਬਾ ਜੀ ਭੀ ਸੈਨ ਤਹਾ ਕੀਆ।
ਅਚਰਜ ਚਰਿਤ੍ਰ ਤਹਾ ਤਬ ਥੀਆ॥ ੭॥
ਦੋ ਘੜੀ ਰਾਤ ਰਹੀ ਭਈ ਸੁਭਹ।
ਮੀਆ ਜੀਵਨ ਆਇਆ ਤਬਹ।
ਝਾੜ ਕਰੇ ਵਿਚਾਰੇ ਦੁਆਰੇ॥ ੮॥
ਜਹਾਂ ਦਿਆਲ ਸੋਏ ਤਹਾ ਆਇ।
ਨਹੀਂ ਜਾਗੇ ਵਹੁ ਰਹਾ ਜਗਾਇ।
ਦੋਉ ਕਦਮ ਕਾਬੇ ਢਿਗ (ਵਲ) ਦੇਖਾ।
ਸੋਰ ਕੀਆ ਕਰ ਕੋਪ ਬਸੇਖਾ॥ ੯॥
ਤਬ ਪਕੜ ਚਰਣ ਦਖਣ ਦਿਸ ਕਰਾ।
ਲਾਗ ਚਰਣ ਮਕਾ ਸੰਗ ਫਿਰਾ।
ਦੇਖ ਚਲਤ (ਕਰਾਮਾਤ) ਕੀਆ ਬਹੁ ਸ਼ੋਰ।
ਦੇਖੋ ਯਾਰੋ ਕਿਸਮਤ ਕਾ ਦੌਰ। *(ਸਾਖੀ ਸਤਿਗੁਰੂ ਜੀ ਮੱਕੇ ਮਦੀਨੇ ਦੇਸ)*

ਬਹੁਤ ਵਾਰੀ ਇਹ ਪ੍ਰਸ਼ਨ ਉਠਾਇਆ ਜਾਂਦਾ ਹੈ ਕਿ ਮੱਕਾ ਫਿਰਿਆ ਹੈ ਜਾਂ ਨਹੀਂ। ਕੁਝ ਕਹਿ ਦਿੰਦੇ ਹਨ ਕਿ 'ਮੱਕਾ ਨਹੀਂ' ਮਨ ਫੇਰ ਦਿੱਤੇ। ਪਰ ਹੋਰ ਤਾਂ ਕੋਈ ਆਖੇ ਜਾਂ ਨਾ ਮੁਸਲਮਾਨਾਂ ਨੂੰ ਇਹ ਕਹਿਣਾ ਨਹੀਂ ਫੱਬਦਾ ਕਿ ਮੱਕਾ ਨਹੀਂ ਫਿਰਿਆ। ਕਾਅਬਾ ਕਈ ਵਾਰੀ ਫਿਰਿਆ ਹੈ ਤੇ ਇਸ ਨੂੰ ਫਿਰਨ ਦੀ ਆਦਤ ਹੈ। ਹਜ਼ਰਤ ਇਬਨ ਅਰਬੀ ਆਪਣੀ ਪੁਸਤਕ ਫਤੂਹਾਤ ਮਕੀਅ ਵਿਚ ਲਿਖਦੇ ਹਨ ਕਿ ਕਾਅਬਾ ਦੀਆਂ ਪਰਕਰਮਾਂ ਕਰਦੇ ਕਾਅਬਾ ਬਾਰੇ ਕਈ ਬੁਰੇ ਖ਼ਿਆਲ ਸੋਚੇ ਤਾਂ ਉਨ੍ਹਾਂ ਦੇਖਿਆ ਕਿ ਕਾਅਬਾ ਆਪਣੀਆਂ ਨੀਹਾਂ ਸਮੇਤ ਆਪਣੀ ਥਾਂ ਤੋਂ ਉੱਠ ਆਕਾਸ਼ ਵੱਲ ਟੁਰ ਪਿਆ ਹੈ ਤੇ ਕਾਅਬਾ ਨੇ ਨਿਸਚਾ ਕਰ ਲਿਆ ਕਿ ਮੇਰੇ 'ਤੇ ਡਿੱਗ ਕੇ ਮੈਨੂੰ ਮਾਰ ਦੇਵੇ। ਕਾਅਬਾ ਨੇ ਮੈਨੂੰ ਇਥੋਂ ਤੱਕ ਕਿਹਾ : 'ਅੱਗੇ ਆ ਮੈਂ ਤੈਨੂੰ ਦੱਸਾਂ ਕਿ ਤੇਰੇ ਨਾਲ ਕੀ ਸਲੂਕ ਕਰਦਾ ਹਾਂ।' ਜਦ ਕਾਅਬਾ ਦੀ ਉਸਤਤ ਕੀਤੀ ਤਾਂ ਉਹ ਮੁੜ ਆਪਣੀ ਅਸਲ ਥਾਂ ਚਲਾ ਗਿਆ।[1] ਇਸ ਤਰ੍ਹਾਂ ਇਹ ਰਵਾਇਤ ਵੀ ਹੈ ਕਿ ਰਾਇਬਾਂ ਬਸਰੀ ਜੋ ਇਕ ਪਵਿੱਤ੍ਰ ਆਤਮਾ ਇਸਤਰੀ ਸੀ ਤੇ ਆਪਣੇ ਪਿਤਾ ਦੀ ਚੌਥੀ ਸੰਤਾਨ ਹੋਣ ਕਾਰਨ ਰਾਅਬ (ਚੌਥੀ) ਕਹੀ ਜਾਂਦੀ ਸੀ ਅਤੇ ਦਿਹਾਂਤ ਸੰਨ ੮੦੧ ਵਿਚ ਹੋਇਆ ਸੀ, ਜਦ ਦੂਜੀ ਵਾਰੀ ਹੱਜ ਕਰਨ ਲਈ ਗਈ ਤਾਂ ਜੰਗਲ ਵਿਚ ਕਾਅਬੇ ਨੂੰ ਆਪਣੇ ਸਵਾਗਤ ਲਈ ਆਉਂਦਾ ਦੇਖ ਕੇ ਕਹਿਣ ਲੱਗੀ ਕਿ ਮੈਂ ਤਾਂ ਖ਼ੁਦਾ ਨੂੰ ਚਾਹੁੰਦੀ ਹਾਂ, ਖ਼ੁਦਾ ਦੇ ਘਰ ਨੂੰ ਕੀ ਕਰਨਾ ਹੈ। ਕਾਅਬੇ ਦੇ ਜਮਾਲ ਤੋਂ ਮੈਂ ਕਿਸ ਤਰ੍ਹਾਂ ਖ਼ੁਸ਼ ਹੋਵਾਂ। ਜਦ ਹਜ਼ਰਤ 'ਇਬਰਾਹੀਮ ਆਜ਼ਮ' ਮੱਕੇ ਗਏ, 'ਖਾਨੇ ਖ਼ੁਦਾ' ਨੂੰ ਆਪਣੀ ਥਾਂ ਨਾ ਦੇਖ ਕੇ ਹੈਰਾਨ ਹੋਏ ਤੇ ਅੱਖਾਂ ਮਲਣ ਲੱਗੇ ਕਿ ਇਹ ਕੀ ਹੋਇਆ ਤਾਂ ਆਵਾਜ਼ ਹੋਈ ਕਿ ਤੇਰੀ ਨਜ਼ਰ ਵਿਚ ਫ਼ਰਕ ਨਹੀਂ ਪਿਆ, ਕਾਅਬਾ ਇਕ ਔਰਤ ਦੇ ਸਵਾਗਤ ਲਈ ਗਿਆ ਹੋਇਆ

1. ਇਸਰਾਰਿ ਸ਼ਰੀਅਤ, ਹਿੱਸਾ ਦੂਜਾ, ਪੰਨਾ ੭੫।

Sri Satguru Jagjit Singh Ji eLibrary NamdhariElibrary@gmail.com

ਹੈ ਜੋ ਇਧਰ ਆ ਰਹੀ ਹੈ।[1]

ਇਸ ਤਰ੍ਹਾਂ ਸਵਾਨਹਿ-ਉਮਰੀ-ਰਸੂਲ-ਏ-ਮਕਬੂਲ ਵਿਚ ਮੁਹੰਮਦ ਸੁਲਹ ਸੂਫੀ[2] ਨੇ ਲਿਖਿਆ ਹੈ ਕਿ ਜਦ ਹਜ਼ਰਤ ਮੁਹੰਮਦ ਸਾਹਿਬ ਪੈਦਾ ਹੋਏ, ਉਨ੍ਹਾਂ ਦੇ ਦਾਦਾ ਹਜ਼ਰਤ ਅਬੁਲ ਮਤਾਲੀਬ, ਜੋ ਉਸ ਸਮੇਂ ਕਾਅਬਾ ਪਾਸ ਬੈਠੇ ਹੋਏ ਸਨ, ਇਹ ਦੇਖ ਕੇ ਹੈਰਾਨ ਹੋ ਗਏ ਕਿ ਕਾਅਬਾ ਦੀਆਂ ਚਾਰ ਦੀਵਾਰਾਂ ਨੇ ਝੁਕ ਕੇ ਸਿਜਦਾ ਕੀਤਾ ਤੇ ਬੈਤ-ਉਲਾ ਅੰਦਰੋਂ ਅੱਲਾ-ਹੂ-ਅਕਬਰ ਦੀਆਂ ਆਵਾਜ਼ਾਂ ਆਈਆਂ।

ਤਾਰੀਖਿ ਫ਼ਰਿਸ਼ਤਾ ਦੇ ਲੇਖਕ ਮੁੱਲਾਂ ਮੁਹੰਮਦ ਕਾਸਿਮ ਨੇ ਹਜ਼ਰਤ ਮਖ਼ਦੂਮ-ਇ-ਜਹਾਨੀਆ ਸਯਦ ਜਲਾਲ-ਉਦ-ਦੀਨ ਹੁਸੈਨ ਬੁਖ਼ਾਰੀ ਉੱਚ ਤੇ ਸ਼ੇਖ ਅਬਦੁੱਲਾ ਸ਼ਫਈ ਦੀ ਗਵਾਹੀ ਨਾਲ ਲਿਖਿਆ ਹੈ ਕਿ ਇਕ ਵਾਰੀ ਕਾਅਬਾ ਖ਼ੁਦ ਚੱਲ ਕੇ ਕੁਤਬ-ਉਲ-ਹਿੰਦ ਸ਼ੇਖ ਨਸੀਰ-ਉਦ-ਦੀਨ ਮਹਿਮੂਦ ਪਾਸ ਪੁੱਜਾ ਕਿਉਂਕਿ ਸ਼ੇਖ ਜੀ ਅਲਾਹ ਦੀ ਯਾਦ ਵਿਚ ਮਸਤ ਸਨ ਤੇ ਉਹ ਮੱਕਾ ਹਜ ਲਈ ਜਾ ਨਹੀਂ ਸਕਦੇ ਸਨ।

ਸੋ ਕੋਈ ਇਹ ਹੈਰਾਨੀ ਦੀ ਗੱਲ ਨਹੀਂ ਕਿ ਕਾਅਬਾ ਜੀਵਨ ਨੂੰ ਫਿਰਦਾ ਨਜ਼ਰ ਆਇਆ ਹੋਵੇ ਤੇ ਉਹ ਪੁਕਾਰ ਉਠਿਆ ਹੋਵੇ : 'ਕਿਧਰ ਨਹੀਂ ਖ਼ੁਦਾ ਦਾ ਘਰ, ਕਿਧਰ ਨਹੀਂ ਖ਼ੁਦਾ ਦਾ ਘਰ।' ਗੁਰੂ ਨਾਨਕ ਦੇਵ ਜੀ ਦਾ ਆਪਣਾ ਨਿਰਾਲਾ ਹੀ ਢੰਗ ਸੀ। ਉਹ ਸੀਸ ਤਲੀ 'ਤੇ ਰੱਖ ਕੇ ਵੀ ਸੱਚ ਦਾ ਹੋਕਾ ਦੇ ਜਾਂਦੇ ਸਨ। ਉਹ ਜਾਣਦੇ ਸਨ ਕਿ ਬਣੀਆਂ ਹੋਈਆਂ ਮਨੌਤਾਂ 'ਤੇ ਚੋਟ ਮਾਰਨੀ ਕੋਈ ਸਹਿਲਾ ਕੰਮ ਨਹੀਂ। ਸ਼ਰਹ ਦੇ ਕੈਦੀ ਕਦ ਸੁਣਨ ਵਾਲੇ ਹਨ ਇਹੋ ਜਿਹੇ ਵਿਚਾਰ ਪਰ ਬਾਬਾ ਜੀ ਦਾ ਕੁਝ ਅਜਿਹਾ ਪ੍ਰਭਾਵ ਸੀ ਕਿ ਸਭ :

ਹੋਇ ਹੈਰਾਨ ਕਰੇਨਿ ਜੁਹਾਰੀ।

ਚਰਚਾ : ਹੁਣ ਸਾਰੇ ਹਾਜੀਆਂ ਤੇ ਮਉਲਾਣਿਆਂ ਨੇ ਚਰਚਾ ਛੇੜ ਦਿੱਤੀ। ਪਹਿਲਾਂ ਇਹ ਹੀ ਪੁੱਛਿਆ ਕਿ ਤੁਹਾਡੀ ਕਿਤਾਬ (ਜੋ ਗੁਰੂ ਜੀ ਪਾਸ ਸੀ) ਵਿਚ ਹਿੰਦੂ ਵੱਡਾ ਕਿ ਮੁਸਲਮਾਨ ਹੈ? ਗੁਰੂ ਜੀ ਨੇ ਕਿਹਾ : ਨੇਕ ਅਮਲਾਂ ਬਿਨਾਂ ਦੋਵੇਂ ਹੀ ਰੋਂਦੇ ਹਨ। ਹਿੰਦੂ ਤੇ ਮੁਸਲਮਾਨ ਦੋਵੇਂ ਕੇਵਲ ਹਿੰਦੂ ਜਾਂ ਮੁਸਲਮਾਨ ਹੋਣ ਕਰਕੇ ਰੱਬ ਦੀ ਦਰਗਾਹ ਵਿਚ ਪਨਾਹ ਨਹੀਂ ਲੈਣਗੇ। ਰਾਮ ਰਹੀਮ ਇਕੋ ਹੀ ਹਨ, ਈਰਖਾ ਕਰਕੇ ਲੋਕੀਂ ਅੱਡ-ਅੱਡ ਦਰਸਾ ਰਹੇ ਹਨ। ਇਹ ਸ਼ੈਤਾਨੀ ਰਾਹ ਹੈ ਕਿ ਧਰਮਾਂ ਵਿਚ ਲੜਾਈ ਪਵਾਈ ਜਾਏ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ :

'ਪੁਛਨਿ ਫੋਲਿ ਕਿਤਾਬ ਨੋ, ਹਿੰਦੂ ਵੱਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਝਹੁ ਦੋਨੋਂ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
ਕਰਨਿ ਬਖੀਲੀ ਆਪਿ ਵਿਚ ਰਾਮ ਰਹੀਮ ਇਕ ਥਾਇ ਖਲੋਈ।
ਰਾਹਿ ਸ਼ੈਤਾਨੀ ਦੁਨੀਆਂ ਗੋਈ ।੩੩।' *(ਵਾਰ ਪਹਿਲੀ)*

1. ਤਜ਼ਕਰਾਤੁਲ ਔਲੀਆ, ਸਫ਼ਾ ੬੨।
2. ਪੰਨਾ ੪੫।

Sri Satguru Jagjit Singh Ji eLibrary NamdhariElibrary@gmail.com

ਉਥੇ ਹੀ ਗੁਰੂ ਨਾਨਕ ਦੇਵ ਜੀ ਕੋਲੋਂ ਉਨ੍ਹਾਂ ਖਲੀਫ਼ਿਆਂ ਨੇ ਯਾਦ ਵਜੋਂ ਖੜਾਵ ਲਈ ਤੇ ਉਸ ਦੀ ਪੂਜਾ ਕਰਨੀ ਅਰੰਭ ਕਰ ਦਿੱਤੀ। ਬਾਬੇ ਦੀ ਸਭ ਤੋਂ ਵੱਡੀ ਉਪਮਾ ਇਹ ਹੈ ਕਿ ਉਸ ਨੂੰ ਘਰ-ਘਰ ਹਿੰਦੂ ਮੁਸਲਮਾਨ ਆਪਣਾ ਫਿਰਕੂਪੁਣਾ ਗੁਆ ਕੇ ਗਾ ਰਹੇ ਹਨ ਤੇ ਉਸ ਦੇ ਗੀਤ ਗਾ ਰਹੇ ਹਨ। ਸੂਰਜ ਨਿਕਲਣ ਨਾਲ ਚਾਰੇ ਪਾਸੇ ਰੋਸ਼ਨੀ ਹੋਈ ਜਾਂ ਜਿਵੇਂ ਸ਼ੇਰ ਗਰਜਦਾ ਹੈ ਤਾਂ ਹਿਰਣ ਨੱਸਦੇ ਹਨ, ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਗਰਜਣ ਨਾਲ ਪਖੰਡ ਨੱਸ ਗਏ :

'ਧਰੀ ਨੀਸਾਨੀ ਕਉਸ ਦੀ ਮਕੇ ਅੰਦਰਿ ਪੂਜ ਕਰਾਈ।
ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝ ਨਾ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
ਛਪੇ ਨਹਿ ਛਪਾਇਆ ਚੜ੍ਹਿਆ ਸੂਰਜੁ ਜਗੁ ਰੁਸ਼ਨਾਈ।
ਬੁਕਿਆ ਸਿੰਘ ਉਜਾੜਿ ਵਿਚ ਸਭ ਮਿਰਗਾਵਲਿ ਭੰਨੀ ਜਾਈ'। ੩੪।

(ਵਾਰ ਪਹਿਲੀ)

ਉਥੇ ਹੀ ਕਈ ਪ੍ਰਸ਼ਨ-ਉੱਤਰ ਹੋਏ। ਚਰਚਾ ਛੇੜਨ ਵਾਲਿਆਂ ਵਿਚ ਰੁਕਨ ਦੀਨ ਸਭ ਤੋਂ ਅੱਗੇ ਸੀ। ਸਯਦ ਸਾਨੀ, ਮਖ਼ਦੂਮ ਰੁਕਨਦੀਨ, ਅਬੁਲ ਫ਼ਤੇ ਜਦ ਮੱਕੇ ਜਾਂਦੇ ਸਨ ਤਾਂ ਉਥੋਂ ਦੇ ਸ਼ਰੀਫ਼ ਸਮਾਨ ਹੁੰਦੇ ਸਨ। ਸਾਰਿਆਂ ਨੇ ਉਨ੍ਹਾਂ ਨੂੰ ਹੀ ਅੱਗੇ ਕੀਤਾ। ਉਨ੍ਹਾਂ ਨਾਲ ਕੋਈ ਹੋਰ ਹਿੰਦੀ ਫ਼ਕੀਰ ਵੀ ਸਨ ਜਿਨ੍ਹਾਂ ਵਿਚੋਂ 'ਲਾਲ ਜਤੀ' ਵੀ ਇਕ ਸੀ। ਪਹਿਲਾ ਪ੍ਰਸ਼ਨ ਇਹ ਸੀ ਕਿ ਰੱਬ ਤੋਂ ਆਇਆ ਕੁਰਾਨ ਤੇ ਨਾਜ਼ਲ ਹੋਇਆ ਰਸੂਲ ਮੁਹੰਮਦ ਤੇ ਫਿਰ ਆਏ ਚਾਰ ਯਾਰ (ਅਬੂ ਬਕਰ, ਉਮਰ, ਉਸਮਾਨ, ਅਲੀ) ਕਲਮਾ ਤੇ ਸਿਫ਼ਾਰਸ਼। ਸਿਰਫ਼ ਉਹ ਹੀ ਬਚਣਗੇ ਜੋ ਨਬੀ ਨੂੰ ਪੁਕਾਰਨਗੇ। ਗੁਰੂ ਜੀ ਨੇ ਉੱਤਰ ਵਜੋਂ ਕਿਹਾ ਕਿ ਰੱਬ ਵਾਹਦ ਉਲ ਸ਼ਰੀਕ ਹੈ। ਪੈਗ਼ੰਬਰ ਉਸ ਦਾ ਅੰਤ ਨਹੀਂ ਪਾ ਸਕਦੇ। ਰੱਬ ਦਾ ਕੋਈ ਮੁਫ਼ਤੀ ਨਹੀਂ ਤੇ ਨਾ ਹੀ ਕੋਈ ਯਾਰ ਹੈ। ਜੋ ਰੱਬ ਦੇ ਰਾਹ 'ਤੇ ਟੁਰਨਗੇ ਉਨ੍ਹਾਂ ਨੂੰ ਹੀ ਪਨਾਹ ਮਿਲੇਗੀ :

'ਹਮਦ ਸਨਾਈ ਰਬ ਨੋ ਵਾਹਦ ਲਾ ਸ਼ਰੀਕ।
ਅਵਤਾਰ ਪੈਗ਼ੰਬਰ ਜੇਤੜੇ ਕਰ ਨ ਸਕਨ ਤਹਕੀਕ।
ਮੁਫ਼ਤੀ ਕੋਈ ਨ ਰੱਬ ਦਾ ਯਾਰ ਨ ਕੋਈ ਆਹਿ।
ਗੈਰ ਹਿਸਾਬ ਨ ਹੋਵਸੀ ਰਬਾਨੀ ਦਰਗਾਹਿ।
ਛੁਟਸਨ ਸੋਈ ਨਾਨਕਾ ਮੁਰਸ਼ੁਦ ਜਿਨਾ ਪਨਾਹਿ।'

ਮਹਿਮਾ ਪ੍ਰਕਾਸ਼ ਦੇ ਸ਼ਬਦ ਵੀ ਭਾਵ ਪੂਰਤ ਹਨ :

ਕਰ ਮਸਕੀਨੀ ਬੰਦਗੀ ਤਾਂ ਮਿਲੀਐ ਬੇਪ੍ਰਵਾਹ।

ਰੁਕਨ ਦੀਨ ਨੇ ਫਿਰ ਕਿਹਾ ਕਿ ਜੋ ਵੀ ਨਬੀ ਦਾ ਕਲਮਾ ਨਹੀਂ ਪੜ੍ਹਨਗੇ ਦੋਜ਼ਖ ਵਿਚ ਜਾਣਗੇ ਤੇ ਬਗ਼ੈਰ ਮੁਹੰਮਦੀ ਦੀਨ ਦੇ ਬਾਕੀ ਸਭ ਧਰਮ ਊਰੇ ਹਨ। ਗੁਰੂ ਨਾਨਕ ਦੇਵ ਜੀ ਦਾ ਉੱਤਰ ਸੀ ਕਿ ਜਿਨ੍ਹਾਂ ਦਾ ਈਮਾਨ ਪੂਰਾ ਹੈ, ਉਨ੍ਹਾਂ ਨੂੰ ਹੀ ਬਹਿਸ਼ਤ ਮਿਲੇਗਾ। ਕਈ ਨਬੀ ਤੇ ਕਈ ਰਸੂਲ ਹਨ। ਉਥੇ ਸਿਫ਼ਾਰਸ਼ਾਂ ਨਹੀਂ ਚਲਦੀਆਂ। ਬੰਦਗੀ ਵਾਲਾ

ਹੀ ਕਬੂਲ ਹੋਏਗਾ :

'ਜਿਨਾਂਹ ਈਮਾਨ ਸਲਾਮਤੀ, ਮਿਲਸੀ ਭਿਸ਼ਤ ਤਨਾਹਿ।
ਰੁਕਨਲ ਨੀਅਤ ਰਾਸਿ ਕਰ ਦਰਗਾਹ ਪਵੇ ਕਬੂਲ।
ਇਕੋ ਆਪ ਖ਼ੁਦਾਇ ਹੈ ਕੇਤੇ ਨਬੀ ਰਸੂਲ।
ਜੋਰ ਜ਼ੁਲਮ ਹਰਾਮ ਹੈ ਕਿਸੇ ਨਾ ਕਰੋ ਰੰਜੂਲ।
ਜੇ ਕੋਈ ਕਰਹੈ ਬੰਦਗੀ ਸੋਈ ਪਵੈ ਕਬੂਲ।'

ਰੁਕਨ ਦੀਨ ਦਾ ਫਿਰ ਕਹਿਣਾ ਸੀ ਕਿ ਰਾਹ ਤਾਂ ਬਹੁਤ ਭੀੜਾ ਹੈ, ਕਿਵੇਂ ਕੋਈ ਬਚ ਨਿਕਲੇਗਾ ਤਾਂ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ : ਜਿੱਥੇ ਆਤਸ਼ ਦੁਨੀਆਂ ਹੈ, ਉਥੇ ਠੰਢ ਪਾਉਣ ਵਾਲਾ ਉਸ ਦਾ ਨਾਂ ਹੈ ਤੇ ਪਾਰ ਕਰਨ ਵਾਲਾ ਬੇੜਾ ਵੀ ਉਸ ਦਾ ਨਾਂ ਹੈ :

'ਜਿਥੇ ਸਾਇਰ ਆਤਸ਼ੀ ਬੇੜਾ ਨਾਮ ਖ਼ੁਦਾਇ।
ਮੁਰਸ਼ੁਦ ਆਰਫ਼ ਦਾ ਤਹਾਂ ਇਕੋ ਸ਼ਬਦ ਮਲਾਹਿ।'

ਰੁਕਨ ਦੀਨ ਨੂੰ ਪੰਜ ਉਪਦੇਸ਼ ਦਿੱਤੇ ਕਿ ਇਨ੍ਹਾਂ ਨੂੰ ਕਮਾਉਣ ਨਾਲ ਪਾਰ ਹੋ ਜਾਏਂਗਾ। ਅਲਾਹ ਦੀ ਬੰਦਗੀ, ਸੱਚ ਨੂੰ ਪੱਲੇ ਬੰਨ੍ਹਣਾ, ਕਿਰਤ ਕਮਾਈ, ਵੰਡ ਛਕਣਾ, ਦਸਵੰਧ ਕੱਢਣਾ, ਇਹ ਹੀ ਭਿਸ਼ਤ ਦਾ ਰਾਹ ਹੈ :

'ਅੱਲਾ ਦੀ ਕਰ ਬੰਦਗੀ, ਸੱਚ ਬੋਲੀ ਨਿਸ ਦੇਹ।
ਖਾਹ ਖਵਾਵੇ ਖਟ ਕੇ, ਕਰੋ ਮਸਕਤਿ ਕਾਰਿ।
ਨਖ ਸਿਖ ਪਵੇ ਪਸੀਨੜਾ ਉਹੋ ਖਾਣਾ ਸਾਰ।
ਦਸਵਾਂ ਹਿੱਸਾ ਉਸ ਥੀ ਰਾਹਿ ਰਬ ਦੇ ਦੇਹ।
ਅਣਪੁਛੇ ਪਾਵੈ ਭਿਸ਼ਤ ਸੇ ਸਦ ਹਕੀਕਤ ਏਹ।'

ਜਦ ਰੁਕਨ ਦੀਨ ਨੇ ਇਹ ਪੁੱਛਿਆ ਕਿ ਬਜ਼ੁਰਗ ਕੌਣ ਹੈ ਤਾਂ ਆਪ ਜੀ ਨੇ ਕਿਹਾ : ਜਿਸ ਦੀ ਨੀਯਤ ਰਾਸ, ਦੂਜੇ ਦੇ ਗੁਣ ਸੁਣ ਕੇ ਪ੍ਰਸੰਨ ਹੋਣ ਵਾਲਾ, ਗੁਣ ਵਾਲੇ ਦੀ ਰੀਸ ਕਰਨ ਵਾਲਾ, ਵਡਿਆਈ ਉਸ ਦੀ ਹੀ ਕਰੇ ਜਿਸ ਰਾਹੀਂ ਗੁਣ ਮਿਲੇ ਹਨ, ਗੁਰ ਸ਼ਬਦ ਤੇ ਆਤਮ ਗਿਆਨ ਨੂੰ ਆਪਣਾ ਆਧਾਰ ਬਣਾਏ, ਪਰ-ਇਸਤਰੀ ਦਾ ਤਿਆਗੀ, ਦੁਬਿਧਾ ਪਾਉਣ ਵਾਲੀਆਂ ਗੱਲਾਂ ਤੋਂ ਪਰ੍ਹੇ ਰਹਿਣ ਵਾਲਾ, ਜੇ ਬਲੀ ਹੋਏ ਤਾਂ ਬਲ ਨਾ ਜਤਲਾਉਣ ਵਾਲਾ ਅਤੇ ਬਦਕਾਰਾਂ ਦੀ ਸੁਹਬਤ ਤੋਂ ਦੂਰ ਰਹਿਣ ਵਾਲਾ।

ਰੁਕਨ ਦੀਨ ਅਤੇ ਹੋਰ ਸਾਰੇ ਫ਼ਕੀਰ ਮੰਨ ਗਏ ਕਿ ਗੁਰੂ ਨਾਨਕ ਸਿਵਾਇ ਇਕ ਪਾਕਿ ਅੱਲਾ ਦੇ ਹੋਰ ਕਿਸੇ ਦੀ ਗੱਲ ਨਹੀਂ ਕਰਦਾ :

'ਕੀਤੇ ਸਭ ਮਨਸੂਖ਼ ਤੂੰ
ਬਾਝਹੁ ਅੱਲਾ ਪਾਕ।'

ਜਦ ਉਹਨਾਂ ਪੁੱਛਿਆ ਕਿ ਉਸ ਦੇ ਦਰ 'ਤੇ ਕੀ ਲਿਖਿਆ ਹੈ ਤਾਂ ਵੀ ਆਪ ਜੀ ਨੇ ਇਹ ਹੀ ਕਿਹਾ : 'ਦਰ 'ਤੇ ਇਹੋ ਲਿਖਿਆ ਇਕੋ ਪਾਕ ਖ਼ੁਦਾਇ।' ਜਦ ਉਸ ਨੇ ਸੁੰਨਤ ਤੇ ਨਮਾਜ਼ ਦੀ ਹਕੀਕਤ ਪੁੱਛੀ ਤਾਂ ਗੁਰੂ ਜੀ ਨੇ ਕਿਹਾ :

Sri Satguru Jagjit Singh Ji eLibrary NamdhariElibrary@gmail.com

'ਸਚੀ ਸੁੰਨਤ ਬੰਦਗੀ ਸਚ ਨਿਮਾਜ਼ ਕਰਾਇ।'

ਫਿਰ ਬਹਾਉਦ-ਦੀਨ ਨਾਂ ਦੇ ਫ਼ਕੀਰ ਨੇ ਰੂਹ, ਖ਼ੁਦਾ ਅਤੇ ਸੱਚ ਦਾ ਭੇਦ ਪੁੱਛਿਆ ਤਾਂ ਆਪ ਜੀ ਨੇ ਫ਼ਰਮਾਇਆ :

'ਰੂਹ ਖ਼ੁਦਾਇ ਨ ਭੇਦ ਕੁਛ ਰਹਿਸਨ ਇਕੋ ਥਾਇ।
ਸਚੀ ਏਹੋ ਬੰਦਗੀ ਰਹਿਣਾ ਖ਼ੁਸ਼ੀ ਰਜਾਇ।
ਸਭ ਨੂੰ ਖ਼ੁਦਾਇ ਦਾ ਜਾਣੇ ਆਪਣਾ ਆਪ।
ਜਿਨ੍ਹਾਂ ਆਪ ਪਛਾਣਿਆ ਤਿੰਨਾਂ ਪੁੰਨ ਨ ਪਾਪ।'

ਜਦ ਉਹਨਾਂ ਇਹ ਪੁੱਛਿਆ ਕਿ ਕੌਣ ਨੇੜੇ ਤੇ ਕੌਣ ਦੂਰ ਹੈ ਤਾਂ ਆਪ ਜੀ ਨੇ ਫ਼ਰਮਾਇਆ :

ਉਹ ਨਜ਼ੀਕ ਖ਼ੁਦਾਇ ਦੇ ਜੋ ਰੱਖਦੇ ਹੈਂ ਯਾਦ।
ਖਾਣਾ ਗ਼ਮ ਹੈ ਰੱਬ ਦਾ, ਪੈਨਣ ਖਿਮਾ ਪੁਸ਼ਾਕ।'

ਪੀਰ ਜਲਾਲ ਦੀਨ ਨੇ ਕਿਹਾ ਕਿ ਮੁਸਲਮਾਨਾਂ ਵਾਸਤੇ ਭਿਸ਼ਤ ਬਣਾਏ ਹਨ ਤੇ ਮੁਹੰਮਦੀ ਹੋਣਾ ਹੀ ਛੁੱਟਣਾ ਹੈ। ਗੁਰੂ ਜੀ ਨੇ ਕਿਹਾ ਰੂਹ ਹਿੰਦੂ ਤੁਰਕ ਨਹੀਂ। ਜਦ ਤਕ ਇਹ ਸਰੀਰ ਹੈ ਤਦ ਤੱਕ ਹੀ ਧਰਮਾਂ ਦੇ ਝਗੜੇ ਹਨ। '**ਮਜ਼੍ਹਬ ਕਿਸੇ ਦੀ ਭਿਸ਼ਤ ਨ ਦੋਜ਼ਕ ਮਜ਼੍ਹਬ ਨ ਕਾਇ**।' ਫਿਰ ਜਦ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦਾ ਆਪਣਾ ਧਰਮ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ :

'ਪਾਂਚ ਤਤ ਕਾ ਪੁਤਲਾ ਗੈਬੀ ਖੇਲੇ ਮਾਹਿ।'

ਅਤੇ

'ਸਚਾ ਮਜ਼ਹਬ ਅਲਾਹਿ ਦਾ, ਲਾ ਮਜ਼ਹਬੀ ਇਕ ਨੂਰ।'
ਅਮਲਾ ਤੇ ਨਿਬੇੜੇ ਸਾਹਿਬ ਦੇ ਦਰਬਾਰ।
ਕੋਈ ਕਰੇ ਸਹਾਇ ਨਾ ਪੈਗੰਬਰ ਅਵਤਾਰ।

ਮੱਕੇ ਹੋਰ ਵੀ ਕਈ ਸਵਾਲ ਉਨ੍ਹਾਂ ਪੁੱਛੇ ਜਿਨ੍ਹਾਂ ਵਿਚ ਇਹ ਤਿੰਨ ਪ੍ਰਸਿੱਧ ਹਨ। ਅੱਲਾ ਕਿਆ ਹੈ, ਰਹਤਾ ਕਹਾਂ ਹੈ ਅਤੇ ਕਰਤਾ ਕਿਆ ਹੈ। ਗੁਰੂ ਜੀ ਨੇ ਫ਼ਰਮਾਇਆ : ਉਹ ਇਕ ਹੈ, ਇਕ ਤੋਂ ਬਗੈਰ ਕੁਝ ਨਹੀਂ, ਪਹਿਲਾਂ ਵੀ ਕੁਝ ਨਹੀਂ, ਪਿੱਛੋਂ ਸਾਰਾ ਉਸ ਦਾ ਪਸਾਰਾ ਹੈ। ਰਹਿੰਦਾ ਹਿਰਦੇ ਵਿਚ ਹੈ। ਇਸ ਨੂੰ ਪ੍ਰਗਟਾਉਣ ਲਈ ਯਤਨ ਤੇ ਉੱਦਮ ਦੀ ਲੋੜ ਹੈ। ਪਹਿਲਾਂ ਭਾਂਡਾ ਸਾਫ਼ ਕਰੋ, ਫਿਰ ਇਸ ਵਿਚ ਦੁੱਧ ਕਰਮ ਪਾਓ ਤੇ ਨਾਮ ਦੀ ਜਾਗ ਲਗਾ ਕੇ ਨਿਰਾਸ ਹੋ ਜਾਓ। ਆਲਸ ਛੱਡ ਕੇ ਰਿੜਕੋ ਤਾਂ ਉਹ ਪ੍ਰਗਟ ਹੋ ਜਾਏਗਾ। ਉਸ ਦਾ ਕਰਮ ਥਾਪ-ਉਥਾਪ ਹੀ ਹੈ। ਅਸੀਂ ਉਸ ਦੇ ਕਰਮਾਂ ਦਾ ਅੰਤ ਨਹੀਂ ਪਾ ਸਕਦੇ। ਮੈਕਾਲਫ਼ ਅਨੁਸਾਰ ਜਦ ਇਹ ਪੁੱਛਿਆ ਗਿਆ ਕਿ ਮਹਾਰਾਜ ਫਿਰ ਖ਼ੁਦਾ ਨੂੰ ਲੋਕੀਂ ਕਿਵੇਂ ਪਾ ਸਕਦੇ ਹਨ ਤਾਂ ਆਪ ਜੀ ਨੇ ਕਿਹਾ, 'ਨਿਮਰਤਾ ਤੇ ਬੰਦਗੀ' ਨਾਲ। ਉਨ੍ਹਾਂ ਆਪਣਾ ਤਜਰਬਾ ਦੱਸਦੇ ਹੋਏ ਕਿਹਾ, 'ਮਨੁੱਖ ਕਿੰਨਾ ਵੀ ਉੱਚਾ ਹੋ ਜਾਵੇ ਪਰ ਫਿਰ ਉਹ ਧਰਤੀ ਉੱਤੇ ਹੀ ਡਿੱਗੇਗਾ। ਕੋਈ ਪੰਛੀ ਉਡਾਰੀ ਲਾਵੇ ਪਰ ਉਹ ਵਾਹਿਗੁਰੂ ਦੇ ਹੁਕਮ ਨਾਲ ਚੱਲਣ ਵਾਲੀ ਨਦੀ ਧਾਰਾ ਤੇ ਪੌਣ ਦਾ ਮੁਕਾਬਲਾ ਨਹੀਂ ਕਰ ਸਕਦਾ।

Sri Satguru Jagjit Singh Ji eLibrary NamdhariElibrary@gmail.com

ਵੇਦ ਕਤੇਬ ਵਾਚੇ ਹਨ ਪਰ ਉਹ ਅੰਤ ਨਹੀਂ ਪਾ ਸਕਦੇ। ਮੈਂ ਆਪਣਾ ਹਿਰਦਾ ਬੇੜੀ ਵਿਚ ਲਗਾਇਆ। ਹਰ ਸਮੁੰਦਰ, ਦਰਿਆ, ਨਦੀ ਤਲਾਸ਼ ਕੀਤੀ, ਕੌੜਾ ਤੇ ਮਿੱਠਾ ਫਲ ਵੀ ਖਾਧਾ, ਪਰ ਇਹ ਯਕੀਨ ਨਾਲ ਕਹਿ ਸਕਦਾ ਹਾਂ ਕਿ ਮਨੁੱਖ ਆਪਣੇ ਮਤ ਵਿਚ ਤਾਂ ਹੀ ਹੈ ਜੇ ਵਾਹਿਗੁਰੂ ਦਾ ਭੈ ਰੱਖੇ, ਸੱਚ ਪੱਲੇ ਬੰਨ੍ਹੇ ਤੇ ਨੇਕ ਕੰਮ ਕਰੇ।'

ਡਾਕਟਰ ਗੰਡਾ ਸਿੰਘ ਜੀ ਦੇ ਲਿਖੇ ਅਨੁਸਾਰ ਅਰਬ ਦੇਸ਼ ਵਿਚ ਅਜੇ ਵੀ ਸਬੀਆ ਕਬੀਲੇ ਦੇ ਅਬਿਦ ਫ਼ਕੀਰ ਹਨ ਜੋ ਆਪਣੇ ਆਪ ਨੂੰ ਬਾਬਾ ਨਾਨਕ ਸ਼ਾਹ ਦੇ ਮੁਰੀਦ ਕਹਿੰਦੇ ਹਨ, ਕੇਸ ਰੱਖਦੇ ਹਨ ਅਤੇ ਹੋਰ ਰਹਿਤ ਦੇ ਵੀ ਧਾਰਨੀ ਹਨ।

ਮਦੀਨਾ : ਉਥੋਂ ਆਪ ਜੀ ਮਦੀਨਾ ਗਏ। ਹਜ਼ਰਤ ਮੁਹੰਮਦ ਸਾਹਿਬ ਦੀ ਕਬਰ ਤੋਂ ਬਾਹਰ ਮਰਦਾਨੇ ਨੇ ਰਬਾਬ ਵਜਾਈ ਤੇ ਗੁਰੂ ਜੀ ਨੇ ਬਸੰਤ ਹਿੰਡੋਲ ਵਿਚ 'ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ'[1] ਦਾ ਸ਼ਬਦ ਗਾਇਆ। ਸਾਰੇ ਹੀ ਪੱਥਰ ਚੁੱਕ ਕੇ ਮਾਰਨ ਆਏ। ਕਨ੍ਹਈਆ ਲਾਲ ਦੇ ਲਿਖਣ ਅਨੁਸਾਰ ਮੱਕਾ ਮਦੀਨੇ ਦੇ ਮੁਖੀਏ ਨੇ ਸੰਗ ਸਾਰ ਕਰਨ ਦਾ ਹੁਕਮ ਦਿੱਤਾ। ਨੌਂ ਹਜ਼ਾਰ ਮੁਸਲਮਾਨਾਂ ਨੇ ਗੁਰੂ ਸਾਹਿਬ ਨੂੰ ਮਾਰਨ ਲਈ ਪੱਥਰ ਚੁੱਕੇ। ਗੁਰੂ ਜੀ 'ਅਕਾਲ-ਅਕਾਲ' ਉੱਚੀ-ਉੱਚੀ ਕਹਿਣ ਲੱਗੇ। ਇਹ ਹੀ ਬੋਲਾ ਸਤਿ ਸ੍ਰੀ ਅਕਾਲ ਤੇ ਗੁਰਬਰ ਅਕਾਲ ਕਰ ਕੇ ਹੁਣ ਬੋਲਿਆ ਜਾਂਦਾ ਹੈ। ਜਦ ਇਹ ਆਵਾਜ਼ ਉੱਠੀ ਤਾਂ ਪੱਥਰ ਹੱਥਾਂ ਵਿਚ ਚਪਟੇ ਰਹੇ। 'ਬਧੇ ਜੁਸੇ ਸਭ ਦੇ ਹਲੇ ਚਲੇ ਨਹੀਂ ਕੋਇ।[2] ਸਭ ਨੇ ਖ਼ਿਮਾ ਮੰਗੀ। ਗੁਰੂ ਜੀ ਨੇ ਕੁਝ ਨਾ ਕਿਹਾ। ਉਥੇ ਹੀ ਅਬਦ ਰਹਿਮਾਨ ਬਗ਼ਦਾਦੀ, ਅਮਾਮ ਸ਼ਰਫ਼, ਅਮਾਮ ਸਾਫ਼ੀ, ਅਮਾਮ ਆਜ਼ਮ, ਕਮਾਲਦੀਨ, ਜਮਾਲ ਦੀਨ, ਗਉਸ ਦੀਨ, ਅਮਾਮ ਜਾਫਰ ਤੇ ਹੋਰ ਕਈ ਮਿਲੇ। ਉਨ੍ਹਾਂ ਨੂੰ ਉਪਦੇਸ਼ ਦਿੰਦੇ ਹੋਏ ਕਿਹਾ, ਮਨ ਦੀ ਹੀ ਸੰਤਾਨ ਸਾਰਾ ਸੰਸਾਰ ਹੈ। ਮਨ ਦੀਆਂ ਹੀ ਦੋ ਇਸਤਰੀਆਂ ਸੁਮੱਤੀ ਤੇ ਕੁਮੱਤੀ ਹਨ। ਕੁਮੱਤੀ ਪਿੱਛੇ ਟੁਰਨ ਵਾਲਾ ਸ਼ੈਤਾਨ ਤੇ ਸੁਮੱਤੀ ਪਿੱਛੇ ਟੁਰਨ ਵਾਲਾ ਫ਼ਕੀਰ ਹੈ। ਖ਼ੁਦੀ ਤਕਬਰੀ ਛੱਡਣੀ ਹੀ ਅਸਲ ਧਰਮ ਹੈ। ਸ਼ਰ੍ਹਾ ਦੇ ਗ਼ੁਲਾਮ ਨ ਬਣੋ। ਰੱਬ ਦਾ ਕੋਈ ਸ਼ਰੀਕ ਨਹੀਂ।

'ਇਕੋ ਇਕ ਖ਼ੁਦਾਇ ਹੈ, ਹੋਰ ਸਰੀਕ ਨਸਾਕ'

ਉਨ੍ਹਾਂ ਦੇ ਵੀਚਾਰ ਸੁਣ ਕੇ ਸਾਰਿਆਂ ਕਿਹਾ :

'ਸੁਲਹ ਕੁਲ ਇਹ ਪੀਰ ਹੈ ਰਦ ਕਰੋਗੇ ਦੂਰ।
ਬਿਨ ਪਰਮੇਸ਼ਰ ਔਰ ਕੀ ਮੰਨਤ ਕਰ ਹੈ ਦੂਰ।'

ਗਿਆਨੀ ਗਿਆਨ ਸਿੰਘ ਜੀ ਦੇ ਲਿਖਣ ਅਨੁਸਾਰ ਗੁਰੂ ਨਾਨਕ ਦੇਵ ਜੀ ਮਦੀਨੇ ਤੋਂ ਚਲਦੇ ਅਜਾਰਾ, ਮਸ਼ਹਦ, ਅਲੀ, ਕਰਬਲਾ ਤੋਂ ਹੋ ਕੇ ਕਾਹਿਰਾ ਤੱਕ ਗਏ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ :

'ਪੁੰਨ ਗਏ ਰੂਸ ਕਾਰੂ ਕੋ ਕੀਆ ਤਨਕੀਨ (ਸਿੱਖਿਆ)
ਬਾਦਸ਼ਾਹ ਮੁਰੀਦ ਖੁਦਕੀਨ।

1. ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੦.
2. ਮਹਿਮਾ ਪ੍ਰਕਾਸ਼, ਸਾਖੀ ਮਦੀਨੇ ਕੀ।

Sri Satguru Jagjit Singh Ji eLibrary NamdhariElibrary@gmail.com

ਗੰਜ ਪੈਂਤਾਲੀ ਦੀਏ ਲੁਟਾਇ।
ਬੰਦੀ ਖਾਨੇ ਸਭ ਦੀਏ ਛੁਡਾਇ'॥ ੧੦॥ *(ਸਾਖੀ ਮਦੀਨੇ ਕੀ)*

ਕਾਰੂੰ ਨਾਂ ਦੇ ਸੁਲਤਾਨ ਹਮੀਦ ਨਾਲ ਵੀ ਮੁਲਾਕਾਤ ਹੋਈ ਜਿਸ ਨੂੰ 'ਨਸੀਹਤਨਾਮਾ' ਬਖ਼ਸ਼ਿਆ। ਉਸ ਨੂੰ ਦੁਨੀ, ਦੌਲਤ, ਦੀਨੀ-ਹੱਠ ਛੱਡਣ ਲਈ ਕਿਹਾ ਅਤੇ 'ਦੇਗ ਚਲਾਵੋ ਸਗਲੇ ਦੇਸਨ। ਸੰਗਤ ਕਰੋ, ਸਦਾ ਦਰਵੇਸਨ', ਦਾ ਉਪਦੇਸ਼ ਦਿੱਤਾ. ਅਟੱਲ ਸਚਾਈ ਕਹਿੰਦੇ ਫ਼ਰਮਾਇਆ :

'ਜਿਸ ਦੀ ਦੇਗ ਚਲੇ ਜਗਤ ਵਿਚ, ਤੇਗ਼ ਭੀ ਤਿਸ ਦੀ ਹੋਇ।
ਕਰੇ ਅਦਾਲਤ ਸੱਚ ਦੀ, ਜੀਤੇ ਸਗਲੇ ਲੋਇ।'

ਨਸੀਹਤਨਾਮੇ ਦੇ ਕੁਝ ਸ਼ਿਅਰ ਇਸ ਪ੍ਰਕਾਰ ਹਨ :

'ਦਮੜਾ ਉਸੀ ਕਾ ਜੋ ਖਰਚੇ ਅਰ ਖਾਇ।
ਦੇਵੇ ਦਿਲਾਵੇ ਰਜਾਵੇ ਖੁਦਾਇ।
ਹੋਤਾ ਨ ਰਾਖੈ ਅਕੇਲਾ ਨ ਖਾਇ।
ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ।
ਹਾਕਮ ਕਹਾਵੇ ਹਕੂਮਤ ਨ ਹੋਇ।
ਦੁਨੀਆਂ ਕਾ ਦੀਵਾਨਾ ਫਿਰੈ ਮਸਤ ਲੋਇ।
ਮੇਹਰ ਸੇ ਨ ਦੇਖੇ ਦੁਨੀਆਂ ਕੇ ਦੀਵਾਨੇ।
ਹਮੇਸ਼ਾ ਨ ਰਹਿਗੀ ਤੂੰ ਐਸੀ ਨ ਜਾਨੇ।'

ਉਸ ਨੂੰ ਰਾਜੇ ਤੇ ਪਰਜਾ ਦਾ ਸੰਬੰਧ ਦੱਸਦੇ ਫ਼ਰਮਾਇਆ :

'ਬਾਦਸ਼ਾਹ ਦਾ ਖ਼ਜ਼ਾਨਾ ਪਰਜਾ ਹੈ। ਪਰਜਾ ਦਾ ਦੌਲਤਵੰਦ ਹੋਣਾ ਹੀ ਰਾਜ ਦੀ ਵਡਿਆਈ ਹੈ। ਪਰਜਾ ਬਾਗ਼ ਹੈ। ਬਾਦਸ਼ਾਹ ਮਾਲੀ ਹੈ। ਜੇ ਪਰਜਾ ਬੱਕਰੀਆਂ ਹਨ ਤਾਂ ਬਾਦਸ਼ਾਲ ਅਯਾਲੀ ਹੈ। ਜਿਸ ਦੀ ਪਰਜਾ ਸੁਖੀ ਤੇ ਬਾਦਸਾਹ ਖ਼ੁਸ਼ ਹੈ ਉਸ ਨੂੰ ਕਦੇ ਗਨੀਮ (ਦੁਸ਼ਮਣ) ਦਾ ਭੈਅ ਨਹੀਂ ਹੁੰਦਾ। ਪਰਜਾ ਆਪਣੇ ਬਾਦਸ਼ਾਹ ਤੋਂ ਸਭ ਕੁਝ ਵਾਰ ਦਿੰਦੀ ਹੈ ਜੇ ਉਹ ਉਨ੍ਹਾਂ ਦਾ ਧਿਆਨ ਰੱਖੇ। ਜੋ ਰਾਜੇ ਐਸ਼ ਵਿਚ ਪਏ ਰਹਿੰਦੇ ਹਨ, ਉਨ੍ਹਾਂ ਦਾ ਰਾਜ ਕਾਇਮ ਨਹੀਂ ਰਹਿ ਸਕਦਾ। ਪਰਜਾ ਵੀ ਉਨ੍ਹਾਂ ਦੇ ਲਹੂ ਦੀ ਪਿਆਸੀ ਹੋ ਜਾਂਦੀ ਹੈ।'

ਬਾਬਾ ਗਯਾ ਬਗ਼ਦਾਦ ਨੂੰ : ਬਾਬਾ ਜੀ ਫਿਰ ਬਗ਼ਦਾਦ ਨੂੰ ਗਏ। ਬਗ਼ਦਾਦ ਨੂੰ ਇਸਲਾਮੀ ਰਾਜਧਾਨੀ, ਈਰਾਨ ਦੀ ਸੋਹਣੀ ਅੱਖ ਅਤੇ ਕਲਾ ਸੁੰਦਰਤਾ ਦਾ ਮਹਾਨ ਕੇਂਦਰ ਗਿਣਿਆ ਜਾਂਦਾ ਸੀ। ਉਨ੍ਹਾਂ ਨਾਲ ਭਾਈ ਮਰਦਾਨਾ ਜੀ ਸਨ। ਭਾਈ ਗੁਰਦਾਸ ਜੀ ਪਹਿਲੀ ਵਾਰ ਦੀ ਪੈਂਤੀਵੀਂ ਪਉੜੀ ਵਿਚ ਲਿਖਦੇ ਹਨ ਕਿ ਉਨ੍ਹਾਂ ਬਾਹਰ ਜਾ ਕੇ ਟਿਕਾਣਾ ਕੀਤਾ ਤੇ ਬਾਂਗ ਦਿੱਤੀ। ਅਲਾਹ-ਹੂ-ਅਕਬਰ ਵੀ ਕਿਹਾ। ਲਾ-ਇਲਾਹ ਇਲੱਲਾ ਵੀ ਉਚਾਰਿਆ। ਹੱਯ ਅਲ ਅਲਫ਼ਲਾਹਾ[1] ਵੀ ਕਿਹਾ ਪਰ 'ਮੁਹੰਮਦ ਰਸੂਲ ਅੱਲਾ' ਦੀ ਥਾਵੇਂ

1. ਸਿਵਾ ਰੱਬ ਦੇ ਕੋਈ ਰੱਬ ਨਹੀਂ, ਖੜ੍ਹੇ ਹੋ ਜਾਵੋ ਨੇਕੀ ਵਾਸਤੇ।

Sri Satguru Jagjit Singh Ji eLibrary NamdhariElibrary@gmail.com

ਭਾਈ ਮਨੀ ਸਿੰਘ ਜੀ ਕਹਿੰਦੇ ਹਨ :

'ਗੁਰ ਬਰ ਅਕਾਲ, ਸਤਿ ਸ੍ਰੀ ਅਕਾਲ,
ਚਿਤ ਚਰਨ ਨਾਮ, ਘਰਿ ਘਰਿ ਪ੍ਰਣਾਮ,
ਪ੍ਰਭੁ ਕ੍ਰਿਪਾਲ, ਜੋ ਸਰਬ ਜੀਵਾਲ' ਉਚਾਰਿਆ।

ਨਗਰੀ ਸਾਰੀ ਸੁੰਨ ਮੁੰਨ ਹੋਈ ਤੇ ਵੱਡਾ ਪੀਰ, ਜਿਸ ਦਾ ਨਾਂ ਦਸਤਗੀਰ ਲਿਖਿਆ ਹੈ, ਹੈਰਾਨ ਹੋਇਆ। ਜਦ ਉਹ ਗੁਰੂ ਜੀ ਪਾਸ ਆਇਆ ਤਾਂ ਹੋਰ ਹੈਰਾਨ ਹੋਇਆ ਕਿ ਇਕ ਫ਼ਕੀਰ ਵੱਡਾ ਬੇ-ਪਰਵਾਹ ਹੈ, ਖ਼ੁਦਾ ਬਾਝ ਕਿਸੇ ਦੀ ਖ਼ਾਹਿਸ਼ ਨਹੀਂ ਰੱਖਦਾ।

ਫਿਰ ਦਸਤਗੀਰ ਨੇ ਪੁੱਛਿਆ, 'ਤੂੰ ਕੌਣ ਫ਼ਕੀਰ ਹੈਂ ਤੇ ਕਿਹੜੇ ਘਰਾਣੇ ਵਿਚੋਂ ਹੈਂ, ਕਿਸ ਕੋਲੋਂ ਭੇਖ ਲਿਆ ਹੈ।' ਮਰਦਾਨਾ ਜੀ ਨੇ ਕਿਹਾ ਕਿ ਇਹ ਹੀ ਨਾਨਕ ਹੈ, ਜੋ ਕਲਿਜੁਗ ਵਿਚ ਆਇਆ ਹੈ, ਰੱਬ ਦੇ ਭੇਖ ਦਾ ਫ਼ਕੀਰ ਹੈ। ਕਈ ਕਹਿੰਦੇ ਹਨ ਕਿ 'ਰਬੁ ਫ਼ਕੀਰ' ਹੈ, ਜਿਸ ਨੇ ਸਾਰੇ ਭੇਖ ਰੱਦ ਕਰ ਦਿੱਤੇ ਹਨ ਤੇ ਇਕੋ ਰੱਬ ਨੂੰ ਪਹਿਚਾਣਦਾ ਹੈ :

'ਫਿਰਿ ਬਾਬਾ ਗਇਆ ਬਗ਼ਦਾਦ ਨੋ ਬਾਹਰ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ, ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ, ਇਕ ਫਕੀਰੁ ਵਡਾ ਮਸਤਾਨਾ।
ਪੁੱਛਿਆ ਫਿਰਿ ਕੈ ਦਸਤਗੀਰ, ਕਉਣ ਫਕੀਰੁ ਕਿਸ ਕਾ ਘਰਿਹਾਨਾ।
ਨਾਨਕ ਕਲਿ ਵਿਚਿ ਆਇਆ, ਰਬੁ ਫ਼ਕੀਰ, ਇਕੋ ਪਹਿਚਾਨਾ।
ਧਰਤਿ ਅਕਾਸ ਚਹੂੰ ਦਿਸ ਜਾਨਾ'। ੩੫। ੧।

ਭਾਈ ਗੁਰਦਾਸ ਜੀ ਦੇ ਕਹਿਣ ਅਨੁਸਾਰ ਦਸਤਗੀਰ ਨੇ ਚਰਚਾ ਛੇੜੀ ਤੇ ਕਈ ਸੁਆਲ ਜੁਆਬ ਕੀਤੇ। ਜਦ ਹਰ ਸਵਾਲ ਦਾ ਉੱਤਰ ਨਿਰਣੇਜਨਕ ਮਿਲ ਗਿਆ ਤਾਂ ਸਭ ਨੂੰ ਕਹਿਣ ਲੱਗ ਪਿਆ ਕਿ ਫ਼ਕੀਰ ਵੱਡਾ ਸ਼ਕਤੀਵਾਨ ਹੈ। ਬਗਦਾਦ ਵਿਚ ਵੱਡੀ ਸ਼ਕਤੀ ਦੱਸੀ ਹੈ। ਲੱਖਾਂ ਹੀ ਪਤਾਲ ਤੇ ਅਕਾਸ਼ ਹਨ, ਦੀ ਅਸਚਰਜ ਸੋਝੀ ਉਸੇ ਨੇ ਦਿੱਤੀ ਹੈ। ਦਸਤਗੀਰ ਨੇ ਗੁਰੂ ਨਾਨਕ ਦੇਵ ਜੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਸ਼ਕਤੀ ਜੋ ਤੁਹਾਡੇ ਕੋਲ ਹੈ ਉਸ ਦਾ ਚਮਤਕਾਰਾ ਸਾਨੂੰ ਵੀ ਦਿਖਾਓ। ਗੁਰੂ ਜੀ ਨੇ ਦਸਤਗੀਰ ਦੇ ਪੁੱਤਰ ਦਾ ਹੱਥ ਪਕੜ, ਫਿਰ ਅੱਖਾਂ ਮੁੰਦਨ ਲਈ ਕਿਹਾ ਤੇ ਉਸ ਅਵਸਥਾ ਵਿਚ ਲੈ ਗਏ ਜਿੱਥੇ ਉਸ ਨੇ ਲੱਖਾਂ ਆਕਾਸ਼ ਤੇ ਪਾਤਾਲ ਦੇਖੇ।[1] ਇਕ ਕਚਕੌਲ ਭਰ ਕੇ ਕੜਾਹ ਪ੍ਰਸ਼ਾਦਿ ਦਾ ਧੁਰੋਂ ਪਾਤਾਲੋਂ ਲਿਆਏ, ਜੋ ਸਾਰਿਆਂ ਵਿਚ ਵੰਡਿਆ ਗਿਆ। ਜ਼ਾਹਰ ਕਲਾ ਅੰਦਰ ਛੁਪਾਇਆਂ ਨਹੀਂ ਛੁਪਦੀ :

'ਪੁੱਛੇ ਪੀਰ ਤਕਰਾਰ ਕਰ ਏਹ ਫ਼ਕੀਰ ਵੱਡਾ ਅਤਾਈ।
ਏਥੇ ਵਿਚਿ ਬਗ਼ਦਾਦ ਦੇ ਵੱਡੀ ਕਰਾਮਾਤਿ ਦਿਖਲਾਈ।

---

1. ਕਹਯੋ ਕਿ ਲੋਚਨ ਮੂੰਦਹੋ ਕੋਈ।
ਚਹੇ ਜੋ ਦੇਖ ਲੇਹ ਅਬ ਸੋਈ।

Sri Satguru Jagjit Singh Ji eLibrary NamdhariElibrary@gmail.com

ਪਾਤਾਲਾ ਆਕਾਸ਼ ਲਖ ਓੜਕਿ ਭਾਲੀ ਖਬਰੁ ਸੁਣਾਈ।
ਫੇਰਿ ਦੁਰਾਇਣਿ ਦਸਤਗੀਰ ਅਸੀਂ ਭਿ ਵੇਖਾ ਜੋ ਤੁਹਿ ਪਾਈ।
ਨਾਲਿ ਲੀਤਾ ਬੇਟਾ ਪੀਰ ਦਾ ਅਖੀਂ ਮੀਟਿ ਗਿਆ ਹਾਵਾਈ।
ਲਖ ਅਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋਂ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ'। ੩੬। ੧।

ਜਿੱਥੇ ਗੁਰੂ ਮਹਾਰਾਜ ਜੀ ਨੇ ਬੈਠ ਕੇ ਸਾਰੇ ਉਪਦੇਸ਼ ਦਿੱਤੇ ਸਨ, ਉਹ ਥੜ੍ਹਾ ਯਾਦਗਾਰ ਵਜੋਂ ਕਾਇਮ ਕਰ ਦਿੱਤਾ ਗਿਆ। ਪਿੱਛੋਂ ਉਸ ਦੀ ਮੁੜ ਉਸਾਰੀ ਵੀ ਕੀਤੀ ਗਈ ਤੇ ਇਹ ਸ਼ਬਦ ਤੁਰਕੀ ਵਿਚ ਲਿਖ ਦਿੱਤੇ ਗਏ :

'ਕੋਰਲਾ ਮੁਰਾਦ ਐਲਦੀ ਹਜ਼ਰਤ ਰਬਿਲ ਮਜੀਦ।
ਬਾਬਾ ਨਾਨਕ ਫ਼ਕੀਰ ਔਲਾ ਨਾਕਿ ਇਮਾਰਤੇ ਜਦੀਦ।
ਯਦੀਲਰ ਇਮਦਾਦ ਐਦੂਬ ਕਿਲਦੀ ਕਿ ਤਾਰੀਖੇਨਾ,
ਯਾਪਦੀ ਨਾਬ ਅਜਰਾਯਾਰ ਅਬੀ ਮੁਰੀਦ ਸਈਦ। *(ਸੰਨ ੯੧੭ ਹਿ:)*

ਇਸ ਦਾ ਭਾਵ ਇਹ ਹੈ, 'ਮੁਰਾਦ ਨੇ ਦੇਖੀ ਡਿੱਗੀ ਹੋਈ ਹਜ਼ਰਤ ਰੱਬ ਮਜੀਦ ਬਾਬਾ ਨਾਨਕ ਔਲੀਆ ਅੱਲਾ ਦੀ ਇਮਾਰਤ ਤਾਂ ਨਵੀਂ ਆਪਣੇ ਹੱਥਾਂ ਦੀ ਸਹਾਇਤਾ ਨਾਲ ਬਣਾ ਦਿੱਤੀ ਤਾਂਕਿ ਇਤਿਹਾਸ ਦੇ ਤੌਰ ਤੇ ਪੀੜ੍ਹੀ ਦਰ ਪੀੜ੍ਹੀ ਕਾਇਮ ਰਹੇ ਅਤੇ ਉਨ੍ਹਾਂ ਦੇ ਧੰਨ ਭਾਗੇ ਮੁਰੀਦ ਦੀ ਨੇਕੀ ਜਾਰੀ ਰਹੇ।' ਸੰਨ ੯੧੭ ਹਿਜਰੀ।

ਪਾਦਰੀ ਮੈਕਲੋਡ ਨੇ ਆਪਣੀ ਪੁਸਤਕ 'ਗੁਰੂ ਨਾਨਕ ਐਂਡ ਦੀ ਸਿੱਖ ਰੀਲੀਜਨ' ਨਾਂ ਦੀ ਪੁਸਤਕ ਵਿਚ ਇਹ ਕਿੰਤੂ ਕੀਤਾ ਹੈ ਕਿ ਥੜ੍ਹਾ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਨਹੀਂ। ਇਸ ਤੋਂ ਵੱਡੀ ਇਤਿਹਾਸਕ ਬਦਦਿਆਨਤੀ ਜੋ ਮੈਕਲੋਡ ਨੇ ਕੀਤੀ, ਨਹੀਂ ਹੋ ਸਕਦੀ। ਜਦ ਉਹ ਆਪ ਭਾਈ ਗੁਰਦਾਸ ਜੀ ਦੇ ਲਿਖੇ ਨੂੰ ਠੀਕ ਤੇ ਸ਼ੁੱਧ ਮੰਨਦਾ ਹੈ, ਤਾਂ ਹੋਰ ਕਿਸੇ ਗਵਾਹੀ ਦੀ ਲੋੜ ਨਹੀਂ। ਭਾਈ ਗੁਰਦਾਸ ਜੀ ਦਾ 'ਬਾਹਰ ਜਾਇ ਕੀਆ ਅਸਥਾਨਾ' ਲਿਖਣਾ ਹੀ ਇਸ ਥੜ੍ਹੇ ਨੂੰ ਠੀਕ ਸਾਬਤ ਕਰਨ ਲਈ ਕਾਫ਼ੀ ਹੈ। ਇਹ ਅਸਥਾਨ ਸ਼ਹਿਰ ਤੋਂ ਬਾਹਰ ਹੈ ਤੇ ਰੇਲਵੇ ਯਾਰਡ ਦੇ ਵਿਚਕਾਰ ਹੁਣ ਘਿਰ ਗਿਆ ਹੈ।[1] ਦੂਜੇ ਉਸ ਨੇ ਆਪੂੰ ਤਰਜਮਾ ਨਾ ਕਰਕੇ ਡਾਕਟਰ ਵੀ. ਐਲ. ਮੈਨਗ, ਰੀਡਰ ਇਨ ਤੁਰਕੀ, ਓਰੀਐਂਟਲ ਤੇ ਅਫ਼ਰੀਕਨ ਸਟੱਡੀਜ਼, ਲੰਡਨ ਕੋਲੋਂ ਕਰਾਉਣ ਦਾ ਯਤਨ ਕੀਤਾ, ਅਰੰਭ ਵਿਚ ਹੀ ਉਸ ਨੇ ਤਰਜਮਾ ਕਰਦੇ ਭੁੱਲ ਖਾਧੀ, ਜਦ ਉਸ ਨੇ 'ਕੋਰ' ਨੂੰ ਗੋਰ ਪੜ੍ਹਿਆ ਤੇ ਫਿਰ ਜਿੱਥੇ 'ਨਾਨਕ' ਸ਼ਬਦ ਆਉਂਦਾ ਹੈ, ਉਸ ਬਾਰੇ ਲਿਖ ਦਿੱਤਾ ਕਿ ਇਹ ਹੋ ਨਹੀਂ ਸਕਦਾ। ਪਾਦਰੀ ਮੈਕਲੋਡ ਦਾ ਐਸੇ ਸਹਾਰੇ ਲੈ ਕੇ ਨਤੀਜੇ ਕੱਢਣੇ ਨਾ ਸਿਰਫ਼ ਮਾੜੇ ਹਨ ਸਗੋਂ ਕੋਝਾਪਣ ਵੀ ਹੈ।

1. ਇਥੇ ਸ਼ਾਨਦਾਰ ਗੁਰਦੁਆਰਾ ਬਣ ਗਿਆ ਸੀ ਪਰ ਇਰਾਕ ਤੇ ਅਮ੍ਰੀਕਾ ਵਲੋਂ ਬਗਦਾਦ ਤੇ ਹਵਾਈ ਹਮਲੇ (1991) ਦੌਰਾਨ ਕੁਝ ਨੁਕਸਾਨ ਹੋਇਆ ਸੀ ਪਰ ਫਿਰ ਉਸਾਰ ਦਿੱਤਾ ਗਿਆ ਹੈ।

Sri Satguru Jagjit Singh Ji eLibrary NamdhariElibrary@gmail.com

ਫਿਰ ਇਕ ਹੋਰ ਡਾਕਟਰ ਹਰੀ ਰਾਮ ਗੁਪਤਾ ਨੇ ਨਿਰੋਲ ਹਵਾਈ ਉਡਾ ਕੇ ਗੁਰੂ ਨਾਨਕ ਦੇਵ ਜੀ ਦੀ ਸੰਖੇਪ ਜੀਵਨੀ ਵਿਚ ਇਥੋਂ ਤਕ ਲਿਖਣ ਦੀ ਕੋਸ਼ਿਸ਼ ਕੀਤੀ ਕਿ ਮੁਰਾਦ ਦੇ ਅਰਥ ਮਰਦਾਨਾ ਹਨ ਤੇ ਮਰਦਾਨਾ ਬਗ਼ਦਾਦ ਵਿਚ ਗੁਜ਼ਰਿਆ ਤੇ ਥੜ੍ਹਾ ਗੁਰੂ ਨਾਨਕ ਦੇਵ ਜੀ ਨੇ ਬਣਵਾਇਆ। ਹੋਰ ਜੋ ਕੁਝ ਹਰੀ ਰਾਮ ਗੁਪਤਾ ਨੇ ਲਿਖਿਆ ਉਹ ਕਿਸੇ ਇਤਿਹਾਸਕਾਰ ਨੂੰ ਸੋਭਦਾ ਹੀ ਨਹੀਂ। ਉਸ ਦਾ ਇਹ ਲਿਖਣਾ ਕਿ ਮਰਦਾਨਾ ਗੁਰੂ ਲਗਦਾ ਸੀ ਤੇ ਗੁਰੂ ਨਾਨਕ ਚੇਲਾ, ਕੈਸਾ ਘਟੀਆ ਖ਼ਿਆਲ ਹੈ। ਕੋਰਲਾ ਨੂੰ ਗੌਰ ਪੜ੍ਹ ਕੇ ਐਸੇ ਗ਼ਲਤ ਨਤੀਜੇ ਕੱਢਣੇ ਘੱਟ ਤੋਂ ਘੱਟ ਇਤਿਹਾਸਕਾਰ ਨੂੰ ਤਾਂ ਨਹੀਂ ਸੋਭਦੇ। ਅਸਲ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਇਹ ਲੋਕੀਂ ਆਪਣੇ ਘੜੇ ਪੈਮਾਨਿਆਂ ਨਾਲ ਮਾਪਣਾ ਚਾਹੁੰਦੇ ਹਨ ਤੇ ਜਦ ਉਨ੍ਹਾਂ ਦੇ ਬਣਾਏ ਹੋਏ ਪੈਮਾਨਿਆਂ ਵਿਚ ਗੁਰੂ ਜੀ ਦੀ ਸ਼ਖ਼ਸੀਅਤ ਮਿਉਂਦੀ ਨਹੀਂ ਤਾਂ ਉਹ ਐਸੇ ਕੋਝੇ ਨਤੀਜੇ ਕੱਢਦੇ ਹਨ।

ਕੀਰਤਨ ਦੀ ਮਹੱਤਤਾ : ਗੁਰੂ ਜੀ ਨੇ ਬਗ਼ਦਾਦ ਵਿਚ ਹੀ ਰਾਗ ਤੇ ਸ਼ਬਦ ਦੀ ਮਹੱਤਤਾ ਦਰਸਾਈ। ਆਪ ਜੀ ਦਾ ਫ਼ਰਮਾਣਾ ਸੀ ਰਤਨ ਰੂਪੀ ਰਾਗ ਵਿਚ ਅੱਲਾਹ ਤੱਕ ਲੈ ਜਾਣ ਦੀ ਸ਼ਕਤੀ ਵੀ ਹੈ ਅਤੇ ਅੰਦਰ ਅੰਮ੍ਰਿਤ ਦਾ ਚਸ਼ਮਾ ਚਲਾਉਣ ਦਾ ਵੱਲ ਵੀ। ਵਾਹਿਗੁਰੂ ਦਾ ਖਜ਼ਾਨਾ ਇਹ ਰਾਗ ਹੀ ਹੈ। ਇਸ ਸਚਾਈ ਨੂੰ ਜਾਣਨਾ ਜ਼ਰੂਰੀ ਹੈ।[1] ਰਾਗ ਇਕਸੁਰਤਾ, ਸਮਤੋਲਤਾ, ਸੂਛਤਾ, ਸਰੂਰ ਤੇ ਮਹਾਨਤਾ ਪੈਦਾ ਕਰਦਾ ਹੈ, ਰਾਗ ਅੰਦਰਲੇ ਦੀ ਬੋਲੀ ਹੈ। ਜਿਵੇਂ ਮਨ ਦੇ ਖ਼ਿਆਲਾਂ ਨੂੰ ਪ੍ਰਗਟ ਕਰਨ ਦੀ ਬੋਲੀ ਭਾਖਾ ਹੈ, ਰਾਗ ਅੰਦਰਲੇ ਦੀ ਬੋਲੀ ਹੈ। ਰਾਗ ਵਿਚ ਸ਼ਬਦ ਰਲ ਜਾਏ ਤਾਂ ਕੀਰਤਨ ਹੋ ਜਾਂਦਾ ਹੈ, ਜੋ ਆਤਮਾ ਤੇ ਪਰਮਾਤਮਾ ਨੂੰ ਮਿਲਾ ਦਿੰਦਾ ਹੈ। ਫਿਰ ਰਾਗ ਮਨੁੱਖ ਦੀ ਰਚਨਾ ਨਹੀਂ ਹੈ, ਮਨੁੱਖ ਨੇ ਇਸ ਦੇ ਨੇਮਾਂ ਨੂੰ ਲੱਭਿਆ ਹੈ। ਇਹ ਕੁਦਰਤੀ ਵਸਤੂ ਹੈ। ਜਦ ਪੀਰ ਨੇ ਸ਼ਰਹ ਵਿਚ ਰਾਗ ਬੰਦ ਦੀ ਗੱਲ ਕਹੀ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ 'ਮਾੜਾ ਰਾਗ' ਉਨ੍ਹਾਂ ਬੰਦ ਕੀਤਾ, ਅਲਾਹ ਦੀ ਯਾਦ ਵਾਲਾ ਨਹੀਂ। ਜੇ ਐਸਾ ਨਾ ਹੁੰਦਾ ਤਾਂ ਆਪਣੀ ਸੁਪਤਨੀ ਆਇਸ਼ਾ ਨੂੰ ਮੋਢਿਆਂ 'ਤੇ ਚੁੱਕ ਕੇ ਅਬਦਾਲਾਂ ਦਾ ਸੰਗੀਤ ਸੁਣਾਉਣ ਲਈ ਹਜ਼ਰਤ ਮੁਹੰਮਦ ਆਪੂੰ ਨਾ ਲੈ ਜਾਂਦੇ। ਰਾਗ ਲਿਵ ਜੋੜਦਾ ਹੈ ਤੇ ਸਾਡਾ ਮਾਰਗ ਲਿਵ ਦਾ ਮਾਰਗ ਹੈ। ਜਦ ਕੋਈ ਪੁਰਸ਼ ਆਪਣਾ ਸਭ ਕੁਝ ਰੱਬ ਨੂੰ ਸੌਂਪ ਦੇਵੇ ਤਾਂ ਵਾਹਿਗੁਰੂ ਉਸ ਨੂੰ ਆਪਣੇ ਚੁਣੇ ਹੋਏ ਬੰਦਿਆਂ ਵਿਚ ਗਿਣਦਾ ਹੈ। ਵਾਹਿਗੁਰੂ ਐਸੇ ਬੰਦੇ ਨੂੰ ਉੱਜਲ ਬੁੱਧੀ, ਪਿਆਰ ਦਾ ਖ਼ਜ਼ਾਨਾ, ਸਭ ਇਲਮ ਅਤੇ ਮੇਹਰ ਮੁਹੱਬਤ ਦੀ ਦਾਤ ਦੇਂਦਾ ਹੈ।

ਜਿਸ ਬਹਿਲੋਲ ਨੂੰ ਨਿਸਚੈ ਦੀ ਦਾਤ ਦਿੱਤੀ ਸੀ, ਉਹ ਇਤਨਾ ਬੇਪ੍ਰਵਾਹ ਹੋ ਗਿਆ ਕਿ ਇਕ ਸਮੇਂ ਇਰਾਕ ਦਾ ਬਾਦਸ਼ਾਹ ਉਸ ਪਾਸ ਆਇਆ ਤਾਂ ਉਹ ਕੰਧ ਨਾਲ ਢੋ ਲਗਾ ਲੱਤਾਂ ਨਿਸਲ ਕਰ ਆਰਾਮ ਪਏ ਕਰਦੇ ਸਨ। ਉਸ ਕੁਝ ਮੰਗਣ ਲਈ ਕਿਹਾ ਤਾਂ ਕਹਿਣ ਲੱਗੇ :

---

1. ਰਾਗ ਰਤਨ ਪਰੀਆ ਪਰਵਾਰ। ਤਿਸ ਵਿਚ ਉਪਜੈ ਅੰਮ੍ਰਿਤੁ ਸਾਰ।
ਨਾਨਕ ਕਰਤੇ ਕਾ ਇਹੁ ਧਨੁ ਮਾਲੁ। ਜੇ ਕੋ ਬੁਝੈ ਏਹੁ ਬੀਚਾਰ।
(ਆਸਾ ਮ: ੧, ਪੰਨਾ ੩੫੧)

Sri Satguru Jagjit Singh Ji eLibrary NamdhariElibrary@gmail.com

ਬਸ ਇਹ ਕਿ ਤੁਹਾਡੇ ਵਰਗੇ ਬ-ਦਸ਼ਾਹ ਫ਼ਕੀਰਾਂ ਪਾਸ ਉਨ੍ਹਾਂ ਦਾ ਵਕਤ ਜ਼ਾਇਆ ਕਰਨ ਨ ਆਇਆ ਕਰਨ। ਜਦ ਬਾਦਸ਼ਾਹ ਚਲਾ ਗਿਆ ਤਾਂ ਸਾਥੀ ਫ਼ਕੀਰ ਕਹਿਣ ਲੱਗੇ ਕਿ ਇਤਨਾ ਤਾਂ ਕਹਿ ਦਿੰਦੇ ਕਿ ਹੁੱਜਰਾ (ਅਬਾਦਤ ਖਾਨਾ) ਦੀ ਛੱਤ ਟੁੱਟੀ ਹੈ। ਬਹਿਲੋਲ ਇਹ ਸੁਣ ਕਹਿਣ ਲੱਗੇ : ਯਾਦ ਰੱਖਣਾ ਫਕੀਰੋ! ਹੱਥ ਪਸਾਰਨ ਵਾਲੇ ਲੱਤਾਂ ਨਹੀਂ ਪਸਾਰ ਸਕਦੇ।

ਹਿੰਦ ਵਾਪਸੀ : ਬਗ਼ਦਾਦ ਤੋਂ ਗੁਰੂ ਜੀ ਇਸਫ਼ਹਾਨ, ਤਹਿਰਾਨ, ਮਸ਼ਹਦ, ਬੁਖ਼ਾਰਾ[1], ਸਮਰਕੰਦ, ਉਜ਼ਬਕ ਕੌਮ ਦੇ ਬਾਰਾਂ ਪਿੰਡਾਂ ਤੋਂ ਹੁੰਦੇ ਬਲਖ, ਮੁਜ਼ਾਰ ਸ਼ਰੀਫ ਪੁੱਜੇ। ਉਥੇ ਇਕ ਦੇਗ ਵਿਚ ਖਾਣਾ ਪਕਾ ਕੇ ਤੇ ਦੁੰਬੇ ਨੂੰ ਮਾਰ ਕੇ ਮੇਲੇ 'ਤੇ ਸਾਰਿਆਂ ਨੂੰ ਖਵਾਂਦੇ ਹਨ। ਆਪ ਜੀ ਨੇ ਬਲੀ ਤੇ ਕੁਰਬਾਨੀ ਤੋਂ ਹਟਾ ਕੇ ਸਾਦਾ ਜ਼ਿੰਦਗੀ ਬਤੀਤ ਕਰਨ ਲਈ ਕਿਹਾ :

'ਕਿਆ ਖਾਧੈ ਕਿਆ ਪੈਧੈ ਹੋਇ, ਜਾ ਮਨਿ ਨਾਹੀ ਸਚਾ ਸੋਇ।'

ਦਾ ਸਲੋਕ ਗਾਵਿਆ। ਰਜਬ ਸ਼ਾਹ ਸੱਯਦ ਦੀ ਅਗਵਾਈ ਹੇਠਾਂ ਉਥੇ ਸੰਗਤ ਬਣੀ।

ਮਜਾਰ ਤੋਂ **ਖੁਰੱਮ** ਆਏ। ਉਥੇ ਰੋਸ਼ਨ ਜ਼ਮੀਰ ਨਾਂ ਦੇ ਪੀਰ ਨਾਲ ਗੋਸ਼ਟ ਕੀਤੀ ਤੇ ਇਕ ਅੱਲ੍ਹਾ ਦੀ ਅਬਾਦਤ ਵੱਲ ਲਗਾਇਆ। ਖੁਰੱਮ ਤੋਂ ਦੱਰਾ ਬਾਗ ਪਾਰ ਕਰ ਕੇ ਕਾਬਲ ਤੋਂ ਦੋ ਮੀਲ ਪਹਾੜੀ ਉੱਤੇ ਟਿਕਾਣਾ ਕੀਤਾ। ਅੰਮ੍ਰਿਤ ਵੇਲੇ ਸ਼ਬਦ ਕੀਰਤਨ ਅਰੰਭ ਕਰ ਦਿੱਤਾ ਤੇ ਲੋਕੀਂ ਇਕੱਠੇ ਹੋ ਗਏ। ਲੋਕੀਂ ਆਪ ਜੀ ਨੂੰ ਕਾਬਲ ਸ਼ਹਿਰ ਲੈ ਆਏ। ਉਥੋਂ ਅਸਕਰਾ ਪਹਾੜ 'ਤੇ ਗਏ ਜਿੱਥੇ ਹੁਣ ਗੁਰੂ ਕਾ ਕੋਠਾ ਤੇ ਚਸ਼ਮਾ ਹੈ। ਜਦ ਆਪ ਜੀ ਹਿੰਦੁਸਤਾਨ ਵੱਲ ਟੁਰਨ ਲੱਗੇ ਤਾਂ ਲੋਕਾਂ ਪੁੱਛਿਆ ਕਿ ਫਿਰ ਦਰਸ਼ਨ ਕਦ ਹੋਣਗੇ ਤਾਂ ਆਪ ਜੀ ਨੇ ਇਕ ਪੋਥੀ ਉਨ੍ਹਾਂ ਨੂੰ ਦਿੱਤੀ। ਗੁਰੂ ਜੀ ਦਾ ਭਾਵ ਸੀ ਕਿ ਸ਼ਬਦ ਰਾਹੀਂ ਹੀ ਮਿਲਾਵਾ ਹੈ। ਕੰਧਾਰ ਵਿਖੇ ਹੀ ਜਦ ਸੂਫ਼ੀ ਯਾਰ ਅਲੀ ਖ਼ਾਨ ਨੇ ਉਥੇ ਹੀ ਟਿਕਣ ਦੀ ਬੇਨਤੀ ਕੀਤੀ ਤਾਂਕਿ ਰੋਜ਼ ਕਦਮ-ਬੋਸੀ ਹੋ ਸਕੇ ਤਾਂ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ : **'ਸਾਡੀ ਕਦਮ-ਬੋਸੀ ਇਹ ਹੈ ਕਿ ਰੋਜ਼ ਸੰਗਤ ਵਿਚ ਜਾ ਕੇ ਬੰਦਗੀ ਵਿਚ ਜੁੜਨਾ। ਦੀਦਾਰ ਹਨ ਰੋਜ਼ ਸ਼ਬਦ ਨੂੰ ਰਿਦੇ ਵਿਚ ਧਾਰਨਾ।'**[2]

ਖ਼ੈਬਰ ਪਾਰ ਕਰ ਕੇ ਹਜ਼ਾਰਾ ਦੇ ਇਲਾਕੇ ਪੁੱਜੇ। ਉਨ੍ਹਾਂ ਲੋਕਾਂ ਨੂੰ ਸੰਜਮੀ ਜੀਵਨ ਬਤੀਤ ਕਰਨ ਲਈ ਪ੍ਰੇਰ ਕੇ ਹਸਨ ਅਬਦਾਲ, ਪੰਜਾ ਸਾਹਿਬ ਪੁੱਜੇ।

ਪੰਜਾ ਸਾਹਿਬ : ਮਹਿਮਾ ਪ੍ਰਕਾਸ਼ ਦੇ ਲਿਖਾਰੀ ਸਰੂਪ ਦਾਸ ਜੀ ਦਾ ਕਥਨ ਹੈ ਕਿ ਹਸਨ ਅਜੇ ਬਾਲਕ ਹੀ ਸੀ ਕਿ ਉਸ ਨੂੰ ਗੁਰੂ ਜੀ ਨੇ ਉਪਦੇਸ਼ ਦਿੱਤਾ ਤੇ ਉਹ ਇਕ ਵੱਡਾ ਔਲੀਆ ਹੋ ਗਿਆ। ਅਬਦਾਲ ਕਰਕੇ ਜਾਣਿਆ ਜਾਣ ਲੱਗਾ। ਲੁਗਾਤਿ ਫ਼ਿਰੋਜ਼ੀ ਵਿਚ ਲਿਖਿਆ ਹੈ ਕਿ ਗਿਣਤੀ ਦੇ ਕੁੱਲ ਸੱਤਰ ਅਬਦਾਲ ਹਨ। ਅਬਦਾਲ ਮਰਜ਼ੀ ਨਾਲ

---

1. ਬੁਖਾਰਾ ਵਿਚ ਗੁਰੂ ਨਾਨਕ ਦੇਵ ਨਾਂ ਦਾ ਤਕੀਆ ਤੇ ਚਸ਼ਮਾ ਹੈ।
2. ਜਦ ਵੀ ਕੋਈ ਗੁਰੂ ਨਾਨਕ ਦੇਵ ਜੀ ਨੂੰ 'ਫਿਰ ਕਦ ਮੇਲਾ ਹੋਏਗਾ' ਦੀ ਬੇਨਤੀ ਕਰਦਾ ਤਾਂ ਆਪ ਜੀ ਇਹ ਹੀ ਕਹਿੰਦੇ : ਸਿਮਰਹੁ ਨਾਮ ਹੋਇ ਕਲਯਾਨਾ।
ਰਿਦੈ ਧਿਆਨ ਅਪਨੇ ਤੁਮ ਧਾਰਹੁ। ਇਹੋ ਹਮਾਰੋ ਮਿਲਨ ਬਿਚਾਰਹੁ।

Sri Satguru Jagjit Singh Ji eLibrary NamdhariElibrary@gmail.com

ਸਰੀਰ ਵਿਚੋਂ ਬਾਹਰ ਨਿਕਲ ਜਿੱਥੇ ਚਾਹੁਣ ਜਾ ਸਕਦੇ ਹਨ। ਮੁਸਲਮਾਨਾਂ ਵਿਚ ਇਹ ਖ਼ਿਆਲ ਵੀ ਪ੍ਰਚੱਲਤ ਹੈ ਕਿ 'ਮੀਂਹ' ਆਦਿ ਉਨ੍ਹਾਂ ਕਰਕੇ ਹੀ ਪੈਂਦਾ ਹੈ। ਦੁੱਖ ਦੂਰ ਕਰਨ ਦੀ ਉਨ੍ਹਾਂ ਵਿਚ ਸ਼ਕਤੀ ਹੈ। ਉਸ ਨੇ ਆਪਣਾ ਡੇਰਾ ਇਕ ਪਹਾੜੀ 'ਤੇ ਰੱਖਿਆ ਤੇ ਉਸ ਦਾ ਨਾਂ ਅਲੀਯਾਰ ਵਲੀ ਕੰਧਾਰੀ ਪ੍ਰਸਿੱਧ ਹੋ ਗਿਆ। ਸੱਤਵੀਂ ਸਦੀ ਵਿਚ ਹਿਯੂਨ ਸਾਂਗ ਚੀਨੀ ਯਾਤਰੀ ਆਇਆ ਸੀ। ਉਸ ਨੇ ਲਿਖਿਆ ਹੈ ਕਿ ਉਥੇ ਇਕ ਸਰੋਵਰ ਸੀ ਜਿਸ ਨੂੰ ਨਾਗ ਰਾਜਾ ਅਲਪਤਰ, ਪਵਿੱਤਰ ਗਿਣਦਾ ਸੀ। ਉਥੇ ਹੀ ਬੋਧੀ ਮੱਠ ਸੀ। ਟੈਕਸਲਾ ਵੀ ਨੇੜੇ ਸੀ। ਖ਼ਾਨ ਮੁਹੰਮਦ ਵਲੀ ਉੱਲਾ ਖ਼ਾਨ ਦਾ ਲਿਖਣਾ ਹੈ ਕਿ ਹਸਨ ਅਬਦਾਲ ਸਬਜ਼ਵਰ ਦੇ ਸਯਦਾਂ ਦੇ ਖ਼ਾਨਦਾਨ ਵਿਚੋਂ ਸੀ, ਜੋ ਤੈਮੂਰ ਦੇ ਬੇਟੇ ਮਿਰਜ਼ਾ ਸ਼ਾਹ ਰੁਖ ਨਾਲ ਪੰਦਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਹਿੰਦੁਸਤਾਨ ਆਏ ਸਨ। ਕੁਝ ਵੀ ਹੋਵੇ ਵਲੀ ਕੰਧਾਰੀ ਦੀ ਹਜ਼ਾਰਾ ਅਤੇ ਨਾਲ ਲੱਗਦੇ ਇਲਾਕੇ ਵਿਚ ਬਹੁਤ ਪ੍ਰਸਿੱਧੀ ਸੀ। ਜਦ ਗੁਰੂ ਨਾਨਕ ਦੇਵ ਜੀ ਦੀ ਸੋਭਾ ਉਸ ਸੁਣੀ ਤਾਂ ਉਹ ਜਰ ਨਾ ਸਕਿਆ। ਲੋਕਾਂ ਨੂੰ ਪਾਣੀ ਨਾ ਦੇ ਕੇ ਤੰਗ ਵੀ ਕਰਨ ਲੱਗ ਪਿਆ। ਮਰਦਾਨਾ ਜੀ ਜਦ ਉਸ ਕੋਲੋਂ ਪਾਣੀ ਲੈਣ ਲਈ ਗਏ ਤਾਂ ਉਸ ਨੂੰ ਕਿਹਾ : 'ਉਸੇ ਨੂੰ ਆਖ ਜਿਸ ਨਾਲ ਤੂੰ ਫਿਰਦਾ ਹੈਂ।' ਕਵੀ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ :

> **'ਕੀਰਤ ਜਬ ਸ੍ਰੀ ਗੁਰੂ ਉਚਾਰੀ।**
> **ਜਰ ਨ ਸਕਿਓ ਵਲੀ ਕੰਧਾਰੀ।**
> **ਕਹੈ : ਜੁ ਤਪਾ ਅਜਮਾਤੀ ਐਸੇ।**
> **ਕਿਉਂ ਨ ਮੰਗਾਵੇ ਜਲ ਮੈ ਬੈਸੇ।'** [1]

ਜਦ ਗੁਰੂ ਨਾਨਕ ਦੇਵ ਜੀ ਨੇ ਮਰਦਾਨਾ ਜੀ ਨੂੰ ਇਕ ਪੱਥਰ ਵੱਲ ਆਸਾ ਨਾਲ ਇਸ਼ਾਰਾ ਕਰਕੇ ਉਠਾਉਣ ਲਈ ਕਿਹਾ ਤਾਂ ਹੇਠੋਂ ਨਿਰਮਲ ਜਲ ਨਿਕਲ ਆਇਆ। ਕ੍ਰੋਧੀ ਵਲੀ ਕੰਧਾਰੀ ਨੇ ਪਹਾੜੀ ਦਾ ਇਕ ਪੱਥਰ ਸੁੱਟ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਦੱਬੇ ਜਾਣਗੇ। ਗੁਰੂ ਜੀ ਨੇ ਆਪਣੇ ਇਕੋ ਪਾਵਨ ਹੱਥ ਨਾਲ ਉਸ ਨੂੰ ਰੋਕਿਆ। ਉਸ 'ਤੇ ਪੰਜਾ ਨਿਸ਼ਾਨ ਵੀ ਲੱਗ ਗਿਆ :

> **'ਤਿਸ (ਵਲੀ ਕੰਧਾਰੀ) ਛਿਨ ਭਾਰੀ ਸਿਲਾ ਰਿਸਾਲਾ।**
> **ਅਜ਼ਮਤ ਤੇ ਪ੍ਰਹਾਰ ਤਿਸ ਕਾਲਾ।**
> **ਸ੍ਰੀ ਗੁਰੂ ਨੇ ਤਬ ਹਾਥ ਪਸਾਰਾ।**
> **ਤਿਸ ਆਵਤ ਕੋ ਕਿਨ ਅਗਾਰਾ।'** [2]

ਬੂਟੇ ਸ਼ਾਹ ਨੇ ਤਾਰੀਖ਼-ਏ-ਸਿੱਖਾਂ ਵਿਚ ਲਿਖਿਆ ਹੈ ਕਿ ਪਹਾੜੀ ਦੀ ਚੋਟੀ 'ਤੇ ਇਕ ਵਲੀ ਕੰਧਾਰੀ ਨਾਂ ਦਾ ਫ਼ਕੀਰ ਰਹਿੰਦਾ ਸੀ। ਪਾਣੀ ਮੰਗਣ 'ਤੇ ਉਸ ਫ਼ਕੀਰ ਨੇ ਨਾਂਹ ਕਰ ਦਿੱਤੀ। ਨਾਨਕ ਸ਼ਾਹ ਨੇ ਪੱਥਰਾਂ ਵਿਚੋਂ ਇਕ ਪੱਥਰ 'ਤੇ ਪੰਜਾ ਮਾਰਿਆ।

---

1. ਉਤ੍ਰਾਧਿ, ਅਧਿਆਇ ੧੪, ਨਾਨਕ ਪ੍ਰਕਾਸ਼।
2. ਉਤ੍ਰਾਧਿ, ਅਧਿਆਇ ੨੪, ਨਾਨਕ ਪ੍ਰਕਾਸ਼।
ਹੋਰ ਵਿਸਥਾਰ ਲਈ ਮੇਰੀ ਹੀ ਕ੍ਰਿਤ 'ਦਰਵੇਸ਼ੀ ਗਾਖੜੀ' ਦੇਖਣ ਦੀ ਕ੍ਰਿਪਾਲਤਾ ਕਰਨੀ।

Sri Satguru Jagjit Singh Ji eLibrary NamdhariElibrary@gmail.com

ਉਸ ਪੱਥਰ ਹੇਠੋਂ ਪੰਜ ਨਹਿਰਾਂ ਦਾ ਨਿਰਮਲ ਤੇ ਸੁਆਦੀ ਜਲ ਵਹਿ ਤੁਰਿਆ। ਵਲੀ ਦਾ ਚਸ਼ਮਾ ਸੁੱਕ ਗਿਆ।

ਇਸ ਗੱਲੋਂ ਫ਼ਕੀਰ ਨੂੰ ਰੋਹ ਚੜ੍ਹਿਆ ਤੇ ਉਸ ਨੇ ਇਕ ਭਾਰੀ ਪੱਥਰ ਗੁਰੂ ਨਾਨਕ ਦੇਵ ਜੀ ਵੱਲ ਸੁੱਟਿਆ। ਨਾਨਕ ਸ਼ਾਹ ਨੇ ਆਪਣੇ ਹੱਥ ਨਾਲ ਉਸ ਪੱਥਰ ਨੂੰ ਰੋਕ ਦਿੱਤਾ।

(ਨਾਨਕ ਸ਼ਾਹ ਬ ਦਸਤ ਖ਼ੁੱਦ ਆਂ ਸੰਗ ਰਾ ਸਾਕਨ ਕਰ ਦੇਂਦ।)

ਹੁਣ ਤੱਕ ਉਸ ਫ਼ਕੀਰ ਦੀ ਦਰਗਾਹ ਪਹਾੜੀ 'ਤੇ ਨਾਨਕ ਸ਼ਾਹ ਦੀ ਯਾਦ ਵਿਚ ਦੀਵਾ ਮਚਾਇਆ ਜਾਂਦਾ ਹੈ।

(ਤਾ ਹਾਲ ਦਰ ਮਕਾਨ ਕਸੀਰ ਮਜ਼ਕੂਰ ਚਰਾਗ ਰੌਸ਼ਨ ਮੇ ਸ਼ਵਦ)

ਵਲੀ ਨੇ ਪਹਾੜੀ ਤੋਂ ਉਤਰ ਕੇ ਖਿਮਾ ਮੰਗੀ।

ਮਹਾਰਾਜ ਨੇ ਉਪਦੇਸ਼ ਦੇਂਦੇ ਕਿਹਾ :

'ਤੈ ਮਤਸਰ ਦੁਖ ਨਾਹਕ ਜਾਨਾ।
ਜਿਸ ਮੈ ਪ੍ਰਾਪਤ ਕਿਛੁ ਨ ਹੋਇ।
ਹਰਖ ਰਿਦੈ ਕਰ ਤਿਆਗੋ ਸੋਇ।
ਹਰਦਮ ਯਾਦ ਖ਼ੁਦਾਇ ਕਰੀਜੈ।
ਮਾਨੁਖ ਤਨ ਸਫ਼ਲ ਕਰ ਲੀਜੈ।'

ਕਵੀ ਜੀ ਨੇ ਇਹ ਵੀ ਲਿਖਿਆ ਹੈ ਕਿ ਕਈ ਇਸ ਪੰਜੇ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੇ ਰਹੇ ਪਰ ਸਫ਼ਲ ਨਾ ਹੋਏ :

'ਰਹੇ ਮਿਟਾਏ ਜਤਨ ਤੇ ਕਈ।
ਰਹਿਓ ਸੁ ਚਿਨ ਹਾਰਗੇ ਕਈ।'

ਸਰਦਾਰ ਹਰੀ ਸਿੰਘ ਨਲਵਾ ਨੇ ਜਦ ਸਿੰਧ ਦੇ ਪਾਰ-ਉਰਾਰ ਦਾ ਇਲਾਕਾ ਜਿੱਤਿਆ ਤਾਂ ਇਸ ਅਸਥਾਨ ਨੂੰ ਨਵੇਂ ਸਿਰਿਓਂ ਉਸਾਰਿਆ। ਸੋਹਣ ਲਾਲ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਉਚੇਚੇ ਦਰਸ਼ਨ ਦੀਦਾਰ ਕਰਨ ਆਉਂਦੇ ਸਨ। ਭਾਈ ਬਹਿਲੋ ਜੀ ਨੇ 'ਪ੍ਰਸੰਗ ਗੁਰੂ ਕਾ' ਵਿਚ ਲਿਖਿਆ ਹੈ :

'ਅਲੀਯਾਰ ਨੂੰ ਵਲੀ ਬਣਾਇਆ।
ਬਿਮਲ ਜੋਤ ਨੂੰ ਸੁਧ ਕਰਾਯਾ।'

ਜਿਹਲਮ : ਪੰਜਾ ਸਾਹਿਬ ਤੋਂ ਗੁਰੂ ਜੀ ਕਈ ਪਿੰਡਾਂ ਵਿਚੋਂ ਹੁੰਦੇ ਹੋਏ ਜ਼ਿਲ੍ਹਾ ਜਿਹਲਮ ਵਿਚ ਉਸ ਟਿੱਲੇ 'ਤੇ ਪੁੱਜੇ ਜਿੱਥੇ ਇਕ ਸਾਧੂ ਬਾਲ ਗੁੰਦਾਈ ਰਹਿੰਦਾ ਸੀ। ਬਾਲ ਗੁੰਦਾਈ ਦਾ ਨਾਮ ਲਛਮਣ ਸੀ। ਇਕ ਵਾਰੀ ਇਕ ਦਿਬ ਇਸਤਰੀ ਦੇ ਬਾਲ ਗੁੰਦਦੇ ਡੋਲੇ ਨਹੀਂ ਸਨ। ਇੱਥੋਂ ਟਿੱਲੇ ਦਾ ਨਾਂ ਹੀ ਬਾਲ ਗੁੰਦਾਈ ਪਿਆ ਲਗਦਾ ਹੈ। ਇਕ ਮਨੌਤ ਇਹ ਵੀ ਹੈ ਕਿ ਬਚਪਨ ਤੋਂ ਫ਼ਕੀਰੀ (ਗੁਦਾਈ) ਵੱਲ ਰੁਚੀ ਹੋਣ ਤੇ ਨਾਂ ਹੀ ਬਾਲ ਗੁਦਾਈ ਪੈ ਗਿਆ। ਉਸ ਨੇ ਬਹੁਤ ਵੱਡਾ ਡੇਰਾ ਬਣਾਇਆ ਹੋਇਆ ਸੀ। ਮਾਇਆ ਇਕੱਠੀ ਕਰਕੇ ਬੇਸ਼ੱਕ ਲੋੜਵੰਦਾਂ ਵਿਚ ਵੰਡਦਾ ਸੀ ਪਰ ਅਹੰਕਾਰੀ ਬਹੁਤ ਹੋ ਗਿਆ ਸੀ। ਉਸ ਦੀ ਪਕੜ ਛੁੜਵਾਉਣ ਲਈ ਗੁਰੂ ਜੀ ਨੇ ਉਸ ਦੇ ਅਸਥਾਨ 'ਤੇ ਬਾਹਰ ਜਾ ਡੇਰਾ ਕੀਤਾ। ਉਸ ਦੇ

Sri Satguru Jagjit Singh Ji eLibrary NamdhariElibrary@gmail.com

ਚੇਲਿਆਂ ਨੇ ਆ ਕੇ ਕਿਹਾ ਕਿ ਬਾਲ ਗੁਦਾਈ ਦੇ ਅਸਥਾਨ ਚਲੋ, ਪਰ ਮਹਾਰਾਜ ਨੇ ਕਿਹਾ :

'ਨ ਹਮ ਚਲ ਜਾਵਹਿ।
ਜਹਿ ਬੈਠਹਿ ਤਹਿ ਰੈਨ ਬਿਤਾਵਹਿ।
ਚਾਹੀਏ ਨਿਤ ਅਤੀਤ ਕੋ ਐਸੀ।
ਆਇ ਜੋ ਬਨਹਿ ਬਿਤਾਵਹਿ ਤੈਸੀ। *(ਸੂਰਜ ਪ੍ਰਕਾਸ਼)*

ਪੁਰਾਤਨ ਜਨਮ ਸਾਖੀ ਦੇ ਸ਼ਬਦਾਂ ਵਿਚ ਫ਼ਰਮਾਇਆ, 'ਜੇਹੀ ਆਵੇ ਤੇਹੀ ਗੁਜ਼ਾਰੇ।' ਬਾਲ ਗੁੰਦਾਈ ਆਪੂੰ ਟੁਰ ਕੇ ਆਇਆ ਤੇ ਗੁਰੂ ਜੀ ਨੇ ਉਸ ਨੂੰ ਨਿਮਰਤਾ ਧਾਰਨ ਤੇ ਪਕੜ ਛੱਡਣ ਦਾ ਉਪਦੇਸ਼ ਦਿੱਤਾ। ਫ਼ਰਮਾਇਆ : 'ਹਉ ਵਿਚ ਕੀਤੇ ਕਰਮ ਕੁਝ ਨਾ ਕੁਝ ਨਿਸ਼ਾਨ ਛੱਡ ਦਿੰਦੇ ਹਨ ਜੋ ਪਿੱਛੋਂ ਪਹਾੜ ਬਣ ਕੇ ਤੰਗ ਕਰਦੇ ਹਨ। ਪਾਣੀ ਪਾੜਛੇ ਤੇ ਨਿਸਾਰ ਰਾਹੀਂ ਜਾਂਦਾ ਰਹਿੰਦਾ ਹੈ ਪਰ ਬੂਰ, ਸਿਵਾਲ ਫਿਰ ਵੀ ਲੱਗ ਜਾਂਦੀ ਹੈ। ਹਉਮੈਂ ਵਿਚ ਕਰਮ ਨਹੀਂ ਕਰਨਾ, ਨਿਮਰਤਾ ਵਿਚ ਰਹਿਣਾ ਹੈ।' ਜਿੱਥੇ ਗੁਰੂ ਜੀ ਬੈਠੇ ਸਨ, ਉਥੇ ਯਾਦਗਾਰੀ ਥੜ੍ਹਾ ਹੈ।

ਰਹੁਤਾਸ : ਬਾਲ ਗੁੰਦਾਈ ਦੇ ਟਿੱਲੇ ਤੋਂ ਸੱਤ ਕੁ ਮੀਲ ਦੀ ਵਿੱਥ 'ਤੇ ਹੀ ਰਹੁਤਾਸ ਹੈ। ਗੁਰੂ ਨਾਨਕ ਦੇਵ ਜੀ ਜਿੱਥੇ ਬੈਠੇ ਸਨ ਉਥੋਂ ਹੀ ਚਸ਼ਮਾ ਫੁੱਟ ਪਿਆ, ਜਿਸ ਨੂੰ 'ਚੋਹਾ ਸਾਹਿਬ-ਗੁਰੂ ਨਾਨਕ ਸਾਹਿਬ' ਕਹਿੰਦੇ ਹਨ। ਬੂਟੇ ਸ਼ਾਹ ਨੇ ਤ੍ਵਾਰੀਖ਼ ਪੰਜਾਬ ਵਿਚ ਲਿਖਿਆ ਹੈ ਕਿ ਕਿਲ੍ਹਾ ਰਹੁਤਾਸ, ਜੋ ਪਹਾੜੀ ਦੀ ਇਕ ਚੋਟੀ 'ਤੇ ਹੈ, ਦੇ ਨਜ਼ਦੀਕ ਹੀ ਇਕ ਚਸ਼ਮਾ ਹੈ ਜੋ ਨਾਨਕ ਸ਼ਾਹ ਦੇ ਕਦਮਾਂ ਦੀ ਬਰਕਤ ਨਾਲ ਜਾਰੀ ਹੋਇਆ।[1] ਸ਼ੇਰ ਸ਼ਾਹ ਅਫ਼ਗਾਨ ਨੇ ਉਸ ਅਸਥਾਨ ਨੂੰ ਪਸੰਦ ਕੀਤਾ ਤੇ ਉਸ ਚਸ਼ਮੇ ਦੇ ਪਾਸ ਪੱਥਰਾਂ ਦਾ ਕਿਲ੍ਹਾ ਬਣਵਾਇਆ। ਉਹ ਚਸ਼ਮਾ ਉਥੋਂ ਖ਼ੁਸ਼ਕ ਹੋ ਕੇ ਕਿਲ੍ਹੇ ਦੇ ਬਾਹਰ ਜਾਰੀ ਹੋ ਗਿਆ। ਸ਼ੇਰ ਸ਼ਾਹ ਨੇ ਕਈ ਵਾਰੀ ਉਸ ਚਸ਼ਮੇ ਨੂੰ ਘੇਰੇ ਵਿਚ ਲਿਆਉਣਾ ਚਾਹਿਆ ਪਰ ਚਸ਼ਮਾ ਕਿਲ੍ਹੇ ਦੇ ਅੰਦਰ ਕਾਬੂ ਨਹੀਂ ਸੀ ਰਹਿੰਦਾ ਤੇ ਕਿਲ੍ਹੇ ਦੀ ਦੀਵਾਰ ਤੋਂ ਬਾਹਰ ਨਿਕਲ ਕੇ ਵਗਣ ਲੱਗ ਪੈਂਦਾ ਸੀ। ਸ਼ੇਰ ਸ਼ਾਹ ਮਜਬੂਰ ਹੋ ਕੇ ਹਟ ਗਿਆ।[2] ਉਸ ਕਿਲ੍ਹੇ ਦੀਆਂ ਦੀਵਾਰਾਂ ਹੁਣ ਤੱਕ (੧੯੪੮ ਈ.) ਮੌਜੂਦ ਹਨ ਤੇ ਉਹ ਚਸ਼ਮਾ ਪਹਾੜ ਦੇ ਹੇਠਾਂ ਜ਼ਮੀਨ 'ਤੇ ਜਾਰੀ ਹੈ ਤੇ ਰਹੁਤਾਸ ਆਉਣ ਵਾਲੇ ਲੋਕ ਰਾਤ ਉੱਥੇ ਕੱਟਦੇ ਹਨ।' ਬਾਬੇ ਦੇ ਉਪਦੇਸ਼ ਦੀ ਵੀ ਇਹ ਸਿਫ਼ਤ ਹੈ। ਉਹ ਕਿਸੇ ਘੇਰੇ ਵਿਚ ਬੰਦ ਨਹੀਂ ਕੀਤੇ ਜਾ ਸਕਦੇ। ਉਨ੍ਹਾਂ ਦਾ ਉਪਦੇਸ਼ ਸਾਰਿਆਂ ਲਈ ਹੈ ਤੇ ਸਾਰੇ ਹੀ ਉਸ ਤੋਂ ਲਾਭ ਉਠਾਉਣ।

ਕੇਰ ਭਾਗ ਦੀ : ਦਰਿਆ ਜਿਹਲਮ ਨੂੰ ਗੁਰੂ ਨਾਨਕ ਦੇਵ ਜੀ ਨੇ ਭੇਰੇ ਤੋਂ ਪਾਰ ਕੀਤਾ। ਭੇਰੇ ਹੀ ਇਕ ਫ਼ਕੀਰ ਨੇ ਆਪਣੇ ਆਪ ਨੂੰ 'ਸ਼ਾਹ ਸੁਹਾਗਣ' ਪ੍ਰਸਿੱਧ ਕੀਤਾ ਹੋਇਆ ਸੀ। ਉਸ ਨੇ ਸੁਹਾਗਣਾਂ ਵਾਲੇ ਲਾਲ ਕੱਪੜੇ ਪਾਏ ਹੋਏ ਸਨ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸੱਚ ਸੁਹਾਗਣ ਦੇ ਲੱਛਣ ਦਰਸਾਏ ਤੇ ਪਖੰਡੀ ਜੀਵਨ ਤੋਂ ਰੋਕਿਆ।

ਉਥੇ ਗੁਜਰਾਤ ਜ਼ਿਲ੍ਹੇ ਦੇ ਪਿੰਡ ਜੈਸੁਖ ਪੁੱਜੇ। ਉਸ ਨੂੰ ਕੇਰ ਭਾਗ ਦੀ ਵੀ ਕਹਿੰਦੇ

---

1. ਕਿ ਅਜ਼ ਯਮੁਨੇ ਕਦੂਮ ਨਾਨਕ ਸ਼ਾਹ ਦਰ ਅੰਜਾ ਜਾਰੀ ਸ਼ੁਦਹ।
2. ਨਾ ਚਾਰ ਸ਼ੇਰ ਸ਼ਾਹ ਦਸਤ ਅਜ਼ਾਂ ਬਾਜ਼ ਕਸ਼ੀਦ।

Sri Satguru Jagjit Singh Ji eLibrary NamdhariElibrary@gmail.com

ਹਨ। ਉਥੇ ਵੀ ਸਿਆਲਕੋਟ ਦੇ ਹਮਜ਼ਾ ਗੌਂਸ ਵਾਂਗੂੰ ਇਕ ਤਪੱਸਵੀ ਜੋਗੀਰਾਜ ਤਪ ਕਰ ਕੇ ਪਿੰਡਾਂ ਨੂੰ ਗ਼ਰਕ ਕਰਨਾ ਚਾਹੁੰਦਾ ਸੀ। ਗੁਰੂ ਜੀ ਨੇ ਉਸ ਦੀ ਸਾਰੀ ਕਰਾਮਾਤ ਨੂੰ ਛਲਾਵਾ ਦੱਸਿਆ ਤੇ ਕਿਹਾ ਕਿ ਉਨ੍ਹਾਂ ਦੇ ਹੱਥ ਫੜਿਆ ਸੋਟਾ ਤਾਂ ਗ਼ਰਕ ਕਰ ਕੇ ਦਿਖਾ। ਉਸ ਸਾਰੇ ਜਤਨ ਕੀਤੇ ਪਰ ਨਿਸਫ਼ਲ। ਆਖਰ ਗੁਰੂ ਜੀ ਦੀ ਚਰਨੀਂ ਢੱਠਾ। ਗੁਰੂ ਜੀ ਨੇ ਉਸ ਨੂੰ ਸਤਿਨਾਮ ਦਾ ਮੰਤਰ ਦ੍ਰਿੜ੍ਹਾਇਆ। ਉਸ ਦੇ ਪੋਤੇ ਤੇ ਚੇਲੇ ਭਾਈ ਭਾਗਾ ਜੀ ਨੇ ਬਹੁਤ ਸੁੱਚਾ ਜੀਵਨ ਜੀਵਿਆ। ਮਹਾਰਾਜਾ ਰਣਜੀਤ ਸਿੰਘ ਨੇ ੨੨ ਸੌ ਰੁਪੈ ਦੀ ਜਾਗੀਰ ਲਗਾ ਦਿੱਤੀ।

ਖ਼ੁਰਾਕ ਹਉਮੈ ਦੀ : ਉਥੋਂ ਆਪ ਜੀ ਡਿੰਗਾ ਪੁੱਜੇ। ਡਿੰਗਾ ਵੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ 'ਨਾਨਕ ਸਰ' ਬਣਿਆ ਹੋਇਆ ਹੈ। ਜਦ ਆਪ ਜੀ ਡਿੰਗਾ ਪੁੱਜੇ ਤਾਂ ਇਕ ਆਦਮੀ ਨੂੰ ਢੋਲ ਵਜਾਂਦੇ ਡਿੱਠਾ। ਪੁੱਛਣ 'ਤੇ ਉਸ ਦੱਸਿਆ ਕਿ ਨੇੜੇ ਹੀ ਇਕ ਜੋਗੀ ਰਹਿੰਦਾ ਹੈ ਜਿਸ ਨੇ ਕੁਝ ਨਾ ਖਾ ਕੇ ਚਲੀਹਾ ਕੱਟਿਆ ਹੈ ਤੇ ਪਰਸੋਂ ਉਸ ਦੇ ਚਾਲੀ ਦਿਨ ਪੂਰੇ ਹੋ ਜਾਣੇ ਹਨ। ਇਸ ਗੱਲ ਦੀ ਸੂਚਨਾ ਦੇਣ ਲਈ ਉਹ ਢੋਲ ਵਜਾ ਰਿਹਾ ਹੈ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਕਿਹਾ ਕਿ ਅਜੇ ਦੋ ਦਿਨ ਹਨ, ਇਹ ਸੂਚਨਾ ਪਰਸੋਂ ਹੀ ਦੇਵੀਂ। ਢੋਲ ਵਜਾਉਣ ਵਾਲੇ ਨੇ ਗੱਲ ਮੰਨ ਲਈ ਤੇ ਉਹ ਚਲਾ ਗਿਆ। ਗੁਰੂ ਨਾਨਕ ਦੇਵ ਜੀ ਉਸੇ ਅਸਥਾਨ 'ਤੇ ਜਾ ਬੈਠੇ ਜਿੱਥੇ ਜੋਗੀ ਚਲੀਹਾ ਕੱਟ ਰਿਹਾ ਸੀ। ਜਦ ਜੋਗੀ ਚਲੀਹੇ ਤੋਂ ਬਾਹਰ ਨਿਕਲਿਆ ਤਾਂ ਸਵਾਗਤ ਵਿਚ ਲੋਕੀਂ ਖੜ੍ਹੇ ਨਾ ਦੇਖ ਕੇ ਗੱਸ਼ ਖਾ ਕੇ ਡਿੱਗ ਪਿਆ। ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਮਰਦਾਨਾ ਜੀ ਨੂੰ ਭੇਜਿਆ ਕਿ ਢੋਲ ਵਾਲੇ ਨੂੰ ਜਾ ਕੇ ਆਖੇ ਕਿ ਪਿੰਡਾਂ ਵਿਚ ਢੰਡੋਰਾ ਦੇ ਦੇਵੇ ਕਿ ਜੋਗੀ ਦਾ ਚਲੀਹਾ ਪੂਰਾ ਹੋ ਗਿਆ ਹੈ। ਲੋਕੀਂ ਜਦ ਪੁੱਜੇ ਤੇ ਵਾਹ, ਵਾਹ ਕੀਤੀ ਕਿ ਜੋਗੀ ਨੇ ਚਾਲੀ ਦਿਨ ਕੁਝ ਨਹੀਂ ਖਾਧਾ ਤਾਂ ਜੋਗੀ ਉੱਠ ਬੈਠਾ। ਮਹਾਰਾਜ ਵੀ ਭੀੜ ਵਿਚੋਂ ਅੱਗੇ ਹੋ ਜਾ ਕੇ ਕਹਿਣ ਲੱਗੇ ਕਿ ਇਹ ਝੂਠ ਬੋਲਦਾ ਹੈ, ਇਸ ਨੂੰ ਖ਼ੁਰਾਕ ਮਿਲਦੀ ਰਹੀ ਹੈ, ਇਹ ਚਾਲੀ ਦਿਨ ਖਾਂਦਾ ਰਿਹਾ ਹੈ। ਉਸ ਗੁੱਸੇ ਵਿਚ ਕਿਹਾ ਕਿ ਬਿਲਕੁਲ ਨਹੀਂ। ਤਾਂ ਮਹਾਰਾਜ ਨੇ ਫ਼ਰਮਾਇਆ ਕਿ ਇਸ ਦੀ ਖ਼ੁਰਾਕ ਹਉਮੈ ਹੈ ਤੇ ਉਹ ਉਸ ਨੂੰ ਮਿਲਦੀ ਰਹੀ ਹੈ। ਜਦ ਇਸ ਨੇ ਡਿੱਠਾ ਕਿ ਕੋਈ ਮਨੁੱਖ-ਇਸਤਰੀ ਸਵਾਗਤ ਲਈ ਨਹੀਂ ਆਇਆ ਤਾਂ ਇਹ ਬੇਹੋਸ਼ ਹੋ ਗਿਆ ਤੇ ਜਦ ਵਾਹ, ਵਾਹ ਸੁਣੀ ਤਾਂ ਫਿਰ ਉੱਠ ਬੈਠਾ। ਹਉਮੈ ਨੂੰ ਮਾਰੇ ਬਗ਼ੈਰ ਜੋਗ ਨਹੀਂ ਹੋ ਸਕਦਾ।

ਬਾਬਰ ਕੇ ਬਾਬੇ ਮਿਲੇ : ਉਥੋਂ ਆਪ ਜੀ ਨਾਮ ਸ਼ਬਦ ਦ੍ਰਿੜਾਂਦੇ ਸੈਦਪੁਰ ਪੁੱਜੇ। ਉਧਰੋਂ ਖ਼ਬਰਾਂ ਪੁੱਜ ਰਹੀਆਂ ਸਨ ਕਿ ਬਾਬਰ ਵੀ ਧਾਹੀ ਕਰ ਕੇ ਆ ਰਿਹਾ ਹੈ। ਆਪ ਜੀ ਉਸ ਦੀ ਤਿਆਰੀ ਦੇਖ ਵੀ ਆਏ ਸਨ। ਆਪ ਜੀ ਨੇ ਐਸ਼ਾਂ ਵਿਚ ਪਏ ਹੁਕਮਰਾਨ ਅਤੇ ਸੁੱਤੀ ਹੋਈ ਜਨਤਾ ਨੂੰ ਉਠਾਉਣਾ ਚਾਹਿਆ ਪਰ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਆਵਾਜ਼ ਨਾ ਸੁਣੀ। ਸੈਦਪੁਰ ਦੀ ਇੱਟ ਨਾਲ ਇੱਟ ਵੱਜ ਗਈ। ਗੁਰੂ ਨਾਨਕ ਦੇਵ ਜੀ ਤਾਂ ਫਿਰ ਵੀ ਸ਼ੁਕਰ ਵਿਚ ਸਨ ਪਰ ਸਾਰਾ ਇਲਾਕਾ ਚੀਕਾਂ ਮਾਰ ਰਿਹਾ ਸੀ।[1] ਬਾਬਾ

1. ਸੈਦਪੁਰ ਦਾ ਬ੍ਰਿਤਾਂਤ 'ਬਾਬਾ ਗਇਆ ਤੀਰਥੀਂ' ਦੇ ਅਧਿਆਇ ਚਾਰ ਵਿਚ ਦੇਖੋ।

Sri Satguru Jagjit Singh Ji eLibrary NamdhariElibrary@gmail.com

ਤੇ ਬਾਬਰ ਮਿਲੇ ਵੀ। ਭਾਈ ਗੁਰਦਾਸ ਜੀ ਦੀ ਗਵਾਹੀ ਹੈ :

'ਬਾਬਰ ਕੇ ਬਾਬੇ ਮਿਲੇ,
ਨਿਵ ਨਿਵ ਸਭ ਨਬਾਬ ਨਿਵਾਯਾ।
ਦੀਨ ਦੁਨਯਾ ਦਾ ਪਾਤਸ਼ਾਹ,
ਬੇਮੁਹਤਾਜ ਰਾਜ ਘਰ ਆਯਾ।'

ਬਾਬਰ ਦੀ ਇਕ ਪੁੱਛ ਕਿ ਰਾਜ ਕਿਸ ਸਮੇਂ ਬਦਲਦੇ ਹਨ, ਗੁਰੂ ਨਾਨਕ ਦੇਵ ਜੀ ਨੇ ਖ਼ੂਬ ਕਿਹਾ ਸੀ ਕਿ ਜਦ ਇਨਸਾਫ਼ ਨਾ ਮਿਲੇ, ਇਨਸਾਫ਼ ਨਾ ਹੋਵੇ, ਸਗੋਂ ਇਨਸਾਫ਼ ਰੋਕਿਆ ਜਾਏ ਤਾਂ ਰਾਜ ਬਦਲ ਜਾਂਦੇ ਹਨ :

ਜਬ ਛੁਟੇ ਅਦਾਲਤ, ਹੋਇ ਬਿਅਦਲ।
ਛੁਟੇ ਨਿਆਉ, ਰਾਜ ਹੋਇ ਬਦਲ।

ਬਾਬਰ ਨੇ ਇਸ ਕਤਲਾਮ ਤੋਂ ਬਾਅਦ ਸਭ ਬੰਦੀਆਂ ਨੂੰ ਛੱਡ ਦਿੱਤਾ ਸੀ ਅਤੇ ਐਮਨਾਬਾਦ ਦੇ ਨਾਂ ਦਾ ਨਵਾਂ ਨਗਰ ਵੀ ਵਸਾਇਆ ਸੀ। ਕੈਸੀ ਅਜ਼ਮਤ ਸੀ ਗੁਰੂ ਨਾਨਕ ਦੇਵ ਜੀ ਦੀ :

ਤਬ ਬਾਬਰ ਕਰੀ ਬੰਦਖਲਾਸ।
ਤਹਾ ਇਮਨਾਬਾਦ ਵਸਾਇਆ ਬਾਸ।
ਕਰ ਬੰਦ ਖਲਾਸ ਨਗਰ ਵਸਾਇਆ।
ਤਬ ਮੀਰ ਬਾਬਰ ਦਿੱਲੀ ਪਰ ਧਾਇਆ[1]**।**

ਮੁਫ਼ਤੀ ਅਲਾਉ-ਉਦ-ਦੀਨ ਨੇ ਇਬਰਤਨਾਮਾ[2] ਵਿਚ ਲਿਖਿਆ ਹੈ ਕਿ ਬਾਬਰ ਨੇ ਕਿਹਾ ਕਿ ਉਸ ਲਈ ਦੁਆ ਮੰਗੋ। ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਕਿ ਜਦ ਤਕ ਬਾਬਰ ਅੱਤਿਆਚਾਰ ਦਾ ਰਾਹ ਛੱਡਣ ਦਾ ਪ੍ਰਣ ਨਹੀਂ ਕਰਦਾ, ਦੁਆ ਨਹੀਂ ਹੋ ਸਕਦੀ। ਉਸ ਬਾਬੇ ਅੱਗੇ ਸਿਰ ਝੁਕਾਇਆ ਤੇ ਸਭ ਕੈਦੀ ਰਿਹਾ ਕੀਤੇ। ਇਥੋਂ ਤਕ ਕਿ ਬਾਬਾ ਜੀ ਉਸ ਲਸ਼ਕਰ ਵਿਚ ਜੋ ਕੁਝ ਕਹਿੰਦੇ ਜਾਂ ਕੁਝ ਕਰਦੇ, ਕਿਸੇ ਨੂੰ ਉਨ੍ਹਾਂ 'ਤੇ ਕੋਈ ਇਤਰਾਜ਼ ਨਾ ਹੁੰਦਾ।

ਬਾਬਰ ਹੱਥ ਵਿਚ ਜ਼ੁਲਮ ਦੀ ਕੈਂਚੀ ਲੈ ਕੇ ਵੱਢਦਾ ਗਿਆ, ਬਾਬਾ ਹੱਥ ਵਿਚ ਸੂਈ ਰੱਖ, ਧਾਗਾ ਪਰੋ ਸੀਂਦਾ ਹੀ ਚਲਾ ਗਿਆ। ਇਕ ਟੱਕਰ ਜੋ ਐਮਨਾਬਾਦ ਤੋਂ ਅਰੰਭ ਹੋਈ, ਸਦੀਆਂ ਤੱਕ ਚਲਦੀ ਰਹੀ। ਬਾਬਰ ਦੇ ਪੁੱਤਰ ਹਮਾਯੂੰ ਨੇ ਤਲਵਾਰ ਕੱਢੀ ਤਾਂ ਗੁਰੂ ਅੰਗਦ ਦੇਵ ਜੀ ਉਸ ਵਿਰੁੱਧ ਡਟ ਗਏ। ਜਹਾਂਗੀਰ ਨੇ ਅੱਤ ਚੁੱਕੀ ਤਾਂ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦਾ ਜਾਮ ਪੀਤਾ। ਜਹਾਂਗੀਰ ਦਾ ਪੋਤਰਾ ਔਰੰਗਜ਼ੇਬ ਜੇ ਜ਼ੁਲਮਾਂ 'ਤੇ ਉਤਾਰੂ ਹੋ ਗਿਆ ਤਾਂ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਗੁਰੂ ਤੇਗ਼ ਬਹਾਦਰ ਜੀ ਨੇ ਉਸ ਦੇ ਸਿਰ ਚੜ੍ਹ ਦਿੱਲੀ ਜਾ ਕੇ ਸੀਸ ਫੋੜ ਦਿੱਤਾ। ਗੁਰੂ ਨਾਨਕ ਦਾ ਘਰ ਸੱਚ,

---

1. ਮਹਿਮਾ ਪ੍ਰਕਾਸ਼, ਸਾਖੀ ਬਾਬਾ ਜੀ ਹਿੰਦੁਸਤਾਨ ਕੋ ਆਵੇਗਾ।
2. ਪੰਨਾ ੧੫੯, ਇਬਰਤਨਾਮਾ, ਭਾਗ ਤੀਜਾ।

Sri Satguru Jagjit Singh Ji eLibrary NamdhariElibrary@gmail.com

ਪ੍ਰੇਮ, ਅਣਖ ਤੇ ਆਜ਼ਾਦੀ ਦਾ ਰਾਖਾ ਆਇਆ ਹੈ ਤੇ ਇਸ ਲਈ ਗੁਰੂ ਤੇ ਉਨ੍ਹਾਂ ਦਾ ਸਿੱਖ ਹਰ ਕੁਰਬਾਨੀ ਕਰਨ ਲਈ ਤਿਆਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣੇ ਬਚਿੱਤ੍ਰ ਨਾਟਕ ਵਿਚ ਇਸ ਪਾਸੇ ਦੀ ਗੱਲ ਆਖੀ ਹੈ ਕਿ ਉਧਰੋਂ ਬਾਬਰ ਧਾਇਆ ਤੇ ਇਧਰੋਂ ਬਾਬਾ ਆ ਗਿਆ। ਪ੍ਰਮੇਸ਼ਰ ਨੇ ਕੈਸਾ ਢੋ ਢੁਕਾਇਆ :

ਬਾਬੇ ਕੇ ਬਾਬਰ ਕੇ ਦਊ।
ਆਪ ਕਰੇ ਪਰਮੇਸਰ ਸਊ।'

ਇਸੇ ਸਬੰਧ ਵਿਚ ਗ਼ੁਲਾਮ ਅਲੀ ਖ਼ਾਨ ਸੱਯਦ ਨੇ ਪੁਸਤਕ ਇਮਾਦ-ਉਸ-ਸੁਆਦਤ[1] ਵਿਚ ਲਿਖਿਆ ਹੈ ਕਿ ਬਾਬਰ ਨੇ ਤਾਂ ਕੇਵਲ ਇਲਾਕੇ ਹੀ ਜਿੱਤੇ ਪਰ ਨਾਨਕ ਸ਼ਾਹ ਨੇ ਹਕੀਕੀ ਰਾਜ ਨੂੰ ਆਪਣੇ ਅਧਿਕਾਰ ਹੇਠ ਲਿਆਂਦਾ।

ਐਮਨਾਬਾਦ, ਦੁਖੀਆਂ ਦਾ ਦਰਦ ਵੰਡਾਂਦੇ, ਆਪ ਜੀ ੧੫੨੧ ਦੇ ਅਖ਼ੀਰ ਵਿਚ ਤਲਵੰਡੀ ਪੁੱਜੇ। ਪੁਰਾਤਨ ਜਨਮ ਸਾਖੀ ਅਨੁਸਾਰ, 'ਤਬ ਘਰਿ ਆਏ, ਕੋਈ ਦਿਨ ਘਰਿ ਰਹੇ।' ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

'ਫਿਰ ਬਾਬਾ ਆਇਆ ਕਰਤਾਰ ਪੁਰਿ, ਭੇਖ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ।'

ਆਪ ਜੀ ਨੇ ਆਪਣਾ ਟਿਕਾਣਾ ਕਰਤਾਰਪੁਰ ਕਰ ਲਿਆ ਤੇ ਜੀਵਨ ਦੇ ਆਖ਼ਰੀ ੧੮ ਸਾਲ ਕਰਤਾਰਪੁਰ ਟਿਕੇ।

---

1. ਪੰਨਾ ੭੧।

Sri Satguru Jagjit Singh Ji eLibrary NamdhariElibrary@gmail.com

10

ਕਰਤਾਰਪੁਰ ਵਿਚ ਅਠਾਰਾਂ ਸਾਲ

ਕਰਤਾਰਪੁਰ ਦਾ ਵਸਾਉਣਾ : ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਬਾਅਦ ਹੀ ਦੇਖ ਲਿਆ ਸੀ ਕਿ ਜੋ ਕੁਝ ਉਹ ਲੋਕਾਂ ਨੂੰ ਪ੍ਰਚਾਰਨ ਆਏ ਹਨ, ਉਸ ਦਾ ਪ੍ਰਤੱਖ ਪ੍ਰਮਾਣ ਦੇਣ ਲਈ ਕੋਈ ਨਾ ਕੋਈ ਥਾਂ ਕਾਇਮ ਕਰਨਾ ਜ਼ਰੂਰੀ ਹੈ। ਤਲਵੰਡੀ ਇਕ ਪਾਸੇ ਸੀ, ਗੁਰੂ ਜੀ ਨੇ ਜਾਚਿਆ ਕਿ ਜੇ ਰਾਵੀ, ਚਨਾਬ ਤੇ ਪਹਾੜੀ ਇਲਾਕਿਆਂ ਲਾਗੇ ਕੋਈ ਥਾਂ ਚੁਣ ਲਈ ਜਾਵੇ ਤਾਂ ਠੀਕ ਰਹੇਗਾ। ਦੂਜੇ ਬਾਬਰ ਐਮਨਾਬਾਦ ਤੋਂ ਤਾਂ ਵਾਪਸ ਚਲਾ ਗਿਆ ਸੀ ਪਰ ਉਸ ਦਾ ਹਮਲਾ ਕੋਈ ਆਖ਼ਰੀ ਹਮਲਾ ਨਹੀਂ ਸੀ। ਜਰਨੈਲੀ ਸੜਕ 'ਤੇ ਕਿਧਰੇ ਵੀ ਕੋਈ ਅਸਥਾਨ ਦਾ ਨਿਰਮਾਣ ਕਰਨਾ ਜੁਗ-ਗਰਦੀ ਦੇ ਜ਼ਮਾਨੇ ਸਮੇਂ ਉਚਿਤ ਨਹੀਂ ਸੀ। ਤੀਜੇ, ਕਰਤਾਰਪੁਰ ਦਾ ਸਾਰਾ ਹੀ ਇਲਾਕਾ ਦੱਬਿਆ ਹੋਇਆ, ਪਛੜਿਆ ਹੋਇਆ ਸੀ।

ਜਿਸ ਥਾਂ ਨੂੰ ਮਹਾਰਾਜ ਨੇ ਚੁਣਿਆ ਉਹ ਕਲਾਨੌਰ ਦੇ ਪਰਗਨੇ ਵਿਚ ਪੈਂਦਾ ਸੀ। ਕਲਾਨੌਰ ਕਿੰਨਾ ਕੁ ਪ੍ਰਸਿੱਧ ਸੀ, ਇਸ ਗੱਲ ਦਾ ਗਿਆਨ ਪ੍ਰਚੱਲਤ ਅਖਾਣ ਤੋਂ ਵੀ ਹੋ ਜਾਂਦਾ ਹੈ। ਅਖਾਣ ਸੀ : 'ਜਿਸ ਨਹੀਂ ਦੇਖਿਆ ਲਾਹੌਰ, ਉਹ ਦੇਖੇ ਕਲਾਨੌਰ'। ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਸਾਉਣ ਦਾ ਵੀਚਾਰ ਭਾਈ ਅਜਿਤਾ ਰੰਧਾਵਾ ਨੂੰ ਪ੍ਰਗਟ ਕੀਤਾ। ਉਸ ਨਾ ਸਿਰਫ਼ ਖ਼ੁਸ਼ੀ ਮਨਾਈ ਸਗੋਂ ਸਾਰੇ ਪਿੰਡਾਂ ਕੋਲੋਂ ਜ਼ਮੀਨ ਵੀ ਲੈ ਦਿੱਤੀ। ਭਾਈ ਗੁਰਦਾਸ ਜੀ ਨੇ ਸਿੱਖਾਂ ਦੀ ਸੂਚੀ ਵਿਚ ਅਜਿਤਾ ਰੰਧਾਵਾ ਭਲਾ ਲਿਖਿਆ ਹੈ। ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਇਕ ਵਾਰੀ ਭਾਈ ਅਜਿਤਾ ਰੰਧਾਵਾ ਗੁਰੂ ਨਾਨਕ ਪਾਸ ਆਏ ਤੇ ਕਿਹਾ : 'ਜੁ ਮੈਂ ਬਹੁਤ ਸਾਧਾਂ ਦਾ ਦਰਸ਼ਨ ਕੀਤਾ ਹੈ, ਪਰ ਮੇਰੇ ਮਨ ਦਾ ਸੰਸਾ ਨਹੀਂ ਮਿਟਿਆ। ਤੁਹਾਡਾ ਦਰਸ਼ਨ ਕੀਤਾ ਹੈ, ਮੇਰਾ ਸੰਸਾ ਨਵਿਰਤ ਕਰੋ।' ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸ਼ਾਂਤੀ ਦਾ ਰਾਹ ਦੱਸਿਆ ਕਿ 'ਲੋਕ ਜੋ ਹੋਮ ਕਰਦੇ ਹਨ ਸੋ ਦੇਵਤਿਆਂ ਦੀ ਪ੍ਰਸੰਨਤਾ ਕਰਦੇ ਹੈਨਿ। ਖੁਦਿਆਰਥੀ ਸਿੱਖ ਦੇ ਮੂੰਹ ਵਿਚ ਪਾਵਣਾ ਹੀ ਬ੍ਰਹਮ ਹੋਮ ਹੈ।' ਉਸ ਨੇ ਸਾਰੀ ਜ਼ਿੰਦਗੀ ਹੀ ਸੇਵਾ ਨੂੰ ਮੁੱਖ ਰੱਖਿਆ। ਨਿਸ਼ਾਨਦੇਹੀ ਗੁਰੂ ਪਾਤਸ਼ਾਹ, ਦੂਜੀ ਉਦਾਸੀ ਸਮੇਂ ਕਰ ਗਏ ਸਨ ਤੇ ਤੀਜੀ ਉਦਾਸੀ ਉਪਰੰਤ ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਵਸਾਉਣ ਦਾ ਫ਼ੈਸਲਾ ਕਰ ਲਿਆ।

ਕਰਤਾਰਪੁਰ ਦਾ ਵੱਸਣਾ ਸੁਣ ਕੇ ਕੱਟੜ ਖ਼ਿਆਲੀਏ ਮੁਸਲਮਾਨਾਂ ਤਾਂ ਸ਼ੋਰ ਮਚਾਉਣਾ ਹੀ ਸੀ ਪਰ ਕਲਾਨੌਰ ਦੇ ਚੌਧਰੀ ਕਰੋੜੀ ਮੱਲ ਨੇ ਤਾਂ ਵਿਰੋਧਤਾ ਦਾ ਬੀੜਾ ਹੀ ਚੁੱਕ ਲਿਆ। ਮੁਫ਼ਤੀ ਅਲੀ-ਉਦ-ਦੀਨ[1] ਨੇ ਲਿਖਿਆ ਹੈ : ਕਰੋੜੀ ਮੱਲ ਇਹ ਆਖੀ ਫਿਰਦਾ ਸੀ ਕਿ ਇਹ ਅਜੀਬ ਮਹਾਂਪੁਰਸ਼ ਹੈ ਜਿਸ ਨੇ ਹਿੰਦੂ ਮੁਸਲਮਾਨ ਦੋਹਾਂ ਦੇ ਧਰਮਾਂ ਵਿਚ ਹਲਚਲ ਮਚਾ ਦਿੱਤੀ ਹੈ। ਕੱਢ ਦਿਓ ਇਸ ਨੂੰ ਇੱਥੋਂ। ਇਹ ਨਿਸਚਾ ਕਰ ਕੇ ਉਹ ਘੋੜੇ 'ਤੇ ਸਵਾਰ ਹੋਇਆ ਪਰ ਰਾਹ ਵਿਚ ਹੀ ਘੋੜਾ ਬਿਦਕ ਪਿਆ ਤੇ ਕਰੋੜੀ ਮੱਲ ਜ਼ਮੀਨ 'ਤੇ ਡਿੱਗ ਕੇ ਫੱਟੜ ਹੋ ਗਿਆ। ਉਸ ਨੂੰ ਲੋਕਾਂ ਨੇ ਕਿਹਾ ਕਿ ਬਾਬਾ ਜੀ ਨਾਲ ਬੁਰਾਈ ਨਹੀਂ ਕਰਨੀ ਚਾਹੀਦੀ ਅਤੇ ਉਸ ਦੇ ਚਰਨ ਪਕੜ ਲਏ। ਉਸ ਨੇ ਉਹਨਾਂ ਸਾਰਿਆਂ ਨੂੰ ਵੀ ਰੋਕਣਾ ਚਾਹਿਆ, ਜਿਨ੍ਹਾਂ ਜ਼ਮੀਨ ਦਿੱਤੀ ਸੀ ਪਰ ਜਦ ਸਾਰਿਆਂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਟਿਕਣ ਨਾਲ ਦੇਸ਼ ਦੇ ਭਾਗ ਜਾਗ ਪੈਣਗੇ ਤਾਂ ਉਹ ਚੁੱਪ ਹੋਇਆ। ਦਰਸ਼ਨ ਕਰਨ ਲਈ ਆਇਆ ਅਤੇ ਜ਼ਾਹਰੀ ਕਰਾਮਾਤਾਂ ਦੇਖੀਆਂ ਤਾਂ ਆਪ ਵੀ ਉਥੋਂ ਦਾ ਹੀ ਹੋ ਗਿਆ। ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਅਨੁਸਾਰ :

'ਦੇਖ ਕੁਦਰਤ ਕਰਾਮਾਤ ਹੋਇ ਅਧੀਨ ਸਰਨੀ ਪਰਾ।
ਖੁਲੇ ਨੈਨ, ਰੌਸ਼ਨ ਭਏ, ਸਤਿਗੁਰ ਕੋ ਦਰਸ਼ਨ ਕਰਾ' ॥ ੧੧ ॥

ਫਿਰ ਇਹ ਬੇਨਤੀ ਕੀਤੀ ਕਿ ਉਹ ਤਾਂ ਜਾਣੇਗਾ ਕਿ ਉਨ੍ਹਾਂ ਖਿਮਾ ਕੀਤੀ ਹੈ ਜੇ :

'ਸੌ ਬਿਘੇ ਕਾ ਗਾਉਂ ਇਹਾ ਕਰੋ।
ਨਾਨਕ ਚਕ ਨਾਮ ਜਿਸ ਧਰੋ।
ਪ੍ਰਭ ਸ਼ਰਧਾ ਦੇਖ ਮਨਜ਼ੂਰ ਯਹ ਕਰਾ।

ਪਰ ਨਗਰ ਦਾ ਨਾਂ ਆਪਣੇ ਨਾਂ 'ਤੇ ਨ ਰੱਖ ਕੇ :

ਕਰਤਾਰਪੁਰ ਨਾਮ ਚਕ ਕਾ ਧਰਾ।
ਧਰਮਸਾਲ ਹਵੇਲੀ ਤਹਾ ਬਨਾਈ।
ਮਾਤਾ ਜੀ[2] ਕੋ ਲੀਆ ਬੁਲਾਈ' ॥ ੧੪ ॥

ਤਲਵੰਡੀ ਦੀ ਬਹੁਤੀ ਵਸੋਂ ਕਰਤਾਰਪੁਰ ਹੀ ਆ ਗਈ। ਆਪ ਜੀ ਨੇ ਨਿਰੋਲ ਇਕੋ ਅਬਾਦਤ ਖ਼ਾਨਾ (ਧਰਮਸਾਲ) ਬਣਾਇਆ। ਇਕ ਅੰਦਾਜ਼ੇ ਮੁਤਾਬਕ ਕਰਤਾਰਪੁਰ ਦੀ ਵਸੋਂ ਵੀਹ ਹਜ਼ਾਰ ਹੋ ਗਈ। ਕਰਤਾਰਪੁਰ ਤੋਂ ਚਾਰੇ ਪਾਸੇ ਲੋਕਾਂ ਦਾ ਪੁੱਜਣਾ ਸਹਿਲ ਹੋ ਗਿਆ। ਸਭ ਸਿੱਖ ਉਥੇ ਹੀ ਆ ਵੱਸੇ। ਬਲਵੰਡ ਜੀ ਵੀ ਆ ਗਏ[3] ਅਤੇ ਰੋਜ਼ ਕੀਰਤਨ ਹੁੰਦਾ। ਸਾਰੇ ਪਾਸੇ ਖ਼ੁਸ਼ਬੂ ਫੈਲ ਗਈ। ਮਹਿਮਾ ਪ੍ਰਕਾਸ਼ ਅਨੁਸਾਰ :

1. ਇਬਰਤ ਨਾਮਾ ਭਾਗ ਤੀਜਾ, ਅਧਿਆਇ ਪਹਲਾ, ਪੰਨਾ ੧੫੯।
2. ਸੁਲੱਖਣੀ ਜੀ।
3. ਬਲਵੰਡ ਮਰਾਸੀ ਜੰਗਲ ਸੇ ਆਇਆ।
   ਸਦ ਕਰੇ ਭਜਨ ਸਤਿਗੁਰ ਮਨ ਭਾਇਆ।

Sri Satguru Jagjit Singh Ji eLibrary NamdhariElibrary@gmail.com

ਤੋਮਰ ਛੰਦ :

ਕਰੀ ਧਰਮਸਾਲ।
ਸੁੰਦਰ ਬਿਸਾਲ।
ਸਦ ਹੋਤ ਭਜਨ।
ਮਿਲ ਕਰਤ ਸਜਨ॥ ੨॥
ਸਭ ਆਸ ਪਾਸ।
ਮਹਕੀ ਸਬਾਸ।
ਬਾਵਨ[1] ਸੁਭਾਵ।
ਸੰਤਨ ਸੁਭਾਵ॥ ੩॥
ਸਤਿਗੁਰ ਪ੍ਰਤਾਪ।
ਸਭ ਜਪਤ ਜਾਪ।
ਮਹਿਮਾ ਅਮਿਤ।
ਪ੍ਰਕਾਸ਼ ਅਦਿਤ।[2]
ਗੁਰਬਚਨ ਸ਼ਬਦ।
ਪੜੇ ਮਿਟਤ ਅਬਦ।
ਸਭ ਜਗਤ ਜਪਤ।
ਹੋਇ ਭਗਤ ਸਕਤ।

ਉਨ੍ਹਾਂ ਦਾ ਨਵੇਂ ਸ਼ਹਿਰ ਨੂੰ ਕਰਤਾਰਪੁਰ ਦਾ ਨਾਂ ਦੇਣਾ ਵੀ ਆਪਾ ਭਾਵ ਮਿਟਾਉਣਾ ਹੀ ਦਰਸਾਉਂਦਾ ਸੀ। ਮਹਾਨ ਕੋਸ਼ ਦੇ ਲਿਖਣ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਪੱਕੀ ਰਿਹਾਇਸ਼ ਸੰਨ ੧੫੨੨ ਵਿਚ ਉਥੇ ਕਰ ਲਈ। ਇਸ ਸ਼ਹਿਰ ਨੂੰ ਵਸਾਉਣ ਵਿਚ ਜਿੱਥੇ ਅਜਿਤਾ ਜੀ ਨੇ ਮੁੱਢਲਾ ਉੱਦਮ ਕੀਤਾ, ਉੱਥੇ ਪਿੱਛੋਂ ਦੋਦਾ ਜੀ ਤੇ ਕਰੋੜੀ ਮੱਲ ਨੇ ਸਿਰਤੋੜ ਕੋਸ਼ਿਸ਼ ਕੀਤੀ।

ਕਰਤਾਰਪੁਰ ਦੀ ਮਰਯਾਦਾ : ਕਰਤਾਰਪੁਰ ਵਿਚ ਟਿਕ ਕੇ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਨੂੰ ਹੀ ਦ੍ਰਿੜ੍ਹਾਇਆ। ਬਾਣੀ ਰਾਹੀਂ ਹੀ ਚਾਨਣ ਕਰਦੇ ਰਹੇ ਤੇ ਹਨੇਰਾ ਮਿਟਦਾ ਗਿਆ। ਉਥੇ ਦੂਰ-ਦੂਰ ਤੋਂ ਆਤਮਕ ਸੁਖ ਦੇ ਢੂੰਡਾਊ ਆਉਣ ਲੱਗੇ ਤੇ ਚਰਚਾ ਸਦਾ ਹੋਣ ਲੱਗੀਆਂ। ਹਰ ਸਮੇਂ ਸ਼ਬਦ ਦਾ ਹੀ ਵਰਤਾਵਾ ਹੋਣ ਲੱਗਾ। ਸਵੇਰ ਵੇਲੇ ਜਪੁਜੀ ਦਾ ਪਾਠ ਹੁੰਦਾ, ਦਿਹਾੜੀ ਕਿਰਤ ਤੇ ਸ਼ਾਮ ਨੂੰ ਸੋਦਰ ਤੇ ਆਰਤੀ ਗਾਈ ਜਾਂਦੀ। (ਗੁਰੂ ਨਾਨਕ) ਗੁਰਮੁਖਿ ਨੇ ਅਥਰਬਣ ਦਾ ਭਾਰ ਉਤਾਰ ਕੇ ਪਰ੍ਹਾਂ ਸੁੱਟ ਦਿੱਤਾ। ਮਨੁੱਖਤਾ ਹੌਲੀ ਫੁੱਲ ਹੋ ਗਈ। ਕਲਿਜੁਗ ਦਾ ਪ੍ਰਭਾਵ ਮਿਟ ਗਿਆ। ਪਦਾਰਥਾਂ ਤੋਂ ਮਨੁੱਖ ਉੱਚਾ ਹੋ ਗਿਆ। ਅਥਰਬਣ ਕਲਿਜੁਗ ਦਾ ਵੇਦ ਹੈ। ਕਲਿਜੁਗ ਵਿਚ ਲੋਕੀਂ ਪਹਿਲਾਂ ਮੰਤਰਾਂ, ਜਾਦੂ ਟੂਣਿਆਂ ਤੇ ਸੁਖਨਾਵਾਂ ਦਾ ਹੀ ਸਹਾਰਾ ਲੈਂਦੇ ਸਨ, ਹੁਣ ਕੇਵਲ ਸ਼ਬਦ ਦਾ ਸਹਾਰਾ

1. ਚੰਦਨ ਵਰਗਾ।
2. ਸੂਰਜ।

Sri Satguru Jagjit Singh Ji eLibrary NamdhariElibrary@gmail.com

ਲੈਣ ਲੱਗੇ :

ਬਾਣੀ ਮੁਖਹੁ ਉਚਾਰੀਐ, ਹੁਇ ਰੁਸ਼ਨਾਈ ਮਿਟੈ ਅੰਧਿਆਰਾ।
ਗਿਆਨੁ ਗੋਸਟਿ ਚਰਚਾ ਸਦਾ, ਅਨਹਦਿ ਸਬਦ ਉਠੇ ਧੁਨਕਾਰਾ।
ਸੋਦਰ ਆਰਤੀ ਗਾਵੀਐ, ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰ ਅਥਰਬਣਿ ਤਾਰਾ॥ ੩੮॥ ੧॥

ਮੈਕਾਲਫ਼ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਸਾਰੇ ਉਦਾਸੀਆਂ ਵਾਲੇ ਕੱਪੜੇ ਉਤਾਰ ਦਿੱਤੇ ਸਨ ਤੇ ਆਮ ਰਿਵਾਜ ਅਨੁਸਾਰ ਕੱਪੜੇ ਪਾ ਲਏ। ਲੱਕ ਦੁਆਲੇ ਕੱਪੜਾ, ਮੋਢਿਆਂ 'ਤੇ ਚਾਦਰ ਅਤੇ ਸਿਰ 'ਤੇ ਦਸਤਾਰ ਬੰਨ੍ਹ ਲਈ। ਇਸ ਪੋਸ਼ਾਕ ਵਿਚ ਗੁਰੂ ਨਾਨਕ ਦੇਵ ਜੀ ਦੀ ਝਾਲ ਝੱਲੀ ਨਹੀਂ ਸੀ ਜਾਂਦੀ। ਲੋਕੀਂ ਕਹਿੰਦੇ ਕਿ ਗੁਰੂ ਜੀ ਦੀ ਸ਼ੋਭਾ ਦੀ ਗੁੱਡੀ ਆਕਾਸ਼ 'ਤੇ ਚੜ੍ਹੀ ਹੋਈ ਹੈ। ਹਰ ਕੋਈ ਦਰਸ਼ਨ ਕਰਕੇ ਇਹ ਹੀ ਕਹਿੰਦਾ ਸੀ, 'ਧੰਨ ਗੁਰੂ ਨਾਨਕ ਸੰਸਾਰ ਉੱਤੇ ਇਹ ਤਾਂ ਇਕ ਵੱਡਾ ਮਹਾਤਮਾ ਸੰਤਪੁਰਖ ਪ੍ਰਗਟ ਹੋਇਆ ਹੈ।' ਕਵੀ ਸੰਤੋਖ ਸਿੰਘ ਜੀ ਨੇ ਵੀ ਲਿਖਿਆ ਹੈ :

ਭੇਖ ਫ਼ਕੀਰੀ ਤਜਯੋ ਸਰੀਰਾ।
ਸੰਸਾਰੀ ਪਹਰਹਿ ਪੁਨ ਚੀਰਾ।
ਕ੍ਰਿਸ਼ੀ ਕਰਾਵਨ ਲਗੇ ਬਸਾਲਾ।
ਦੇਗ ਚਲਾਵਹਿ ਪਰਮ ਕਿਰਪਾਲਾ।
ਦਰਸ਼ਨ ਕਰਨ ਹੇਤ ਸਿਧ ਆਵਹਿ।
ਕਿਤਕਿ ਰਹਿ ਘਰ ਕਿਤਕ ਸਧਾਵਹਿ।
ਸਵਾ ਜਾਮ ਨਿਸ ਰਹੇ ਸਦਾਈ।
ਹੋਣ ਕੀਰਤ ਸਭ ਸੁਖਦਾਈ।

ਦਿਨ ਨਿਕਲਣ ਤੋਂ ਡੇਢ ਪਹਿਰ ਰਹਿੰਦੇ ਗੁਰੂ ਨਾਨਕ ਦੇਵ ਜੀ ਉੱਠ ਪੈਂਦੇ। ਸੰਗਤਾਂ ਇਸ਼ਨਾਨ ਕਰਕੇ ਧਰਮਸਾਲ ਜੁੜ ਜਾਂਦੀਆਂ। ਜਪੁਜੀ ਦਾ ਪਾਠ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਸੂਰਜ ਨਿਕਲਣ ਦੇ ਪਿੱਛੋਂ ਸਵਾ ਪਹਿਰ ਤੱਕ ਗੁਰਬਾਣੀ ਦਾ ਕੀਰਤਨ ਹੁੰਦਾ ਰਹਿੰਦਾ। ਸ਼ਬਦ ਦੀ ਕਥਾ ਵੀ ਉਸੇ ਸਮੇਂ ਵਿਚ ਹੋ ਜਾਂਦੀ ਸੀ। 'ਗਗਨ ਮੈ ਥਾਲ' ਸਵੇਰੇ ਪੜ੍ਹਿਆ ਜਾਂਦਾ ਸੀ। ਇੰਝ ਲਗਦਾ ਹੈ, ਇਹ ਕਰਤਾਰਪੁਰ ਦਾ ਕੌਮੀ ਤਰਾਨਾ ਸੀ। ਫਿਰ ਸਵੇਰੇ ਦਾ ਪ੍ਰਸ਼ਾਦ ਵਰਤਾਇਆ ਜਾਂਦਾ। ਦਿਹਾੜੀ ਸਭ ਕਿਰਤ ਵਿਚ ਜੁੱਟ ਜਾਂਦੇ। ਗੁਰੂ ਜੀ ਬਹੁਤ ਕਰਕੇ ਖੇਤਾਂ ਨੂੰ ਚਲੇ ਜਾਂਦੇ।

ਤੀਸਰੇ ਪਹਿਰ ਫਿਰ ਸ਼ਬਦ ਕੀਰਤਨ ਹੁੰਦਾ। ਉਸ ਉਪਰੰਤ ਸ਼ਾਮ ਨੂੰ ਸੋਦਰ ਦਾ ਪਾਠ ਹੁੰਦਾ। ਸਾਰੇ ਸਿੱਖ ਇਕੱਠੇ ਹੀ ਪ੍ਰਸ਼ਾਦ ਛਕਦੇ। ਇਕ ਪਹਿਰ ਰਾਤ ਜਦ ਗੁਜ਼ਰ ਜਾਂਦੀ ਤਾਂ ਸਾਰੇ ਸੋਹਿਲਾ ਦਾ ਪਾਠ ਕਰ ਕੇ ਬਿਸ੍ਰਾਮ ਕਰਦੇ।

ਮੁਨਸ਼ੀ ਸੋਹਣ ਲਾਲ ਦਾ ਕਹਿਣਾ ਹੈ ਕਿ ਆਤਮਕ ਸ਼ਾਂਤੀ ਲਈ ਹਰ ਸ਼ਹਿਰ ਤੇ ਹਰ ਪ੍ਰਾਂਤ ਦੇ ਲੋਕੀਂ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੁੰਦੇ ਤੇ ਖ਼ੁਸ਼ੀਆਂ ਪ੍ਰਾਪਤ ਕਰਦੇ। ਆਪ ਜੀ ਦੇ ਦੀਦਾਰ ਸਦਕਾ ਉਨ੍ਹਾਂ ਦੀਆਂ ਅੱਖਾਂ ਵਿਚ ਨੂਰ ਤੇ ਚਮਕ ਆ ਜਾਂਦੀ।

Sri Satguru Jagjit Singh Ji eLibrary NamdhariElibrary@gmail.com

ਕਰਤਾਰਪੁਰ ਵਿਚ ਉਪਦੇਸ਼, ਸਿੱਖਾਂ ਦਾ ਆਉਣਾ : ਉਂਝ ਤਾਂ ਅਨੇਕਾਂ ਹੀ ਲੋਕ ਕਰਤਾਰਪੁਰ ਪੁੱਜਦੇ ਤੇ ਗੁਰੂ ਜੀ ਪਾਸ ਟਿਕ ਕੇ ਮਨ ਦੇ ਸ਼ੰਕੇ ਨਿਵਾਰਦੇ, ਪਰ ਭਾਈ ਗੁਰਦਾਸ ਜੀ ਨੇ ਕੇਵਲ ਵੀਹ ਹੀ ਸਿੱਖਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਜੀਵਨ ਪਦਵੀ ਪਾਈ। ਸਭ ਤੋਂ ਪਹਿਲੀ ਥਾਂ ਉਨ੍ਹਾਂ ਭਾਈ ਤਾਰੂ ਨੂੰ ਦਿੱਤੀ ਹੈ। ਤਾਰੂ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ :

'ਤਾਰੂ ਤੂੰ ਕੁਲ ਤਾਰੂ ਹੋਵੇਂਗਾ। ਧਰਮ ਦੀ ਕਿਰਤ ਕਰਕੇ ਵੰਡ ਖਾਵਣਾ, ਦੁੱਖ ਵੰਡਿ ਆਉਣਾ। ਸਵਾਸ-ਸਵਾਸ ਵਾਹਿਗੁਰੂ ਜਪਣਾ। ਰਿਦਾ ਸ਼ੁੱਧ ਰੱਖਣਾ।' ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਭਾਈ ਤਾਰੂ ਇਸ ਤਰ੍ਹਾਂ ਹੀ ਵਰਤੇ ਤੇ ਧਰਮ ਦੀ ਕ੍ਰਿਤ ਕਰੇ, ਭਜਨ ਕਰੇ ਤੇ ਆਇਆਂ ਸਿੱਖਾਂ ਦੀ ਸੇਵਾ ਕਰੇ ਤੇ ਤੁਰਨ ਤਾਂ ਨਾਲ ਜਾਇ ਕੇ ਪਹੁੰਚਾਇ ਆਵੇ। ਕਿਸੇ ਦਾ ਦਰਦ ਤੇ ਦੁੱਖ ਦੇਖ ਕੇ ਆਪੂੰ ਤੜਫ਼ੇ। ਲਾਹੌਰ ਵਿਚ ਜਦ ਅੱਗ ਲੱਗੀ ਤੇ ਸ਼ਹਿਰ ਸੜਨ ਲੱਗਾ ਤਾਂ ਭਾਈ ਤਾਰੂ ਜੀ ਨੇ ਘਰੋਂ ਬਾਲਟੀ ਉਠਾ ਲਈ ਤੇ ਖੂਹ ਤੋਂ ਪਾਣੀ ਭਰ ਕੇ ਅੱਗ ਬੁਝਾਉਣ ਲਈ ਟੁਰ ਪਏ। ਨਾਲ ਦਿਆਂ ਕਿਹਾ : 'ਭਾਈ ਜੀ ਇੰਨੀ ਭਿਆਨਕ ਅੱਗ ਤੁਹਾਡੀ ਇਕ ਬਾਲਟੀ ਨਾਲ ਨਹੀਂ ਬੁੱਝਣ ਲੱਗੀ, ਇਹ ਉੱਦਮ ਨਿਸਫਲ ਜਾਏਗਾ।' ਪਰਉਪਕਾਰੀ ਭਾਈ ਤਾਰੂ ਜੀ ਨੇ ਕਿਹਾ ਕਿ ਮੈਨੂੰ ਇਸ ਨਾਲ ਕੋਈ ਸਰੋਕਾਰ ਨਹੀਂ ਕਿ ਮੇਰੀ ਪਾਈ ਬਾਲਟੀ ਨਾਲ ਅੱਗ ਬੁੱਝਦੀ ਹੈ ਜਾਂ ਨਹੀਂ ਪਰ ਗੁਰੂ ਨਾਨਕ ਦਾ ਸਿੱਖ ਅੱਗ ਲੱਗੀ ਦੇਖ ਚੁੱਪ ਕਰ ਕੇ ਆਰਾਮ ਨਾਲ ਨਹੀਂ ਬੈਠ ਸਕਦਾ। ਭਾਈ ਤਾਰੂ ਜੀ ਫਾਇਰ ਬਰਗੇਡ ਦੇ ਬਾਨੀ ਕਹੇ ਜਾ ਸਕਦੇ ਹਨ।

ਭਾਈ ਗੁਰਦਾਸ ਜੀ ਨੇ ਦੂਜੇ ਸਿੱਖ ਦਾ ਨਾਂ ਭਾਈ ਮੂਲਾ ਕੀੜ ਲਿਖਿਆ ਹੈ :

'ਮੂਲਾ ਕੀੜ ਵਖਾਣੀਐ ਚਲਿਤੁ ਅਚਰਜ ਲੁਭਤਿ ਗੁਰਦਾਸੀ।'

ਕੀੜ ਜਾਤੀ ਦਾ ਮੂਲਾ ਸੀ, ਜਿਸ ਦੇ ਕਈ ਕੰਮ ਅਚਰਜ ਸਨ ਤੇ ਗੁਰੂ ਦੇ ਦਾਸਾਂ ਦਾ ਦਾਸ ਹੋ ਕੇ ਰਹਿੰਦਾ ਸੀ। ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸੰਜਮੀ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੱਤਾ। ਉਸ ਨੇ ਸੇਵਾ ਦੀ ਹੱਦ ਦੱਸ ਦਿੱਤੀ। ਇਕ ਵਾਰੀ ਉਸ ਦੇ ਘਰ ਇਕ ਬਹੁਰੂਪੀਆ ਆਇਆ ਜਿਸ ਗੁਰੂ ਨਾਨਕ ਦੇਵ ਜੀ ਦੀ ਬਾਣੀ ਕੰਠ ਕੀਤੀ ਹੋਈ ਸੀ। ਭਾਈ ਜੀ ਸ਼ਬਦ ਸੁਣ ਕੇ, ਉਸ ਬਹੁਰੂਪੀਏ ਨੂੰ ਰਾਤੀਂ ਬਿਸ੍ਰਾਮ ਕਰਨ ਲਈ ਘਰ ਲੈ ਗਿਆ ਪਰ ਜਦ ਉਹ ਰਾਤੀਂ ਉਸ ਦੀ ਘਰਵਾਲੀ ਦੇ ਗਹਿਣੇ ਹੀ ਚੁੱਕ ਕੇ ਲੈ ਚੱਲਿਆ ਤਾਂ ਭਾਈ ਮੂਲਾ ਜੀ ਨੂੰ ਭਾਵੇਂ ਉਸ ਦੀ ਕਰਤੂਤ ਦਾ ਪਤਾ ਲੱਗ ਗਿਆ ਸੀ ਪਰ ਕਿਹਾ ਕੁਝ ਨਾ। ਘਰਵਾਲੀ ਨੂੰ ਹੋਰ ਗਹਿਣੇ ਘੜਵਾ ਦਿੱਤੇ ਪਰ ਸ਼ਬਦ ਦਾ ਨਿਰਾਦਰ ਨਾ ਹੋਣ ਦਿੱਤਾ। ਉਸ ਬਹੁਰੂਪੀਏ ਦੇ ਜੀਵਨ ਵਿਚ ਵੀ ਪਲਟਾ ਆਇਆ।

ਤੀਜੇ ਤੇ ਚੌਥੇ ਸਿੱਖ ਦਾ ਨਾਂ ਭਾਈ ਪ੍ਰਿਥਾ ਤੇ ਖੇਡਾ ਲਿਖਿਆ ਹੈ। ਉਹ ਸੋਇਨੀ ਜਾਤ ਦੇ ਸਨ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਸ਼ਰਨ ਲੈ ਕੇ ਸ਼ਾਂਤ ਸੁਖ ਦੇ ਨਿਵਾਸੀ ਹੋਏ :

'ਪਿਰਥਾ ਖੇਡਾ ਸੋਇਨੀ ਚਰਣ ਸਰਣ ਸੁਖ ਸਹਿਜ ਨਿਵਾਸੀ।'

ਭਾਈ ਮਨੀ ਸਿੰਘ ਅਨੁਸਾਰ ਪ੍ਰਿਥਾ ਤੇ ਖੇਡਾ ਸੋਇਨੀ ਜਾਤ ਦੇ ਖੱਤਰੀ ਹੈਸਨਿ,

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਦੇ ਦਰਸ਼ਨ ਨੂੰ ਕਰਤਾਰਪੁਰ ਆਏ। ਅੱਗੇ ਬਾਣੀ ਦਾ ਵੀਚਾਰ ਹੁੰਦਾ ਸੀ। ਬਾਣੀ ਸੁਣਦੇ ਸਾਰ ਮਨ ਇਕਾਗਰ ਹੋਇ ਗਿਆ। ਉਨ੍ਹਾਂ ਗੁਰੂ ਨਾਨਕ ਪਾਸ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਚਰਨਾਂ ਦੀ ਸ਼ਰਨ ਰੱਖੀਏ ਤੇ 'ਇਹ ਦਾਨ ਦਿਚੈ ਜੁ ਜੁਗਤ ਨੂੰ ਆਸਾਰ ਜਾਣ ਕੇ ਅਸੀਂ ਮੰਗੀਏ ਕੁਝ ਨਾ। ਤੇਰਾ ਹੁਕਮ ਮਿਠਾ ਲਾਗੈ।' ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ :

ਅਸਾਡੇ ਚਰਨ ਸਦਾ ਸਾਧ ਸੰਗਤ ਵਿਚ ਰਹਿੰਦੇ ਹਨ। ਤੁਸਾਂ ਸੇਵਾ ਕਰਨੀ ਤੇ ਧਰਮਸਾਲਾ ਦੋਇ ਵੇਲੇ ਟੁਰ ਜਾਵਣਾ। ਧਰਮ ਦੀ ਕ੍ਰਿਤ ਕਰਕੇ ਅਥਿਤੀ ਸਿੱਖਾਂ ਨਾਲ ਵੰਡ ਕੇ ਖਾਵਣਾ। ਇਸ ਤਰ੍ਹਾਂ ਸਦਾ ਚਰਨਾਂ ਦੀ ਸ਼ਰਨ ਹੋ ਜਾਵੋਗੇ, ਸਰੀਰ ਸਰਗੁਣ ਹੈ ਤੇ ਸ਼ਬਦ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ। ਕੈਸੀ ਕਮਾਲ ਦੀ ਗੱਲ ਕਹੀ, ਗੁਰੂ ਪਾਤਸ਼ਾਹ ਨੇ ਕਿ, 'ਸਰੀਰ ਨਾਲ ਮਿਲੋਗੇ ਤਾਂ ਫਿਰ ਵੀ ਵਿਛੜੋਗੇ ਤੇ ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ।'

ਭਾਈ ਗੁਰਦਾਸ ਜੀ ਨੇ ਜਿਸ ਪੰਜਵੇਂ ਸਿੱਖ ਦਾ ਜ਼ਿਕਰ ਕੀਤਾ ਹੈ ਉਹ ਹਨ ਭਾਈ ਮਰਦਾਨਾ ਜੀ ਜਿਨ੍ਹਾਂ ਦੀ ਰਬਾਬ ਵਿਚੋਂ ਨਿਕਲੀ ਹਰ ਸੁਰ ਸ਼ਬਦ ਨਾਲ ਮਿਲ ਕਰਾਮਾਤ ਕਰਦੀ ਰਹੀ। ਰਹਿਮਤ ਨਾਲ 'ਦਾਨਾ', ਮਰਦਾਨਾ ਬਣਿਆ।[1]

ਇਥੇ ਇੰਨਾ ਹੀ ਲਿਖਣਾ ਕਾਫ਼ੀ ਹੈ ਕਿ ਇਕੋ ਮਰਦਾਨਾ ਜੀ ਹਨ ਜਿਨ੍ਹਾਂ ਨੂੰ ਇਹ ਅਧਿਕਾਰ ਵੀ ਮਿਲਿਆ ਹੈ ਕਿ ਉਹ ਸ਼ਬਦ ਵਿਚ ਨਾਨਕ ਛਾਪ ਵੀ ਵਰਤ ਲੈਣ। ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ : ਮਰਦਾਨਿਆਂ ਜਿੱਥੇ ਮੇਰਾ ਵਾਸਾ, ਉਥੇ ਤੇਰਾ ਵਾਸਾ।

ਮੁਨਸ਼ੀ ਸੁਜਾਨ ਰਾਇ ਨੇ ਖ਼ੁਲਾਸਤ-ਉਤ-ਤਵਾਰੀਖ਼ ਵਿਚ ਵੀ ਜ਼ਿਕਰ ਕੀਤਾ ਹੈ ਕਿ ਮਰਦਾਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਸੋਜ਼ ਤੇ ਦਿਲ-ਖਿੱਚਵੇਂ ਢੰਗ ਨਾਲ ਗਾਉਂਦਾ ਸੀ ਕਿ ਪੰਛੀ ਵੀ ਰੁਕ ਜਾਣ। ਮੁਨਸ਼ੀ ਸੋਹਣ ਲਾਲ ਨੇ ਵੀ ਲਿਖਿਆ ਹੈ ਕਿ ਜਦ ਉਹ ਬਾਣੀ ਗਾਉਂਦਾ ਤਾਂ ਉਸ ਦਾ ਚਿਹਰਾ ਜਗਮਗਾ ਉੱਠਦਾ।

ਛੇਵਾਂ ਤੇ ਸਤਵਾਂ ਨਾਮ ਭਾਈ ਗੁਰਦਾਸ ਜੀ ਦੀ ਸੂਚੀ ਵਿਚ ਭਾਈ ਪ੍ਰਿਥੀ ਮੱਲ ਤੇ ਰਾਮਾ ਡਿਡੀ ਦਾ ਹੈ। 'ਪ੍ਰਿਥੀ ਮਲੁ ਸਹਗੁਲ ਭਲਾ, ਰਾਮਾ ਡਿਡੀ ਭਗਤ ਅਭਿਆਸੀ।' ਇਹ ਦੋਵੇਂ ਗੁਰੂ ਨਾਨਕ ਦੇਵ ਜੀ ਪਾਸ ਆਏ ਤੇ ਕਹਿਣ ਲੱਗੇ : 'ਅਜਿਹਾ ਸੁਖਾਲਾ ਰਾਹ ਦੱਸੋ ਜੋ ਅਸੀਂ ਬਿਸ਼ਨ (ਪ੍ਰਭੂ) ਨਾਲ ਇਕ ਰੂਪ ਹੋਈਐ।' ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ :

'ਤਪਾਂ ਨਾਲ ਨਿਹਕਾਮ ਨਹੀਂ ਹੁੰਦਾ। ਰਿਦਾ ਸ਼ੁੱਧ ਨਹੀਂ ਹੁੰਦਾ। ਲੋੜ ਹੈ ਅੱਖਾਂ, ਕੰਨਾਂ, ਹੱਥਾਂ, ਪੈਰਾਂ 'ਤੇ ਕਾਬੂ ਪਾਉਣ ਦੀ। ਅੱਖਾਂ ਨੂੰ ਰੂਪ ਵਲੋਂ ਹਟਾਉਣਾ, ਕੰਨਾਂ ਨੂੰ ਨਿੰਦਿਆ ਉਸਤਤਿ ਵਲੋਂ ਹਟਾਵਣਾ, ਹੱਥ ਨੂੰ ਚੋਰੀ ਯਾਰੀ ਵਲੋਂ ਵਰਜਣਾ, ਪੈਰਾਂ ਨੂੰ ਬੁਰੇ ਕੰਮ ਤੇ ਕੁਸੰਗ ਵਲੋਂ ਪਿੱਛੇ ਕਰਨਾ, ਅੱਖੀਆਂ ਨੂੰ ਬਾਣੀ ਪੜ੍ਹਨ ਲਈ ਲਗਾਉਣਾ, ਰਸਨਾ

1. ਵਿਸਥਾਰ ਲਈ ਦੇਖੋ ਮੇਰੀ ਹੀ ਰਚਿਤ 'ਪੁਰਾਤਨ ਇਤਿਹਾਸਕ ਜੀਵਨੀਆਂ'।

Sri Satguru Jagjit Singh Ji eLibrary NamdhariElibrary@gmail.com

ਨੂੰ ਸਿਫ਼ਤ ਸਾਲਾਹ ਦੀ ਪੁੱਠ ਦੇਣੀ, ਹੱਥਾਂ ਨੂੰ ਦਾਨ ਨਾਲ ਜੋੜ ਦੇਣਾ, ਪੈਰਾਂ ਨੂੰ ਨਿੱਤ ਗੁਰਦੁਆਰੇ ਲੈ ਜਾਣਾ। ਮਨ ਨੂੰ ਬਾਰੰਬਾਰ ਹਟਾਇ ਕੈ ਨਾਮ ਵੱਲ ਮੋੜਨਾ। ਥੱਕ ਨਹੀਂ ਜਾਣਾ ਕਿ ਮਨ ਤਾਂ ਜੁੜਦਾ ਨਹੀਂ। ਮਨ ਥੱਕ ਜਾਏਗਾ।' ਉਦਾਹਰਨ ਦਿੰਦੇ ਪਾਤਸ਼ਾਹ ਨੇ ਕਿਹਾ, 'ਘੋੜੇ ਨੂੰ ਮਸਾਲਾ ਖੁਆਉਣਾ ਹੁੰਦਾ ਹੈ ਤਾਂ ਸੁੱਟ ਘੱਤਦਾ ਹੈ, ਪਰ ਜੇ ਖੁਆਲਣ ਵਾਲਾ ਮੂੰਹ ਵਿਚ ਹੱਥ ਪਾਈ ਰੱਖਦਾ ਹੈ ਤਾਂ ਘੋੜਾ ਥੱਕ ਕੇ ਮਸਾਲਾ ਖਾ ਲੈਂਦਾ ਹੈ। ਮਨ ਨੂੰ ਸਦਾ ਵਾਸ਼ਨਾ ਵਲੋਂ ਹਟਾ ਕੇ ਸ਼ਬਦ ਨਾਲ ਜੋੜਨਾ ਹੀ ਅਸਲ ਅਭਿਆਸ ਹੈ। ਜਿਸ ਵੇਲੇ ਸ਼ਬਦ ਮਨ ਵਿਚ ਸਮਝ ਦੇਵੇਗਾ ਤਾਂ ਸ਼ਾਂਤੀ ਮਿਲ ਜਾਵੇਗੀ।' ਉਨ੍ਹਾਂ ਗੁਰੂ ਦਾ ਉਪਦੇਸ਼ ਐਸਾ ਪੱਲੇ ਬੰਨ੍ਹਿਆ ਕਿ ਜਿੱਥੇ ਵੀ ਸਾਧ ਸੰਗਤ ਹੋਵੈ ਤਿਥੇ ਤੁਰ ਜਾਵਨਿ। ਨਾਲ ਟਹਲ ਕਰਨੀ, ਸਾਥ ਹੀ ਸ਼ਬਦ ਦਾ ਅਭਿਆਸ ਕਰਨਾ।

ਸਿੱਖਾਂ ਦੀ ਸੂਚੀ ਵਿਚ ਅਗਲਾ ਨਾਂ ਦੌਲਤ ਖ਼ਾਨ ਦਾ ਆਉਂਦਾ ਹੈ। ਭਾਈ ਗੁਰਦਾਸ ਜੀ ਦੀ ਵਾਰ ਬਾਰ੍ਹਵੀਂ, ਪਉੜੀ ਤੇਰ੍ਹਵੀਂ ਦੇ ਸ਼ਬਦ ਹਨ :

'ਦਉਲਤ ਖਾਂ ਲੋਦੀ, ਭਲਾ ਹੋਇਆ ਜਿੰਦ ਪੀਰੁ ਅਬਿਨਾਸੀ।'

ਦੌਲਤ ਖ਼ਾਨ[1] ਨੂੰ ਜੀਵਨ ਮੁਕਤ ਮਿਲ ਗਈ ਤੇ ਉਸ ਦੀ ਸੋਭਾ ਫੈਲੀ। ਨਾਵੀਂ ਤੇ ਦਸਵੀਂ ਥਾਂ ਭਾਈ ਗੁਰਦਾਸ ਜੀ ਨੇ ਭਾਈ ਮਾਲੋ ਤੇ ਮਾਂਗਾ ਜੀ ਨੂੰ ਦਿੱਤੀ ਹੈ। ਮਾਲੋ ਜੀ ਤੇ ਮਾਂਗਾ ਜੀ ਨਾਂ ਦੇ ਸਿੱਖ ਗੁਰਬਾਣੀ ਰਸ ਦੇ ਰਸਿਕ ਹੋ ਕੇ ਮਗਨ ਰਹਿੰਦੇ ਰਹੇ।

'ਮਾਲੋ ਮਾਂਗਾ ਸਿੱਖ ਦੁਇ, ਗੁਰਬਾਣੀ ਰਸਿ ਰਸਿਕ ਬਿਲਾਸੀ।'

ਇਹ ਦੋਵੇਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਆਏ। ਉਹਨਾਂ ਨੂੰ ਉਪਦੇਸ਼ ਦਿੰਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ : 'ਇੰਦਰੀਆਂ ਤੇ ਮਨ ਨੂੰ ਇਕਾਗਰ ਕਰਨਾ ਤੇ ਕਥਾ ਕੀਰਤਨ ਰੁਚੀ ਨਾਲ ਗਾਵਣਾ ਸੁਣਨਾ। ਇਹ ਕਰਮ ਦੇਖਣ ਨੂੰ ਛੋਟੇ ਹਨ ਪਰ ਫਲ ਬਹੁਤ ਹੈ। ਜਿਵੇਂ ਲੱਕੜਹਾਰੇ ਤੇ ਪਾਂਡੀ ਲੱਕੜਾਂ ਲਿਆਂਦੇ ਤੇ ਪੰਡਾਂ ਚੁੱਕਦੇ ਹਨ ਪਰ ਫਲ ਥੋੜ੍ਹਾ ਹੈ। ਜੌਹਰੀ ਮੋਤੀ ਹੀਰੇ ਦਾ ਸੌਦਾ ਕਰਦੇ ਹਨ ਪਰ ਸੁਖ ਨਾਲ ਬੈਠੇ ਰਹਿੰਦੇ ਹਨ। ਨਫ਼ਾ ਬਹੁਤ ਹੁੰਦਾ ਹੈ। ਬਾਕੀ ਸਾਰੇ ਤਪ ਸਰੀਰ ਤੇ ਕਸ਼ਟ ਦੇਣੇ ਹਨ। ਕਥਾ ਕੀਰਤਨ ਦੇ ਪੜ੍ਹਨ ਸੁਣਨ ਨਾਲ ਇਕ ਤਾਂ ਉਪਾਸ਼ਨਾ ਦ੍ਰਿੜ੍ਹ ਹੁੰਦੀ ਹੈ। ਪਿੱਛੋਂ ਉਸ ਦੇ ਵਿਚੋਂ ਗਿਆਨ ਪ੍ਰਾਪਤ ਹੁੰਦਾ ਹੈ।' ਭਾਈ ਮਾਲੋ ਗੁਰਬਾਣੀ, ਪੋਥੀ ਦੀ ਕਥਾ ਬੜੇ ਸੁੰਦਰ ਢੰਗ ਨਾਲ ਕਰਦੇ ਤੇ ਉਨ੍ਹਾਂ ਦੀ ਰਸਨਾ ਤੋਂ ਸਭ ਨੂੰ ਐਸਾ ਸੁਆਦ ਆਵੇ ਕਿ ਜੋ ਕੋਈ ਪਾਪਾਂ ਦਾ ਤਿਆਗ ਕਰੇ। ਦੋਵੇਂ ਧਰਮ ਦੀ ਕਿਰਤ ਕਰਕੇ ਵੰਡ ਖਾਵਣ।

ਭਾਈ ਗੁਰਦਾਸ ਜੀ ਦੀ ਅਗਲੀ ਤੁਕ ਵਿਚ ਆਂਵਦਾ ਹੈ ਕਿ 'ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਾਹ ਸਾਬਾਸੀ।' ਭਾਵ ਕਾਲੂ ਖੱਤਰੀ ਅਸੀਸ ਲੈ ਕੇ ਸਨਮੁਖ ਹੋਇਆ ਤੇ ਗੁਰਬਾਣੀ ਦੀ ਬਖ਼ਸ਼ਸ਼ ਨਾਲ ਦਰਗਾਹ ਵਿਚ ਸ਼ਾਬਾਸ਼ ਲਈ।

ਭਾਈ ਕਾਲੂ ਜੀ ਨੇ ਪੁੱਛਿਆ : ਮਹਾਰਾਜ ! ਸਨਮੁਖ ਤੇ ਮਨਮੁਖ ਦਾ ਅੰਤਰ ਸਮਝਾਵੋ। ਤਾਂ ਬਚਨ ਹੋਇਆ : ਜੋ ਪਾਪਾਂ ਨੂੰ ਪਿੱਠ ਦਿੰਦੇ ਹੈਨਿ ਤੇ ਪੁੰਨਾਂ ਦੇ ਸਾਹਮਣੇ ਹੁੰਦੇ ਹਨ

1. 'ਸੁਲਤਾਨਪੁਰ ਵਿਚ' ਦੇ ਅਧਿਆਇ ਤੀਜੇ ਵਿਚ ਦੌਲਤ ਖ਼ਾਨ ਬਾਰੇ ਸਵਿਸਥਾਰ ਪੜ੍ਹੋ।

Sri Satguru Jagjit Singh Ji eLibrary NamdhariElibrary@gmail.com

ਸੋ ਸਨਮੁਖ ਹੈਨਿ। ਫਿਰ ਵਿਆਖਿਆ ਕਰਦੇ ਮਹਾਰਾਜ ਨੇ ਕਿਹਾ ਸਨਮੁਖਾਂ ਦੀਆਂ ਖ਼ਾਹਿਸ਼ਾਂ ਪਾਵਨ ਤੇ ਨੇਕ ਹੁੰਦੀਆਂ ਹਨ। ਦੂਜੇ, ਉਹ ਹੋਰਨਾਂ ਦੀ ਉਪਮਾ ਸੁਣ ਕੇ ਪ੍ਰਸੰਨ ਹੁੰਦੇ ਹਨ। ਤੀਜੇ, ਉਹ ਸੇਵਾ ਕਰ ਕੇ ਖ਼ੁਸ਼ ਹੁੰਦੇ ਹਨ। ਚੌਥੇ, ਜਿਹੜੇ ਉਨ੍ਹਾਂ ਨੂੰ ਵਿੱਦਿਆ ਅਤੇ ਨੇਕ ਸਲਾਹ ਦੇ ਸਕਦੇ ਹਨ, ਉਨ੍ਹਾਂ ਦਾ ਮਾਣ ਕਰਦੇ ਹਨ। ਪੰਜਵੇਂ, ਜਿਵੇਂ ਕੁਝ ਸਮੇਂ ਬਾਅਦ ਫਿਰ ਰੋਟੀ ਖਾਣ ਦੀ ਲਾਲਸਾ ਤੇ ਨਸ਼ੇ ਦੀ ਤੋਟ ਮਹਿਸੂਸ ਹੁੰਦੀ ਹੈ, ਇਸ ਤਰ੍ਹਾਂ ਸਨਮੁਖਾਂ ਨੂੰ ਗੁਰਬਾਣੀ ਤੇ ਬ੍ਰਹਮ ਗਿਆਨ ਦੀ ਲਾਲਸਾ ਹੁੰਦੀ ਹੈ। ਛੇਵੇਂ ਸਨਮੁਖ ਨਿਜ-ਨਾਰੀ ਨਾਲ ਸਨੇਹ ਕਰਦੇ ਹਨ ਅਤੇ ਪਰ-ਇਸਤਰੀ ਦਾ ਤਿਆਗ ਕਰਦੇ ਹਨ। ਸਤਵੇਂ, ਜਿਨ੍ਹਾਂ ਗੱਲਾਂ 'ਤੇ ਝਗੜੇ ਉਤਪੰਨ ਹੋਣ ਦਾ ਡਰ ਹੋਵੇ ਉਨ੍ਹਾਂ ਤੋਂ ਲਾਂਭੇ ਰਹਿੰਦੇ ਹਨ। ਅੱਠਵੇਂ, ਸਨਮੁਖ ਉਨ੍ਹਾਂ ਦੀ ਸੇਵਾ ਕਰਦੇ ਹੈਨ, ਜੋ ਭਗਤੀ ਵਿਚ ਉੱਚੇ ਹੈਨਿ। ਨੌਵੇਂ, ਸਨਮੁਖ ਭਾਵੇਂ ਉੱਚੀ ਥਾਂ ਬੈਠੇ ਹੋਣ ਤਾਂ ਵੀ ਅਭਿਮਾਨੀ ਨਹੀਂ ਹੁੰਦੇ, ਦੂਜਿਆਂ 'ਤੇ ਧੱਕਾ ਨਹੀਂ ਕਰਦੇ। ਦਸਵੇਂ, ਸਨਮੁਖ ਖੋਟੀ ਸੰਗਤ ਨੂੰ ਛੱਡ ਕੇ ਸੰਤਾਂ ਦੀ ਸੰਗਤ ਕਰਦੇ ਹਨ। ਭਾਈ ਕਾਲੂ ਨੇ ਸਾਰੀ ਸਿੱਖਿਆ ਪੱਲੇ ਬੰਨ੍ਹ ਲਈ ਤੇ ਇਸੇ ਪ੍ਰਕਾਰ ਵਰਤਣ ਲੱਗਾ।

ਫਿਰ ਅਗਲੀ ਪਉੜੀ ਵਿਚ ਭਾਈ ਗੁਰਦਾਸ ਜੀ ਨੇ ਬਾਰ੍ਹਵੀਂ ਤੇ ਤੇਰ੍ਹਵੀਂ ਥਾਂ ਓਹਰੀ ਜਾਤ ਦੇ ਭਾਈ ਭਗਤਾ ਜਾਪੂ ਤੇ ਵੰਸੀ ਨੂੰ ਦਿੱਤੀ ਹੈ :

'ਭਗਤੁ ਜੋ ਭਗਤਾ ਓਹਰੀ ਜਾਪੂ, ਵੰਸ ਸੇਵ ਕਮਾਵੈ।'

ਇਹ ਦੋਵੇਂ ਹੀ ਗੁਰੂ ਨਾਨਕ ਦੇਵ ਜੀ ਪਾਸ ਆਏ ਤੇ ਅਰਦਾਸ ਕੀਤੀ, ਮਹਾਰਾਜ ਜਿਹੜੇ ਅਧਿਕਾਰੀ ਹੈਨਿ ਉਨ੍ਹਾਂ ਦਾ ਤਾਂ ਵਿੱਦਿਆ ਕਰਕੇ, ਗਿਆਨ ਕਰਕੇ ਉਧਾਰ ਹੋਇਆ ਪਰ ਅਸੀਂ ਪੜ੍ਹ ਸੁਣ ਕੁਝ ਨਹੀਂ ਜਾਣਦੇ ਅਸਾਡਾ ਉਧਾਰੁ ਕਿਵੇਂ ਕਰ ਹੋਵੇ? ਬਚਨ ਹੋਇਆ ਜੋ ਤੁਸਾਂ ਮਨਮੁਖਾਂ ਦੇ ਕਰਮਾਂ ਦਾ ਤਿਆਗ ਕਰੋ ਤੇ ਸਿੱਖਾਂ ਦੀ ਟਹਿਲ ਕਰੋ, ਤਾਂ ਤੁਹਾਡਾ ਵੀ ਕਲਿਆਣ ਹੋਵੇਗਾ। ਜਦ ਉਨ੍ਹਾਂ ਮਨਮੁਖਾਂ ਦੇ ਕਰਮ ਪੁੱਛੇ ਤਾਂ ਬਾਬਾ ਬੋਲਿਆ ਚਾਰ ਸਾਖੀਆਂ ਮਨਮੁਖਾਂ ਦੀਆਂ ਹੈਨਿ। ਪ੍ਰਥਮੇ ਈਰਖਾ, ਇਹ ਖ਼ਾਹਿਸ਼ ਕਰਨੀ ਕਿ ਦੁਨੀਆਂ ਦਾ ਸਾਰਾ ਧਨ ਅਤੇ ਸਾਰੇ ਸੁਖ ਦੂਜਿਆਂ ਨੂੰ ਨਾ ਮਿਲ ਕੇ ਮੈਨੂੰ ਮਿਲ ਜਾਣ। ਦੂਜਿਆਂ ਦੀ ਜਾਇਦਾਦ, ਸੋਹਣੇ ਮਕਾਨਾਂ ਨੂੰ ਵੇਖ ਕੇ ਦਿਲ ਵਿਚ ਸੜਨਾ ਤੇ ਦੁੱਖ ਮਨਾਉਣਾ। ਸਭ ਨੂੰ ਆਪਣਾ ਵੈਰੀ ਸਮਝਣਾ ਅਤੇ ਕਿਸੇ ਨਾਲ ਨੇਕੀ ਨਾ ਕਰਨੀ। ਸਦਾ ਬੁਰਾਈ ਕੱਢਣੀ। ਦੂਜੇ ਅਕੜਨਾ ਆਕੜਨੀ ਹਉਮੈ ਕਰਨੀ ਮਨਮੁਖ ਦੀ ਨਿਸ਼ਾਨੀ ਹੈ। ਮਨਮੁਖ ਹੰਕਾਰੀ ਅਤੇ ਨਿਰਦਈ ਹੁੰਦਾ ਹੈ। ਜਦ ਮਨਮੁਖ ਦੇਖਦਾ ਹੈ ਕਿ ਕੋਈ ਆਦਮੀ ਉਸ ਨਾਲੋਂ ਘੱਟ ਸਮਝ ਰੱਖਦਾ ਹੈ ਤਾਂ ਉਸ ਨੂੰ ਸਮਝਾਉਂਦਾ ਨਹੀਂ, ਸਗੋਂ ਉਸ 'ਤੇ ਹੱਸਦਾ ਤੇ ਉਸ ਨਾਲ ਘ੍ਰਿਣਾ ਨਾਲ ਵਰਤਾਉ ਕਰਦਾ ਹੈ ਤੇ ਕਹਿੰਦਾ ਹੈ 'ਉਹ ਮੇਰੀ ਉੱਚੀ ਅਕਲ ਦੇ ਬਰਾਬਰ ਦਾ ਨਹੀਂ।'

ਤੀਜੇ, ਮਨਮੁਖ ਦਾ ਸੁਭਾਉ ਨਿੰਦਾ ਹੈ। ਜੇ ਕਦੇ ਕੋਈ ਆਦਮੀ ਆਪਣੇ ਤੋਂ ਵੱਡੇ ਦੀ ਉਪਮਾ ਕਰੇ ਤਾਂ ਮਨਮੁਖ ਨਹੀਂ ਸਹਾਰ ਸਕਦਾ, ਸਗੋਂ ਕ੍ਰੋਧ ਵਿਚ ਆ ਕੇ ਆਖਦਾ ਹੈ : 'ਜੀ ਹਾਂ, ਮੈਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ।' ਚੌਥੇ, ਮਨਮੁਖ ਦਾ ਲੱਛਣ ਹੈ ਹਠ ਬ੍ਰਿਤ। ਕੋਈ ਉਪਦੇਸ਼ ਮਨਮੁਖ ਨੂੰ ਦੇਵੋ ਤਾਂ ਉਹ ਸੁਣੇਗਾ ਹੀ ਨਹੀਂ। ਇਹ ਮੰਦ

ਕਰਮ, ਈਰਖਾ, ਹੰਕਾਰ, ਨਿੰਦਾ, ਹਠ ਧਰਮ ਮਨਮੁਖ ਵਿਚ ਹੁੰਦੇ ਹਨ। ਇਨ੍ਹਾਂ ਬੁਰਿਆਈਆਂ ਨੂੰ ਇਸ ਤਰ੍ਹਾਂ ਤਿਆਗ ਦੇਵੋ ਜਿਵੇਂ ਪਤਝੜ ਦੀ ਰੁੱਤ ਵਿਚ ਬ੍ਰਿਛ ਆਪਣੇ ਪੱਤਿਆਂ ਨੂੰ ਤਿਆਗ ਦੇਂਦੇ ਹਨ।

ਚੌਦ੍ਹਵੀਂ ਤੇ ਪੰਦਰ੍ਹਵੀਂ ਥਾਂ ਭਾਈ ਗੁਰਦਾਸ ਜੀ ਨੇ ਸੀਹਾਂ ਤੇ ਗਜਣ ਉਪਲ ਨੂੰ ਦਿੱਤੀ ਹੈ। 'ਸੀਹਾਂ ਉਪਲੁ ਜਾਣੀਐ, ਗਜਣੁ ਉਪਲੁ ਸਤਿਗੁਰ ਭਾਵੈ।' ਸੀਹਾਂ ਤੇ ਗਜਣ ਦੋਨੋਂ ਚਾਚੇ ਤਾਏ ਦੇ ਪੁੱਤ ਭਰਾ ਸਨ। ਉਨ੍ਹਾਂ ਜਨਮ ਮਰਨ ਕੱਟਣ ਦੀ ਅਰਦਾਸ ਕੀਤੀ ਤਾਂ ਗੁਰੂ ਜੀ ਨੇ ਕਿਹਾ : 'ਇਹ ਜੁ ਵਾਹਿਗੁਰੂ ਦਾ ਨਾਮ ਹੈ ਇਸ ਦੇ ਨਾਮ ਜਪਣ ਤੇ ਚਾਰੋਂ ਪਦਾਰਥ ਪ੍ਰਾਪਤ ਹੁੰਦੇ ਹੈਨਿ। ਵਾਹਿ ਨਾਮ ਅਚਰਜ ਕਾ ਹੈ, ਜਿਸ ਦੀ ਸਤਿਆ ਕਰ ਕੇ, ਸਭ ਪਦਾਰਥ ਜਾਣੇ ਜਾਵਨਿ, ਤੇ ਉਸ ਨੂੰ ਜਾਣ ਨ ਸਕੀਐ। 'ਗੁ' ਨਾਮ ਅੰਧਕਾਰ ਦਾ ਹੈ। ਕਵੀ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ, ਗੁ, ਤਮ, ਤਨ ਅਗਿਆਨ, ਅਨਿਤ ਹੈ 'ਰੂ' ਨਾਮ ਪ੍ਰਕਾਸ਼ ਦਾ ਹੈ, ਜੋ ਦੇਹ ਅਨਿਤ ਨੂੰ ਪ੍ਰਕਾਸ਼ ਦੇ ਰਿਹਾ ਹੈ। ਉਸ ਦਾ ਨਾਮ ਵਾਹਿਗੁਰੂ ਹੈ।

ਸੋਲ੍ਹਵਾਂ ਨਾਂ ਭਾਈ ਭਗੀਰਥ ਜੀ ਦਾ ਆਇਆ ਹੈ ਜੋ ਗੁਰੂ ਨਾਨਕ ਦੇਵ ਜੀ ਪਾਸ ਸੁਲਤਾਨਪੁਰ ਆਏ ਸਨ। ਉਹ ਮਲਸੀਹ ਦੇ ਚੌਧਰੀ ਸਨ ਤੇ ਸਤਿ ਸੰਗਤ ਕਰ ਕੇ ਦੇਵੀ ਪੂਜ ਤੋਂ ਸ਼ਬਦ ਪੂਜ ਬਣੇ। ਉਨ੍ਹਾਂ ਨੂੰ ਸੋਝੀ ਮਿਲੀ ਕਿ ਸੇਵਾ ਸ਼ਕਤੀ ਦਾ ਮੂਲ ਹੈ। ਭਲੇ ਪੁਰਸ਼ਾਂ ਦਾ ਸੰਗ ਅਸਲ ਦੀਦਾਰ ਹੈ। ਵਾਹਿਗੁਰੂ ਦੇ ਗੁਣ ਗਾਇਣ ਕਰਨੇ ਹੀ ਸਹੀ ਰਾਹ ਹੈ। ਰਜ਼ਾ ਵਿਚ ਟਿਕਣਾ ਹੀ 'ਘਰ' ਵਿਚ ਰਹਿਣਾ ਹੈ।

ਸਤਾਰਵੀਂ ਥਾਂ ਉਨ੍ਹਾਂ ਭਾਈ ਅਜਿਤਾ ਜੀ ਨੂੰ ਦਿੱਤੀ ਹੈ ਜਿਨ੍ਹਾਂ ਕਰਤਾਰਪੁਰ ਵਸਾਉਣ ਵਿਚ ਅੱਗੇ ਵਧ ਕੇ ਹਿੱਸਾ ਲਿਆ। ਭਾਈ ਅਜਿਤਾ ਜੀ ਨੂੰ ਕਿਹਾ ਸੀ : ਮਨ ਸ਼ਾਂਤ ਕਰਨ ਦਾ ਇਕ ਉਪਾਅ ਵੇਦਾਂ ਦੱਸਿਆ ਸੀ ਅਤੇ ਦੂਜਾ ਸੰਤਾਂ। ਇਕ ਕਸ਼ਟ ਯੋਗ ਹੈ, ਦੂਜਾ ਭਗਤ ਜੋਗ। ਸਿੱਖਾਂ ਭਗਤ ਜੋਗ ਅਪਣਾਇਆ ਹੈ ।[1]

ਅਠਾਰ੍ਹਵੀਂ ਪਵਿੱਤਰ ਥਾਂ ਉਨ੍ਹਾਂ ਬਾਬਾ ਬੁੱਢਾ ਜੀ ਨੂੰ ਦਿੱਤੀ ਹੈ। ਭਾਈ ਗੁਰਦਾਸ ਜੀ ਦੇ ਸ਼ਬਦ ਹਨ, 'ਬੁੱਢਾ ਇਕ ਮਨਿ ਧਿਆਵੈ।'[2]

ਬਾਬਾ ਬੁੱਢਾ ਜੀ ਹੀ ਇਕ ਐਸੇ ਵਿਅਕਤੀ ਹਨ, ਜਿਨ੍ਹਾਂ ਅੱਠਾਂ ਗੁਰੂਆਂ ਦੇ ਪ੍ਰਤੱਖ ਦਰਸ਼ਨ ਕੀਤੇ ਹਨ। ਉਨ੍ਹਾਂ ਨੇ ਸਿਰਫ਼ ਦੋ ਗੁਰੂ ਸਾਹਿਬਾਨ, ਗੁਰੂ ਹਰਕ੍ਰਿਸ਼ਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਨਹੀਂ ਕੀਤੇ।

ਮਹਾਨ ਕੋਸ਼ ਅਨੁਸਾਰ ਆਪ ਜੀ ਦਾ ਜਨਮ ਭਾਈ ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਦੀ ਕੁੱਖੋਂ ੭ ਕਤਕ ੧੫੬੩ ਮੁਤਾਬਿਕ ਅਕਤੂਬਰ ੨੨, ੧੫੦੬ ਨੂੰ ਕੱਥੂ ਨੰਗਲ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ। ਇਤਿਹਾਸ ਵਿਚ ਆਉਂਦਾ ਹੈ ਕਿ ਜਦ ਉਹ ਬਾਰਾਂ ਕੁ ਵਰ੍ਹਿਆਂ ਦੇ ਸਨ ਤਾਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਨੂੰ ਆਏ ਅਤੇ ਦੁੱਧ ਦਾ ਕਟੋਰਾ ਅੱਗੇ ਰੱਖ ਕੇ ਕਹਿਆ : 'ਗਰੀਬ ਨਿਵਾਜ ਤੇਰਾ ਦਰਸ਼ਨ ਕੀਤਾ ਹੈ, ਮੇਰਾ ਜਨਮ

1. ਮੇਰੀ ਹੀ ਰਚਿਤ 'ਆਦਿ ਸਿੱਖ ਤੇ ਸਾਖੀਆਂ' ਤੱਕੋ।
2. ਹੋਰ ਵਿਸਥਾਰ ਲਈ ਮੇਰੀ ਪੁਸਤਕ 'ਪੁਰਾਤਨ ਇਤਿਹਾਸਕ ਜੀਵਨੀਆਂ' ਦੇਖੋ।

Sri Satguru Jagjit Singh Ji eLibrary NamdhariElibrary@gmail.com

ਮਰਨ ਕੱਟੀਏ ਜੀ।' ਭਾਈ ਮਨੀ ਸਿੰਘ ਜੀ ਅਨੁਸਾਰ, ਗੁਰੂ ਨਾਨਕ ਦੇਵ ਜੀ ਨੇ ਕਹਿਆ : ਤੂੰ ਤਾਂ ਅਜੇ ਬਾਲਕ ਹੈਂ, ਤੈਨੂੰ ਇਹ ਬੁੱਧ ਕਿੱਥੋਂ ਪ੍ਰਾਪਤ ਹੋਈ ਤਾਂ ਉਸ ਆਖਿਆ : ਜੀ, ਸਾਡੇ ਪਿੰਡ ਮੁਗ਼ਲ ਆਨਿ ਉਤਰੇ ਸਨ, ਨਾਲੇ ਉਨ੍ਹਾਂ ਕੱਚੀਆਂ ਖੇਤੀਆਂ ਵੱਢ ਲਈਆਂ ਨਾਲੇ ਪੱਕੀਆਂ, ਨਾਲੇ ਡੱਡਰੀਆਂ ਤਾਂ ਮੇਰੇ ਮਨ ਵਿਚ ਆਈ ਜੇ ਉਨ੍ਹਾਂ ਡਾਢਿਆਂ ਦਾ ਹੱਥ ਕਿਸੇ ਨਹੀਂ ਫੜਿਆ ਤਾਂ ਜਮਾਂ ਦਾ ਹੱਥ ਕਿਸ ਫੜਨਾ ਹੈ। ਗੁਰੂ ਜੀ ਨੇ ਬਚਨ ਕੀਤਾ : 'ਤੂੰ ਬਾਲਕ ਤਾਂ ਨਹੀਂ, ਤੇਰੀ ਤਾਂ ਬੁੱਢਿਆਂ ਕੀ ਜੈਸੀ ਮਤਿ ਹੈ। ਤੂੰ ਤਾਂ ਬੁੱਢਾ ਹੈਂ। ਇਕ ਮਨ ਹੋਇਕੈ ਨਾਮ ਧਿਆਵੇਂਗਾ ਤਾਂ ਤੇਰੀ ਕਲਯਾਨ ਹੋਵੇਗੀ, ਆਰਜਾ ਵਧੇਗੀ।' ਉਸ ਸਮੇਂ ਤੋਂ ਹੀ ਉਸ ਦਾ ਨਾਮ ਬਾਬਾ ਬੁੱਢਾ ਜੀ ਪੱਕ ਗਿਆ। ਅਹਿਮਦ ਸ਼ਾਹ ਬਟਾਲਵੀ ਲਿਖਦਾ ਹੈ ਕਿ ਅੰਮ੍ਰਿਤਸਰ ਲਾਗੇ ਗੁਰੂ ਨਾਨਕ ਦੇਵ ਜੀ ਵਿਚਰ ਰਹੇ ਸਨ ਕਿ ਇਕ ਬਾਲਕ ਦਾ ਮੇਲ ਹੋਇਆ। ਉਸ ਸਮੇਂ ਉਹ ਬਾਲਕ ਮੱਝੀਆਂ ਚਾਰ ਰਿਹਾ ਸੀ। ਪਾਣੀ ਲਿਆਉਣ ਲਈ ਕਿਹਾ ਤਾਂ ਉਸ ਬਾਲਕ ਨੇ ਕਿਹਾ ਕਿ ਕਿਸੇ ਤਲਾਬ ਵਿਚ ਹੀ ਜਲ ਨਹੀਂ ਹੈ। ਗੁਰੂ ਜੀ ਨੇ ਕਿਹਾ ਕਿ ਤੁਸੀਂ ਆਪੂੰ ਜਾ ਕੇ ਦੇਖੋ। ਜਦ ਉਹ ਬਾਲਕ (ਬੁੱਢਾ ਜੀ) ਉਸ ਤਲਾਬ ਕੋਲ ਪੁੱਜਾ ਤਾਂ ਉਹ ਨਿਰਮਲ ਜਲ ਨਾਲ ਭਰਿਆ ਹੋਇਆ ਸੀ। ਉਸ ਬਾਲਕ 'ਤੇ ਬਾਬੇ ਦੇ ਬਚਨਾਂ ਨੇ ਐਸਾ ਪ੍ਰਭਾਵ ਪਾਇਆ ਕਿ ਉਹ ਘਰ ਘਾਟ ਛੱਡ ਕੇ ਉਨ੍ਹਾਂ ਪਾਸ ਟੁਰ ਗਿਆ। ਬਾਬਾ ਨਾਨਕ ਨੇ ਉਸ ਨੂੰ ਅਸੀਸ ਦਿੱਤੀ ਕਿ ਉਹ ਲੰਮੀ ਆਯੂ ਭੋਗੇਗਾ। ਬਟਾਲਵੀ ਲਿਖਦਾ ਹੈ ਕਿ ਬਾਬਾ ਨਾਨਕ ਦੇ ਉਪਰੰਤ ਉਸ ਨੇ ਬੜੀ ਨਾਮਵਰੀ ਖੱਟੀ। ਲੋਕ ਉਨ੍ਹਾਂ ਪ੍ਰਤੀ ਬੜੀ ਸ਼ਰਧਾ ਰੱਖਦੇ ਸਨ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੱਕ ਆਪ ਜੀ ਜੀਉਂਦੇ ਰਹੇ। ਤਰਨਤਾਰਨ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਦੇ ਕਹਿਣ 'ਤੇ ਹੀ ਰੱਖੀ। ਇਸ ਤੋਂ ਪਹਿਲਾਂ ਬਾਬਾ ਬੁੱਢਾ ਜੀ ਵਲੋਂ ਸੰਕੇਤ ਕੀਤੀ ਥਾਂ ਉੱਤੇ ਹੀ ਅੰਮ੍ਰਿਤਸਰ ਦੀ ਉਸਾਰੀ ਹੋਈ ਸੀ। ਬੁੱਢਾ ਜੀ ਕਰਤਾਰਪੁਰ ਹੀ ਆ ਟਿਕੇ ਤੇ ਸੇਵਾ ਵਿਚ ਜੁੱਟ ਗਏ। ਗੁਰੂ ਨਾਨਕ ਦੇਵ ਜੀ ਨੇ ਜਦ ਧਾਣਕ ਰੂਪ ਧਾਰ ਗੁਰੂ ਗੱਦੀ ਸੌਂਪਣ ਵੇਲੇ ਅੰਤਮ ਪ੍ਰੀਖਿਆ ਲਈ ਤਾਂ ਅਖ਼ੀਰ ਵਿਚ ਜੋ ਤਿੰਨ ਰਹਿ ਗਏ ਉਨ੍ਹਾਂ ਵਿਚੋਂ ਇਕ ਬਾਬਾ ਬੁੱਢਾ ਜੀ ਹੀ ਸਨ। ਉਨ੍ਹਾਂ ਦੀ ਲਗਨ ਦੇਖ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਵਰ ਦਿੱਤਾ ਕਿ ਤੈਥੋਂ ਕਦੇ ਓਹਲੇ ਨਾ ਹੋਸਾਂ। ਗੁਰੂ ਨਾਨਕ ਦੇਵ ਜੀ ਨੇ ਪਰਦਖਣਾ ਕਰ ਕੇ ਜਦ ਗੁਰੂ ਅੰਗਦ ਦੇਵ ਜੀ ਨੂੰ ਤਖ਼ਤ 'ਤੇ ਬਿਠਾਇਆ ਤਾਂ ਤਿਲਕ ਦੇਣ ਲਈ ਭਾਈ ਬੁੱਢਾ ਜੀ ਨੂੰ ਹੀ ਆਗਿਆ ਕੀਤੀ।

ਫਿਰ ਗੁਰੂ ਅੰਗਦ ਦੇਵ ਜੀ ਨੇ 'ਤਿੰਨ ਕਉ ਕਿਆ ਉਪਦੇਸੀਐ ਜਿਨ ਗੁਰੂ ਨਾਨਕ ਦੇਉ' ਆਖ ਕੇ ਮਾਣ ਦਿੱਤਾ ਸੀ। ਗੁਰੂ ਅਮਰਦਾਸ ਜੀ ਨੇ ਸਿੱਖੀ ਦੀ ਅਵਿਧ (ਸੀਮਾ, ਹੱਦ) ਆਖ ਸਤਿਕਾਰਿਆ ਸੀ। ਗੁਰੂ ਅਮਰਦਾਸ ਜੀ ਨੇ ਤਾਂ ਗੁਰ ਗੱਦੀ ਦੇਣ ਸਮੇਂ ਪਹਿਲੀ ਸਲਾਹ ਹੀ ਉਨ੍ਹਾਂ ਕੋਲੋਂ ਲਈ ਤੇ ਬਾਬਾ ਜੀ ਨੇ ਗੁਰਗੱਦੀ ਦੇਣ ਦੀ ਸਾਰੀ ਮਰਯਾਦਾ ਦੱਸੀ। ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿਗੋਬਿੰਦ ਜੀ ਦੀ ਵਿੱਦਿਆ ਦਾ ਸਾਰਾ ਪ੍ਰਬੰਧ ਉਨ੍ਹਾਂ 'ਤੇ ਹੀ ਸੁੱਟਿਆ ਤੇ ਦਰਬਾਰ ਸਾਹਿਬ ਦਾ ਪਹਿਲਾ ਗ੍ਰੰਥੀ ਉਨ੍ਹਾਂ ਨੂੰ ਹੀ ਥਾਪਿਆ ਤੇ ਉਨ੍ਹਾਂ ਨੇ ਹੀ ਪਹਿਲਾ ਵਾਕ ਗੁਰੂ ਗ੍ਰੰਥ ਸਾਹਿਬ ਤੋਂ ਲਇਆ ਤੇ ਅੰਤ ਵਿਚ ਆਪਣੀ

Sri Satguru Jagjit Singh Ji eLibrary NamdhariElibrary@gmail.com

ਇੱਛਾ ਅਨੁਸਾਰ ਗੁਰੂ ਹਰਿਗੋਬਿੰਦ ਜੀ ਦੇ ਪਾਵਨ ਹੱਥਾਂ ਵਿਚ ਇਕ ਸੌ ਪੰਝੀ (੧੨੫) ਸਾਲ ਦੀ ਆਯੂ ਵਿਚ ਸਰੀਰ ਛੱਡਿਆ। ਜੋ ਬਚਨ ਗੁਰੂ ਹਰਿਗੋਬਿੰਦ ਜੀ ਨੇ ਉਸ ਸਮੇਂ ਕਹੇ, ਬਾਬਾ ਬੁੱਢਾ ਜੀ ਦੀ ਮਹਾਨਤਾ ਦਰਸਾਉਣ ਲਈ ਬਹੁਤ ਹਨ।

ਗੁਰੂ ਜੀ ਨੇ ਕਿਹਾ :

ਬਾਬਾ ਜੀ! ਤੁਸੀਂ ਨਿਮਰਤਾ ਸਦਕਾ ਉਹ ਪਰਮ ਪਦ ਤੇ ਸਦਾ ਅਨੰਦ ਪ੍ਰਾਪਤ ਕਰ ਲਿਆ ਹੈ ਜਿਸ ਤੋਂ ਬਹੁਤਾ ਜਗਤ ਵਾਂਝਿਆ ਹੈ। ਤੁਹਾਡੇ ਹਿਰਦੇ ਗੁਰ-ਸ਼ਬਦ ਹੈ ਸੋ ਤੁਸੀਂ ਕ੍ਰਿਪਾ ਕਰ ਕੇ ਗੁਰੂ ਨਾਨਕ, ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਦੀ ਵਡਿਆਈ ਦੋ ਦੋ ਤੁਕਾਂ ਵਿਚ ਦੱਸੋ ਤਾਂਕਿ ਸਭ ਨੂੰ ਗੁਰੂ ਪਾਤਸ਼ਾਹਾਂ ਦੀ ਅਜ਼ਮਤ ਦ੍ਰਿੜ੍ਹ ਹੋਏ।

ਗੁਰੂ ਨਾਨਕ ਦੇਵ ਜੀ ਬਾਰੇ ਬਾਬਾ ਜੀ ਨੇ ਕਿਹਾ :

ਨਿਰਾ ਨੂਰ ਅਤੇ ਪ੍ਰਭੂ ਦਾ ਪ੍ਰਤੱਖ ਰੂਪ ਸਨ।

'ਗੁਰ ਬਾਬਾ ਨਾਨਕ ਪ੍ਰਭ ਅਵਤਾਰ।
ਸੁਤਹ ਪ੍ਰਕਾਸ਼ੀ ਕਰਨੀ ਸਾਰ।
ਜਨਮਤ ਹੀ ਉਪਦੇਸ਼ ਚਲਾਇਆ।
ਬਹੁ ਸਾਧਨ ਕੋ ਰਾਹ ਬਤਲਾਇਆ।'

ਗੁਰੂ ਅੰਗਦ ਦੇਵ ਜੀ ਬਾਰੇ ਫ਼ਰਮਾਇਆ :

ਨਿਰੇ ਸਾਧੂ, ਰਤਾ ਵੀ ਪਕੜ ਨਹੀਂ, ਸਦਾ ਸ਼ਾਂਤ ਤੇ ਦਇਆ ਤੇ ਪਿਆਰ ਦੀ ਮੂਰਤ :

'ਪ੍ਰਮ ਅਉਧੂਤ ਦਿਖਾਵਉ ਭਾਉ।
ਨਿਰਵਿਕਲਪ ਨਿਰਲੰਭ ਸੁਭਾਉ।'

ਗੁਰੂ ਅਮਰਦਾਸ ਜੀ ਬਾਰੇ ਕਿਹਾ ਕਿ ਉਨ੍ਹਾਂ ਹਰ.ਇਕ ਨੂੰ ਜੋ ਵੀ ਦਰਬਾਰ ਆਇਆ, ਨਾਮ ਦਾਨ ਦਿੱਤਾ। ਉਨ੍ਹਾਂ ਦਾ ਇਕ ਹੱਥ ਸੇਵਾ ਵਿਚ ਜੁਟਿਆ ਰਹਿੰਦਾ ਤੇ ਦੂਜਾ ਹਰ ਇਕ 'ਤੇ ਅਸੀਸ ਵਜੋਂ ਕ੍ਰਿਪਾ ਕਰ ਕੇ ਉਠਿਆ ਰਹਿੰਦਾ ਸੀ :

ਤਿਹ ਹਰਿ ਧਨ ਦੁਹ ਹਾਥ ਲੁਟਾਇਆ।
ਜੋ ਆਇਆ ਤਿਨ ਹੀ ਵਰਸਾਇਆ।
ਏਕ ਹਾਥ ਸਤਿਗੁਰ ਕਾ ਭਗਤ ਗੁਰ ਸੇਵਾ।
ਦੂਜਾ ਹਾਥ ਕ੍ਰਿਪਾ ਗੁਰ ਦੇਵਾ।

ਕਮਾਲ ਦੀ ਟੂਕ ਦਿੱਤੀ ਹੈ ਮਹਿਮਾ ਪ੍ਰਕਾਸ਼ ਨੇ ਕਿ ਬਾਬਾ ਬੁੱਢਾ ਜੀ ਬੋਲ ਰਹੇ ਸਨ ਤੇ ਗੁਰੂ ਹਰਿਗੋਬਿੰਦ ਜੀ ਸਰੋਤੇ ਸਨ।

ਭਾਈ ਬੁਢੇ ਬਰਨਨ ਕੀਆ
ਸਰੋਤਾ ਸਤਿਗੁਰ ਆਪਿ।

ਗੁਰੂ ਹਰਿਗੋਬਿੰਦ ਜੀ ਸਦਾ ਭਾਈ ਜੀ ਨੂੰ,

ਭਾਈ ਬੁੱਢਾ ਪਰਮ ਸੁਜਾਨ।
ਬੁਢਾ ਪੁਰਾਤਨ ਸਿਖ ਪ੍ਰਮਾਨ।'

Sri Satguru Jagjit Singh Ji eLibrary NamdhariElibrary@gmail.com

ਹੀ ਕਹਿੰਦੇ।

ਕਿਤਨਾ ਕੁ ਪਿਆਰ ਹੋਵੇਗਾ ਗੁਰੂ ਮਾਲਕ ਦਾ ਬਾਬਾ ਬੁੱਢਾ ਜੀ ਨਾਲ ਕਿ ਉਨ੍ਹਾਂ ਨੇ ਜਦ ਬਾਬਾ ਜੀ ਦੀ ਦੇਹ ਨੂੰ ਚਿਤਾ 'ਤੇ ਰੱਖਿਆ ਤਾਂ ਦੋ ਜਲ ਦੀਆਂ ਬੂੰਦਾਂ ਮੋਤੀਆਂ ਵਾਂਗ ਨੈਣਾਂ ਵਿਚੋਂ ਛਲਕ ਪਈਆਂ :

ਚਿਤਾ ਉਪਰ ਜਬ ਧਰੀ ਸਾਹਿਬ ਬੁਢੇ ਦੇਹ।
ਹਰਿਗੋਬਿੰਦ ਕੇ ਨੈਣ ਸੇ ਚਲਿਓ ਨੀਰ ਅਸਨੇਹ।

ਖ਼ੁਸ਼ਵਕਤ ਰਾਇ ਦੇ ਬਾਬਾ ਬੁੱਢਾ ਜੀ ਬਾਰੇ 'ਤ੍ਵਾਰੀਖ਼ ਸਿੱਖਾਂ' ਵਿਚ ਲਿਖੇ ਸ਼ਬਦ ਉਨ੍ਹਾਂ ਦੀ ਵਡਿਆਈ ਨੂੰ ਹੋਰ ਦਰਸਾਂਦੇ ਹਨ। ਉਹ ਲਿਖਦਾ ਹੈ : ਗੁਰੂ ਨਾਨਕ ਦੇਵ ਜੀ ਬਾਲਕ ਬੂੜੇ ਦੇ ਮਿੱਠੇ ਬਚਨਾਂ ਤੇ ਨੇਕ ਅਮਲਾਂ ਤੋਂ ਇਤਨੇ ਪ੍ਰਭਾਵਿਤ ਹੋਏ ਕਿ ਆਪ ਜੀ ਨੇ ਉਸ ਨੂੰ 'ਭਾਈ ਬੁੱਢਾ' ਦਾ ਖ਼ਿਤਾਬ ਦੇ ਕੇ ਨਿਵਾਜਿਆ ਅਤੇ ਉਸ ਨੂੰ ਸੇਵਕ ਦੀ ਪਦਵੀ ਤੋਂ ਚੁੱਕ ਕੇ ਮਾਲਕ ਬਣਾ ਦਿੱਤਾ। ਆਪ ਜੀ ਭਾਈ ਬੁੱਢੇ ਦਾ ਅਥਾਹ ਸਤਿਕਾਰ ਕਰਦੇ ਅਤੇ ਉਸ ਨੂੰ ਬੇਪਨਾਹ ਅਸੀਸਾਂ ਦੇਂਦੇ।

ਆਖ਼ਰੀ, ਉਨ੍ਹੀਵੇਂ ਤੇ ਵੀਹਵੇਂ ਸਿੱਖਾਂ ਬਾਰੇ ਭਾਈ ਗੁਰਦਾਸ ਜੀ ਨੇ ਫਿਰਣਾ ਜੀ ਤੇ ਜੋਧ ਜੀ ਦਾ ਨਾਂ ਲਿਖਿਆ ਹੈ। ਇਹ ਦੋਵੇਂ ਗੁਰੂ ਨਾਨਕ ਪਾਤਸ਼ਾਹ ਕੋਲ ਆਏ ਤੇ ਅਰਦਾਸ ਕੀਤੀ : 'ਕੋਈ ਐਸਾ ਉਪਦੇਸ਼ ਕਰੋ ਜੀ, ਜਿਸ ਕਰ ਕੇ ਸਾਡਾ ਕਲਿਆਣ ਹੋਵੇ ਤੇ ਸਿੱਖੀ ਪ੍ਰਾਪਤ ਹੋਵੇ।' ਤਾਂ ਬਚਨੁ ਹੋਇਆ : 'ਮਨ ਨੀਵਾਂ ਕਰ ਸਿੱਖੀ ਪ੍ਰਾਪਤ ਹੁੰਦੀ ਹੈ। ਜੋ ਤੁਸਾਡੇ ਸਰੀਰ ਪਾਸੋਂ ਸੇਵਾ ਸਿੱਖਾਂ ਦੀ ਹੋਇ ਆਵੈ ਸੋ ਕਰਨੀ ਤੇ ਪਿਛਲੀ ਰਾਤ ਉਠ ਕੇ ਇਸ਼ਨਾਨ ਕਰ ਕੇ ਨਾਮ ਦਾ ਅਭਿਆਸ ਕਰਨਾ ਤੇ ਮਨ ਨੀਵਾਂ ਰੱਖਣਾ। ਵਾਹਿਗੁਰੂ ਨੂੰ ਸੁਆਮੀ ਜਾਣਨਾ ਤੇ ਆਪ ਨੂੰ ਸੇਵਕ। ਸਾਧ ਸੰਗਤਿ ਵਿਚ ਜਾਇਕੈ ਪ੍ਰੀਤ ਕਰ ਕੇ ਗੁਰੂ ਕਾ ਸ਼ਬਦ ਸੁਣਨਾ।' ਦੋਨੋਂ ਸ਼ਬਦ ਤੇ ਸੇਵਾ ਦੀ ਮੂਰਤ ਹੀ ਬਣ ਗਏ।

ਗੱਲ ਕੀ, ਇਹਨਾਂ ਵੀਹ ਸਿੱਖਾਂ ਦੀ ਸੂਚੀ ਬਣਾ ਕੇ ਭਾਈ ਗੁਰਦਾਸ ਜੀ ਨੇ ਇਹ ਦ੍ਰਿੜ੍ਹਾਉਣ ਦਾ ਯਤਨ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਪਾਸ ਹਰ ਜਾਤ, ਹਰ ਪਾਤ, ਹਰ ਦੇਸ਼, ਹਰ ਧਰਮ, ਹਰ ਪ੍ਰਕਾਰ ਦੇ ਲੋਕੀਂ ਉਪਦੇਸ਼ ਲੈਂਦੇ ਤੇ ਜ਼ਿੰਦਗੀਆਂ ਸੰਵਾਰਦੇ ਸਨ। ਇਹ ਸਿੱਖ ਉਨ੍ਹਾਂ ਚਿੰਨ੍ਹ ਮਾਤਰ ਹੀ ਚੁਣੇ ਸਨ। ਇਕ ਢੰਗ ਨਾਲ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦਾ ਸਾਰੰਸ਼ ਵੀ ਦੇ ਗਏ ਹਨ।

ਇਕ ਵਾਰੀ ਇਕ ਨੇ ਪੁੱਛਿਆ ਵੀ ਕਿ ਤੁਹਾਡੇ ਸ਼ਬਦਾਂ ਦੇ ਆਦਿ ਵਿਚ ਹਮੇਸ਼ਾ ੧ਓ ਸਤਿਨਾਮ ਕਿਉਂ ਲਿਖਿਆ ਹੁੰਦਾ ਹੈ? ਗੁਰੂ ਜੀ ਨੇ ਉੱਤਰ ਦੇਂਦੇ ਫ਼ਰਮਾਇਆ ਕਿ ਉਸ ਇਕ ਨੂੰ ਸ਼ਬਦ (ਅੱਖਰ) ਰਾਹੀਂ ਸਾਕਾਰ ਕੀਤਾ ਜਾ ਸਕਦਾ ਹੈ। ਉਸ ਦੀ ਹਜ਼ੂਰੀ ਦੇ ਪ੍ਰਕਾਸ਼ (ਨਾਮ) ਨਾਲ ਚਾਨਣ ਹੀ ਚਾਨਣ ਹੋ ਜਾਂਦਾ ਹੈ। ਨਾਮ ਸਭ ਦੇਵਤਿਆਂ ਦਾ ਦੇਵ ਹੈ। ਕੋਈ ਦੁਰਗਾ ਪ੍ਰਸੰਨ ਕਰਦਾ ਹੈ, ਕੋਈ ਸ਼ਿਵ ਗਣੇਸ਼ ਨੂੰ ਅਤੇ ਕੋਈ ਹੋਰ ਦੇਵਤਿਆਂ ਨੂੰ, ਪਰ ਗੁਰੂ ਦੇ ਸਿੱਖ ਨਾਮ ਨੂੰ ਹੀ ਪੂਜਦੇ ਹਨ ਅਤੇ ਉਨ੍ਹਾਂ ਦੀ ਮੁਕਤੀ ਦੇ ਰਾਹ ਵਿਚ ਸਭ ਮੁਸ਼ਕਿਲਾਂ ਦੂਰ ਹੋ ਜਾਂਦੀਆਂ ਹਨ। ਇਸ ਲਈ '੧ਓ ਸਤਿਨਾਮ' ਸਾਰੀਆਂ ਰਚਨਾਵਾਂ ਦੇ ਆਦਿ ਵਿਚ ਲਿਖਿਆ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਇਕ ਸੰਨਿਆਸੀ ਨੇ ਜਦ ਜੀਵਨ-ਜੁਗਤ ਪੁੱਛੀ ਤਾਂ ਆਪ ਜੀ ਨੇ ਕਿਹਾ : ਸਾਡਾ ਧਰਮ ਹੈ ਜਗਤ ਦੀ ਸਭ ਵਰਤਣ ਰੱਖਣੀ ਪਰ ਕਿਸੇ ਵਸਤੂ ਨੂੰ ਆਪਣਾ ਨ ਜਣਾਨਾ। ਜਗਿਆਸਾ ਵਾਹਿਗੁਰੂ ਦੇ ਨਾਮ ਦੀ ਰੱਖਣੀ। ਇਕ, ਇਕ ਹੈ ਅਤੇ ਜਦ ਦੋ, ਦੋ ਹੋ ਜਾਣ ਤਾਂ ਸਾਧ ਸੰਗਤਿ ਹੈ ਅਤੇ ਜੇ ਚਾਰ ਜਾਂ ਪੰਜ ਤੋਂ ਵੱਧ ਹੋ ਜਾਣ ਤਾਂ ਪ੍ਰਮੇਸ਼ਰ ਦਾ ਰੂਪ ਹੁੰਦੇ ਹਨ। ਸੰਨਿਆਸੀ ਕਾਹਦਾ ਜੋ ਅੰਨ ਧਨ ਲਈ ਭਟਕਦਾ ਫਿਰੇ।

ਕਰਤਾਰਪੁਰ ਹੀ 'ਬਾਰਹਮਾਹ' ਤੁਖਾਰੀ ਰਾਗ ਵਿਚ ਲਿਖ ਕੇ ਆਪ ਜੀ ਨੇ 'ਭਲਾ' ਦੇ ਸਿਧਾਂਤ ਨੂੰ ਉਜਾਗਰ ਕੀਤਾ। ਜਿੱਥੇ ਬਾਰਹਮਾਹ ਵਿਚ ਕੁਦਰਤ ਚਿਤਰਣ ਵਿਚ ਕਮਾਲ ਕੀਤਾ ਹੈ, ਉਥੇ ਦਾਰਸ਼ਨਿਕ ਵੀਚਾਰ ਵੀ ਬੜੇ ਸੁਖਾਲੇ ਢੰਗ ਨਾਲ ਦੇ ਗਏ ਹਨ। ਅਰੰਭ ਵਿਚ ਜਦ :

'ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ।
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ।
ਹਰਿ ਰਚਨਾ ਤੇਰੀ, ਕਿਆ ਗਤਿ ਮੇਰੀ, ਹਰਿ ਬਿਨੁ ਘੜੀ ਨਾ ਜੀਵਾ।
ਪ੍ਰਿਅ ਬਾਝੁ ਦੁਹੇਲੀ, ਕੋਈ ਨ ਬੇਲੀ, ਗੁਰਮੁਖਿ ਅੰਮ੍ਰਿਤ ਪੀਵਾ।'

(ਪੰਨਾ ੧੧੦੭)

ਲਿਖਦੇ ਹਨ ਤਾਂ ਸਿੱਖੀ ਦੇ ਮੂਲ ਸਿਧਾਂਤ, ਨਦਰ, ਰਜ਼ਾ, ਨਿਮਰਤਾ 'ਤੇ ਰੌਸ਼ਨੀ ਪਾ ਕੇ ਭਰਮ ਕਟਣ ਦਾ ਵੱਲ ਦੱਸ ਕੇ ਹਰੀ ਨਾਲ ਮਿਲਾਪ ਦਾ ਰਾਹ ਗੁਰਮੁਖ ਤੇ ਅੰਮ੍ਰਿਤ ਪੀਣਾ ਦਰਸਾ ਜਾਂਦੇ ਹਨ। ਠੀਕ ਲਿਖਿਆ ਸੀ ਸ਼ਬਦਾਰਥ ਦੇ ਰਚਨਹਾਰਿਆਂ ਨੇ ਕਿ ਤੁਖਾਰੀ ਦਾ ਬਾਰਹਮਾਹ ਪੜ੍ਹਨ ਉਪਰੰਤ ਇਕ ਝੁਣਝੁਣੀ ਛਿੜ ਜਾਂਦੀ ਹੈ। ਨਨਕਾਣਾ ਸਾਹਿਬ ਦਾ ਚਿਤਰ ਮੂਰਤੀਮਾਨ ਹੋ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਸਾਰੰਸ਼ : ਇਹ ਵੀ ਯੋਗ ਰਹੇਗਾ ਕਿ ਹੁਣ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦਾ ਸਾਰੰਸ਼ ਥੋੜ੍ਹੇ ਜਿਹੇ ਸ਼ਬਦਾਂ ਵਿਚ ਦੇਖ ਲਿਆ ਜਾਏ। ਕਿਉਂਕਿ ਜੋ ਕਰਤਾਰਪੁਰ ਕਿਹਾ ਤੇ ਕੀਤਾ ਗਿਆ ਉਹ ਹੀ ਗੁਰੂ ਨਾਨਕ ਦੇਵ ਜੀ ਦਾ ਉਦੇਸ਼ ਤੇ ਆਦਰਸ਼ ਸੀ। ਮੁਹਸਨ ਫ਼ਾਨੀ ਨੇ ਇਸੇ ਲਈ ਦਬਿਸਤਾਨਿ ਮਜ਼ਾਹਬ ਵਿਚ ਲਿਖਿਆ ਹੈ ਕਿ ਜੋ ਨਾਨਕ ਦੇ ਰਾਹ ਟੁਰ ਪੈਂਦੇ ਸਨ ਉਨ੍ਹਾਂ ਨੂੰ 'ਕਰਤਾਰੀ' ਕਿਹਾ ਜਾਂਦਾ ਸੀ। ਮੰਨਣ ਵਾਲੇ ਇਕ ਤਾਂ ਕਰਤਾਰ ਵਾਹਿਗੁਰੂ ਦੇ ਉਪਾਸ਼ਕ ਹੁੰਦੇ ਹਨ, ਦੂਜੇ ਕਰਤਾਰਪੁਰ ਦੀ ਮਰਯਾਦਾ ਹੀ ਆਪਣੇ ਨਗਰਾਂ ਤੇ ਜੀਵਨ ਵਿਚ ਨਿਭਾਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਕਰਤਾਰੀ ਸੰਗਤ ਨੂੰ 'ਵਾਹਿਗੁਰੂ ਜੀ ਕਾ ਖਾਲਸਾ ਬਣਾਇਆ।' ਜਿਸ ਫ਼ਸਲ ਨੂੰ ਗੁਰੂ ਗੋਬਿੰਦ ਸਿੰਘ ਜੀ ਘਰ ਲਿਆ ਰਹੇ ਸਨ, ਉਸ ਦੀ ਬਿਜਾਈ ਗੁਰੂ ਨਾਨਕ ਜੀ ਨੇ ਹੀ ਕੀਤੀ ਹੈ।

ਪਹਿਲੀ ਗੱਲ ਉਨ੍ਹਾਂ ਦੇ ਉਪਦੇਸ਼ਾਂ ਵਿਚ ਮੁੱਖ ਤੌਰ 'ਤੇ ਮਿਲੇਗੀ ਉਹ ਹੈ 'ਹਰਿ ਬਿਨ ਜਲ ਬਲ ਜਾਉ।' ਹਰੀ ਬਗੈਰ ਸਭ ਪਾਜ ਹੈ, ਕੂੜ ਹੈ। 'ਤੁਧੁ ਬਾਝ ਕੂੜੋ ਕੂੜ' ਉਨ੍ਹਾਂ ਦੀ ਮੁਹਾਰਣੀ ਹੈ। ਉਹ ਪਰਮਾਤਮਾ ਨੂੰ ਇਕ ਸਮਝਦੇ ਹਨ ਅਤੇ ਇਹਤਿਆਤ ਵਜੋਂ ਇ-ਕ ਨਹੀਂ ਪਾਉਂਦੇ ਸਗੋਂ ਹਿੰਦਸੇ ਵਾਲਾ ਇਕ '੧' ਪਾਉਂਦੇ ਹਨ। ਉਹ ਜਾਣਦੇ

Sri Satguru Jagjit Singh Ji eLibrary NamdhariElibrary@gmail.com

ਹਨ ਮਨੁੱਖੀ ਸੁਭਾਵਾਂ ਨੂੰ ਕਿ ਇਸ ਨੇ ਇਕ ਸ਼ਬਦ ਨੂੰ ਤੋੜ ਫੋੜ ਕੇ ਰੱਖ ਦੇਣਾ ਹੈ। ਜਿਵੇਂ ਅਸਾਂ ਵਾਹਿਗੁਰੂ ਨਾਲ ਕੀਤੀ। ਵ ਨੂੰ ਵਿਸ਼ਨੂੰ, ਹ ਨੂੰ ਹਰੀ, ਗ ਨੂੰ ਗੋਬਿੰਦ, ਤੇ ਰ ਨੂੰ ਰਾਮ ਬਣਾ ਦਿੱਤਾ। ਇਸ ਲਈ ਉਨ੍ਹਾਂ ਹਿੰਦਸੇ ਵਾਲਾ '੧' ਪਾਇਆ। ਪ੍ਰਭੂ ਦਾ ਕੋਈ ਬਦਲ ਨਹੀਂ। ਪ੍ਰਭੂ ਕਿਸੇ ਨੂੰ ਅਵਤਾਰ ਬਣਾ ਕੇ ਨਹੀਂ ਭੇਜਦਾ। ਸਾਰੀਆਂ ਸ਼ਕਤੀਆਂ ਦਾ ਮੂਲਕ ਉਹ ਆਪ ਹੀ ਹੈ। ਅੱਖਰਾਂ ਦੇ ਅਰਥ ਤਾਂ ਬਦਲ ਸਕਦੇ ਹਨ ਪਰ '੧' ਨਹੀਂ ਬਦਲ ਸਕਦਾ। ਉਹ ਸ਼ੁਨ (ਜ਼ੀਰੋ) ਵੀ ਨਹੀਂ। ਉਹ ਹੈ ਤੇ ਸਦਾ ਹੈ। ਉਸ ਦੇ ਟਾਕਰੇ 'ਤੇ ਵੀ ਕੋਈ ਡਰ ਜਾਂ ਸ਼ੈਤਾਨ ਨਹੀਂ। ਉਹ ਆਪੇ ਹੀ ਆਪ ਹੈ। ਆਦਿ ਸਚੁ, ਜੁਗਾਦਿ ਸਚੁ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ, ਸਿੱਖੀ ਦਾ ਮੂਲ ਮੰਤਰ ਵੀ ਹੈ ਤੇ ਸੁਖਮਨੀ ਵੀ।

ਫਿਰ ਮੂਲ ਮੰਤਰ ਵਿਚ ਹੀ ਉਨ੍ਹਾਂ ਸਭ ਪੱਖਾਂ ਦੀ ਵਿਆਖਿਆ ਕਰ ਦਿੱਤੀ ਜਿਸ ਨੂੰ ਦਰਸ਼ਨ ਸਮਝਣ ਲਈ ਤਰਲੇ ਲੈ ਰਿਹਾ ਹੈ। '੧' ਦੇ ਪਿੱਛੇ ੳ ਤੇ ਫਿਰ ⌒ ਇਹ ਦਰਸਾਉਂਦੇ ਹਨ ਕਿ ਉਹ ਹਰ ਸ਼ਬਦ (ਅੱਖਰ) ਵਿਚ ਸਮਾਇਆ ਹੈ ਤੇ ਸਦਾ ਹੈ। ਲਗਾਤਾਰ ਹੈ। ਫਿਰ ਗਹੁ ਨਾਲ ਦੇਖਿਆ ਜਾਇ ਤਾਂ ੧ੳ, ⌒ ਤਿੰਨ ਵਿਦਿਆਵਾਂ ਦਾ ਸੰਗਮ ਹੈ ਜਾਂ ਸਾਰੀਆਂ ਵਿਦਿਆਵਾਂ ਉਸ ਵਿਚ ਆ ਜਾਂਦੀਆਂ ਹਨ। ੧ ਹਿੰਦਸੇ ਦਾ ਮੂਲ ਹੈ। ੳ, ਅੱਖਰੀ ਵਰਣ ਮਾਲਾ ਦਾ, ⌒ ਰੇਖਾ ਗਣਿਤ ਦਾ। ੴ ਸਾਰੇ ਗਿਆਨ, ਜਪੁ ਦਾ ਮੂਲ ਹੈ।

ਸਤਿਨਾਮ ਲਿਖਣ ਦਾ ਭਾਵ ਸੀ ਕਿ ਉਹ ਭਰਮ ਨਹੀਂ, ਭਰਾਂਤੀ ਨਹੀਂ, ਭੁਲੇਖਾ ਨਹੀਂ, ਸਗੋਂ ਸੱਚਾਈ ਹੈ। ਜਦ ਉਨ੍ਹਾਂ ਕਰਤਾ ਪੁਰਖ ਲਿਖਿਆ ਤਾਂ ਸ੍ਰਿਸ਼ਟੀ ਦੀ ਸਾਜਨਾ ਬਾਰੇ ਗੁਰੂ ਨਾਨਕ ਦੇਵ ਜੀ ਮੂਲ ਸਿਧਾਂਤ ਦੇ ਗਏ। ਵਾਹਿਗੁਰੂ ਢਾਹੂ ਪੁਰਖ ਨਹੀਂ, ਕਰਤਾ ਹੈ। ਗੁਰਮਤਿ ਉਸਾਰੂ ਹੈ, ਢਾਹੂ ਨਹੀਂ। ਫਿਰ ਜਦ ਉਨ੍ਹਾਂ ਨਿਰਭਉ ਤੇ ਨਿਰਵੈਰ ਦੇ ਸ਼ਬਦ ਲਿਖੇ ਤਾਂ ਉਨ੍ਹਾਂ ਦਾ ਵਿਚਾਰ ਸੀ ਕਿ ਐਸਾ ਸਮਾਜ ਹੋਵੇ ਜਿਸ ਵਿਚ ਨਾ ਕੋਈ ਡਰੇ ਤੇ ਨ ਡਰਾਵੇ। ਹਲੇਮੀ ਰਾਜੇ ਉਨ੍ਹਾਂ ਦਾ ਨਿਸ਼ਾਨਾ ਸੀ। ਫਿਰ ਜਦ ਅਕਾਲ ਮੂਰਤ ਪਾਇਆ ਤਾਂ ਉਹ ਖ਼ੂਬਸੂਰਤੀ ਦਾ ਚਿਤਰ ਖਿੱਚ ਰਹੇ ਸਨ। ਖ਼ੂਬਸੂਰਤੀ ਸਰੀਰ ਵਿਚ ਨਹੀਂ, ਆਤਮਾ ਵਿਚ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਬਚਨ ਹੀ 'ਸਰਬਕਾਲ ਸਰਬ ਠਉਰ ਏਕ ਹੀ ਲਗਤ ਹੋ' ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਹੈ। ਫਿਰ ਜਦ ਉਨ੍ਹਾਂ ਅਜੂਨੀ, ਸੈਭੰ ਲਿਖਿਆ ਤਾਂ ਇਸ ਦਾ ਭਾਵ ਸੀ ਕਿ ਹਰ ਪਾਸੋਂ ਸੁਤੰਤਰਤਾ ਚਾਹੀਦੀ ਹੈ। ਸਿੱਖ ਕਿਸੇ ਦਾ ਗ਼ੁਲਾਮ ਨਹੀਂ, ਉਹ ਆਪਣੀ ਸ਼ਕਤੀ ਦਾ ਮਾਲਕ ਹੈ ਅਤੇ ਜਦ ਗੁਰ ਪ੍ਰਸਾਦਿ ਲਿਖਿਆ ਤਾਂ ਉਹ ਕਹਿਣਾ ਚਾਹੁੰਦੇ ਸਨ ਕਿ ਸਿੱਖ ਦੇ ਹਰ ਕਰਮ ਵਿਚ ਪ੍ਰਸਾਦ ਹੋਵੇ, ਦੇਣਾ ਹੋਵੇ, ਲੈਣਾ ਨਹੀਂ। ਪ੍ਰਸਾਦਿ ਦੇ ਹੋਰ ਅਰਥ ਸਹੁਜ ਤੇ ਸੁਚੱਜਤਾ ਵੀ ਹੈ।

ਬਸ ੴ : ਸਿੱਖ ਫ਼ਿਲਾਸਫ਼ੀ ਹੈ।

ਸਤਿਨਾਮੁ : ਧਰਮ ਹੈ।

ਕਰਤਾ ਪੁਰਖੁ : ਜੀਵਨ ਨਜ਼ਰੀਆ ਹੈ। (Way of Life)

ਨਿਰਭਉ ਨਿਰਵੈਰੁ : ਰਾਜਨੀਤੀ ਹੈ।

Sri Satguru Jagjit Singh Ji eLibrary NamdhariElibrary@gmail.com

ਅਕਾਲ ਮੂਰਤਿ : ਕਲਾ, ਸੁਹਜ ਸਵਾਦ। (Aesthetic Sense)

ਅਜੂਨੀ ਸੈਭੰ : ਆਰਥਕ ਸੁਤੰਤਰਤਾ।

ਗੁਰ ਪ੍ਰਸਾਦਿ : ਪ੍ਰਯਾਸ ਨਾਲ ਨਹੀਂ, ਪ੍ਰਸ਼ਾਦ ਨਾਲ ਪ੍ਰਾਪਤ ਹੁੰਦਾ ਹੈ, ਉਹ ਵੀ ਸ਼ਬਦ ਦੁਆਰਾ।

ਸਭ ਮਹਿ ਜੋਤੁ ਜੋਤਿ ਹੈ ਸੋਇ : ਜਿੱਥੇ ਉਨ੍ਹਾਂ ਏਕੋ ਹੈ ਭਾਈ ਏਕੋ ਹੈ ਦੀ ਧੁਨੀ ਉਠਾਈ ਉਥੇ ਉਨ੍ਹਾਂ 'ਮਨੁੱਖ ਦੀ ਏਕਤਾ' 'ਤੇ ਵੀ ਜ਼ੋਰ ਦਿੱਤਾ। 'ਸਭ ਮਹਿ ਜੋਤੁ ਜੋਤਿ ਹੈ ਸੋਇ' ਤਾਂ ਉਨ੍ਹਾਂ ਦੀ ਨਿੱਤ ਦੀ ਆਰਤੀ ਹੈ। ਉਹ ਜਿੱਥੇ ਪ੍ਰਭੂ ਦੀ ਆਰਤੀ 'ਗਗਨ ਮਹਿ ਥਾਲੁ ਰਵਿ ਚੰਦ ਦੀਪਕ' ਬਣਾ ਕੇ ਉਤਾਰਦੇ ਹਨ ਉਹ ਉਥੇ 'ਸਹਸ ਤਵ ਨੈਨ, ਨਨ ਨੈਨ ਹੈ ਤੋਹਿ ਕਉ', ਆਖ ਕੇ ਸਰਬ ਜੀਆਂ ਦੀ ਏਕਤਾ ਵੀ ਪ੍ਰਗਟਾਉਂਦੇ ਹਨ। ਮਨੁੱਖ ਮਨੁੱਖ ਵਿਚ ਵਿਤਕਰਾ ਇਸੇ ਕਰਕੇ ਹੈ ਕਿਉਂਕਿ ਅਜੇ ਤੱਕ ਮਨੁੱਖ ਅਤੇ ਵਾਹਿਗੁਰੂ ਦਾ ਸੰਬੰਧ ਹੀ ਨਹੀਂ ਜਾਣਿਆ ਜਾ ਸਕਿਆ। ਉਨ੍ਹਾਂ ਦੀ ਨਜ਼ਰ ਵਿਚ ਇਹ ਸੋਚਣੀ 'ਫਕੜ ਤੁੱਲ' ਹੈ ਕਿ ਕੋਈ ਮਨੁੱਖ ਉਚ ਹੈ ਅਤੇ ਕੋਈ ਨੀਚ। ਸਭ ਉੱਤੇ ਇਕੋ ਛਾਂ ਹੈ। ਇਕੋ ਹੀ ਸਾਇਆ ਹੈ। ਫਿਰ ਉਨ੍ਹਾਂ ਧਰਮ ਖ਼ਿਆਲਾਂ ਦੀ ਏਕਤਾ 'ਤੇ ਵੀ ਜ਼ੋਰ ਦਿੱਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਸ਼ਾਸਤਰ ਦੀ ਵਿਆਖਿਆ ਕਰਨ ਵਾਲੇ ਵੱਖ-ਵੱਖ ਦ੍ਰਿਸ਼ਟੀਕੋਣ ਦਰਸਾਉਂਦੇ ਹਨ ਪਰ ਨਿਸ਼ਾਨਾ ਸਭ ਦਾ ਇਕੋ ਹੈ। ਰਾਗ ਗਉੜੀ ਵਿਚ ਗੁਰੂ ਨਾਨਕ ਦੇਵ ਜੀ ਫ਼ਰਮਾਂਦੇ ਹਨ : 'ਰਾਹ ਦੋਵਹਿ, ਖਸਮ ਏਕੋ ਜਾਣੁ।' ਇਹ ਹੀ ਕਾਰਨ ਹੈ ਕਿ ਉਹ ਪਰਮਾਤਮਾ ਦੀ ਉਪਮਾ ਕਰਦੇ ਇਸਲਾਮੀ ਜਾਂ ਹਿੰਦਵੀ ਉਪਮਾਵਾਂ ਨੂੰ ਨਿਝੱਕ ਵਰਤ ਜਾਂਦੇ ਹਨ :

> **"ਅਲਾਹੁ, ਅਲਖੁ, ਅਗੰਮੁ, ਕਾਦਰੁ, ਕਰਣਹਾਰੁ ਕਰੀਮੁ।**
> **ਸਭ ਦੁਨੀ ਆਵਣ ਜਾਵਣੀ, ਮੁਕਾਮੁ ਏਕ ਰਹੀਮੁ'।੬।**[1]

ਜਿੱਥੇ ਉਨ੍ਹਾਂ ਜ਼ਾਤ, ਜਨਮ, ਜਿਸਮ ਦੇ ਇਕ ਹੋਣ ਦੀ ਗੱਲ ਕਹੀ ਉਥੇ ਜਿਨਸ (ਸੈਕਸ) ਦੇ ਵਖੇਵੇਂ ਵੀ ਮੁਕਾਉਣ 'ਤੇ ਜ਼ੋਰ ਦਿੱਤਾ। ਜੋ ਲੋਕ ਇਹ ਪਰਚਾਰਦੇ ਸਨ ਕਿ ਔਰਤ ਇਕ ਮਜ਼ੇਦਾਰ ਗ਼ਲਤੀ ਹੈ, ਨਿੰਦਨੀਯ ਹੈ, ਨਾ ਮੁਕੰਮਲ ਵਸਤੂ ਹੈ, ਉਨ੍ਹਾਂ ਨੂੰ ਟੋਕਦੇ ਕਿਹਾ, ਅਜੀਬ ਹੈ ਤੁਹਾਡੀ ਮੰਤਕ ਕਿ ਜੋ ਕਥਿਤ ਨਹਿਕਲੰਕੀ ਰਾਜਾਨ ਨੂੰ ਪੈਦਾ ਕਰੇ ਉਹ ਤਾਂ ਕਲੰਕਣੀ ਪਰ ਜਿਸ ਭਾਂਡੇ ਤੋਂ ਉਹ ਰਾਜਾ ਉਪਜਿਆ ਉਹ ਨਿਹਕਲੰਕ :

> **'ਸੋ ਕਉ ਮੰਦਾ ਆਖੀਐ,**
> **ਜਿਤੁ ਜੰਮੈ ਰਾਜਾਨ।'**

ਔਰਤ ਤਾਂ ਸਗੋਂ ਸੰਜਮ ਦੇ ਬੰਧੇਜ ਦਾ ਚਿੰਨ੍ਹ ਹੈ :

> **'ਭੰਡਿ ਹੋਵਹਿ ਬੰਧਾਨ।'**

ਭਾਈ ਗੁਰਦਾਸ ਜੀ ਇਸ ਲਈ ਗੁਰੂ ਨਾਨਕ ਦੇਵ ਜੀ ਨੂੰ ਜਗਤ ਗੁਰੂ ਕਹਿੰਦੇ ਹਨ :

---

1. ਸ੍ਰੀ ਰਾਗ ਮਹਲਾ ੧, ਅਸਟਪਦੀਆਂ, ਪੰਨਾ ੬੪, ਗੁਰੂ ਗ੍ਰੰਥ ਸਾਹਿਬ।

Sri Satguru Jagjit Singh Ji eLibrary NamdhariElibrary@gmail.com

'ਚਹੁ ਵਰਣਾਂ ਦਾ ਉਪਦੇਸ਼ ਛਿਅ ਦਰਸ਼ਨ ਸਭ ਸੇਵਕ ਸੇਉ।
ਜਗਤ ਗੁਰੂ—ਗੁਰੂ ਨਾਨਕ ਦੇਉ॥ ੨॥ ੨੪॥

ਸਿਆਸੀ ਤੌਰ ਤੇ ਉਹ ਊਚ-ਨੀਚ, ਰਾਜਾ ਪਰਜਾ, ਹਾਕਮ ਤੇ ਹਜ਼ੂਰ ਦੀ ਵੰਡ ਨੂੰ ਠੀਕ ਨਹੀਂ ਸਨ ਸਮਝਦੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੋ ਹਿੰਦੁਸਤਾਨ ਇਹ ਸੁਣ ਰਿਹਾ ਸੀ, 'ਰਾਜਾ ਨਿਹਕਲੰਕੀ ਹੈ' ਉਸੇ ਨੂੰ ਸੰਬੋਧਨ ਕਰਕੇ ਆਖਿਆ ਗਿਆ ਕਿ ਰਾਜੇ ਸ਼ੀਂਹ ਹੋ ਗਏ ਹਨ ਅਤੇ ਉਨ੍ਹਾਂ ਦੇ ਕਰਮਚਾਰੀ ਕੁੱਤੇ। 'ਰਾਜੇ ਸੀਂਹ ਮੁਕਦਮ ਕੀਤੇ।' ਕਉਨ ਕਹਿੰਦਾ ਹੈ ਕਿ ਰਾਜਾ ਕਦੇ ਗ਼ਲਤੀ ਨਹੀਂ ਕਰਦਾ (King can do no wrong), ਉਨ੍ਹਾਂ ਦੀਆਂ ਗ਼ਲਤੀਆਂ ਦੀ ਸਜ਼ਾ ਤਾਂ ਅਸੀਂ ਭੁਗਤ ਰਹੇ ਹਾਂ। ਜਦ ਮੁਗ਼ਲ ਪਠਾਣਾਂ ਦੀ ਲੜਾਈ ਹੋਈ ਤਾਂ ਮੁਗ਼ਲ ਜਿੱਤ ਗਏ ਕਿਉਂਕਿ ਉਹ ਤੋਪਾਂ, ਘੋੜਿਆਂ ਨਾਲ ਲੈਸ ਹੋ ਕੇ ਆਏ ਤੇ ਇਹ ਪਠਾਣ ਸ਼ਾਹ, ਜੋ ਸੁੱਤੇ ਹੋਏ ਸਨ, ਇਕ ਹਮਲਾ ਵੀ ਨਾ ਸਹਾਰ ਸਕੇ।

ਗੁਰੂ ਨਾਨਕ ਦੇਵ ਜੀ ਤਾਂ ਇਕ ਪਰਮਾਤਮਾ ਦੀ ਬਾਦਸ਼ਾਹਤ ਵਿਚ ਯਕੀਨ ਕਰਦੇ ਸਨ। 'ਏਕੋ ਹੁਕਮ ਵਰਤੈ ਸਭ ਲੋਇ' ਉਨ੍ਹਾਂ ਦਾ ਫ਼ਰਮਾਨ ਹੈ। ਉਸ ਬਾਦਸ਼ਾਹਤ ਵਿਚ ਕੋਈ ਰਾਜਾ, ਪਰਜਾ ਜਾਂ ਕੋਈ ਦੂਜਾ ਹੁਕਮ ਦੇਣ ਵਾਲਾ ਨਹੀਂ :

'ਰਯਤਿ ਰਾਜੇ ਕਹਾ ਸਬਾਏ,
ਦੁਹੁ ਅੰਤਰ ਸੋ ਜਾਸੀ।
ਕਹਤ ਨਾਨਕੁ ਗੁਰ ਸਚੇ ਕੀ ਪਉੜੀ, ਰਹਸੀ ਅਲਖ ਨਿਵਾਸੀ।'

(ਮਾਰੂ ਕਾਫੀ ਮ: ੧, ਪੰਨਾ ੧੦੧੬)

ਗੁਰੂ ਨਾਨਕ ਦੇਵ ਜੀ ਇਹ ਹੀ ਚਾਹੁੰਦੇ ਹਨ ਕਿ ਆਦਲ ਇਨਸਾਫ਼ ਕਰੇ, ਜ਼ਾਲਮ ਜ਼ੁਲਮ ਨਾ ਕਰ ਸਕਣ। ਕੋਈ ਕਿਸੇ ਨੂੰ ਜ਼ੋਰ ਨਾਲ ਜ਼ਖਮੀ ਨਾ ਕਰੇ ਤੇ ਰਾਜ ਸਾਰਿਆਂ ਲਈ ਹੋਵੇ ਜਿਸ ਵਿਚ ਸ਼ੋਰ ਸ਼ਰਾਬਾ ਨੂੰ ਥਾਂ ਨਾ ਹੋਵੇ :

'ਇਕ ਛਤ ਰਾਜ ਕਮਾਂਵਦਾ, ਦੁਸ਼ਮਨ ਦੂਤ ਨ ਸ਼ੋਰ ਸ਼ਰਾਬਾ।
ਆਦਲ ਅਦਲ ਚਲਾਇੰਦਾ, ਜ਼ਾਲਮ ਜ਼ੁਲਮ ਨ ਜ਼ੋਰ ਜ਼ਰਾਬਾ।
ਜ਼ਾਹਰ ਪੀਰ ਜਗਤ ਗੁਰੂ ਬਾਬਾ।'

ਜ਼ਿੰਦਗੀ ਉਹ ਹੀ ਹੈ ਜੋ ਅਣਖ ਵਾਲੀ ਹੈ। ਵਿਚੋਂ ਅਣਖ ਹੀ ਨਿਕਲ ਗਈ ਤਾਂ ਕੁਝ ਵੀ ਪੈਦਾ ਨਹੀਂ ਹੋਣ ਲੱਗਾ। ਆਸਾ ਦੀ ਵਾਰ ਦੀ ਗਯਾਰਵੀਂ ਪਉੜੀ ਦੇ ਨਾਲ ਲਗਦੇ ਪਹਿਲੇ ਸਲੋਕ ਵਿਚ ਫ਼ਰਮਾਂਦੇ ਹਨ :

'ਬੀਉ ਬੀਜਿ ਪਤਿ ਲੈ ਗਏ,
ਅਬ ਕਿਉਂ ਉਗਵੈ ਦਾਲਿ।' [1]

ਅਤੇ ਫਿਰ ਮਾਝ ਰਾਗ ਦੀ ਵਾਰ ਵਿਚ ਉਚਾਰਦੇ ਹਨ :

'ਜੇ ਜੀਵੈ ਪਤਿ ਲਥੀ ਜਾਇ।
ਸਭੁ ਹਰਾਮੁ ਜੇਤਾ ਕਿਛੁ ਖਾਇ।' [2]

---

1. ਆਸਾ ਦੀ ਵਾਰ, ਗੁਰੂ ਗ੍ਰੰਥ ਸਾਹਿਬ, ਪੰਨਾ ੪੬੮।
2. ਗੁਰੂ ਗ੍ਰੰਥ ਸਾਹਿਬ, ਪੰਨਾ ੧੪੨।

Sri Satguru Jagjit Singh Ji eLibrary NamdhariElibrary@gmail.com

ਕਿੰਨੀ ਕੁ ਦਲੇਰੀ ਉਹ ਸਿੱਖਾਂ ਵਿਚ ਆਪਣੇ ਤਨ 'ਤੇ ਤਸੀਹੇ ਲੈ ਕੇ ਭਰ ਰਹੇ ਹਨ, ਉਸ ਦਾ ਪ੍ਰਮਾਣ ਮਾਝ ਰਾਗ ਦੇ ਸਲੋਕ ਹਨ, ਜਿਸ ਵਿਚ ਉਹ ਲਿਖਦੇ ਹਨ :

'ਜੇ ਦੇਹੈ ਦੁਖ ਲਾਈਐ, ਪਾਪ ਗਰਹ ਦੁਇ ਰਾਹੁ।
ਰਤ ਪੀਣੇ ਰਾਜੇ ਸਿਰੈ ਉਪਰਿ ਰਖੀਐ ਏਵੈ ਜਾਪੈ ਭਾਉ।'
ਭੀ ਤੂੰ ਹੈ ਸਲਾਹਣਾ, ਆਖਣ ਲਹੈ ਨ ਚਾਉ।

ਸੰਗਤਿ : ਗੁਰੂ ਨਾਨਕ ਦੇਵ ਜੀ ਜਿੱਥੇ ਜਾਂਦੇ ਸਨ, ਉਥੇ ਸੰਗਤਾਂ ਅਸਥਾਪਨ ਕਰਦੇ ਸਨ। ਸੰਗਤਾਂ ਭਾਵੇਂ ਕਈ ਪ੍ਰਕਾਰ ਦੀਆਂ ਹੁੰਦੀਆਂ ਸਨ, ਪਰ ਹੁੰਦੀਆਂ ਸਾਰੀਆਂ ਸੰਗਤਾਂ ਹੀ ਸਨ। ਜਿਵੇਂ ਪੱਕੀ ਸੰਗਤਿ, ਹਜ਼ੂਰੀ ਸੰਗਤਿ, ਬੜੀ ਸੰਗਤਿ ਜਾਂ ਛੋਟੀ ਸੰਗਤਿ। ਸੰਗਤਿ ਬਣਾਉਣੀ ਤੇ ਧਰਮਸਾਲ ਉਸਾਰਨਾ ਉਨ੍ਹਾਂ ਦਾ ਮੁੱਖ ਮੰਤਵ ਲਗਦਾ ਸੀ। 'ਸਾਧੂ ਨ ਚਲੇ ਜਮਾਤ' ਹਿੰਦੁਸਤਾਨ ਸੁਣ-ਸੁਣ ਕੇ ਅੱਕ ਗਿਆ ਸੀ। ਬਾਬੇ ਦਾ ਇਨਕਲਾਬ ਹੀ ਹੈ ਕਿ ਉਸ ਨੇ ਸਾਧੂਆਂ ਦੀ ਹੀ ਸੰਗਤਿ, ਸਾਧ ਸੰਗਤਿ ਬਣਾਈ।

ਦੂਜੇ, ਵਾਹਿਗੁਰੂ ਪ੍ਰਾਪਤੀ ਦੇ ਕਈ ਰਾਹ ਪ੍ਰਚੱਲਤ ਸਨ। ਇਕ ਕਰਮ ਦਾ, ਦੂਜਾ ਗਿਆਨ ਦਾ, ਜਿਵੇਂ ਨਦੀ ਨੂੰ ਪਾਰ ਕਰਨ ਦੇ ਦੋ ਰਾਹ ਹਨ। ਜਾਂ ਛਾਲ ਮਾਰ ਪਾਰ ਹੋਇਆ ਜਾਏ ਜਾਂ ਤਰ ਲੰਘਿਆ ਜਾਏ। ਇਸ ਤਰ੍ਹਾਂ ਸੰਸਾਰ ਸਮੁੰਦਰ ਤੋਂ ਪਾਰ ਹੋਣ ਦੇ ਦੋ ਰਾਹ ਸਨ। ਇਕ ਕਰਮ ਯੋਗ ਦਾ ਜਾਂ ਛਾਲ ਮਾਰ ਪਾਰ ਹੋਣ ਦਾ, ਦੂਜਾ ਗਿਆਨ ਦਾ, ਤਰ ਨਿਕਲ ਜਾਣ ਦਾ। ਤੀਜਾ ਰਾਹ ਹੈ ਕਿ ਇਕ ਪੁਲ ਬਣਾ ਦਿੱਤਾ ਜਾਏ ਜਾਂ ਬੇੜੀ ਰੱਖ ਦਿੱਤੀ ਜਾਏ। ਗੁਰੂ ਨਾਨਕ ਦੇਵ ਜੀ ਨੇ ਸਾਧ ਸੰਗਤਿ ਦਾ ਪੁਲ ਤੇ ਸੰਗਤ-ਰੂਪੀ ਤੁਲਹਾ, ਬੇੜੀ ਬਣਾਈ। ਹਰ ਕੋਈ ਸਾਧ ਸੰਗਤ ਰਾਹੀਂ ਪਾਰ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਜਾਣਦੇ ਸਨ ਕਿ ਸੰਸਾਰ ਤੋਂ ਦੂਰ ਬੈਠਾ ਯੋਗੀ ਵਿਕਾਰਾਂ ਦੀ ਇਕ ਚੋਟ ਵੀ ਨਹੀਂ ਸਹਾਰ ਸਕਦਾ। ਗਿਆਨ ਅਹੰਕਾਰ ਪੈਦਾ ਕਰਨ ਦਾ ਕਾਰਨ ਬਣਦਾ ਹੈ। ਅਹੰਕਾਰ ਤੇ ਵਕਾਰ ਦੋਵੇਂ ਹੀ ਵਾਹਿਗੁਰੂ ਦੇ ਵਿਰੋਧੀ ਹਨ।

ਤੀਜੇ, ਗੁਰੂ ਨਾਨਕ ਜੀ ਵਿਅਕਤੀਗਤ ਭਾਵਾਂ ਨੂੰ ਚੰਗਾ ਨਹੀਂ ਸਨ ਸਮਝਦੇ। ਉਹ ਜਮਾਤੀ ਭਾਵ ਪੈਦਾ ਕਰਨਾ ਲੋੜਦੇ ਸਨ। ਆਪਣੀ ਭੁੱਖ ਮਿਟਾ ਲੈਣੀ ਜਾਤੀਪੁਣਾ ਹੈ ਜਾਂ ਖ਼ੁਦਗਰਜ਼ੀ ਹੈ। ਇਹ ਅਹਿਸਾਸ ਪੈਦਾ ਹੋ ਜਾਏ ਕਿ ਜਦ ਤੱਕ ਸਾਰੇ ਭੁੱਖੇ ਹਨ, ਮੈਨੂੰ ਸ਼ਾਂਤੀ ਨਹੀਂ, ਸੰਗਤੀ ਭਾਵ ਪੈਦਾ ਕਰ ਦੇਵੇਗਾ। ਇਹ ਵੀ ਸੰਨਿਆਸੀ ਦੀ ਸਵਾਰੀ ਹੋਈ ਕਿਸਮ ਹੈ ਕਿ ਸਾਨੂੰ ਕੀ ਜੋ ਮਰਜ਼ੀ ਪਿਆ ਹੋਵੇ। ਗੁਰੂ ਜੀ ਕਹਿੰਦੇ ਹਨ ਕਿ ਸਾਨੂੰ ਹੈ, ਜੇ ਨਾਲ ਦਾ ਗਵਾਂਢੀ ਦੁਖੀ ਹੈ। ਭਾਈ ਲਾਲੋ ਨੇ ਗੁਰੂ ਨਾਨਕ ਦੇਵ ਜੀ ਲਈ ਵੱਖਰਾ ਚੌਂਕਾ ਸਵਾਰਿਆ ਤੇ ਪ੍ਰਸ਼ਾਦ ਛਕਣ ਲਈ ਕਿਹਾ ਤਾਂ ਉਨ੍ਹਾਂ ਦਾ ਇਹ ਕਹਿਣਾ, 'ਲਾਲੋ! ਸਾਰੀ ਧਰਤੀ ਹੀ ਮੇਰਾ ਚੌਂਕਾ ਹੈ'। ਸੰਗਤੀ ਤੇ ਪੰਗਤੀ ਭਾਵ ਉਪਜਾਉਣ ਲਈ ਸੀ।

ਇਕੱਲਿਆਂ ਤੁਰਨਾ ਅਤੇ ਜੂਝਣਾ ਆਸਾਨ ਹੈ ਪਰ ਇਕ ਹੋਰ ਨੂੰ ਨਾਲ ਲੈ ਕੇ ਤੁਰਨਾ ਹੋਵੇ ਤਾਂ ਜ਼ੋਰ ਬੇਸ਼ੱਕ ਘੱਟ ਲਗਦਾ ਹੈ ਪਰ ਸਾਵਧਾਨੀ ਦੀ ਲੋੜ ਵਧ ਜਾਂਦੀ ਹੈ। ਨਾਲੇ ਦੂਹਰਾ ਕੰਮ ਹੋ ਜਾਂਦਾ ਹੈ, ਇਕ ਆਪਣੇ ਆਪ ਨੂੰ ਤੋਰੀ ਰੱਖਣਾ ਤੇ ਦੂਜੇ ਸਾਥ ਨੂੰ ਨਾਲ ਲੈ ਕੇ ਤੁਰਨਾ। 'ਸੰਗਤਿ' 'ਤੇ ਜ਼ੋਰ ਦੇਣ ਦਾ ਇਹ ਵੀ ਇਕ ਕਾਰਨ ਸੀ ਕਿ ਭੇਖ, ਵਰਣ

Sri Satguru Jagjit Singh Ji eLibrary NamdhariElibrary@gmail.com

ਤੇ ਜਾਤ ਤੋਂ ਸਿੱਖ ਉੱਚਾ ਹੋ ਜਾਏ। ਇਸ ਆਸ਼ੇ ਦੀ ਪੂਰਨ ਸ਼ਕਲ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਪੰਥ ਸਾਜਿਆ। ਭਾਈ ਗੁਰਦਾਸ ਜੀ (ਦੂਜੇ) ਦੇ ਸ਼ਬਦਾਂ ਵਿਚ 'ਸੰਗਤ ਕੀਨੀ ਖਾਲਸਾ'। ਇਹ ਸੰਗਤ ਹੀ ਪੰਥ ਰੂਪ ਹੋ ਨਿਬੜੀ। ਪੰਥ ਇਕ ਚਲਣ ਹਿਲਣ ਵਾਲੀ ਸ਼ਕਤੀ ਭਰਪੂਰ (ਡਾਇਨੈਮਿਕ) ਸੰਗਤ ਹੀ ਹੈ।

ਜਦ ਸਿੱਧਾਂ ਪੁੱਛਿਆ ਵੀ ਕਿ ਤੁਸੀਂ ਆਪਣਾ ਧਰਮ-ਮਹੱਲ ਕਿਨ੍ਹਾਂ ਥੰਮ੍ਹੀਆਂ ਦੇ ਸਹਾਰੇ ਖੜ੍ਹਾ ਕਰੋਗੇ ਤਾਂ ਗੁਰੂ ਨਾਨਕ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਫ਼ਰਮਾਇਆ : ਗੁਰੂ ਸੰਗਤ ਤੇ ਬਾਣੀ।' ਭਾਈ ਗੁਰਦਾਸ ਜੀ ਨੇ ਇਸੇ ਭਾਵ ਵਿਚ ਲਿਖਿਆ ਹੈ :

ਧਰਮਸਾਲ ਕਰਤਾਰਪੁਰ ਸਾਧ ਸੰਗਤ ਸਚ ਖੰਡ ਵਸਾਯਾ।
ਵਾਹਿਗੁਰੂ ਗੁਰੂ ਸ਼ਬਦ ਸੁਣਾਯਾ। ੧॥ ੨੪॥

ਪਵਿੱਤਰਤਾ ਤੇ ਸਰਲਤਾ (**ਸਾਦਗੀ ਤੇ ਪਾਕੀਜ਼ਗੀ**) : ਗੁਰੂ ਨਾਨਕ ਦੇਵ ਜੀ ਸੰਸਾਰ ਤੋਂ ਨੱਸਿਆਂ ਹੋਇਆਂ ਨੂੰ ਸਮਾਜਿਕ ਜੀਵ ਬਣਾ ਕੇ ਲੋਕਾਂ ਦੇ ਦੁਖੜੇ ਸਹਾਰਨ ਲਈ ਪ੍ਰੇਰਨਾ ਚਾਹੁੰਦੇ ਸਨ। ਉਹ ਜਾਣਦੇ ਸਨ ਕਿ ਗ੍ਰਹਿ ਤਜ ਜਾਣਾ, ਜੰਗਲਾਂ ਵਿਚ ਵੱਸਣਾ ਆਸਾਨ ਹੈ ਪਰ ਗ੍ਰਹਿਸਤੀ ਬਣ ਕੇ ਆਪਣੇ ਕੁਟੰਬ ਨੂੰ ਪਾਲਣਾ ਤੇ ਫਿਰ ਗੁਆਂਢੀ ਦਾ ਦਰਦ ਰੱਖਣਾ ਕਠਨ ਜਿਹਾ ਕਰਮ ਹੈ। ਸੀ. ਐਚ. ਪੇਨ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਮੱਤ ਹੈ ਕਿ ਜਿੱਥੇ ਤੂੰ ਬੈਠਾ ਹੈਂ ਉਥੇ ਹੀ ਉਸ ਨੂੰ ਪਾ ਸਕਦਾ ਹੈਂ। ਅਮਲੀ ਧਰਮ ਗੁਰੂ ਨਾਨਕ ਦੇਵ ਜੀ ਨੇ ਦਰਸਾਇਆ। ਮੁਸਲਮਾਨਾਂ, ਹਿੰਦੂਆਂ, ਕਿਸਾਨਾਂ, ਦੁਕਾਨਦਾਰਾਂ, ਸਿਪਾਹੀਆਂ, ਗ੍ਰਹਿਸਤੀਆਂ ਨੂੰ ਉਨ੍ਹਾਂ ਦੇ ਆਪਣੇ ਧਰਮਾਂ ਤੇ ਧੰਦਿਆਂ ਵਿਚ ਰਹਿੰਦੇ ਹੋਏ ਕਾਮਯਾਬੀ ਦਾ ਰਾਹ ਦਿੱਤਾ। ਗੁਰੂ ਜੀ ਨੇ ਫੋਕੀਆਂ ਫ਼ਿਲਾਸਫ਼ੀਆਂ, ਗੀਤਾਂ, ਰਸਮਾਂ-ਰਿਵਾਜਾਂ ਤੋਂ ਉਤਾਂਹ ਚੁੱਕ ਕੇ ਲੋਕਾਂ ਨੂੰ ਉਠਾਇਆ। ਕਿਸੇ ਕਿੱਤੇ ਨੂੰ ਉੱਤਮ, ਮੱਧਮ ਜਾਂ ਨਖਿਧ ਨਾ ਕਹਿ ਕੇ ਕਿਰਤ ਦੀ ਸੁੱਚਤਾ ਦਰਸਾਈ। ਖੇਤੀ ਕਰਦਿਆਂ ਵੀ 'ਮਨ ਕਾਬੂ' ਕਰਨ ਦੀ ਲੋੜ ਹੈ, ਚਾਕਰੀ ਕਰਦਿਆਂ ਵੀ 'ਚਿਤ ਲਗਾਉਣਾ' ਪੈਂਦਾ ਹੈ। ਦੁਕਾਨਦਾਰੀ ਕਰਦਿਆਂ ਵੀ ਸਾਵਧਾਨੀ ਤੇ ਚੇਤਨਤਾ ਦੀ ਲੋੜ ਹੈ ਤੇ ਵਪਾਰ ਕਰਦਿਆਂ ਤਾਂ ਸਦ ਸਦਾ ਜਾਗਤ ਜਾਂ ਸੁਚੇਤ ਹੋਣ ਦੀ। ਕਿਸਾਨ, ਜੇ ਵਤਰ ਪਏ 'ਤੇ ਆਲਸ ਕਰ ਸੁੱਤਾ ਰਵ੍ਹੇ ਤਾਂ ਵੀ ਮਰਿਆ ਤੇ ਵਪਾਰੀ ਜੇ ਦੂਜੀ ਮੰਡੀ ਦਾ ਭਾਅ ਜਾਣੇ ਬਗ਼ੈਰ ਮਾਲ ਲੁਟਾਈ ਜਾਏ ਤਾਂ ਵੀ ਮਰਿਆ। ਜੇ 'ਮਨੁ ਹਾਲੀ, ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ' ਦੀ ਲੋੜ ਹੈ ਤਾਂ 'ਸੁਣਿ ਸਾਸਤ ਸਉਦਾਗਰੀ, ਸਤੁ ਘੋੜੇ ਲੈ ਚਲੁ'[1] ਦੀ ਵੀ ਅਵੱਸ਼ਕਤਾ ਹੈ। ਉਨ੍ਹਾਂ ਦਾ ਮੁੱਖ ਵਾਕ ਸੀ 'ਖੇਤੀ ਵਣਜ ਨਾਵੈ ਕੀ ਓਟ।' ਖੇਤੀ ਜਾਂ ਵਪਾਰ ਕਰਦੇ ਵੀ ਨਾਮ ਖੱਟਿਆ ਜਾ ਸਕਦਾ ਹੈ।

ਮੁਸਲਮਾਨਾਂ ਨੂੰ ਸੱਚ, ਹਲਾਲ, ਸਰਬੱਤ ਦਾ ਭਲਾ, ਨਿਯਤ ਸਾਫ਼ ਅਤੇ ਰੱਬ ਦੇ ਡਰ ਵਿਚ ਰਹਿਣ ਵਾਲੀਆਂ ਪੰਜ ਨਮਾਜ਼ਾਂ ਦੱਸੀਆਂ। ਮੁਸਲਮਾਨ ਤਾਂ ਉਹ ਹੈ ਜਿਸ ਨੂੰ ਮਜ਼ੁਬ ਪਿਆਰਾ ਲੱਗੇ, ਧਰਮ ਦੀ ਅਗਵਾਈ ਵਿਚ ਟੁਰੇ, ਰੱਬ ਦੇ ਕੀਤੇ ਨੂੰ ਸਿਰ 'ਤੇ ਮੰਨੇ,

1. ਸੋਰਠਿ ਮਹਲਾ ੧, ਪੰਨਾ ੫੯੫.

Sri Satguru Jagjit Singh Ji eLibrary NamdhariElibrary@gmail.com

ਕਾਦਰ ਨੂੰ ਸਭ ਕੁਝ ਕਰਨ ਵਾਲਾ ਜਾਣੇ ਅਤੇ ਬਦੀ ਮਿਟਾ ਦੇਵੇ। ਰੱਬ ਦੀ ਖ਼ਲਕਤ ਨਾਲ ਪਿਆਰ ਕਰੇ। ਕਾਫ਼ਰ ਕਿਸੇ ਨੂੰ ਨਾ ਆਖੇ।

"ਅਵਲਿ, ਅਉਲਿ ਦੀਨੁ ਕਰਿ ਮਿਠਾ,
ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮੁ ਦੀਨ ਮੁਹਾਣੈ,
ਮਰਣ ਜੀਵਣ ਕਾ ਭਰਮ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ,
ਕਰਤਾ ਮੰਨੇ, ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹਰੰਮਤਿ
ਹੋਇ ਤ ਮੁਸਲਮਾਣੁ ਕਹਾਵੈ।" [1]

ਇਸ ਤਰ੍ਹਾਂ ਦਇਆ, ਸੰਤੋਖ, ਜਤ, ਸਤ ਵਾਲਾ ਜੰਞੂ ਪਾਉਣ ਲਈ ਹਿੰਦੂ ਨੂੰ ਕਿਹਾ। ਜੇ ਦੋਵੇਂ ਮੁਸਲਮਾਨ ਤੇ ਹਿੰਦੂ ਪ੍ਰਤੀ ਉਪਦੇਸ਼ਾਂ ਵਿਚੋਂ ਉਨ੍ਹਾਂ ਦੇ ਚਿੰਨ੍ਹ ਕੱਢ ਦਿਉ ਤਾਂ ਹਰ ਇਕ ਲਈ ਇਕੋ ਹੀ ਉਪਦੇਸ਼, ਸੱਚ (ਸੱਤ), ਹਲਾਲ, ਖ਼ੈਰ (ਦਇਆ), ਸਬਰ (ਸੰਤੋਖ), ਜਤ (ਮਲ ਖੋਵੈ) ਰਹਿ ਜਾਏਗਾ। ਸਦਾਚਾਰ ਪਰਖਣ ਵੇਲੇ ਜੰਞੂ ਪਾਉਣਾ ਜਾਂ ਨਮਾਜ਼ ਪੜ੍ਹਨ ਦੇ ਤਰਾਜ਼ੂ 'ਤੇ ਤੋਲਣਾ ਠੀਕ ਨਹੀਂ।

ਗੁਰੂ ਜੀ ਨੇ ਆਪਣੇ ਉਪਦੇਸ਼ਾਂ ਨੂੰ 'ਨਾਮਦਾਨ ਇਸ਼ਨਾਨ ਦ੍ਰਿੜ੍ਹ' ਕਰਨਾ ਵੀ ਕਿਹਾ। ਨਾਮ ਦੇ ਅਰਥ ਹਨ, ਰੱਬ ਵੱਲ ਮੂੰਹ, ਦਾਨ ਦੇ ਅਰਥ ਹਨ ਦੁਨੀਆਂ ਦਾ ਦਰਦ ਵੰਡਾਉਣਾ ਤੇ ਇਸ਼ਨਾਨ ਦੇ ਅਰਥ ਹਨ, ਆਪੇ ਵੱਲ ਦੇਖਣਾ, ਆਪਣੀ ਸ਼ਖ਼ਸੀਅਤ ਸਵਾਰਨੀ। ਨਾਮ ਦਾਨ ਨਾਲ ਸਵਾਰੀ ਹੋਈ ਸ਼ਖ਼ਸੀਅਤ ਹੀ ਕਿਸੇ ਦਾ ਕੁਝ ਸਵਾਰ ਸਕੇਗੀ। ਪਿੱਛੋਂ ਦੇ ਸਿਆਣੇ ਸਾਖੀਕਾਰਾਂ ਨੇ ਗੁਰੂ ਮਹਾਰਾਜ ਦੇ ਉਪਦੇਸ਼ਾਂ ਨੂੰ :

'ਕਿਰਤ ਕਰਨ
ਨਾਮ ਜਪਣ
ਵੰਡ ਛਕਣ'

ਵਿਚ ਸੰਕੁਚਵੇਂ ਢੰਗ ਨਾਲ ਦਰਸਾਉਣ ਦੀ ਕੋਸ਼ਿਸ਼ ਕੀਤੀ। ਡਾਕਟਰ ਮਜੀਬ ਦਾ ਖ਼ਿਆਲ ਹੈ ਕਿ ਇੰਨੀ ਸਾਦਾ, ਸਿੱਧੀ, ਸਪੱਸ਼ਟ ਤੇ ਸਰਬੰਗੀ ਵਿਆਖਿਆ ਇਸਲਾਮ ਵਿਚ ਢੂੰਡਿਆਂ ਵੀ ਨਹੀਂ ਮਿਲੇਗੀ।[2] ਕਿਰਤ ਨੂੰ ਪਹਿਲ ਦੇਣੀ, ਨਾਮ ਨੂੰ ਵਿਚਕਾਰ ਰੱਖਣਾ ਤੇ ਵੰਡ ਛੱਕਣ ਨੂੰ ਪਿੱਛੇ ਤੇ ਨਾਮ ਦੇ ਸਹਾਰੇ ਰੱਖਣਾ ਹੀ ਸਿੱਖੀ ਦਾ ਮੂਲ ਸਿਧਾਂਤ ਦ੍ਰਿੜ੍ਹਾਉਂਦਾ ਹੈ। 'ਜਪੀਐ ਨਾਮ, ਅੰਨ ਕੈ ਸਾਦਿ' ਵੀ ਗੁਰਮਤਿ ਦਾ ਸਿਧਾਂਤ ਹੈ।

1. ਗੁਰੂ ਗ੍ਰੰਥ ਸਾਹਿਬ, ਪੰਨਾ ੧੪੧ (ਮਾਝ ਕੀ ਵਾਰ ਮ: ੧)
2. But I have not found anywhere such a simple, direct and comprehensive statement of the principles which Muslims believe in and should practice."
'ਸਿੱਖ ਪ੍ਰਿੰਸੀਪਲਜ਼ ਕਾਨਫ਼ਰੰਸ' ਚੰਡੀਗੜ੍ਹ ਵਿਖੇ ਪੜ੍ਹੇ ਅਰੰਭਕ ਭਾਸ਼ਨ ਵਿਚੋਂ।

Sri Satguru Jagjit Singh Ji eLibrary NamdhariElibrary@gmail.com

'ਨਾਨਕ ਨਾਮ, ਚੜ੍ਹਦੀ ਕਲਾ, ਤੇਰੇ ਭਾਣੇ, ਸਰਬਤ ਦਾ ਭਲਾ' ਵੀ ਸਾਰੇ ਉਪਦੇਸ਼ਾਂ ਨੂੰ ਸਾਰੰਸ਼ ਰੂਪ ਵਿਚ ਦੇਣ ਦਾ ਯਤਨ ਹੈ। ਨਾਮ ਸੁਰਤਿ ਨੂੰ ਹੇਠਾਂ ਨਹੀਂ ਡਿੱਗਣ ਦੇਵੇਗਾ। ਸਦਾ ਚੜ੍ਹਦੀ ਕਲਾ ਵਿਚ ਲੈ ਜਾਈ ਰੱਖੇਗਾ, ਉੱਚੀ ਸੁਰਤਿ ਵਾਲਾ ਵਾਹਿਗੁਰੂ (ਨਾਮ) ਦੇ ਹਰ ਕਰਮ ਵਿਚ ਭਲਾ ਤੇ ਸ਼ੁਕਰ ਦੇਖੇਗਾ ਤੇ ਉਸ ਦੀ ਦ੍ਰਿਸ਼ਟੀ ਇੰਨੀ ਵਿਸ਼ਾਲ ਹੋ ਜਾਏਗੀ ਕਿ ਨਿੱਜੀ ਲਾਭ ਹਿਤ ਸੰਘਰਸ਼ ਨਹੀਂ ਕਰੇਗਾ ਸਗੋਂ ਸੰਗਤ ਤੇ ਸਰਬੱਤ ਦੇ ਭਲੇ ਲਈ ਜੂਝੇਗਾ। ਬਸ, ਇਹ ਆਖ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦਾ ਧਰਮ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਰਾਖਾ ਹੈ ਅਤੇ ਉਸ ਲਈ ਜੂਝਦਾ ਹੈ।

ਕਰਤਾਰਪੁਰ ਦਾ ਪ੍ਰਭਾਵ : ਕਰਤਾਰਪੁਰ ਦੀ ਮਰਯਾਦਾ ਸਮਝਣੀ ਕੋਈ ਸਹਿਲਾ ਕੰਮ ਨਹੀਂ ਸੀ। ਕਈ ਕਰਤਾਰਪੁਰ ਆਉਂਦੇ ਗੁਰੂ ਜੀ ਨੂੰ ਖੇਤਾਂ ਵਿਚ ਹਲ ਵਾਹੁੰਦਿਆਂ ਦੇਖ ਕੇ ਵਾਪਸ ਚਲੇ ਜਾਂਦੇ। ਕਈ ਗੁਰੂ ਜੀ ਨੂੰ ਗ੍ਰਿਹਿਸਤੀ ਦੇਖ ਨੱਕ ਚੜ੍ਹਾਉਂਦੇ। ਇਸ ਤਰ੍ਹਾਂ ਦੀਆਂ ਕਈ ਸਾਖੀਆਂ ਹੋਈਆਂ ਪਰ ਇਕ ਸਾਖੀ ਖਾਸ ਧਿਆਨ ਮੰਗਦੀ ਹੈ। ਇਕ ਸਾਧੂਆਂ ਦੀ ਮੰਡਲੀ ਆਈ ਤੇ ਉਨ੍ਹਾਂ ਨੇ ਗੁਰੂ ਜੀ ਦੇ ਮਿੱਟੀ ਵਿਚ ਲਿੱਬੜੇ ਹੱਥ ਤੇ ਸੇਵਕਾਂ ਨੂੰ ਲੱਕੜਾਂ ਪਾੜਦੇ, ਲੰਗਰ ਤਿਆਰ ਕਰਦੇ ਦੇਖ ਕਿਹਾ : 'ਗੁਰੂ ਨਾਨਕ ਤੁਸਾਂ ਤਾਂ ਸਾਨ੍ਹ (ਜਾਨਵਰ) ਪਾਲ ਰੱਖੇ ਹਨ।' ਗੁਰੂ ਨਾਨਕ ਦੇਵ ਜੀ ਨੇ ਉਸ ਦੇ ਪ੍ਰਸ਼ਨ ਦਾ ਉੱਤਰ ਦੇਣ ਦੀ ਥਾਵੇਂ ਉਸ ਟੋਲੀ ਦੇ ਮੁਖੀ ਨੂੰ ਕੁਝ ਦਿਨ ਹੋਰ ਟਿਕਣ ਲਈ ਕਿਹਾ। ਉਹ ਜਦ ਕੁਝ ਦਿਨਾਂ ਬਾਅਦ ਜਾਣ ਲੱਗੇ ਤਾਂ ਉਨ੍ਹਾਂ ਦੇ ਮੁਖੀ ਨੇ ਕਿਹਾ : ਨਾਨਕ ਜੀ, ਤੁਸਾਂ ਤਾਂ ਇਨਸਾਨ ਪਾਲ ਰੱਖੇ ਹਨ।' ਮਹਾਰਾਜ ਨੇ ਕੁਝ ਦਿਨ ਹੋਰ ਰਹਿਣ ਲਈ ਕਿਹਾ। ਜਦ ਉਹ ਫਿਰ ਜਾਣ ਦੀ ਤਿਆਰੀ ਕਰ ਕੇ ਜਾਣ ਲੱਗੇ ਤਾਂ ਕਹਿਣ ਲੱਗੇ : 'ਗੁਰੂ ਨਾਨਕ ਜੀ ਤੁਸਾਂ ਤਾਂ ਦੇਵਤੇ ਪਾਲ ਰੱਖੇ ਹਨ।' ਮਹਾਰਾਜ ਨੇ ਕੁਝ ਚਿਰ ਹੋਰ ਟਿਕਣ ਲਈ ਕਿਹਾ। ਜਦ ਉਹ ਅੰਤਮ ਵਿਦਾਇਗੀ ਲੈਣ ਲੱਗੇ ਤਾਂ ਸਾਰੇ ਗੁਰੂ ਪਾਤਸ਼ਾਹ ਦੇ ਚਰਨਾਂ 'ਤੇ ਝੁਕ ਗਏ ਤੇ ਇਕ ਜ਼ਬਾਨ ਨਾਲ ਬੋਲ ਉੱਠੇ ਕਿ 'ਮਹਾਰਾਜ ਤੁਸਾਂ ਤਾਂ ਪਰਮਾਤਮਾ ਦੇ ਰੂਪ ਪਾਲੇ ਹੋਏ ਹਨ।' ਕੈਸਾ ਸੋਹਣਾ ਭਾਈ ਵੀਰ ਸਿੰਘ ਨੇ ਲਿਖਿਆ ਹੈ ਕਿ ਗੁਰੂ ਨਾਨਕ ਜਗਤ ਵਿਚ ਆਇਆ। ਅਸੀਂ ਪਸ਼ੂ ਸਾਂ, ਸਾਨੂੰ ਆਦਮੀ ਬਣਾਇਆ। ਫਿਰ ਆਦਮੀ ਤੋਂ ਉਸ ਨੇ ਸਾਨੂੰ ਦੇਵਤੇ ਬਣਾ ਦਿੱਤਾ। ਸਾਡਾ ਹੁਣ ਧਰਮ ਇਹ ਹੀ ਹੈ ਕਿ ਧਰਮ ਦੀ ਕਿਰਤ ਕਰੀਏ, ਨਾਮ ਜਪੀਏ ਅਤੇ ਵੰਡ ਛਕੀਏ।'

ਸਮੁੱਚਾ ਸਿੱਖ ਇਤਿਹਾਸ ਬਸ ਇੰਨਾ ਹੀ ਹੈ :

ਸਤਿਗੁਰੂ ਜੀ ਜਗਤ ਵਿਚ ਆਏ, ਵਿਚਰੇ। ਉਹਨਾਂ ਨੇ ਜੀਅ ਦਾਨ, ਨਾਮ ਦਾਨ ਤੇ ਉਪਦੇਸ਼ ਦਾਨ ਦਿੱਤਾ। ਲੋਕਾਂ ਨਾਲ ਵਾਹ ਪਏ। ਮਿਹਰਾਂ ਕੀਤੀਆਂ। ਮੁਸ਼ਕਿਲਾਂ ਆਈਆਂ। ਖੇਦ ਝੱਲੇ। ਅਸੂਲ ਪਾਲੇ। ਆਪੇ ਵਾਰ। ਲੋਕੀਂ ਹਨੇਰੇ ਵਿਚੋਂ ਕੱਢੇ। ਜੀਵਤ ਭਾਵ ਵਿਚ ਆਂਦੇ। ਉਨ੍ਹਾਂ ਜੀ ਉਠਿਆਂ ਨੇ ਆਪਾ ਵਾਰ ਕਰਨੀਆਂ ਦੇ ਕਮਾਲ ਕਰ ਵਿਖਾਏ।

Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ ਸਾਧੂ ਮੰਡਲੀ ਹੀ ਉਨ੍ਹਾਂ ਸਭ ਜੀਵਾਂ, ਵਿਦਵਾਨਾਂ ਜਾਂ ਓਪਰੀ ਨਜ਼ਰ ਨਾਲ ਸਿੱਖੀ ਦੇਖਣ ਵਾਲਿਆਂ ਦਾ ਹਾਲ ਹੈ। ਜੋ ਸਿੱਖ ਨੂੰ ਦਿਨ ਰਾਤ ਕਿਰਤ ਕਰਦਾ ਦੇਖਦਾ ਹੈ, ਉਹ ਤਾਂ ਇਹ ਹੀ ਖ਼ਿਆਲ ਕਰੇਗਾ ਕਿ ਇਹ ਕੋਹਲੂ ਦੇ ਬੈਲ ਵਾਂਗੂੰ ਰੋਜ਼ੀ ਕਮਾਉਣ ਲਈ ਲੱਗੇ ਹੋਏ ਹਨ। ਜੋ ਉਨ੍ਹਾਂ ਪਾਸ ਟਿਕ ਕੇ ਉਨ੍ਹਾਂ ਦੀ ਮਨੁੱਖਾਂ ਪ੍ਰਤੀ ਸੇਵਾ, ਪਿਆਰ ਤੇ ਘਾਲਣਾ ਦੇਖੇਗਾ ਉਹ ਦੇਵਤਾ ਹੀ ਆਖੇਗਾ ਤੇ ਜੋ ਉਨ੍ਹਾਂ ਨੂੰ ਅੰਮ੍ਰਿਤ ਵੇਲੇ 'ਏਕ ਤੂ ਹੀ, ਏਕ ਤੂ ਹੀ' ਪੁਕਾਰਦਾ, ਇਕ ਮਨ ਇਕ ਚਿਤ ਧਿਆਇੰਦਾ ਦੇਖ ਲਵੇਗਾ, ਉਹ ਉਨ੍ਹਾਂ ਨੂੰ ਅਕਾਲ ਮੂਰਤ ਹੀ ਜਾਣੇਗਾ। ਕਰਤਾਰਪੁਰ ਕਰਤਾ ਹੀ ਵੱਸਦਾ ਸੀ। ਪਰ ਸਿੱਖ ਐਸਾ ਸਿੱਖਿਆ ਹੋਇਆ ਵਿਅਕਤੀ ਹੈ ਜਿਸ ਵਿਚ ਚਾਰੇ ਹੀ ਸਮੋਏ ਹੋਏ ਹਨ।

ਮੁਨਸ਼ੀ ਸੁਜਾਨ ਰਾਇ ਭੰਡਾਰੀ ਨੇ ਖਾਲਸਾ-ਤਵਾਰੀਖ਼ ਵਿਚ ਲਿਖਿਆ ਹੈ :

ਬਾਬਾ ਨਾਨਕ ਸਤਿਮਾਰਗ ਦੇ ਪਾਂਧੀਆਂ ਦੇ ਮੋਹਰੀ, ਪਾਕ-ਦਿਲੀ ਦੀ ਜਾਗਦੀ ਜੋਤ, ਰੱਬੀ ਨੂਰ ਦੇ ਚਮਤਕਾਰਾਂ ਦੇ ਚਾਨਣ-ਮੁਨਾਰੇ ਅਤੇ ਅਪਾਰ ਗੁੱਝੇ ਭੇਦਾਂ ਦੇ ਪ੍ਰਤੱਖ ਪ੍ਰਮਾਣ ਹਨ। ਜੱਗ ਨੂੰ ਜੀਵਨ ਜਾਚ ਸਿਖਲਾ ਆਪ ਇਲਾਕਾ ਬਟਾਲਾ ਦੇ ਪਿੰਡ ਵਿਚ ਇਕ ਥਾਵੇਂ ਰਾਵੀ ਦਰਿਆ ਕਿਨਾਰੇ ਟਿਕ ਗਏ। ਬ੍ਰਹਮ ਗਿਆਨ ਦੇ ਅਸਰ ਭਰੇ ਬਚਨ ਬਿਲਾਸ ਸਦਕੇ ਆਪ ਜੀ ਦੀਆਂ ਧੁੰਮਾਂ ਪੈ ਗਈਆਂ ਤੇ ਦੇਸ-ਦੇਸਾਂਤਰਾਂ ਤੋਂ ਲੋਕੀਂ ਆ ਕੇ ਉਨ੍ਹਾਂ ਦੇ ਸਿੱਖ ਬਣਨ ਲੱਗੇ।

ਕੈਸਾ ਸਮਾਜ ਤਿਆਰ ਹੋ ਗਿਆ ਸੀ, ਉਸ ਦੀ ਉਦਾਹਰਨ ਸਾਡੇ ਸਾਖੀਕਾਰਾਂ ਨੇ ਦਿੱਤੀ ਹੈ :

ਏਕ ਬਾਰ ਗੁਰੂ ਨਾਨਕ ਦੇਵ ਜੀ ਧਰਮਸਾਲ ਤੋਂ ਖੇਤਾਂ ਵੱਲ ਜਾ ਰਹੇ ਸਨ ਕੀ ਡਿੱਠੋ ਨੇ ਕਿ ਇਕ ਸਿੱਖ ਸਾਹਮਣੇ ਲੱਗੇ ਬੋਹਲ ਦੇ ਇਕ ਢੇਰ ਵਿਚੋਂ ਛੱਜਾਂ ਨਾਲ ਉਪਜ ਉਲਦ-ਉਲਦ ਦੂਜੇ ਢੇਰ ਵਿਚ ਪਾਈ ਜਾ ਰਹਿਆ ਹੈ।

ਗੁਰੂ ਨਾਨਕ ਦੇਵ ਜੀ ਰੁਕ ਗਏ ਤੇ ਪੁੱਛਿਆ :

'ਭਲੇ ਲੋਕਾ! ਐਸਾ ਕਿਉਂ ਕਰ ਰਹਿਆ ਹੈਂ?'

ਉਸ ਹੱਥ ਜੋੜ ਕਿਹਾ :

'ਮਹਾਰਾਜ! ਅਸੀਂ ਦੋ ਭਰਾ ਹਾਂ। ਮੇਰੇ ਘਰ ਸੰਤਾਨ ਨਹੀਂ, ਨਿੱਕੇ ਦਾ ਟੱਬਰ ਖੁੱਲ੍ਹਾ ਹੈ। ਫ਼ਸਲ ਦੀ ਵੰਡ ਬਰਾਬਰ ਦੀ ਕਰ, ਨਿੱਕਾ ਘਰ ਗਿਆ ਹੈ। ਉਸ ਦੀ ਲੋੜ ਮੇਰੇ ਨਾਲੋਂ ਬਹੁਤੀ ਹੈ, ਇਸ ਲਈ ਉਸ ਦੀ ਢੇਰੀ ਵਿਚ ਪਾ ਰਹਿਆ ਹਾਂ। ਉਸ ਦੀ 'ਹਉ' ਨੂੰ ਠੇਸ ਨਾ ਲੱਗੇ, ਇਸ ਲਈ ਉਸ ਦੇ ਜਾਣ ਪਿੱਛੋਂ ਇੰਝ ਪਿਆ ਕਰਦਾ ਹਾਂ।'

ਗੁਰੂ ਨਾਨਕ ਦੇਵ ਜੀ 'ਧੰਨ ਸਿੱਖੀ' ਕਹਿ ਕੇ ਖੇਤਾਂ ਨੂੰ ਚਲੇ ਗਏ।

ਜਦ ਪਰਤੇ ਤਾਂ ਗੁਰੂ ਜੀ ਕੀ ਦੇਖਦੇ ਹਨ ਕਿ ਉਨ੍ਹਾਂ ਹੀ ਢੇਰਾਂ ਪਾਸ ਖੜ੍ਹਾ ਇਕ ਸਿੱਖ ਕਾਹਲੀ-ਕਾਹਲੀ ਇਕ ਢੇਰ ਤੋਂ ਦੂਜੇ ਵਿਚ ਪਾਈ ਜਾ ਰਹਿਆ ਹੈ। ਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਨੇ ਪੁੱਛਿਆ :

'ਸਿੱਖਾ! ਇਹ ਕੀ ਕਰ ਰਹਿਆ ਹੈਂ?'

ਉਸ ਨੇ ਨਿਮਰਤਾ ਸਹਿਤ ਕਿਹਾ :

'ਸੱਚੇ ਪਾਤਸ਼ਾਹ! ਅਸੀਂ ਦੋ ਭਰਾ ਹਾਂ। ਵੱਡੇ ਭਰਾ ਦੇ ਘਰ ਆਇਆ ਗਇਆ ਬਹੁਤ ਹੈ। ਸਾਡਾ ਕੀ, ਅਸੀਂ ਜਿਉਂ-ਤਿਉਂ ਕਰ ਗੁਜ਼ਾਰਾ ਕਰ ਲਵਾਂਗੇ ਪਰ ਆਇਆ ਰਾਜ਼ੀ ਜਾਵੇ ਸੋ ਆਪਣੇ ਹਿੱਸੇ ਵਿਚੋਂ ਵੱਡੇ ਭਰਾ ਦੀ ਢੇਰੀ ਵਿਚ ਪਾ ਰਹਿਆ ਹਾਂ। ਕਾਹਲੀ ਇਸ ਲਈ ਕਿ ਮਤਾਂ ਭਰਾ ਉਤੋਂ ਨ ਆ ਜਾਏ।' ਮਹਾਰਾਜ ਨੇ ਅਸੀਸ ਦਿੱਤੀ।

Sri Satguru Jagjit Singh Ji eLibrary NamdhariElibrary@gmail.com

11

ਸਿਧ ਗੋਸ਼ਟ ਤੇ ਮੁਲਤਾਨ

ਅਚਲ ਵਟਾਲਾ : ਥਾਂ-ਥਾਂ ਪੁੱਜ ਕੇ ਗੁਰੂ ਜੀ ਸਿੱਧਾਂ ਤੇ ਪੀਰਾਂ ਨੂੰ ਸੋਝੀ ਦਿੰਦੇ ਆਏ ਸਨ। ਸਿੱਧ ਅੰਦਰੋਂ-ਅੰਦਰ ਇਸ ਤਾਕ ਵਿਚ ਸਨ ਕਿ ਕੋਈ ਐਸਾ ਅਵਸਰ ਮਿਲੇ ਜਿਸ ਰਾਹੀਂ ਗੁਰੂ ਨਾਨਕ ਦੇਵ ਜੀ ਨੂੰ ਨੀਵਾਂ ਦਿਖਲਾ ਸਕਣ। ਸ਼ਿਵਰਾਤਰੀ ਦੇ ਮੇਲੇ 'ਤੇ ਉਹਨਾਂ ਭਾਣੇ ਐਸਾ ਢੋ ਢੁਕ ਗਿਆ ਕਿ ਸਿੱਧ ਪਹਾੜਾਂ ਤੋਂ ਥੱਲੇ ਉਤਰ ਕੇ ਅਚਲ ਪੁੱਜੇ। ਗੁਰੂ ਨਾਨਕ ਦੇਵ ਜੀ ਵੀ ਪੁੱਜੇ। ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਲਈ ਸਾਰੀ ਲੁਕਾਈ ਹੀ ਟੁੱਟ ਪਈ। ਲੋਕੀਂ ਸਭ ਕੁਝ ਗੁਰੂ ਚਰਨਾਂ ਤੋਂ ਨਿਛਾਵਰ ਕਰਨ ਲੱਗੇ। ਜੋਗੀਆਂ ਨੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ : 'ਮਨ ਵਿਚ ਰਿਸਕਿ ਘਨੇਰੀ ਖਾਈ।' ਜੋਗੀਆਂ ਨੇ ਕਰਾਮਾਤਾਂ ਦਾ ਸਹਾਰਾ ਲੈ ਕੇ ਲੁਕਾਈ ਨੂੰ ਆਪਣੇ ਵੱਲ ਖਿੱਚਣਾ ਚਾਹਿਆ, ਪਰ ਬਾਬੇ ਅੱਗੇ ਇਕ ਨਾ ਚੱਲੀ। ਫਿਰ ਹੋਰ ਗੁੱਸੇ ਹੋ ਕੇ ਗੋਸ਼ਟ ਕਰਨ ਲਈ ਉਠ ਬੈਠੇ। ਪਹਿਲੀ ਗੱਲ ਉਹਨਾਂ ਦੇ ਆਗੂ ਭੰਗਰ ਨਾਥ ਨੇ ਇਹ ਕਹੀ ਕਿ ਤੁਸਾਂ ਇਹ ਗ੍ਰਿਹਸਤ ਵਿਚ ਉਦਾਸੀ ਦਾ ਮਾਰਗ ਚਲਾ ਕੇ ਦੁੱਧ ਵਿਚ ਕਾਂਜੀ ਕਿਉਂ ਪਾ ਦਿੱਤੀ ਹੈ? ਹੁਣ ਭਗਤੀ ਰੂਪੀ ਮਟਕਾ ਫਿੱਟ ਗਿਆ ਹੈ ਤੇ ਰਿੜਕਣ ਨਾਲ ਵੀ ਕੁਝ ਹੱਥ ਨਹੀਂ ਆਉਣ ਲੱਗਾ। ਇਕ ਵਾਰੀ ਤੁਸਾਂ ਵੀ ਉਦਾਸੀ ਰੀਤ ਚਲਾਈ, ਫਿਰ ਸੰਸਾਰੀ ਕੱਪੜੇ ਕਿਉਂ ਪਾ ਲਏ?

> **'ਖਾਧੀ ਖੁਣਸਿ ਜੁਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।**
> **ਪੁਛੇ ਜੋਗੀ ਭੰਗਰ ਨਾਥ ਤੁਹਿ ਦੁੱਧ ਵਿਚ ਕਿਉਂ ਕਾਂਜੀ ਪਾਈ।**
> **ਫਿਟਿਆ ਚਾਟਾ ਦੁੱਧ ਦਾ, ਰਿੜਕਿਆ ਮੱਖਣੁ ਹਥਿ ਨਾ ਆਈ।**
> **ਭੇਖ ਉਤਾਰਿ ਉਦਾਸਿ ਦਾ, ਵਤਿ ਕਿਉਂ ਸੰਸਾਰੀ ਰੀਤਿ ਚਲਾਈ।' ੪੦।੧।**

ਗੁਰੂ ਨਾਨਕ ਦੇਵ ਜੀ ਨੇ ਕਿਹਾ : ਅਸਲ ਗੱਲ ਹੋਰ ਹੈ, ਤੁਹਾਡੀ ਬੁੱਧ ਹੀ ਫਿੱਟੀ ਹੋਈ ਹੈ। ਉਸ ਵਿਚ ਜੋ ਪਾਇਆ ਜਾਏਗਾ ਫਿੱਟ ਜਾਏਗਾ। ਜੇ ਉਸ ਨੂੰ ਸਾਫ਼, ਧੋ, ਸੁਕਾ ਲਇਆ ਜਾਏ ਤਾਂ ਫਿਰ ਜੋ ਪਾਓਗੇ ਫਿੱਟੇਗਾ ਨਹੀਂ। ਭੇਖ ਰੂਪੀ, ਕੁਚੱਜੇ ਭਾਉ ਨਾਲ ਦੁੱਧ ਨੂੰ ਹੀ ਸਾੜ ਬੈਠੇ ਹੋ। ਮਹਾਰਾਜ ਦਾ ਭਾਵ ਸੀ ਕਿ ਗ੍ਰਿਹਸਤ ਤੋਂ ਅਤੀਤ ਹੋ ਕੇ ਫੇਰ ਗ੍ਰਿਹਸਤੀਆਂ ਤੋਂ ਮੰਗ ਖਾਣਾ ਹੀ, ਕੁਚੱਜਾ ਭਾਵ ਹੈ। ਜਿਨ੍ਹਾਂ ਕੋਲੋਂ ਮੰਗ ਖਾਣਾ

Sri Satguru Jagjit Singh Ji eLibrary NamdhariElibrary@gmail.com

ਉਸ ਦੀ ਨਿੰਦਿਆ ਕਰਨਾ ਹੋਰ ਮਾੜਾ ਹੈ। ਇਹ ਯਾਦ ਰੱਖੋ, ਦਿੱਤੇ ਬਿਨਾਂ ਕਦੇ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ।

'ਨਾਨਕ ਆਖੇ ਭੰਗਰ ਨਾਥ, ਤੇਰੀ ਮਾਉ ਕੁਚੱਜੀ ਆਈ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚੱਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤ ਤਜਿ ਫਿਰਿ ਉਨਕੇ ਘਰਿ ਮੰਗਣਿ ਜਾਈ।
ਬਿਨ ਦਿੱਤੇ ਕਛੁ ਹਥਿ ਨ ਆਈ।' ੪੦।੧।

ਜੋਗੀਆਂ ਇੰਨੀ ਕਰੜੀ ਗੱਲ ਸੁਣ ਕੇ ਭਬਕਾਂ ਮਾਰਨੀਆਂ ਆਰੰਭੀਆਂ ਤੇ ਸਾਰੇ ਲੋਕਾਂ ਵਿਚ ਇਹ ਪ੍ਰਚਾਰ ਕਰ ਦਿੱਤਾ ਕਿ ਗੁਰੂ ਨਾਨਕ ਛੇ ਸ਼ਾਸਤਰਾਂ ਨੂੰ ਨਿੰਦ ਰਿਹਾ ਹੈ। ਨਾਟਕ ਚੇਟਕ ਵੀ ਅਰੰਭ ਦਿੱਤੇ। ਇਕ ਪਾਸੇ ਨਿੰਦਿਆ, ਦੂਜੇ ਪਾਸੇ ਆਪਣੇ ਪੱਖ ਦਾ ਰੁਹਬ ਕਰਾਮਾਤਾਂ ਦਿਖਲਾ ਕੇ ਕੀਤਾ ਪਰ ਜਿਉਂ-ਜਿਉਂ ਉਹ ਨਿੰਦਿਆ ਕਰਨ ਤੇ ਕਰਾਮਾਤਾਂ ਦਿਖਲਾਉਣ, ਬਾਬਾ ਜੀ ਹੋਰ ਸ਼ਾਂਤ ਹੋ ਜਾਣ। ਸਿੱਧ ਆਪਣੀ ਬਾਲੀ ਅੱਗ (ਨਿੰਦਿਆ ਤੇ ਅਹੰਕਾਰ) ਵਿਚ ਆਪੇ ਹੀ ਸੜਨ ਲੱਗੇ।

'ਖਟ ਦਰਸਨ ਕਉ ਖੇਦਿਆ,
ਕਲਿ ਜੁਗਿ ਨਾਨਕ ਬੇਦੀ ਆਈ।
ਸਿਧਿ ਬੋਲਨਿ ਸਭਿ ਅਵਖਧੀਆਂ,
ਤੰਤ੍ਰ ਮੰਤ੍ਰ ਕੀ ਸੁਨੌ ਚੜ੍ਹਾਈ।
ਰੂਪ ਵਟਾਏ ਜੋਗੀਆਂ,
ਸਿੰਘ ਬਾਘ ਬਹੁ ਚਲਿਤ ਦਿਖਾਈ।
ਸਿੱਧਾਂ ਅਗਨਿ ਨ ਬੁਝੈ ਬੁਝਾਈ।'੪੧।੧।

ਜਦ ਲੋਕਾਂ 'ਤੇ ਰਤਾ ਵੀ ਪ੍ਰਭਾਵ ਨ ਪੈਂਦਾ ਉਨ੍ਹਾਂ ਨੇ ਡਿੱਠਾ ਤਾਂ ਕਹਿਣ ਲੱਗੇ ਕਿ ਤੁਸਾਂ ਕਿਹੜੀ ਕਰਾਮਾਤ ਜਗਤ ਨੂੰ ਦੱਸੀ ਹੈ ਕਿ ਇਹ ਹੋਰ ਕਰਾਮਾਤਾਂ ਦੇਖ ਕੇ ਭਰਮਦੇ ਨਹੀਂ।

'ਸਿਧਿ ਬੋਲਨਿ ਸੁਣਿ ਨਾਨਕਾ,
ਤੁਹਿ ਜਗ ਨੋ ਕਿਆ ਕਰਾਮਾਤ ਦਿਖਲਾਈ।'

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਕੋਈ ਐਸੀ ਵਸਤੂ ਨਹੀਂ ਹੈ, ਜੋ ਉਨ੍ਹਾਂ ਦਾ ਧਿਆਨ ਖਿੱਚ ਸਕੇ। ਗੁਰੂ ਸੰਗਤ ਤੇ ਬਾਣੀ ਬਿਨਾਂ ਹੋਰ ਕੋਈ ਓਟ ਮਨੁੱਖ ਦੇ ਕੰਮ ਨਹੀਂ ਆਉਣੀ। ਜਿਸ ਨੇ ਕਰਤਾ ਪੁਰਖ ਦੀ ਸ਼ਕਤੀ ਨੂੰ ਜਾਣ ਲਿਆ ਉਹ ਕਿਸੇ ਦੇ ਡੋਲਾਇਆਂ ਡੋਲਦਾ ਨਹੀਂ। ਸ਼ਬਦ ਅੱਗੇ ਕੋਈ ਕਰਾਮਾਤ, ਤੰਤ੍ਰ ਮੰਤ੍ਰ ਨਹੀਂ ਚਲ ਸਕਦਾ। 'ਸ਼ਬਦ ਗੁਰੂ ਕੇ ਕਲਾ ਛਪਾਈ।' ਸਿੱਧਾਂ ਕੋਲ ਦੋ ਹੀ ਅੱਖਰ ਸਨ 'ਦ' ਅਤੇ 'ਕ'। 'ਦ' ਦਾ ਭਾਵ ਸੀ ਦ੍ਰਿੜ੍ਹਤਾ ਜੋਗ ਦੀ ਤੇ 'ਕ' ਦਾ ਅਰਥ ਸੀ 'ਕਰਾਮਾਤ' ਦਾ ਸਹਾਰਾ। ਗੁਰੂ ਜੀ ਨੇ ਕਿਹਾ ਸਾਰੀਆਂ ਮੱਤਾਂ ਦੇਣ ਵਾਲਾ ਦਾਤਾ ਇਕ ਗੁਰ-ਸ਼ਬਦ ਹੈ ਤੇ 'ਕ' ਕਰਾਮਾਤ ਦਾ ਸਹਾਰਾ ਨਹੀਂ ਲੈਣਾ, ਉਸ ਨੂੰ ਬੇਅੰਤ ਜਾਣਨਾ ਹੈ। ਇਹ ਹੀ ਕਰਾਮਾਤ ਹੈ। ਕੁਝ ਨਾ ਚਲਦਾ ਦੇਖ, ਲਾਚਾਰ ਹੋ ਜੋਗੀ ਗੁਰੂ ਜੀ ਦੀ ਸ਼ਰਨ ਪੈ ਗਏ।

'ਬਾਬਾ ਬੋਲੇ ਨਾਥ ਜੀ, ਅਸਾਂ ਤੇ ਵੇਖਣਿ ਜੋਗੀ ਵਸਤੁ ਨ ਕਾਈ।
ਗੁਰੂ ਸੰਗਤਿ ਬਾਣੀ ਬਿਨਾਂ ਦੂਜੀ ਓਟ ਨਹੀਂ ਹਹਿ ਰਾਈ।
ਸਿਵ ਰੂਪੀ ਕਰਤਾ ਪੁਰਖ, ਚਲੇ ਨਾਹੀ ਧਰਤਿ ਚਲਾਈ।
ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ, ਸਬਦਿ ਗੁਰੂ ਕੇ ਕਲਾ ਛਪਾਈ।
ਦਦੇ ਦਾਤਾ ਗੁਰੂ ਹੈ, ਕਕੇ ਕੀਮਤ ਕਿਨੇ ਨ ਪਾਈ!
ਸੋ ਦੀਨ ਨਾਨਕ ਸਤਿਗੁਰੂ ਸਰਣਾਈ'। ੪੨। ੧।

ਗੁਰੂ ਨਾਨਕ ਦੇਵ ਜੀ ਨੇ ਫਿਰ ਜ਼ੋਰ ਦਿੰਦੇ ਹੋਏ ਫ਼ਰਮਾਇਆ ਕਿ ਸਿਰਫ਼ ਸ਼ਬਦ ਸੁਣੋ, ਉਹ ਹੀ ਨਾਮ ਪ੍ਰਗਟ ਕਰੇਗਾ ਅਤੇ ਬਗ਼ੈਰ ਸੱਚੇ ਨਾਮ ਤੋਂ ਹੋਰ ਕੋਈ ਕਰਾਮਾਤ ਨਹੀਂ ਤੇ ਉਸ ਨਾਮ ਤੋਂ ਬਗ਼ੈਰ ਸਭ ਬੱਦਲਾਂ ਦੀ ਛਾਂ ਹੀ ਹੈ।

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ, ਹੋਰੁ ਕਰਾਮਾਤਿ ਅਸਾਂ ਤੇ ਨਾਹੀ।
ਸਤਿ ਨਾਮ ਬਿਨੁ ਬਾਦਰਿ ਛਾਈ'। ੪੩। ੧।

ਅਤੇ ਇਸ ਤਰ੍ਹਾਂ ਵਿਚਾਰ ਕਰਨ ਦਾ ਸਦਕਾ :

'ਸਬਦਿ ਸਾਂਤਿ ਸਿਧਾ ਵਿਚ ਆਈ।
ਸਿਧ ਬੋਲਨਿ ਸੁਭ ਬਚਨ : ਧਨ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖ ਪਰਗਟਿਆ, ਕਲਿਜੁਗ ਅੰਦਰਿ ਜੋਤਿ ਜਗਾਈ।'

ਜਦ ਆਪ ਜੀ ਵਾਪਸ ਕਰਤਾਰਪੁਰ ਪੁੱਜੇ ਤਾਂ ਆਪ ਜੀ ਨੇ ਰਾਮਕਲੀ ਰਾਗ ਵਿਚ ਸਿਧ ਗੋਸ਼ਟ ਉਚਾਰੀ। ਸਿਧ ਗੋਸ਼ਟ ਦੀਆਂ ੭੩ ਪਉੜੀਆਂ ਹਨ ਤੇ ਉਸ ਵਿਚ ਤਕਰੀਬਨ ੧੫੩ ਪ੍ਰਸ਼ਨ ਸਿਧਾਂ ਨੇ ਉਠਾਏ ਹਨ। ਮਹਾਰਾਜ ਨੇ ਜਿਸ ਨਿਰਾਲੇ ਤੇ ਸੰਕੁਚਵੇਂ ਢੰਗ ਨਾਲ ਉੱਤਰ ਦਿੱਤੇ, ਉਹ ਗੋਸ਼ਟੀ ਦੇ ਤੱਤ 'ਤੇ ਖ਼ੂਬ ਰੌਸ਼ਨੀ ਪਾਉਂਦੇ ਹਨ। ਉਹ ਦਰਸਾ ਰਹੇ ਸਨ ਕਿ ਸਵਾਲ ਕਿੰਨਾ ਵੀ ਤਿੱਖਾ, ਚੁਭਵਾਂ ਤੇ ਨਿਜੀ ਹੋਵੇ, ਉੱਤਰ ਦੇਣ ਵਾਲੇ ਨੂੰ ਠਰ੍ਹੰਮਾ ਨਹੀਂ ਛੱਡਣਾ ਚਾਹੀਦਾ। 'ਰੋਸ ਨ ਕੀਜੈ ਉੱਤਰ ਦੀਜੈ', ਸਿਧ ਕਈ ਵਾਰੀ ਆਖਦੇ ਹਨ, ਪਰ ਮਹਾਰਾਜ ਜੀ 'ਸੰਤ ਮਿਲੈ ਸਚੁ ਪਾਈਐ' ਆਖ ਕੇ ਉਨ੍ਹਾਂ ਨੂੰ ਪ੍ਰਸ਼ਨ ਕਰਨ ਦੀ ਪੂਰੀ ਖੁੱਲ੍ਹ ਦਿੰਦੇ ਸਨ। ਸਾਰੀ ਗੋਸ਼ਟ ਦਾ ਵਿਚਾਰ ਤੱਤ ਉਹ ਰਹਾਉ ਦੀ ਤੁਕ ਵਿਚ ਦਿੰਦੇ ਹਨ। ਫ਼ਰਮਾਂਦੇ ਹਨ : "ਹੇ ਚਰਪਟ, ਦੇਸ਼-ਦੇਸ਼ਾਂਤਰਾਂ ਅਤੇ ਤੀਰਥਾਂ 'ਤੇ ਭਟਕਣ ਦਾ ਕੋਈ ਲਾਭ ਨਹੀਂ, ਸੱਚ ਨੂੰ ਕਮਾਇਆਂ ਹੀ ਸੱਚ ਪ੍ਰਾਪਤ ਹੁੰਦਾ ਹੈ, ਉਸ ਦੇ ਸੱਚੇ ਸ਼ਬਦ ਤੋਂ ਬਗੈਰ ਖ਼ਲਾਸੀ ਨਹੀਂ।'

'ਕਿਆ ਭਵੀਐ, ਸਚਿ ਸੂਚਾ ਹੋਇ।
ਸਾਚ ਸਬਦ ਬਿਨੁ, ਮੁਕਤਿ ਨ ਕੋਇ।' ੧। ਰਹਾਉ।[1]

ਜਦ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਦਾ ਨਾਂ, ਮਾਰਗ ਤੇ ਮਨੋਰਥ ਪੁੱਛਿਆ ਤਾਂ ਆਪ ਜੀ ਨੇ ਕਹਿਆ : ਜਦ ਮੈਂ ਉਸ ਦਾ ਹੀ ਜ਼ਿਕਰ ਕਰਦਾ ਹਾਂ, ਫਿਰ ਮੇਰੇ ਨਾਂ ਦੀ

---

1. ਸਿਧ ਗੋਸਟਿ, ਗੁਰੂ ਗ੍ਰੰਥ ਸਾਹਿਬ, ਪੰਨਾ ੯੩੮।

Sri Satguru Jagjit Singh Ji eLibrary NamdhariElibrary@gmail.com

ਕੀ ਲੋੜ ਹੈ? ਮਾਰਗ ਨਿਮਰਤਾ ਹੈ, ਅਰਦਾਸ ਸਾਧਨ ਅਤੇ ਭਲੇ ਪੁਰਸ਼ਾਂ ਦੀ ਰਾਖੀ ਲਈ ਆਪਾ ਵਾਰ ਦੇਣਾ ਮਨੋਰਥ ਹੈ।

'ਸਾਚੁ ਕਹਉ ਅਰਦਾਸਿ ਹਮਾਰੀ।
ਹਉ ਸੰਤ ਜਨਾ ਬਲਿ ਜਾਓ।' ੨।

ਫਿਰ ਉਨ੍ਹਾਂ ਪੁੱਛਿਆ ਕਿ ਤੁਸੀਂ ਕਿਸ ਦੇ ਆਸਰੇ ਇੰਨੇ ਸ਼ਾਂਤ ਚਿਤ ਹੋ? ਤਾਂ ਮਹਾਰਾਜ ਨੇ ਫ਼ਰਮਾਇਆ : 'ਸਰਬ ਵਿਆਪਕ ਪ੍ਰਭੂ ਦੀ ਯਾਦ ਵਿਚ ਜੁੜ ਕੇ ਹਮੇਸ਼ਾ ਸ਼ਾਂਤ-ਚਿਤ ਰਹਿੰਦਾ ਹਾਂ।'

'ਘਟਿ ਘਟਿ ਬੈਸਿ, ਨਿਰੰਤਰਿ ਰਹੀਐ।'

ਚਰਪਟ ਦਾ ਅਗਲਾ ਪ੍ਰਸ਼ਨ ਸੀ ਕਿ ਦੁਨੀਆਂ ਇਕ ਐਸਾ ਸਮੁੰਦਰ ਹੈ ਜਿਸ ਨੂੰ ਤਰਨਾ ਔਖਾ ਹੈ, ਪਾਰਲਾ ਕੰਢਾ ਕਿਵੇਂ ਲੱਭੇ?

'ਦੁਨੀਆਂ ਸਾਗਰੁ ਦੁਤਰੁ ਕਹੀਐ, ਕਿਉ ਕਰਿ ਪਾਈਐ ਪਾਰੋ।'

ਮਹਾਰਾਜ ਦਾ ਉੱਤਰ ਸੀ : 'ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪੀਏ ਤਾਂ ਪਾਰਲਾ ਕੰਢਾ ਮਿਲ ਜਾਂਦਾ ਹੈ।'

'ਸਾਚੁ ਕਹਹੁ, ਤੁਮ ਪਾਰਗਰਾਮੀ'। ੪।

ਫਿਰ ਵਿਆਖਿਆ ਕਰਦੇ ਕਹਿਆ : ਜਿਵੇਂ ਪਾਣੀ ਵਿਚ ਉੱਗਿਆ ਕੌਲ ਫੁੱਲ ਪਾਣੀ ਵਿਚ ਰਹਿੰਦਾ ਵੀ ਪਾਣੀ ਤੋਂ ਉੱਚਾ ਹੈ, ਮੁਰਗਾਈ ਪੈਰਾਂ ਨਾਲ ਤਾਂ ਪਾਣੀ ਨੂੰ ਚੀਰਦੀ ਲਿਤਾੜਦੀ ਹੈ ਪਰ ਆਪਣੇ ਖੰਭਾਂ 'ਤੇ ਪਾਣੀ ਨਹੀਂ ਪੈਣ ਦਿੰਦੀ ਕਿਉਂਕਿ ਉਸ ਸਹਾਰੇ ਹੀ ਉਸ ਨੇ ਉਡਣਾ ਹੈ, ਜੇ ਉਸ ਦੇ ਖੰਭ ਭਿੱਜ ਗਏ ਤਾਂ ਆਕਾਸ਼, ਪ੍ਰੀਤਮ ਕੇ ਦੇਸ ਕੈਸੇ ਉੱਡ ਕੇ ਪੁੱਜ ਸਕੇਗੀ। ਸੋ ਪਾਰਲਾ ਕੰਢਾ ਦੇਖਣ ਦਾ ਇਕ ਹੀ ਰਾਹ ਹੈ ਕਿ ਸੁਰਤ ਨੂੰ ਨੀਵਿਆਂ ਨਾ ਹੋਣ ਦਿੱਤਾ ਜਾਏ ਤੇ ਉਸ 'ਤੇ ਮਾਇਆ ਦਾ ਪ੍ਰਭਾਵ ਨਾ ਪੈਣ ਦਿੱਤਾ ਜਾਏ। ਸੁਰਤਿ ਕਾਇਮ ਹੈ ਤਾਂ ਉੱਡਣਾ ਆਸਾਨ ਹੈ।

ਜੈਸੇ ਜਲ ਮਹਿ ਕਮਲੁ ਨਿਰਾਲਮੁ,
ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ'। ੫।

ਜੋਗੀਆਂ ਦੇ ਆਗੂ ਲੋਹਾਰੀਪਾ ਨੇ ਆਪਣਾ ਮਾਰਗ ਦੱਸਦੇ ਹੋਏ ਕਹਿਆ ਕਿ ਉਹ ਤਾਂ ਸੰਸਾਰਕ ਝਮੇਲਿਆਂ ਤੋਂ ਦੂਰ ਜੰਗਲਾਂ ਵਿਚ ਕਿਸੇ ਰੁੱਖ ਬਿਰਛ ਹੇਠ ਰਹਿੰਦੇ ਹਨ ਤੇ ਗਾਜਰ ਮੂਲੀ ਖਾ ਕੇ ਗੁਜ਼ਾਰਾ ਕਰਦੇ ਹਨ, ਤੀਰਥ ਇਸ਼ਨਾਨ ਕਰ ਕੇ ਸੁਖ ਪ੍ਰਾਪਤ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਫ਼ਰਮਾਇਆ ਕਿ ਅਸਲ ਗਿਆਨ ਦੀ ਵੀਚਾਰ ਇਹ ਹੈ ਕਿ ਦੁਨੀਆਂ ਦੇ ਧੰਦੇ ਵਿਚ ਰਹਿੰਦੇ ਮਨੁੱਖ ਨੂੰ ਨੀਂਦ ਨਾ ਆਵੇ ਤੇ ਉਹ ਉਸ ਵਿਚ ਗ਼ਰਕ ਨਾ ਹੋਵੇ, ਵੇਖ ਪਰਾਈ ਤਰਸੇ ਨਾਂਹ, ਡੋਲੇ ਨਾਂਹ ਕਿਉਂਕਿ ਸਤਿਗੁਰ ਨੇ ਸਹਿਜ ਦਾ ਟਿਕਾਣਾ ਦਿਖਾ ਦਿੱਤਾ ਹੁੰਦਾ ਹੈ। ਸਹਿਜ ਵਿਚ ਵਿਚਰੇ ਹੋਏ ਮਨੁੱਖ ਦੀ ਨੀਂਦ ਵੀ ਘੱਟ ਤੇ ਖ਼ੁਰਾਕ ਵੀ ਥੋੜ੍ਹੀ ਹੋ ਜਾਂਦੀ ਹੈ।

'ਹਾਟੀ ਬਾਟੀ ਨੀਂਦ ਨ ਆਵੈ, ਪਰ ਘਰਿ ਚਿਤੁ ਨ ਡੋੁਲਾਈ।
ਬਿਨੁ ਨਾਵੈ ਮਨੁ ਟੇਕ ਨ ਟਿਕਈ, ਨਾਨਕ ਭੂਖ ਨ ਜਾਈ।

ਹਾਟੁ ਪਟਣੁ ਘਰੁ ਗੁਰੂ ਦਿਖਾਇਆ, ਸਹਜੇ ਸਚੁ ਵਾਪਾਰੋ।
ਖੰਡਿਤ ਨਿਦ੍ਰਾ ਅਲਪ ਅਹਾਰੰ, ਨਾਨਕ ਤਤੁ ਬੀਚਾਰੋ।' ੮।

ਉਨ੍ਹਾਂ ਦੇ ਅਗਲੇ ਮੂਲ ਪ੍ਰਸ਼ਨ ਸਨ ਕਿ ਜੀਵ ਨੂੰ ਐਸੀ ਕੀ ਮਜਬੂਰੀ ਆਣ ਪਈ ਹੈ ਕਿ ਸੱਪਣੀ ਮਾਇਆ ਇਸ ਨੂੰ ਖਾਈ ਜਾ ਰਹੀ ਹੈ ਤੇ ਅੱਗੋਂ ਬਚਾਅ ਲਈ ਕੁਝ ਵੀ ਨਹੀਂ ਕਰ ਸਕਦਾ। ਜੀਵਨ ਦਾ ਲਾਭ ਕਿਵੇਂ ਗਵਾ ਬੈਠਾ ਹੈ ਤੇ ਹੁਣ ਲਾਭ ਕਿਵੇਂ ਮਿਲੇ? ਪਾਕ ਕਿਵੇਂ ਹੋਵੇ ਤੇ ਹਨੇਰਾ ਕਿਵੇਂ ਜਾਏ?

'ਕਿਉਂ ਕਰਿ ਬਾਧਾ, ਸਰਪਨਿ ਖਾਧਾ।
ਕਿਉਂ ਕਰਿ ਖੋਇਆ, ਕਿਉਂ ਕਰਿ ਲਾਧਾ।
ਕਿਉਂ ਕਰਿ ਨਿਰਮਲੁ, ਕਿਉਂ ਕਰਿ ਅੰਧਿਆਰਾ।' ੧੪।

ਗੁਰੂ ਨਾਨਕ ਦੇਵ ਜੀ ਦਾ ਉੱਤਰ ਸੀ :

'ਦੁਰਮਤਿ ਬਾਧਾ, ਸਰਪਨਿ ਖਾਧਾ।
ਮਨਮੁਖਿ ਖੋਇਆ, ਗੁਰਮੁਖਿ ਲਾਧਾ।
ਸਤਿਗੁਰ ਮਿਲੈ ਅੰਧੇਰਾ ਜਾਇ।
ਨਾਨਕ ਹਉਮੈ ਮੇਟਿ ਸਮਾਇ।' ੧੫।

ਮਾੜੀ ਮੱਤ ਹੀ ਇਸ ਨੂੰ ਮਾਇਆ ਵਿਚੋਂ ਨਿਕਲਣ ਨਹੀਂ ਦਿੰਦੀ। ਚਸਕੇ ਇਸ ਨੂੰ ਉਸ ਵਿਚ ਖੁਭੋਈ ਰੱਖਦੇ ਹਨ। ਮਨ ਦੇ ਪਿੱਛੇ ਟੁਰਨ ਵਾਲੇ ਨੇ ਜੀਵਨ ਦਾ ਰਾਹ ਗਵਾ ਲਇਆ ਹੈ। ਗੁਰੂ ਦੇ ਹੁਕਮ ਵਿਚ ਟੁਰਨ ਵਾਲੇ ਨੇ ਪਾ ਲਇਆ ਹੈ। ਸਤਿਗੁਰੂ ਮਿਲ ਜਾਏ ਤਾਂ ਮਾਇਆ ਦਾ ਹਨੇਰਾ ਦੂਰ ਹੋ ਜਾਂਦਾ ਹੈ ਤੇ ਸਤਿਗੁਰੂ ਮਿਲਦਾ ਹੈ, ਹਉਮੈ ਮੇਟਣ ਨਾਲ।

ਜਦ ਉਨ੍ਹਾਂ ਕਿਹਾ ਕਿ ਤੁਸਾਂ ਵੀ ਘਰ ਛੱਡਿਆ, ਭੇਖ ਉਦਾਸੀ ਕੀਤਾ, ਤਾਂ ਆਪ ਜੀ ਦਾ ਉੱਤਰ ਸੀ ਕਿ ਘਰ ਛੱਡਿਆ ਸਿਰਫ਼ ਗੁਰਮੁਖ ਲੱਭਣ ਲਈ ਅਤੇ ਜਦ ਗੁਰਮੁਖਾਂ ਦੀ ਸੰਗਤ ਬਣ ਗਈ ਤਾਂ ਫਿਰਿ ਸੰਸਾਰੀ ਕੱਪੜੇ ਪਹਿਨ ਲਏ। ਭੇਖ ਧਾਰੇ, ਹਰ ਧਰਮ ਦਾ ਤਤੁ ਦੇਖਣ ਲਈ।

'ਗੁਰਮੁਖ ਖੋਜਤ ਭਏ ਉਦਾਸੀ।
ਦਰਸਨ ਕੈ ਤਾਈ ਭੇਖ ਨਿਵਾਸੀ'। ੧੮।

ਫਿਰ ਉਨ੍ਹਾਂ ਸ੍ਰਿਸ਼ਟੀ ਰਚਨਾ ਬਾਰੇ ਪ੍ਰਸ਼ਨ ਪੁੱਛੇ ਤਾਂ ਆਪ ਜੀ ਨੇ 'ਆਦਿ ਕਉ ਬਿਸਮਾਦੁ ਬੀਚਾਰ ਕਥੀਅਲੇ' ਕਹਿ ਕੇ ਉਨ੍ਹਾਂ ਨੂੰ ਚੁੱਪ ਕਰਾ ਦਿੱਤਾ। ਗੁਰੂ ਦੇ ਸ਼ਬਦ ਨੂੰ ਨਾ ਸਮਝਣ ਵਾਲਾ ਹੀ ਮਾੜੇ ਬਚਨ ਬੋਲਦਾ ਹੈ। ਸੁਖ ਉਸੇ ਪਾਸ ਹੈ ਜੋ ਪ੍ਰਭੂ ਦੇ ਰੰਗ ਵਿਚ ਰੰਗਿਆ ਹੈ, ਪ੍ਰਭੂ ਰੰਗ ਵਿਚ ਰੰਗੇ ਨੂੰ ਗੁਰੂ ਨਾਨਕ ਜੀ 'ਗੁਰਮੁਖਿ' ਆਖਦੇ ਹਨ।

'ਸਬਦੁ ਨ ਚੀਨੈ, ਲਵੈ ਕੁਬਾਣਿ।
ਨਾਨਕ, ਸਾਚਿ ਰਤੇ ਸੁਖੁ ਜਾਣਿ। ੨੬।
ਗੁਰਮੁਖਿ ਪਾਈਐ ਅਲਖ ਅਪਾਰੁ।
ਨਾਨਕ, ਗੁਰਮੁਖਿ ਮੁਕਤਿ ਦੁਆਰੁ। ੨੮।'

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੇ ਅਗਲੇ ਜ਼ਰੂਰੀ ਸਵਾਲ ਸਨ ਕਿ ਜੀਵਨ ਦਾ ਮੂਲ ਕੀ ਹੈ? ਕਿਹੜੀ ਸਿੱਖਿਆ ਧਾਰਨ ਦਾ ਇਹ ਸਮਾਂ ਹੈ, ਕਿਸ ਗੁਰੂ ਦੇ ਚੇਲੇ ਹੋ ਤੁਸੀਂ ਤੇ ਕਿਹੜੇ ਸਾਧਨ ਨਾਲ ਨਿਰਲੇਪ ਰਹਿੰਦੇ ਹੋ?

'ਕਵਣ ਮੂਲੁ, ਕਵਣ ਮਤਿ ਵੇਲਾ।
ਤੇਰਾ ਕਵਣੁ ਗੁਰੂ, ਜਿਸ ਕਾ ਤੂ ਚੇਲਾ।' ੪੩।

ਮਹਾਰਾਜ ਦਾ ਉੱਤਰ ਸੀ :

'ਪਵਨ ਅਰੰਭੁ, ਸਤਿਗੁਰ ਮਤਿ ਵੇਲਾ।
ਸਬਦੁ ਗੁਰੂ, ਸੁਰਤਿ ਧੁਨਿ ਚੇਲਾ।' ੪੪।

ਸਵਾਸ ਹੀ ਹਸਤੀ ਦਾ ਮੁੱਢ ਹੈ। ਸੋ ਸਵਾਸਾਂ ਰਾਹੀਂ ਉਸਨੂੰ ਯਾਦ ਕਰਨਾ ਹੀ ਜ਼ਿੰਦਗੀ ਦਾ ਮਨੋਰਥ ਹੈ। ਸ਼ਬਦ ਗੁਰੂ ਹੈ ਤੇ ਸੁਰਤਿ ਦਾ ਟਿਕਾਉ ਉਸ ਦਾ ਚੇਲਾ ਹੈ।

ਫਿਰ ਉਨ੍ਹਾਂ ਪੁੱਛਿਆ ਕਿ ਮਾਇਆ ਤਾਂ ਕਰੜੀ ਹੈ, ਇਹ ਵੀਚਾਰਾਂ ਦੀ ਮੋਮ ਨਾਲ ਕਿਵੇਂ ਖਾਧੀ ਜਾ ਸਕਦੀ ਹੈ? ਮਹਾਰਾਜ ਦਾ ਉੱਤਰ ਸੀ ਕਿ ਕਰੜੀ ਹਉਮੈ ਹੈ। ਹਉਮੈ ਵਾਲਿਆਂ ਲਈ ਹੀ ਮਾਇਆ ਕਰੜੀ ਹੈ, ਪਰ ਜੋ ਆਪ ਨੂੰ ਗੁਰੂ ਸ਼ਬਦ ਅਧੀਨ ਕਰ ਕੇ ਟੁਰਦੇ ਹਨ, ਉਨ੍ਹਾਂ ਨੂੰ ਇਸ ਦਾ ਕਰੜਾਪਣ ਕੁਝ ਨਹੀਂ ਕਹਿੰਦਾ।

'ਜਗੁ ਕਰੜਾ ਮਨਮੁਖੁ ਗਾਵਾਰੁ।
ਸਬਦੁ ਕਮਾਈਐ ਖਾਈਐ ਸਾਰੁ।' ੪੬।

ਉਨ੍ਹਾਂ ਦਾ ਇਕ ਹੋਰ ਪ੍ਰਸ਼ਨ ਸੀ ਕਿ ਮਨ ਵਿਚ ਸਦਾ ਠੰਢ-ਸ਼ਾਂਤੀ ਕਿਸ ਤਰ੍ਹਾਂ ਬਣੀ ਰਹਿ ਸਕਦੀ ਹੈ ਤੇ ਗਿਆਨ ਦਾ ਸੂਰਜ ਕਿਵੇਂ ਸਦਾ ਚੜ੍ਹਿਆ ਰਹਿ ਸਕਦਾ ਹੈ? ਮਹਾਰਾਜ ਦਾ ਉੱਤਰ ਸੀ ਕਿ ਸਤਿਗੁਰੂ ਦਾ ਸ਼ਬਦ ਉਚਾਰਦਿਆਂ ਹਿਰਦੇ ਵਿਚ ਚੰਦਰਮਾ ਦੀ ਅਪਾਰ ਜੋਤ, ਸ਼ਾਂਤੀ ਪੈਦਾ ਹੋ ਸਕਦੀ ਹੈ ਤੇ ਸ਼ਾਂਤ ਹਿਰਦੇ ਵਿਚ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ।

'ਸਬਦੁ ਭਾਖਤ ਸਸਿ ਜੋਤਿ ਅਪਾਰਾ।
ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ।
ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ।' ੪੯।

ਉਨ੍ਹਾਂ ਫਿਰ ਪੁੱਛਿਆ : ਜਿਸ ਸ਼ਬਦ ਦੀ ਤੁਸੀਂ ਇੰਨੀ ਮਹਿਮਾ ਦੱਸ ਰਹੇ ਹੋ, ਉਸ ਦਾ ਵਾਸਾ ਕਿੱਥੇ ਹੈ?

'ਸੁ ਸਬਦ ਕਾ ਕਹਾ ਵਾਸੁ ਕਥੀਅਲੇ,
ਜਿਤੁ ਤਰੀਐ ਭਵਜਲੁ ਸੰਸਾਰੋ।' ੫੮।

ਮਹਾਰਾਜ ਨੇ ਕਹਿਆ ਕਿ ਉਹ ਸ਼ਬਦ ਹਰ ਥਾਂ ਹੈ, ਸ਼ਬਦ ਪ੍ਰਭੂ ਦਾ ਰੂਪ ਹੈ। ਜਿਧਰ ਦੇਖੋ ਉਧਰ ਸ਼ਬਦ ਹੀ ਸ਼ਬਦ ਹੈ, ਉਸ ਦਾ ਕੋਈ ਖ਼ਾਸ ਘਰ ਜਾਂ ਮੁਕਾਮ ਨਹੀਂ।

'ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ,
ਜਹ ਦੇਖਾ ਤਹ ਸੋਈ।' ੫੯।

Sri Satguru Jagjit Singh Ji eLibrary NamdhariElibrary@gmail.com

ਨਾਲ ਢੁਕਵਾਂ ਹੋਰ ਸਵਾਲ ਸੀ ਕਿ ਮਨ ਦਾ ਆਸਰਾ ਪ੍ਰਾਣ ਕਹੀਦੇ ਹਨ, ਪ੍ਰਾਣ ਕਿੱਥੋਂ ਖ਼ੁਰਾਕ ਲੈਂਦੇ ਹਨ? ਗੁਰੂ ਜੀ ਦਾ ਉੱਤਰ ਸੀ : ਸਤਿਗੁਰੂ ਦੇ ਸ਼ਬਦ ਤੋਂ ਬਿਨਾਂ ਪ੍ਰਾਣਾਂ ਨੂੰ ਰਸ ਨਹੀਂ ਆਉਂਦਾ। ਗੁਰੂ ਸ਼ਬਦ ਤੋਂ ਬਿਨਾਂ ਹਉਮੈ ਦੀ ਤ੍ਰੇਹ ਨਹੀਂ ਮਿਟਦੀ।

'ਬਿਨ ਸਬਦੈ ਰਸੁ ਨ ਆਵੈ ਅਉਧੂ, ਹਉਮੈ ਪਿਆਸ ਨ ਜਾਈ।' ੬੧।

ਉਨ੍ਹਾਂ ਨੇ ਫਿਰ ਪੁੱਛਿਆ :

'ਜਾ ਇਹੁ ਹਿਰਦਾ ਦੇਹ ਨ ਹੋਤੀ,
ਤਉ ਮਨੁ ਕੈਸੇ ਰਹਤਾ।' ੬੬।

ਮਹਾਰਾਜ ਦਾ ਉੱਤਰ ਸੀ :

'ਹਿਰਦਾ ਦੇਹ ਨ ਹੋਤੀ ਅਉਧੂ,
ਤਉ ਮਨੁ ਸੁੰਨਿ ਰਹੈ ਬੈਰਾਗੀ।' ੬੭।

ਉਸ ਵੇਲੇ ਮਨ ਨਿਰਗੁਣ ਪ੍ਰਭੂ ਵਿਚ ਟਿਕਿਆ ਹੋਇਆ ਸੀ :

ਜੋਗੀਆਂ ਦਾ ਆਖ਼ਰੀ ਸਵਾਲ ਸੀ ਕਿ ਜਗਤ ਕਿਸ-ਕਿਸ ਵਿਧੀ ਨਾਲ ਉਪਜਦਾ ਹੈ, ਕਿਵੇਂ ਦੁੱਖ ਵਿਚ ਪੈਂਦਾ ਹੈ ਤੇ ਨਾਸ ਹੋ ਜਾਂਦਾ ਹੈ?

'ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ,
ਕਿਤੁ ਕਿਤੁ ਦੁਖਿ ਬਿਨਸਿ ਜਾਈ।' ੬੮।

ਤਾਂ ਮਹਾਰਾਜ ਦਾ ਉੱਤਰ ਸੀ :

'ਹਉਮੈ ਵਿਚਿ ਜਗੁ ਉਪਜੈ ਪੁਰਖਾ,
ਨਾਮਿ ਵਿਸਰਿਐ ਦੁਖੁ ਪਾਈ।' ੬੮।

ਫਿਰ ਸਾਰੀ ਗੱਲ ਬਾਤ ਦਾ ਸਾਰ ਦਿੰਦੇ ਹੋਏ ਫ਼ਰਮਾਇਆ ਕਿ ਪ੍ਰਭੂ ਦੇ ਨਾਮ ਤੋਂ ਬਿਨਾਂ ਮਿਲਾਪ ਨਹੀਂ। ਜੋ ਨਾਮ ਵਿਚ ਰਤੇ ਹੋਏ ਹਨ, ਉਹ ਹਰ ਵੇਲੇ ਮਸਤ ਹਨ।

'ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ,
ਬਿਨੁ ਨਾਵੈ ਜੋਗੁ ਨ ਹੋਈ।
ਨਾਮੇ ਰਾਤੇ ਅਨਦਿਨ ਮਾਤੇ,
ਨਾਮੈ ਤੇ ਸੁਖੁ ਹੋਈ।' ੭੨।

ਗੱਲ ਕੀ, ਸਿਧ ਗੋਸ਼ਟ ਇਕ ਐਸੀ ਰਚਨਾ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਨੇ ਕੇਵਲ ਉਸ ਵੇਲੇ ਦੇ ਸਿੱਧਾਂ ਜੋਗੀਆਂ ਨੂੰ ਨਿਰੁੱਤਰ ਨਹੀਂ ਕੀਤਾ ਸਗੋਂ ਹਰ ਸਮੇਂ ਜਦ ਵੀ ਐਸੇ ਪ੍ਰਸ਼ਨ ਉਠਾਏ ਜਾਣਗੇ, ਉਨ੍ਹਾਂ ਦੇ ਬਚਨ ਰਾਹ ਸੁਖਾਲਾ ਕਰ ਦੇਣਗੇ।

ਮੁਲਤਾਨ : ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਮੇਲਿਓ (ਅਚਲ ਵਟਾਲੇ ਤੋਂ) ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।'

ਮੁਲਤਾਨ ਦਾ ਪੁਰਾਤਨ ਨਾਂ ਪ੍ਰਹਿਲਾਦਪੁਰੀ ਸੀ। ਹਰਨਾਕਸ਼ ਤੇ ਹਰਨਿਕਸ਼ਪ ਦੇ ਮਾਣ ਉੱਥੇ ਹੀ ਟੁੱਟੇ ਸਨ। 'ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਿਲਾਦੁ ਤਰਾਇਆ', ਅਸੀਂ ਉਸ ਦੀ ਯਾਦ ਵਿਚ ਰੋਜ਼ ਪੜ੍ਹਦੇ ਹਾਂ। ਫਿਰ ਪਿੱਛੋਂ ਮੁਲਤਾਨ ਦਾ ਨਾਂ ਭਗਤਪੁਰੀ

Sri Satguru Jagjit Singh Ji eLibrary NamdhariElibrary@gmail.com

ਵੀ ਪਿਆ। ਇਸਲਾਮ ਦਾ ਸੂਰਜ ਚੜ੍ਹਨ ਨਾਲ ਇਹ ਪੀਰਪੁਰ ਹੋ ਗਿਆ। ਪੀਰਾਂ ਤੇ ਫ਼ਕੀਰਾਂ ਦਾ ਗੜ੍ਹ ਬਣ ਗਿਆ। ਵਿੱਦਿਆ ਦੇ ਕੇਂਦਰ ਹੋਣ ਕਾਰਨ ਇਸ ਦੀ ਪ੍ਰਸਿੱਧਤਾ ਹੋਰ ਵਧ ਗਈ। ਭਾਈ ਨੰਦ ਲਾਲ ਜੀ ਨੇ ਗ਼ਜ਼ਨੀ ਤੋਂ ਆ ਕੇ ਪਹਿਲੋਂ ਪਹਿਲ ਆਪਣੀ ਵਿਦਵਤਾ ਦੇ ਜੌਹਰ ਇਥੇ ਹੀ ਦਿਖਲਾਏ ਸਨ ਤੇ ਸ਼ਾਹ ਜਹਾਨ ਨੂੰ ਪ੍ਰਭਾਵਤ ਕੀਤਾ ਸੀ।

ਜਦ ਗੁਰੂ ਨਾਨਕ ਦੇਵ ਜੀ ਮੁਲਤਾਨ ਪੁੱਜੇ ਤਾਂ ਉਥੇ ਡੇਰਾ ਜਾਤਿ-ਅਭਿਮਾਨੀਆਂ ਦਾ ਨਹੀਂ, ਕਰਾਮਾਤ ਅਭਿਮਾਨੀਆਂ ਦਾ ਸੀ। ਪੀਰ ਰੱਬ ਦੇ ਸ਼ਰੀਕ ਬਣੇ ਬੈਠੇ ਸਨ। ਆਪ ਜੀ ਸ਼ਮਸ ਤਬਰੇਜ਼ ਦੀ ਥਾਂ 'ਤੇ ਪੁੱਜੇ ਹੀ ਸਨ ਕਿ ਸ਼ਹਿਰ ਵਿਚ ਖ਼ਬਰ ਪੁੱਜ ਗਈ ਕਿ ਗੁਰੂ ਨਾਨਕ ਦੇਵ ਜੀ ਆ ਰਹੇ ਹਨ। ਪੀਰਾਂ ਨੇ ਦੁੱਧ ਦਾ ਨੱਕੋ-ਨੱਕ ਭਰਿਆ ਕਟੋਰਾ ਭੇਜਿਆ। ਪੀਰਾਂ ਦਾ ਚਿੰਨ੍ਹ ਮਾਤਰ ਇਸ਼ਾਰਾ ਸੀ ਕਿ ਮੁਲਤਾਨ ਤਾਂ ਅੱਗੇ ਹੀ 'ਪੀਰੀਪੁਰ' ਹੈ ਤੁਹਾਡੀ ਲੋੜ ਨਹੀਂ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, 'ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁੱਧ ਵਿਚ ਮਿਲਾਈ।' ਸਾਖੀਕਾਰ ਅਨੁਸਾਰ 'ਪਤਾਸੇ ਪਾ ਉੱਪਰ ਫੁੱਲ ਰੱਖ ਮੋੜ ਭੇਜਿਆ।' ਗੁਰੂ ਨਾਨਕ ਦੇਵ ਜੀ ਦਾ ਵੀ ਉਸੇ ਚਿੰਨ੍ਹ ਬੋਲੀ ਵਿਚ ਉੱਤਰ ਸੀ ਕਿ ਉਹ ਦੁੱਧ ਨੂੰ ਕੁਝ ਨਹੀਂ ਕਹਿਣ ਆਏ, ਉਹ ਫੁੱਲ ਵਾਂਗੂੰ ਟਿਕਣਗੇ, ਖ਼ੁਸ਼ਬੂ ਦੇ ਗਾਹਕ ਹਨ ਤੇ ਮਿਠਾਸ ਦੇ ਵਪਾਰੀ। ਨਾਲ ਹੀ ਉਨ੍ਹਾਂ ਦਾ ਭਾਵ ਸੀ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਦੇ ਕਰਮ ਦੁੱਧ ਵਰਗੇ ਚਿੱਟੇ ਹਨ, ਪਰ ਉਸ ਵਿਚ ਚਾਰ ਵੱਡੇ ਔਗੁਣ ਹਨ: ਸਹਿਣਸ਼ੀਲਤਾ ਨਹੀਂ, ਵਿਸ਼ਾਲ ਹਿਰਦਾ ਨਹੀਂ, ਖ਼ੁਸ਼ਬੂ ਤੇ ਮਿਠਾਸ ਨਹੀਂ। ਹਰ ਕਿਸੇ ਲਈ ਥਾਂ ਰੱਖਣੀ ਤੇ ਦੇਣੀ ਹੀ ਧਰਮ ਹੈ। ਧਰਮ ਦੀ ਸੀਮਾ ਕੋਈ ਨਹੀਂ। ਫੁੱਲ ਟਿਕਾਇਆਂ, ਦੁੱਧ ਨੂੰ ਕੁਝ ਨਹੀਂ ਹੋਇਆ, ਨਾ ਡੁੱਲ੍ਹਿਆ ਹੈ, ਨਾ ਵਿਗੜਿਆ। ਪਤਾਸੇ ਰਲਾਇਆਂ ਦੁੱਧ ਵਿਚ ਹੋਰ ਮਿਠਾਸ ਆਈ ਹੈ। ਧਰਮ ਉਹ ਹੀ ਪ੍ਰਵਾਨ ਹੈ ਜਿਸ ਵਿਚ ਸਹਿਣਸ਼ੀਲਤਾ, ਵਿਸ਼ਾਲਤਾ, ਮਿਠਾਸ ਤੇ ਨਿਮਰਤਾ ਦੀ ਖ਼ੁਸ਼ਬੂ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰੂ ਜੀ ਨੇ ਸਮਝਾ ਦਿੱਤਾ ਕਿ ਹਮੇਸ਼ਾ ਵਗਣ ਵਾਲੇ ਗੰਗਾ ਵਰਗੇ ਦਰਿਆ ਦੇ ਸਮਾਉਣ ਲਈ ਸਮੁੰਦਰ ਵਿਚ ਸਦਾ ਥਾਂ ਹੈ :

'ਜਿਉਂ ਸਾਗਰ ਵਿਚ ਗੰਗ ਸਮਾਈ।'

ਪੀਰਾਂ ਨੇ ਭੁੱਲ ਮੰਨੀ ਤੇ ਅੱਗੋਂ ਲੈਣ ਆਏ। ਲੈਣ ਆਇਆਂ ਵਿਚ ਬਹਾਵਲ ਹਕ, ਅਬਦੁਲ ਕਾਦਰੀ, ਸਦਾ ਸੁਹਾਗਨ ਤੇ ਸਹਿਜੂ ਪ੍ਰਸਿੱਧ ਹਨ। ਮਹਾਰਾਜ ਨੇ ਵੀ ਆਦਰ ਦਿੱਤਾ। ਪ੍ਰਸੰਨ ਚਿੱਤ ਆਤਮਾਵਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਕੁਝ ਮੰਗਣ ਲਈ ਕਹਿਆ ਤਾਂ ਮਹਾਰਾਜ ਨੇ ਫ਼ਰਮਾਇਆ : ਉਸ ਪ੍ਰਭੂ ਦਾ ਦਿੱਤਾ ਸਭ ਕੁਝ ਹੈ। ਜੇ ਤਰੁੱਠੇ ਹੋ ਤਾਂ ਉਸ ਦੇ ਦਰ ਤੋਂ ਗ਼ਰੀਬੀ ਲੈ ਦਿਉ। ਜਦ ਪੀਰ ਬਹਾਵਲ ਹਕ ਦਰਗਾਹ ਵਿਚ ਪੁੱਜਾ ਤਾਂ ਉਥੋਂ ਆਵਾਜ਼ ਆਈ : 'ਸਾਡੇ ਘਰ ਜਿੰਨੀ ਗ਼ਰੀਬੀ ਸੀ, ਉਹ ਤਾਂ ਅੱਗੇ ਹੀ ਨਾਨਕ ਲੈ ਗਇਆ ਹੈ, ਰਤੀ ਭਰ ਰਹਿ ਗਈ ਹੈ, ਜੋ ਬਾਕੀ ਜੀਵਾਂ ਨੂੰ ਵੰਡਣੀ ਹੈ, ਇਹ ਵੀ ਲੈ ਜਾਉ।' ਇਸ ਦਾ ਭਾਵ ਇਹ ਹੈ ਕਿ ਗੁਰੂ ਨਾਨਕ ਗੁਰਾਂ ਗੁਰ ਹੁੰਦਿਆਂ ਵੀ ਨਿਮਰਤਾ

Sri Satguru Jagjit Singh Ji eLibrary NamdhariElibrary@gmail.com

ਦੇ ਪੁੰਜ ਹਨ। ਸਾਧੂ ਟੀ. ਐਲ. ਵਾਸਵਾਨੀ ਨੇ ਮੁਲਤਾਨ ਦੀ ਸਾਖੀ[1] ਲਿਖਣ ਉਪਰੰਤ, ਲੂਥਰ ਤੇ ਨਾਨਕ ਦੇ ਅਧਿਆਇ ਵਿਚ ਬਹੁਤ ਸੋਹਣਾ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨਿਮਰਤਾ ਦੇ ਪੁੰਜ ਸਨ। ਜੋ ਲੋਕ ਉਨ੍ਹਾਂ ਦੀ ਤੁਲਨਾ ਮਾਰਟਨ ਲੂਥਰ ਦੇ ਨਾਲ ਕਰਦੇ ਹਨ, ਉਹ ਗੁਰੂ ਨਾਨਕ ਦੇਵ ਜੀ ਨਾਲ ਇਨਸਾਫ਼ ਨਹੀਂ ਕਰ ਰਹੇ। ਗੁਰੂ ਨਾਨਕ ਦੇਵ ਜੀ ਦੀ ਨਿਮਰਤਾ ਤੋਂ ਸਾਰੇ ਪ੍ਰਭਾਵਿਤ ਹੁੰਦੇ ਸਨ ਤੇ ਲੂਥਰ ਇਕ ਅਭਿਮਾਨੀ ਪੁਰਸ਼ ਸੀ। ਲੂਥਰ ਦੇ ਖ਼ਤ ਤੇ ਉਸ ਦੇ ਕਥਨ (ਟੇਬਲ ਟਾਅਕਸ ਇਨ ਸਿਕਸ ਵਾਲੂਯਮ) ਚੰਗੀ ਤਰ੍ਹਾਂ ਪ੍ਰਗਟ ਕਰਦੇ ਹਨ ਕਿ ਉਸ ਵਿਚ ਕਿੰਨਾ ਕੁ ਹੰਕਾਰ ਸੀ।

ਹੋਰ ਦੇਖੋ, ਲੂਥਰ ਗ਼ਰੀਬਾਂ ਤੇ ਕਿਸਾਨਾਂ ਦੇ ਵਿਰੁੱਧ ਸੀ। ਜੋ ਗ਼ਰੀਬ, ਕਿਰਤੀ, ਕਿਸਾਨ ਆਪਣੇ ਹੱਕਾਂ ਲਈ ਬੋਲਦੇ ਲੜਦੇ ਸਨ, ਲੂਥਰ ਉਨ੍ਹਾਂ ਗ਼ਰੀਬਾਂ ਵਿਰੁੱਧ ਲਿਖਦਾ ਤੇ ਬੋਲਦਾ ਸੀ। ਉਸ ਨੇ ਹੀ ਰਾਜਿਆਂ ਤੇ ਰਾਣਿਆਂ ਨੂੰ ਪ੍ਰੇਰਿਆ ਕਿ ਉਹ ਕਿਸਾਨਾਂ ਦੀ ਬਗ਼ਾਵਤ (ਪੈਂਜ਼ਟ ਰੀਵੋਲਟ) ਨੂੰ ਕਰੜੇ ਹੱਥਾਂ ਨਾਲ ਦਬਾਉਣ ਲਈ ਇਕਮੁੱਠ ਹੋ ਜਾਣ। ਇਸੇ ਮੰਤਵ ਲਈ ਉਸ ਨੇ 'ਚੋਰ, ਕਾਤਲ ਕਿਸਾਨਾਂ ਦੇ ਟੋਲੇ ਵਿਰੁੱਧ' (ਅਗੇਂਸਟ ਦੀ ਥੀਵਸ, ਮਰਡਰਜ਼, ਹੋਰਡਜ਼ ਔਫ਼ ਪੈਂਜ਼ਟ), ਨਾਂ ਦਾ ਇਕ ਭੜਕਾਊ ਪੈਮਫਲਟ ਵੀ ਲਿਖਿਆ। ਦੂਜੇ ਪਾਸੇ ਗੁਰੂ ਸਾਹਿਬ ਗ਼ਰੀਬਾਂ ਦੇ ਹਮਦਰਦ ਹੀ ਨਹੀਂ ਸਨ ਬਲਕਿ ਉਨ੍ਹਾਂ ਵਿਚ ਰਹਿ ਕੇ ਅਨੰਦ ਮਾਣਦੇ ਸਨ :

'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।' ੪। ੩।

(ਸਿਰੀ ਰਾਗ ਮ: ੧, ਪੰਨਾ ੧੫)

ਉਨ੍ਹਾਂ ਦੇ ਮੂੰਹ ਚੜ੍ਹੀ ਤੁਕ ਸੀ।

ਉਥੇ ਤਕਰੀਬਨ ਚਾਰ ਮਹੀਨੇ ਰਹਿ ਕੇ ਆਪ ਜੀ ਕਰਤਾਰਪੁਰ ਮੁੜੇ।

ਇਤਨਾ ਪ੍ਰਭਾਵ ਪਿਆ ਕਿ ਜਦ ਵੀ ਬਹਾਵਲ ਹਕ ਨਮਾਜ਼ ਅਦਾ ਕਰੇ, ਅੱਗੇ ਗੁਰੂ ਨਾਨਕ ਦੇਵ ਜੀ ਦਾ ਰੂਪ ਖੜ੍ਹਾ ਦਿੱਸੇ। ਕੈਸੀ ਕਸ਼ਸ਼ ਭਰੀ ਸ਼ਖ਼ਸੀਅਤ ਸੀ ਗੁਰੂ-ਬਾਬੇ ਦੀ।

1. ਪ੍ਰਾਫੈਟ ਔਫ਼ ਦੀ ਪੀਉਪਲ।

Sri Satguru Jagjit Singh Ji eLibrary NamdhariElibrary@gmail.com

12

ਹੋਰਿਓ ਗੰਗ ਵਹਾਈਐ

ਥਾਪਿਆ ਲਹਿਣਾ ਜੀਵਦੇ : ਭਾਈ ਗੁਰਦਾਸ ਜੀ ਲਿਖਦੇ ਹਨ ਕਿ 'ਜਾਰਿਤ ਕਰ ਮੁਲਤਾਨ ਦੀ ਫਿਰਿ ਕਰਤਾਰਪੁਰੇ ਨੂੰ ਆਇਆ' ਅਤੇ 'ਮਾਰਿਆ ਸਿੱਕਾ ਜਗਤਿ ਵਿਚ ਨਾਨਕ ਨਿਰਮਲ ਪੰਥ ਚਲਾਇਆ।' ਹੁਣ ਕੁਦਰਤੀ ਗੱਲ ਹੈ ਕਿ ਜਦ ਸਿੱਕੇ ਢਾਲੇ ਜਾਣਗੇ ਤੇ ਪੰਥ ਬਣੇਗਾ ਤਾਂ ਕਿਸੇ ਹੱਥ ਵਾਗਡੋਰ ਦੇਣ ਦੀ ਲੋੜ ਵੀ ਭਾਸੇਗੀ। ਅਗਲੀ ਤੁਕ ਵਿਚ ਹੀ ਭਾਈ ਜੀ ਲਿਖਦੇ ਹਨ ਕਿ 'ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤਰ ਫਿਰਾਇਆ।' ਬਲਵੰਡ ਜੀ, ਜੋ ਮਹਿਮਾ ਪ੍ਰਕਾਸ਼ ਦੇ ਕਥਨ ਅਨੁਸਾਰ ਗੁਰੂ ਨਾਨਕ ਜੀ ਦੇ ਸਮਕਾਲੀ ਸਨ ਤੇ ਗੁਰੂ ਜੀ ਨੇ ਉਚੇਚੇ ਕਰਤਾਰਪੁਰ ਮੰਗਵਾਏ ਸਨ ਤੇ ਗੁਰੂ ਅੰਗਦ ਦੇਵ ਜੀ ਨੂੰ ਉਸ ਦੀ ਸੌਂਪਣੀ ਕਰਦੇ ਹੋਏ ਫ਼ਰਮਾਇਆ ਸੀ : 'ਬਲਵੰਡ ਮੇਰਾ ਰਬਾਬੀ ਹੈ। ਇਸ ਕੋ ਨਾਲ ਲੈ ਜਾਈਐ। ਤੁਸਾਡੇ ਰੋਬਰੋ (ਸਾਮ੍ਹਣੇ) ਸ਼ਬਦ ਕੀ ਚਉਕੀ ਕਰੇਗਾ। ਇਸ ਕੋ ਇਉਂ ਰੱਖਣਾ ਜਿਉਂ ਦੰਦਾਂ ਮੇਂ ਜੀਭ ਰਹਿੰਦੀ ਹੈ' :

'ਬਲਵੰਡ ਰਬਾਬੀ ਤੁਮ ਸੰਗ ਜਾਵੈ।
ਸਮੇਂ ਸਮੇਂ ਹਰਿਭਜਨ ਸੁਨਾਵੈ।
ਇਸ ਪਰ ਦਇਆਵੰਤ ਸਦ ਰਹੀਐ।
ਦਾਤਨ ਮੋ ਜਿਮ ਜੀਭ ਰਖਈਐ।[1]

ਉਸੇ ਬਲਵੰਡ ਜੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਕਥਨ ਹੈ ਕਿ ਦੁਨੀਆਂ ਆਖਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਹੱਦ ਦਾ ਉੱਚਾ ਬਚਨ ਬੋਲਿਆ ਹੈ ਤੇ ਉਸ ਨੇ ਕੀ ਕੀਤਾ ਹੈ? ਪਹਿਲਾਂ ਉਨ੍ਹਾਂ ਲਹਿਣਾ ਜੀ ਦੀ ਪਰਖ ਕੀਤੀ ਤੇ ਫਿਰ ਉਨ੍ਹਾਂ ਦੇ ਸਿਰ ਗੁਰਿਆਈ ਦਾ ਛਤਰ ਧਰਿਆ ਤੇ ਉਨ੍ਹਾਂ ਦੀ ਸੋਭਾ ਅਸਮਾਨ ਤੱਕ ਪਹੁੰਚਾ ਦਿੱਤੀ :

'ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿਕਿਓਨੁ।
ਨਾਨਕ ਈਸਰਿ ਜਗਨਾਥਿ, ਉਚਹਦੀ ਵੈਣੁ ਵਿਰਿਕਿਓਨੁ।

---

1. ਸਾਖੀ—੬੫।

Sri Satguru Jagjit Singh Ji eLibrary NamdhariElibrary@gmail.com

ਚਉਦਹ ਰਤਨ ਨਿਕਾਲਿਅਨੁ, ਕਰਿ ਆਵਾਗਉਣ ਚਿਲਕਿਓਨੁ।
ਕੁਦਰਤਿ ਆਹਿ ਵੇਖਾਲੀਅਨੁ, ਜਿਣਿ ਐਵਡ ਪਿੰਡ ਠਿਣਕਿਓਨੁ।
ਲਹਣੇ ਧਰਿਓਨੁ ਛਤ੍ਰ ਸਿਰਿ, ਅਸਮਾਨਿ ਕਿਆੜਾ ਛਿਕਿਓਨੁ।
ਸਿਖਾਂ ਪੁਤ੍ਰਾਂ ਘੋਖਿ ਕੈ, ਸਭ ਉਮਤਿ ਵੇਖਹੁ ਜਿਕਿਓਨੁ।
ਜਾ ਸੁਧੋਸੁ, ਤਾਂ ਲਹਿਣਾ ਟਿਕਿਓਨੁ।' ੪।[1]

ਜਿਸ ਵੇਲੇ ਗੁਰੂ ਜੀ ਨੇ ਸਿੱਖਾਂ, ਪੁੱਤਰਾਂ ਨੂੰ ਪਰਖਿਆ ਤਾਂ ਇਕੋ ਭਾਈ ਲਹਿਣਾ ਜੀ ਹੀ ਉਭਰੇ, ਬਾਕੀ ਸਭ ਰਹਿ ਗਏ।

ਇਹ 'ਉਲਟੀ ਗੰਗਾ' ਕਰਤਾਰਪੁਰ ਹੀ ਵਗੀ। ਇਹ ਇਨਕਲਾਬ ਕਰਤਾਰਪੁਰ ਹੀ ਹੋਇਆ। ਦੁਨੀਆਂ ਨੂੰ ਇਕ ਸ਼ਾਨਦਾਰ ਇਨਕਲਾਬ, ਜੋ ਸੰਨ ੧੬੬੮ ਵਿਚ ਇੰਗਲੈਂਡ ਵਿਚ ਹੋਇਆ ਸੀ, ਦਾ ਪਤਾ ਹੈ ਪਰ ਜੋ ਪੂਰੀ ਡੇਢ ਸਦੀ ਪਹਿਲਾਂ ੧੫੩੯ ਈ. ਵਿਚ ਕਰਤਾਰਪੁਰ ਹੋਇਆ, ਉਸਦਾ ਗਿਆਨ ਨਹੀਂ। ਇਤਿਹਾਸ ਦੇ ਵਿਦਿਆਰਥੀ ਜਾਣਦੇ ਹਨ ਕਿ ੧੬੬੮ ਈ. ਵਿਚ ਪਾਰਲੀਮੈਂਟ ਨੇ ਇਕ ਕਾਨੂੰਨ ਰਾਹੀਂ ਜੇਮਜ਼ ਦੂਜੇ ਨੂੰ ਤਖ਼ਤ ਨਾ ਦੇ ਕੇ ਜੇਮਜ਼ ਪਹਿਲੇ ਦੀ ਧੀ ਤੇ ਜੁਆਈ ਨੂੰ ਦਿੱਤਾ ਸੀ। ਇੰਗਲੈਂਡ ਦੇ ਇਤਿਹਾਸ ਵਿਚ ਉਹ ਸ਼ਾਨਦਾਰ ਇਨਕਲਾਬ (ਗਲੋਰੀਅਸ ਰੈਵੂਲੀਸ਼ਨ) ਕਰ ਕੇ ਪੜ੍ਹਿਆ ਜਾਣ ਲੱਗ ਪਇਆ। ਇਹ ਸੱਚ ਹੈ ਕਿ ਵਰਾਸਤ ਦਾ ਕਾਨੂੰਨ ਟੁੱਟਾ ਸੀ ਪਰ ਤਖ਼ਤ ਫਿਰ ਵੀ ਖ਼ਾਨਦਾਨ ਵਿਚ ਹੀ ਰਹਿਆ। ਮੇਰੀ, ਜੇਮਜ਼ ਪਹਿਲੇ ਦੀ ਧੀ ਸੀ। ਖ਼ੂਨ ਦਾ ਨਾ ਸਹੀ, ਸਾਕ ਦਾ ਸੰਬੰਧ ਕਾਇਮ ਰੱਖਿਆ ਗਿਆ, ਪਰ ਗੁਰੂ ਨਾਨਕ ਦੇਵ ਜੀ ਨੇ ਛਤਰ ਉਸ ਦੇ ਸਿਰ 'ਤੇ ਝੁਲਾਇਆ ਜਿਸ ਨਾਲ ਕੋਈ ਰਿਸ਼ਤਾ ਕੀ, ਵਾਹ ਵੀ ਨਹੀਂ ਸੀ। ਭਾਈ ਗੁਰਦਾਸ ਜੀ ਨੇ ਠੀਕ ਲਿਖਿਆ ਹੈ ਕਿ 'ਦੁਨਿਆਵੀ ਪਾਤਸ਼ਾਹ ਹੋਇ ਦੇਇ ਮਰੈ ਪੁਤੈ ਪਾਤਸ਼ਾਹੀ।' ਪਰ 'ਬਾਬਾਣੈ ਘਰਿ ਚਾਲ ਹੈ ਗੁਰਮੁਖ ਗਾਡੀ ਰਾਹੁ ਨਿਬਾਹੀ।'

ਮੈਥਲੀ ਸ਼ਰਨ ਗੁਪਤ ਨੇ ਵੀ 'ਭਾਰਤ ਭਾਰਤੀ' ਵਿਚ ਇਸੇ ਭਾਵ ਦਾ ਲਿਖਿਆ :

ਪੁਤਰਵਾਨ ਹੋ ਕਰ ਭੀ,
ਗੁਰੂ ਨੇ ਦਿਖਲਾ ਕਰ ਆਦਰਸ਼ ਉਦਾਰ।
ਕੁਲਗਤ ਨਹੀਂ, ਸਿਖਯ ਗੁਣ ਹੀ ਰਖਾ,
ਗੱਦੀ ਕਾ ਅਧਿਕਾਰ।

ਜਿਸ ਨੂੰ ਪਰਖ ਕੇ ਗੁਰਮੁਖ ਦੇਖਿਆ, ਛਤਰ ਉਸ ਦੇ ਸਿਰ 'ਤੇ ਝੁਲਾ ਦਿੱਤਾ ਤੇ ਫਿਰ ਜੀਉਂਦਿਆਂ ਇਹ ਕਰਮ ਕੀਤਾ ਤਾਂਕਿ ਵਿਰਾਸਤ ਦੀ ਜੰਗ ਹੀ ਨਾ ਅਰੰਭ ਹੋ ਜਾਏ। ਈਰਖਾ ਨਾਲ ਬੇਸ਼ੱਕ ਕੋਈ ਸੜ ਪਇਆ ਪਰ ਨਿਰਣਾ ਗੁਰੂ ਸਾਹਿਬਾਨ ਜੀਉਂਦੇ ਹੀ, ਸਾਰਿਆਂ ਸਾਹਮਣੇ ਕਰ ਦਿੰਦੇ ਸਨ। ਭਾਈ ਲਹਿਣਾ ਜੀ ਤੇ ਛਤਰ ਝੁਲਾਉਣ ਦੀ ਸਾਖੀ ਵੀ ਬੜੀ ਰੌਚਕ ਹੈ ਤੇ ਪੜ੍ਹਨ ਨਾਲ ਸੰਬੰਧ ਰੱਖਦੀ ਹੈ।

---

1. ਗੁਰੂ ਗ੍ਰੰਥ ਸਾਹਿਬ, ਪੰਨਾ ੯੬੭.

Sri Satguru Jagjit Singh Ji eLibrary NamdhariElibrary@gmail.com

ਭਾਈ ਲਹਿਣਾ ਜੀ[1] : ਆਪ ਜੀ ਦਾ ਜਨਮ ਮੱਤੇ ਦੀ ਸਰਾਂ, ਜ਼ਿਲ੍ਹਾ ਫ਼ਿਰੋਜ਼ਪੁਰ, ਬਾਬਾ ਫੇਰੂ ਜੀ ਦੇ ਘਰ, ਮਾਤਾ ਸਭਰਾਈ ਦੀ ਕੁਖੋਂ, ੩੧ ਮਾਰਚ, ਸੰਨ ੧੫੦੪ ਨੂੰ ਹੋਇਆ। ਮਹਿਮਾ ਪ੍ਰਕਾਸ਼ ਵਾਲਾ ਬਾਬਾ ਜੀ ਦੀ ਉਪਮਾ 'ਬਡ ਭਾਗੀ ਸ਼ੁਭ ਭਲਾ ਅਚਾਰੇ' ਦੇ ਸ਼ਬਦਾਂ ਨਾਲ ਕਰਦਾ ਹੈ ਅਤੇ ਭਾਈ ਲਹਿਣਾ ਜੀ ਨੂੰ 'ਸੁਤਹਿ-ਸਿਧ ਗਿਆਨ ਕੀ ਖਾਨ' ਕਹਿੰਦਾ ਹੈ। ਬਾਬਾ ਫੇਰੂ ਮਲ ਜੀ ਦੇ ਵਡਿਕੇ ਜ਼ਿਲ੍ਹਾ ਗੁਜਰਾਤ (ਹੁਣ ਪਾਕਿਸਤਾਨ) ਦੇ ਪਿੰਡ ਮੰਘੋਵਾਲ ਦੇ ਰਹਿਣ ਵਾਲੇ ਸਨ। ਬਾਬਾ ਫੇਰੂ ਜੀ ਦੇ ਸਹੁਰੇ ਉਨ੍ਹਾਂ ਨੂੰ ਮੱਤੇ ਦੀ ਸਰਾਂ ਲੈ ਆਏ। ਬਾਬਾ ਫੇਰੂ ਜੀ ਚੋਖੇ ਪੜ੍ਹੇ-ਲਿਖੇ ਸਨ ਸੋ ਉਨ੍ਹਾਂ ਨੇ ਤਖ਼ਤ ਮੱਲ ਪਾਸ ਨੌਕਰੀ ਕਰ ਲਈ। ਤਖ਼ਤ ਮੱਲ ਦੇ ਸੱਤ ਪੁੱਤਰ ਤੇ ਇਕ ਧੀ ਸੀ। ਧੀ ਦਾ ਨਾਂ ਵੀਰਾਂ ਵਾਲੀ ਸੀ ਜੋ ਵੀਰਾਈ ਕਰਕੇ ਪ੍ਰਸਿੱਧ ਹੋਈ। ਕੁਝ ਚਿਰ ਤਾਂ ਫੇਰੂ ਮੱਲ ਜੀ ਦਾ ਕੰਮ ਠੀਕ ਚਲਦਾ ਰਹਿਆ ਪਰ ਕਿਸੇ ਨਿਗੂਣੀ ਜਿਹੀ ਗੱਲੋਂ ਤੱਖ਼ਤ ਮੱਲ ਨਾਲ ਅਣ-ਬਣ ਹੋ ਗਈ। ਵੈਰਾਈ ਜੀ ਨੇ ਵਿਚ ਪੈ ਕੇ ਗੱਲ ਤਾਂ ਮੁਕਾ ਦਿੱਤੀ ਪਰ ਡਰ ਸੀ ਕਿ ਵੈਰ ਵਿਰੋਧ ਨਾ ਵਧ ਜਾਏ, ਸੋ ਉਨ੍ਹਾਂ ਦੇ ਕੁੜਮ, ਭਾਈ ਲਹਿਣਾ ਜੀ ਦੇ ਸਹੁਰੇ ਨੇ ਹਰੀ ਕੇ ਪੱਤਣ ਲਾਗੇ ਆਉਣ ਲਈ ਮੰਨਵਾ ਲਇਆ। ਕੁਝ ਚਿਰ ਤਾਂ ਆਪ ਹਰੀ ਕੇ ਪੱਤਣ ਰਹੇ ਪਰ ਫਿਰ ਡੇਰਾ ਸੰਘਰ ਹੀ ਕਰ ਲਿਆ।

ਬਾਬਰ ਦੇ ਇੱਕੇ ਦੁੱਕੇ ਹਮਲੇ ਅਰੰਭ ਹੋ ਚੁੱਕੇ ਸਨ। ੧੫੨੬ ਈ. ਵਿਚ ਉਹ ਇਬ੍ਰਾਹੀਮ ਨੂੰ ਹਰਾ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਇਆ। ਇਨ੍ਹਾਂ ਹਮਲਿਆਂ ਵਿਚ ਹੀ ਮੱਤੇ ਦੀ ਸਰਾਂ ਤਬਾਹ ਹੋ ਗਈ ਤੇ ਇਤਿਹਾਸਕਾਰਾਂ ਦੇ ਕਥਨ ਅਨੁਸਾਰ 'ਇਕ ਜਗਦਾ ਦੀਵਾ ਵੀ ਬਾਬਰ ਨੇ ਨਾ ਛਡਿਆ' ਸੋ ਪੂਰਨ ਤੌਰ 'ਤੇ ਟਿਕਾਣਾ ਸੰਘਰ ਹੀ ਹੋ ਗਿਆ।

ਭਾਈ ਲਹਿਣਾ ਜੀ ਦੇਵੀ ਭਗਤ ਸਨ। ਹਰ ਸਾਲ ਜੰਮੂ ਲਾਗੇ ਵੈਸ਼ਨੋ ਦੇਵੀ ਦੇ ਦਰਸ਼ਨਾਂ ਨੂੰ ਪਿਤਾ ਜੀ ਨਾਲ ਜਾਇਆ ਕਰਦੇ ਸਨ। ਪਿਤਾ ਜੀ ਸੰਗ ਦੇ ਮੁਖੀ ਸਨ ਤੇ ਹੁਣ ਉਹ ਵੀ ਮੁਖੀ ਬਣ ਕੇ ਕੰਮ ਨੂੰ ਨਿਭਾਉਂਦੇ ਰਹੇ।

ਇਕ ਵਾਰੀ ਆਪਣੀ ਧਰਮ ਭੂਆ ਵੀਰਾਈ ਜੀ ਨੂੰ ਖਡੂਰ ਸਾਹਿਬ ਮਿਲਣ ਆਏ ਤਾਂ ਸਵੇਰੇ ਅੰਮ੍ਰਿਤ ਵੇਲੇ ਭਾਈ ਜੋਧ ਦੇ ਮੁੱਖੋਂ :

> **'ਜਿਤੁ ਸੇਵਿਐ ਸੁਖੁ ਪਾਈਐ, ਸੋ ਸਾਹਿਬੁ ਸਦਾ ਸਮ੍ਾਲੀਐ।**
> **ਜਿਤੁ ਕੀਤਾ ਪਾਈਐ ਆਪਣਾ, ਸਾ ਘਾਲ ਬੁਰੀ ਕਿਉ ਘਾਲੀਐ।**
> **ਮੰਦਾ ਮੂਲਿ ਨ ਕੀਚਈ, ਦੇ ਲੰਮੀ ਨਦਰਿ ਨਿਹਾਲੀਐ।**
> **ਜਿਉ ਸਾਹਿਬ ਨਾਲਿ ਨ ਹਾਰੀਐ, ਤੇਵੇਹਾ ਪਾਸਾ ਢਾਲੀਐ।**
> **ਕਿਛੁ ਲਾਹੇ ਉਪਰਿ ਘਾਲੀਐ।' ੨੧।** *(ਆਸਾ ਦੀ ਵਾਰ, ਪੰਨਾ ੪੭੪)*

ਪਉੜੀ ਸੁਣੀ ਤਾਂ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਤਾਂਘ ਉਠੀ। ਉਸ ਸਾਲ ਦੇਵੀ ਦਰਸ਼ਨ ਨੂੰ ਜਾਂਦਿਆਂ ਆਪ ਸੰਗ ਦਾ ਸਾਥ ਛੱਡ ਕੇ ਕਰਤਾਰਪੁਰ ਦਰਸ਼ਨਾਂ ਲਈ ਪੁੱਜੇ। ਕਰਤਾਰਪੁਰ ਅਸਚਰਜ ਖੇਡ ਹੋ ਗਈ। ਘੋੜੇ ਚੜ੍ਹੇ ਹੀ ਜਿਸ ਵਿਅਕਤੀ ਕੋਲੋਂ ਗੁਰੂ

1. ਗੁਰੂ ਅੰਗਦ ਦੇਵ ਜੀ ਦੀ ਸੰਪੂਰਨ ਜੀਵਨੀ ਮੇਰੀ ਹੀ ਕ੍ਰਿਤ 'ਕੁਦਰਤੀ ਨੂਰ' ਵਿਚ ਪੜ੍ਹੋ।

Sri Satguru Jagjit Singh Ji eLibrary NamdhariElibrary@gmail.com

ਨਾਨਕ ਦੇਵ ਜੀ ਦਾ ਘਰ ਪੁੱਛਿਆ, ਉਹ ਗੁਰੂ ਸਾਹਿਬ ਹੀ ਸਨ। ਗੁਰੂ ਨਾਨਕ ਦੇਵ ਜੀ ਘੋੜੇ ਦੀ ਲਗਾਮ ਫੜ ਕੇ ਆਪਣੇ ਹੀ ਡੇਰੇ ਆਏ ਤੇ ਫਿਰ ਮੰਜੇ 'ਤੇ ਬੈਠ ਦਰਸ਼ਨ ਦਿੱਤੇ। ਭਾਈ ਲਹਿਣਾ ਜੀ ਦਾ ਇਕ ਰੰਗ ਆਵੇ ਤੇ ਦੂਜਾ ਜਾਵੇ ਕਿ ਬੜੀ ਅਵਗਿਆ ਹੋ ਗਈ। ਗੁਰੂ ਨਾਨਕ ਦੇਵ ਜੀ ਨੇ ਉਸ ਦੀ ਇਹ ਦਸ਼ਾ ਦੇਖ ਪੁੱਛਿਆ : ਪੁਰਖਾ! ਤੇਰਾ ਨਾਂ ਕੀ ਹੈ? ਉਨ੍ਹਾਂ ਕਿਹਾ : ਮੇਰਾ ਨਾਂ ਲਹਿਣਾ ਹੈ। ਆਪ ਜੀ ਨੇ ਕਿਹਾ : 'ਲਹਿਣਾ ਦਾ ਭਾਵ ਲੈਣਾ, ਤੁਸੀਂ ਲੈਣ ਵਾਲੇ ਤੇ ਮੈਂ ਦੇਣ ਵਾਲਾ।[1] ਫਿਰ ਲੈਣ ਵਾਲੇ ਤਾਂ ਆਂਵਦੇ ਹੀ ਘੋੜਿਆਂ 'ਤੇ ਚੜ੍ਹ ਕੇ ਹਨ।' ਦਰਸ਼ਨ ਕਰਕੇ ਮਨ ਨੂੰ ਸ਼ਾਂਤੀ ਮਿਲੀ। ਉਥੇ ਕਰਤਾਰਪੁਰ ਰਹਿਣ ਦਾ ਮਨ ਬਣਾ ਲਇਆ। ਇਹ ਘਟਨਾ ੧੫੩੨ ਈ. ਦੀ ਹੈ। ਭਾਈ ਦਾਸੂ ਜੀ ਤੇ ਬੀਬੀ ਅਮਰੋ ਜੀ ਦਾ ਜਨਮ ਹੋ ਚੁੱਕਾ ਸੀ। ਜਦ ਜਥਾ ਵਾਪਸ ਆਇਆ ਤਾਂ ਜੋ ਕਿਸੇ ਦੇ ਮਨ ਵਿਚ ਆਇਆ ਮਾਤਾ ਖੀਵੀ ਜੀ ਨੂੰ ਕਹੀ ਗਇਆ। ਕੋਈ ਆਖਦਾ : 'ਤੇਰਾ ਪਤੀ ਤੇਰਾ ਸਾਥ ਛੱਡ ਕਰਤਾਰੀ ਹੋ ਗਇਆ ਈ।' ਕਿਸੇ ਆਖਿਆ : 'ਲਹਿਣਾ ਕਰਤਾਰਪੁਰ ਹੀ ਨਾਨਕ ਤਪੇ ਪਾਸ ਰਹਿ ਪਇਆ ਈ, ਸੰਗ ਨੂੰ ਜਵਾਬ ਦੇ ਦਿੱਤਾ ਸੂ।' ਪਰ ਕੁਝ ਦਿਨਾਂ ਪਿੱਛੋਂ ਭਾਈ ਲਹਿਣਾ ਜੀ ਆਏ ਅਤੇ ਸਾਰਾ ਕੰਮ ਕਾਜ ਭਣੇਵੇਂ ਨੂੰ ਸੌਂਪ ਕੇ ਵਾਪਸ ਕਰਤਾਰਪੁਰ ਜਾਣ ਲੱਗੇ ਤਾਂ ਉਨ੍ਹਾਂ 'ਲੂਣ ਦੀ ਇਕ ਖਿਟੀ' ਸਿਰ ਤੇ ਚੁੱਕ ਲਈ[2] ਤੇ ਧਰਮਸ਼ਾਲਾ, ਮਾਤਾ ਸੁਲੱਖਣੀ ਦੇ ਚਰਨਾਂ 'ਤੇ ਆਣ ਰੱਖੀ। ਜਦ ਗੁਰੂ ਨਾਨਕ ਦੇਵ ਜੀ ਦਾ ਪਤਾ ਉਨ੍ਹਾਂ ਪੁੱਛਿਆ ਤਾਂ ਮਾਤਾ ਜੀ ਨੇ ਕਹਿਆ ਕਿ ਉਹ ਖੇਤਾਂ ਨੂੰ ਗਏ ਹੋਏ ਹਨ। ਉਥੇ ਪੁੱਜੇ ਤਾਂ ਦੇਖਿਆ ਕਿ ਗੁਰੂ ਨਾਨਕ ਦੇਵ ਜੀ ਘਾਹ ਕੱਟ ਰਹੇ ਹਨ। ਆਪ ਜੀ ਵੀ ਕੱਟਣ ਲੱਗੇ। ਖੇਤੀ ਕਦੀ ਕੀਤੀ ਨਹੀਂ ਸੀ, ਸੋ ਘਾਹ ਨਾਲ ਧਾਨ ਵੀ ਪੱਟੇ ਜਾਣ। ਮਹਾਰਾਜ ਮੁਸਕਰਾਂਦੇ ਰਹੇ। ਘਾਹ ਦੀਆਂ ਦੋ ਪੰਡਾਂ ਤਿਆਰ ਹੋ ਗਈਆਂ। ਇਕ ਗੁਰੂ ਨਾਨਕ ਜੀ ਨੇ ਆਪ ਉਠਾ ਲਈ ਤੇ ਦੂਜੀ ਭਾਈ ਲਹਿਣਾ ਜੀ ਨੇ। ਜਦ ਘਰ ਪੁੱਜੇ ਤਾਂ ਮਾਤਾ ਸੁਲੱਖਣੀ ਜੀ ਕਹਿਣ ਲੱਗੇ ਕਿ 'ਕੁਝ ਤਾਂ ਦੇਖਿਆ ਕਰੋ, ਜੋ ਵੀ ਆਪ ਜੀ ਪਾਸ ਆਂਵਦਾ ਹੈ ਤਿਸ ਦਾ ਤੁਸੀਂ ਇਹੀ ਹਾਲ ਕਰਦੇ ਹੋ, ਇਹ ਤਾਂ ਅੱਗੇ ਹੀ ਭਾਰ ਚੁੱਕ ਕੇ ਪਿੰਡੋਂ ਆਏ ਸਨ।' ਬਾਬੇ ਨੇ ਬਚਨ ਕੀਤਾ : 'ਇਨ ਕੇ ਸਿਰ ਪਰ ਗਠਰੀ ਘਾਸ ਕੀ ਨਹੀਂ ਦਿੱਤੀ, ਸੁ ਇਆਹ ਦੀਨ ਦੁਨੀਆਂ ਕਾ ਛਤ੍ਰ ਦੀਆ ਹੈ। ਅਰ ਕਪੜੇ ਉਪਰਿ ਚਾਲਾ (ਮੈਲਾ) ਨਹੀਂ ਕੇਸਰ ਪੜਿਆ ਹੈ। ਇਹ ਵੱਡਾ ਭਾਗਵਾਨ ਪੁਰਖ ਹੈ।' ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ :

ਮੈਂ ਦੀਨ ਦੁਨੀਆ ਕਾ ਛਤ੍ਰ ਸਿਰ ਧਾਰਾ।
ਵਹ ਕੀਚ ਜਲ ਨਹੀਂ, ਕੇਸਰ ਸਿਰ ਡਾਰਾ।
ਇਹ ਲਹਨ ਮੈਂ ਇਸ ਕੋ ਦੇਨਾ।

---

1. ਖ਼ੁਸ਼ਵਕਤ ਰਾਇ ਤਵਾਰੀਖ਼-ਇ-ਸਿੱਖਾਂ।
2. ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ 'ਘਰ ਕਾ ਕਾਰਜ ਬਾਰ ਸਭ ਬਿਲਾ ਬੰਦ ਕੀਤਾ, ਚਿਤ ਇਕਾਗਰ ਕਰ ਕੇ ਚਟਾਈ ਅਰ ਲੋਂਣ ਕੀ ਪੋਟ ਬਾਂਧ ਕਰ ਸਾਥ ਲੀਆ ਬਾਬੇ ਜੀ ਕੇ ਦਰਸ਼ਨ ਕੋ ਚਲੇ।'

Sri Satguru Jagjit Singh Ji eLibrary NamdhariElibrary@gmail.com

ਕਹੋਂ ਸਤ ਮਿਥਿਆ ਨਹੀਂ ਬੈਨਾ।
ਇਨ ਕੀ ਮੋ ਸੋ ਹੈ ਬਿਧ ਬਨੀ।
ਮੇਰੇ ਰਾਜ ਕੋ ਆਇਓ ਧਨੀ। ੩੫।[1]

ਭਾਈ ਲਹਿਣਾ ਜੀ ਪਹਿਲੀ ਪਰਖ ਵਿਚ ਪੂਰੇ ਉਤਰੇ। ਕਿਰਤ ਹੀ ਕੇਸਰ ਹੈ। ਲੂਣ ਦੀ ਖਿਟੀ ਸਿਰ 'ਤੇ ਚੁੱਕਣ ਦਾ ਭਾਵ ਸੀ ਕਿ ਉਹ ਹੁਣ ਅੱਗੇ ਤੋਂ ਕੋਈ ਵੀ ਸਵਾਸ ਅਜਾਈਂ ਨਹੀਂ ਗਵਾਵਣਗੇ।

ਪਏ ਕਬੂਲੁ ਖਸੰਮ ਨਾਲਿ : ਬਲਵੰਡ ਜੀ ਆਖਦੇ ਹਨ ਕਿ ਜਦੋਂ (ਗੁਰੂ) ਅੰਗਦ ਦੇਵ ਜੀ ਨੇ ਮਰਦਾਂ ਵਾਲੀ ਘਾਲ ਘਾਲੀ ਤਾਂ ਉਹ ਆਪਣੇ ਸਤਿਗੁਰ (ਗੁਰੂ ਨਾਨਕ) ਦੇ ਦਰ 'ਤੇ ਕਬੂਲ ਹੋਏ।

'ਪਏ ਕਬੂਲੁ ਖਸੰਮ ਨਾਲਿ, ਜਾਂ ਘਾਲ ਮਰਦੀ ਘਾਲੀ।'

ਸਭ ਨੂੰ ਫਿਰ ਸੇਵਾ ਕਰਨ ਦੀ ਹੱਦ ਦੱਸੀ ਤੇ ਫਿਰ ਕੌਲ ਪਾਲਣ ਦੀ। ਪੁੱਤਰ ਵੀ ਕੌਲ ਨਾ ਪਾਲ ਸਕੇ। ਉਨ੍ਹਾਂ ਸੱਤਾਂ ਸਾਲਾਂ ਵਿਚ ਜੋ ਸਾਖੀਆਂ ਕਰਤਾਰਪੁਰ ਹੋਈਆਂ, ਉਹ ਗਹੁ ਨਾਲ ਪੜ੍ਹਨ ਵਾਲੀਆਂ ਹਨ।

ਜ਼ਿਕਰ ਆਉਂਦਾ ਹੈ ਕਿ ਇਕ ਵਾਰੀ ਗੰਦੇ ਨਾਲੇ ਵਿਚ ਕਟੋਰਾ ਡਿੱਗ ਪਇਆ। ਸੁਭਾਵਕ ਹੀ ਗੁਰੂ ਜੀ ਨੇ ਦੋਹਾਂ ਪੁੱਤਰਾਂ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਚੰਦ ਜੀ ਨੂੰ ਕੱਢਣ ਦੀ ਆਗਿਆ ਦਿੱਤੀ। ਉਨ੍ਹਾਂ ਕੰਨ ਮਰੋੜ ਦਿੱਤੇ, ਪਿੱਠਾਂ ਮੋੜ ਲਈਆਂ। ਭਾਈ ਲਹਿਣਾ ਜੀ ਨੂੰ ਜਦ ਕਟੋਰਾ ਕੱਢਣ ਦੀ ਆਗਿਆ ਹੋਈ ਤਾਂ ਉਨ੍ਹਾਂ ਗੰਦੇ ਟੋਏ ਵਿਚ ਵੜ ਕੇ ਕਟੋਰਾ ਬਾਹਰ ਕੱਢ ਆਂਦਾ। ਗੁਰੂ ਨਾਨਕ ਦੇਵ ਜੀ ਦੇਖ ਰਹੇ ਸਨ ਕਿ ਕਈ ਸੁੰਦਰ ਕਟੋਰੇ[2] ਗੰਦਿਆਂ ਨਾਲਿਆਂ ਤੇ ਟੋਇਆਂ ਵਿਚ ਡਿੱਗੇ ਹੋਏ ਰੁਲ ਗਏ ਹਨ। ਹਰ ਕੋਈ ਦੇਖਦਾ ਹੈ ਪਰ ਵਿਚ ਵੜ ਕੇ ਕੋਈ ਕੱਢਣ ਲਈ ਤਿਆਰ ਨਹੀਂ। ਗੁਰੂ ਜੋ ਸਭ ਦਾ ਭਲਾ ਮਨਾਇੰਦਾ ਹੈ, ਉਹਦਾ ਫ਼ਰਜ਼ ਹੈ ਕਿ ਆਪੂੰ ਲਿੱਬੜ ਕੇ ਵੀ ਦੂਜੇ ਦੀ ਕਲਿਆਣ ਕਰੇ। ਭਾਈ ਲਹਿਣਾ ਜੀ ਇਸ ਪਰਖ ਵਿਚ ਵੀ ਪੂਰੇ ਉਤਰੇ।

ਇਕ ਵਾਰੀ, ਇਕ ਚੂਹੀ ਵਰਾਂਡੇ ਵਿਚ ਮੋਈ ਪਈ ਸੀ। ਪੁੱਤਰਾਂ ਨੂੰ ਉਠਾ ਸੁੱਟਣ ਲਈ ਕਹਿਆ ਤਾਂ ਉਨ੍ਹਾਂ ਇਨਕਾਰ ਕਰ ਦਿੱਤਾ। ਗੁਰੂ ਜੀ ਨੇ ਜਦ ਭਾਈ ਲਹਿਣਾ ਜੀ ਨੂੰ ਉਠਾ ਕੇ ਬਾਹਰ ਸੁੱਟਣ ਲਈ ਕਹਿਆ ਤਾਂ ਉਨ੍ਹਾਂ ਉਸੇ ਵਕਤ ਚੁੱਕ ਕੇ ਥਾਂ ਸਾਫ਼ ਕਰ ਦਿੱਤੀ। ਅੱਜ ਦੇ ਸਮੇਂ ਵੀ ਅਸੀਂ ਸਫ਼ਾਈ ਕਰਨ ਵਾਲੇ ਨੂੰ ਚੂਹੜਾ ਕਹਿ ਕੇ ਦੁਰਕਾਰਦੇ ਹਾਂ। ਗੁਰੂ ਨਾਨਕ ਦੇਵ ਜੀ ਦੇਖ ਰਹੇ ਸਨ ਕਿ ਇਹ ਉੱਚੀ ਜਾਤ ਦਾ ਭਾਈ ਲਹਿਣਾ ਉਨ੍ਹਾਂ ਨਾਲ ਨਫ਼ਰਤ ਤਾਂ ਨਹੀਂ ਕਰਦਾ। ਭਾਈ ਲਹਿਣਾ ਜੀ ਤਾਂ ਗੁਰੂ ਦਾ ਅੰਗ ਬਣ ਰਹੇ ਸਨ। ਇਹ ਪਉੜੀ ਵੀ ਉਹ ਚੜ੍ਹ ਗਏ।

ਫਿਰ ਸਿਆਲ ਦੀ ਰੁੱਤੇ ਬਾਰਸ਼ ਵਿਚ ਹੀ ਧਰਮਸਾਲ ਦੀ ਕੰਧ ਨੂੰ, ਜੋ ਢੱਠ ਗਈ ਸੀ, ਉਸ ਸਮੇਂ ਗੁਰੂ ਜੀ ਨੇ ਉਸਾਰਨ ਲਈ ਕਹਿਆ। ਧਰਮ ਵੀ ਐਸਾ ਹੈ ਕਿ ਜੇ ਇਸ

1. ਸਾਖੀ ੫੧—ਸ੍ਰੀ ਗੁਰੂ ਅੰਗਦ ਦੇਵ ਜੀ ਕੇ ਮਿਲਾਪ ਕੀ।
2. ਕੈਹਾਂ ਵਰਗੇ ਜੀਵ।

Sri Satguru Jagjit Singh Ji eLibrary NamdhariElibrary@gmail.com

ਵਿਚ ਰਤਾ ਕੁ ਢਿੱਲ ਦੇ ਦਿੱਤੀ ਜਾਏ ਤਾਂ ਛੇਤੀ ਹੀ ਧਰਮ ਅਧਰਮ ਜਾਂ ਕੁਧਰਮ ਬਣ ਜਾਂਦਾ ਹੈ। ਢੱਠੇ ਧਰਮ ਤੇ ਧਰਮਸਾਲ ਨੂੰ ਸਮੇਂ ਸਿਰ ਉਸਾਰਨ ਤੇ ਸਵਾਰਨ ਦੀ ਲੋੜ ਹੈ। ਗੁਰੂ ਜੀ ਇਹ ਤੱਕ ਰਹੇ ਸਨ ਕਿ ਜਿਸ 'ਤੇ ਜ਼ਿੰਮੇਵਾਰੀ ਪੈਣੀ ਹੈ, ਉਹ ਤਤਪਰ ਹੈ ਕਿ ਨਹੀਂ। ਭਾਈ ਲਹਿਣਾ ਜੀ ਉਸ ਵਿਚ ਵੀ ਪੂਰੇ ਉਤਰੇ।

ਬਿਨਾਂ ਕਿੰਤੂ ਕੀਤੇ ਬਾਬਾ ਲਹਿਣਾ ਜੀ ਨੂੰ ਆਗਿਆ ਪਾਲਦਾ ਤੱਕ ਗੁਰੂ ਨਾਨਕ ਦੇਵ ਜੀ ਨੇ ਮਾਤਾ ਸੁਲੱਖਣੀ ਨੂੰ ਇਕ ਵਾਰੀ ਕਿਹਾ ਵੀ : 'ਸੱਚ ਦੱਸੀਂ, ਪ੍ਰਮੇਸ਼ਰ ਕੀਏ, ਸਾਡਾ ਪੁੱਤਰ ਲਹਿਣਾ ਹੈ ਜਾਂ ਸਿਰੀ ਚੰਦ।'

ਫਿਰ ਅੱਧੀ ਰਾਤ ਨੂੰ ਸਿਆਲ ਦੀ ਰੁੱਤੇ ਰਾਵੀ ਦੇ ਕਿਨਾਰੇ ਕੱਪੜੇ ਧੋ ਲਿਆਉਣ ਦੀ ਆਗਿਆ ਹੋਈ। ਆਪ ਜੀ ਪੰਡ ਚੁੱਕ ਕੇ ਚੱਲ ਪਏ। ਕਿੰਨੀਆਂ ਹੀ ਪੰਡਾਂ ਗੁਰੂ ਨੂੰ ਧੋਣੀਆਂ ਪੈਂਦੀਆਂ ਸਨ। ਜਿਸ ਗੁਰੂ ਗੱਦੀ 'ਤੇ ਬੈਠਣਾ ਹੈ ਉਹ ਸਿਰਫ਼ ਆਪੂੰ ਹੀ ਉਜਲਾ ਨਹੀਂ ਹੋਣਾ ਚਾਹੀਦਾ, ਦੂਜਿਆਂ ਨੂੰ ਨਿਰਮਲ ਕਰਨ ਦੀ ਸ਼ਕਤੀ ਤੇ ਬਲ ਉਸ ਵਿਚ ਹੋਣਾ ਚਾਹੀਦਾ ਹੈ। ਭਾਈ ਲਹਿਣਾ ਜੀ ਦੇ ਘਰ ਸੂਰਜ ਚੜ੍ਹ ਪਇਆ ਸੀ। ਸਾਖੀਕਾਰਾਂ ਇਹ ਹੀ ਲਿਖਿਆ ਹੈ ਕਿ ਜਦ ਉਹ ਕੱਪੜੇ ਧੋ ਰਹੇ ਸਨ ਤਾਂ 'ਸੂਰਜ ਚੜ੍ਹ ਪਇਆ।' ਗਿਆਨ ਹੋ ਗਇਆ ਕਿ ਰੁੜ੍ਹੀ ਜਾਂਦੀ ਲੁਕਾਈ ਨੂੰ ਤੇ ਗੰਦ ਵਿਚ ਲਪੇਟੀ ਜਨਤਾ ਨੂੰ ਆਪਾ ਵਾਰ ਕੇ ਹੀ ਬਚਾਇਆ ਤੇ ਸਵਾਰਿਆ ਜਾ ਸਕਦਾ ਹੈ।

ਹੁਕਮ ਉਹ ਹੀ ਮੰਨਵਾ ਸਕਦਾ ਹੈ ਜੋ ਪਹਿਲਾਂ ਆਪੂੰ ਹੁਕਮ ਮੰਨਣ ਲਈ ਤਤਪਰ ਰਵ੍ਹੇ। ਇਸ ਤਰ੍ਹਾਂ ਦੀਆਂ ਸਾਖੀਆਂ ਕਰਤਾਰਪੁਰ ਹੋਈਆਂ। ਇਕ ਵਾਰੀ ਗੁਰੂ ਜੀ ਨੇ ਰਾਵੀ ਵਿਚ ਇਸ਼ਨਾਨ ਕਰਨ ਲਈ ਡੁਬਕੀ ਮਾਰੀ ਹੀ ਸੀ ਕਿ ਗੜੇ ਪੈਣ ਲੱਗ ਪਏ। ਸਾਰੇ ਸਾਥੀ ਦਰੱਖ਼ਤ ਦੇ ਓਹਲੇ ਹੋ ਗਏ। (ਗੁਰੂ) ਅੰਗਦ ਦੇਵ ਜੀ ਉਥੇ ਰਾਵੀ ਕੰਢੇ ਹੀ ਬੈਠੇ ਰਹੇ। ਗੜਿਆਂ ਵਿਚ ਹੀ ਦਬ ਗਏ। ਬਾਰਸ਼ ਥੰਮ੍ਹੀ ਤਾਂ ਆਪ ਜੀ ਨੇ ਕਹਿਆ 'ਪੁਰਖਾ ਤੁਸੀਂ ਇਥੇ ਕਿਉਂ ਬੈਠੇ, ਕਿਸੀ ਬਿਰਛ ਕੇ ਆਸਰੇ ਜਾਇ ਬੈਠਤੇ।' ਤਬ (ਗੁਰੂ) ਅੰਗਦ ਜੀ ਆਖਿਆ, 'ਸੱਚੇ ਪਾਤਸ਼ਾਹ ਸਾਨੂੰ ਜਗਤ ਮੋ ਕਿਸੀ ਬਿਰਛ ਨਾਲ ਅਰਥ ਨਹੀਂ ਰਿਹਾ। ਜਿਸ ਚਰਨੋਂ ਸੇ ਪਰਯੋਜਨ ਹੈ, ਤਿਸੀ ਕੇ ਅੰਗ ਬੈਠੇ ਹਾਂ।'

ਇਕ ਵਾਰੀ ਅਤਿ ਗਰਮੀ (ਸ਼ਿੱਦਤ ਹਰਾਰਤ ਅਫਤਾਬ) ਵਿਚ ਵੀ ਕਿੰਨੀ ਦੇਰ ਪੱਲਾ ਗੁਰੂ ਨਾਨਕ ਜੀ ਦੇ ਚਿਹਰੇ ਵੱਲ ਕਰ ਖੜ੍ਹੇ ਰਹੇ। ਗਰਮੀ ਸਰਦੀ ਦੋਵੇਂ ਹੀ ਝੱਲ ਲਈਆਂ।

ਇਸੇ ਤਰ੍ਹਾਂ, ਇਕ ਵਾਰੀ ਬਾਬਾ ਬੁੱਢਾ ਜੀ ਖੂਹ ਪਏ ਗੇੜਦੇ ਸਨ ਤੇ (ਗੁਰੂ) ਅੰਗਦ ਦੇਵ ਜੀ ਚੁਬੱਚੇ ਵਿਚ ਗੁਰੂ ਨਾਨਕ ਦੇਵ ਜੀ ਨੂੰ ਇਸ਼ਨਾਨ ਕਰਾ ਰਹੇ ਸਨ ਤਾਂ ਗੁਰੂ ਨਾਨਕ ਜੀ ਨੇ ਉੱਚੀ ਆਵਾਜ਼ ਨਾਲ ਪੁੱਛਿਆ : 'ਬੁੱਢਿਆ, ਕਿੰਨੀ ਰਾਤ ਗੁਜ਼ਰ ਗਈ' ਤਾਂ ਬੁੱਢਾ ਜੀ ਨੇ ਕਹਿਆ : 'ਪਾਤਸ਼ਾਹ! ਢਾਈ ਪਹਿਰ ਗੁਜ਼ਰ ਗਈ, ਡੂਢ ਪਹਿਰ ਰਹਿ ਗਈ।' ਫਿਰ ਆਪ ਜੀ ਨੇ (ਗੁਰੂ) ਅੰਗਦ ਦੇਵ ਜੀ ਕੋਲੋਂ ਪੁੱਛਿਆ, 'ਪੁਰਖਾ ਕਿੰਨੀ ਰਾਤ ਗੁਜ਼ਰ ਗਈ', ਤਾਂ ਆਪ ਜੀ ਨੇ ਕਹਿਆ : 'ਜਿੰਨੀ ਤੂੰ ਗੁਜ਼ਾਰੀ ਗੁਜ਼ਰ ਗਈ, ਜਿੰਨੀ ਤੂੰ ਰੱਖੀ ਰਹਿ ਗਈ। ਤੇਰੀ ਰਾਤ ਤੇਰਾ ਦਿਨ।' ਇਕ ਵਾਰੀ ਅੱਧੀ ਰਾਤ ਵੇਲੇ ਪੁੱਛਿਆ

Sri Satguru Jagjit Singh Ji eLibrary NamdhariElibrary@gmail.com

ਨੇ 'ਭਾਈ ਅੰਗਦਾ, ਦਿਨ ਹੋ ਗਇਆ ਹੈ।' (ਗੁਰੂ) ਅੰਗਦ ਦੇਵ ਜੀ ਨੇ ਉੱਤਰ ਦਿੱਤਾ : 'ਸੱਚੇ ਪਾਤਸ਼ਾਹ ਦਿਨ ਹੋ ਗਇਆ ਹੈ।' ਭਾਈ ਸੇਵਾ ਰਾਮ ਪਰਚੀਆਂ ਵਿਚ ਲਿਖਦੇ ਹਨ ਜਦ ਉਨ੍ਹਾਂ ਕੱਪੜੇ ਧੋ ਲਿਆਂਦੇ ਤਾਂ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ : 'ਪੁਰਖਾ ਉਥੇ ਦਿਨ ਸੀ ਕਿ ਰਾਤ' ਗੁਰੂ ਅੰਗਦ ਦੇਵ ਜੀ ਨੇ ਕਹਿਆ, 'ਜੇ ਤੂੰ ਦਿਹੁ ਚਾਂਹਦਾ ਹੈ ਤਾਂ ਦਿਹੁ ਹੋਇ ਜਾਂਦਾ ਹੈ ਜੇ ਤੂੰ ਰਾਤ ਚਾਂਹਦਾ ਹੈਂ ਤਾਂ ਰਾਤ ਹੋਇ ਜਾਂਦੀ ਹੈ।'

ਮਹਿਮਾ ਪ੍ਰਕਾਸ਼ ਦੇ ਸ਼ਬਦਾਂ ਵਿਚ ਭਾਈ ਲਹਿਣਾ ਜੀ ਨੇ ਉਸ ਸਮੇਂ ਕਿਹਾ :

'ਰਾਤ ਦਿਵਸ ਜਾਨਤ ਹਮ ਨਾਹੀ।
ਨਿਸ ਦਿਨ ਧਿਆਨ ਸਤਿਗੁਰ ਮਨਮਾਹੀ।'

ਇਸ ਤਰ੍ਹਾਂ ਭਾਈ ਲਹਿਣਾ ਜੀ ਪ੍ਰੇਮ ਵਾੜੀ ਨੂੰ ਜੋ ਉਨ੍ਹਾਂ ਬੀਜੀ ਸੀ, ਨੇਹੁ-ਜਲ ਨਾਲ ਸਿੰਜ ਰਹੇ ਸਨ : 'ਪ੍ਰੇਮ ਬਾਰੀ ਬੋਈ ਇਨੈ ਸਿੰਚਤ ਸਦ ਜਲ ਨੇਹਾ।'[1]

ਗੱਲ ਕੀ, ਹੁਕਮ ਸਮਝਣ ਤੇ ਪਾਲਣ ਵਿਚ ਵੀ (ਗੁਰੂ) ਅੰਗਦ ਦੇਵ ਜੀ ਨੇ ਹੱਦ ਦੱਸ ਦਿੱਤੀ। ਹੁਕਮ 'ਤੇ ਜੋ ਬਿਨ ਸ਼ੰਕੇ ਦੇ ਤੁਰਦਾ ਹੈ ਉਸ ਦੀਆਂ ਮੁਕਤ ਭੁਗਤ ਦਾਸੀਆਂ ਬਣਦੀਆਂ ਹਨ ਤੇ ਉਹ ਭਵ ਸਾਗਰ ਤੋਂ ਪਾਰ ਹੋ ਜਾਂਦਾ ਹੈ :

ਗੁਰ ਭਗਤਾ ਜੋ ਬਚਨ ਗੁਰ ਬਿਨ ਸੰਕਾ ਹਿਰਦੇ ਧਾਰ।
ਮੁਕਤੁ ਭੁਗਤੁ ਸਭ ਕਛੁ ਲਹੇ ਭਵ ਨਿਧਿ ਉਤਰੇ ਪਾਰ।[2]

ਉਹ ਗੁਰੂ ਨੂੰ ਕਿਤਨਾ ਕੁ ਸਮਝ ਗਏ ਸਨ, ਇਸ ਦੀ ਇਕ ਵਾਰਤਾ ਸੰਤ ਰਤਨ ਮਾਲਾ ਵਿਚ ਲਿਖੀ ਹੈ ਕਿ ਜਦ ਗੁਰੂ ਗੱਦੀ ਦਾ ਫ਼ੈਸਲਾ ਹੋ ਗਇਆ ਤਾਂ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਚੰਦ ਜੀ ਨੇ ਬ੍ਰਾਦਰੀ ਇਕੱਠੀ ਕਰ ਲਈ। ਬ੍ਰਾਦਰੀ ਦਾ ਮੁਖੀ ਗੁਰੂ ਨਾਨਕ ਦੇਵ ਜੀ ਨੂੰ ਕਹਿਣ ਲੱਗਾ ਕਿ ਤੁਸਾਂ ਚੰਗਾ ਨਹੀਂ ਕੀਤਾ, ਗੱਦੀ ਸ੍ਰੀ ਚੰਦ ਜਾਂ ਲਖਮੀ ਚੰਦ ਨੂੰ ਦੇਣੀ ਸੀ। ਗੁਰੂ ਨਾਨਕ ਦੇਵ ਜੀ ਨੇ ਕਹਿਆ ਕਿ 'ਮੈਂ ਕਿਸੇ ਨੂੰ ਗੱਦੀ ਨਹੀਂ ਦਿੱਤੀ। ਇਹ ਤਾਂ ਅਕਾਲ ਪੁਰਖ ਵਲੋਂ ਹੁੰਡੀ ਸੀ, ਜੋ ਸੇਵਕ ਨੂੰ ਤਾਰਣੀ ਸੀ, ਸੇਵਕ ਮੈਂ ਡਿੱਠਾ ਭਾਈ ਲਹਿਣਾ।' ਤਾਂ ਬ੍ਰਾਦਰੀ ਨੇ ਫਿਰ ਕਹਿਆ ਕਿ ਪੁੱਤਰ ਤੇਰੇ ਕੋਈ ਘੱਟ ਸੇਵਕ ਹਨ? ਗੁਰੂ ਨਾਨਕ ਜੀ ਨੇ ਕਹਿਆ ਕਿ ਬਹਿਸ ਕਰਨੀ ਠੀਕ ਨਹੀਂ, ਹੁਣੇ ਹੀ ਪਰਖ ਲੈਂਦੇ ਹਾਂ ਕਉਨ ਸੇਵਕ ਹੈ ਤੇ ਕਉਨ ਨਹੀਂ। ਗੁਰੂ ਨਾਨਕ ਦੇਵ ਜੀ ਨੇ ਇਕ ਪੈਸਾ ਆਪਣੀ ਹਥੇਲੀ 'ਤੇ ਰੱਖਿਆ ਤੇ ਮੁੱਠੀ ਬੰਦ ਕਰਕੇ ਸਾਰਿਆਂ ਸਾਮ੍ਹਣੇ ਕਹਿਣ ਲੱਗੇ : 'ਸ੍ਰੀ ਚੰਦਾ ਮੇਰੀ ਮੁੱਠੀ ਵਿਚ ਕੀ ਹੈ?' ਬਾਬਾ ਸ੍ਰੀ ਚੰਦ ਬੋਲੇ : 'ਪਿਤਾ ਜੀ ਤੁਹਾਡੀ ਮੁੱਠੀ ਵਿਚ ਇਕ ਪੈਸਾ!' ਮਾਲਕ ਮੁਸਕਰਾ ਦਿੱਤੇ। ਫਿਰ ਲਖਮੀ ਚੰਦ ਜੀ ਕੋਲੋਂ ਪੁੱਛਿਆ ਤਾਂ ਉਨ੍ਹਾਂ ਵੀ ਇਹ ਹੀ ਕਹਿਆ ਕਿ ਮੁੱਠੀ ਵਿਚ ਇਕ ਪੈਸਾ ਹੈ। ਜਦ ਗੁਰੂ ਅੰਗਦ ਸਾਹਿਬ ਨੂੰ ਪੁੱਛਿਆ ਤਾਂ ਉਨ੍ਹਾਂ ਹੱਥ ਜੋੜ ਕੇ ਕਹਿਆ : 'ਪਾਤਸ਼ਾਹ! ਮੇਰੀ ਸ਼ਕਤੀ ਨਹੀਂ ਕਿ ਮੈਂ ਦੱਸ ਸਕਾਂ ਤੁਹਾਡੀ ਮੁੱਠੀ ਵਿਚ ਕੀ ਹੈ? ਹਾਂ, ਬਖਸ਼ਸ਼ ਕਰੋ ਤਾਂ ਦੱਸਾਂ ਕਿ ਤੁਹਾਡੀ ਮੁੱਠੀ ਵਿਚ ਕੀ ਹੈ। ਤੁਹਾਡੀ ਮੁੱਠੀ ਵਿਚ ਗਿਆਨ, ਭਗਤੀ, ਨੌ ਨਿਧਾਂ, ਅਠਾਰਾਂ ਸਿਧਾਂ

1. ਸਾਖੀ ੨੬—ਬਚਨ ਬਿਲਾਸ ਸੇਵਕ ਆਪਨਿਆਂ ਸੋ।
2. ਸਾਖੀ ੫੮।

Sri Satguru Jagjit Singh Ji eLibrary NamdhariElibrary@gmail.com

ਤੇ ਮੁਆਫ਼ ਕਰਨਾ ਇਹ ਮੁੱਠੀ ਖੁਲ੍ਹ ਜਾਏ ਤਾਂ ਪ੍ਰਭੂ ਦਾ ਦੀਦਾਰ ਹੋ ਜਾਏ।'

ਆਪੁ ਆਪੈ ਸੇਤੀ ਮਿਕਓਨੁ : ਅਖ਼ੀਰਲੀ ਪਰਖ ਵਾਲੀ ਸਾਖੀ ਵਿਚ ਲਿਖਿਆ ਹੈ ਕਿ ਪਰਖ ਲਈ ਧਾਣਕ ਰੂਪ ਧਾਰ ਲਇਆ। ਮੈਲੇ ਕੱਪੜੇ ਪਹਿਣ ਲਏ, ਹੱਥ ਕੁੱਤਕ ਲੈ ਲਇਆ। ਪਿੱਛੇ ਕੁੱਤਾ ਲਗਾ ਲਇਆ ਤੇ ਸ਼ਹਿਰੋਂ ਬਾਹਰ ਉਜਾੜ ਮਸਾਣਾਂ ਵੱਲ ਚੱਲ ਪਏ। ਇਹ ਯਾਦ ਰਵ੍ਹੇ ਕਿ ਕਰਤਾਰਪੁਰ ਦੀ ਆਬਾਦੀ ਉਸ ਸਮੇਂ ਵੀਹ ਹਜ਼ਾਰ ਹੋ ਗਈ ਸੀ।[1] ਪਿੱਛੇ ਆਉਂਦੀ ਭੀੜ ਨੂੰ ਦੂਰ ਕਰਨ ਲਈ, ਆਪ ਜੀ ਨੇ ਪੈਸਿਆਂ ਦੀ ਸੋਟ ਕੀਤੀ। ਕੁਝ ਪੈਸੇ ਚੁੱਕਣ ਲੱਗ ਪਏ। ਫਿਰ ਰੁਪਏ, ਫਿਰ ਮੋਤੀ, ਫਿਰ ਹੀਰੇ ਪਰ ਫਿਰ ਵੀ ਕੁਝ ਜਗਿਆਸੂ ਮਗਰ ਆਉਂਦੇ ਰਹੇ। ਆਪ ਜੀ ਨੇ ਫਿਰ ਕੁੱਤਾ ਛੱਡ ਦਿੱਤਾ ਤਾਂ ਰਹਿੰਦੇ ਸਾਰੇ ਹੀ ਨੱਸ ਗਏ, ਸਿਰਫ਼ ਤਿੰਨ ਰਹਿ ਗਏ। ਇਕ ਬਾਬਾ ਬੁੱਢਾ ਜੀ, ਦੂਜੇ ਭਾਈ ਦੂਨੀ ਚੰਦ ਤੇ ਤੀਜੇ ਭਾਈ ਲਹਿਣਾ ਜੀ। ਆਪ ਜੀ ਨੇ ਡੰਡਾ ਜ਼ੋਰ ਦਾ ਭਾਈ ਦੂਨੀ ਚੰਦ ਜੀ ਨੂੰ ਮਾਰਿਆ। ਉਹ ਭੱਜ ਉੱਠੇ ਤੇ ਬਾਬਾ ਬੁੱਢਾ ਜੀ ਦਰੱਖ਼ਤ ਦੇ ਓਹਲੇ ਹੋ ਗਏ। ਮਹਿਮਾ ਪ੍ਰਕਾਸ਼ ਦਾ ਇਹ ਲਿਖਣਾ ਹੈ ਕਿ ਜਦ ਮੁਰਦਾ ਖਾਣ ਲਈ ਕਹਿਆ ਤਾਂ ਬਾਬਾ ਬੁੱਢਾ ਜੀ ਭੱਜ ਉੱਠੇ। ਗੁਰੂ ਨਾਨਕ ਦੇਵ ਜੀ ਨੇ ਪੁੱਛਿਆ : 'ਪੁਰਖਾ ਤੂੰ ਕਿਉਂ ਨਹੀਂ ਜਾਂਦਾ ?' ਭਾਈ ਲਹਿਣਾ ਜੀ ਬੋਲੇ : 'ਪਾਤਸ਼ਾਹ ਹਰ ਕਿਸੇ ਦਾ ਕੋਈ ਨਾ ਕੋਈ ਟਿਕਾਣਾ ਹੋਵੇਗਾ, ਮੇਰਾ ਕੋਈ ਨਹੀਂ।' ਤਾਂ ਉਸੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਗਲਵੱਕੜੀ ਵਿਚ ਲੈ ਕੇ ਕਿਹਾ : 'ਲਹਿਣਿਆ ਮੇਰਾ ਵੀ ਕੋਈ ਟਿਕਾਣਾ ਨਹੀਂ, ਮੈਂ ਵੀ ਆਪਣੀ ਜੋਤ ਨੂੰ ਟਿਕਾਣ ਦਾ ਟਿਕਾਣਾ ਪਇਆ ਲੱਭਦਾ ਸਾਂ, ਅਜੇ ਲਹਿਣੇ ਦੀ ਥਾਂ ਮਿਲੀ ਹੈ। ਸਭ ਸੰਸਾਰ ਸੋਧ ਕੇ ਮੈਂ ਤੁਝ ਕੋ ਪਾਇਆ ਹੈ। ਅੱਗੇ ਤੇਰਾ ਨਾਉਂ ਲਹਿਣਾ ਥਾ ਅਬ ਤੇਰਾ ਨਾਉਂ ਅੰਗਦ ਹੂਆ। ਤੂੰ ਮੇਰੇ ਅੰਗ ਸੇ, (ਅੰਗੇ-ਖ਼ੁਦ) ਪੈਦਾ ਹੋਇਆ ਹੈਂ।' ਫਿਰ ਬਚਨ ਕੀਤਾ : 'ਮੁਰਦਾ ਖਾਹ।' ਗੁਰੂ ਅੰਗਦ ਦੇਵ ਜੀ ਨੇ ਪੁੱਛਿਆ : 'ਕਿਸ ਪਾਸਿਉਂ ਖਾਵਾਂ ?' ਆਪ ਜੀ ਨੇ ਕਹਿਆ : 'ਸਿਰ ਵਲੋਂ ਖਾਹ'। ਜਦ ਮੁਰਦੇ ਤੋਂ ਵਸਤ੍ਰ ਉਤਾਰਿਆ ਤਾਂ ਉਥੇ ਕੜਾਹ ਪ੍ਰਸ਼ਾਦ ਪਇਆ ਸੀ :

'ਸੇਤ ਸੇ ਬਸਤ੍ਰ ਉਤਾਰਾ ਜਬ ਹੀ।
ਤ੍ਰਿਹਾਵਲ ਪਿਖ ਹੀ ਤਬ ਹੀ।'

ਗੁਰੂ ਨਾਨਕ ਦੇਵ ਜੀ ਇਹ ਦੇਖ ਰਹੇ ਸਨ ਕਿ ਇਹ ਮੁਰਦਾ ਦੇਖ ਭੱਜਦਾ ਤਾਂ ਨਹੀਂ, ਕਿਉਂਕਿ ਹਿੰਦੁਸਤਾਨ ਵਿਚ ਇਕ ਐਸੇ ਮਹਾਂਪੁਰਸ਼ ਹੋਏ ਸਨ ਜੋ ਰੋਗੀ, ਬੁਢਾਪਾ ਤੇ ਅਰਥੀ ਦੇਖ ਕੇ ਹੀ ਨੱਸ ਗਏ। ਦੂਜੇ, ਹਿੰਦੁਸਤਾਨ ਮੁਰਦਾ ਪਇਆ ਸੀ, ਉਸ ਵਿਚ ਕੜਾਹ ਪ੍ਰਸ਼ਾਦ ਵਾਲੀ ਸ਼ਕਤੀ ਭਰਨ ਦੀ ਲੋੜ ਸੀ। ਗੁਰੂ ਵਿਚ ਹੀ ਇਹ ਸੱਤਾ ਹੈ ਕਿ ਜੋ ਮੁਰਦਿਆਂ ਨੂੰ ਬਖ਼ਸ਼ਸ਼ ਨਾਲ ਉਠਾਲ ਸਕੇ। ਗੁਰੂ ਅੰਗਦ ਦੇਵ ਜੀ ਵਿਚ ਇਹ ਸਭ ਸਿਫਤਾਂ ਆ ਚੁੱਕੀਆਂ ਸਨ। ਉਹ ਜੂਝਣ ਲਈ ਤਿਆਰ ਕਰ ਦਿੱਤੇ ਗਏ ਸਨ। ਬਲਵੰਡ ਦੇ ਸ਼ਬਦਾਂ ਵਿਚ ਉਥੇ ਹੀ :

'ਗੁਰੂ ਚੇਲੇ ਰਹਿਰਾਸ ਕੀਈ,
ਨਾਨਕ ਸਲਾਮਤਿ ਥੀਵਦੈ।

---

1. ਪਰਚੀਆਂ ਭਾਈ ਸੇਵਾ ਰਾਮ।

Sri Satguru Jagjit Singh Ji eLibrary NamdhariElibrary@gmail.com

ਸਹਿ ਟਿਕਾ ਦਿਤੋਸੁ ਜੀਵਦੈ।'

ਗੁਰੂ ਨੇ ਚੇਲੇ ਅੱਗੇ ਸਿਰ ਨਿਵਾ ਕੇ ਧਰਮਾਂ ਦੇ ਇਤਿਹਾਸ ਵਿਚ ਇਕ ਹੋਰ ਇਨਕਲਾਬ ਕਰ ਦਿੱਤਾ। 'ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ' ਦੀ ਵਾਰਤਾ ਤਾਂ ਸਾਰੇ ਸੁਣਾਂਦੇ ਹਨ ਪਰ ਇਹ ਪਰਪਾਟੀ ਗੁਰੂ ਨਾਨਕ ਦੇਵ ਜੀ ਹੀ ਪਾ ਗਏ ਸਨ। ਮਹਿਮਾ ਪ੍ਰਕਾਸ਼ ਅਨੁਸਾਰ ਉਸ ਸਮੇਂ ਕਹਿਆ : 'ਮੇਰਾ ਗੁਰੂ ਤੂੰ, ਮੈਂ ਤੇਰਾ ਗੁਰੂ।'

'ਮੇਰੇ ਮਨ ਮੈਂ ਤੂੰ ਬਸੇ,
ਮੈ ਸਦ ਹਿਰਦੇ ਤੋਹਿ।
ਅਭੇਦ ਭਗਤ ਮੇਰੀ ਕਰੀ,
ਮੈਂ ਮਨ ਤੁਮਾਰਾ ਢੋਹ।

ਅਤੇ

ਅਬ ਤੂੰ ਮੇਰੇ ਅੰਗ ਤੇ ਭਇਆ।
ਤੁਮ ਲਹਿਨਾ ਮੈਂ ਦੇਨ ਦਇਆ।' *(ਸਾਖੀ–੫੮-੫੯)*

ਭਾਈ ਸੇਵਾ ਰਾਮ ਦੀਆਂ ਲਿਖੀਆਂ ਪਰਚੀਆਂ ਅਨੁਸਾਰ ਫ਼ਰਮਾਇਆ :

'ਪੁਰਖਾ! ਤੁਝੇ ਮਾਨੇਗਾ ਸੋ ਮੁਝੇ ਮਾਨੇਗਾ।
ਤਉ ਕਉ ਸੇਵੇਗਾ, ਸੋ ਮੋ ਕਉ ਸੇਵੈਗਾ।
ਤੂੰ, ਮੈਂ, ਮੈਂ, ਤੂੰ। ਤੁਮ ਹਮ ਕਉ
ਭਿੰਨ ਜਾਨੈਗਾ ਸੋ ਗੁਰੂ ਤੇ ਬਿਛਰਿਆ ਰਹੇਗਾ।'

ਜਨਮ ਪੱਤ੍ਰੀ ਸ਼ੰਭੂ ਨਾਥ ਵਾਲੀ ਵਿਚ ਲਿਖਿਆ ਹੈ ਕਿ ਦੋ ਵਸਤਾਂ ਹੀ ਗੁਰੂ ਅੰਗਦ ਦੇਵ ਜੀ ਨੂੰ ਬਖਸ਼ੀਆਂ : ਆਪਣੀ ਅਜ਼ਮਤਿ ਅਤੇ ਸ਼ਬਦ ਦੀ ਸੁਰਤਿ।

ਮੂਬਿਦ ਜ਼ੁਲਫਿਕਾਰ ਅਰਦਿਸਤਾਨੀ, ਜਿਸ ਨੂੰ ਮੁਹਸਿਨ ਫ਼ਾਨੀ ਕਰ ਕੇ ਜਾਣਿਆ ਜਾਂਦਾ ਹੈ, ਨੇ ਦਬਿਸਤਾਨਿ-ਮਜ਼ਾਹਿਬ ਵਿਚ ਲਿਖਿਆ ਹੈ ਕਿ ਸਿੱਖਾਂ ਦਾ ਵਿਸ਼ਵਾਸ ਹੈ ਕਿ ਗੁਰੂ ਨਾਨਕ ਕੇਵਲ ਨੂਰ ਹੀ ਸਨ। ਉਨ੍ਹਾਂ ਜਦ ਆਪਣੇ ਸਰੀਰ ਰੂਪੀ ਚੋਲੇ ਨੂੰ ਤਿਆਗਿਆ ਤਾਂ ਆਪਣੇ ਖਾਸ ਸੇਵਕ ਗੁਰੂ ਅੰਗਦ ਦੇ ਸਰੀਰ ਵਿਚ ਪ੍ਰਵੇਸ਼ ਹੋਏ। ਇਸੇ ਲਈ ਗੁਰੂ ਅੰਗਦ ਸਾਕਾਰ ਨਾਨਕ ਹਨ। ਇਸੇ ਤਰ੍ਹਾਂ ਇਹ ਸਿਲਸਿਲਾ ਜਾਰੀ ਰਹਿਆ। ਗੁਰੂ ਅੰਗਦ ਦੇਵ ਜੀ ਜਦ ਜੋਤੀ ਜੋਤ ਸਮਾਏ ਤਾਂ ਬਾਬਾ ਨਾਨਕ ਅਮਰ ਦਾਸ ਦੇ ਸਰੀਰ ਵਿਚ ਪ੍ਰਵੇਸ਼ ਕਰ ਗਏ। ਅਮਰ ਦਾਸ ਦੇ ਪਿੱਛੋਂ ਆਪ ਨੇ ਰਾਮ ਦਾਸ ਦਾ ਰੂਪ ਧਾਰਨ ਕੀਤਾ ਅਤੇ ਫਿਰ ਅਰਜਨ ਮਲ ਦੀ ਕਾਇਆ ਵਿਚ ਚਲੇ ਗਏ। ਹਰ ਇਕ ਗੁਰੂ ਦਾ ਨਾਂ 'ਮਹਲ' ਰੱਖਿਆ ਗਿਆ। ਮਹਲ ਪਹਿਲਾ ਨਾਨਕ ਸੀ ਅਤੇ ਦੂਜਾ ਅੰਗਦ। ਇਸ ਪ੍ਰਕਾਰ ਗੁਰੂ ਅਰਜਨ ਪੰਜਵੇਂ ਮਹਲ ਸਨ। ਸਿੱਖਾਂ ਦੇ ਵਿਚਾਰ ਹਨ ਕਿ ਜੋ ਸ਼ਖਸ ਗੁਰੂ ਅਰਜਨ ਨੂੰ ਬਾਬਾ ਨਾਨਕ ਨਹੀਂ ਮੰਨਦੇ ਉਹ ਮਨਮੁਖ ਤੇ ਕਾਫ਼ਰ ਹਨ।[1] ਭਾਈ ਨੰਦ

1. ਇਹ ਪੁਸਤਕ ਗੁਰੂ ਹਰਿਗੋਬਿੰਦ ਸਮੇਂ ਲਿਖੀ ਗਈ ਸੀ। ਅਸਲ ਸ਼ਬਦ ਸਨ : ਗੁਫ਼ਤੰਦ ਹਰ ਕਿ ਗੁਰੂ ਅਰਜਨ ਮਲ ਨਾ ਈਂ ਬਾਬਾ ਨਾਨਕ ਨ ਦਾਨੰਦ ਮਨਮੁਖ ਬਾਸ਼ਦ ਯਾਅਨੀ ਕਾਫ਼ਰ। ਵਿਸਥਾਰ ਲਈ ਮੇਰੀ ਹੀ ਰਚਿਤ 'ਕਥਾ ਪੁਰਾਤਨ ਇਉ ਸੁਣੀ' ਦੇਖਣ ਦੀ ਕ੍ਰਿਪਾਲਤਾ ਕਰਨੀ।

Sri Satguru Jagjit Singh Ji eLibrary NamdhariElibrary@gmail.com

ਲਾਲ ਜੀ ਨੇ ਵੀ ਗਵਾਹੀ ਦਿੱਤੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕੇਵਲ ਇਕ ਸ਼ਬਦ ਹੀ ਵਰਤਾਇਆ ਅਤੇ ਆਪਣਾ ਜੀਵਨ ਵੀ ਸ਼ਬਦ ਵਿਚ ਹੀ ਢਾਲ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸ਼ਬਦ ਵਿਚ ਹੀ ਸਭ ਕੁਝ ਹੈ। ਗੁਰੂ ਨਾਨਕ ਦੇਵ ਜੀ ਨੇ ਸ਼ਬਦ ਵਿਚ ਹੀ ਸਭ ਕੁਝ ਰੂਪਮਾਨ ਕਰ ਦਿੱਤਾ ਹੈ। ਜਿਨ੍ਹਾਂ ਸ਼ਬਦ ਪਾ ਲਿਆ, ਗੁਰੂ ਜੀ ਉਸੇ ਤੋਂ ਵਾਰੀ ਜਾਂਦੇ ਹਨ।[1]

ਮੁਨਸ਼ੀ ਸੋਹਣ ਲਾਲ ਦੇ ਲਿਖੇ ਸ਼ਬਦ ਵੀ ਭਾਵ ਪੂਰਤ ਹਨ। ਉਹ ਲਿਖਦਾ ਹੈ ਕਿ ਪੁੱਤਰਾਂ ਦੇ ਭਾਗਾਂ ਵਿਚ ਹਕੀਕੀ ਰਾਜ ਤੇ ਆਤਮਕ ਖ਼ਜ਼ਾਨੇ ਦੀ ਨਿਆਮਤ ਲਿਖੀ ਨਹੀਂ ਸੀ। ਭਾਈ ਲਹਿਣਾ ਹੀ ਗੁਰੂ ਨਾਨਕ ਦੇਵ ਜੀ ਦਾ ਸੱਚਾ, ਸੁੱਚਾ, ਖਰਾ, ਖ਼ੁਸ਼-ਨਸੀਬ, ਸ਼ੁੱਭਇੱਛਕ, ਅਨਿਨ ਸੇਵਕ ਤੇ ਪੱਕਾ ਰਾਜ਼ਦਾਰ ਬਣਿਆ। ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਜੋਤੀ ਜੋਤ ਸਮਾਉਣ ਵੇਲੇ ਗੁਰ-ਗੱਦੀ ਬਖ਼ਸ਼ੀ।

ਬਸ ਇਸ ਤਰ੍ਹਾਂ ਸਿਰ ਤੇ ਛਤਰ ਝੁਲਾ ਕੇ ਕਰਤਾਰਪੁਰ ਡੇਰੇ ਮੁੜ ਆਏ।

ਜੋਤੀ ਜੋਤ ਸਮਾਉਣਾ : ਗੁਰੂ ਗੱਦੀ ਬਖ਼ਸ਼ਣ ਪਿੱਛੋਂ ਗੁਰੂ ਨਾਨਕ ਦੇਵ ਜੀ ਚਾਰ ਕੁ ਮਹੀਨੇ ਹੀ ਜੀਵਤ ਰਹੇ। ਮੇਹਰਬਾਨ ਜੀ ਦੇ ਸ਼ਬਦਾਂ ਵਿਚ 'ਤਬ ਗੁਰੂ ਨਾਨਕ ਜੀ ਗੁਰੂ ਅੰਗਦ ਕਉ ਸ਼ਬਦ ਕੀ ਥਾਪਣਾ ਦੇ ਕਰ ਸੰਮਤ ੧੫੯੬, ਅੱਸੂ ਵਦੀ ੧੦ ਦਸਮੀ ਕਉ ਆਪ ਸੱਚ ਖੰਡ ਸਿਧਾਰੇ। ਚਲਾਣੇ ਸਮੇਂ ਅੰਮ੍ਰਿਤ ਵੇਲਾ ਸੀ। ਇਸ ਹਿਸਾਬ ਨਾਲ ੫ ਸਤੰਬਰ ੧੫੩੯ ਬਣਦਾ ਹੈ। ਪੁਰਾਤਨ ਜਨਮ ਸਾਖੀ ਦੀ ਗਵਾਹੀ ਅਨੁਸਾਰ 'ਤਿਤ ਮਹਲ ਜੋ ਹੋਆ ਸੋ ਪੋਥੀ ਜੁ ਬਾਨਿ ਗੁਰੂ ਅੰਗਦ ਜੋਗ ਮਿਲੀ।' ਅਤੇ ਸੱਤਾ ਬਲਵੰਡ ਅਨੁਸਾਰ 'ਸ਼ਬਦ ਖ਼ਜ਼ਾਨਾ ਬਖਸਿਉਨ'।

ਜੋਤੀ ਜੋਤ ਸਮਾਉਣ ਵੇਲੇ ਤੁਖਾਰੀ ਰਾਗ ਦਾ ਬਾਰਹਮਾਹ ਉਚਾਰਿਆ :

'ਤੂੰ ਸੁਣਿ ਕਿਰਤ ਕਰੰਮਾ, ਪੁਰਬਿ ਕਮਾਇਆ॥
ਸਿਰਿ ਸਿਰਿ ਸੁਖ ਸਹੰਮਾ, ਦੇਹ ਸੁ ਤੂ ਭਲਾ॥'

ਦੀ ਤੁਕ ਪੜ੍ਹ ਕੇ ਕਿੰਨਾ ਚਿਰ 'ਭਲਾ-ਭਲਾ-ਭਲਾ' ਹੀ ਕਹਿੰਦੇ ਰਹੇ।

ਫਿਰ, 'ਜੈ ਘਰਿ ਕੀਰਤਿ ਆਖੀਐ
ਕਰਤੇ ਕਾ ਹੋਇ ਬੀਚਾਰੋ।'

ਦਾ ਸ਼ਬਦ ਗਾਉਣ ਦਾ ਹੁਕਮ ਦਿੱਤਾ।

ਰਾਗ ਗਉੜੀ ਦੀਪਕੀ ਹੋਇਆ। ਫਿਰ ਧਨਾਸਰੀ ਹੋਇਆ। ਆਰਤੀ ਗਾਵੀ। ਤਿਤ ਮਹਲ ਕੀਰਤਨ ਹੋਆ। 'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦਾ ਸਲੋਕ ਪੜ੍ਹਿਆ ਤੇ ਆਖ਼ਰੀ ਤੁਕ :

'ਨਾਨਕ ਤੇ ਮੁਖ ਉਜਲੇ, ਕੇਤੀ ਛੁਟੀ ਨਾਲਿ।'

ਕਹਿੰਦਿਆਂ ਹੀ ਗੁਰੂ ਬਾਬੇ ਚਾਦਰ ਉਪਰਿ ਲੈ, ਮੂੰਹੋਂ ਵਾਹਿਗੁਰੂ ਕਹਿ ਮੱਥਾ ਟੇਕਿਆ। ਇਸ ਤਰ੍ਹਾਂ ਜੋਤੀ ਜੋਤ ਸਮਾ ਗਏ।

---

1. ਅਰਜ਼ੁਲ-ਅਲਫਾਜ਼।

Sri Satguru Jagjit Singh Ji eLibrary NamdhariElibrary@gmail.com

ਮਹਿਮਾ ਪ੍ਰਕਾਸ਼ ਅਨੁਸਾਰ :

'ਤਾ ਸੋ ਬਾਬੇ ਬਚਨ ਬਖਾਨੋ।
ਮੇਰੋ ਸਰੂਪ ਗੁਰੂ ਅੰਗਦ ਜਾਨੋ।
ਵਹ ਦਰਸਨ ਮੇਰੋ ਨਿਜ ਦਰਸਨ।
ਸਭ ਉਨ ਕੀ ਸੇਵ ਕਰੋ ਮਮ ਸਰਸਨ'॥ ੨੫॥

ਅਤੇ

ਗੁਰੂ ਅੰਗਦ ਦੇਵ ਜੀ ਨੂੰ ਕਿਹਾ :

'ਹਰਿ ਕਾ ਪੰਥ ਗੁਰਮੁਖ ਜਗ ਕਰਨਾ
ਦੇ ਨਾਮ-ਮੰਤ੍ਰ ਤੁਮ ਜਗਤ ਉਧਰਨਾ'॥੧॥[1]

ਆਰਚਰ ਦੇ ਕਹਿਣ ਮੁਤਾਬਿਕ ਕੇਵਲ ਇਕ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਆਪਣੀ ਹਯਾਤੀ ਵਿਚ ਹੀ ਜਾਨਸ਼ੀਨ ਚੁਣਿਆ ਤੇ ਉਸ ਜ਼ਿੰਮੇ ਕੰਮ ਲਗਾਇਆ ਕਿ ਉਹ ਉਨ੍ਹਾਂ ਪਾਵਨ ਅਸੂਲਾਂ ਨੂੰ ਸਾਂਭੇ ਤੇ ਪ੍ਰਚਾਰ ਕਰੇ, ਜਿਨ੍ਹਾਂ ਨੂੰ ਉਹ ਪ੍ਰਚਾਰਦੇ ਰਹੇ। ਇਹ ਹੁਕਮ ਦਿੱਤਾ ਵੀ ਲਗਦਾ ਹੈ ਕਿ ਕਰਤਾਰਪੁਰ ਨਾ ਟਿਕਣਾ ਕਿਉਂਕਿ ਉਹ ਜਾਣਦੇ ਸਨ ਕਿ ਪਕੜ ਜੇ ਕਾਇਮ ਰੱਖੀ ਤਾਂ ਵਿਰਾਸਤ ਦੇ ਝਗੜੇ ਪੈਣਗੇ। ਇਸ ਲਈ ਭਾਈ ਗੁਰਦਾਸ ਜੀ ਨੇ ਸਪੱਸ਼ਟ ਲਿਖਿਆ : 'ਦਿੱਤਾ ਛੱਡ ਕਰਤਾਰਪੁਰ, ਬੈਠ ਖਡੂਰੇ ਜੋਤਿ ਜਗਾਈ', ਅਤੇ ਫਿਰ ਉਸੇ ਤਰ੍ਹਾਂ ਗੁਰੂ ਅਮਰ ਦਾਸ ਜੀ ਨੂੰ ਗੁਰੂ ਗੱਦੀ ਦੇ ਕੇ ਖਡੂਰ ਛੱਡਣ ਦਾ ਹੁਕਮ ਦਿੱਤਾ ਲਗਦਾ ਹੈ ਜਿਸ ਨੂੰ ਭਾਈ ਜੀ ਅਚਰਜ ਖੇਲ੍ਹ ਕਹਿੰਦੇ ਹਨ :

'ਫੇਰਿ ਵਸਾਇਆ ਗੋਇੰਦਵਾਲ
ਅਸਚਰਜੁ ਖੇਲ ਨਾ ਲਖਿਆ ਜਾਈ।'

ਗੁਰੂ ਨਾਨਕ ਦੇਵ ਜੀ ਦੇ ਮਿਰਤਕ ਸਰੀਰ 'ਤੇ ਕਾਫ਼ੀ ਝਗੜਾ ਪੈ ਗਇਆ ਪਰ ਸਮੇਂ ਸਿਰ ਨਜਿੱਠ ਲਇਆ ਗਿਆ। ਆਪ ਜੀ ਦਾ ਰਾਵੀ ਕਿਨਾਰੇ ਹੀ ਸਸਕਾਰ ਕੀਤਾ ਗਿਆ। ਜਦ ਪਿੱਛੋਂ ਚਿਖਾ ਫਰੋਲੀ ਗਈ ਤਾਂ 'ਕੋਈ ਸਰੀਰ ਦਾ ਆਕਾਰ ਨਜ਼ਰ ਨਾ ਆਇਆ।'[2]

ਮੁਸਲਮਾਨਾਂ ਇਕ ਪਾਸੇ ਮਕਬਰਾ ਬਣਾ ਦਿੱਤਾ ਤੇ ਦੂਜਿਆਂ ਨੇ ਸਮਾਧ।[3] ਦੀਵਾਰ

---

1. ਸਾਖੀ ੬੫—ਸ੍ਰੀ ਗੁਰੂ ਬਾਬੇ ਜੀ ਕੇ ਜੋਤੀ ਜੋਤ ਸਮਾਵਨੇ ਕੀ।
2. ਮਹਿਮਾ ਪ੍ਰਕਾਸ਼।
3. ਭਾਈ ਕੇਸਰ ਸਿੰਘ ਛਿੱਬਰ ਲਿਖਦੇ ਹਨ ਕਿ ਮਾਤਾ ਸੁਲੱਖਣੀ ਨੇ ਗੁਰੂ ਨਾਨਕ ਦੇਵ ਜੀ ਦਾ ਚਲਾਣਾ ਸੁਣ ਕੇ ਹੀ ਸਵਾਸ ਦੇ ਦਿੱਤੇ।
   ਸਮਾਧੀ-ਮਕਬਰੇ ਬਾਰੇ ਉਹ ਲਿਖਦਾ ਹੈ :
   ਦੋਨੋ ਇਕੱਠੇ ਏਕ ਦਰਵਾਜ਼ਾ।
   ਖੱਬੇ ਮਸੀਤ, ਸੱਜੇ ਕੂਪ ਬਿਰਾਜਾ।
   ਵੁਹ ਪੜ੍ਹਨਿ ਕਲਮਾਂ ਤੇ ਨਿਮਾਜ਼ਾਂ।
   ਇਧਰ ਸ਼ਬਦ ਸਾਖੀ ਦੀਆਂ ਆਵਾਜ਼ਾਂ।

Sri Satguru Jagjit Singh Ji eLibrary NamdhariElibrary@gmail.com

ਦੋਵਾਂ ਦੀ ਸਾਂਝੀ ਰਹੀ। ਰਾਬਰਟ ਐਨ. ਕਸਟ ਦਾ ਲਿਖਣਾ ਹੈ ਕਿ ਸੰਸਾਰ ਵਿਚ ਕ੍ਰਿਧਰੇ ਇਹ ਨਹੀਂ ਦੇਖਿਆ ਜਾ ਸਕਦਾ ਕਿ ਇਕੋ ਪੁਰਸ਼ ਦਾ ਮਕਬਰਾ ਤੇ ਸਮਾਧ ਬਣਿਆ ਹੋਵੇ ਤੇ ਇਹ ਦੀਵਾਰ ਸਾਂਝੀ ਹੋਵੇ। ਗੁਰੂ ਜੀ ਨੂੰ ਸ਼ਾਇਦ ਇਹ ਨਹੀਂ ਸੀ ਭਾਂਵਦਾ ਕਿ ਉਨ੍ਹਾਂ ਦੀ ਸਮਾਧ ਜਾਂ ਮਕਬਰਾ ਰਵ੍ਹੇ। ਇਸ ਲਈ ਰਾਵੀ ਵਿਚ ਹੜ੍ਹ ਆਇਆ ਤੇ ਦੋਵਾਂ ਨੂੰ ਰੋੜ੍ਹ ਕੇ ਲੈ ਗਈ। ਕਈ ਯਤਨ ਹੋਏ ਕਿ ਸਮਾਧ ਜਾਂ ਨਿਸ਼ਾਨੀ ਬਣ ਜਾਏ ਪਰ ਰਾਵੀ ਨੇ ਪੇਸ਼ ਨਾ ਜਾਣ ਦਿੱਤੀ। ਰਾਵੀ ਗੁਰੂ ਜੀ ਦਾ ਸੰਦੇਸ਼ ਅਠਾਰਾਂ ਵਰ੍ਹੇ ਸੁਣਦੀ ਰਹੀ, ਉਹ ਝੂਠੀਆਂ ਨਿਸ਼ਾਨੀਆਂ ਕਿਵੇਂ ਕਾਇਮ ਰਹਿਣ ਦਿੰਦੀ। ਗੁਰੂ ਨਾਨਕ ਦੇਵ ਜੀ ਸ਼ਬਦ ਦੇਣ ਆਏ ਸਨ ਤੇ ਸ਼ਬਦ ਉਜਾਗਰ ਕਰ ਕੇ ਸ਼ਬਦ ਦੇ ਦਾਤੇ ਕੋਲ ਚਲੇ ਗਏ। ਸ਼ਾਇਦ ਇਸ ਲਈ ਮਰਾਠੀ ਵਿਦਵਾਨ ਮਹੀਪਤ ਨੇ ਭਗਤ ਲੀਲਾਮ੍ਰਿਤ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਨੂਰ ਸੀ ਤੇ ਉਸ ਦਾ ਕੋਈ ਪਰਛਾਵਾਂ ਨਹੀਂ ਸੀ। ਗੁਰੂ ਅਰਜਨ ਦੇਵ ਜੀ ਨੇ ਇਸੇ ਲਈ ਉਨ੍ਹਾਂ ਨੂੰ ਚਰਾਗ਼ ਕਿਹਾ ਕਿਉਂਕਿ ਸੂਰਜ ਦੀ ਰੌਸ਼ਨੀ ਤਾਂ ਜ਼ਰੂਰ ਤਿੱਖੀ ਹੈ ਪਰ ਹੋਰ ਸੂਰਜ ਨਹੀਂ ਬਣਾ ਸਕਦੀ। ਫੇਰ ਜੇ ਮੇਰਾ ਚਿੱਤ ਨਾ ਹੋਵੇ ਤਾਂ ਸੂਰਜ ਚੜ੍ਹਿਆਂ ਵੀ ਦਰਵਾਜ਼ੇ ਬੰਦ ਕਰਕੇ ਹਨੇਰੇ ਵਿਚ ਰਹਿ ਸਕਦਾ ਹਾਂ ਪਰ ਚਰਾਗ਼ ਤਾਂ ਹਨੇਰੀ ਤੋਂ ਹਨੇਰੀ ਨੁੱਕਰ ਨੂੰ ਵੀ ਰੁਸ਼ਣਾਏਗਾ ਤੇ ਚਰਾਗ਼ ਤੋਂ ਚਰਾਗ਼ ਬਲ ਸਕਦਾ ਹੈ ਤੇ ਬਲਿਆ ਵੀ।

ਗੁਰੂ ਨਾਨਕ ਦੇਵ ਜੀ ਸਰੀਰਕ ਜਾਮੇ ਵਿਚ ਕੁੱਲ ਸੱਤਰ ਸਾਲ, ਪੰਜ ਮਹੀਨੇ ਸਤਾਰਾਂ ਦਿਨ ਰਹੇ :

'ਨਾਨਕ ਜ਼ਿ ਜਹਾਨ ਰਫਤ
ਗੁਲ ਅਜ਼ ਬਾਗ਼ ਬਿਰੂੰ ਸ਼ੁਦ।'

(ਗੁਰੂ ਨਾਨਕ ਦੇਵ ਜੀ ਨੇ ਜਹਾਨ ਤੋਂ ਕੂਚ ਕੀ ਕੀਤਾ ਮਾਨੋ ਬਾਗ਼ ਵਿਚੋਂ ਖਿੜਿਆ ਫੁੱਲ ਡਿੱਗ ਪਿਆ।)

Sri Satguru Jagjit Singh Ji eLibrary NamdhariElibrary@gmail.com

13

ਸਮੁੱਚੇ ਜੀਵਨ 'ਤੇ ਇਕ ਝਾਤ

ਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਪੜ੍ਹ ਕੇ ਇਕ ਸੁਆਲ ਸੁਭਾਵਕ ਉੱਠਦਾ ਹੈ ਕਿ ਉਹ ਕਿਹੋ ਜਿਹੀ ਸ਼ਖ਼ਸੀਅਤ ਹੋਵੇਗੀ ਜੋ ਦੁਨੀ ਚੰਦ ਨੂੰ ਦੀਨ, ਲਾਲੋ ਨੂੰ ਲਾਲੀ, ਭਾਗੋ ਦੇ ਉੱਚੇ ਭਾਗ, ਠੱਗ ਨੂੰ ਸੱਜਣ, ਹੰਕਾਰੀ ਨੂੰ ਵਲੀ, ਮਾਣਸ ਖਾਣਿਆਂ ਨੂੰ ਮਨੁੱਖ ਅਤੇ ਨੂਰੀ ਨੂੰ ਨੂਰ ਦੇ ਗਈ। ਜਿੱਥੇ ਹੋਰ ਕੋਈ ਗੁਣ ਮਹਾਨ ਪੁਰਸ਼ ਵਿਚ ਹੋਣੇ ਚਾਹੀਦੇ ਹਨ ਉਥੇ ਹੈਨਰੀ ਸੀ. ਲਿੰਕ ਦਾ ਕਹਿਣਾ ਹੈ ਕਿ ਇਕ ਵੱਡਾ ਗੁਣ ਖਿੱਚਵੀਂ ਸ਼ਖ਼ਸੀਅਤ (ਇੰਮਪ੍ਰੈਸਿਵ ਪ੍ਰਸਨੈਲਟੀ) ਵਾਲਾ ਹੋਣਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਆਪ-ਮੁਹਾਰੇ ਹੀ ਖਿੱਚ ਪਾਉਂਦੀ ਰਹਿੰਦੀ ਸੀ। ਜਨਮ ਸਾਖੀ ਵਾਲਿਆਂ ਵਾਰ-ਵਾਰ ਲਿਖਿਆ ਹੈ ਕਿ 'ਉਨ੍ਹਾਂ ਦੀ ਸ਼ੋਭਾ, ਦਰਸ਼ਨ ਕੀ ਕਿਛੁ ਬਰਨੀ ਨਹੀਂ ਜਾਤੀ। ਸਤਵਾਦੀ ਹੈ, ਸ਼ੋਭਾ ਅਨੰਨ। ਗਿਆਨ ਗਮ, ਸਿੱਧੀ ਪਹੁੰਚ ਹੈ। ਏਕ ਵਾਰ ਦੇਖਣੇ ਸੇ ਹੀ ਸੰਤੋਖ ਮਿਲਤਾ ਹੈ।' ਫਿਰ ਉਹ ਹੀ ਲਿਖਦੇ ਹਨ ਕਿ "ਬੋਲਹਿ ਤੋ ਗਿਆਨ ਸਰੂਪ ਦੇਖੇ ਤੋ ਜੋਤਿ ਸਰੂਪ।' ਇਸ ਤੇ ਵਾਧਾ ਇਹ ਕਿ ਕੋਈ ਮਾਣ ਨਹੀਂ, ਕੋਈ ਪਖੰਡ ਨਹੀਂ, ਕੋਈ ਦਿਖਾਵਾ ਨਹੀਂ। ਜਦ ਭਗਤ ਕਬੀਰ ਜੀ ਤੇ ਹੋਰ ਭਗਤ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਆਏ ਤਾਂ ਸਾਰੇ ਇਕ ਜ਼ਬਾਨ ਨਾਲ ਕਹਿਣ ਲੱਗ ਪਏ ਕਿ ਨਾਨਕ ਐਸਾ ਹੈ, ਜੋ ਕਿਸੀ ਬਾਤ ਕਾ ਦਾਅਵਾ ਨਹੀਂ ਧਰਤਾ। ਨਾ ਕਮਾਈ ਕਾ, ਨਾ ਭਗਤੀ ਕਾ, ਨਾ ਸਿਮਰਨ ਕਾ, ਨਾ ਜਪ ਕਾ, ਨਾ ਤਪ ਕਾ, ਨਾ ਧਰਮ ਕਾ, ਨਾ ਪੁੰਨ ਕਾ, ਨਾ ਸੀਲ ਕਾ, ਨਾ ਸੰਜਮ ਕਾ, ਨਾ ਜੁਗਤ ਕਾ, ਨਾ ਰਹਤ ਕਾ, ਨਾ ਇਸ਼ਨਾਨ ਕਾ, ਨਾ ਨਾਮ ਕਾ, ਨਾ ਕਾਹੂ ਸੇਵਾ ਕਾ, ਆਪਣੇ ਆਪ ਕੋ ਕੀਟ ਕਰਿ ਜਾਣਤਾ ਹੈ ਅਰ ਕਰਨਹਾਰ ਉਸ ਕਉ ਪਛਾਨਤਾ ਹੈ। ਕਰਮ ਕਰਿ-ਕਰਿ ਨਿਹ ਕਰਮ ਆਪਣੇ ਆਪ ਕੋ ਜਣਾਂਦਾ ਹੈ।'

ਭਾਈ ਗੁਰਦਾਸ ਜੀ ਦੱਸਦੇ ਹਨ ਕਿ ਉਨ੍ਹਾਂ ਦੀ ਸ਼ਖ਼ਸੀਅਤ ਦੀ ਡੂੰਘੀ ਛਾਪ ਹਰ ਮਨ 'ਤੇ ਲੱਗ ਜਾਂਦੀ ਸੀ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਉਨ੍ਹਾਂ ਦੀ ਸ਼ਖ਼ਸੀਅਤ ਦਰਸਾਉਣ ਲਈ ਇਕ ਚੰਗੀ ਗਵਾਹੀ ਹੈ। ਭਾਈ ਜੀ ਕਹਿੰਦੇ ਹਨ :

Sri Satguru Jagjit Singh Ji eLibrary NamdhariElibrary@gmail.com

'ਜਿਥੇ ਬਾਬਾ ਪੈਰ ਧਰੇ,
ਪੂਜਾ ਆਸਣ ਥਾਪਣ ਸੋਆ।'

ਜਿੱਥੇ ਵੀ ਗੁਰੂ ਨਾਨਕ ਜੀ ਗਏ ਉਹ ਥਾਂ ਹੀ ਪੂਜਾ ਅਸਥਾਨ ਬਣ ਗਈ। ਸ਼ੇਰ ਦੇ ਨਿਕਲਣ ਨਾਲ ਜਿਵੇਂ ਹਿਰਨਾਂ ਦੀ ਡਾਰ ਨੱਸ ਜਾਂਦੀ ਹੈ, ਕੁਝ ਇਸੇ ਤਰ੍ਹਾਂ ਗੁਰੂ-ਰੂਪੀ ਸ਼ੇਰ ਦੇ ਪ੍ਰਗਟ ਹੋਣ ਨਾਲ ਹੋਇਆ। ਪਖੰਡ ਰੂਪੀ ਹਿਰਨ ਨੱਸ ਗਏ। ਸੂਰਜ ਦੇ ਨਿਕਲਣ ਨਾਲ ਅੰਨ੍ਹੀ ਜਹਾਲਤ ਮੁੱਕ ਗਈ।

ਗੁਰੂ ਨਾਨਕ ਦੇਵ ਜੀ ਸੁਮੇਰ 'ਤੇ ਗਏ। ਸਿੱਧ ਦੇਖ ਹੈਰਾਨ ਹੋ ਗਏ। ਪਹਿਲੀ ਨਜ਼ਰ ਨਾਲ ਹੀ ਸਭ ਜਾਣ ਗਏ ਕਿ ਕੋਈ ਮਹਾਨ ਸ਼ਖ਼ਸੀਅਤ ਹੈ :

'ਸਭ ਸਿਧਿ ਇਹ ਬੁਝਿਆ, ਕਲਿ ਤਾਰਣ ਨਾਨਕ ਅਵਤਾਰਾ।'

ਇਸੇ ਲਈ ਭਾਈ ਜੀ ਨੇ ਲਿਖਿਆ ਹੈ :

'ਕਿਹੜਾ ਝਲੈ ਗੁਰ ਦੀ ਝਾਲਾ।'

ਬੂਟੇ ਸ਼ਾਹ[1] ਨੇ ਇਸ ਸਿਲਸਿਲੇ ਵਿਚ ਇਕ ਟੂਕ ਦਿੱਤੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਬਚਨ ਅਤੇ ਪਾਵਨ ਸ਼ਖ਼ਸੀਅਤ ਲੋਕਾਂ ਨੂੰ ਆਪਣੇ ਵੱਲ ਖਿੱਚ ਲੈਂਦੀ ਸੀ। ਲੋਕ ਉਨ੍ਹਾਂ ਦੇ ਚਰਨ ਪਰਸਨ ਲਈ ਉਮੱਡ ਪੈਂਦੇ ਸਨ। ਉਨ੍ਹਾਂ ਦੀ ਸੰਗਤ ਦਾ ਸ਼ੌਕ ਲੋਕਾਂ ਵਿਚ ਉਬਾਲੇ ਖਾਣ ਲੱਗਾ।

ਬਗ਼ਦਾਦ ਦੀ ਵਿਥਿਆ ਵੀ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਤੇ ਠੀਕ ਚਾਨਣਾ ਪਾਉਂਦੀ ਹੈ। ਬਾਬੇ ਨੇ ਬਾਂਗ ਦਿੱਤੀ, ਦਿਲ-ਖਿੱਚਵੀਂ ਆਵਾਜ਼ ਸੀ : 'ਸੁਨ ਮੁਨ ਨਗਰੀ ਭਈ ਦੇਖ ਪੀਰ ਹੋਇਆ ਹੈਰਾਨਾ।' ਸੰਗ ਸਾਰ ਦਾ ਹੁਕਮ ਦਿੱਤਾ ਪਰ ਪੱਥਰ ਮਾਰਨ ਵਾਲਿਆਂ ਦੇ ਹੱਥ ਉੱਥੇ ਦੇ ਉੱਥੇ ਹੀ ਰਹਿ ਗਏ ਜਦ ਉਨ੍ਹਾਂ ਨੇ ਆਪਣੇ ਸਾਹਮਣੇ ਤੇਜਮਈ ਚਿਹਰਾ ਦੇਖਿਆ।

ਭਾਈ ਗੁਰਦਾਸ ਜੀ ਨੇ ਇਕ ਹੋਰ ਸ਼ਬਦ 'ਅਕਾਲ ਰੂਪ' ਸ੍ਰੀ ਗੁਰੂ ਨਾਨਕ ਦੇਵ ਜੀ ਲਈ ਵਰਤਿਆ ਹੈ। ਗੁਰੂ ਨਾਨਕ ਅਕਾਲ ਨਹੀਂ ਪਰ ਅਕਾਲ ਰੂਪ ਜ਼ਰੂਰ ਹਨ। ਅਕਾਲ, ਸਾਹਿਬ ਕਮਾਲ, ਹੁਸਨਲ ਚਰਾਗ਼, ਸਾਹਿਬੁਲ ਦਿਮਾਗ਼, ਹੁਸਨਲ ਵਜੂ ਹੈ। ਇਹ ਨਾਨਕ ਉਸ ਦਾ ਰੂਪ ਵੀ ਉਨ੍ਹਾਂ ਸਾਰੀਆਂ ਸਿਫ਼ਤਾਂ ਦਾ ਮਾਲਕ ਹੈ। ਇਕ ਥਾਂ ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਨੂੰ ਵੱਡਾ ਮਸਤਾਨਾ ਵੀ ਲਿਖਦੇ ਹਨ। ਮਸਤਾਨੇ ਤੋਂ ਇਹ ਹੀ ਪ੍ਰਭਾਵ ਪੈਂਦਾ ਹੈ ਕਿ ਉਹ ਕਿਸੇ ਰੰਗਣ ਵਿਚ ਰੰਗੇ ਰਹਿੰਦੇ ਸਨ। ਆਦਰਸ਼ਾਂ ਨੂੰ ਪ੍ਰਚਾਰਨ ਵਿਚ ਮਸਤ ਹੋ ਜਾਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਆਪ ਵੀ ਲਿਖਿਆ ਹੈ ਕਿ ਕੋਈ ਉਨ੍ਹਾਂ ਨੂੰ 'ਬੇਤਾਲਾ', ਕੋਈ ਭੂਤਨਾ ਤੇ ਕੋਈ ਆਦਮੀ ਕਹਿੰਦਾ ਹੈ। ਗੁਰੂ ਨਾਨਕ 'ਮਸਤਾਨਾ', 'ਅਕਾਲ ਰੂਪ, ਆਦਮੀ' ਸੀ।

ਪੁਰਾਤਨ ਜਨਮ ਸਾਖੀ ਵਾਲੇ ਨੇ ਇਹ ਵੀ ਲਿਖਿਆ ਹੈ ਕਿ ਗੁਰੂ ਨਾਨਕ ਜੀ ਜਦ ਪ੍ਰਗਟ ਹੋਏ ਤਾਂ ਦੌਲਤਾਂ ਦਾਈ ਨੇ ਮਹਿਤਾ ਕਾਲੂ ਜੀ ਨੂੰ ਜਿੱਥੇ ਇਹ ਕਿਹਾ : 'ਕਾਲੂ,

1. ਤਵਾਰੀਖ਼-ਏ-ਪੰਜਾਬ, ਅਧਿਆਇ ਤੀਜਾ, ਪੰਨਾ ੪੮੫।

Sri Satguru Jagjit Singh Ji eLibrary NamdhariElibrary@gmail.com

ਓਹ ਰਜੀ ਗਈ', ਉਥੇ ਇਹ ਵੀ ਆਖਿਆ : 'ਜਦ ਗੁਰੂ ਬਾਲਕ ਨੂੰ ਉਸ ਝੋਲੀ ਵਿਚ ਪਾਇਆ ਤਾਂ ਇੰਝ ਪ੍ਰਤੀਤ ਹੋਇਆ ਕਿ ਲੱਖਾਂ ਲੋਕੀਂ ਜੈਕਾਰੇ ਛੱਡ ਰਹੇ ਹਨ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰ ਰਹੇ ਹਨ।' ਜਦ ਨਾਂ ਧਰਿਆ ਗਿਆ ਤਾਂ ਵੀ ਕਾਲੂ ਜੀ ਨੇ ਕਿਹਾ : 'ਸਾਡੇ ਕੁਲ ਵਿਚ ਐਸਾ ਨਾਮ ਕਦੇ ਨਹੀਂ ਰੱਖਿਆ।' ਤਬ ਪ੍ਰੋਹਿਤ ਨੇ ਕਿਹਾ : ਇਸ ਕੋ ਹਿੰਦੂ ਮੁਸਲਮਾਨ ਸਜਦ (ਸਾਰੇ) ਜਪੈਂਗਾ।' ਸੁਜਾਨ ਰਾਇ ਨੇ ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ 'ਰੱਬ ਨੂੰ ਪਹਿਚਾਨਣ ਵਾਲੇ ਲੋਕਾਂ ਦਾ ਨੇਤਾ' ਕਿਹਾ। ਸਮਕਾਲੀ ਭੱਟਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸ਼ਬਦ ਦਾ ਸੋਮਾ (ਸ਼ਬਦ ਸਰੇ) ਕਿਹਾ ਹੈ ਤੇ ਇਹ ਵੀ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਸਮਝਣ ਲਈ ਗੰਭੀਰਤਾ, ਧੀਰਜ ਤੇ ਉੱਚ ਕੋਟੀ ਦੀ ਅਕਲ ਦੀ ਲੋੜ ਹੈ। 'ਗਾਵਹਿ ਗੰਭੀਰ ਧੀਰ, ਮਤਿ ਸਾਗਰ।' ਇਕੋ ਇਕ ਗੁਰੂ ਨਾਨਕ ਦੇਵ ਜੀ ਹੀ ਹਨ ਜੋ ਗ੍ਰਿਹਿਸਤੀ ਵੀ ਹਨ ਤੇ ਨਾਲ ਹੀ ਮਾਇਆ ਤੋਂ ਉਪ੍ਰਾਮ ਵੀ ਹਨ ਤੇ ਫਿਰ ਹਰੀ ਨਾਲ ਜੁੜੇ ਵੀ ਹੋਏ ਹਨ :

ਕਬਿਕਲ, ਸੁਜਸੁ ਗਾਵਉ ਗੁਰ ਨਾਨਕ, ਰਾਜੁ ਜੋਗੁ ਜਿਨਿ ਮਾਣਿਓ।[1]

ਗੁਰੂ ਨਾਨਕ ਦੇਵ ਜੀ ਹਰੀ ਰਸ ਵਿਚ ਰਤੇ ਹੋਏ (ਹਰਿ ਰਸ ਪੂਰਨ) ਤੇ ਉਨ੍ਹਾਂ ਨੂੰ ਮਾਇਆ ਕੀ, ਕੋਈ ਵੀ ਛਲ ਨਹੀਂ ਸਕਦਾ (ਅਛਲ ਛਲਾ)।

ਚਾਰੇ ਵਰਣ, ਛੇ ਭੇਖ, ਗੁਰੂ ਨਾਨਕ ਦੇ ਗੁਣ ਗਾ ਰਹੇ ਹਨ, ਕਿਉਂਕਿ ਉਨ੍ਹਾਂ ਲੋਕਾਂ ਨੂੰ ਭੇਖਾਂ ਤੇ ਵਰਣਾਂ ਤੋਂ ਉੱਚਾ ਕਰ ਦਿੱਤਾ ਹੈ।

ਗਾਵਹਿ ਗੁਣ,
ਬਰਨ ਚਾਰਿ,
ਖਟ ਦਰਸਨ। ੫।

ਉਹ ਨਿਰਵੈਰ ਮੂਰਤ ਹਨ ਕਿਉਂਕਿ ਨਿਰਵੈਰ ਅਕਾਲ ਪੁਰਖ ਉਨ੍ਹਾਂ ਦੇ ਹਿਰਦੇ ਵਿਚ ਹੈ। ਆਪ ਉਹ ਇਕ ਰਸ ਨਾਮ ਜਪ ਤਰ ਗਏ ਹਨ ਤੇ ਸਾਰੀ ਸ੍ਰਿਸ਼ਟੀ ਨੂੰ ਵੀ ਨਾਮ ਦੀ ਬਰਕਤ ਨਾਲ ਤਾਰ ਦਿੱਤਾ ਹੈ :

'ਰਾਜੁ ਜੋਗੁ ਮਾਣਿਓ, ਬਸਿਓ ਨਿਰਵੈਰੁ ਰਿਦੰਤਰਿ।
ਸ੍ਰਿਸਟ ਸਗਲ ਉਧਰੀ ਨਾਮਿ, ਲੇ ਤਰਿਓ ਨਿਰੰਤਰ।'

ਗੁਰੂ ਨਾਨਕ ਦੇਵ ਜੀ ਹਰੀ ਨਾਮ ਦੇ ਰਸੀਏ ਹਨ। 'ਹਰਿ ਨਾਮ ਰਸਿਕ ਨਾਨਕ ਗੁਰੇ।' ਪਰਮਾਤਮਾ ਦੇ ਮਿਲਾਪ ਦੇ ਸੁਆਦ ਨੂੰ ਅਡੋਲਤਾ ਵਿਚ ਟਿਕ ਕੇ ਮਾਣਦੇ ਹਨ। 'ਸਹਿਜ ਆਤਮ ਰੰਗੁ ਮਾਣੇ।' ਕਲਸਹਾਰ ਦਾ ਭਾਵ ਸੀ ਕਿ ਕਿਸੇ ਨੂੰ ਐਸੀ ਵਸਤੂ ਮਿਲ ਜਾਏ ਤਾਂ ਉਹ ਆਫ਼ਰ-ਆਫ਼ਰ ਫਿਰਦਾ ਹੈ, ਪਰ ਇਹ ਨਿਮਰਤਾ ਵਿਚ ਟਿਕਦੇ ਹਨ। ਗੁਰੂ ਨਾਨਕ ਦੇਵ ਜੀ ਐਸੇ ਹਨ ਜਿਨ੍ਹਾਂ ਹਾਜ਼ਰ ਨਾਜ਼ਰ ਅਕਾਲ ਪੁਰਖ ਨੂੰ ਸਰਗੁਣ ਤੇ ਨਿਰਗੁਣ ਰੂਪਾਂ ਵਿਚ ਇਕੋ ਜਹਿਆ ਪਛਾਣਿਆ ਹੈ : *'ਗੁਣ ਨਿਰਗੁਣ ਸਮ ਜਾਣਿਓ।'*

ਗੁਰੂ ਅੰਗਦ ਦੇਵ ਜੀ ਨੂੰ ਸੰਵਾਰਨ ਤੇ ਬਣਾਉਣ ਦੀ ਉਦਾਹਰਨ ਦੇ ਕੇ ਕਲਸਹਾਰ

---

1. ਗੁਰੂ ਗ੍ਰੰਥ ਸਾਹਿਬ, ਪੰਨਾ ੧੩੮੯.

Sri Satguru Jagjit Singh Ji eLibrary NamdhariElibrary@gmail.com

ਕਹਿੰਦੇ ਹਨ ਕਿ ਸਹਿਜੇ ਹੀ ਗੁਰੂ ਨਾਨਕ, ਗੁਰੂ ਅੰਗਦ ਦੇ ਮੱਥੇ 'ਤੇ ਹੱਥ ਰਖਿਆ ਤੇ ਉਨ੍ਹਾਂ ਦੇ ਹਿਰਦੇ ਵਿਚ ਨਾਮ ਅੰਮ੍ਰਿਤ ਛਹਿਬਰ ਲਗਾ ਕੇ ਵੱਸ ਪਇਆ। ਮੌਤ ਜਿੱਤ ਲਈ ਗਈ, ਮਨ ਭਟਕਣ ਤੋਂ ਰਹਿ ਗਇਆ ਤੇ ਕਾਮਾਦਿਕ ਪੰਜੇ ਹੀ ਕਾਬੂ ਹੋ ਗਏ :

'ਤੈ ਧਰਿਓ ਮਸਤਕਿ ਹਥੁ ਸਹਜਿ, ਅਮਿਓ ਵੁਠਉ ਛਜਿ...।
ਮਾਰਿਓ ਕੰਟਕੁ ਕਾਲੁ ਗਰਜਿ, ਧਾਵਤ ਲੀਓ ਬਰਜਿ,
ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ।' ੧। *(ਸਵਈਏ ਮਹਲੇ ਦੂਜੇ ਕੇ)*

ਫਿਰ ਗੁਰੂ ਅੰਗਦ ਦੇਵ ਜੀ ਨੇ ਵੀ ਜਗਤ ਜਿੱਤ ਲਇਆ ਪਰ ਇਹ ਜਿੱਤਿਆ ਹੈ ਗੁਰੂ ਨਾਨਕ ਦੇ ਦਰ 'ਤੇ ਆ ਕੇ। ਉਸੇ ਦਰੋਂ ਸਮ ਦ੍ਰਿਸ਼ਟੀ ਦੀ ਦਾਤ ਮਿਲੀ :

'ਜਗ ਜੀਤਉਂ ਗੁਰਦੁਆਰਿ, ਖੇਲਹਿ ਸਮਤ ਸਾਰਿ।'

ਗੁਰੂ ਅਮਰਦਾਸ ਜੀ ਦੇ ਸ਼ਬਦਾਂ ਵਿਚ ਵਾਹਿਗੁਰੂ ਨੇ ਗੁਰੂ ਨਾਨਕ ਦੇਵ ਜੀ ਨੂੰ ਨਾਮ ਦੀ ਦਾਤ ਦਿੱਤੀ ਹੈ ਤੇ ਇਹ ਸਿਰੋਪਾ ਦਿੱਤਾ ਹੈ :

'ਹਰਿ ਦਾਤੇ ਹਰ ਨਾਮੁ ਜਪਾਇਆ, ਨਾਨਕ ਪੈਨਾਇਆ!'

ਗੁਰੂ ਰਾਮ ਦਾਸ ਜੀ ਨੇ ਬਹੁਤ ਸੁੰਦਰ ਉਚਾਰਿਆ ਹੈ ਕਿ :

'ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ
ਉਸ ਕੈ ਮੁਹਿ ਡਿਠੇ ਸਭ ਪਾਪੀ ਤਰਿਆ।' *(ਪੰਨਾ ੮੭)*

ਗੁਰੂ ਅਰਜਨ ਦੇਵ ਜੀ ਦਾ ਫ਼ਰਮਾਉਣਾ ਹੈ ਕਿ ਗੁਰੂ ਨਾਨਕ ਦੇਵ ਜੀ ਸਦਾ ਖੇੜੇ ਵਿਚ ਰਹਿੰਦੇ ਹਨ। ਦੁੱਖ ਉਨ੍ਹਾਂ ਦੇ ਨੇੜੇ ਵੀ ਨਹੀਂ :

'ਹਰਖ ਅਨੰਤ, ਸੋਗ ਨਹੀਂ ਬੀਆ।
ਸੋ ਘਰੁ ਗੁਰਿ ਨਾਨਕ ਕਉ ਦੀਆ।' *(ਪੰਨਾ ੧੮੬)*

ਗੁਰੂ ਨਾਨਕ ਦੇਵ ਜੀ ਦੇ ਗੁਣ ਗਿਣੇ ਨਹੀਂ ਜਾ ਸਕਦੇ :

'ਅਨੰਤ ਕਲਾ ਸੰਪੂਰਨ ਫਲਿਆ।'

ਬਲਵੰਡ ਜੀ ਕਹਿੰਦੇ ਹਨ : 'ਉਹ ਵੀਚਾਰਾ ਕਉਨ ਹੈ, ਜੋ ਗੁਰੂ ਨਾਨਕ ਜੀ ਦੇ ਗੁਣ ਆਖ ਤੋਲ ਸਕੇ ਕਿਉਂਕਿ ਉਨ੍ਹਾਂ ਦਾ ਨਾਮਣਾ ਕਾਦਰ ਨੇ ਆਪੂੰ ਉੱਚਾ ਕੀਤਾ ਹੈ।' 'ਨਾਉ ਕਰਤਾ ਕਾਦਰੁ ਕਰੇ, ਕਿਉ ਬੋਲੁ ਹੋਵੈ ਜੋ ਖੀਵਦੈ।' ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਜੋ ਗੁਣ ਦੁਨੀਆਂ ਬੜੀ ਮੁਸ਼ਕਲ ਨਾਲ ਹਾਸਲ ਕਰਦੀ ਹੈ, ਉਨ੍ਹਾਂ ਪਾਸ ਇੰਜ ਹਨ ਜਾਣੋ ਕਿ ਗੁਰੂ ਨਾਨਕ ਦੇਵ ਜੀ ਦੇ ਭੈਣ ਭਰਾ ਹਨ। 'ਦੇ ਗੁਨਾਂ ਸਤਿ ਭੈਣ ਭਰਾਵ ਹੈ, ਪਾਰੰਗਤਿ ਦਾਨ ਪੜੀਵਦੈ।'[1] ਜੋ ਧਰਮ ਦੀ ਲਹਿਰ ਗੁਰੂ ਨਾਨਕ ਜੀ ਨੇ ਚਲਾਈ ਹੈ, ਉਸ ਦੀ ਪੱਕੀ ਨੀਂਹ ਰੱਖੀ ਹੈ ਤੇ ਸੱਚ ਦਾ ਕਿਲ੍ਹਾ ਉਸਾਰ ਦਿੱਤਾ ਹੈ। ਇਸ ਨੂੰ ਕੋਈ ਗਿਰਾ ਜਾਂ ਢਾਹ ਨਹੀਂ ਸਕਦਾ :

'ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵਦੈ।'

---

1. ਇਸ ਦਾ ਇਹ ਭਾਵ ਵੀ ਹੈ ਕਿ ਗੁਰੂ ਨਾਨਕ ਦੇਵ ਜੀ ਕਿਸੇ ਖ਼ੂਨ ਦੇ ਰਿਸ਼ਤੇ ਨੂੰ ਨਹੀਂ ਮੰਨਦੇ। ਲਹੂ ਦੇ ਸਾਕ ਨਾਲੋਂ ਦੈਵੀ ਗੁਣਾਂ ਜਿਨ੍ਹਾਂ ਵਿਚ ਹਨ ਉਨ੍ਹਾਂ ਨੂੰ ਹੀ ਰਿਸ਼ਤੇਦਾਰ ਭੈਣ ਭਰਾ ਗਿਣਦੇ ਹਨ।

Sri Satguru Jagjit Singh Ji eLibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਲਿਖਦੇ ਹਨ ਕਿ ਕਲਿਯੁਗ ਵਿਚ ਕੇਵਲ ਧਰਮ ਉਨ੍ਹਾਂ ਹੀ ਚਲਾਇਆ ਹੈ ਅਤੇ ਸਭ ਧਰਮ ਦੇ ਢੂੰਡਾਊਆਂ ਨੂੰ ਰਾਹ ਦਿਖਾਇਆ। ਜੋ ਉਨ੍ਹਾਂ ਦੇ ਦੱਸੇ ਰਾਹ 'ਤੇ ਟੁਰ ਪਏ, ਉਹ ਦੁੱਖ-ਸੁਖ ਤੋਂ ਉਤਾਂਹ ਹੋ ਗਏ ਤੇ ਉਨ੍ਹਾਂ ਦੀਆਂ ਤ੍ਰਿਸ਼ਨਾਵਾਂ ਮੁੱਕ ਗਈਆਂ। ਮੌਤ ਤੋਂ ਵੀ ਉਹ ਉੱਪਰ ਹੋ ਗਏ :

'ਤਿਨ ਇਹ ਕਲ ਮੋ ਧਰਮ ਚਲਾਯੋ।
ਸਭ ਸਾਧਨ ਕੋ ਰਾਹ ਬਤਾਯੋ।
ਜੋ ਤਾ ਕੇ ਮਾਰਗਿ ਮਹਿ ਆਏ।
ਤੇ ਕਬਹੂ ਨਹੀਂ ਪਾਪ ਸਤਾਏ।
ਜੋ ਜੋ ਪੰਥ ਤਵਨ ਕੇ ਪਰੇ।
ਪਾਪ ਤਾਪ ਤਿਨ ਕੋ ਪ੍ਰਭ ਹਰੇ।

ਭਾਈ ਨੰਦ ਲਾਲ ਜੀ ਗੰਜਨਾਮਾ ਵਿਚ ਲਿਖਦੇ ਹਨ ਕਿ ਉਸ ਦੇ ਪਵਿੱਤ੍ਰ ਨਾਮ ਦੇ ਦੋਵੇਂ ਨੂੰਨ ਨਿਆਮਤਾਂ ਬਖਸ਼ਣ ਵਾਲੇ ਤੇ ਸਹਾਈ ਹੋਣ ਵਾਲੇ ਹਨ। ਵਿਚਕਾਰਲਾ 'ਅਲਫ਼' ਅਕਾਲ ਪੁਰਖ ਦਾ ਲਖਾਇਕ ਹੈ ਅਤੇ ਅਖ਼ੀਰਲਾ 'ਕਾਫ਼' ਅਮਨ ਤੇ ਮਹਾਂਪੁਰਖ ਦਾ ਸੂਚਕ ਹੈ। ਉਸਦੀ ਫ਼ਕੀਰੀ ਕਾਮਲ ਫ਼ਕਰ ਦਾ ਸਿਰ ਉੱਚਾ ਕਰਨ ਵਾਲੀ ਹੈ ਤੇ ਉਸ ਦੀ ਸਖ਼ਾਵਤ ਦੋਹਾਂ ਜਹਾਨਾਂ ਵਿਚ ਭਰਪੂਰ ਹੈ। ਉਸ ਜਿਹਾ ਹੋਰ ਕੋਈ ਦਰਵੇਸ਼ ਸੰਸਾਰ ਵਿਚ ਨਹੀਂ ਆਇਆ। 'ਕੀ ਨਿ ਆਦਿ ਚੂੰਨੂ ਦਿਗਰ ਦਰਵੇਸ਼'।

ਗੁਰੂ ਨਾਨਕ ਦੇਵ ਜੀ ਸਦਾ ਇਹ ਕਹਿੰਦੇ ਸਨ ਕਿ ਮੈਂ ਤੇਰਾ ਬੰਦਾ ਹਾਂ, ਤੇਰਾ ਗ਼ੁਲਾਮ ਹਾਂ। 'ਗੁਫ਼ਤ ਮਨ ਬੰਦਾ' ਓ ਗ਼ੁਲਾਮਿ ਤੂ ਅਮਾ'। ਉਹ ਸਿਮਰਨ ਦਾ ਰਾਹ ਇਸ ਜਹਾਨ ਨੂੰ ਵਿਖਾਉਣ ਆਏ ਸਨ ਤੇ ਸਭਨਾਂ ਦਾ ਮੂੰਹ ਵਾਹਿਗੁਰੂ ਦੇ ਧਿਆਨ ਵੱਲ ਭਵਾਉਣ। ਵਾਹਿਗੁਰੂ ਨੇ ਨਾਨਕ ਨੂੰ ਇਹ ਹੀ ਕਿਹਾ ਸੀ ਕਿ ਲੋਕਾਂ ਦੇ ਹਿਰਦਿਆਂ ਵਿਚੋਂ ਦੂਈ ਦਾ ਮੋਹ ਕੱਢ ਦੇ :

'ਹੁਬਿ ਗ਼ੈਰ, ਅਜ਼ ਜ਼ਮੀਰਿ ਸ਼ਾਂ ਬਜ਼ਦਾਇ।'

ਚਹਾਰ ਗੁਲਸ਼ਨ ਦਾ ਲਿਖਾਰੀ, ਗਣੇਸ਼ ਦਾਸ ਵਡ੍ਹੇਰਾ ਲਿਖਦਾ ਹੈ ਕਿ ਉਸ ਦੇ ਕਮਾਲਾਂ ਦਾ ਬਿਆਨ ਬੋਲਣ ਤੇ ਲਿਖਣ ਤੋਂ ਬਾਹਰ ਹੈ।[1] ਮੁਨਸ਼ੀ ਸੋਹਣ ਲਾਲ ਉਮਦਾਤੁਲ-ਤਵਾਰੀਖ਼ ਵਿਚ ਕਹਿੰਦਾ ਹੈ ਕਿ ਉਹ ਇਕ ਮਹਾਨ ਸ਼ਖ਼ਸੀਅਤ ਸਨ। ਉਸ ਦੇ ਇਸ਼ਾਰਿਆਂ ਅਤੇ ਹਵਾਲਿਆਂ ਤੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਉਹ ਫ਼ਾਰਸੀ ਦੇ ਇਲਮ ਨੂੰ ਚੰਗੀ ਤਰ੍ਹਾਂ ਜਾਣਦੇ ਸਨ।[2] ਆਪ ਜੀ ਦਾ ਦੀਦਾਰ ਮਾਤਰ ਕਰਕੇ ਹੀ ਲੋਕਾਂ ਦੀਆਂ ਅੱਖਾਂ ਵਿਚ ਨੂਰ ਛਾ ਜਾਂਦਾ। ਆਪ ਜੀ ਦੇ ਵਿਚਾਰ ਸੁਣ ਕੇ ਅਨੇਕਾਂ ਹੀ ਸਿੱਖ ਬਣੇ। ਮੌਲਵੀ ਗ਼ੁਲਾਮ ਅਲੀ ਜੋ ਫ਼ਰੁਖ਼ਸੀਅਰ ਦਾ ਮੁਨਸ਼ੀ ਸੀ, ਲਿਖਦਾ ਹੈ : 'ਗੁਰੂ ਜੀ ਪਾਸ ਇਲਮ ਤੇ ਹੁਨਰ ਜਿਤਨਾ ਨੱਬੀਆਂ ਪਾਸ ਹੁੰਦਾ ਹੈ, ਪੂਰਾ-ਪੂਰਾ ਸੀ, ਉਨ੍ਹਾਂ ਤੋਂ ਵੱਧ ਇਲਮ ਹੋਰ ਕਿਸੇ ਪਾਸ ਨਹੀਂ।' ਸਾਦਿਕ ਅਲੀ ਖ਼ਾਨ ਆਪਣੀ ਪੁਸਤਕ 'ਸਰਮਾਇਆ ਇਸ਼ਰਤ'

---

1. ਬਿਆਨੇ ਕਮਾਲਾਤਸ਼ ਅਜ਼ ਤਕਰੀਰ ਓ ਤਹਿਰੀਰ ਮੁਸਤਗਨੀ।
2. ਅਜ਼ ਇਸ਼ਾਰਾਤ ਵਾ ਕਨਾਯਾਤ ਇਲਮੇ ਫ਼ਾਰਸੀ ਨੇਕੋ ਮੁਤਲਾ।

ਵਿਚ ਲਿਖਦਾ ਹੈ ਕਿ ਜਿੱਥੇ ਹੋਰ ਬੇਅੰਤ ਗੁਣ ਗੁਰੂ ਨਾਨਕ ਵਿਚ ਸਨ ਉੱਥੇ ਗੁਰੂ ਨਾਨਕ ਇਕ ਮਹਾਨ ਰਾਗੀ ਵੀ ਸਨ। ਛੇ ਤਾਰਾਂ ਵਾਲਾ ਰਬਾਬ ਉਨ੍ਹਾਂ ਦੀ ਹੀ ਕਾਢ ਹੈ। ਕੁਲਿਆਤ ਆਰੀਆ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਕਿਤਾਬ ਦਾਰਦ, ਉੱਮਤ ਦਾਰਦ, ਮੌਅਜਜ਼ਾ ਦਾਰਦ, ਅਸਹਾਬ ਦਾਰਦ, ਵ-ਬੁਜ਼ੁਰਗ ਤਰ ਅਜ਼ਹਮਾ ਫ਼ਜਾਇਲਹਾ। ਮੁਸਲਮਾਨ ਹਮ ਬੇਕਰਾਮਤਿ ਓ ਕਾਇਲ ਅਦ। ਪਸ, ਬਾਬਾ ਨਾਨਕ ਬਿਲਾ ਸ਼ਕੋ ਸ਼ੁਬਹ ਨਬੀ ਅਸਤ। (**ਇਸ ਵਿਚ ਰਤਾ ਭਰ ਵੀ ਸ਼ੱਕ ਨਹੀਂ ਕਿ ਗੁਰੂ ਨਾਨਕ ਜੀ ਨਬੀ ਸਨ ਤੇ ਉਨ੍ਹਾਂ ਪਾਸ** (ਗੁਰੂ) **ਗ੍ਰੰਥ, ਸਿੱਖੀ ਕਰਾਮਾਤ ਅਤੇ ਸਰੀਰ ਨੂੰ ਬਦਲ ਕੇ ਗੁਰੂ ਅੰਗਦ ਤੇ ਦਸ ਜਾਮੇ ਧਾਰਨੇ ਉਨ੍ਹਾਂ ਦੀ ਵਡਿਆਈ ਦੱਸਣ ਲਈ ਕਾਫ਼ੀ ਹਨ**।)

ਖ਼ੁਸ਼ਵਕਤ ਰਾਇ[1] ਨੇ ਲਿਖਿਆ ਹੈ, ਆਪ ਜੀ ਦੀ ਸੱਚੀ ਬਾਣੀ ਨੇ ਦੇਸਾਂ ਅਤੇ ਦੇਸਾਂਤਰਾਂ ਵਿਚ ਉਤਸ਼ਾਹ ਪੈਦਾ ਕੀਤਾ। ਆਪ ਜੀ ਸਦਾ ਉਨ੍ਹਾਂ ਲੋਕਾਂ ਪਾਸ ਜਾਂਦੇ ਸਨ ਜਿਨ੍ਹਾਂ ਨੂੰ ਹਕੀਕਤ ਦਾ ਗਿਆਨ ਪ੍ਰਾਪਤ ਹੁੰਦਾ ਸੀ। ਆਪ ਜੀ ਦੀ ਇਕ-ਇਕ ਤੁਕ ਹਕੀਕੀ ਰਮਜ਼ਾਂ ਦਾ ਪ੍ਰਗਟਾਵਾ ਕਰਦੀ ਹੈ। ਆਪ ਜੀ ਨੂੰ ਆਪਣੇ ਆਦਰ ਮਾਨ ਦੀ ਕਦੇ ਖ਼ਾਹਿਸ਼ ਨ ਹੋਈ। ਹਿੰਦੂ ਮੁਸਲਮਾਨਾਂ ਨਾਲ ਇਕੋ ਜਹੇ ਘੁਲ ਮਿਲ ਜਾਂਦੇ। ਗੁਲਗਸ਼ਤ-ਏ-ਪੰਜਾਬ ਵਿਚ ਪੰਡਤ ਰਾਜਾ ਰਾਮ ਤੋਤਾ ਨੇ ਪਹਿਲੀ ਪਾਤਸ਼ਾਹੀ ਦੇ ਸਿਰਲੇਖ ਹੇਠ ਲਿਖਿਆ :

'ਗੁਰੂ ਨਾਨਕ ਮਹਾਨ ਰਹੱਸਵਾਦੀ, ਰੱਬ ਦੀ ਏਕਤਾ ਦੇ ਗਾਇਕ, ਭਾਣੇ ਵਿਚ ਰਹਿਣ ਵਾਲੇ, ਰੱਬੀ ਰਹਿਮਤਾਂ ਦੇ ਚਸ਼ਮੇ, ਦੋਹਾਂ ਜਹਾਨਾਂ ਦੀਆਂ ਰਮਜ਼ਾਂ ਦੇ ਜਾਣੂੰ, ਸਭ ਵਿੱਦਿਆ ਦੇ ਗਿਆਤਾ ਅਤੇ ਧਰਤੀ ਤੇ ਆਕਾਸ਼ ਦੇ ਭੇਤ ਜਾਣਨ ਵਾਲੇ ਸਨ।'

ਭਗਤ ਮਾਲ ਨੇ ਵੀ ਆਪ ਜੀ ਨੂੰ ਪੁਲਾੜ ਤੇ ਆਕਾਸ਼ ਦੀਆਂ ਰਮਜ਼ਾਂ ਜਾਣਨ ਵਾਲਾ ਗੁਰੂ ਕਿਹਾ ਹੈ।

ਪ੍ਰਸਿੱਧ ਵਿਚਾਰਵਾਨ ਐਮਰਸਨ ਨੇ ਮਹਾਂਪੁਰਖਾਂ ਦਾ ਕਰਤੱਵ ਲਿਖਦੇ ਹੋਏ ਕਿਹਾ ਹੈ ਕਿ ਮਹਾਂਪੁਰਖਾਂ ਦੀ ਘਾਲਣਾ ਹੀ ਇਹ ਹੁੰਦੀ ਹੈ ਕਿ ਹੋਰ ਮਹਾਂਪੁਰਖ ਪੈਦਾ ਹੁੰਦੇ ਰਹਿਣ। ਮੌਲਵੀ ਅਬਦੁਲ ਕਰੀਮ ਤਾਰੀਖ਼-ਇ-ਪੰਜਾਬ ਵਿਚ ਲਿਖਦਾ ਹੈ ਕਿ ਗੁਰੂ ਨਾਨਕ ਦੀ ਨਜ਼ਰ ਵਿਚ ਹਿੰਦੂ ਤੇ ਮੁਸਲਮਾਨ ਇਕੋ ਜਿਹੇ ਸਨ। ਉਹ ਇਕ ਨਾਲੋਂ ਦੂਜੇ ਨੂੰ ਕਦੇ ਵੀ ਵਡਿਆਈ ਨਹੀਂ ਸਨ ਦਿੰਦੇ।[2]

ਇਸ ਸਿਲਸਿਲੇ ਵਿਚ ਲੈਫਟੀਨੈਂਟ ਕਰਨਲ ਸਟੈਨ ਬੈਕ[3] ਨੇ ਗੁਰੂ ਨਾਨਕ ਦੇਵ ਜੀ ਨੂੰ ਕਲਹ ਦਾ ਵੈਰੀ (Enemy of discord) ਲਿਖਿਆ ਹੈ। ਇਸ ਦੀਆਂ ਕਈ ਉਦਾਹਰਨਾਂ ਸਿੱਖ ਇਤਿਹਾਸ ਵਿਚ ਮਿਲਦੀਆਂ ਹਨ। 'ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ' ਵਿਚ ਲਿਖਿਆ ਹੈ ਕਿ 'ਗੁਰੂ ਨਾਨਕ ਜੀ ਸੰਗਲਾ ਦੀਪ ਗਏ। ਸਾਰੇ ਮੁਲਕ

1. ਤਵਾਰੀਖ਼-ਏ-ਸਿੱਖਾਂ।
2. ਨਿਜ਼ਦੇ ਨਾਨਕ ਸ਼ਾਹ ਹਿੰਦੂ ਵ ਮੁਸਲਮਾਨ ਬਰਾਬਰ ਬੂਦੰਦ। ਯਕੇ ਰਾ ਬ ਦੀਗਰੇ ਤਰਜੀਹ ਨਮੀਦਾਦ।
3. The Punjab being a brief account of the Country of the Sikhs.

Sri Satguru Jagjit Singh Ji eLibrary NamdhariElibrary@gmail.com

ਵਿਚ ਚੌਦਾਂ ਸੈ ਪਿੰਡ ਸਨ। ਤਹਾਂ ਸਤ ਰਾਜੇ ਸੇ। ਗੁਰੂ ਬਾਬੇ ਕੇ ਬਚਨਿ ਇਕ ਰਾਜੁ ਹੋਆ ਹੈ।' ਜਿੱਥੇ ਵੀ ਗੁਰੂ ਨਾਨਕ ਦੇਵ ਜੀ ਜਾਂਦੇ ਸਨ ਸੰਗਤ ਬਣਾ ਆਉਂਦੇ ਸਨ ਤਾਂ ਕਿ ਸਾਰੇ ਇਕ ਥਾਂ ਬੈਠ ਸਕਣ।

ਜਾਰਜ ਫ਼ਾਰਸਟਰ ਜੋ ੧੭੯੮ ਵਿਚ ਪੰਜਾਬ ਵਿਚ ਆਇਆ ਸੀ, ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ (ਗੁਰੂ) ਨਾਨਕ ਹੱਦ ਦੇ ਇਨਸਾਫ਼ ਪਸੰਦ ਸਨ ਤੇ ਕੁਦਰਤ ਨੇ ਉਨ੍ਹਾਂ ਦੀ ਜ਼ਬਾਨ 'ਤੇ ਐਸਾ ਰਸ ਛਿੜਕਿਆ ਸੀ ਅਤੇ ਉਹ ਇਕ ਸੁਹਜ ਦੀ ਮੂਰਤ ਸਨ, ਜਿਸ ਵੀ ਬਿਖਮ ਮੁਹਿੰਮ 'ਤੇ ਉਹ ਚੜ੍ਹੇ ਇਨ੍ਹਾਂ ਗੁਣਾਂ ਕਾਰਨ ਕਾਮਯਾਬ ਹੋਏ।[1]

ਇਕ ਮਰਹੱਟੀ ਵਿਦਵਾਨ ਮਹੀਪਤ ਨੇ ਆਪਣੀ ਪੁਸਤਕ ਭਗਤ ਲੀਲਾਮ੍ਰਿਤ ਵਿਚ ਲਿਖਿਆ ਹੈ ਕਿ ਉਹ ਨਿਰਾ ਨੂਰ ਸਨ, ਉਨ੍ਹਾਂ ਦੀ ਸ਼ਖ਼ਸੀਅਤ ਦੀ ਨਿਰਾਲੀ ਦੱਖ ਸੀ। ਫਿਰ ਉਹ ਲਿਖਦਾ ਹੈ ਕਿ ਉਹ ਲੋਕੀਂ ਜਿਨ੍ਹਾਂ ਧਰਮ ਨੂੰ ਐਸ਼ ਦਾ ਵਸੀਲਾ ਬਣਾਇਆ ਹੋਇਆ ਸੀ, ਗੁਰੂ ਨਾਨਕ ਦੇ ਉਪਦੇਸ਼ਾਂ ਸਾਹਮਣੇ ਸਭ ਹੱਥੋਂ ਨਿਕਲਦਾ ਦੇਖਿਆ। ਉਹ ਸਭ ਇਕੱਠੇ ਹੋ ਕੇ ਸਮੇਂ ਦੇ ਬਾਦਸ਼ਾਹ ਪਾਸ ਗਏ ਜੋ ਆਪੂੰ ਵੀ ਅੱਤਿਆਚਾਰੀ ਸੀ। ਉਸ ਨੇ ਜਦ ਸੁਣਿਆ ਕਿ ਗੁਰੂ ਨਾਨਕ ਨੇ ਇਕ ਨਵੇਂ ਸਮਾਜ ਦੀ ਉਸਾਰੀ ਕਰ ਲਈ ਹੈ, ਜਿੱਥੇ ਊਚ-ਨੀਚ ਇਕ ਹਨ। ਉਸ ਸ਼ਾਹ ਨੇ ਰੁਹਬ ਨਾਲ ਗੁਰੂ ਨਾਨਕ ਨੂੰ ਇਹ ਰਾਹ ਛੱਡਣ ਲਈ ਕਹਿਆ ਪਰ ਗੁਰੂ ਨਾਨਕ ਦਾ ਉੱਤਰ ਸੀ ਕਿ ਉਹ ਇਹ ਰਾਹ ਛੱਡਣ ਲਈ ਤਿਆਰ ਨਹੀਂ ਹਨ। ਕਬੀਰ ਨੇ ਕਿਹੜਾ ਗਾਇਤ੍ਰੀ ਮੰਤਰ ਪੜ੍ਹਿਆ ਸੀ, ਰਵਿਦਾਸ ਨੇ ਕਿਹੜੇ ਪੁਰਾਨ ਦੇਖੇ ਸਨ, ਲੋੜ ਨਿਰੋਲ ਆਤਮਾ ਉਚਿਆਣ ਦੀ ਹੈ। ਨਾਨਕ ਉਨ੍ਹਾਂ ਦੇ ਸਾਥ ਹੈ ਜੋ ਲੋਕਾਂ ਦੀ ਨਜ਼ਰ ਵਿਚ ਨੀਵੇਂ ਹਨ। ਉਨ੍ਹਾਂ ਨੂੰ ਕਿਸੇ ਦੀ ਪਰਵਾਹ ਨਹੀਂ। ਬਾਦਸ਼ਾਹ ਨੇ ਹੋਰ ਗੁੱਸਾ ਕੀਤਾ ਤੇ ਕਿਹਾ ਕਿ ਗੁਰੂ ਨਾਨਕ ਦੀ ਐਸੀ ਜੁਰਅਤਿ। ਉਸ ਨੇ ਇਕ ਹਜ਼ਾਰ ਪਠਾਣ ਗੁਰੂ ਨਾਨਕ ਦੇ ਮਠ (ਧਰਮਸਾਲ) ਨੂੰ ਢਾਹੁਣ ਲਈ ਭੇਜੇ। ਪਠਾਣ ਜਦ ਹਮਲਾ ਕਰਕੇ ਗੁਰੂ ਦੇ ਅਸਥਾਨ 'ਤੇ ਪੁੱਜੇ ਤਾਂ ਉਨ੍ਹਾਂ ਐਸਾ ਅਨੁਭਵ ਕੀਤਾ ਕਿ ਹਜ਼ਾਰਾਂ ਹੀ ਫ਼ਰਿਸ਼ਤੇ ਗੁਰੂ ਨਾਨਕ ਜੀ ਦੇ ਪਾਵਨ ਅਸਥਾਨ ਦੀ ਰੱਖਿਆ ਲਈ ਡਟੇ ਹੋਏ ਹਨ। ਉਹ ਮੁੜ ਗਏ। ਬਾਦਸ਼ਾਹ ਬਾਬੇ ਦੀ ਅਜ਼ਮਤ ਸੁਣ ਕੇ ਗੁਰੂ ਜੀ ਪਾਸ ਆਇਆ। ਖਿਮਾਂ ਮੰਗੀ, ਪ੍ਰਾਸਚਿਤ ਕੀਤਾ ਤੇ ਕਹਿਆ ਕਿ 'ਇਹ ਤੀਜਾ 'ਸਹਿਜ' ਦਾ ਪੰਥ ਜੋ ਤੁਸਾਂ ਚਲਾਇਆ ਇਸ ਤੇ ਬੇਸ਼ਕ ਟੁਰੋ।'

ਗੁਰੂ ਨਾਨਕ ਦੇਵ ਜੀ ਦੀ ਕੁਝ ਐਸੀ ਸ਼ਖ਼ਸੀਅਤ ਸੀ ਕਿ ਜੋ ਵੀ ਉਨ੍ਹਾਂ ਪਾਸ ਆਉਂਦਾ ਸੀ, ਤਨ, ਮਨ, ਧਨ ਸੱਚਮੁੱਚ ਹੀ ਪੇਸ਼ ਕਰ ਦੇਂਦਾ ਸੀ। ਡਬਲਯੂ ਵਾਰਡ ਨੇ 'ਏ ਵੀਊ ਔਫ਼ ਦੀ ਹਿਸਟਰੀ, ਲਿਟਰੇਚਰ' ਵਿਚ ਲਿਖਿਆ ਹੈ ਕਿ ਗੁਰੂ ਨਾਨਕ ਜੀ ਦੀ ਹਯਾਤੀ ਵਿਚ ਹੀ ਇਕ ਲੱਖ ਲੋਕਾਂ ਨੇ ਇਹ ਰਾਹ ਅਪਣਾਇਆ। ਮੁਹਸਨ ਫ਼ਾਨੀ ਨੇ ਦਬਿਸਤਾਨਿ

1. He was inflexible just, he enjoyed from nature a commanding elocution and was endowed with a calm passive fortitude, which successfully supported him throughout the long course of a dangerous occupation.

(A Journey from Bengal & England)

Sri Satguru Jagjit Singh Ji eLibrary NamdhariElibrary@gmail.com

ਮਜ਼ਾਹਬ ਦੇ ਨਾਨਕ ਪੰਥੀਆਂ ਅਧਿਆਇ ਦੇ ਅਰੰਭ ਵਿਚ ਹੀ ਲਿਖਿਆ ਹੈ ਕਿ ਨਾਨਕ ਦੇ ਨਾਮ ਲੇਵਾ ਨਾ ਬੁੱਤ ਮੰਨਦੇ ਹਨ ਤੇ ਨਾ ਬੁੱਤ ਖ਼ਾਨਾ।[1] ਜਿਨ੍ਹਾਂ ਉਨ੍ਹਾਂ ਦੀ ਬੰਨ੍ਹੀ ਮਰਯਾਦਾ 'ਤੇ ਟੁਰਨ ਦਾ ਪ੍ਰਣ ਕਰ ਲਿਆ ਉਨ੍ਹਾਂ ਨੂੰ 'ਕਰਤਾਰੀ' ਕਿਹਾ ਜਾਣ ਲੱਗ ਪਇਆ। ਕਈ ਥਾਵਾਂ 'ਤੇ 'ਕਰਤਾਰੀ ਸੰਗਤਾਂ' ਵੀ ਬਣ ਗਈਆਂ ਸਨ।

ਉਨ੍ਹਾਂ ਦੀ ਵਡਿਆਈ ਦੇਖ ਕਈ ਸਿੱਖ ਬਣੇ। ਗੁਰੂ ਨਾਨਕ ਦੇਵ ਜੀ ਕੇਵਲ ਇਕ ਵਾਹਿਗੁਰੂ ਵਿਚ ਹੀ ਯਕੀਨ ਰੱਖਦੇ ਸਨ।

(ਨਾਨਕ ਕਾਇਲ ਬ ਤੌਹੀਦ ਬਾਰੀ ਬੂਦ)

ਗੁਰੂ ਜੀ ਇਹ ਨਹੀਂ ਸਨ ਮੰਨਦੇ ਕਿ ਵਾਹਿਗੁਰੂ ਜਾਮੇ ਵਿਚ ਜਨਮ ਲੈਂਦਾ ਹੈ ਤੇ ਕਿਸੇ ਖਾਸ ਬੰਦੇ ਵਿਚ ਵਾਹਿਗੁਰੂ ਦਾ ਵਜੂਦ ਹੈ (ਵ ਮਨੁਕਰ ਹਲੂਲ ਵ ਇਤਹਾਦ ਬੂਦ)।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਤਰਲਾ ਹੈ। ਤੜਪ ਹੈ ਮਿਲਾਪ ਲਈ। ਪ੍ਰੇਰਨਾ ਹੈ ਸ਼ੁੱਭ ਕਰਮ ਦੀ ਪਰ ਨਾਲ ਹੀ ਝਿੜਕ ਵੀ ਹੈ ਬੰਦੇ ਨੂੰ। ਗੁਰੂ ਨਾਨਕ ਦੇਵ ਜੀ ਦੇ ਸਿੱਖ ਸੰਸਕ੍ਰਿਤ ਨੂੰ ਦੇਵ ਬਾਣੀ ਜਾਣ ਸਤਿਕਾਰ ਨਹੀਂ ਕਰਦੇ।

(ਮੁਰੀਦਾਨਿ ਊ ਰਾ ਬ ਜ਼ਬਾਨਿ ਸੰਸਕ੍ਰਿਤ ਸਰੇ ਨ ਬਾਸ਼ਦ)

ਉਨ੍ਹਾਂ ਕਿਹਾ : ਸੱਚੇ ਮਾਰਗ ਚਲਦਿਆਂ ਹੀ ਮੁਕਤੀ ਮਿਲਦੀ ਹੈ ਅਤੇ ਸੱਚੇ ਨੂੰ ਹੀ ਵਾਹਿਗੁਰੂ ਨਿਵਾਜਦਾ ਹੈ।

(ਗਸਤੀ ਆਵਰ ਕਿ ਸੁਣੀ ਰਸਤਗਾਰ।
ਗਸਤੀ ਅਜ਼ ਤੋਂ ਜ਼ਫਰ ਅਜ਼ ਕਰਦਗਾਰ)

ਮੈਕਰੇਗਰ ਨੇ ਤਾਂ ਹਿਸਟਰੀ ਔਫ਼ ਸਿਖਸ ਵਿਚ ਇਕ ਨਵੀਂ ਮਨਤਕ ਦਿੱਤੀ ਹੈ ਕਿ ਗੁਰੂ ਦੇ ਅਰਥ ਉਸਤਾਦ ਨਹੀਂ, ਇਕੱਠ ਦਾ ਆਗੂ ਹੈ। ਇਹ ਸ਼ਬਦ 'ਗਿਰਹੁ' ਤੋਂ ਵਿਗੜ ਕੇ ਗੁਰੂ ਬਣਿਆ ਹੈ ਜਿਸ ਦਾ ਅਰਥ ਸੀ ਸੰਗਤ, ਇਕੱਠ ਤੇ ਜਮਾਤ। ਜੋ ਸੰਗਤ ਦੀ ਅਗਵਾਈ ਕਰਦਾ ਹੈ, ਉਸੇ ਨੂੰ ਹੀ ਗੁਰੂ ਕਹਿੰਦੇ ਹਨ। ਇਸੇ ਕਾਰਨ ਕਿਸੇ ਹੋਰ ਧਾਰਮਿਕ ਨੇਤਾ ਨਾਲ ਇਹ ਸ਼ਬਦ ਨਹੀਂ ਜੁੜਿਆ ਜਿਤਨਾ ਗੁਰੂ ਨਾਨਕ ਜਾਂ ਉਨ੍ਹਾਂ ਦੇ ਜਾਨਸ਼ੀਨਾਂ ਨਾਲ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਿਆਂ ਇਹ ਅਰਥ ਕੁਝ ਢੁਕਵੇਂ ਲਗਦੇ ਹਨ। ਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਪਾਸ ਬਿਠਾਇਆ ਤੇ ਇਕੱਠਾ ਕੀਤਾ ਜੋ ਇਕ ਦੂਜੇ ਦੇ ਪ੍ਰਛਾਵੇਂ ਤੋਂ ਵੀ ਪਰਹੇਜ਼ ਕਰਦੇ ਸਨ। ਗੁਰੂ ਨਾਨਕ ਜੀ ਨੇ ਐਸੀ ਅਗਵਾਈ ਦਿੱਤੀ ਕਿ ਗਿਰੇ ਹੋਏ ਵੀ ਉੱਠ ਖਲੋਤੇ। ਕਨਿੰਘਮ ਨੇ ਸਿੱਖਾਂ ਬਾਰੇ ਇਸੇ ਲਈ ਲਿਖਿਆ ਹੈ ਕਿ ਸਾਹਸ ਵੀ ਉਨ੍ਹਾਂ ਵਿਚ ਬੇਪਨਾਹ ਹੈ ਅਤੇ ਸਹਿਜ ਵੀ ਅਥਾਹ। (They will dare much and they will endure much.)

ਰਾਬਰਟ ਨੀਡਮ ਕਸਟ ਨੇ ਪਿਕਚਰਜ਼ ਆਫ਼ ਇੰਡੀਅਨ ਲਾਈਫ਼ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਇਕ ਐਸੀ ਸ਼ਖ਼ਸੀਅਤ ਸੀ ਜੋ ਸਦੀਆਂ ਗੁਜ਼ਰ ਜਾਣ ਬਾਅਦ (੧੮੮੧)

---

1. ਨਾਨਕ ਪੰਥੀਆਂ ਕਿ ਮਾਰੂਫ ਬ ਗੁਰੂ ਸਿਖਾਨੰਦ ਵ
ਬੁੱਤ ਵ ਬੁੱਤਖਾਨਾ ਅਹਿਤਕਾਦਿ ਨਦਾਰਦ।

Sri Satguru Jagjit Singh Ji eLibrary NamdhariElibrary@gmail.com

ਵਿਚ ਵੀ ਉਹ ਹੀ ਖਿੱਚ ਪਾਉਂਦੀ ਹੈ ਤਾਂ ਸਾਨੂੰ ਦੇਖਣਾ ਪਵੇਗਾ ਕਿ ਉਸ ਵਿਚ ਅਜਿਹੀ ਕਿਹੜੀ ਚੁੰਬਕ ਸ਼ਕਤੀ ਸੀ ਫਿਰ ਜਦ ਅਸੀਂ ਇਹ ਵੀ ਜਾਣਦੇ ਹੋਈਏ ਕਿ ਉਸ ਦਾ ਪ੍ਰਭਾਵ ਨਾ ਕਿਸੇ ਰੁਤਬੇ, ਰੁਹਬ ਜਾਂ ਰੁਪਏ (rank, power, wealth) ਕਾਰਨ ਪਿਆ। ਐਸੇ ਪੁਰਸ਼ ਨੂੰ ਸਹੀ ਅਰਥਾਂ ਵਿਚ ਮਹਾਂਪੁਰਸ਼ ਕਿਹਾ ਜਾ ਸਕਦਾ ਹੈ। ਉਸ ਨੇ ਆਪਣੇ ਹਮਵਤਨਾਂ ਵਿਚ ਸੁਧਾਰ ਦੇ ਐਸੇ ਅਸੂਲ ਪਾਏ ਕਿ ਉਨ੍ਹਾਂ ਨੂੰ ਪ੍ਰੋਹਤਵਾਦ, ਕਾਜ਼ੀਵਾਦ, ਰਸਮਾਂ, ਰੀਤਾਂ, ਰਿਵਾਜਾਂ ਤੇ ਵਰਣਾਸ਼ਰਮ ਦੇ ਚੁੰਗਲਾਂ ਵਿਚੋਂ ਕੱਢ ਕੇ ਆਜ਼ਾਦ ਕਰ ਦਿੱਤਾ। ਉਸ ਨੇ ਹਿੰਦੂ ਮੁਸਲਮਾਨਾਂ ਵਿਚ ਇਹ ਹੀ ਪ੍ਰਚਾਰ ਕੀਤਾ ਕਿ ਅਸੀਂ ਇਕ ਬਾਪੂ ਦੇ ਪੁੱਤਰ ਹਾਂ। ਏਕ ਪਿਤਾ ਏਕਸ ਕੇ ਹਮ ਬਾਰਕ। ਉਨ੍ਹਾਂ ਦਾ ਹਰੇਕ ਲਈ ਇਕ ਹੀ ਉਪਦੇਸ਼ ਸੀ : 'ਉਸ ਨੂੰ ਯਾਦ ਰੱਖੋ।'

ਮੈਲਕਮ ਨੇ ਆਪਣੀ ਪੁਸਤਕ 'ਦੀ ਸਿਖਸ ਸਕੈੱਚ' ਵਿਚ ਲਿਖਿਆ ਹੈ ਕਿ ਗੁਰੂ ਨਾਨਕ ਨੇ ਜੋ ਮਹਾਨਤਾ ਤੇ ਪ੍ਰਸਿੱਧਤਾ ਪ੍ਰਾਪਤ ਕੀਤੀ ਅਤੇ ਜਿਸ ਸਫ਼ਲਤਾ ਨਾਲ ਵਿਰੋਧਤਾ ਦਾ ਟਾਕਰਾ ਕੀਤਾ, ਇਹ ਪ੍ਰਗਟ ਕਰਨ ਲਈ ਕਾਫ਼ੀ ਹੈ ਕਿ ਉਹ ਸਾਧਾਰਨ ਤੋਂ ਵੱਧ ਤੀਖਣ ਬੁੱਧੀ ਦੇ ਮਾਲਕ ਸਨ। ਅਜਿਹੇ ਸੂਬੇ ਵਿਚ ਪੈਦਾ ਹੋ ਕੇ ਜੋ ਹਿੰਦੁਸਤਾਨ ਦੀ ਇਕ ਨੁੱਕਰੇ ਹੈ ਅਤੇ ਜਿੱਥੇ ਪ੍ਰਤੱਖ ਤੌਰ ਤੇ ਮੁਸਲਮਾਨਾਂ ਦਾ ਮੱਤ ਅਤੇ ਹਿੰਦੂਆਂ ਦੀ ਮੂਰਤੀ ਪੂਜਾ ਆਪਸ ਵਿਚ ਖਹਿੰਦੇ ਸਨ ਤੇ ਇਹ ਦੋਵੇਂ ਇਕ ਦੂਜੇ ਨਾਲ ਅਤਿ ਦੀ ਘਿਰਣਾ ਕਰਦੇ ਸਨ ਤੇ ਦੁਸ਼ਮਣੀ ਰੱਖਦੇ ਸਨ, ਪਰਸਪਰ ਪਿਆਰ ਕਰਨ ਦਾ ਨਾਅਰਾ ਲਗਾਉਣਾ, ਇਕ ਕਮਾਲ ਦਾ ਕੰਮ ਸੀ । ਇਕ ਪਾਸੇ ਮੁਸਲਮਾਨਾਂ ਦੀ ਧਾਰਮਿਕ ਕੱਟੜਤਾ (ਰਿਲੀਜੱਸ-ਬਿਗਾੱਟ੍ਰਿ) ਤੇ ਦੂਜੇ ਪਾਸੇ ਹਿੰਦੂਆਂ ਦੀ ਡੂੰਘੀ ਵਹਿਮ-ਪ੍ਰਸਤੀ (ਡੀਪ ਰੂਟਡ ਸੁਪਰਸਟਿਸ਼ਨ) ਦਾ ਉਨ੍ਹਾਂ ਨੂੰ ਟਾਕਰਾ ਕਰਨਾ ਪਇਆ। ਪਰ ਗੁਰੂ ਨਾਨਕ ਨੇ ਸਾਰੀਆਂ ਔਕੜਾਂ ਨੂੰ ਸੂਝ ਤੇ ਸਨੇਹ[1] ਦੇ ਜ਼ੋਰ ਨਾਲ ਜਿੱਤਿਆ। ਕੈਪਟਨ ਬਿੰਗਲੇ ਨੇ ਗੁਰੂ ਨਾਨਕ ਦੇਵ ਜੀ ਦੀ ਮਹਾਤਮਾ ਬੁੱਧ ਨਾਲ ਤੁਲਨਾ ਕਰਦੇ ਹੋਏ ਕਿਹਾ ਕਿ 'ਨਾਨਕ ਤੇ ਬੁੱਧ ਦੋਹਾਂ ਨੇ ਉਸ ਧਰਮ ਵਿਰੁੱਧ ਬਗ਼ਾਵਤ ਕੀਤੀ ਜੋ ਸਮਾਜਕ ਵਿਖੇਵੇਂ ਪੈਦਾ ਕਰਦਾ ਸੀ, ਕਰਮ ਕਾਂਡਾਂ 'ਤੇ ਜ਼ੋਰ ਦਿੰਦਾ ਸੀ, ਫੋਕੀਆਂ ਰਸਮਾਂ ਨੂੰ ਹੀ ਧਰਮ ਕਹਿੰਦਾ ਸੀ। ਦੋਹਾਂ ਨੇ ਪਿਆਰ ਤੇ ਸ਼ਾਂਤੀ ਦਾ ਪ੍ਰਚਾਰ ਕੀਤਾ।'

ਜਨਰਲ ਸਰ ਚਾਰਲਸ ਗਫ਼ ਤੇ ਆਰਥਰ ਡੀ. ਇਨੇ 'ਦੀ ਸਿਖਸ ਐਂਡ ਸਿੱਖ ਵਾਰਜ਼' ਵਿਚ ਲਿਖਿਆ ਹੈ ਕਿ ਗੁਰੂ ਨਾਨਕ ਸੱਚ ਦੀ ਭਾਲ ਲਈ ਬਾਲਪਣ ਤੋਂ ਹੀ ਜੁੱਟ ਪਏ। ਉਨ੍ਹਾਂ ਨੂੰ ਨਾ ਇਸਲਾਮ ਵਿਚੋਂ ਕੁਝ ਲੱਭਾ ਤੇ ਨਾ ਹਿੰਦੂ ਧਰਮ ਵਿਚੋਂ। ਅਖ਼ੀਰ ਉਨ੍ਹਾਂ ਹੋਰ ਡੂੰਘਾ ਜਾ ਕੇ ਵਾਹਿਗੁਰੂ ਦੀ ਏਕਤਾ ਤੇ ਮਨੁੱਖਾਂ ਦੀ ਸਾਂਝੀਵਾਲਤਾ ਵਾਲਾ ਆਦਰਸ਼ ਲੱਭ ਲਇਆ।

ਇਹ ਆਦਰਸ਼ ਪਾਉਣ ਉਪਰੰਤ ਉਹ ਲੋਕਾਈ ਨੂੰ ਸਮਝਾਉਣ ਲਈ ਨਿਕਲ ਪਏ। ਉਨ੍ਹਾਂ ਕਿਸੇ ਰਾਜੇ ਜਾਂ ਹੁਕਮਰਾਨ ਵਾਂਗੂੰ ਹੁਕਮ ਜਾਂ ਫ਼ਰਮਾਨ ਨਾ ਕੱਢੇ, ਸਗੋਂ ਵਾਹਿਗੁਰੂ ਦਾ ਆਪਣੇ ਆਪ ਨੂੰ ਇਕ ਨਿਮਾਣਾ ਸੇਵਕ ਦੱਸ ਕੇ ਖਹਿ-ਖਹਿ ਕਰਦੇ ਲੋਕਾਂ ਵਿਚ

---

1. By force of reason and humanity.

Sri Satguru Jagjit Singh Ji eLibrary NamdhariElibrary@gmail.com

ਸ਼ਾਂਤੀ ਦਾ ਪ੍ਰਚਾਰ ਕੀਤਾ।

'ਹਰ ਥਾਵੇਂ ਉਨ੍ਹਾਂ ਦੀ ਕਾਮਯਾਬੀ ਦਾ ਰਾਜ਼ ਨਾ ਕੇਵਲ ਉਨ੍ਹਾਂ ਦੀ ਮੂਲਕ, ਮਨੋਹਰ ਮਾਸੂਮ ਸ਼ਖ਼ਸੀਅਤ ਸੀ ਸਗੋਂ ਉਨ੍ਹਾਂ ਦਾ ਦੰਭ-ਰਹਿਤ ਪ੍ਰਚਾਰ ਢੰਗ ਸੀ ਜਿਸ ਵਿਚ ਰਤਾ ਭਰ ਆਕੜ ਜਾਂ ਵਿਖਾਵਾ ਨਹੀਂ ਸੀ।'[1]

ਗਾਰਡਨ ਨੇ 'ਦੀ ਸਿਖਸ' ਵਿਚ ਲਿਖਿਆ ਹੈ ਕਿ ਉਹ ਸੰਸਾਰ ਤੋਂ ਨਾ ਭੱਜੇ ਸਗੋਂ ਗ੍ਰਹਿਸਤੀ ਰਹਿ ਕੇ ਨਾਲ ਹੀ ਧਾਰਮਿਕ ਆਗੂ ਦੇ ਤੌਰ 'ਤੇ ਲਾਗਲੇ ਮੇਲਿਆਂ 'ਤੇ ਜਾ ਕੇ 'ਘਰ ਹੀ ਬੈਠਿਆਂ ਸਹੁ ਪਾਈਐ' ਦਾ ਆਦਰਸ਼ ਦ੍ਰਿੜ੍ਹਾਉਂਦੇ ਰਹੇ। ਕੱਟੜਪ੍ਰਸਤਾਂ ਨੇ ਉਨ੍ਹਾਂ ਦੀ ਜ਼ੋਰਦਾਰ ਵਿਰੋਧਤਾ ਕੀਤੀ ਤੇ ਉਨ੍ਹਾਂ ਦੇ ਉਦਾਸੀ ਬਾਣੇ ਨੂੰ ਉਤਾਰ ਕੇ ਫਿਰ ਗ੍ਰਹਿਸਤੀ ਬਾਣਾ ਧਾਰਨ 'ਤੇ ਵੀ ਕਰੜੀ ਨੁਕਤਾਚੀਨੀ ਕੀਤੀ ਤਾਂ ਆਪ ਜੀ ਨੇ 'ਅੰਜਨ ਮਾਹਿ ਨਿਰੰਜਨ ਰਹੀਐ' ਦਾ ਸਿਧਾਂਤ ਦ੍ਰਿੜ੍ਹਾਇਆ। ਸਿੱਖ ਧਰਮ ਤਾਂ ਹੈ ਹੀ ਪ੍ਰੋਹਤਵਾਦ (ਪ੍ਰੀਸਟਹੁਡ) ਵਿਰੁੱਧ ਇਕ ਬਗ਼ਾਵਤ। ਗੁਰੂ ਨਾਨਕ ਨੇ ਉਸ ਦਾ ਜੂਲਾ ਉਤਾਰ ਪਰ੍ਹਾਂ ਸੁੱਟ ਦਿੱਤਾ। ਸ਼ਾਂਤੀ ਤੇ ਸਦਭਾਵ ਦੇ ਅਵਤਾਰ ਹੋਣ ਦੇ ਨਾਤੇ ਗੁਰੂ ਨਾਨਕ ਨੇ ਪਰਜਾ ਨੂੰ ਕਿਹਾ : **'ਜੂਝ ਮਰੋ ਪਰ ਸ਼ਬਦ ਤੋਂ ਇਲਾਵਾ ਹੋਰ ਕਿਸੇ ਹਥਿਆਰ ਤੇ ਟੇਕ ਨਾ ਰੱਖੋ।'**[2]

ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹਥਿਆਰਾਂ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਹੈ ਕਿ

'ਸੰਤ ਸੰਗ ਲੈ ਚੜ੍ਹਿਓ ਸ਼ਿਕਾਰ,
ਮਿਰਗ ਮਾਰੇ ਬਿਨ ਘੋਰ (ਘੋੜੇ) ਹਥਿਆਰ।

ਅਤੇ

ਨਾਨਕ ਕੈ ਘਰਿ ਕੇਵਲ ਨਾਮੁ।'

'ਗੁਰੂ ਦੇ ਉਪਦੇਸ਼' ਦੇ ਸਿਰਲੇਖ ਹੇਠਾਂ ਡਾਂਰਥੀ-ਫੀਲਡ ਲਿਖਦੀ ਹੈ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਹਿੰਦੂਆਂ ਦੀਆਂ ਤਿੰਨਾਂ ਥੰਮ੍ਹੀਆਂ ਪ੍ਰੋਹਤਵਾਦ, ਵਰਣਾਸ਼੍ਰਿਮ ਤੇ ਵੇਦ 'ਤੇ ਕਰਾਰੀਆਂ ਚੋਟਾਂ ਹਨ। ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਿਆਂ ਇਹ ਪ੍ਰਗਟ ਹੋ ਜਾਂਦਾ ਹੈ ਕਿ ਸਿੱਖ ਧਰਮ ਨੂੰ ਹਿੰਦੂਆਂ ਦਾ ਇਕ ਸੁਧਰਿਆ ਹੋਇਆ ਫ਼ਿਰਕਾ ਨਹੀਂ ਸਮਝਣਾ ਚਾਹੀਦਾ ਸਗੋਂ ਇਸ ਨੂੰ ਇਕ ਨਵਾਂ, ਨਿਆਰਾ ਵਿਸ਼ਵ ਧਰਮ ਮਿਥਣਾ ਚਾਹੀਦਾ ਹੈ।[3]

---

1. The secret of personal favour in which Guru Nanak was held seems to have lain not merely in the gentleness of disposition and the charm of character but also in the manner of which he put forth his claim, and total absence of any pretensions for himself which could be interpreted as arrogant or impious.
2. As a preacher of peace and goodwill to man he told them to. "fight with valour but with no weapon except the word of God." *Gordon : The Sikhs, P.P. 24*
3. The Guru assumed a critical attitude towards the three cardinal pillars of Hinduism : the priesthood, the caste system and the Vedas. A reading of the Granth strongly suggests that Sikhism should be regarded as a new separate world religion rather than as a reformed sect of the Hindus.

Sri Satguru Jagjit Singh Ji eLibrary NamdhariElibrary@gmail.com

ਜਨਰਲ ਸਰ ਓ. ਮੂਰ ਕਰੇ ਨੇ ਇੰਡੀਅਨ ਸਟੱਡੀਜ਼ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਨੇ ਪੈਗੰਬਰ ਜਾਂ ਅਵਤਾਰ ਵਾਲੇ ਸਿਫ਼ਾਰਸ਼ ਦੇ ਸਿਧਾਂਤ ਨੂੰ ਮੂਲੋਂ ਹੀ ਮੁਕਾ ਦਿੱਤਾ। ਸਭ ਕੁਝ ਪਰਮਾਤਮਾ ਦੇ ਵੱਸ ਹੈ ਤੇ ਉਸ ਦੀ ਹੀ ਬਖ਼ਸ਼ਸ਼ ਮੰਗਣੀ ਚਾਹੀਦੀ ਹੈ। ਅਵਤਾਰੀ ਪੁਰਸ਼ ਸਿਰਫ਼ ਉਸ ਦੇ ਹੁਕਮ ਦੀ ਵਿਆਖਿਆ ਕਰ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਇਹ ਵੀ ਸਮਝਾਇਆ ਕਿ ਉਨ੍ਹਾਂ ਕੁਰਾਨ, ਪੁਰਾਨ ਤੇ ਵੇਦ ਘੋਖੇ ਹਨ ਪਰ ਕਿਸੇ ਨੇ ਵੀ ਧਰਮ ਦਾ ਤੱਤ ਨਹੀਂ ਸਮਝਾਇਆ। ਫਿਰ ਵੀ ਸਾਰੀਆਂ ਧਰਮ ਪੁਸਤਕਾਂ ਦਾ ਆਦਰ ਤੇ ਅਧਿਐਨ ਕਰਨਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਵਿਚ ਸੱਚ ਦਾ ਕੁਝ ਨਾ ਕੁਝ ਅੰਸ਼ ਹੈ[1] :

'ਪੋਥੀ ਪੁਰਾਣ ਕਮਾਈਐ,
ਭਉ ਵਟੀ ਇਹ ਤਨਿ ਪਾਈਐ,
ਸਚੁ ਬੂਝਣ ਆਣਿ ਜਲਾਈਐ।' ਉਨ੍ਹਾਂ ਦਾ ਕਹਿਣਾ ਸੀ।

ਉਨ੍ਹਾਂ ਦਾ ਹੀ ਫ਼ਰਮਾਨ ਹੈ :

'ਨਾਨਕੁ ਵੇਚਾਰਾ ਕਿਆ ਕਹੈ।
ਸਭੁ ਲੋਕੁ ਸਲਾਹੇ ਏਕਸੈ।
ਸਿਰੁ ਨਾਨਕ ਲੋਕਾ ਪਾਵ ਹੈ।
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ'।੪।੨।

(ਬਸੰਤ ਮ: ੧, ਪੰਨਾ ੧੧੬੮)

ਸੀ. ਐਚ. ਪੇਨ ਲਿਖਦਾ ਹੈ ਕਿ ਗੁਰੂ ਨਾਨਕ ਨੇ ਸਿਖਲਾਇਆ ਕਿ ਸੰਸਾਰ ਵਿਚ ਚੰਗੀ ਤਰ੍ਹਾਂ ਰਹਿਣਾ ਕਿਵੇਂ ਹੈ।[2] ਦੁਨੀਆਂ ਦੇ ਬਹੁਤ ਘੱਟ ਫ਼ਿਲਾਸਫਰਾਂ ਨੇ ਗੁਰੂ ਗ੍ਰੰਥ ਸਾਹਿਬ ਜਿਤਨੀ ਉੱਚੀ ਸਦਾਚਾਰਕ ਮਰਯਾਦਾ 'ਤੇ ਜ਼ੋਰ ਦਿੱਤਾ ਹੈ। 'ਉੱਪਰ ਸੱਚ ਆਚਾਰ' ਹੀ ਮਨੁੱਖ ਦਾ ਉੱਚਾ ਆਸ਼ਾ ਤੇ ਮੰਤਵ ਗੁਰੂ ਜੀ ਨੇ ਦ੍ਰਿੜ੍ਹਾਇਆ। ਸੱਚ-ਆਚਾਰ ਤੋਂ ਬਗ਼ੈਰ ਧਰਮ ਕਿਸੇ ਅਰਥ ਨਹੀਂ।[3]

ਵਿਸ਼ਵਾਸ, ਜਤ, ਨਿਆਂ, ਰਹਿਮ, ਦਇਆ, ਧੀਰਜ, ਪਵਿੱਤਰਤਾ ਅਨੇਕਾਂ ਵਿਚੋਂ ਕੁਝ ਐਸੇ ਗੁਣ ਸਨ ਜਿਨ੍ਹਾਂ 'ਤੇ ਗੁਰੂ ਨਾਨਕ ਦੇਵ ਜੀ ਨੇ ਬਹੁਤ ਜ਼ੋਰ ਦਿੱਤਾ ਅਤੇ ਉਤਨੇ ਹੀ ਜ਼ੋਰ ਨਾਲ ਕੁਬੁਧੀ, ਕੁਦਇਆ, ਜਬਰ, ਲੋਭ ਤੇ ਵਿਲਾਸ ਵਿਰੁੱਧ ਉਨ੍ਹਾਂ ਬੋਲਿਆ।

ਸੀ. ਏ. ਕਿਨਕੇਡ ਨੇ 'ਟੀਚਰਜ਼ ਆਫ਼ ਇੰਡੀਆ' ਵਿਚ ਲਿਖਿਆ ਹੈ ਕਿ ਯੂਨਾਨੀ ਅਖਾਣ ਹੈ ਕਿ ਮਾਲਕ ਦੇ ਡਰ ਤੋਂ ਸੂਝ ਦਾ ਪ੍ਰਕਾਸ਼ ਹੁੰਦਾ ਹੈ (ਸੋਫੀਆ ਆਰਕੇ, ਕੁਰਿਓ ਫ਼ੋਬੋਜ਼) ਪਰ ਹਿੰਦੁਸਤਾਨ ਵਿਚ ਇਹ ਅਖਾਣ ਝੂਠਾ ਪਇਆ ਦਿੱਸੇਗਾ। ਨਾਨਕ ਸ਼ਾਹ

---

1. Yet he respected all these books as containing some truth which he recommended his disciples to seek out and action.
2. How to live worthily in it.
3. Few even of the world's greatest philosophers have laid down a more exalted moral code than to be found in the pages of the Granth Sahib. Purity of life is set forth as the highest object of human endeavour without it even faith is unavailing.

Sri Satguru Jagjit Singh Ji eLibrary NamdhariElibrary@gmail.com

ਨੇ ਆਪਣੇ ਨਾਮ ਲੇਵਿਆਂ ਨੂੰ 'ਨਿਰਭਉ' ਬਣਾ ਕੇ ਬੰਧਨਾਂ ਤੋਂ ਆਜ਼ਾਦ ਕੀਤਾ :

'ਕਾਟੀ ਬੇੜੀ ਪਗਹ ਤੇ, ਗੁਰ ਕੀਨੀ ਬੰਧ ਖਲਾਸਿ।'

ਇਬਟਸਨ ਨੇ ਲਿਖਿਆ ਹੈ ਕਿ ਗੁਰੂ ਨਾਨਕ ਜੀ ਲੋਕਾਂ ਦੇ ਮਨਾਂ ਨੂੰ ਪਰਛਾਵੇਂ ਤੋਂ ਹਟਾ ਕੇ ਪਰਤੱਖ ਵੱਲ ਭਵਾਉਣ ਆਏ ਸਨ।[1]

ਸਰ ਮੁਹੰਮਦ ਇਕਬਾਲ ਨੇ ਜਿੱਥੇ ਗੁਰੂ ਨਾਨਕ ਦੇਵ ਜੀ ਨੂੰ 'ਮਰਦੇ ਕਾਮਿਲ' ਤੇ 'ਵਾਹਦਤ ਕਾ ਗੀਤ' ਗਾਉਣ ਵਾਲਾ ਲਿਖ ਕੇ ਸ਼ਰਧਾਂਜਲੀ ਦਿੱਤੀ, ਉੱਥੇ 'ਐਨ ਇਨਸਾਇਕਲੋਪੀਡੀਆ ਔਫ਼ ਇਸਲਾਮ' ਦੀ ਚੌਥੀ ਜਿਲਦ ਵਿਚ ਗੁਰੂ ਨਾਨਕ ਦੇਵ ਜੀ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਿਕ ਸਾਂਵਾਂਪਣ, ਵਿਸ਼ਵ ਭਾਈਚਾਰਾ ਬਣਾਉਣਾ ਅਤੇ ਫਿਰਕਾਦਾਰੀ ਤੋੜਨਾ ਤੇ ਵਹਿਮਾਂ ਨੂੰ ਉਡਾਉਣਾ ਲਿਖਿਆ। ਉਨ੍ਹਾਂ ਦੇ ਉਪਦੇਸ਼ਾਂ ਵਿਚ ਗੀਤ, ਰਸਮ ਨੂੰ ਕੋਈ ਥਾਂ ਨਹੀਂ।[2]

ਡਾਕਟਰ ਕਰਟ ਐਫ. ਲੈਡੀਕਾਰ ਨੇ ਆਪਣਾ ਯਕੀਨ ਦੱਸਿਆ ਹੈ ਕਿ ਹਿੰਦੁਸਤਾਨ ਹੀ ਸਿੱਖਾਂ ਵਰਗੀ ਕੌਮ ਪੈਦਾ ਕਰਨ ਦੀ ਸ਼ਕਤੀ ਰੱਖਦਾ ਤੇ ਭਾਰਤ ਹੀ ਗੁਰੂ ਨਾਨਕ ਨੂੰ ਜਨਮ ਦੇਣ ਯੋਗ ਹੈ।[3] ਗੁਰੂ ਨਾਨਕ ਦਾ ਕਹਿਣਾ ਸੀ ਅਸਲ ਬਹਾਦਰੀ ਦਾ ਕਰਮ ਹੱਸ ਹੱਸ ਸ਼ਹੀਦੀ ਪ੍ਰਾਪਤ ਕਰਨਾ ਹੈ। ਉਹ ਸ਼ਹੀਦੀ ਪੂਜਣਯੋਗ ਹੈ ਜੋ ਪ੍ਰਵਾਨ ਹੋਏ ਅਸੂਲ ਲਈ ਦਿੱਤੀ ਜਾਏ। 'ਸਿਰੁ ਧਰਿ ਤਲੀ ਗਲੀ ਮੇਰੀ ਆਉ'[4] ਉਨ੍ਹਾਂ ਦਾ ਹੀ ਫ਼ਰਮਾਨ ਹੈ। 'ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ' ਉਨ੍ਹਾਂ ਦੀ ਦਿੱਤੀ ਅਲਾਹਣੀ ਹੈ। 'ਮਰਣੁ ਲਿਖਾਇ ਮੰਡਲ ਮਹਿ ਆਏ' ਗੁਰੂ ਨਾਨਕ ਦੇਵ ਜੀ ਦੀ ਆਰਤੀ ਅਤੇ ਮਾਰੂ ਨਾਦ ਹੈ। 'ਮਰਿ ਮਰਿ ਜੀਵੈ ਤਾਂ ਕਿਛੁ ਪਾਏ' ਐਮਨਾਬਾਦ ਵਿਚ ਡਟ ਕੇ ਉਠਾਈ ਆਵਾਜ਼ ਹੈ। 'ਮਰਣੁ ਮੁਣਸਾ ਸੂਰਿਆ ਹੱਕ ਹੈ ਜੋ ਹੋਇ ਮਰਣੁ ਪਰਵਾਣੋ' ਉਨ੍ਹਾਂ ਦੀ ਸੂਰਮਿਆਂ ਨੂੰ ਦਿੱਤੀ ਚੁਣੌਤੀ ਹੈ।

ਬਾਂਕੇ ਬਿਹਾਰੀ ਨੇ 'ਸੂਫੀਜ਼, ਮਿਸਟਿਕਸ ਅਤੇ ਯੋਗੀ' ਨਾਂ ਦੀ ਪੁਸਤਕ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਨੇ ਸਭ ਧਰਮਾਂ ਦੇ ਸਰਬ ਉੱਤਮ ਤੱਤਾਂ ਨੂੰ ਇਕ ਥਾਵੇਂ ਇਕੱਠਾ ਕਰਨ ਦਾ ਸਾਹਸ ਕੀਤਾ ਤੇ ਨਿਰੋਲ ਨਵੀਂ ਰੌਸ਼ਨੀ ਦਿੱਤੀ। ਗੁਰੂ ਨਾਨਕ ਤੋਂ ਪਹਿਲਾਂ ਹਿੰਦੂ ਵਿਦਵਾਨ ਦੂਜੇ ਧਰਮਾਂ ਨੂੰ ਪੜ੍ਹਨਾ ਹੀ ਮਲੇਛਪੁਣਾ ਸਮਝਦੇ ਸਨ। ਇਹ ਚੌੜੀ ਦ੍ਰਿਸ਼ਟੀ ਗੁਰੂ ਨਾਨਕ ਨੇ ਬਖਸ਼ੀ।

ਐਸ. ਐਸ. ਰਾਘਵਚਰ ਨੇ ਠੀਕ ਲਿਖਿਆ ਹੈ ਕਿ ਗੁਰੂ ਧਰਮ ਵਿਚ ਤੰਗ-ਦਿਲੀ ਦਾ ਸ਼ਿਕਾਰ ਨਹੀਂ ਸੀ।[5] ਉਹ ਤਾਂ ਗੁਣਾਂ ਦਾ ਗਾਹਕ ਸੀ।

---

1. He sought to draw men's mind from the shadow to substance ਭਾਈ ਨੰਦ ਲਾਲ ਇਸੇ ਨੂੰ 'ਰੂ ਨੁਮਾ ਜੁਮਲਾ ਰਾ ਸੂਇ ਫ਼ਿਕਰਮ' (ਮੂੰਹ ਵਾਹਿਗੁਰੂ ਦੇ ਧਿਆਨ ਵੱਲ ਭਵਾਉਣਾ) ਕਹਿੰਦੇ ਹਨ।
2. He aimed at teaching social equality and universal brotherhood, abolishing sectarianism and denouncing superstition. The theology of Nanak was not formal.
3. It is my belief that only India could have produced the Sikhs and only Bharat could have given birth to Guru Nanak. —Dr. Kurt F. Leideeker.
4. ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੨, ਸਲੋਕ ਮਹਲਾ ੧।
5. Guru Nanak was not a victim of any narrow conception of religion.

Sri Satguru Jagjit Singh Ji eLibrary NamdhariElibrary@gmail.com

ਡਾਕਟਰ ਕੇ. ਏ. ਨਿਜ਼ਾਮੀ ਨੇ ਅਕਬਰ ਦੇ ਦਰਬਾਰੀ ਕਵੀ ਉਰਫ਼ੀ ਦਾ ਇਕ ਸ਼ੇਅਰ ਕਿ 'ਓ ਉਰਫ਼ੀ ਇਵੇਂ ਰਵ੍ਹੋ ਜਗਤ ਵਿਚ, ਸਭ ਦੇ ਸੰਗ ਕਿ ਜਦ ਤੂੰ ਜਾਇ ਤਾਂ ਮੁਸਲਮਾਨ ਤੈਨੂੰ ਜ਼ਮਜ਼ਮ ਦੇ ਨਾਲ ਗ਼ੁੱਸਲ (ਇਸ਼ਨਾਨ) ਕਰਾਉਣ ਤੇ ਹਿੰਦੂ ਆਪਣੀ ਰੀਤੀ ਨਾਲ ਸਸਕਾਰ ਕਰਨ।' ਕੁਝ ਅਜਿਹਾ ਹੀ ਸੀ ਗੁਰੂ ਨਾਨਕ ਜਿਸ ਨੂੰ ਲੋਕੀਂ

'ਗੁਰੂ ਨਾਨਕ ਸ਼ਾਹ ਫ਼ਕੀਰ।
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ', ਕਹਿੰਦੇ ਸਨ।

ਅਮਿਆ ਚਕਰਵਰਤੀ ਦਾ ਕਹਿਣਾ ਹੈ ਕਿ ਗੁਰੂ ਨਾਨਕ ਐਸਾ ਸੰਤ ਸੀ ਜੋ ਚੁਪ ਨਹੀਂ ਸੰਘਰਸ਼ ਕਰਦਾ ਸੀ (Saint in action)। ਜਾਹਨ ਬੀ. ਚੈਥਿਮਟਮ ਦਾ ਕਹਿਣਾ ਹੈ ਕਿ ਅੱਜ ਦਾ ਪੰਜਾਬ ਜੋ ਕੁਝ ਹੈ, ਇਹ ਗੁਰੂ ਨਾਨਕ ਦਾ ਸਵਾਰਿਆ ਤੇ ਸਾਜਿਆ ਹੈ।

ਪੰਜਾਬ ਹੀ ਨਹੀਂ, ਸੰਸਾਰ ਹੀ ਗੁਰੂ ਨਾਨਕ ਦੇਵ ਜੀ ਦਾ ਸਵਾਰਿਆ ਹੈ। ਉਨ੍ਹਾਂ ਦੀ 'ਕੋਕਲ ਬਾਣੀ' ਤੇ 'ਸਿੰਘ ਨਾਦ' ਸੁਣ ਕੇ ਜੀਵਨ ਨੂੰ ਨਵੀਂ ਸੇਧ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦੀ ਇਕ ਰਮਜ਼ ਪਾਈ ਕਿ ਜਦ ਗੁਰੂ ਨਾਨਕ ਦੇਵ ਜੀ ਆਏ ਤਾਂ ਸਾਡੀ ਕੀ ਹਾਲਤ ਸੀ ਤੇ ਜਦ ਉਹ ਚਲੇ ਗਏ ਤਾਂ ਅਸੀਂ ਕੀ ਬਣ ਗਏ।

ਆਦਿ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਥਾਂ ਸ੍ਰੀ ਰਾਗ ਨੂੰ ਦਿੱਤੀ ਤੇ ਅਖ਼ੀਰ ਵਿਚ ਪ੍ਰਭਾਤੀ ਰੱਖਿਆ। ਇਸੇ ਰਹੱਸ ਨੂੰ ਸਮਝਣ ਨਾਲ ਗੁਰੂ ਨਾਨਕ ਦੇਵ ਜੀ ਦੀ ਅਜ਼ਮਤ ਸਾਹਮਣੇ ਆ ਜਾਵੇਗੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ ਅਨੁਸਾਰ 'ਪ੍ਰਥਮ ਰਾਗ ਭੈਰਉ ਵੈ ਕਰੀ' ਪਰ ਇਥੇ ਪਹਿਲ ਸ੍ਰੀ ਰਾਗ ਨੂੰ ਦਿੱਤੀ। ਸ੍ਰੀ ਰਾਗ ਦਾ ਸਮਾਂ ਸੁਭਾਅ ਲਿਖਣ ਵਾਲੇ ਕਹਿੰਦੇ ਹਨ ਕਿ ਸ੍ਰੀ ਰਾਗ ਸ਼ਾਮ ਦਾ ਰਾਗ ਹੈ, ਅਤਿ ਗਰਮੀ, ਅਤਿ ਸਰਦੀ ਵਿਚ ਗਾਇਆ ਜਾਂਦਾ ਹੈ। ਸ੍ਰੀ ਮਾਇਆ ਹੈ, ਗਹਿਣਿਆਂ ਤੇ ਬਸਤ੍ਰਾਂ ਨਾਲ ਲੱਦੀ ਇਸਤਰੀ। ਜਦ ਗੁਰੂ ਨਾਨਕ ਦੇਵ ਜੀ ਆਏ ਉਸ ਸਮੇਂ ਗੁਣਾਂ ਦੀ ਸ਼ਾਮ ਪੈ ਗਈ ਸੀ। ਅੱਗੋਂ ਕਾਲੀ ਰਾਤ ਪਈ ਦਿੱਸਦੀ ਸੀ। 'ਆਧੇਰੇ ਰਾਹ ਨਾ ਕੋਈ।' ਉਸ ਸਮੇਂ ਦੋ ਬੀਮਾਰੀਆਂ ਨੇ ਲੋਕਾਂ ਨੂੰ ਗ੍ਰਸਿਆ ਹੋਇਆ ਸੀ। ਜਾਂ ਲੋਕੀਂ ਅਤਿ ਕੋਰੇ ਸਨ ਜਾਂ ਅਤਿ ਕ੍ਰੋਧੀ। ਜਾਂ ਇਹ ਕਹਿੰਦੇ ਸਨ ਸਾਨੂੰ ਕੀ ਹੈ ਜਾਂ ਵਢੂੰ-ਵਢੂੰ ਕਰਦੇ ਸਨ। ਮਹਾਰਾਜ ਨੇ 'ਹਰਿ ਬਿਨ ਜੀਉ ਜਲਿ ਬਲਿ ਜਾਉ' ਦਾ ਸਾਜ਼ ਛੇੜਿਆ ਤੇ ਜਦ ਸ਼ਬਦ ਦਾ ਪਸਾਰਾ ਹੋ ਗਿਆ ਤਾਂ ਪ੍ਰਭਾਤ ਚੜ੍ਹ ਗਈ ਤੇ ਧਰਮ ਦਾ ਮੂਲ ਲਭਿ ਪਇਆ। ਸਬਦਿ ਮਿਲੇ ਸੇ ਸੂਚਾਚਾਰੀ, ਸਾਚੀ ਦਰਗਹ ਮਾਨੇ।'[1] ਇਥੇ ਕੀ, ਉਥੇ ਵੀ ਕਾਮਯਾਬ ਹੋ ਗਇਆ। ਜੋ ਮਨੁੱਖ ਮੈਂ ਮੇਰੀ ਵਿਚ ਸੜ ਰਹਿਆ ਸੀ ਹੁਣ 'ਤੂਹੈ ਹੈ, ਵਾਹ ਤੇਰੀ ਰਜਾਇ' ਕਹਿਣ ਲੱਗ ਪਇਆ।

ਪ੍ਰਭਾਤੀ ਰਾਗ ਦੀ ਆਪਣੀ ਆਖ਼ਰੀ ਅਸ਼ਟਪਦੀ ਦੀ ਆਖ਼ਰੀ ਤੁਕ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਆਦਰਸ਼ਕ ਮਨੁੱਖ ਦਾ ਖਾਕਾ ਖਿੱਚਿਆ। ਆਪ ਜੀ ਨੇ ਲਿਖਿਆ

1. ਪ੍ਰਭਾਤੀ ਮਹਲਾ ੧, ਪੰਨਾ ੧੩੩੨.

Sri Satguru Jagjit Singh Ji eLibrary NamdhariElibrary@gmail.com

ਕਿ ਵਿਰਲੇ ਹਨ ਐਸੇ ਜੱਗ ਅੰਦਰ ਜੋ ਸੰਸਾਰੀ ਹੱਲਿਆਂ ਵਿਚੋਂ ਕਾਮਯਾਬ ਹੋ ਕਬੂਲ ਹੁੰਦੇ ਹਨ। ਐਸੇ ਵਿਰਲੇ, ਨਾ ਜਾਤ ਦੇ ਝਗੜੇ ਵਿਚ ਪੈਂਦੇ ਹਨ ਤੇ ਨਾ ਪਾਤ ਨੂੰ ਕੁਝ ਸਮਝਦੇ ਹਨ। ਉਨ੍ਹਾਂ ਨੇ ਪਕੜ ਮੁਕੰਮਲ ਤੌਰ 'ਤੇ ਗਵਾ ਲਈ ਹੁੰਦੀ ਹੈ। ਉਨ੍ਹਾਂ ਲੋਭ ਤੇ ਕਾਬੂ ਪਾ ਲਿਆ ਹੁੰਦਾ ਹੈ। ਵਾਹਿਗੁਰੂ ਦੀ ਹਜ਼ੂਰੀ ਦਾ ਪ੍ਰਕਾਸ਼ ਉਨ੍ਹਾਂ ਐਸਾ ਕਰ ਲਿਆ ਹੁੰਦਾ ਹੈ ਕਿ ਕੋਈ ਉਨ੍ਹਾਂ ਦੇ ਨੇੜੇ ਵੀ ਆਏ ਪਵਿੱਤ੍ਰ ਹੋ ਜਾਂਦਾ ਹੈ। ਉਨ੍ਹਾਂ ਨੂੰ ਹਉਮੈ ਤੋਂ ਉਪਜਿਆ ਦੁੱਖ ਨਹੀਂ ਹੁੰਦਾ। ਹਉਮੈ ਦਾ ਅਭਾਵ ਕਰ ਲਿਆ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਉਹ ਆਪ ਅਜਿਹੇ ਆਦਰਸ਼ਕ ਮਨੁੱਖਾਂ ਦੇ ਪੈਰ ਧੋ ਕੇ ਜੀਵਨ ਪਦਵੀ ਪਾਂਦੇ ਹਨ ਜਿਨ੍ਹਾਂ ਸਿਵਾਇ ਗੁਰਬਾਣੀ ਤੋਂ ਹੋਰ ਕਿਸੇ ਕਰਮ ਕਾਂਡ ਦਾ ਪ੍ਰਚਾਰ ਨਹੀਂ ਕੀਤਾ :

'ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ।
ਜਾਤਿ ਵਰਨ ਤੇ ਭਏ ਅਤੀਤਾ, ਮਮਤਾ ਲੋਭੁ ਚੁਕਾਇਆ। ੭।
ਨਾਮਿ ਰਤੇ ਤੀਰਥ ਸੇ ਨਿਰਮਲ, ਦੁਖੁ ਹਉਮੈ ਚੁਕਾਇਆ।
ਨਾਨਕੁ ਤਿਨ ਕੇ ਚਰਨ ਪਖਾਲੈ, ਜਿਨਾ ਗੁਰਮੁਖਿ ਸਾਚਾ ਭਾਇਆ। ੮ ੭।

(ਪ੍ਰਭਾਤੀ ਮ: ੧, ਪੰਨਾ ੧੩੪੫)

ਬੱਸ, ਕੁਝ ਐਸੇ ਸਨ ਗੁਰੂ ਨਾਨਕ। 'ਬੋਲੇ ਤਉ ਗਿਆਨ ਸਰੂਪ, ਦੇਖੈ ਤਉ ਜੋਤ ਸਰੂਪ'। ਐਸੀ ਸੀ ਉਨ੍ਹਾਂ ਦੀ ਪ੍ਰਤਿਭਾ।

ਲੇਖੇ ਉਹ ਜਾਣਦੇ ਨਹੀਂ ਸਨ, ਇਸ ਲਈ ਤੇਰਾਂ 'ਤੇ ਆ ਕੇ ਰੁਕ ਜਾਂਦੇ ਸਨ। ਉਨ੍ਹਾਂ ਦੀ ਮੁਸਕਾਨ ਕਈਆਂ ਦੇ ਪਾਪ ਝਾੜ ਦਿੰਦੀ ਸੀ।

ਉਨ੍ਹਾਂ ਦੀਆਂ ਦਰਦ ਭਰੀਆਂ ਅੱਖਾਂ ਜਿਹੜੀਆਂ ਸਭ ਕੁਝ ਦੇਖਦੀਆਂ ਤੇ ਸਭ ਨਾਲ ਪਿਆਰ ਕਰਦੀਆਂ ਸਨ, ਉਨ੍ਹਾਂ ਵੱਲ ਤੱਕਿਆਂ ਮਨ ਦੀਆਂ ਧੁੰਦਾਂ ਮਿਟਦੀਆਂ ਤੇ ਜੱਗ ਚਾਨਣ ਦਿੱਸਦਾ ਸੀ।

ਪ੍ਰੋਫ਼ੈਸਰ ਪੂਰਨ ਸਿੰਘ ਜੀ ਨੇ ਭਾਵਕ ਹੋ ਕੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਨਾਂ ਕਾਗਜ਼ 'ਤੇ ਲਿਖਣ ਨਾਲ ਕਾਗਜ਼ ਹੀ ਖ਼ੁਸ਼ਬੂਦਾਰ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਉਪਦੇਸ਼ ਕੋਈ ਧਾਰਨ ਕਰ ਲਵੇ ਤਾਂ ਜ਼ਿੰਦਗੀ ਚੰਦਨ ਦੀ ਖ਼ੁਸ਼ਬੂਈ ਨਾਲ ਭਰੀ ਜਾਂਦੀ ਹੈ। ਇਕ ਹੋਰ ਭਾਵਾਂ ਦੀ ਦੁਨੀਆਂ ਵਿਚ ਵਹਿਣ ਵਾਲੇ ਸਵਾਮੀ ਵਿਵੇਕਾਨੰਦ ਨੇ ਲਿਖਿਆ ਕਿ ਜਦ ਵਾਹਿਗੁਰੂ ਨੇ ਲੁਕਾਈ ਵੱਲ ਨੀਝ ਲਗਾ ਦੇਖਿਆ ਤਾਂ ਪ੍ਰਭੂ ਦੀਆਂ ਅੱਖਾਂ ਵਿਚੋਂ ਇਕ ਹੰਝੂ ਧਰਤੀ 'ਤੇ ਡਿੱਗਾ। ਉਹ ਹੰਝੂ ਹੀ ਗੁਰੂ ਨਾਨਕ ਦਾ ਰੂਪ ਧਾਰ ਸੰਸਾਰ 'ਤੇ ਵਿਚਰਿਆ। ਗੁਰੂ ਨਾਨਕ ਤਰਸ ਰੂਪ ਹੈ। ਇਕ ਕੁੱਤੀ ਅਤੇ ਕਤੂਰਿਆਂ ਨੂੰ ਰਾਤੀਂ ਸਰਦੀ ਵਿਚ ਠਰਦੇ ਦੇਖ ਆਪ ਤਰਸ ਦੇ ਘਰ ਆ ਗਏ। ਝੌਂਪੜੀ ਵਿਚ ਤੰਗੀ ਤੁਰਸ਼ੀ ਦਾ ਜੀਵਨ ਕੱਟਣ ਵਾਲਿਆਂ ਨੂੰ ਜਦ ਤੱਕ ਨਵਾਂ ਮਕਾਨ ਉਸਾਰ ਕੇ ਨਾ ਦਿੱਤਾ, ਆਪ ਜੀ ਅੱਗੇ ਸਫ਼ਰ 'ਤੇ ਨਾ ਗਏ।

ਉਨ੍ਹਾਂ ਦੀ ਦਿਬ ਦ੍ਰਿਸ਼ਟੀ ਚਮ ਦ੍ਰਿਸ਼ਟੀ ਨੂੰ ਚੀਰ ਸੁੱਟਦੀ ਸੀ। ਐਵਡ ਉੱਚਾ ਹੋ ਕੇ ਉਨ੍ਹਾਂ ਕਿਸੇ ਚੀਜ਼ ਦਾ ਦਾਅਵਾ ਨਹੀਂ ਕੀਤਾ, ਸਗੋਂ 'ਆਦਮੀ, ਤਬਲ ਬਾਜ, ਵਿਚਾਰਾ'

Sri Satguru Jagjit Singh Ji eLibrary NamdhariElibrary@gmail.com

ਹੀ ਕਹਿੰਦੇ ਰਹੇ। ਆਏ ਸਨ ਉਹ ਮਰਦਾਨੇ ਬਣਾਉਣ ਤੇ ਛੱਡ ਗਏ (ਅੰਗੇ-ਖ਼ੁਦ) ਅੰਗਦ ਜਿਨ੍ਹਾਂ ਦੀ ਬਰਕਤ ਨਾਲ ਦੂਤ ਨੱਸੇ ਤੇ ਸੰਤ ਉਭਰੇ।

ਸੁਜਾਨ ਰਾਇ ਭੰਡਾਰੀ ਨੇ ਖ਼ੁਲਾਸਤ-ਉਤ-ਤਵਾਰੀਖ਼ ਵਿਚ ਖ਼ੂਬ ਲਿਖਿਆ ਹੈ ਕਿ ਗੁਰੂ ਨਾਨਕ ਸੱਚ ਦੇ ਕਾਫ਼ਲੇ ਦੇ ਸਾਲਾਰ ਸਨ ਤੇ ਧਰਮ ਦੇ ਅਸਲ ਤੱਤ ਦੀ ਲੋਅ ਪੁਜਾਉਣ ਵਾਲੇ ਮਿਸ਼ਾਲਚੀ। ਬੜੀ ਸੁੰਦਰ ਗੱਲ ਭਾਈ ਸੰਤੋਖ ਸਿੰਘ ਜੀ ਨੇ ਲਿਖੀ ਹੈ ਕਿ ਉਨ੍ਹਾਂ ਦੇ ਇਕ ਦੋਸਤ ਨੇ ਉਨ੍ਹਾਂ ਨੂੰ ਇਕ ਵਧੀਆ ਗੱਲ ਸਮਝਾ ਦਿੱਤੀ ਹੈ ਕਿ ਗੁਰੂ ਨਾਨਕ ਦੇਵ ਜੀ ਜਿਹਾ ਹੋਰ ਦੂਜਾ ਕੋਈ ਨਹੀਂ :

'ਹੈ ਨਿਕਟ ਬਖਾਨੀ ਇਹ ਬਰਬਾਨੀ,
ਨਾਨਕ ਸਾਨੀ ਅਵਰ ਨਹੀਂ।'

ਇਹ ਠੀਕ ਰਹੇਗਾ ਕਿ ਕਨਿੰਘਮ ਦੇ ਸ਼ਬਦਾਂ ਨਾਲ ਪੁਸਤਕ ਦਾ ਅੰਤਲਾ ਵਾਕ ਲਿਖਿਆ ਜਾਏ। ਉਹ ਲਿਖਦਾ ਹੈ : 'ਮੈਂ ਸੱਚੇ ਇਨਸਾਫ਼ ਨਾਲ ਕਹਿੰਦਾ ਹਾਂ ਕਿ ਜੈਸਾ ਦੋਹਾਂ ਜਹਾਨਾਂ ਵਿਚ ਨਫਾ ਦੇਣ ਵਾਲਾ ਤੇ ਸੁਲਹਕੁਲ, ਬਿਨਾਂ ਲਾਗ ਲਪੇਟ ਜੀਵਾਂ ਨੂੰ ਮੁਕਤੀ ਦੇਣ ਵਾਲਾ (ਬਾਬੇ) ਨਾਨਕ ਦਾ ਮੱਤ ਹੈ ਤੈਸਾ ਕਿਸੇ ਦਾ ਨਹੀਂ'।

'ਆਦਮੀਅਤ ਜਾਗ ਉਠੀ ਉਸ ਕੀ ਤਾਲੀਮਾਤ ਸੇ।
ਨੂਰ ਕੀ ਰੌ ਫੂਟ ਨਿਕਲੀ ਪਰਦਾ-ਇ ਜ਼ੁਲਮਾਤ ਸੇ।'

(ਮਹਿਦੀ ਨਜ਼ਾਮੀ)

Sri Satguru Jagjit Singh Ji eLibrary NamdhariElibrary@gmail.com